


WWW.SIKHBOOKCLUB.COM

# ਜੁੱਗ ਬਦਲ ਗਿਆ

ਸੋਹਣ ਸਿੰਘ 'ਸੀਤਲ'

SIKHBOOKCLUB.COM

ESTD.
1940
ਲਾਹੌਰ ਬੁੱਕ ਸ਼ਾਪ
2-ਲਾਜਪਤ ਰਾਏ ਮਾਰਕਿਟ, ਲੁਧਿਆਣਾ

**Yug Badal Gaya**
*by*
***Sohan Singh 'Seetal'***

ਲਾਹੌਰ ਬੁੱਕ ਸ਼ਾਪ ਵੱਲੋਂ : 2011

SIKHBOOKCLUB.COM

ਮੁੱਲ : 150 /- ਰੁਪਏ

ਪ੍ਰਕਾਸ਼ਕ : ਲਾਹੌਰ ਬੁੱਕ ਸ਼ਾਪ, 2-ਲਾਜਪਤ ਰਾਏ ਮਾਰਕਿਟ,
ਨੇੜੇ ਸੁਸਾਇਟੀ ਸਿਨੇਮਾ, ਲੁਧਿਆਣਾ ।
Ph. : 2740738, 6540738
E-Mail:-lahorebookshop40@Rediffmail.com

Printed in India

ਲੇਜ਼ਰ ਸੈਟਿੰਗ : ਲਿਟਲ ਗ੍ਰਾਫ਼ਿਕਸ, ਕੋਟ ਕਿਸ਼ਨ ਚੰਦ, ਜਲੰਧਰ।
ਛਾਪਕ : ਸਰਤਾਜ ਪ੍ਰਿੰਟਿੰਗ ਪ੍ਰੈਸ, ਜਲੰਧਰ।

## ੧

"ਉਇ ਡੁੱਡਿਆ। ਹੋਰ ਰੋਟੀ ਲੈਣੀ ਊਂ ?" ਲੱਛੂ ਮਹਿਰੇ ਨੇ ਸੱਜੇ ਹੱਥ ਉੱਤੇ ਤੰਦੂਰ ਦੀ ਰੋਟੀ ਕੁੜਕਾਉਂਦਿਆਂ ਕਿਹਾ।

"ਲਿਆ।" ਪਹਿਲੀ ਰੋਟੀ ਗੋਡਿਆਂ 'ਤੇ ਰੱਖ ਕੇ ਡੁੱਡੇ ਨੇ ਧੜੀ-ਕੁ ਦਾ ਸਿਰ ਹਿਲਾਉਂਦਿਆਂ ਕਿਹਾ। ਮੂੰਹ ਵਾਲੀ ਅੱਧ-ਚਿੱਥੀ ਬੁਰਕੀ ਉਹਨੇ ਕਾਫ਼ੀ ਜ਼ੋਰ ਲਾ ਕੇ ਅੰਦਰ ਲੰਘਾਈ।

"ਇਕ, ਕਿ ਦੋ।" ਲੱਛੂ ਨੇ ਡੁੱਡੇ ਦੀ ਭੁੱਖ ਦੀ ਹਾਥ ਲੈਣ ਦੇ ਇਰਾਦੇ ਨਾਲ ਪੁੱਛਿਆ।

"ਤਿੰਨ।"

ਡੁੱਡੇ ਦੀ ਗੱਲ ਸੁਣ ਕੇ ਸਾਰੇ ਹੱਸ ਪਏ।

'ਡੁੱਡਾ' ਉਹਦਾ ਕੁਦਰਤੀ ਤੇ ਪਰਤੱਖ ਨਾਮ ਸੀ। ਵੈਸੇ, ਸਰਕਾਰੀ ਕਾਗਤਾਂ ਵਿੱਚ 'ਦਰਸ਼ੂ' ਵਲਦ 'ਮੰਗਲ' ਲਿਖਿਆ ਹੋਇਆ ਸੀ। ਇਹ ਨਾਂ ਵੀ ਉਹਦਾ ਗੁਰਦੁਆਰੇ ਦੇ ਗ੍ਰੰਥੀ ਜਾਂ ਮੰਦਰ ਦੇ ਪੰਡਤ ਨੇ ਨਹੀਂ ਸੀ ਰੱਖਿਆ। ਨਾ ਹੀ ਉਹਦੀ ਮਾਸੀ, ਮਾਂ, ਚਾਚੀ, ਤਾਈ, ਭੂਆ ਜਾਂ ਭੈਣ ਨੇ ਚਾਅ ਨਾਲ ਧਰਿਆ ਸੀ। ਉਸ ਇਨਸਾਨੀ ਸ਼ਕਲ ਦੇ ਜੀਵ ਨੂੰ ਇਹ ਨਾਮ ਦਿੱਤਾ ਸੀ ਪਿੰਡ ਦੇ ਚੌਕੀਦਾਰ ਨੇ। ਉਹਨੇ ਵੀ ਮਨੁੱਖੀ ਸੱਭਯਤਾ ਨੂੰ ਮੁੱਖ ਰੱਖ ਕੇ ਹਮਦਰਦੀ ਵਜੋਂ ਜਾਂ ਰੀਝ ਨਾਲ ਇਹ ਨਾਮ ਨਹੀਂ ਸੀ ਚੁਣਿਆ, ਸਗੋਂ ਗਲ਼ ਪਿਆ ਢੋਲ ਵਜਾਉਣ ਦੇ ਅਖਾਣ ਵਜੋਂ ਫ਼ਰਜ਼ ਪੂਰਾ ਕਰਨ ਵਾਸਤੇ ਐਸਾ ਕੀਤਾ ਸੀ। ਕਿਉਂਕਿ ਨਵ-ਜਨਮੇ ਬਾਲਕ ਦਾ ਕੋਈ ਨਾ ਕੋਈ ਨਾਮ ਸਰਕਾਰੀ ਕਾਗਜ਼ਾਂ ਵਿੱਚ ਦਰਜ ਕਰਾਉਣਾ ਜ਼ਰੂਰੀ ਸੀ, ਤੇ ਇਹ ਜ਼ਿੰਮੇਂਵਾਰੀ ਸੀ ਪਿੰਡ ਦੇ ਚੌਕੀਦਾਰ ਦੀ।

"ਓ ਭਾਗੋ। ਕੀ ਨਾਂ ਰੱਖਿਆ ਈ ਮੁੰਡੇ ਦਾ ?" ਹੁਸੈਨੀ ਚੌਕੀਦਾਰ ਨੇ ਚੌਕੇ ਦੀ ਲੱਕ-ਲੱਕ ਜਿੱਡੀ ਕੰਧ ਕੋਲ ਖਲੋ ਕੇ ਪੁੱਛਿਆ ਸੀ। ਡੁੱਡਾ ਓਦੋਂ ਚਾਰ ਦਿਨਾਂ ਦਾ ਸੀ।

"ਲੈ ਖਾਂ, ਤੇ ਮੈਂ ਕਿਤੇ ਪਾਧੇ ਕੋਲੋਂ ਪੱਤਰੀ ਕਢਾਈ ਏ ਮੁੰਡੇ ਦਾ ਨਾਂ ਰੱਖਣ ਵਾਸਤੇ ? ਮੁੰਡਾ ਕਾਹਨ ਥੋੜ੍ਹਾ ਏ, ਜੀਹਦਾ ਨਾਂ ਪਤਾਸੇ ਵੰਡ ਕੇ ਰੱਖਣਾ ਸੀ ? ਜੋ ਮਰਜ਼ੀ ਊ ਲਖਾ ਦਿਹ।" ਭਾਗੋ ਨੇ ਪੁੱਠਾ ਹੱਥ ਦੇਂਦਿਆਂ ਆਪਣੀ ਨਿੱਜੀ ਅਦਾਅ

ਨਾਲ ਕਿਹਾ ਸੀ। ਉਸ ਦਾ ਉਚਾਰਣ ਇਕ ਖ਼ਾਸ ਢੰਗ ਦਾ ਸੀ, ਜਿਸ ਵਿਚ ਅਨੁਨਾਸਕ ਵਾਸਤੇ ਕੋਈ ਥਾਂ ਨਹੀਂ ਸੀ। ਕਿਤੇ ਉਹ ਟਿੱਪੀ ਜਾਂ ਬਿੰਦੀ ਵਰਤਦੀ ਵੀ, ਤਾਂ ਓਥੇ, ਜਿੱਥੇ ਉਹਦੀ ਲੋੜ ਨਾ ਹੋਵੇ। ਜਿਵੇਂ 'ਖੂਹ' ਨੂੰ ਉਹ 'ਖੂੰਹ' ਕਹਿੰਦੀ ਸੀ। ਹਰ ਹਾਲ ਉਹ ਆਪਣੇ ਉਚੇਚੇ ਉਚਾਰਣ-ਢੰਗ ਤੋਂ ਹਜ਼ਾਰਾਂ ਵਿਚੋਂ ਪਛਾਣੀ ਜਾਣ ਵਾਲੀ ਇਕ ਸੀ। ਇਹ ਵੀ ਤਾਂ ਇਕ ਵਿਸ਼ੇਸ਼ਤਾ ਹੈ।

"ਤੇ ਮੁੰਡੇ ਦੇ ਪਿਉ ਦਾ ਨਾਂ ਵੀ ਜਿਹੜਾ ਮਰਜ਼ੀ ਹੋਵੇ, ਲਖਾ ਦਿਆਂ ?" ਚੌਕੀਦਾਰ ਨੇ ਮੁਸਕਣੀਆਂ 'ਚ ਹਸਦਿਆਂ ਠੱਠੇ ਨਾਲ ਪੁੱਛਿਆ ਸੀ।

"ਵੇ, ਭਾਵੇਂ ਆਪਣਾ ਲਖਾ ਦੇਈਂ। ਏਹਨੇ ਕਿਹੜੀ ਪਿਉ ਦੀ ਜ਼ਮੀਨ ਵੰਡਣੀ ਏ, ਜਿਹੜਾ ਰੌਲਾ ਪੈ ਜੂ। ਤੇਰਾ ਤਾਂ ਘੜੀ ਜੀ-ਸਰੌਸਾ ਹੋ ਜੂ। ਧੂਏ 'ਤੇ ਬਹਿ ਕੇ ਫੜ੍ਹ ਮਾਰਨ ਜੋਗਾ ਹੋ ਜੈ ਗਾ। ਅਖੇ : ਮੈਂ ਵੀ ਇਕ ਮੁੰਡੇ ਦਾ ਪਿਉ ਬਣ ਗਿਆ ਆਂ।" ਭਾਗੋ ਓਸੇ ਤਰ੍ਹਾਂ ਹਵਾ ਵਿਚ ਹੱਥ ਹਿਲਾਉਂਦੀ ਅੰਦਰ ਚਲੀ ਗਈ ਸੀ।

ਇਕ ਹੋਰ ਵੀ ਛੁੱਡੇ ਦਾ ਨਾਂ ਸਰਕਾਰੀ ਕਾਗਜ਼ਾਂ ਵਿਚ ਲਿਖਿਆ ਹੋਇਆ ਸੀ। ਪਿਛਲੀ ਮਰਦਮ-ਸ਼ੁਮਾਰੀ ਸਮੇਂ ਨੰਬਰਦਾਰ ਸਰਦੂਲ ਸਿੰਘ ਤੇ ਲੱਖਾ ਸਿੰਘ ਨੇ ਆਪ ਪਟਵਾਰੀ ਦੇ ਨਾਲ ਜਾ ਕੇ ਲਿਖਵਾਇਆ ਸੀ, 'ਦਰਸ਼ਨ ਸਿੰਘ ਵਲਦ ਮੰਗਲ ਸਿੰਘ ਮਜ਼੍ਹਬੀ ਸਿੱਖ।'

'ਵਰਨ' ਜੱਟ ਸਿੱਖਾਂ ਦਾ ਪਿੰਡ ਸੀ। ਵਸਦੇ ਭਾਵੇਂ ਕੁਝ ਹਿੰਦੂ ਤੇ ਮੁਸਲਮਾਨ ਵੀ ਸਨ, ਪਰ ਸਾਰੀ ਜ਼ਮੀਨ ਦੇ ਮਾਲਕ ਸਿੱਖ ਸਨ। ਇਸ ਵਾਸਤੇ ਉਹ ਪਿੰਡ ਸਿੱਖਾਂ ਦਾ ਹੀ ਮੰਨਿਆ ਜਾਂਦਾ ਸੀ। ਮਰਦਮ-ਸ਼ੁਮਾਰੀ ਵੇਲੇ ਓਥੋਂ ਦੇ ਸਾਰੇ 'ਆਦਿ ਧਰਮੀ' ਮਜ਼੍ਹਬੀ ਸਿੱਖ ਲਿਖਵਾਏ ਜਾਂਦੇ ਸਨ। ਪਰ ਸਿੱਖ ਸਰਦਾਰ ਆਪਣੇ ਖੂਹਾਂ ਉੱਤੇ ਉਹਨਾਂ ਨੂੰ ਉਸ ਦਿਨ ਵੀ ਨਹੀਂ ਸੀ ਚੜ੍ਹਨ ਦੇਂਦੇ। ਹਾਂ, ਉਹਨਾਂ ਵਾਸਤੇ ਸਰਦਾਰਾਂ ਨੇ ਪਿੰਡੋਂ ਚੜ੍ਹਦੇ ਪਾਸੇ ਇਕ ਵੱਖਰੀ ਖੂਹੀ ਲੁਆ ਕੇ ਦਿੱਤੀ ਹੋਈ ਸੀ।

ਅੱਗੇ ਪਿੱਛੇ ਉਹ 'ਛੁੱਡਾ' ਹੀ ਸੀ। ਇਸ ਤੋਂ ਵੱਧ ਹੋਰ ਕਿਸੇ ਨਾਮ ਦੀ ਉਹਨੇ ਕਦੇ ਥੁੜ ਮਹਿਸੂਸ ਨਹੀਂ ਸੀ ਕੀਤੀ। ਉਹ ਦੋਹਾਂ ਪੈਰਾਂ ਤੋਂ ਛੁੱਡਾ ਸੀ। ਉਹ ਇਸ ਸਿਫ਼ਤ ਦਾ ਮਾਲਕ ਨਾ ਵੀ ਹੁੰਦਾ ਤਾਂ ਰਚਨਹਾਰ ਨੇ ਉਹਨੂੰ ਹੋਰ ਵੀ ਕੁਦਰਤੀ ਨਾਮ ਬਖ਼ਸ਼ੇ ਹੋਏ ਸਨ। ਫਿਰ ਲੋਕ ਉਹਨੂੰ 'ਡੈਂਗਾ', 'ਟੀਰਾ' ਜਾਂ 'ਬੱਖਾ' ਕਿਹਾ ਕਰਦੇ। ਉਸ ਦੀਆਂ ਦੋਹਾਂ ਅੱਖਾਂ ਦੀ ਨਜ਼ਰ ਇਕ ਸੇਧ ਵਿਚ ਕੰਮ ਨਹੀਂ ਸੀ ਕਰਦੀ। ਉਹਦੀ ਖੱਬੀ ਅੱਖ ਦੂਸਰੀ ਨਾਲੋਂ ਛੋਟੀ, ਟੀਰੀ ਤੇ ਅੰਦਰ ਨੂੰ ਮੁੜੀ ਹੋਈ ਸੀ। ਸੱਜੀ ਅੱਖ ਨਾਲ ਉਹ ਸਾਮ੍ਹਣੇ ਵੇਖਦਾ ਤਾਂ ਖੱਬੀ ਦੀ ਸੇਧ ਉਹਦੇ ਆਪਣੇ ਨੱਕ ਦੀ ਕੁਮਲੀ ਉੱਤੇ ਟਿਕੀ ਹੋਈ ਨਜ਼ਰ ਆਉਂਦੀ। ਦੂਸਰੇ ਸ਼ਬਦਾਂ ਵਿੱਚ, ਅੱਖਾਂ ਦੀ ਗਿਣਤੀ ਦੋ ਹੀ ਸੀ, ਪਰ ਵਿਹੰਦਾ ਉਹ ਸਭ ਨੂੰ ਇਕੋ ਅੱਖ ਨਾਲ ਸੀ।

ਏਥੇ ਹੀ ਬੱਸ ਨਹੀਂ, ਉਹਦਾ ਮੂੰਹ ਵੀ ਥੋੜ੍ਹਾ ਜਿਹਾ ਚਿੱਥਾ ਸੀ। ਰੰਗ ਵੱਲੋਂ ਉਹ ਬਾਰਾਂ ਮਹੀਨੇ, ਤੀਹ ਦਿਨ ਕ੍ਰਿਸ਼ਨ-ਪੱਖ ਦਾ ਪਰਤੱਖ ਪਰਮਾਣ ਸੀ। ਦਿਨ ਦੇ ਚਾਨਣ ਜਾਂ ਰਾਤ ਦੇ ਹਨ੍ਹੇਰੇ ਦਾ ਉਹਦੇ ਰੰਗ ਉੱਤੇ ਕੋਈ ਅਸਰ ਨਹੀਂ ਸੀ ਪੈਂਦਾ। ਮੁਕਦੀ ਗੱਲ, ਉਹ ਹਰ ਪੱਖ ਤੋਂ ਇਕ ਵਿਸ਼ੇਸ਼ ਤੇ ਲਾਸਾਨੀ 'ਕਰੂਪ' ਸੀ।

"ਲੈ ਪੁੱਤਰਾ! ਅੱਜ ਤੇਰਾ ਹੱਦ ਬੰਨਾ ਵੇਖ ਕੇ ਛੱਡਣਾ ਏਂ। ਤੇ ਜੇ ਨਾ ਖਾਧੀਆਂ ਗਈਆਂ ਤਾਂ ਛਿੱਤਰ ਸੌ ਈ।" ਲੱਛੂ ਨੇ ਖੱਬੇ ਹੱਥ ਫੜੀ ਪਿਲਛੀ ਦੀ ਟੋਕਰੀ ਵਿਚੋਂ ਤਿੰਨ ਰੋਟੀਆਂ ਚੁੱਕਦਿਆਂ ਕਿਹਾ।

"ਨਾ ਉਇ! ਮਾਰਨਾ ਜੇ ਉਹਨੂੰ ? ਉਹ ਤਾਂ—ਸਹੁਰੀ ਦਾ—ਬੇਸ਼ਰਮ ਏ। ਤੇ ਤੁਸੀਂ ਵੀ ਸਾਰੇ ਮੂਰਖ ਬਣ ਗਏ ਜੇ ?" ਲੱਖਾ ਸਿੰਘ ਨੇ ਲੱਛੂ ਨੂੰ ਝਿੜਕਦਿਆਂ ਕਿਹਾ।

"ਸਰਦਾਰ! ਸਹੁੰ ਪਿਉ ਦੀ, ਅੱਗੇ ਖੌਣੀ ਨੌਂ ਕਿ ਦਸ ਰੋਟੀਆਂ ਖਾ ਗਿਆ ਈ ਇਹ। ਮੈਂ ਮਸਾਂ ਤਿੰਨ ਮੁਕਾਈਆਂ ਨੇ ਮਰ ਕੇ ਤੇ ਇਹ ਭਾਗੀ ਦਾ ਹਰਾਮੀ, ਰੱਜਣ 'ਚ ਈ ਨਹੀਂ ਔਂਦਾ।" ਕੋਲੋਂ ਚੂਹਕ ਨੇ ਡਾਢੀ ਹੈਰਾਨੀ ਨਾਲ ਕਿਹਾ।

ਡੁੱਡਾ ਉਸ ਵੇਲੇ ਦਸ ਸਾਲ ਦਾ ਸੀ। ਓਦੋਂ ਤੱਕ ਉਹਨੂੰ ਕਦੇ ਵੀ ਘਰੋਂ ਖਾਣ ਨੂੰ ਨਹੀਂ ਸੀ ਮਿਲਿਆ। ਨਾ ਹੀ ਉਹਨੂੰ ਅਗ੍ਹਾਂ ਮਿਲਣ ਦੀ ਆਸ ਸੀ। ਇਸ ਵਾਸਤੇ ਉਹ ਹੱਦ ਦਰਜੇ ਦਾ 'ਲੋਹੰਜ' ਹੋ ਗਿਆ ਸੀ। ਉਹਨੂੰ ਜਿੱਥੋਂ ਤੇ ਜਿਸ ਵੇਲੇ ਵੀ ਬੇਹੀ ਸੱਜਰੀ ਮਿਲ ਜਾਂਦੀ, ਉਹ ਢਿੱਡ ਵਿਚ ਸੁੱਟਣ ਦੀ ਕਰਦਾ। ਉਹ ਸੂਰਜ ਚੜ੍ਹਦੇ ਨਾਲ ਘਰੋਂ ਨਿਕਲ ਪੈਂਦਾ ਤੇ ਸਾਰਾ ਦਿਨ ਲੋਕਾਂ ਦੇ ਬੂਹਿਆਂ 'ਤੇ ਭੌਂਦਾ ਫਿਰਦਾ। ਉਹ ਸਰਦਾਰਾਂ ਦੇ ਅੰਞਾਣਿਆਂ ਦੇ ਮੂੰਹਾਂ ਵੱਲ ਬਿਤਰ-ਬਿਤਰ ਝਾਕਦਾ ਰਹਿੰਦਾ। ਜਦੋਂ ਉਹ ਮਾਂਵਾਂ ਦੇ ਕੋਲ ਬੈਠੇ ਕੁਝ ਖਾ-ਪੀ ਰਹੇ ਹੁੰਦੇ, ਉਸ ਵੇਲੇ ਡੁੱਡੇ ਦੇ ਅੰਦਰ ਢਾਢ ਪੈ ਰਹੀ ਹੁੰਦੀ, ਪਰ ਉਹ ਮੂੰਹ ਖੋਲ੍ਹ ਕੇ ਮੰਗਣ ਦੀ ਹਿੰਮਤ ਨਾ ਕਰਦਾ।

"ਲੈ, ਫੜ ਮਰ ਵੇ, ਤੇ ਖਿਸਕ ਏਥੋਂ। ਮੁੜ ਕੇ ਕਦੀ ਸਵੇਰੇ-ਸਵੇਰੇ ਏਧਰ ਆਇਓਂ, ਤਾਂ ਮੌਰਾਂ ਸੇਕਾਂਗੀ।" ਮੱਥੇ 'ਤੇ ਸੱਤ ਤਿਊੜੀਆਂ ਪਾ ਕੇ ਘਰ ਦੀ ਸੁਆਣੀ ਬੇਹੀ ਰੋਟੀ ਦਾ ਟੁੱਕੜਾ ਉਹਦੇ ਅੱਗੇ ਇਉਂ ਸੁੱਟਦੀ, ਜਿਵੇਂ ਕਿਸੇ ਖੁਰਕ-ਖਾਧੇ ਕੁੱਤੇ ਅੱਗੇ ਸੁੱਟੀਦਾ ਏ। "ਮੌਤ ਪੈਣਾ, ਕਿਵੇਂ ਬਿੱਲ-ਬਤੌਰੀ ਵਾਂਗ ਆਨੇ ਟੱਡ-ਟੱਡ ਵਿਹੰਦਾ ਏ, ਨਜ਼ਰ ਲੌਣ ਵਾਲਿਆਂ ਵਾਂਗ।"

ਡੁੱਡਾ ਇਹਨਾਂ ਗਾਹਲਾਂ ਦਾ ਆਦੀ ਹੋ ਗਿਆ ਸੀ। ਗ਼ੁੱਸਾ ਕਰਨ ਵਾਲਾ ਪਿੱਤਾ ਉਹਦੇ ਅੰਦਰੋਂ ਅਸਲੋਂ ਮਰ ਗਿਆ ਸੀ। ਰੋਟੀ ਦਾ ਟੁੱਕੜਾ ਵੇਖ ਕੇ ਉਹ ਇਉਂ ਝਪਟਦਾ, ਜਿਵੇਂ ਰੋੜ ਵਿੱਚ ਭੱਜੇ ਜਾ ਰਹੇ ਚੂਹੇ ਉੱਤੇ ਦਸਾਂ ਦਿਨਾਂ ਦੀ ਭੁੱਖੀ ਇੱਲ।

ਦੰਦਾਂ ਨਾਲ ਵੱਡੀਆਂ-ਵੱਡੀਆਂ ਬੁਰਕੀਆਂ ਤੋੜਦਾ ਉਹ ਅਗਲੇ ਘਰ ਨੂੰ ਤੁਰ ਪੈਂਦਾ। ਓਹੋ ਜੇਹੀ ਜਾਂ ਉਸ ਤੋਂ ਕੁਝ ਵਧੇਰੇ ਦੁਰਦਸ਼ਾ ਉਹਦੀ ਦੂਸਰੇ ਘਰ ਵਿਚ ਹੁੰਦੀ। ਉਹ ਚੌਕੇ ਦੇ ਸਾਮ੍ਹਣੇ ਖੜਾ ਓਨਾ ਚਿਰ ਸਵਾਣੀ ਦੀਆਂ ਗਾਹਲਾਂ ਸੁਣਦਾ ਰਹਿੰਦਾ, ਜਿੰਨਾ ਚਿਰ ਉਸ ਨੂੰ ਕੁਝ ਥੇਹਾ-ਤਬੇਹਾ ਮਿਲ ਨਾ ਜਾਂਦਾ। ਏਸੇ ਤਰ੍ਹਾਂ ਉਹ ਘਟੋ-ਘੱਟ ਪਿੰਡ ਦੇ ਤੀਜੇ ਹਿੱਸੇ ਦੇ ਘਰਾਂ ਦਾ ਦੌਰਾ ਕਰਦਾ। ਜੋ ਕੁਝ ਵੀ ਉਹਨੂੰ ਮਿਲਦਾ, ਉਹ ਪੱਕੇ ਭਾਂਡੇ (ਢਿੱਡ) ਵਿਚ ਪਾਈ ਜਾਂਦਾ। ਅਗਲੇ ਡੰਗ ਵਾਸਤੇ ਬਚਾਅ ਕੇ ਰੱਖਣ ਲਈ ਉਹਦੇ ਕੋਲ ਸਾਧਨ ਵੀ ਕਿਹੜਾ ਸੀ। ਸਿਰ ਤੋਂ ਪੈਰਾਂ ਤੱਕ ਉਹਦੇ ਤਨ 'ਤੇ ਸਿਰਫ਼ ਨੰਗੇਜ ਢੱਕਣ ਜੋਗਾ ਇਕੋ ਸੂਤਨਾ ਸੀ। ਉਹ ਵੀ ਉਹਨੇ ਦੋ-ਕੁ ਸਾਲ ਤੋਂ ਬੰਨ੍ਹਣਾ ਸ਼ੁਰੂ ਕੀਤਾ ਸੀ, ਕਿਉਂਕਿ ਹੁਣ ਉਹ ਨੰਗਾ ਫਿਰਦਾ ਸਾਊ ਘਰਾਂ ਦੀਆਂ ਸੁਆਣੀਆਂ ਨੂੰ ਚੰਗਾ ਨਹੀਂ ਸੀ ਲੱਗਦਾ। ਪਹਿਲੋਂ ਪਹਿਲ ਉਹਨੂੰ ਨੰਬਰਦਾਰਨੀ ਨੇ ਆਪਣੇ ਪੁੱਤਰ ਦਾ ਅੱਧੋ-ਗਾਣਾ ਸੂਤਨਾ ਦਿੱਤਾ ਸੀ। ਨਾਲ ਹੀ ਉਹਨੇ ਡੁੱਡੇ ਦੀ ਮਾਂ ਨੂੰ ਪੁੱਛਦਿਆਂ ਕਿਹਾ ਸੀ, "ਭਾਗੋ ਕਮਜਾਤ ਨੂੰ ਤਾਂ ਸ਼ਰਮ ਈ ਨਹੀਂ ਔਂਦੀ। ਸਾਰਾ ਦਿਨ ਵਹਿੜਕਾ ਸਰਦਾਰਾਂ ਦੇ ਘਰਾਂ ਵਿਚ ਨੰਗਾ ਭੱਜਾ ਫਿਰਦਾ ਏ। ਕੁੱਤੀਏ! ਜਣਨ ਨੂੰ ਹੈਗੀ ਸੈਂ, ਤੇ ਇਹਦਾ ਨੰਗੇਜ ਢੱਕਣ ਦਾ ਪਤਾ ਨਹੀਂ ? ਤੂੰ ਵੀ ਸੁਣ ਲੈ ਵੇ! ਮੁੜ ਕੇ ਨੰਗ-ਧੜੰਗਾ ਏਧਰ ਵੜਿਓਂ ਤਾਂ ਮਾਰ-ਮਾਰ ਕੇ ਦੋ ਕੰਨਾਂ 'ਚ ਸਿਰ ਕਰ ਦਿਆਂਗੀ।"

ਬੱਸ, ਓਸ ਦਿਨ ਤੋਂ ਡੁੱਡਾ ਸੂਤਨਾ ਬੰਨ੍ਹਣ ਲੱਗ ਪਿਆ ਸੀ। ਉਹ ਡੁਢ ਗਿੱਠ ਟਾਕੀ ਪਾਟ ਕੇ ਲੀਰਾਂ ਹੋ ਜਾਂਦੀ ਤਾਂ ਕੋਈ ਹੋਰ 'ਸ਼ਰਮ ਵਾਲੀ' ਸੁਆਣੀ ਆਪਣੇ ਮੁੰਡੇ ਦਾ ਉਤਾਰ ਪੁੰਨ ਕਰ ਦੇਂਦੀ। ਏਨੇ ਨਾਲ ਹੀ ਡੁੱਡਾ 'ਮਨੁੱਖਤਾ' ਦੀ ਲਾਜ ਢੱਕੀ ਫਿਰਦਾ ਸੀ।

ਉਹ ਰਾਤ ਨੂੰ ਹਨ੍ਹੇਰੇ ਹੋਏ ਘਰ ਪਰਤਦਾ। ਅੱਗੋਂ ਸਾਰੇ ਦਿਨ ਦੀ ਭੱਜੀ ਟੁੱਟੀ ਭਾਗੋ ਬੜੇ 'ਮਿੱਠੇ' ਸ਼ਬਦਾਂ ਵਿੱਚ 'ਅੱਖਾਂ ਦੇ ਤਾਰੇ' ਦਾ ਸਵਾਗਤ ਕਰਦੀ, "ਮੌਤ ਪੈਣਿਆ! ਹੁਣ ਆ ਗਿਆ ਏਂ ਸਾਡੀਆਂ ਮੰਜੀਆਂ ਤੋੜਨ ਨੂੰ ? ਕਿਸੇ ਸਰਦਾਰ ਦੀ ਖੁਰਲੀ ਵਿਚ ਮਰਨ ਨੂੰ ਥਾਂ ਨਹੀਂ ਲੱਭੀ ?"

ਕਦੇ ਉਹ ਭੁੱਲਿਆ ਚੁੱਕਿਆ ਹਾਣੀਆਂ ਦੀ ਰੀਸ ਨਾਲ ਮਾਂ ਕੋਲੋਂ ਰੋਟੀ ਮੰਗ ਬਹਿੰਦਾ ਤਾਂ ਅੱਗੋਂ ਘੜਿਆ ਘੜਾਇਆ ਉੱਤਰ ਮਿਲਦਾ, "ਰੋਟੀ ਕਾਹਨੂੰ, ਤੇਰੇ ਵਾਸਤੇ ਮੈਂ ਪਰੌਂਠੇ ਤਲੀ ਬੈਠੀ ਆਂ। ਸਾਰੇ ਪਿੰਡ ਦੀ ਜੂਠ ਖਾ ਕੇ ਢਿੱਡ ਪਾਟਣ 'ਤੇ ਆਇਆ ਹੋਇਆ ਸੂ। ਇਹ ਤਾਂ—ਮੌਤ ਪੈਣਾ—ਚਲ ਗਿਆ ਏ।"

ਸਾਰੇ ਲੋਕ ਹੀ ਕਹਿੰਦੇ ਸਨ, 'ਡੁੱਡਾ ਚਲ੍ਹ ਗਿਆ ਏ। ਉਹਨੂੰ ਰੋਟੀ ਨਾਲ ਸਬਰ ਨਹੀਂ ਆਉਂਦਾ।'

ਲੱਖਾ ਸਿੰਘ ਦੇ ਰੋਕ ਦੇਣ 'ਤੇ ਲੱਛੂ ਨੇ ਛੁੱਡੇ ਨੂੰ ਹੋਰ ਰੋਟੀ ਨਾ ਦਿੱਤੀ। ਛੁੱਡਾ ਲਲਚਾਈਆਂ ਨਜ਼ਰਾਂ ਨਾਲ ਉਹਦੀ ਟੋਕਰੀ ਵੱਲ ਵਿਹੰਦਾ ਰਹਿ ਗਿਆ।

"ਘੱਦੂ! ਆਹ ਚਾਰ ਦਿਨ ਘੁੱਲੇ ਲੁੱਟ ਲੈ। ਕੱਢ ਲੈ ਸਾਰੇ ਜਰਮ ਦੀਆਂ ਭੁੱਖਾਂ।" ਲੱਛੂ ਨੇ ਡਾਢੀ ਘਿਰਣਾ ਨਾਲ ਕਿਹਾ।

ਲੱਛੂ ਆਪ ਵੀ ਭਾਵੇਂ ਸਰਦਾਰਾਂ ਦੀ ਘਿਰਣਾ ਦਾ ਪਾਤਰ ਸੀ। ਉਹ ਸਾਊ-ਸਮਾਜ ਦਾ ਲਾਗੀ ਜਾਂ ਕੰਮੀ ਸਮਝਿਆ ਜਾਂਦਾ ਸੀ। ਸਾਰਾ ਦਿਨ ਉਹਨੂੰ ਸਰਦਾਰਾਂ ਦੀਆਂ ਗਾਹਲਾਂ ਹੱਸ-ਹੱਸ ਕੇ ਸਹਿਣੀਆਂ ਪੈਂਦੀਆਂ ਸਨ ਪਰ ਉਹ ਅਗ੍ਹਾਂ ਛੁੱਡੇ ਵਰਗੇ ਕਈਆਂ ਨੂੰ ਦੂਣ-ਸਵਾਈ ਘਿਰਣਾ ਕਰਦਾ ਸੀ। ਬੇਸ਼ਕ ਉਹ ਸਰਦਾਰਾਂ ਤੋਂ ਨੀਵਾਂ ਸੀ, ਪਰ ਛੁੱਡੇ ਦੀ ਬਰਾਦਰੀ ਉਸ ਤੋਂ ਵੀ ਨੀਵੀ ਸੀ। ਉਹ ਉੱਚਿਆਂ ਦੀ ਘਿਰਣਾ ਦਾ ਭਾਰ ਹੌਲਾ ਕਰਨ ਵਾਸਤੇ ਆਪ ਤੋਂ ਨੀਵਿਆਂ ਨੂੰ ਦੂਣੀ ਘਿਰਣਾ ਕਰਨੀ ਜ਼ਰੂਰੀ ਸਮਝਦਾ ਸੀ।

ਘਿਰਣਾ ਵੀ ਇਕ ਮਾਰੂ ਰੋਗ ਹੈ। ਇਹ ਉਪਰਲੇ ਪਾਸਿਓਂ ਹੇਠਾਂ ਨੂੰ ਤੁਰਦਾ ਵੱਧਦਾ ਜਾਂਦਾ ਹੈ।

"ਭਲਕੇ ਨਹੀਂ ਤਾਂ ਪਰਸੋਂ ਛੁੱਟ ਪੈ ਜੇ ਗੀ। ਫੇਰ ਐਧਰ ਮੂੰਹ ਚੁੱਕ-ਚੁੱਕ ਕੇ ਵੇਖਿਆ ਕਰੇਗਾ ਇਹ, ਜਿਵੇਂ ਸਰਾਧਾਂ ਪਿੱਛੋਂ ਬਾਹਮਣਾਂ ਦੇ ਕੁੱਤੇ ਰੋਂਦੇ ਨੇ।" ਕੋਲੋਂ ਨੂਰੀ ਨੇ ਵੀ ਲੱਛੂ ਦੀ ਹਾਂ ਵਿੱਚ ਹਾਂ ਮਿਲਾਈ।

ਲੱਖਾ ਸਿੰਘ ਰੋਹੀ ਵਾਲੇ ਖੂਹ 'ਤੇ ਬੈਠਕ ਪਾ ਰਿਹਾ ਸੀ। ਇੱਟਾਂ ਲਾਉਣ ਵਾਲੇ ਦੋ ਰਾਜ ਉਹਨੇ ਖੇਮਕਰਨੋਂ ਮੰਗਵਾ ਲਏ ਸਨ। ਹੋਰ ਦਿਹਾੜੀਦਾਰ ਮਜ਼ਦੂਰਾਂ ਦੀ ਉਹਨੂੰ ਲੋੜ ਨਹੀਂ ਸੀ। ਉਹ ਵਾਰੀ ਨਾਲ ਪਿੰਡ ਵਿਚੋਂ ਤਿੰਨ-ਚਾਰ ਵੰਗਾਰੇ ਲੈ ਆਉਂਦਾ ਸੀ। ਤਿੰਨਾਂ ਡੰਗਾਂ ਦੀ ਰੋਟੀ ਬਦਲੇ ਉਹ ਸਾਰਾ ਦਿਨ ਕੰਮ ਕਰਦੇ। ਜਾਂ ਕਿਸੇ ਕੋਲ ਕੋਈ ਮਾੜਾ ਮੋਟਾ ਪਸ਼ੂ ਹੁੰਦਾ ਤਾਂ ਉਹ ਸ਼ਾਮ ਨੂੰ ਸਰਦਾਰ ਦੇ ਖੇਤ ਵਿਚੋਂ ਥੱਬਾ ਪੱਠੇ ਲੈ ਜਾਂਦਾ।

ਬਾਕੀ ਦੇ ਕੰਮ ਕਰਨ ਵਾਲੇ ਬਦਲਦੇ ਰਹਿੰਦੇ; ਪਰ ਲੱਛੂ ਤੇ ਛੁੱਡਾ ਰੋਜ਼ ਦੇ ਪੱਕੇ ਸਨ। ਲੱਛੂ ਦਾ ਕੰਮ ਸਿਰਫ਼ ਘਰੋਂ ਰੋਟੀਆਂ ਲਿਆਉਣਾ ਸੀ। ਏਨਾ ਵਕਤ ਉਹ ਪਿੰਡ ਦੇ ਵੀਹਾਂ ਘਰਾਂ ਦਾ ਪਾਣੀ ਭਰ ਕੇ ਵੀ ਕੱਢ ਲੈਂਦਾ ਸੀ। ਪਰ ਛੁੱਡਾ ਤਾਂ ਨਿਰਾ-ਪੁਰਾ ਹੈਗਾ ਹੀ ਓਥੋਂ ਜੋਗਾ ਸੀ। ਸਵੇਰੇ ਰਾਜਾਂ ਦੇ ਆਉਣ ਤੋਂ ਪਹਿਲਾਂ ਹੀ ਉਹ ਖੂਹ 'ਤੇ ਪੁੱਜ ਜਾਂਦਾ। ਦੋ-ਦੋ, ਤਿੰਨ-ਤਿੰਨ ਇੱਟਾਂ ਚੁੱਕ ਕੇ ਉਹ ਨੀਂਹ ਉੱਤੇ ਢੇਰ ਲਾ ਦੇਂਦਾ। ਸਾਰਾ ਦਿਨ ਉਹ ਕੀੜੇ ਵਾਂਗ ਕੰਮ ਵਿਚ ਜੁੱਟਿਆ ਰਹਿੰਦਾ।

ਇਹ ਘਟਨਾ ੧੯੧੫ ਈ: ਦੀ ਹੈ। ਓਦੋਂ ਪਿੰਡਾਂ ਵਿਚ ਅਜੇ ਅੱਠ ਘੰਟੇ ਦੀ ਦਿਹਾੜੀ ਦਾ ਰਿਵਾਜ ਨਹੀਂ ਸੀ ਪਿਆ। ਦੋਵੇਂ ਰਾਜ ਖੇਮਕਰਨ ਤੋਂ ਆਉਂਦੇ ਸਨ। ਪੰਜ

ਮੀਲ ਆਉਣ ਤੇ ਪੰਜ ਮੀਲ ਜਾਣ, ਦਸ ਮੀਲ ਧਰਤੀ ਉਹ ਰੋਜ਼ ਕਦਮਾਂ ਨਾਲ ਕਛਦੇ ਸਨ। ਘਰੋਂ ਉਹ ਮੂੰਹ-ਸੋਝਲੇ ਤੁਰ ਪੈਂਦੇ। ਘੜੀ-ਸਵਾ ਘੜੀ ਸੂਰਜ ਚੜ੍ਹਦੇ ਤੱਕ ਉਹ ਆਪਣੇ ਕੰਮ 'ਤੇ ਆ ਹਾਜ਼ਰ ਹੁੰਦੇ। ਅੱਗੋ ਆਉਂਦਿਆਂ ਨੂੰ ਗਾਰਾ-ਇੱਟਾਂ, ਸਭ ਕੁਝ ਗੌਅ ਉੱਤੇ ਤਿਆਰ ਹੁੰਦਾ। ਲੱਖਾ ਸਿਘ ਵੀ ਲਾਗੇ ਮੰਜੇ ਉੱਤੇ ਲੱਤਾਂ ਲਮਕਾ ਕੇ ਬੈਠਾ ਹੁੰਦਾ। ਉਹ ਜਾਣਦਾ ਸੀ ਕਿ ਮਾਲਕ ਦੇ ਸਿਰ ਉੱਤੇ ਹੋਣ ਨਾਲ ਹੀ ਵੇਲੇ ਸਿਰ ਕੰਮ ਸ਼ੁਰੂ ਹੋ ਸਕੇਗਾ।

"ਸਰਦਾਰ ਜੀ, ਸਤਿ ਸ੍ਰੀ ਅਕਾਲ।" ਕਹਿੰਦਾ ਹੋਇਆ ਮਿਸਤਰੀ ਬੱਗਾ ਸਿੰਘ ਮੱਥੇ ਕੋਲ ਹੱਥ ਲੈ ਜਾ ਕੇ ਸਰਦਾਰ ਵੱਲ ਸਿਰ ਝੁਕਾਉਂਦਾ।

ਸਰਦਾਰ ਅੱਗੋਂ ਓਨਾ ਕੁ ਸਿਰ ਨੁਆਉਂਦਾ, ਜਿਸ ਤੋਂ ਪਤਾ ਲੱਗ ਜਾਵੇ ਕਿ ਉਹਨੇ ਮਿਸਤਰੀ ਦੀ 'ਸਤਿ ਸ੍ਰੀ ਅਕਾਲ' ਪਰਵਾਨ ਕਰ ਲਈ ਹੈ। ਮਿਸਤਰੀ ਛੇਤੀ-ਛੇਤੀ ਪਜਾਮਾ ਲਾਹ ਕੇ ਬੋਹੜ ਦੇ ਝੁਕੇ ਹੋਏ ਟਾਹਣ ਉੱਤੇ ਟੰਗ ਦੇਂਦਾ। ਇਹ ਕੰਮ ਉਹ ਏਨੀ ਕਾਹਲੀ ਨਾਲ ਕਰਦਾ, ਜਿਸ ਤੋਂ ਇਹ ਜ਼ਾਹਰ ਹੋਵੇ ਕਿ ਉਹ ਬੜਾ ਆਹਰੀ ਕਾਮਾ ਹੈ।

"ਓ ਡੁੱਡੇ ਦਿਆ ਪੁੱਤਰਾ! ਛੇਤੀ ਕਰ, ਲਿਆ ਤੇਸੀ ਕਾਂਡੀ।" ਬੱਗਾ ਸਿੰਘ ਕੁਝ ਖਰ੍ਹਵੀ ਸੁਰ ਵਿਚ ਕਹਿੰਦਾ।

ਉਹ ਹਮੇਸ਼ਾ ਸਭ ਤੋਂ ਪਹਿਲਾਂ ਡੁੱਡੇ ਨੂੰ ਹੁਕਮ ਦੇਂਦਾ। ਇਸ ਦੇ ਦੋ ਕਾਰਨ ਸਨ : ਇਕ ਤਾਂ ਡੁੱਡੇ ਦਾ ਨਾਂ ਚੇਤੇ ਰੱਖਣ ਦੀ ਲੋੜ ਨਹੀਂ ਸੀ ਤੇ ਦੂਸਰਾ ਉਹ 'ਮਿੱਠੇ ਤੋਂ ਮਿੱਠੇ' ਵਾਕ ਸੁਣਨ ਦਾ ਆਦੀ ਹੋ ਚੁੱਕਾ ਸੀ। ਨਿੱਤ ਬਦਲ ਕੇ ਆਉਣ ਵਾਲੇ ਨਵੇਂ ਕਾਮਿਆਂ ਦਾ ਬੱਗਾ ਸਿੰਘ ਭੇਤੀ ਨਹੀਂ ਸੀ ਕਿ ਉਹ ਉਹਦੀ ਸ਼ਹਿਦ ਵਰਗੀ ਮਿੱਠੀ ਬੋਲੀ ਪਸੰਦ ਕਰਦੇ ਹਨ ਜਾਂ ਨਹੀਂ।

ਬੱਗਾ ਸਿੰਘ ਦੇ ਨਾਲ ਦਾ ਦੂਸਰਾ ਮਿਸਤਰੀ ਗਭਰੂ ਤੇਜਾ ਸਿੰਘ ਕੁਝ ਚੁੱਪ ਰਹਿਣੇ ਸੁਭਾਅ ਦਾ ਸੀ। ਲੋੜ ਤੋਂ ਬਿਨਾਂ ਉਹ ਕਦੇ ਇਕ ਸ਼ਬਦ ਵੀ ਮੂੰਹੋਂ ਨਾ ਕੱਢਦਾ। ਬੱਗਾ ਸਿੰਘ ਦੇ ਉਲਟ, ਉਹ ਗੱਲਾਂ ਥੋੜ੍ਹੀਆਂ ਕਰਦਾ, ਪਰ ਕੰਮ ਵਧੇਰੇ। ਫਿਰ ਵੀ ਉਹ ਪਾਛੂ ਮਿਸਤਰੀ ਸੀ, ਆਗੂ ਨਹੀਂ। ਆਗੂ ਸੀ ਬੱਗਾ ਸਿੰਘ, ਕਿਉਂਕਿ ਉਹ ਗੱਲਾਂ ਕਰਨੀਆਂ ਜਾਣਦਾ ਸੀ। ਕੰਮ ਕਰਾਉਣ ਵਾਲੇ ਉਸ ਉੱਤੇ ਖ਼ੁਸ਼ ਵੀ ਸਨ। ਉਹ ਇਸ ਭੇਤ ਨੂੰ ਸਮਝਦਾ ਸੀ ਕਿ ਇਹ ਸਭ ਉਹਦੇ ਗੱਲਾਂ ਮਾਰਨ ਦੇ ਗੁਣ ਦੀ ਕਰਾਮਾਤ ਹੈ।

ਇਕ ਬੱਗਾ ਸਿੰਘ ਹੀ ਕੀ, ਸੰਸਾਰ ਵਿਚ ਆਗੂ ਬਣਨ ਦਾ ਹਰ ਚਾਹਵਾਨ ਜ਼ਬਾਨ ਦੇ ਜਾਦੂ ਨੂੰ ਸਭ ਤੋਂ ਵੱਡਾ ਗੁਣਕਾਰੀ ਨੁਸਖ਼ਾ ਸਮਝਦਾ ਹੈ।

ਬਜ਼ੁਰਗ ਲੋਕ ਅਜੇ ਤੱਕ ਕਿਹਾ ਕਰਦੇ ਹਨ : ਉਹ ਸਮੇਂ ਬੜੇ ਚੰਗੇ ਹੁੰਦੇ ਸੀ। ਓਦੋਂ ਹਰ ਕਾਮਾ ਮਿਲਦੀ ਮਜ਼ਦੂਰੀ ਦਾ ਹੱਕ ਮੋੜਨਾ ਆਪਣਾ ਫ਼ਰਜ਼ ਸਮਝਦਾ ਸੀ। ਤੇ ਮਜ਼ਦੂਰੀ ਵੀ ਕਿੰਨੀ ਹੁੰਦੀ ਸੀ ? ਚੰਗਾ ਰਾਜ ਬਾਰਾਂ ਆਨੇ ਦਿਹਾੜੀ ਲੈਂਦਾ ਸੀ ਤੇ ਆਮ ਦਸ ਆਨੇ। ਲੱਕੜੀ ਦਾ ਕੰਮ ਕਰਨ ਵਾਲੇ ਮਿਸਤਰੀ ਨੂੰ ਅੱਠ ਜਾਂ ਦਸ ਆਨੇ। ਏਨਾ ਫ਼ਰਕ ਉਹਦੇ ਬਣੇ ਹੋਏ ਨਾਮ ਕਰਕੇ ਹੁੰਦਾ ਸੀ। ਮਜ਼ਦੂਰ ਨੂੰ ਮਿਲਦੇ ਸਨ ਚਾਰ ਆਨੇ ਰੋਜ਼। ਤੇ ਕੰਮ ਘੰਟਿਆਂ ਦੇ ਹਿਸਾਬ ਨਹੀਂ ਸੀ ਹੁੰਦਾ, ਸਗੋਂ ਤਾਰਿਆਂ ਦੇ ਛਾਵੇਂ ਸ਼ੁਰੂ ਕਰਕੇ ਤਾਰਿਆਂ ਦੀ ਲੋਅ ਵਿੱਚ ਹੀ ਛੁੱਟੀ ਹੁੰਦੀ ਸੀ। ਫਿਰ ਵੀ ਉਹ ਸਮੇਂ ਚੰਗੇ ਸਨ।

ਮਜ਼ਦੂਰੀ ਦੇ ਨਾਲ ਕਾਮੇ ਨੂੰ ਤਿੰਨ ਡੰਗ ਦੀ ਰੱਜਵੀਂ ਰੋਟੀ ਵੀ ਮਿਲਦੀ ਸੀ। ਦਾਲ ਰੋਟੀ ਘਿਉ ਨਾਲ ਚੋਪੜੀ ਹੋਈ। ਘਿਉ ਘਰ ਦਾ ਜਾਂ ਦਸੌਰੀ, ਇਹ ਸ਼ਬਦ ਓਦੋਂ ਅਜੇ ਪੇਂਡੂ ਬੋਲੀ ਵਿੱਚ ਪ੍ਰਚਲਤ ਨਹੀਂ ਸਨ ਹੋਏ। ਤੇ ਘਿਉ ਮਿਲਦਾ ਸੀ ਰੁਪੈ ਦਾ ਡੇਢ ਸੇਰ ਪੱਕਾ। ਇਕੱਠਾ ਖ਼ਰੀਦਣਾ ਹੋਵੇ ਤਾਂ ਸੱਤ ਪਾ ਵੀ ਮਿਲ ਜਾਂਦਾ ਸੀ। ਬੀਕਾਨੇਰ ਜਾਂ ਨੈਂ ਦੇ ਕੰਢੇ ਤੋਂ ਤਾਂ ਦੋ ਸੇਰ ਤੱਕ ਮਿਲ ਜਾਂਦਾ ਸੀ।

ਅੱਜ ਪੰਦਰਾਂ ਰੁਪਏ ਦਿਹਾੜੀ ਤੇ ਸੋਲਾਂ ਰੁਪੈ ਕਿੱਲੋ ਘਿਉ। ਉਸ ਦੇ ਵੀ ਖਰਾ ਹੋਣ ਉੱਤੇ ਸ਼ੱਕ ਹੈ। ਓਦੋਂ ਬਾਰਾਂ ਆਨੇ ਦਿਹਾੜੀ ਤੇ ਬਾਰਾਂ ਆਨੇ ਦਾ ਅਠਾਰਾਂ ਛਟਾਂਕ ਘਿਉ। ਉਹ ਸਮੇਂ ਚੰਗੇ ਸਨ।

ਓਦੋਂ ਕਣਕ ਸਵਾ ਜਾਂ ਡੇਢ ਰੁਪੈ ਮਣ ਮਿਲ ਜਾਂਦੀ ਸੀ। ਚਾਰ ਆਨੇ ਗਜ਼ ਦਾ ਕੱਪੜਾ ਅੱਜ ਦੇ ਅੱਠ-ਦਸ ਰੁਪੈ ਗਜ਼ ਵਾਲੇ ਨੂੰ ਮਾਤ ਪਾਉਂਦਾ ਸੀ। ਬਾਕੀ ਦਾਲ, ਗੁੜ, ਲੂਣ, ਸ਼ੱਕਰ, ਖੰਡ, ਕੀ ਪੁੱਛਦੇ ਓ, ਉਹ ਸਮੇਂ ਚੰਗੇ ਸਨ। ਹਾਂ, ਪਹਿਲੀ ਜਰਮਨ-ਜੰਗ ਨੇ ਕੁਝ ਮਹਿਗਾਈ ਪੈਦਾ ਕਰ ਦਿੱਤੀ ਸੀ। ਲੜਾਈਆਂ ਲੱਗਦੀਆਂ ਹੀ ਮਹਿਗਾਈ ਪੈਦਾ ਕਰਨ ਵਾਸਤੇ ਹਨ। ਮਹਿਗਾਈ ਦਾ ਸਿੱਟਾ ਲੜਾਈ ਤੇ ਲੜਾਈ ਦਾ ਸਿੱਟਾ ਮਹਿਗਾਈ। ਜੰਗਬਾਜ਼ ਤੇ ਮੁਨਾਫ਼ਾ-ਖ਼ੋਰ ਗੂਹੜੇ ਰਿਸ਼ਤੇਦਾਰ ਹੁੰਦੇ ਹਨ, ਠੱਗ-ਠੱਗ ਮਾਸੀਆਂ ਦੇ ਪੁੱਤ ਭਰਾ।

ਕੰਮ ਸ਼ੁਰੂ ਹੁੰਦਾ ਤੇ ਓਧਰੋਂ ਲੱਡੂ ਮਹਿਰਾ ਲੱਸੀ ਦੀ ਬਾਲਟੀ ਲੈ ਕੇ ਆ ਜਾਂਦਾ। ਪੰਜਾਬ ਦੇ ਪਿੰਡਾਂ ਵਿਚ ਓਦੋਂ ਅਜੇ ਚਾਹ ਦਾ ਰਿਵਾਜ ਨਹੀਂ ਸੀ ਪਿਆ। ਨਾ ਹੀ ਅਜੇ ਕਿਸੇ ਕਵੀਸ਼ਰ ਨੇ 'ਲੱਸੀ ਤੇ ਝਗੜਾ' ਜੋੜ ਕੇ ਲੋਕਾਂ ਨੂੰ ਸੁਣਾਇਆ ਸੀ। ਓਦੋਂ ਪਰਧਾਨ ਸਨ ਦਹੀਂ ਤੇ ਲੱਸੀ। ਘਰ ਦੇ ਬਾਲ ਦਹੀਂ ਨਾਲ ਬੇਹੀ ਰੋਟੀ ਖਾਂਦੇ ਅਤੇ ਕਾਮਿਆਂ ਵਾਸਤੇ ਚਾਟੀ ਦੀ ਰਿੜਕੀ ਹੋਈ ਲੱਸੀ। ਜ਼ਬਾਨ ਦਾ ਸੁਆਦ ਬਦਲਣ ਦੀ ਇੱਛਿਆ ਹੋਈ ਤਾਂ ਵਿਚ ਲੂਣ ਦੀ ਡਲੀ ਖੋਰ ਲਈ।

ਸਮੇਂ ਨਾਲ ਸਮੇਂ ਨੂੰ ਦੱਸਣ ਵਾਲੇ ਸ਼ਬਦ ਵੀ ਬਦਲਦੇ ਰਹਿੰਦੇ ਹਨ। ਅੱਜ ਦਾ 'ਚਾਹ ਵੇਲਾ' ਓਦੋਂ 'ਛਾਹ ਵੇਲਾ' ਅਖਵਾਉਂਦਾ ਸੀ। ਹਰ ਲਵੇਰੇ ਵਾਲੇ ਘਰ ਅੰਮ੍ਰਿਤ ਵੇਲੇ ਮਧਾਣੀ ਖੜਕਦੀ ਸੀ। ਅੱਜ ਤਾਂ ਮਧਾਣੀ ਦੀ ਘੁੰਮਕਾਰ ਗੀਤਾਂ ਦਾ ਅਲੰਕਾਰ ਬਣ ਕੇ ਰਹਿ ਗਈ ਹੈ। ਓਦੋਂ ਦੁੱਧ ਤੇ ਪੁੱਤ ਵੇਚਣਾ ਇਕ ਸਮਾਜਕ ਬੁਰਾਈ ਸਮਝੀ ਜਾਂਦੀ ਸੀ। ਅੱਜ ਦੋਹਾਂ ਚੀਜ਼ਾਂ ਦੀ ਵਿਕਰੀ ਇਕ ਸਮਾਜਕ ਵਪਾਰ ਬਣ ਗਿਆ ਹੈ। ਸਰਮਾਏਦਾਰਾਂ ਦੀ ਦੁਨੀਆਂ ਵਿਚ ਪੁੱਤ ਤਾਂ ਬਹੁਤ ਹੀ ਮਹਿੰਗਾ ਵਿਕਦਾ ਹੈ। ਕਈ ਵਾਰ ਤਾਂ ਇੰਮਪਰੂਵਮੇਂਟ ਟ੍ਰੱਸਟ ਦੇ ਪਲਾਟਾਂ ਵਾਂਗ ਖੁੱਲ੍ਹੀ ਬੋਲੀ (Auction) ਵਿੱਚ ਭਾਅ ਬਹੁਤ ਹੀ ਚੜ੍ਹ ਜਾਂਦੇ ਹਨ।

ਖ਼ੈਰ, ਉਹ ਜ਼ਮਾਨਾ ਅੱਜ ਦੀ ਸੱਭਯਤਾ ਨਾਲੋਂ ਬਹੁਤ ਪਛੜਿਆ ਹੋਇਆ ਸੀ। ਚਾਹ ਦੀ ਥਾਂ ਸਵੇਰੇ ਲੱਸੀ ਪੀਣ ਵਾਲਿਆਂ ਦੇ ਹੱਡ ਨਹੀਂ ਸਨ ਜੁੜ ਜਾਂਦੇ। ਨਾ ਹੀ ਉਹਨਾਂ ਨੂੰ ਸਾਰੀਡੋਨ ਜਾਂ ਐਸਪਰੋ ਵਰਤਣ ਦੀ ਜਾਚ ਸੀ। ਦੋ ਮਿਸਤਰੀਆਂ ਤੇ ਚਾਰ ਮਜ਼ਦੂਰਾਂ ਨੇ ਦੋ-ਦੋ ਗਲਾਸ ਲੱਸੀ ਦੇ ਪੀਣੇ। ਗਲਾਸ ਵੀ ਉਹ ਕਿੰਨੇ ਥੋ-ਢਬੇ ਹੁੰਦੇ ਸਨ, ਜਿੰਨ੍ਹਾਂ ਵਿਚ ਤਿੰਨ-ਤਿੰਨ ਪਾ ਪਾਣੀ ਪੈ ਜਾਵੇ। ਅੱਜ ਦੀ ਫ਼ੈਸ਼ਨੇਬਲ ਦੁਨੀਆਂ ਵਿਚ ਉਹ ਬਹੁਤ ਹੀ ਓਪਰੇ-ਓਪਰੇ ਲੱਗਦੇ ਹਨ। ਦੋ-ਦੋ ਗਲਾਸ ਲੱਸੀ ਦੇ ਨਿਰਨੇ ਕਲੇਜੇ। ਫਿਰ ਨਾ ਵਾਈ, ਨਾ ਬਾਦੀ। ਛੁੱਡਾ ਵੀ ਪੂਰੇ ਦੋ ਗਲਾਸ ਹੀ ਪੀਂਦਾ, ਕਿਉਂਕਿ ਲੱਛੂ ਇਸ ਤੋਂ ਵੱਧ ਉਹਨੂੰ ਦੇਣ ਲਈ ਤਿਆਰ ਨਾ ਹੁੰਦਾ।

ਨੌਂ ਵਜਦੇ ਤੋਂ ਪਹਿਲਾਂ ਹੀ ਲੱਛੂ ਨੇ ਰੋਟੀਆਂ ਲੈ ਕੇ ਆ ਜਾਣਾ। ਲੱਖਾ ਸਿੰਘ ਦੇ ਘਰੋਂ ਬਸੰਤ ਕੌਰ ਚੰਗੇ ਦਿਲ ਵਾਲੀ ਸੁਆਣੀ ਸੀ। ਉਹ ਕਾਮੇ ਨੂੰ ਰੋਟੀਓਂ ਭੁੱਖਾ ਨਹੀਂ ਸੀ ਰਹਿਣ ਦੇਂਦੀ। ਨਾ ਹੀ ਉਹ ਕਾਮਿਆਂ ਦੀ ਰੋਟੀ ਭਾਜੀ ਵਿਚ ਵਿਤਕਰਾ ਕਰਦੀ ਸੀ। ਵਾਹਵਾ ਹੱਛੀਆਂ ਚੋਪੜੀਆਂ ਹੋਈਆਂ ਰੋਟੀਆਂ ਤੇ ਤੜਕੇ ਵਾਲੀ ਦਾਲ ਜਾਂ ਸਬਜ਼ੀ ਉਹ ਖੁੱਲ੍ਹੇ ਦਿਲ ਨਾਲ ਭੇਜਦੀ।

"ਸਰਦਾਰ ਲੱਖਾਂ ਸੂੰਹ ਜੀ! ਅਸਾਂ ਲੋਕਾਂ ਨੇ ਘਰ-ਘਰ ਦਾ ਖਾਧਾ ਹੁੰਦਾ ਏ। ਸਾਡਾ ਪੇਸ਼ਾ ਜੁ ਏਹੋ ਹੋਇਆ। ਰੋਟੀ ਵੱਲੋਂ ਸਰਦਾਰਨੀ ਦੀ ਰੀਸ ਨਹੀਂ। ਕਿਸੇ ਭਲੇ ਸਮੇਂ ਜਰਮ ਹੋਇਆ ਏ ਸਾਡੀ ਸਰਦਾਰਨੀ ਦਾ। ਵੇਖੋਂ ਨਾ। ਘਰਾਣੇ ਟਕਾਣੇ ਦੀ ਜਨਾਨੀ ਰੋਟੀ ਤੋਂ ਪਛਾਣੀ ਜਾਂਦੀ ਏ। ਤੇ ਸੱਚੀ ਪੁੱਛਦਾ ਏਂ ਤਾਂ ਘਰ ਦਾ ਨਾਂ ਵੀ ਰੋਟੀ ਤੋਂ ਈ ਬਣਦਾ ਏ। ਘਰ ਭਾਵੇਂ ਲੱਖਾਂ ਦਾ ਹੋਵੇ ਖਾਂ। ਜੇ ਘਰ ਦੀ ਨੇ ਕਿਸੇ ਰਾਹੀ ਮੁਸਾਫ਼ਰ ਨੂੰ ਰੋਟੀ ਨਹੀਂ ਪੁੱਛਣੀ, ਘਰ ਆਏ ਸਾਕ ਸੰਬੰਧੀ ਨੂੰ ਵੇਖ ਕੇ ਮੱਥੇ ਵੱਟ ਪਾ ਲੈਣਾ ਏਂ, ਤਾਂ ਘਰ ਦਾ ਕੀ ਨਮੂਜ ਰਹਿਣਾ ਹੋਇਆ। ਭਈ, ਮੂੰਹ 'ਤੇ ਤਰੀਫ਼ ਨਹੀਂ, ਏਸ ਗੱਲੋਂ ਸਾਡੀ ਸਰਦਾਰਨੀ ਦਾ ਲੰਬਰ ਏ।" ਮਿਸਤਰੀ ਬੱਗਾ ਸਿੰਘ ਦੀਆਂ ਗੱਲਾਂ



WWW.SIKHBOOKCLUB.COM 

ਭਾਵੇਂ ਸੱਚੀਆਂ ਸਨ, ਪਰ ਉਸ ਦੇ ਕਹਿਣ ਦਾ ਮਨੋਰਥ ਸਰਦਾਰ ਦੀ ਖ਼ੁਸ਼ਾਮਦ ਕਰਨਾ ਸੀ। ਰੋਟੀ ਖਾਂਦਾ ਹੋਇਆ ਨਾਲ-ਨਾਲ ਉਹ 'ਜਿਸ ਦਾ ਖਾਈਏ, ਉਸ ਦਾ ਗਾਈਏ' ਦੇ ਅਖਾਣ ਉੱਤੇ ਅਮਲ ਵੀ ਕਰੀ ਜਾ ਰਿਹਾ ਸੀ।

"ਉਇ ਲੱਛੂ! ਸਰਦਾਰਨੀ ਨੂੰ ਆਖੀਂ, ਲੌਢੇ ਵੇਲੇ ਮਿਸਤਰੀ ਵਾਸਤੇ ਘਿਉ ਵਾਲੀ ਸ਼ੱਕਰ ਘੱਲੇ। ਵੇਖ, ਵਚਾਰਾ ਕਿੰਨੀਆਂ ਸਿਫ਼ਤਾਂ ਕਰਨ ਡਿਹਾ ਹੋਇਆ ਏ।" ਕੋਲੋਂ ਮਹੰਦੇ ਕੰਮਿਹਾਰ ਨੇ ਮਿੱਠੀ ਜੇਹੀ ਟਕੋਰ ਕੀਤੀ।

"ਭਈ, ਸਰਦਾਰਨੀ ਹੈ ਵੀ ਸਿਫ਼ਤ ਦੇ ਲੈਕ। ਸਾਰੇ ਪਿੰਡ ਵਿਚੋਂ ਉਹਦੀ ਰੋਟੀ ਚੰਗੀ ਹੁੰਦੀ ਏ।" ਸੂਬੇ ਮਜ਼੍ਹਬੀ ਨੇ ਆਪਣੇ ਤਜਰਬੇ ਦੇ ਆਧਾਰ ਉੱਤੇ ਰਾਏ ਦਿੱਤੀ।

ਇਹ ਚਰਚਾ ਓਨਾ ਚਿਰ ਚਲਦੀ ਰਹੀ, ਜਿੰਨਾ ਚਿਰ ਲੱਛੂ ਭਾਂਡੇ ਸੰਭਾਲ ਕੇ ਘਰ ਨੂੰ ਨਹੀਂ ਮੁੜ ਗਿਆ। ਕਾਮੇ ਫਿਰ ਉਠ ਕੇ ਆਪਣੇ ਆਹਰ ਲੱਗ ਪਏ।

ਬਾਰਾਂ ਵਜੇ ਲੱਛੂ ਸਾਰਿਆਂ ਵਾਸਤੇ ਗੁੜ ਦਾ ਸ਼ਰਬਤ ਲੈ ਕੇ ਆ ਗਿਆ ਤੇ ਤਿੰਨ ਵਜਦੇ ਨੂੰ ਲੌਢੇ ਵੇਲੇ ਦੀ ਰੋਟੀ ਆ ਗਈ। ਲੱਛੂ ਦੇ ਕਹਿਣ ਉੱਤੇ ਸਰਦਾਰਨੀ ਨੇ ਸ਼ੱਕਰ ਵਿੱਚ ਘਿਉ ਪਾ ਕੇ ਰੋਟੀ ਨਾਲ ਭੇਜਿਆ, ਪਰ ਉਹ ਸਾਰੇ ਕੰਮ ਕਰਨ ਵਾਲਿਆਂ ਵਾਸਤੇ ਸੀ, ਇਕੱਲੇ ਮਿਸਤਰੀ ਬੱਗਾ ਸਿੰਘ ਵਾਸਤੇ ਨਹੀਂ।

"ਲੌ, ਮਿਸਤਰੀ ਦੀਆਂ ਸਿਫ਼ਤਾਂ ਕੀਤੀਆਂ ਸਾਰਿਆਂ ਦੇ ਕੰਮ ਆ ਗਈਆਂ ਜੇ।" ਮਹੰਦੇ ਨੇ ਰੋਟੀ ਉੱਤੇ ਸ਼ੱਕਰ ਪੁਆਉਂਦਿਆਂ ਕਿਹਾ।

"ਓ ਭਲਿਆ! ਸਾਡਾ ਤਾਂ ਐਵੇਂ ਇਸ਼ਾਰਾ ਈ ਹੁੰਦਾ ਏ।" ਬੱਗਾ ਸਿੰਘ ਨੇ ਸ਼ੱਕਰ ਵਿਚ ਉਂਗਲ ਮਾਰ ਕੇ ਘਿਉ ਦਾ ਅੰਦਾਜ਼ਾ ਲਾਉਂਦਿਆਂ ਕਿਹਾ।

ਲੱਖਾ ਸਿੰਘ ਕੰਮ ਵਾਲਾ ਆਦਮੀ ਸੀ। ਕੰਮ ਸ਼ੁਰੂ ਕਰਾ ਕੇ ਉਹ ਕਦੇ ਖੇਤ ਨੂੰ ਤੇ ਕਦੇ ਸ਼ਹਿਰ ਨੂੰ ਤੁਰ ਜਾਂਦਾ। ਪਿੱਛੇ ਕੰਮ ਦਾ ਧਿਆਨ ਰੱਖਣ ਵਾਸਤੇ ਰਹਿ ਜਾਂਦਾ ਉਹਦਾ ਇਤਬਾਰੀ ਕਾਮਾ ਸੂਬਾ ਮਜ਼੍ਹਬੀ।

ਪਛੜੀਆਂ ਸ਼੍ਰੇਣੀਆਂ ਵਾਸਤੇ ਅਜੇ 'ਹਰੀਜਨ' ਸ਼ਬਦ ਦੀ ਰਚਨਾ ਨਹੀਂ ਸੀ ਹੋਈ। ਇਹ ਤਾਂ ਸੰਨ ਸੰਤਾਲੀ ਦੇ ਬਾਅਦ ਆਜ਼ਾਦੀ ਦੀ ਦੇਣ ਹੈ। ਇਹ ਅਰਥ ਭਰਪੂਰ 'ਸ਼ਬਦ' ਵੀ—ਬਾਲਕ ਵਾਂਗ—ਮਨ ਨੂੰ ਪਰਚਾਉਣ ਵਾਸਤੇ ਜਾਦੂ ਦਾ ਅਸਰ ਰੱਖਦੇ ਹਨ। ਚਾਤਰ ਲੋਕ ਸਮੇਂ ਤੋਂ ਇਸ ਜਾਦੂ ਤੋਂ ਜਾਣੂ ਹਨ। ਸਾਰੇ ਪਿੰਡ ਦੇ ਬਾਰਾਂ ਮਹੀਨੇ ਉਸ ਤੋਂ ਹਲਕਾਰੇ ਵਾਂਗ ਬੁੱਤੀਆਂ ਕਢਾਉਣੀਆਂ, ਪਰ ਉਸ ਨੂੰ ਨਾਈ ਦੇ ਥਾਂ 'ਰਾਜਾ' ਕਹਿਣਾ। 'ਆਓ ਰਾਜਾ ਜੀ!' ਉਹ ਭਾਵੇਂ 'ਜਜਮਾਨ' ਸ਼ਬਦ ਦੇ ਬਾਅਦ 'ਜੀ' ਨਾ ਵੀ ਕਹੇ, ਪਰ ਚਾਤਰ ਜਜਮਾਨ ਨੇ 'ਜੀ' ਉੱਤੇ ਸਗੋਂ ਜ਼ੋਰ ਦੇ ਕੇ ਕਹਿਣਾ। ਵਿਆਹ-ਸ਼ਾਦੀ ਦੇ ਸਮੇਂ ਸਾਰੇ ਪਿੰਡ ਦੇ ਜੂਠੇ ਭਾਂਡੇ ਮਾਂਜਣ ਵਾਲੇ ਨੂੰ ਮਹਿਰਾ ਜਾਂ

ਝਿਊਰ ਨਹੀਂ ਕਹਿਣਾ, ਸਗੋਂ 'ਪੈਂਚ' ਆਖ ਕੇ ਬੁਲਾਉਣਾ। ਭਾਵੇਂ ਪਤਵੰਤੇ ਲੋਕ 'ਓ ਪੈਂਚਾ' ਹੀ ਆਖਣ। ਕਿਉਂਕਿ ਇਸ ਸ਼ਬਦ ਦੇ ਮਗਰ 'ਜੀ' ਲਾਉਣਾ ਕੁਝ ਚੰਗਾ ਨਹੀਂ ਸੀ ਫੱਬਦਾ। ਪਿੰਡ ਦਾ ਕੂੜਾ ਢੋਣ 'ਤੇ ਮਿੱਟੀ ਦੇ ਭਾਂਡੇ ਬਣਾਉਣ ਵਾਲੇ ਨੂੰ ਵੀ 'ਪਰਜਾਪਤ' ਭਾਵ 'ਪਰਜਾ ਦਾ ਪਤੀ, ਸਵਾਮੀ' ਕਹਿ ਕੇ ਵਡਿਆਉਣਾ।

ਮੰਨੂੰ ਦੀਆਂ ਮਿਥੀਆਂ ਹੋਈਆਂ ਅੱਤ ਨੀਵੀਆਂ ਸ਼੍ਰੇਣੀਆਂ ਵਾਸਤੇ ਵੀ ਭਲੇ ਲੋਕ ਸ਼ਬਦ ਚੰਗੇ ਹੀ ਵਰਤਦੇ ਸਨ, ਖ਼ਾਸ ਕਰ ਉਹਨਾਂ ਦੇ ਮੂੰਹ ਉੱਤੇ। ਭੰਗੀ ਨੂੰ ਸ਼ਹਿਰਾਂ ਵਿਚ 'ਜਮਾਂਦਾਰ' ਤੇ ਪਿੰਡਾਂ ਵਿਚ 'ਚੌਧਰੀ' ਕਹਿ ਕੇ ਬੁਲਾਣਾ। ਪਰ ਏਨੇ ਨਾਲ ਉਹਨਾਂ ਦੀ ਹੈਸੀਅਤ ਨਹੀਂ ਸੀ ਬਦਲਦੀ, ਸ਼ਬਦਾਂ ਦੇ ਅਰਥ ਜ਼ਰੂਰ ਬਦਲ ਜਾਂਦੇ ਸਨ।

ਆਜ਼ਾਦੀ ਆਈ ਤਾਂ ਉਹ ਸਾਰੇ 'ਹਰੀਜਨ' ਬਣਾ ਦਿੱਤੇ ਗਏ। ਨਾ ਉਹਨਾਂ ਵਿਚੋਂ ਕੋਈ 'ਆਦਿ ਧਰਮੀ' ਰਿਹਾ, ਨਾ 'ਰਮਦਾਸੀਆ', ਨਾ 'ਬਾਲਮੀਕੀ'। ਸਭ ਦੇ ਸਭ ਬਣ ਗਏ 'ਹਰੀਜਨ'।

ਆਜ਼ਾਦੀ ਆ ਗਈ। ਰੇਲ ਤੋਂ ਉਤਰਦੇ ਹੋਏ 'ਖੱਦਰਧਾਰੀ' ਦੇਸ਼-ਭਗਤ ਨੇ ਕੁਲੀ ਨੂੰ ਇਸ਼ਾਰਾ ਕਰਕੇ ਆਪਣਾ ਸਾਮਾਨ ਚੁਕਾਇਆ ਤੇ ਨਾਲ ਹੀ ਉਸ ਖ਼ਾਲੀ ਪੇਟ ਵਾਲੇ ਨੂੰ ਭਾਸ਼ਣ ਪਿਲਾਉਣਾ ਸ਼ੁਰੂ ਕਰ ਦਿੱਤਾ, ਵੇਖੋ ਭਾਈ ਸਾਹਿਬ। ਅਸਾਂ ਲੋਕਾਂ ਨੇ ਜਾਨਾਂ ਹੀਲ ਕੇ, ਕੁਰਬਾਨੀਆਂ ਕਰਕੇ ਤੁਹਾਨੂੰ ਆਜ਼ਾਦੀ ਲੈ ਦਿੱਤੀ ਹੈ। ਹੁਣ ਤੁਸੀਂ ਸਭ ਆਜ਼ਾਦ ਹੋ, ਸਭ ਬਰਾਬਰ ਹੋ। ਅੰਗਰੇਜ਼ ਦੀ ਗ਼ੁਲਾਮੀ ਮੁੱਕ ਗਈ। ਹੁਣ ਤੁਹਾਨੂੰ ਕੋਈ 'ਕੁਲੀ' ਨਹੀਂ ਕਹਿ ਸਕੇਗਾ, 'ਮਜ਼ਦੂਰ' ਕਹਿ ਕੇ ਬੁਲਾਇਆ ਜਾਵੇਗਾ। ਮਜ਼ਦੂਰ, ਸੁਤੰਤਰ ਰਾਸ਼ਟਰ ਦਾ ਸਨਮਾਨਤ ਸੰਬੋਧਨ, 'ਮਜ਼ਦੂਰ'। ਸੋ, ਆਉਣ ਵਾਲੀ ਅਲੈਕਸ਼ਨ ਵਿਚ ਤੁਸਾਂ ਲੋਕਾਂ ਨੂੰ ਕੁਰਬਾਨੀਆਂ ਕਰਨ ਵਾਲਿਆਂ ਦਾ ਖ਼ਿਆਲ ਰੱਖਣਾ ਚਾਹੀਦਾ ਹੈ। ਅਸੀਂ ਤੁਹਾਡੇ ਭਾਈ ਹਾਂ, ਨਹੀਂ, ਸੇਵਾਦਾਰ ਹਾਂ, ਜਨਤਾ ਦੇ ਸੇਵਕ।" ਤੇ ਉਸ ਨੂੰ ਵਿਦਿਆ ਕਰਨ ਲੱਗਿਆਂ, 'ਦੇਸ਼-ਭਗਤ ਜੀ' ਨੇ ਦੁਆਨੀ ਦੀ ਥਾਂ ਆਨਾ ਤਲੀ 'ਤੇ ਰੱਖਦਿਆਂ ਫ਼ਰਮਾਉਣਾ, "ਖੁਸ਼ ਰਹੋ। ਮੇਰੇ ਦੇਸ਼ ਦਾ ਮਜ਼ਦੂਰ ਜ਼ਿੰਦਾਬਾਦ।"

ਏਨੀਆਂ ਤਾਰੀਫ਼ਾਂ ਸੁਣਨ ਪਿੱਛੋਂ 'ਕੁਲੀ' ਤੋਂ 'ਮਜ਼ਦੂਰ' ਬਣਿਆਂ ਅੱਧ-ਭੁੱਖਾ ਬੰਦਾ ਚੁੱਪ ਕਰਕੇ ਜੇਬ ਵਿਚ ਹੱਥ ਪਾਈ ਪਿੱਛੇ ਪਰਤ ਜਾਂਦਾ।

ਸਰਦਾਰ ਲੱਖਾ ਸਿੰਘ ਦਾ ਕਾਮਾ ਸੂਬਾ ਵੀ ਆਦਧਰਮੀ ਜਾਂ ਬਾਲਮੀਕੀ ਨਹੀਂ, ਮਜ਼੍ਹਬੀ ਸੱਦਿਆ ਜਾਂਦਾ ਸੀ। ਭਾਵੇਂ ਨਾ ਉਹਨੇ ਅੰਮ੍ਰਿਤ ਛਕਿਆ ਸੀ, ਨਾ ਉਹਦੇ ਸਿਰ 'ਤੇ ਕੇਸ ਸਨ। ਨਾ ਸਰਦਾਰ ਆਪਣੇ ਭਾਂਡੇ ਨੂੰ ਹੱਥ ਲਾਉਣ ਦੇਂਦੇ ਸਨ, ਨਾ ਉਹਨੂੰ ਸਰਦਾਰਾਂ ਦੇ ਖੂਹ 'ਤੇ ਚੜ੍ਹਨ ਦਾ ਹੱਕ ਸੀ ਫਿਰ ਵੀ ਉਹ ਖੁਸ਼ ਸੀ। ਉਹਨੂੰ

ਲੋਕ ਮਜ਼ਬੀ ਤਾਂ ਕਹਿੰਦੇ ਸਨ, ਮਜ਼ਹਬ ਵਾਲਾ। ਉਹ ਲਾ-ਮਜ਼ਹਬ ਜਾਂ ਬੇਦੀਨਾ ਨਹੀਂ ਸੀ ਸਮਝਿਆ ਜਾਂਦਾ। ਮਰਦਮ ਸ਼ੁਮਾਰੀ ਸਮੇਂ ਪਿੰਡ ਦੇ ਨੰਬਰਦਾਰ ਨੇ ਆਪ ਮਜ਼ਬੀ ਸਿੱਖ ਲਿਖਵਾਇਆ ਸੀ।

ਉਹ ਸੀ ਸਰਦਾਰ ਲੱਖਾ ਸਿੰਘ ਦਾ ਵਫ਼ਾਦਾਰ ਨੌਕਰ, ਸੂਬਾ ਮਜ਼ਬੀ, ਤੀਹ-ਬੱਤੀ ਸਾਲ ਦਾ ਪਿੰਜਰ, ਪਰ ਪੰਜਾਂ 'ਖ਼ੁਸ਼-ਕਿਸਮਤ' ਬੱਚਿਆਂ ਦਾ 'ਖ਼ੁਸ਼ਕਿਸਮਤ' ਬਾਪ। ਉਹ ਬਾਪ ਤੇ ਬੱਚੇ ਸਾਰੇ ਹੀ ਖ਼ੁਸ਼-ਕਿਸਮਤ ਸਨ, ਜਿਨ੍ਹਾਂ ਨੂੰ ਕਦੇ 'ਬਦ-ਹਜ਼ਮੀ' ਦਾ ਰੋਗ ਨਹੀਂ ਸੀ ਹੋਇਆ।

ਸੂਬਾ ਸਰਦਾਰ ਨਾਲੋਂ ਵੀ ਵਧੇਰੇ ਸਖ਼ਤੀ ਨਾਲ ਕਾਮਿਆਂ ਤੋਂ ਕੰਮ ਲੈਂਦਾ। ਨਾ ਉਹ ਆਪ ਘੜੀ ਬਿੰਦ ਸਾਹ ਲੈਂਦਾ, ਨਾ ਕਿਸੇ ਦੂਸਰੇ ਨੂੰ ਧੂਖ ਕੱਢਣ ਦੇਂਦਾ। ਇਸ ਦਾ ਸਿੱਟਾ, ਦਸਵੇਂ ਦਿਨ ਬੈਠਕ ਉੱਤੇ ਛੱਤ ਪੈ ਗਈ। ਚੀਲ੍ਹ ਦੀਆਂ ਚੌਦਾਂ ਫੁਟੀਆਂ ਛਤੀਰੀਆਂ ਉੱਤੇ ਕਿੱਕਰ ਦੇ ਪੰਜ ਫੁਟੇ ਬਾਲੇ ਪਾ ਕੇ ਉਪਰ ਟਾਇਲਾਂ ਦੀ ਛੱਤ ਪਾ ਦਿੱਤੀ ਗਈ। ਬੈਠਕ ਬਾਰਾਂ ਫੁਟ ਚੌੜੀ ਤੇ ਪੰਦਰਾਂ ਫੁਟ ਲੰਮੀ ਸੀ। ਉਸ ਦਾ ਬੂਹਾ ਪਹਾੜ ਦੇ ਪਾਸੇ ਸੀ। ਬੂਹੇ ਦੇ ਸਾਹਮਣੇ ਵਗਣ ਵਾਲਾ ਖੂਹ ਤੇ ਖੂਹ ਦੇ ਬੰਨੇ ਉੱਤੇ ਓਸੇ ਦੀ ਉਮਰ ਦਾ ਬੋਹੜ ਖਲੋਤਾ ਸੀ। ਬੈਠਕ ਦੇ ਬੂਹੇ ਦੇ ਦੋਹੀਂ ਪਾਸੀਂ ਇਕ ਇਕ ਬਾਹੀ ਰੱਖੀ ਗਈ। ਬਾਕੀ ਤਿੰਨਾਂ  ਬਾਹੀਆਂ 'ਤੇ ਵੀ ਹਵਾ ਵਾਸਤੇ ਦੋ ਦੋ ਬਾਰੀਆਂ ਸਨ। ਬੈਠਕ ਦੇ ਦੁਆਲੇ ਦਸ ਫੁਟ ਚੌੜਾ ਤੇ ਇਕ ਫੁਟ ਉੱਚਾ ਥੜਾ ਬਣਾ ਦਿੱਤਾ ਗਿਆ।

"ਸਰਦਾਰ ਲੱਖਾ ਸੁੰਹ ਜੀ! ਮੇਰੀ ਸਲਾਹ ਏ, ਲਗਦੇ ਹੱਥ ਬੈਠਕ ਨੂੰ ਅੰਦਰੋਂ ਬਾਹਰੋਂ ਪਲੱਸਤਰ ਵੀ ਕਰ ਦੇਈਏ। ਪਲੱਸਤਰ ਬਿਨਾਂ ਮਕਾਨ ਦੀ ਅੱਧੀ ਉਮਰ ਹੁੰਦੀ ਏ। ਨਾਲੇ ਪਲੱਸਤਰ ਨਾਲ ਰੁਹਬ ਦੂਣਾ ਹੋ ਜਾਂਦਾ ਏ। ਬੱਸ, ਸਾਹਿਬ ਦੀ ਕੋਠੀ ਜਾਪੇਗੀ।" ਮਿਸਤਰੀ ਬੱਗਾ ਸਿੰਘ ਨੇ ਬਿਨਾਂ ਪੁੱਛਿਆਂ ਆਪਣੀ ਰਾਏ ਦੇ ਦਿੱਤੀ, ਪਰ ਰਾਏ ਪੇਸ਼ ਕਰਨ ਤੋਂ ਪਹਿਲਾਂ ਉਹਨੇ ਪੰਦਰਾਂ ਮਿੰਟ ਸਰਦਾਰ ਦੀਆਂ ਤਾਰੀਫ਼ਾਂ ਕਰਕੇ ਉਹਦਾ ਮਨ ਬਣਾ ਲਿਆ ਸੀ, ਜਿਵੇਂ ਉਹ ਨਾਂਹ ਨਾ ਕਰ ਸਕੇ।

ਮਨਜ਼ੂਰੀ ਮਿਲ ਗਈ। ਪਲੱਸਤਰ ਸ਼ੁਰੂ ਹੋ ਗਿਆ। ਬੱਗਾ ਸਿੰਘ ਦੇ ਅੱਠ ਦਿਨ ਹੋਰ ਲਗ ਗਏ। ਆਖ਼ਰੀ ਦਿਨ ਚਾਂਦੀ ਦੇ ਰੁਪਇਆਂ ਨਾਲ ਜੇਬਾਂ ਭਰੀ ਦੋਵੇਂ ਮਿਸਤਰੀ ਰਾਤ ਨੂੰ ਖ਼ੁਸ਼ੀ ਖ਼ੁਸ਼ੀ ਘਰ ਪਹੁੰਚੇ।

## ੨

ਅਗਲੇ ਦਿਨ ਉਠਦਿਆਂ ਸਾਰ ਫ਼ੱਡਾ ਖੂਹ 'ਤੇ ਜਾ ਪੁੱਜਾ। ਭਾਵੇਂ ਉਹ ਪਿਛਲੇ ਦਿਨ ਸੁਣ ਗਿਆ ਸੀ, ਪਰ ਯਕੀਨ ਨਹੀਂ ਸੀ ਆਇਆ ਕਿ ਸੱਚ-ਮੁਚ ਕੰਮ ਬੰਦ ਹੋ ਗਿਆ ਹੈ। ਉਹਨੇ ਬੈਠਕ ਦੇ ਅੰਦਰ ਬਾਹਰ ਫਿਰ ਕੇ ਵੇਖਿਆ। ਉਹ ਅੰਦਰੋਂ ਬਾਹਰੋਂ

ਪਲੱਸਤਰ ਹੋਈ ਹੋਈ ਸੀ। ਸੱਜਰਾ ਲੱਗਾ ਸੀਮਿੰਟ ਸੁਰਮਈ ਭਾਹ ਮਾਰ ਰਿਹਾ ਸੀ। ਅੰਦਰ ਹੇਠਾਂ ਇੱਟਾਂ ਦਾ ਫ਼ਰਸ਼ ਲੱਗਾ ਹੋਇਆ ਸੀ, ਜਿਸ ਦੀਆਂ ਦਰਜ਼ਾਂ ਉੱਤੇ ਸੀਮਿੰਟ ਦੀ ਟੀਪ ਹੋਈ ਹੋਈ ਸੀ। ਫ਼ਰਸ਼ ਉੱਤੇ ਕੁਝ ਇੱਟਾਂ ਦੇ ਟੋਟੇ ਖਿਲਰੇ ਪਏ ਸਨ।

ਫਿਰ ਉਹਨੇ ਬਾਹਰ ਨਿਕਲ ਕੇ ਬੈਠਕ ਦੀ ਪਰਕਰਮਾ ਕੀਤੀ। ਚੁਫੇਰੇ ਥੜਾ ਬਣਿਆ ਹੋਇਆ ਸੀ। ਥੜੇ ਉੱਤੇ ਵੀ ਫ਼ਰਸ਼ ਲਗ ਕੇ ਟੀਪ ਹੋਈ ਹੋਈ ਸੀ। ਉਦਾਲੇ ਦੇ ਚੱਕਰ ਲਾ ਕੇ ਡੁੱਡਾ ਥੜੇ ਦੀ ਇਕ ਗੁਠ ਉੱਤੇ ਲੱਤਾਂ ਲਮਕਾ ਕੇ ਬਹਿ ਗਿਆ। 'ਹੁਣ ਕਿਹੜਾ ਕੰਮ ਕਰਾਂ ? ਦੋ-ਕੁ ਮਿੰਟ ਬੈਠਾ ਉਹ ਸੋਚਦਾ ਰਿਹਾ।

'ਹਾਂ, ਠੀਕ ਏ।' ਨਵਾਂ ਖ਼ਿਆਲ ਆਉਂਦਿਆਂ ਉਹ ਹੰਭਲਾ ਮਾਰ ਕੇ ਉਠ ਬੈਠਾ।

ਥੜੇ ਦੇ ਉਦਾਲੇ ਬਹੁਤ ਸਾਰੇ ਇੱਟਾਂ ਦੇ ਟੋਟੇ ਖਿਲਰੇ ਪਏ ਸਨ। ਇਕ ਪਾਸੇ ਇੱਟਾਂ ਦੇ ਲੱਗੇ ਚੱਕੇ ਵਿਚੋਂ ਕੁਝ ਇੱਟਾਂ ਬਚੀਆਂ ਪਈਆਂ ਸਨ। ਡੁੱਡੇ ਨੇ ਖਿੱਲਰੇ ਹੋਏ ਰੋੜ ਚੁੱਕ ਚੁੱਕ ਕੇ ਉਸ ਚੱਕੇ ਨਾਲ ਜੋੜਨੇ ਸ਼ੁਰੂ ਕਰ ਦਿੱਤੇ। ਉਸ ਕੋਲ ਤਾਂਵੀਆ ਜਾਂ ਟੋਕਰੀ ਕੋਈ ਨਹੀਂ ਸੀ। ਉਹ ਸਿਰਫ ਦੋ ਤਿੰਨ ਰੋੜੇ ਹੀ ਇਕ ਫੇਰੇ ਵਿਚ ਲਿਆ ਸਕਦਾ ਸੀ। ਇਹ ਵੀ ਉਸ ਦੇ ਹੱਕ ਵਿਚ ਹੀ ਸੀ। ਉਸ ਕੋਲ ਵਕਤ ਵਧੇਰੇ ਸੀ ਤੇ ਕੰਮ ਛੇਤੀ ਮੁਕਾ ਲੈਂਦਾ ਤਾਂ ਫਿਰ ਕੀ ਕਰਦਾ। ਚਾਰ ਪੰਜ ਫੇਰੇ ਲਾ ਕੇ ਉਹ ਦਸ-ਪੰਦਰਾਂ ਰੋੜੇ ਚੱਕੇ ਕੋਲ ਕੱਠੇ ਕਰ ਲੈਂਦਾ, ਤੇ ਫਿਰ ਬਹਿ ਕੇ ਉਹਨਾਂ ਨੂੰ ਜੋੜ ਲੈਂਦਾ। ਉਹ ਨਿੱਕੇ ਵੱਡੇ ਰੋੜੇ ਬੜੇ ਢੰਗ ਨਾਲ ਜੋੜਦਾ, ਜਿਵੇਂ ਉਹ ਦਸ ਦਿਨ ਰਾਜਾਂ ਨੂੰ ਕੰਧ ਉਸਾਰਦਿਆਂ ਵੇਖਦਾ ਰਿਹਾ ਸੀ।

ਪੰਜ-ਸੱਤ ਮਿੰਟ ਪਿਛੋਂ ਉਹ ਪਿੰਡ ਵੱਲ ਝਾਤੀ ਮਾਰ ਲੈਂਦਾ ਤੇ ਕੁਝ ਉਦਾਸ ਜੇਹਾ ਹੋ ਕੇ ਫਿਰ ਆਪਣੇ ਕੰਮ ਲੱਗ ਪੈਂਦਾ।

'ਪਤਾ ਨਹੀਂ, ਅੱਜ ਲੱਛੂ ਕਿਥੇ ਮਰ ਗਿਆ ਏ।' ਉਹਨੇ ਬਿਨਾਂ ਆਵਾਜ਼ ਪੈਦਾ ਕੀਤਿਆਂ ਆਪਣੇ ਆਪ ਨੂੰ ਪੁੱਛਿਆ। 'ਅੱਗੇ ਤਾਂ ਉਹ ਐਸ ਵੇਲੇ ਰੋਟੀਆਂ ਲੈ ਕੇ ਆ ਜਾਇਆ ਕਰਦਾ ਸੀ। ਅੱਜ ਲੱਸੀ ਲੈ ਕੇ ਵੀ ਨਹੀਂ ਬਹੁੜਿਆ। ਮੈਂ ਹਵੇਲੀ ਵਿਚ ਜਾ ਕੇ ਪਤਾ ਨਾ ਕਰਾਂ ? ਕੀ ਪਤਾ ਕਰਾਂਗਾ ? ਹੱਛਾ, ਕਦੇ ਤਾਂ ਲੱਛੂ ਦਾ ਪੁੱਤਰ ਆਵੇਗਾ ਈ ਨਾਂ।' ਉਹਨੇ ਓਹਾ ਸ਼ਬਦ ਲੱਛੂ ਵਾਸਤੇ ਵਰਤੇ, ਜਿਹੜੇ ਲੱਛੂ ਉਹਦੇ ਵਾਸਤੇ ਨਿੱਤ ਵਰਤਦਾ ਹੁੰਦਾ ਸੀ : 'ਓਇ ਡੁੱਡੇ ਦਿਆ ਪੁੱਤਰਾ।'

ਆਸ ਤੇ ਨਿਰਾਸਤਾ ਦੇ ਅੱਧ ਵਿਚ ਲਟਕਦਾ ਡੁੱਡਾ ਸਾਰਾ ਦਿਨ ਕੰਮ ਲੱਗਾ ਰਿਹਾ। ਕਦੇ ਉਹ ਦਸ ਮਿੰਟ ਬਹਿ ਕੇ ਸਾਹ ਵੀ ਲੈ ਲੈਂਦਾ। ਉਹ ਪਿੰਡ ਵੱਲ ਮੂੰਹ ਕਰਕੇ ਥੜੇ ਉੱਤੇ ਲੱਤਾਂ ਲਮਕਾ ਕੇ ਬਹਿ ਜਾਂਦਾ ਤੇ ਇਕ ਟੱਕ ਰਾਹ ਉੱਤੇ ਨਜ਼ਰਾ ਟਿਕਾਈ

ਉਹ ਲੱਛੂ ਦੀ ਉਡੀਕ ਕਰਦਾ ਰਹਿੰਦਾ, ਪਰ ਲੱਛੂ ਨੇ ਨਾ ਆਉਣਾ ਸੀ, ਤੇ ਨਾ ਉਹ ਆਇਆ। ਖ਼ਾਲੀ ਪੇਟ, ਛੁੱਡੇ ਦੀਆਂ ਆਂਦਰਾਂ ਨੂੰ ਵਾਢ ਪੈ ਰਹੀ ਸੀ, ਪਰ ਚਾਰਾ ਕੀ ਸੀ। 'ਭਾਵੇਂ ਓਹਾ ਗੱਲ ਹੋਈ। ਨੂਰੀ ਦਾ ਬੱਚਾ ਆਹੰਦਾ ਸੀ, ਜਿੱਦਣ ਕੰਮ ਮੁੱਕ ਗਿਆ, ਤੂੰ ਸਰਾਧਾਂ ਦੇ ਕੁੱਤੇ ਵਾਂਗ ਵੱਟ 'ਤੇ ਖਲੋ ਕੇ ਰੋਇਆ ਕਰੇਂਗਾ। ਭਾਵੇਂ ਅੱਜ ਲੱਛੂ ਆਵੇ ਈ ਨਾ। ਪਤਾ ਹੁੰਦਾ ਤਾਂ ਸਵੇਰੇ ਸਵੇਰੇ ਸਰਦਾਰਾਂ ਦੇ ਘਰਾਂ ਵਿਚੋਂ ਕੁਝ....। ਪਰ ਹੁਣ ਤਾਂ ਉਹ ਵੇਲਾ ਵੀ ਨਹੀਂ ਰਿਹਾ। ਉਹ ਦਾਅ ਵੀ ਪਕਦੀਆਂ ਵੇਲੇ ਈ ਲੱਗਦਾ ਏ। ਅੱਜ ਆਏ ਗਿੱਦੜਾਂ ਦੇ ਭੱਤੇ। ਹੱਛਾ, ਕਦੇ ਤਾਂ...ਕਦੇ ਤਾਂ....।' ਉਸ ਨੂੰ ਜਵਾਬ ਕੋਈ ਨਾ ਅਹੁੜਦਾ, ਕਿ 'ਕਦੇ ਤਾਂ' ਕੀ ਹੋਵੇਗਾ। ਉਹ ਉਠ ਕੇ ਫੇਰ ਕੰਮ ਲੱਗ ਗਿਆ। ਅੰਦਰੋਂ ਬਾਹਰੋਂ ਸਾਰੇ ਰੋੜੇ ਇਕੱਠੇ ਕਰਕੇ ਉਹਨੇ ਚੱਕੇ ਨਾਲ ਜੋੜ ਦਿੱਤੇ।

ਬਾਰੀ ਵਿਚ ਇਕ ਪਾਟਾ ਜਿਹਾ ਐਰਾ ਪਿਆ ਸੀ, ਜਿਸ ਨਾਲ ਮਿਸਤਰੀ ਟੀਪ ਕਰਕੇ ਪਿਛੋਂ ਇੱਟਾਂ ਸਾਫ਼ ਕਰਦੇ ਸਨ। ਛੁੱਡੇ ਨੇ ਉਹ ਐਰਾ ਫੜ ਕੇ ਬੈਠਕ ਦਾ ਸਾਰਾ ਫ਼ਰਸ਼ ਸਾਫ਼ ਕੀਤਾ। ਫਿਰ ਉਹਨੇ ਚੁਫੇਰਿਉਂ ਥੜੇ ਦੀ ਸਫ਼ਾਈ ਕੀਤੀ। ਦਿਨ ਅਜੇ ਵੀ ਖੜਾ ਸੀ। 'ਹੁਣ ਕੀ ਕਰਾਂ। ਕਹੀ ਤੇ ਤਾਂਵੀਆਂ ਹੁੰਦਾ ਤਾਂ ਮੈਂ ਗਾਰੇ ਵਾਲਾ ਟੋਆ ਵੀ ਭਰ ਦੇਂਦਾ, ਪਰ ਨਹੀਂ, ਟੋਏ ਵਿਚ ਤਾਂ ਅਜੇ ਛੱਤ ਲਿਬਣ ਵਾਸਤੇ ਘਾਣੀ ਬਣਨੀ ਏ। ਹੁਣ ਹੋਰ ਕੋਈ ਕੰਮ ? ਕੋਈ ਨਹੀਂ। ਉਹ ਚੁਫੇਰੇ ਚੱਕਰ ਲਾ ਕੇ ਫਿਰ ਥੜੇ ਦੀ ਗੁੱਠ ਉੱਤੇ ਬਹਿ ਗਿਆ।

ਦਿਨ ਛਿਪ ਗਿਆ, ਹਨੇਰਾ ਹੋ ਗਿਆ ਪਰ ਉਹਦੀ ਰੋਟੀ ਲੈ ਕੇ ਲੱਛੂ ਨਾ ਆਇਆ। ਹਾਰ ਕੇ, ਦਿਲ ਵਿਚ ਲੱਛੂ ਨੂੰ ਗਾਹਲਾਂ ਕੱਢਦਾ ਹੋਇਆ, ਉਹ ਘਰ ਨੂੰ ਤੁਰ ਪਿਆ। ਘਰ ਤਕ ਦਾ ਇਕ ਫਰਲਾਂਗ ਦਾ ਪੰਧ ਉਹਨੂੰ ਮੀਲ ਜਿੰਨਾ ਜਾਪਿਆ। ਉਹ ਪੈਰ ਅਗਾਂਹ ਪੁੱਟਦਾ, ਪਰ ਰੇਤਥਲੇ ਵਾਂਗ ਜਾਂਦਾ ਪਿਛਾਂਹ ਨੂੰ। ਉਹ ਘਰ ਦੇ ਬੂਹੇ ਅੱਗੇ ਪੁੱਜਾ ਤਾਂ ਅੱਗੇ ਉਹਦੀ ਮਾਂ ਆਪਣੇ 'ਪਤੀ ਪਰਮੇਸ਼ਰ' ਉੱਤੇ ਵਰ੍ਹ ਰਹੀ ਸੀ।

"ਮਾਪਿਆਂ ਪੇਸ਼ ਪਾ ਦਿੱਤਾ ਮਖੱਟੂ, ਚੁੱਲ੍ਹੇ ਦਾ ਵੱਟਾ। ਕੰਮ ਨਾ ਕਾਰ ਤੇ ਹੁੱਕੀ 'ਤੇ ਸਵਾਰ। ਕਮੋਣ ਨੂੰ ਭਾਗੋ ਤੇ ਖਾਣ ਨਿੱਲਣ ਨੂੰ ਇਹ ਚੌਰਾ। ਲੰਬਰਦਾਰਨੀ ਦਾ ਦੋ ਮਣ ਪੀਹਣ ਕਰਕੇ ਮੈਂ ਚੌਹ ਡੰਗਾਂ ਦੇ ਦਾਣੇ ਲਿਆਈ ਤੇ ਇਹ ਨਖਾਵਣਾ ਹੱਟੀ 'ਤੇ ਸੁੱਟ ਆਇਆ ਏ। ਤਮਾਕੂ ਖੁਣੋਂ ਇਹਦੀ ਜਾਨ ਨਿਕਲਦੀ ਸੀ। ਖਾ ਲਈਂ ਖਾਂ ਹੁਣ ਏਸੇ ਮਾਂ ਹੁੱਕੀ ਵਿਚੋਂ।" ਚੌਂਕੇ ਵਿਚ ਖਲੀ ਭਾਗੋ ਇਉਂ ਗੱਜ ਰਹੀ ਸੀ, ਜਿਵੇਂ ਚੋਣਾਂ ਸਮੇਂ ਨਵੇਂ ਨਵੇਂ ਬੁਲਾਰੇ ਲਾਊਡ ਸਪੀਕਰ ਨਾਲ ਘੁਲਦੇ ਹਨ।

"ਰੋਂਕੀ ਜਾਹ, ਤੌਂਕੀ ਜਾਹ, ਕੁੱਤੀਏ!" ਕਦੇ ਕਦਾਈਂ ਮੰਗਲ ਹੁੱਕੀ ਦੀ ਨੜੀ ਨਾਲੋਂ ਮੂੰਹ ਹਟਾ ਕੇ ਅੱਗੋਂ ਹੁੰਗਾਰਾ ਭਰ ਛੱਡਦਾ।

ਮੰਗਲ ਕੀ ਸੀ ? ਇਕ ਮਖੱਟੂ ਨਰ-ਪਿੰਜਰ। ਸਾਰੀ ਉਮਰ ਉਹਨੇ ਕਦੇ ਹੱਡ-ਭੰਨ ਕੇ ਕਾਰ ਨਹੀਂ ਸੀ ਕੀਤੀ। ਛੋਟਾ ਹੁੰਦਾ ਉਹ ਕਿਸੇ ਨਾ ਕਿਸੇ ਸਰਦਾਰ ਦਾ ਮਾਲ ਚਾਰ ਛੱਡਿਆ ਕਰਦਾ ਸੀ। ਵਿਆਹ ਪਿਛੋਂ ਉਹਨੇ ਉਹ ਕੰਮ ਵੀ ਛੱਡ ਦਿੱਤਾ। ਇਕ ਦੋ ਸਾਲ ਉਹ ਜੱਟਾਂ ਨਾਲ ਸੀਰੀ ਰਿਹਾ, ਪਰ ਦੋ ਮਹੀਨੇ ਤੋਂ ਵੱਧ ਉਹ ਕਿਸੇ ਨਾਲ ਵੀ ਨਿਭਾ ਨਾ ਸਕਿਆ। ਇਕ ਤਾਂ ਉਸ ਦਾ ਸੁਭਾਉ ਹੀ ਨਿਕੰਮਾ ਤੇ ਆਲ੍ਹਸੀ ਸੀ ਤੇ ਉਤੋਂ ਭਾਦਰੋਂ ਦਾ ਮੁੱਸੜ। ਉਹਨੇ ਖੇਤੋਂ ਹੀ ਹਰਨਾਲੀ ਘਰ ਨੂੰ ਹਿੱਕ ਦੇਣੀ ਤੇ ਆਪ ਸਿੱਧੇ ਖੂਹੀ ਉੱਤੇ ਖਲੀ ਲਸੂੜੀ ਹੇਠ ਆ ਸਾਹ ਲੈਣਾ।

ਰਾਤ ਨੂੰ ਸਰਦਾਰ ਨੇ ਪਤਾ ਲੈਣ ਆਉਣਾ ਤਾਂ ਅੱਗੋਂ ਮੰਗਲ ਨੇ ਅਫ਼ਸੋਸ ਵਿਚ ਹੱਥ ਮਲਦਿਆਂ ਨੀਵੀਂ ਪਾ ਕੇ ਕਹਿਣਾ, "ਸਰਦਾਰ, ਆਪਾਂ ਤੋਂ ਨਹੀਂ ਇਹ ਵਖਤ ਪਿਟਿਆ ਜਾਂਦਾ। ਐਸ ਕੁੱਤੀ ਭਾਗੋ ਨੇ ਫਸਾਇਆ ਮੈਨੂੰ ਤਾਂ। ਹੁਣ ਏਹਾ ਹੈ ਗੀ ਜੇ, ਇਸੇ ਨੂੰ ਲੈ ਜੋ। ਮੈਨੂੰ ਖਾਧਾ ਪੀਤਾ ਬਖ਼ਸ਼ ਦਿਹੋ।"

"ਭਾਗੋ ਉਥੇ ਜਾ ਕੇ.....।" ਜੋ ਅੱਗੋਂ ਭਾਗੋ ਨੇ ਸਲੋਕ ਸੁਣਾਉਣਾ, ਉਹ ਸੁਣ ਕੇ ਸਰਦਾਰ ਦਾ ਦੂਸਰੀ ਵਾਰ ਆਉਣ ਦਾ ਹੌਸਲਾ ਨਾ ਪੈਣਾ।

ਵਾਹੀ ਦਾ ਸਿਆਪਾ ਏਨੇ 'ਚ ਹੀ ਗਲੋਂ ਲਹਿ ਜਾਣਾ। ਫਿਰ ਰਹਿ ਜਾਣਾ ਮੰਗਲ ਤੇ ਮੰਗਲ ਦੀ ਹੁੱਕੀ, ਜੋ ਉਹਨੂੰ ਪਿਉ ਦੀ ਜਾਇਦਾਦ ਵਿਚੋਂ ਵਿਰਸੇ ਵਿਚ ਮਿਲੀ ਸੀ। ਸਾਰਾ ਦਿਨ ਉਹਨੇ ਹੁੱਕੀ ਠਾਸ ਕੇ ਲਸੂੜੀ ਦੀ ਛਾਵੇਂ ਬੈਠੇ ਰਹਿਣਾ। ਉਹਨੇ ਉਸ ਵੇਲੇ ਘਰ ਪਹੁੰਚਣਾ ਜਦੋਂ ਸਮਝਣਾ ਕਿ ਹੁਣ ਭਾਗੋ ਸਰਦਾਰਾਂ ਘਰੋਂ ਰੋਟੀਆਂ ਲੈ ਕੇ ਆ ਗਈ ਹੋਵੇਗੀ। ਉਹਨੇ ਇੱਲ ਵਾਂਗ ਝਪਟ ਕੇ ਛਾਬੇ ਵਿਚੋਂ ਦੋ-ਤਿੰਨ ਮੰਨੀਆਂ—ਜਿੰਨੀਆਂ ਹੱਥ ਆ ਜਾਣ—ਫੜ ਲੈਣੀਆਂ ਤੇ ਚੌਂਕੇ ਤੋਂ ਦੋ ਕਰਮਾਂ ਦੀ ਵਿਥ ਉੱਤੇ ਬਹਿ  ਕੇ ਖਾਣ ਲੱਗ ਪੈਣਾ। ਭਾਗੋ ਨੇ ਆਪਣੀ ਅਲੰਕ੍ਰਿਤ ਭਾਸ਼ਾ ਵਿਚ ਪਤੀ ਪਰਮੇਸ਼ਰ ਦੀ ਉਸਤਤ ਗਾਉਣ ਲੱਗ ਪੈਣਾ। ਸੁਣਨ ਵਾਲਿਆਂ ਕੰਨਾਂ ਵਿਚ ਉਂਗਲੀਆਂ ਦੇ ਲੈਣੀਆਂ।

ਦਾਲ ਭਾਜੀ ਦੀ ਥਾਂ ਮੰਗਲ ਨੇ ਧਰਮ-ਪਤਨੀ ਦੀਆਂ ਸਲੂਣੀਆਂ ਗਾਹਲਾਂ ਨਾਲ ਹੀ ਰੋਟੀ ਅੰਦਰ ਲੰਘਾ ਲੈਣੀ। ਇਹ ਜ਼ਰੂਰੀ ਕੰਮ ਨਿਪਟਾ ਕੇ ਉਹਨੇ ਧੰਨਵਾਦ ਵਜੋਂ ਇਹ ਕਹਿੰਦਿਆਂ ਬਾਹਰ ਨੂੰ ਉਠ ਤੁਰਨਾ, "ਭੌਂਕ, ਕੁੱਤੀਏ, ਭੌਂਕ। ਯਾਰ ਤੇ ਚੱਲੇ ਨੇ।" ਤੇ ਉਹਨੇ ਬਿਨਾਂ ਆਗਿਆ ਉਡੀਕੇ ਹੀ ਸਾਈਂ ਪੀਰ ਸ਼ਾਹ ਦੇ ਤਕੀਏ ਜਾ ਵੜਨਾ। ਉਥੋਂ ਉਹਨੇ ਪਹਿਰ ਡੂਢ ਪਹਿਰ ਰਾਤ ਗਈ ਘਰ ਮੁੜਨਾ।

ਬੂਹੇ ਕੋਲ ਜਾ ਕੇ ਬੁੱਢਾ ਕੰਧ ਨਾਲ ਖਲੋ ਗਿਆ। ਭਾਗੋ ਬੋਲ-ਬੋਲ ਕੇ ਖਪ ਗਈ ਸੀ। ਉਹ ਸਾਹ ਲੈਣ ਵਾਸਤੇ ਜ਼ਰਾ ਚੁੱਪ ਹੋ ਗਈ। ਬੁੱਢੇ ਨੇ ਸਮਝਿਆ ਝੱਖੜ

ਰੁਕ ਗਿਆ ਹੈ। ਉਹ ਦੱਬੇ ਪੈਰੀਂ ਅੱਗੇ ਵਧਿਆ। ਚੌਂਕੇ ਦੀ ਕੰਧ ਓਹਲੇ ਬਿੱਲੀ ਵਾਂਗ ਸਹਿੰਦਾ-ਸਹਿੰਦਾ ਉਹ ਭਾਗੋ ਦੇ ਪਿਛਲੇ ਪਾਸੇ ਜਾ ਬੈਠਾ।

ਭਾਗੋ ਦੇ ਸਾਹਮਣੇ ਪਾਸੇ ਬਾਰਾਂ ਤੇਰਾਂ ਸਾਲ ਦੀ ਕੁੜੀ ਗੀਲ੍ਹੋ ਬੈਠੀ ਸੀ। ਉਹਦਾ ਰੰਗ ਤੂਤ ਦੀ ਪੱਕੀ ਹੋਈ ਗੋਹਲ ਵਰਗਾ ਨੀਲਾ ਸੀ, ਚਮਕਦਾਰ ਨੀਲਾ। ਲੋਕਾਂ ਨੇ ਉਹਦਾ ਨਾਂ 'ਗੀਲ੍ਹੋ' ਧਰ ਦਿੱਤਾ, ਭਾਵੇਂ ਏਸ ਸ਼ਬਦ ਦਾ ਅਰਥ ਕੋਈ ਵੀ ਨਹੀਂ ਸੀ ਜਾਣਦਾ। ਸ਼ਾਇਦ ਇਸ ਦਾ ਅਰਥ ਹੋਵੇ ਹੀ ਕੋਈ ਨਾ। ਪਰ ਅੱਜਕੱਲ੍ਹ ਦੇ 'ਟੀਟੂ' 'ਬੀਟੂ' ਵਾਂਗ 'ਗੀਲ੍ਹੋ' ਸ਼ਬਦ ਦਾ ਉਚਾਰਣ ਮਾੜਾ ਨਹੀਂ ਸੀ। ਇਕ ਗੀਲ੍ਹੋ ਹੀ ਮਾਂ ਦੀ ਦਰਦਣ ਸੀ। ਉਹ ਭਾਗੋ ਨਾਲ ਗੋਹੇ ਕੂੜੇ ਦਾ ਸਾਰਾ ਕੰਮ ਕਰਦੀ ਸੀ।

ਛੁੱਡਾ ਤਾਂ ਪਿਉ ਵਰਗਾ ਮਖੱਟੂ ਸੀ, ਨਿਰਾ ਲਟੋਰ। ਅਜੇ ਸ਼ੁਕਰ ਹੈ ਉਸ ਰਚਨਹਾਰ ਦਾ। ਉਹਨੇ ਛੁੱਡੇ ਪਿੱਛੋਂ ਭਾਗੋ ਨੂੰ ਹੋਰ ਔਲਾਦ ਨਾ ਦਿੱਤੀ, ਨਹੀਂ ਤਾਂ ਉਹ ਹੁਣ ਤੱਕ ਕਬਰ ਵਿਚ ਪਹੁੰਚ ਗਈ ਹੁੰਦੀ।

ਗਵਾਂਢਣਾਂ ਕਹਿੰਦੀਆਂ, ਕਿਸੇ ਸ਼ਰੀਕਣੀ ਨੇ ਭਾਗੋ ਦੀ ਕੁੱਖ ਉੱਤੇ ਵਾਰ ਕਰ ਦਿੱਤਾ ਸੀ। ਦਾਈ ਦਾ ਖ਼ਿਆਲ ਸੀ ਕਿ ਦੂਸਰੇ ਵਿਅੰਮ ਵਾਰੀ ਭਾਗੋ ਦੇ ਅੰਦਰ ਕੁਝ ਨੁਕਸ ਪੈ ਗਿਆ ਸੀ। ਕਾਰਨ ਕੋਈ ਵੀ ਹੋਵੇ, ਹੋਰ ਔਲਾਦ ਦਾ ਨਾ ਹੋਣਾ ਭਾਗੋ ਵਾਸਤੇ 'ਵਰਦਾਨ' ਤੋਂ ਘੱਟ ਨਹੀਂ ਸੀ। ਉਹ ਦੋਵੇਂ ਮਾਵਾਂ ਧੀਆਂ ਸਾਰਾ ਦਿਨ ਖੱਪ ਖੱਪ ਮਰਦੀਆਂ ਤੇ ਆਪਣੇ ਨਾਲ ਮਖੱਟੂ ਮੰਗਲ ਦਾ ਭਰਤ ਵੀ ਭਰਦੀਆਂ। ਨਿਰਾ ਕੱਪੜਾ ਰੋਟੀ ਹੀ ਨਹੀਂ, ਮੰਗਲ ਦੇ ਤਮਾਕੂ ਦੀ ਚੱਟੀ ਵੀ ਭਾਗੋ ਨੂੰ ਭਰਨੀ ਪੈਂਦੀ।

ਭਾਗੋ ਗੀਲ੍ਹੋ ਨੂੰ ਰੋਟੀ ਫੜਾਉਣ ਲੱਗੀ ਤਾਂ ਪਿਛੋਂ ਸਹਿਜ ਨਾਲ ਛੁੱਡੇ ਨੇ ਛਾਬੇ ਵੱਲ ਹੱਥ ਵਧਾਇਆ।

"ਮਾਂ! ਛੁੱਡਾ!" ਗੀਲ੍ਹੋ ਇਕੇ ਵਾਰ ਚੀਕ ਕੇ ਬੋਲੀ।

"ਖਲੋ ਤੇਰੇ ਪਿਉ ਦੀ.....।" ਭਾਗੋ ਨੇ ਛੁੱਡੇ ਦੇ ਜਣਨ ਵਾਲੇ ਨੂੰ ਪੁਣਦਿਆਂ ਪੁੱਠਾ ਹੱਥ ਪਿਛਾਂਹ ਨੂੰ ਮਾਰਿਆ।

ਛੁੱਡੇ ਦੇ ਮੂੰਹ ਉੱਤੇ ਕਰਾਰੀ ਵੱਜੀ ਪਰ ਉਹਨੇ ਹੱਥ ਵਿਚ ਆਈ ਰੋਟੀ ਨਾ ਛੱਡੀ। ਭਾਗੋ ਦੇ ਉਠਦਿਆਂ ਤੱਕ ਉਹ ਭੱਜ ਕੇ ਵਿਹੜਿਉਂ ਬਾਹਰ ਹੋ ਗਿਆ। ਪਿਛੋਂ ਭਾਗੋ ਬਕਦੀ ਖਪਦੀ ਰਹਿ ਗਈ।

ਛੁੱਡਾ ਅੱਧੀ ਰਾਤ ਘਰ ਪਰਤਿਆ। ਅੱਗੇ ਸਾਰੇ ਜੀਅ ਸੁੱਤੇ ਪਏ ਸਨ। ਉਹ ਚੋਰਾਂ ਵਾਂਗ ਦੱਬੇ ਪੈਰੀਂ ਚੌਂਕੇ ਨੇੜੇ ਪੁੱਜਾ। ਉਹਨੇ ਆਸੇ ਪਾਸੇ ਨਿਗ੍ਹਾ ਮਾਰੀ ਤਾਂ ਕੋਠੇ ਦੇ ਬੂਹੇ ਲਾਗੇ ਕੰਧ ਵਿਚ ਗੱਡੀ ਹੋਈ ਕਿੱਲੀ ਨਾਲ ਪੋਣੇ ਵਿਚ ਬੱਧੀਆਂ ਰੋਟੀਆਂ ਨਜ਼ਰ ਆਈਆਂ। ਉਹਨਾਂ ਦੀ ਵਾਸ਼ਨਾ ਨਾਲ ਉਹਦੀ ਭੁੱਖ ਹੋਰ ਵਧੇਰੇ ਚਮਕ ਪਈ। ਪਰ

ਪੋਣੇ ਤੱਕ ਉਹਦਾ ਹੱਥ ਨਹੀਂ ਸੀ ਅਪੜਦਾ। ਹੁਣ ਕੀ ਕਰੇ। ਠੀਕ ਆਹੰਦੇ ਨੇ, ਭੁੱਖ ਬਹੁਤ ਕੁਝ ਸਿਖਾ ਦਿੰਦੀ ਹੈ। ਗਵਾਂਢੀਆਂ ਨੇ ਰਸੋਈ ਛੱਤਣ ਵਾਸਤੇ ਕੱਚੀਆਂ ਇੱਟਾਂ ਢੋਈਆਂ ਹੋਈਆਂ ਸਨ। ਉਹ ਉਹਨਾਂ ਆਪ ਹੀ ਛੱਪੜ ਕੰਢੇ ਪੱਥੀਆਂ ਸਨ। ਪੱਕੀਆਂ ਇੱਟਾਂ ਨਾਲੋਂ ਉਨ੍ਹਾਂ ਕੁਝ ਵਡੇਰਾ ਸੱਚਾ ਵਰਤਿਆ ਸੀ। ਛੁੱਡਾ ਉੱਤੋਂ ਦੋ ਇੱਟਾਂ ਚੁੱਕ ਲਿਆਇਆ। ਹੇਠ ਉੱਤੇ ਰੱਖ ਕੇ ਉਹਨੇ ਇੱਟਾਂ ਉੱਤੇ ਖਲੋ ਕੇ ਵੇਖਿਆ ਪਰ ਰੋਟੀਆਂ ਅਜੇ ਵੀ ਉੱਚੀਆਂ ਸਨ। ਉਹਨੇ ਦੋ ਇਟਾਂ ਹੋਰ ਚੁੱਕ ਲਿਆਂਦੀਆਂ। ਹੁਣ ਉਹ ਮਨਚਾਹੀ ਵਸਤੂ ਤੱਕ ਪਹੁੰਚ ਗਿਆ। ਰੋਟੀਆਂ ਗਿਣਤੀ ਵਿਚ ਚਾਰ ਸਨ। ਚੌਂਕੇ ਦੀ ਕੰਧ ਦੇ ਉਹਲੇ ਬਹਿ ਕੇ ਉਹਨੇ ਬੜੀ ਤਸੱਲੀ ਨਾਲ ਚਾਰੇ ਪੇਟ ਵਿਚ ਪਾ ਲਈਆਂ। ਹੁਣ ਨੀਂਦ ਉਹਦੇ ਉੱਤੇ ਭਾਰੂ ਹੋ ਗਈ ਸੀ। ਉਹ ਉਥੇ ਹੀ ਚੌਂਕੇ ਦੀ ਕੰਧ ਨਾਲ ਲੱਗ ਕੇ ਸੌਂ ਗਿਆ।

ਸਵੇਰੇ ਉਠ ਕੇ ਭਾਗੋ ਨੇ ਵੇਖਿਆ ਤਾਂ ਰੋਟੀਆਂ ਗ਼ਾਇਬ ਸਨ। ਹਾਂ, ਕੰਧ ਨਾਲ ਚਾਰ ਇੱਟਾਂ ਪਈਆਂ ਸਨ।

"ਮਰ ਗਿਆ, ਛੁਰੀ ਪੈਣਾ ਛੁੱਡਾ ਮਰ ਗਿਆ।" ਭਾਗੋ ਦੀ ਅਵਾਜ਼ ਸਾਰੇ ਵਿਹੜੇ ਵਿਚ ਗੂੰਜ ਉਠੀ। "ਇਹਦੇ ਪਿਉ ਦੀ....।"

ਸਵੇਰ ਦੀ ਮਿੱਠੀ-ਮਿੱਠੀ ਠੰਢ ਵਿਚ ਸੁੱਤਾ ਹੋਇਆ ਛੁੱਡਾ ਸੁਪਨਾ ਵੇਖ ਰਿਹਾ ਸੀ। ਉਹਨੇ ਦੋਵੇਂ ਹੱਥ ਫੈਲਾਏ ਹੋਏ ਸਨ ਤੇ ਸਾਹਮਣੇ ਖੜਾ ਲੱਛੂ ਹੱਥ ਉੱਤੇ ਰੋਟੀਆਂ ਵਿਖਾ ਕੇ ਪੁੱਛ ਰਿਹਾ ਸੀ : ਕਿੰਨੀਆਂ ਦੇਵਾਂ। ਛੁੱਡੇ ਨੇ ਸੱਜੇ ਹੱਥ ਦੀਆਂ ਤਿੰਨ ਉਂਗਲੀਆਂ ਵਿਖਾ ਕੇ ਕਿਹਾ : ਤਿੰਨ। ਉਸੇ ਵੇਲੇ ਭਾਗੋ ਦੀ ਲੱਤ ਉਹਦੀਆਂ ਮੌਰਾਂ ਵਿਚ ਆ ਵੱਜੀ। ਛੁੱਡਾ ਤ੍ਰਭਕ ਕੇ ਉਠਿਆ। ਸਾਹਮਣੇ ਉਹਦੀ ਮਾਂ ਚਪੇੜ ਉਗਰੀ ਖੜੀ ਸੀ। 'ਵੱਜੀ ਲੱਤ ਦੀ ਪੀੜ ਬਦਲੇ ਰੋਣ ਦੀ ਥਾਂ ਛੁੱਡੇ ਨੇ ਉਥੋਂ ਭੱਜ ਜਾਣ ਵਿਚ ਹੀ ਖ਼ੈਰ ਸਮਝੀ। ਭਾਗੋ ਪਿਛਾਂਹ ਪਰਤ ਕੇ ਸੁੱਤੇ ਪਏ ਪਤੀ ਦੀ ਪੂਜਾ ਕਰਨ ਲੱਗ ਪਈ, ਪਰ ਇਹ ਪੂਜਾ ਸਿਰਫ਼ ਜ਼ਬਾਨੀ-ਜ਼ਬਾਨੀ ਸੀ।

ਖਪ-ਖਪਾ ਕੇ ਭਾਗੋ ਤੇ ਗੀਲੋ ਖੂਹ ਤੋਂ ਪਾਣੀ ਲੈਣ ਤੁਰ ਪਈਆਂ। ਉਧਰੋਂ ਛੁੱਡੇ ਨੇ ਵੀ ਚੌਂਕੇ ਦੀ ਕੰਧ ਉਹਲਿਉਂ ਆ ਸਿਰ ਕੱਢਿਆ। ਕਾਂ ਵਾਂਗ ਟੇਢੀ ਅੱਖ ਨਾਲ ਉਹਨੇ ਵਿਹੜੇ ਅੰਦਰ ਝਾਤੀ ਮਾਰੀ। ਚੁੱਲ੍ਹੇ ਅੱਗੇ ਬੈਠਾ ਮੰਗਲ ਅੱਗ ਬਾਲ ਰਿਹਾ ਸੀ। ਉਹ ਆਪਣੀ ਹੁੱਕੀ ਤਾਜ਼ਾ ਕਰਨ ਦੇ ਆਹਰ ਵਿਚ ਸੀ।

"ਓ ਹਰਾਮੀਆ! ਤੂੰ ਸਾਰੀਆਂ ਖਾ ਗਿਓਂ? ਪਿਓ ਨੂੰ ਸੁਲ੍ਹਾ ਵੀ ਨਾ ਮਾਰੀਓ ਈ?" ਮੰਗਲ ਨੇ ਛੁੱਡੇ ਨੂੰ ਮਿੱਠੀ ਜਿਹੀ ਝਿੜਕ ਦਿੰਦਿਆਂ ਕਿਹਾ।

"ਮਾਂ ਅੰਦਰ ਏ?" ਮੰਗਲ ਦੇ ਗਿਲੇ ਦਾ ਉੱਤਰ ਦੇਣ ਦੀ ਥਾਂ ਛੁੱਡੇ ਨੇ ਨਵਾਂ

ਸਵਾਲ ਪੁੱਛ ਲਿਆ।

"ਸਭ ਮੱਖੀ-ਚੁੱਖੀ ਝੜੀ ਹੋਈ ਏ। ਵੜ ਜਾਹ ਅੰਦਰ। ਲੈ ਲਾ ਤਲਾਸੀ। ਜੋ ਕੁਝ ਹੱਥ ਲੱਗੇ, ਅੱਧੋ-ਅੱਧ।" ਮੰਗਲ ਨੇ 'ਈਮਾਨਦਾਰ' ਪਾਹਰੂ ਵਾਂਗ ਚੋਰ ਨੂੰ ਹੱਲਾਸ਼ੇਰੀ ਦਿੰਦਿਆਂ ਕਿਹਾ।

"ਉੱਤੋਂ ਮਾਂ ਆ ਗਈ ਤਾਂ।"

"ਮੈਂ ਧਿਆਨ ਰੱਖਾਂਗਾ।"

ਰਾਖੇ ਤੇ ਲੁਟੇਰੇ ਵਿਚ ਸਮਝੌਤਾ ਹੋ ਗਿਆ। ਛੂੱਛਾ ਅੰਦਰ ਵੜ ਕੇ ਭਾਂਡੇ ਫੋਲਣ ਲੱਗ ਪਿਆ। ਮੰਗਲ ਹੁੱਕੀ 'ਤੇ ਅੱਗ ਧਰ ਕੇ ਸੂਟਾ ਲਾਉਣ ਲੱਗ ਪਿਆ।

"ਸਾਈਂ ਸੱਚ ਆਹੰਦਾ ਸੀ। ਤਮਾਕੂ ਨਾਲ ਭੰਗ ਮਿਲਾ ਕੇ ਪੀਣ ਨਾਲ ਕੁਝ ਵਖਰਾ ਈ ਸੁਆਦ ਏ। ਕਿਤੇ ਸੁਲਫਾ ਮਿਲ ਜਾਏ ਤਾਂ ਕੀ ਕਹਿਣੇ।" ਮੰਗਲ ਆਪਣੇ ਹੀ ਲੋਰ ਵਿਚ ਬੋਲੀ ਜਾ ਰਿਹਾ ਸੀ। ਉਸ ਵੇਲੇ ਉਹ ਸੰਸਾਰ ਵੱਲੋਂ ਬੇ-ਫ਼ਿਕਰ ਹੋ ਚੁੱਕਾ ਸੀ। ਉਹਨੂੰ ਛੂੱਛੇ ਨਾਲ ਕੀਤਾ ਹੋਇਆ ਵਾਹਦਾ ਵੀ ਭੁੱਲ ਗਿਆ।

ਉਹਨੂੰ ਉਦੋਂ ਪਤਾ ਲੱਗਾ ਜਾਂ ਭਾਗੋ ਤੇ ਗੀਲੋ ਨੇ ਘੜੇ ਚੋਕੇ ਵਿਚ ਲਿਆ ਰੱਖੇ। ਮੰਗਲ ਦੀ ਵੇਖ ਕੇ ਖਾਨਿਉਂ ਗਈ।

"ਉਇ, ਉਇ ਛੂੱਛੇ ਦਿਆ ਪੁੱਤਰਾ।" ਮੰਗਲ ਨੇ ਘਬਰਾ ਕੇ ਟੁੱਟਦੀ ਅਵਾਜ਼ ਵਿਚ ਕਿਹਾ, ਜਿਵੇਂ ਉਹ ਮੁੱਢ ਕਦੀਮਾਂ ਤੋਂ ਥਥਲਾਉਂਦਾ ਹੋਵੇ।

"ਫੜੀਂ ਨੀ ਹਰਾਮ ਦਾ ਡਾਕੂ।" ਭਾਗੋ ਨੇ ਗੀਲੋ ਨੂੰ ਲਲਕਾਰ ਕੇ ਕਿਹਾ। "ਇਹ ਦੋਵੇਂ ਪਿਉ ਪੁੱਤਰ ਕਿੱਥੇ ਮੇਨੂੰ ਜੰਮ ਚੁੰਬੜ ਗਏ। ਰੱਬ ਚੁੱਕੇ ਇਹਨਾਂ ਨੂੰ। ਮੈਂ...ਮੈਂ......ਇਹਦੀ.....।" ਗੁੱਸੇ ਵਿਚ ਭਾਗੋ ਵਾਕ ਵੀ ਪੂਰਾ ਨਹੀਂ ਸੀ ਕਰ ਸਕਦੀ। ਤੇ ਜੋ ਕੁਝ ਉਹ ਉਚਰ ਰਹੀ ਸੀ, ਉਹ ਲਿਖਣ ਵਿਚ ਨਹੀਂ ਆ ਸਕਦਾ। ਸ਼ਾਇਦ ਵੱਡੇ ਤੋਂ ਵੱਡਾ ਨੰਗੇਜਵਾਦੀ ਵੀ ਹੂ-ਬ-ਹੂ ਲਿਖਣ ਦੀ ਹਿੰਮਤ ਨਾ ਕਰ ਸਕੇ।

ਛੂੱਛੇ ਨੇ ਭੱਜਣ ਦੀ ਕੋਸ਼ਿਸ਼ ਕੀਤੀ ਪਰ ਉਹ ਸਫਲ ਨਾ ਹੋਇਆ। ਭਾਗੋ ਤੋਂ ਭੱਜ ਕੇ ਉਹ ਬਚ ਸਕਦਾ ਸੀ ਪਰ ਗੀਲੋ ਸਾਹਮਣੇ ਉਹਨੂੰ ਹਾਰ ਮੰਨਣੀ ਪਈ। ਗੀਲੋ ਨੇ ਉਹਦੇ ਚੱਪਾ-ਚੱਪਾ ਭਰ ਵਧਿਆ ਹੋਇਆ ਜੂੜਾ ਬੋਦਿਆਂ ਤੋਂ ਫੜ ਲਿਆ।

"ਮਾਂ ਦਿਆ....। ਤੈਨੂੰ ਆਖਿਆ ਸੀ ਨਾ ਇਨ੍ਹਾਂ ਨੂੰ ਮੁਨਾ ਛੱਡ। ਇਹ ਨਾ ਹੁੰਦੇ ਤਾਂ ਇਹ ਤੇਰੇ ਰੇਸ਼ਮੀ ਕੁੜਤੇ ਤੋਂ ਫੜ ਲੈਂਦੀ ? ਹਾ-ਹਾ, ਹਾ। ਪੰਛੀ ਪੂੰਝਿਓ ਫੜਿਆ ਗਿਆ।" ਮੰਗਲ ਨੇ ਆਪਣੀ ਮਸਤੀ ਵਿਚ ਹੱਸਦਿਆਂ ਕਿਹਾ।

"ਹੈ ਹੈ ਵੀ।.....ਤੁਸੀ ਦੋਵੇਂ....ਦੋਵੇਂ ਮੇਰੇ....।" ਭਾਗੋ ਆਪਣੀ ਪੂਰੀ ਤਾਕਤ ਨਾਲ ਬੜ੍ਹਕ ਰਹੀ ਸੀ। ਉਹਨੇ ਦੋਹਾਂ ਹੱਥਾਂ ਨਾਲ ਛੂੱਛੇ ਨੂੰ ਥਾਪੜਨਾ ਸ਼ੁਰੂ ਕਰ ਦਿੱਤਾ।

'ਮੂੰਹ ਨੱਕ ਬਚਾ ਲੈ ਉਇ! ਮੌਰਾਂ ਦੀ ਖ਼ੈਰ ਏ।' ਪੀਰ ਉਸਤਾਦ ਵਾਂਗ ਮੰਗਲ ਨੇ ਭੁੱਡੇ ਨੂੰ ਮਾਰ ਖਾਣ ਦੇ ਦਾਅ-ਪੇਚ ਸਮਝਾਉਂਦਿਆਂ ਕਿਹਾ।

ਭੁੱਡਾ ਅਖਾੜੇ ਦੇ ਪੱਠੇ ਵਾਂਗ ਝੱਟ ਗੋਡਿਆਂ ਪਰਨੇ ਹੋ ਗਿਆ। ਬਾਹੀਂ ਵਿਚ ਸਿਰ ਦੇ ਕੇ ਉਹਨੇ ਮੂੰਹ ਧਰਤੀ ਨਾਲ ਲਾ ਲਿਆ।

ਸਵੇਰ ਦੀ ਨਿਰਨੇ ਕਲੇਜੇ ਖਪੀ ਤਪੀ ਭਾਗੋ ਛੇਤੀ ਹੀ ਹੰਭ ਗਈ। "ਇਹ ਤਾਂ ਪੱਥਰ ਏ। ਮੇਰੇ ਹੱਥ ਪੀੜ ਕਰਨ ਲੱਗ ਪਏ ਨੇ, ਪਰ ਇਹਦੀਆਂ ਮੌਰਾਂ....।" ਥੱਕ ਕੇ ਭਾਗੋ ਨੇ ਲੱਕ ਸਿੱਧਾ ਕੀਤਾ।

ਭੁੱਡੇ ਨੂੰ ਮਾਰ ਬਥੇਰੀ ਪਈ ਪਰ ਉਹਨੇ ਮੂੰਹੋਂ 'ਸੀ' ਤਕ ਨਾ ਕੀਤੀ। ਉਹ ਜਾਣਦਾ ਸੀ ਕਿ ਰੋਣ ਚੀਕਣ ਦਾ ਕੋਈ ਲਾਭ ਨਹੀਂ।

"ਛਾਵਾ, ਪੁੱਤਰਾ, ਛਾਵਾ! ਪਿਉ ਦਾਦੇ ਦੀ ਰੱਖ ਵਖਾਈ ਊ। ਚੋਰੀ ਕਰਨੀ, ਤਾਂ ਪੁਲਸ ਦੀ ਮਾਰ ਤੋਂ ਕੀ ਡਰਨਾ।" ਮੰਗਲ ਨੇ ਭੁੱਡੇ ਦੇ ਸਿਰੜ ਦੀ ਸਲਾਹੁਤ ਕਰਦਿਆਂ ਕਿਹਾ। "ਠਾਣੇਦਾਰ ਆਪਣੀ ਵਾਹ ਲਾ ਥੱਕਾ ਏ। ਹੁਣ ਤਾਂ....।"

"ਦੀਹਦਾ ਏ, ਤੇਰੀਆਂ ਵੀ ਮੌਰਾ ਲੋੜੀਆਂ ਨੇ।" ਲੋਹੀ-ਲਾਖੀ ਹੋਈ ਹੋਈ ਭਾਗੋ ਨੇ ਮੰਗਲ ਨੂੰ ਸੰਬੋਧਨ ਕਰਕੇ ਕਿਹਾ।

"ਬੱਸ, ਬੱਸ, ਏਥੇ ਹੀ ਰਹਿਣ ਦੇ। ਮੈਨੂੰ ਪਤਾ ਏ, ਤੂੰ ਪਿਉ ਦੀ ਸਹੇੜ ਉੱਤੇ ਹੱਥ ਨਹੀਂ ਚੁੱਕਣ ਲੱਗੀ। ਤੂੰ ਦੇਸੀ ਜਨਾਨੀ ਏਂ, ਵਲੈਤੀ ਥੋੜੀ ਏਂ ? ਤੇ ਗਾਹਲਾਂ ਤੋਂ ਆਪਾਂ ਨਹੀਂ ਡਰਦੇ। ਭਾਵੇਂ ਕਬਰ 'ਤੇ ਖਲੋ ਕੇ ਵੀ ਜੀਭ ਕਰਾਰੀ ਕਰ ਲਿਆ ਕਰੀਂ। ਖੁੱਲ੍ਹੀ ਛੁੱਟੀ।" ਮੰਗਲ ਨੇ ਖੱਬਾ ਹੱਥ ਹਿਲਾਉਂਦਿਆਂ ਕਿਹਾ।

"ਏਹਾ ਤਾਂ ਲੱਜ ਮਾਰਦੀ ਏ। ਪਿਉ ਅੱਜ ਸਾਹਮਣੇ ਹੋਵੇ ਤਾਂ ਪੁੱਛਾਂ ਉਹਨੂੰ, ਜਿਹੜਾ ਨੀਗਰ ਚੰਦ ਸਹੇੜ ਕੇ ਦੇ ਗਿਆ ਏ।"

"ਓ ਕਮਜਾਤੇ! ਮਾਪਿਆਂ ਨੂੰ ਨਹੀਂ ਨਿੰਦੀ ਦਾ। ਜਾਹ ਠੰਢੀ ਹੋ ਕੇ। ਸਰਦਾਰਨੀਆਂ ਉਡੀਕਦੀਆਂ ਹੋਣਗੀਆਂ। ਤੂੰ ਨਹੀਂ ਜਾਣਾ ਅਜੇ ਤਾਂ ਯਾਰ ਕੇ ਚਲਦੇ ਆਂ।" ਹੁੱਕੀ ਫੜ ਕੇ ਮੰਗਲ ਬਾਹਰ ਨੂੰ ਤੁਰ ਪਿਆ।

"ਇਕ ਤਾਂ ਮਗਰੋਂ ਲੱਥਾ।" ਭਾਗੋ ਨੇ ਕੁਝ ਸੁੱਖ ਦਾ ਸਾਹ ਲਿਆ। "ਇਹਨੂੰ ਫੜੀ ਰੱਖੀ ਨੀ। ਮੈਂ ਜੰਦਰਾ ਮਾਰ ਲਵਾਂ। ਚੱਲ ਇਹਨੂੰ ਸਰਦਾਰ ਦੇ ਪੇਸ਼ ਕਰਦੇ ਆਂ। ਮੈਂ ਰੱਜ ਗਈ ਆਂ ਏਸ ਲਾਡਲੇ ਤੋਂ।"

ਬੂਹੇ ਨੂੰ ਮਾੜਾ ਜਿਹਾ ਜੰਦਰਾ ਮਾਰ ਕੇ ਕੁੰਜੀ ਸੁੱਥਣ ਦੇ ਨਾਲੇ ਨਾਲ ਬੰਨ੍ਹ ਕੇ ਨੇਂਘ ਵਿਚ ਟੰਗ ਲਈ। ਉਹ ਭੁੱਡੇ ਨੂੰ ਬੋਦਿਆਂ ਤੋਂ ਫੜ ਕੇ ਤੁਰ ਪਈ। ਗੀਲ੍ਹੋ ਗੋਹੇ ਵਾਲੀਆਂ ਟੋਕਰੀਆਂ ਸਿਰ 'ਤੇ ਰੱਖ ਕੇ ਮਗਰ-ਮਗਰ ਲੱਗ ਤੁਰੀ। ਭੁੱਡਾ ਪਾਲਤੂ

ਬਾਂਦਰ ਵਾਂਗ ਬੜਾ ਅਸੀਲ ਬਣ ਕੇ ਨੀਵੀਂ ਪਾਈ ਚਲਿਆ ਜਾ ਰਿਹਾ ਸੀ। ਪਿੰਡ ਦੇ ਅੰਵਾਣੇ ਗਲੀ ਵਿਚ ਖੜੇ ਤਮਾਸ਼ਾ ਵੇਖ ਰਹੇ ਸਨ। ਭਾਗੋ ਸਿੱਧੀ ਲੱਖਾ ਸਿੰਘ ਦੇ ਘਰ ਪਹੁੰਚੀ।

"ਸਰਦਾਰ! ਲੈ ਸੰਭਾਲ ਐਸ ਸੁਗਾਤ ਨੂੰ। ਮ੍ਹੀਨਾ ਭਰ ਚੋਪੜੀਆਂ ਰੋਟੀਆਂ ਖੁਆ-ਖੁਆ ਕੇ ਇਹਦਾ ਢਿੱਡ ਟੋਆ ਬਣਾ ਛੱਡਿਆ ਈ। ਮੈਥੋਂ ਨਹੀਂ ਇਹ ਖੂਹ ਭਰੀਦਾ। ਤੇ ਤੂੰ ਵੀ ਸੁਣ ਲੈ ਵੇ।" ਸਰਦਾਰ ਵੱਲੋਂ ਹੱਟ ਕੇ ਭਾਗੋ ਨੇ ਛੱਡੇ ਨੂੰ ਤਾੜਦਿਆ ਕਿਹਾ, "ਜੇ ਮੇਰੇ ਘਰ ਮੁੜ ਕੇ ਪੈਰ ਪਾਇਆ ਤਾਂ ਟੰਗਾਂ ਤੋੜ ਦਿਆਂਗੀ। ਇਥੇ ਹੀ ਮਰ ਹੁਣ।"

"ਕੁੜੇ ਭਾਗੋ!" ਕੋਲੋਂ ਬਸੰਤ ਕੌਰ ਨੇ ਮੁਸਕੜੀਆਂ 'ਚ ਹੱਸਦਿਆਂ ਕਿਹਾ, "ਜਣਨ ਨੂੰ ਹੈਗੀ ਸੈਂ ਤੇ ਹੁਣ ਪਾਲਣ ਵੇਲੇ ਪਾਸੇ ਖਿਸਕਦੀ ਏਂ ?"

"ਏ ਸਰਦਾਰਨੀ! ਜਣਨ ਨੂੰ ਵੀ ਮੈਂ ਕੱਲ੍ਹੀ ਨਹੀਂ ਸਾਂ। ਤੁਹਾਡਾ ਮੰਗਲੂ ਈ....।"

"ਬੱਸ-ਬੱਸ। ਏਥੇ ਹੀ ਰਹਿਣ ਦੇ, ਸਾਰੇ ਸਮਝ ਗਏ ਨੇ।" ਲੱਖਾ ਸਿੰਘ ਨੇ ਹੱਥ ਦੇ ਇਸ਼ਾਰੇ ਨਾਲ ਰੋਕ ਦਿੱਤਾ। "ਜਾਹ ਤੂੰ।"

ਭਾਗੋ ਤੇ ਗੀਲ੍ਹੋ ਚਲੀਆਂ ਗਈਆਂ। ਛੱਡਾ ਸਰਦਾਰ ਦੇ ਚਿਹਰੇ 'ਤੇ ਨਜ਼ਰ ਟਿਕਾਈ ਖੜਾ ਰਿਹਾ। ਉਸ ਨੂੰ ਆਸ ਬੱਝ ਗਈ ਕਿ ਉਥੋਂ ਕੁਝ ਖਾਣ ਨੂੰ ਜ਼ਰੂਰ ਮਿਲ ਜਾਏਗਾ।

SIKHBOOKCLUB.COM

"ਉਇ ਛੱਡਿਆ। ਕੱਲ੍ਹ ਖੂਹ ਉੱਤੇ ਖਿੱਲਰੇ ਹੋਏ ਰੋੜ ਤੂੰ ਕੱਠੇ ਕੀਤੇ ਸਨ ?" ਸਵੇਰੇ ਬਾਹਰ ਨੂੰ ਗਿਆ ਲੱਖਾ ਸਿੰਘ ਖੂਹ ਉੱਤੇ ਸਭ ਕੁਝ ਵੇਖ ਆਇਆ ਸੀ।

"ਹਾਹੋ।" ਛੱਡੇ ਨੇ ਬੜੇ ਉਤਸ਼ਾਹ ਨਾਲ ਕਿਹਾ।

"ਹੱਛਾ ਦੱਸ, ਮਹੀਂ ਚਾਰ ਲਿਆਇਆ ਕਰੇਂਗਾ ?" ਲੱਖਾ ਸਿੰਘ ਦਾ ਵਾਗੀ ਤਿੰਨ ਦਿਨਾਂ ਤੋਂ ਹੱਟ ਗਿਆ ਸੀ।

"ਹਾਹੋ।" ਛੱਡੇ ਦਾ ਫਿਰ ਉਹਾ ਉੱਤਰ ਸੀ। ਪਰ ਇਸ ਵਾਰ ਉਹਦੀ ਅਵਾਜ਼ ਵਿਚ ਵਧੇਰੇ ਦ੍ਰਿੜ੍ਹਤਾ ਸੀ।

'ਭਾਵੇਂ ਮਹੀਂ ਗੁਆ ਕੇ ਆ ਵੜੇ ਸ਼ਾਮ ਨੂੰ।" ਬਸੰਤ ਕੌਰ ਨੇ ਸ਼ੰਕਾ ਪ੍ਰਗਟ ਕੀਤੀ।

"ਨਹੀਂ। ਸਹੁੰ ਪਿਉ ਦੀ, ਮੈਂ ਰਜਾਅ ਕੇ ਲਿਆਵਾਂਗਾ, ਨਹੀਂ ਤਾਂ ਤੁਸੀਂ ਮੈਨੂੰ ਹਟਾ ਦਿਓ।" ਛੱਡੇ ਨੇ ਆਪਣੇ ਆਪ ਉੱਤੇ ਆਪ ਹੀ ਸ਼ਰਤ ਲਾ ਲਈ, ਜਿਵੇਂ ਮਾਲਕ ਨੂੰ ਯਕੀਨ ਆ ਜਾਵੇ।

"ਤੇਰੇ ਪਿਓ ਨੇ ਤਾਂ ਸਾਰੀ ਉਮਰ ਕੱਖ ਭੰਨ ਕੇ ਦੂਹਰਾ ਨਹੀਂ ਕੀਤਾ, ਹੁਣ ਤੂੰ

ਵੇਖਿਆ ਜਾਵੇਂਗਾ।" ਬਸੰਤ ਕੌਰ ਨੇ ਥੋੜ੍ਹਾ-ਥੋੜ੍ਹਾ ਹੱਸਦਿਆਂ ਕਿਹਾ। ਉਹ ਤੰਦੂਰ ਉੱਤੇ ਖੜੀ ਰੋਟੀਆਂ ਲਾ ਰਹੀ ਸੀ।

"ਜਿਹੜਾ ਬੰਦਾ ਕਾਮਿਆਂ ਦੀਆਂ ਰੋਟੀਆਂ ਲੈ ਕੇ ਜਾਵੇਗਾ, ਉਹਦੇ ਨਾਲ ਇਹਨੂੰ ਮਹੀਂ ਛਡਾ ਕੇ ਘੱਲ ਦਿਆ ਜੇ। ਦੋ ਚਾਰ ਦਿਨ ਵਿਹੰਦੇ ਆਂ ਨਾ। ਤੂੰ ਸੁਣ ਲੈ ਉਇ!" ਲੱਖਾ ਸਿਘ ਨੇ ਸਰਦਾਰੀ ਰੁਹਬ ਨਾਲ ਡੂੰਡੇ ਵੱਲੋਂ ਵੇਖਦਿਆਂ ਕਿਹਾ, "ਕਿਸੇ ਦੀ ਪੈਲੀ ਵਿਚ ਨਹੀਂ ਪੈਣ ਦੇਣੀਆਂ। ਤੇ ਖਿਹੜੇ ਵੀ ਨਹੀਂ ਲੱਗ ਜਾਣਾ। ਬੱਸ, ਸੋਟਾ ਫੜ ਕੇ ਮਹੀਂ ਦੇ ਮਗਰ ਮਗਰ, ਨਹੀਂ ਤਾਂ ਕੰਨੋਂ ਫੜ ਕੇ ਹਵੇਲੀਉਂ ਬਾਹਰ ਕੱਢ ਦਿਆਂਗਾ।"

"ਚਾਚਾ ਫ਼ਿਕਰ ਨਾ ਕਰ। ਮੈਂ.....ਮੈਂ।" ਡੂੰਡੇ ਨੂੰ ਅਗ੍ਹਾਂ ਸ਼ਬਦ ਨਾ ਅਹੁੜੇ, ਜਿਨ੍ਹਾਂ ਰਾਹੀਂ ਮਾਲਕ ਨੂੰ ਭਰੋਸਾ ਦੁਆ ਸਕੇ।

ਲੱਖਾ ਸਿਘ ਵਾਸਤੇ ਬਸੰਤ ਕੌਰ ਨੇ ਸਵੇਰੇ ਚੁੱਲ੍ਹੇ 'ਤੇ ਫੁਲਕਾ ਪਕਾ ਦਿੱਤਾ ਸੀ। ਉਹ ਘੋੜੀ ਫੜ ਕੇ ਸ਼ਹਿਰ ਨੂੰ ਤੁਰ ਗਿਆ।

ਡੂੰਡਾ ਆਪਣੇ ਪੈਰਾਂ 'ਤੇ ਖੜਾ ਬਸੰਤ ਕੌਰ ਵੱਲ ਵੇਖੀ ਜਾ ਰਿਹਾ ਸੀ। ਇਸ ਅਚਨਚੇਤ ਮਿਲੀ ਨੌਕਰੀ ਉੱਤੇ ਉਹਨੂੰ ਅਜੇ ਇਤਬਾਰ ਨਹੀਂ ਸੀ ਆ ਰਿਹਾ।

"ਔਥੇ ਕੰਧ ਦੀ ਛਾਵੇਂ ਹੋ ਕੇ ਬਹਿ ਜਾ। ਪੱਕਦੀਆਂ ਨੇ ਤਾਂ ਸਭ ਤੋਂ ਪਹਿਲਾਂ ਤੈਨੂੰ ਖੁਆਵਾਂਗੀ।" ਬਸੰਤ ਕੌਰ ਨੇ ਡੂੰਡੇ ਦੇ ਦਿਲ ਦੀ ਸਮਝਦਿਆਂ ਕਿਹਾ।

ਡੂੰਡਾ ਇਕ ਪਾਸੇ ਹੋ ਕੇ ਕੰਧ ਦੀ ਛਾਵੇਂ ਬਹਿ ਗਿਆ। ਉਹਦੀ ਨਜ਼ਰ ਸਜਾਈ ਕੱਟੀ 'ਤੇ ਪਈ ਜੋ ਸਾਹਮਣੇ ਸੂਰਜ ਦੀ ਧੁੱਪ ਬੁਰੀ ਤਰ੍ਹਾਂ ਮਹਿਸੂਸ ਕਰ ਰਹੀ। ਡੂੰਡੇ ਨੇ ਉਠ ਕੇ ਕੱਟੀ ਨੂੰ ਕਿੱਲੇ ਨਾਲੋਂ ਜਾ ਖੋਲ੍ਹਿਆ।

"ਚਾਚੀ! ਇਹਨੂੰ ਕਿੱਥੇ ਬੰਨ੍ਹਾਂ ? ਇਹ ਤਾਂ ਧੁੱਪੇ ਘਰਕਦੀ ਏ ਪਈ।"

"ਜਾਪਦਾ ਤਾਂ ਬੜਾ ਆਹਰੀ ਏਂ, ਜੇ ਮੁੜ ਕੇ ਹੱਡ ਹਰਾਮ ਨਾ ਹੋ ਗਿਓਂ ਤਾਂ। ਔਥੇ ਡਿਉਢੀ ਵਿਚ ਬੰਨ੍ਹ ਦਿਹ ਸੂ।" ਬਸੰਤ ਕੌਰ ਰੋਟੀਆਂ ਵਾਲੀ ਪਰਾਤ ਚੁੱਕ ਕੇ ਅੰਦਰ ਚਲੀ ਗਈ।

ਕੱਟੀ ਛਾਵੇਂ ਬੰਨ੍ਹ ਕੇ ਡੂੰਡਾ ਫੇਰ ਆਪਣੀ ਥਾਂ 'ਤੇ ਆ ਬੈਠਾ।

ਰੋਟੀਆਂ ਚੋਪੜਦੀ ਬਸੰਤ ਕੌਰ ਡੂੰਡੇ ਬਾਰੇ ਸੋਚ ਰਹੀ ਸੀ : 'ਗਲੋਂ ਵੀ ਨੰਗਾ ਤੇ ਸਿਰੋਂ ਪੈਰੋਂ ਵੀ ਨੰਗਾ। ਉੱਞ ਵਾਗੀ ਸਰਦਾਰਾਂ ਦਾ। ਲੋਕ ਕੀ ਆਖਣਗੇ। ਠੀਕ ਏ।" ਉਹਨੇ ਸਭ ਫ਼ੈਸਲਾ ਕਰ ਲਿਆ।

"ਐਧਰ ਆ ਵੇ। ਅਹੁ ਫੜ ਸਿਲਵਰ ਦਾ ਕੌਲਾ।"

ਡੂੰਡੇ ਨੇ ਕਾਠ ਦੀ ਪੁਤਲੀ ਵਾਂਗ ਬਟਨ ਦਬਾਉਂਦਿਆਂ ਸਾਰ ਹੁਕਮ ਦੀ

ਪਾਲਣਾ ਕਰ ਦਿੱਤੀ। ਬਸੰਤ ਕੌਰ ਨੇ ਕੌਲੇ ਵਿਚ ਦਾਲ ਪਾ ਕੇ ਤਿੰਨ ਰੋਟੀਆਂ ਉਹਦੇ ਹੱਥ ਉੱਤੇ ਧਰ ਦਿੱਤੀਆਂ।

"ਇਹ ਖਾ ਲੈ। ਲੌਢੇ ਵੇਲੇ ਵਾਸਤੇ ਹੋਰ ਮਿਲਣਗੀਆਂ। ਰਾਤ ਨੂੰ ਫੇਰ ਰੱਜਵੀਆਂ। ਜੇ ਕਿਸੇ ਹੋਰ ਕੋਲੋਂ ਲੈ ਕੇ ਖਾਧੀ ਤਾਂ ਭਲਕ ਤੋਂ ਕੰਨੋਂ ਫੜ ਕੇ ਹਵੇਲੀਉਂ ਬਾਹਰ ਕਰਾਂਗੀ। ਸਮਝ ਗਿਆ ?"

"ਹਾਹੋ।" ਛੂੰਡਾ ਸਭ ਕੁਝ ਸਮਝ ਗਿਆ।

ਛੂੰਡੇ ਦੇ ਰੋਟੀ ਖਾਂਦਿਆਂ ਤੱਕ ਬਸੰਤ ਕੌਰ ਆਪਣੇ ਪੁੱਤਰ ਦਾ ਅੰਧਿਰਾਣਾ ਕੁੜਤਾ ਲੱਭ ਲਿਆਈ। ਹੈ ਤਾਂ ਉਹ ਛੋਟਾ ਸੀ ਪਰ ਵੇਲਾ ਢੱਕਣ ਜੋਗਾ ਠੀਕ ਸੀ। ਇਕ ਉਹਨੇ ਪੁਰਾਣਾ ਖੱਦਰ ਦਾ ਪਰਨਾ ਲੈ ਆਂਦਾ।

"ਆਹ ਗਲ਼ ਪਾ ਲੈ ਵੇ ਤੇ ਅਹਿਦੇ ਪੱਲੇ ਲੌਢੇ ਵੇਲੇ ਵਾਸਤੇ ਰੋਟੀਆਂ ਬੰਨ੍ਹ ਲੈ। ਮਹੀਂ ਠੀਕ ਤਰ੍ਹਾਂ ਚਾਰੇਂਗਾ ਤਾਂ ਅਗਲੇ ਮਹੀਨੇ ਨਵੇਂ ਲੀੜੇ ਬਣਾ ਦਿਆਂਗੀ। ਨ੍ਹਾਮੇ ਦੀ ਜੁੱਤੀ ਤਾਂ ਤੈਨੂੰ ਔਣੀ ਨਹੀਂ। ਚਲ ਚੜ੍ਹੇ ਮਹੀਨੇ ਜੁੱਤੀ ਵੀ ਲੈ ਦਿਆਂਗੀ। ਸੁਣ ਲਿਆ ?"

"ਹਾਹੋ।" ਛੂੰਡੇ ਨੇ ਸਭ ਕੁਝ ਸੁਣ ਕੇ ਪੱਲੇ ਬੰਨ੍ਹ ਲਿਆ। ਕੁੜਤਾ ਉਹਨੇ ਗਲ਼ ਪਾ ਲਿਆ। ਦੋ ਰੋਟੀਆਂ ਤੇ ਅੰਬ ਦਾ ਆਚਾਰ ਪਰਨੇ ਪੱਲੇ ਬੰਨ੍ਹ ਕੇ ਲੱਕ ਨਾਲ ਵਲ੍ਹੇਟ ਲਿਆ ਤੇ ਸੋਟਾ ਫੜ ਕੇ ਮਹੀਂ ਛੱਡਣ ਵਾਸਤੇ ਤਿਆਰ ਹੋ ਗਿਆ। ਇਹ ਉਹਦੇ ਨਵੇਂ ਜੀਵਨ ਦਾ ਪਹਿਲਾ ਦਿਨ ਸੀ।

SIKHBOOKCLUB.COM

## ੩

ਲੱਖਾ ਸਿੰਘ ਇਕ ਪੁੱਜਦਾ ਜ਼ਿਮੀਂਦਾਰ ਸੀ। ਨੰਬਰਦਾਰ ਸਰਦੂਲ ਸਿੰਘ ਤੇ ਲੱਖਾ ਸਿੰਘ ਚਾਚੇ ਤਾਏ ਦੇ ਪੁੱਤ ਭਰਾ ਸਨ। ਸਰਦੂਲ ਸਿੰਘ ਤੇ ਮਖਤੂਲ ਸਿੰਘ ਦੋ ਭਰਾ ਸਨ। ਉਹਨਾਂ ਆਪਣੇ ਪਿਉ ਦੀ ਜਾਇਦਾਦ ਬਰਾਬਰ ਹਿੱਸਿਆਂ ਵਿਚ ਵੰਡ ਲਈ। ਲੱਖਾ ਸਿੰਘ ਮਾਪਿਆਂ ਦਾ ਇਕੋ ਇਕ ਪੁੱਤਰ ਸੀ। ਉਹ ਸਾਰੀ ਜਾਇਦਾਦ ਦਾ ਮਾਲਕ ਇਕੱਲਾ ਬਣਿਆ। ਉਹਨਾਂ ਦੇ ਪਿਤਾ ਧੰਨਾ ਸਿੰਘ ਤੇ ਬੱਗਾ ਸਿੰਘ ਬੜੇ ਮਿਹਨਤੀ ਜੱਟ ਸਨ। ਸਖ਼ਤ ਮਿਹਨਤ ਦਾ ਫਲ ਉਹਨਾਂ ਆਪਣੀ ਜਾਇਦਾਦ ਵਿਚ ਚੰਗਾ ਵਾਧਾ ਕੀਤਾ। ਦੋਹਾਂ ਭਰਾਵਾਂ ਦੀ ਬੜੀ ਚੰਗੀ ਨਿਭ ਗਈ। ਵੱਡਾ ਧੰਨਾ ਸਿੰਘ ਨੰਬਰਦਾਰ ਸੀ। ਖੇਤੀ ਦਾ ਕੰਮ ਸਾਰਾ ਬੱਗਾ ਸਿੰਘ ਦੇ ਹਵਾਲੇ ਸੀ। ਧੰਨਾ ਸਿੰਘ ਦੇ ਪੁੱਤਰ ਗਭਰੂ ਹੋਏ ਤਾਂ ਉਹ ਘਰ ਵਿਚ ਕੁਝ ਗੜਬੜ ਪੈਦਾ ਕਰਨ ਲੱਗ ਪਏ। ਧੰਨਾ ਸਿੰਘ ਤੇ ਬੱਗਾ ਸਿੰਘ ਨੇ ਬੜੇ ਠੰਢੇ ਦਿਲ ਨਾਲ ਵਿਚਾਰ ਕੀਤੀ। ਜਵਾਨ ਮੁੰਡਿਆਂ ਦੇ

ਸੁਭਾਵਾਂ ਕਾਰਨ ਉਹਨਾਂ ਨੂੰ ਅਗ੍ਹਾਂ ਇਕੱਠ ਨਿੱਭਦਾ ਨਜ਼ਰ ਨਾ ਆਇਆ ਤਾਂ ਉਹ ਘਰੋਂ ਬਾਹਰੋਂ ਅੱਡ ਹੋ ਗਏ। ਉਨ੍ਹਾਂ ਆਪਸ ਵਿਚ ਐਸੀ ਇਨਸਾਫ਼ ਦੀ ਵੰਡ ਕੀਤੀ ਕਿ ਕਿਸੇ ਧਿਰ ਦੇ ਘਰਦਿਆਂ ਨੂੰ ਵੀ ਸ਼ਿਕਾਇਤ ਦਾ ਮੌਕਾ ਨਾ ਮਿਲਿਆ। ਲੋਕਾਂ ਨੂੰ ਉਦੋਂ ਪਤਾ ਲੱਗਾ ਜਾਂ ਦੋਹਾਂ ਘਰਾਂ ਨੇ ਆਪਣਾ ਕੰਮ ਵੱਖ-ਵੱਖ ਸ਼ੁਰੂ ਕਰ ਲਿਆ।

ਉਹਨਾਂ ਵੱਸਣ ਵਾਲੇ ਘਰ ਦੀ ਵੰਡ ਵੀ ਬੜੀ ਸੁਚੱਜੀ ਕਰ ਲਈ। ਪਿੰਡ ਵਿਚਲਾ ਸਾਰਾ ਘਰ ਧੰਨਾ ਸਿੰਘ ਨੇ ਲੈ ਲਿਆ। ਘਰ ਦੇ ਨਾਲ ਲਗਦੀ ਪੈਲੀ ਵਿਚੋਂ ਚਾਰ ਕਨਾਲ ਬੱਗਾ ਸਿੰਘ ਨੂੰ ਨਵਾਂ ਘਰ ਬਣਾਉਣ ਵਾਸਤੇ ਦੇ ਦਿੱਤੀ। ਉਸ ਦੇ ਉਦਾਲੇ ਕੱਚੀਆਂ ਇੱਟਾਂ ਦੀ ਛੇ ਫੁੱਟ ਉੱਚੀ ਕੰਧ ਕਰਕੇ ਦਸ ਫੁੱਟ ਚੌੜਾ ਦਰਵਾਜ਼ਾ ਲਾ ਦਿੱਤਾ। ਹਵੇਲੀ ਦੀ ਇਕ ਗੁੱਠ ਵਿਚ ਇਕ ਰਸੋਈ ਤੇ ਦੋ ਖੁੱਲ੍ਹੇ ਕਮਰੇ ਪੱਕੀਆਂ ਇੱਟਾਂ ਦੇ ਬਣਾ ਦਿੱਤੇ। ਬਾਹਰਲੇ ਦਰਵਾਜ਼ੇ ਦੇ ਇਕ ਪਾਸੇ ਪੱਕੀ ਬੈਠਕ ਵੀ ਬਣਾ ਦਿੱਤੀ। ਇਹ ਸਾਰਾ ਖ਼ਰਚ ਸਾਂਝੇ ਘਰ ਵਿਚੋਂ ਕੀਤਾ ਗਿਆ।

ਵੱਖ ਹੋਣ ਤੋਂ ਸੱਤ ਸਾਲ ਪਿੱਛੋਂ ਧੰਨਾ ਸਿੰਘ ਤੇ ਬੱਗਾ ਸਿੰਘ ਦੋਵੇਂ ਭਰਾ ਤਿੰਨਾਂ ਮਹੀਨਿਆਂ ਦੀ ਵਿੱਥ 'ਤੇ ਚਲਾਣਾ ਕਰ ਗਏ। ਬੱਗਾ ਸਿੰਘ ਦੀ ਮੌਤ ਮੋਹਰਕੇ ਤਾਪ ਨਾਲ ਹੋਈ। ਉਹਦਾ ਸਤਾਰ੍ਹਵਾਂ ਕਰਨ ਪਿੱਛੋਂ ਧੰਨਾ ਸਿੰਘ ਮੰਜੇ 'ਤੇ ਪੈ ਗਿਆ। ਉਹਦੀ ਬਿਮਾਰੀ ਦਾ ਕਿਸੇ ਨੂੰ ਵੀ ਪਤਾ ਨਾ ਲੱਗਾ। ਉਹਦੀ ਭੁੱਖ ਘੱਟ ਗਈ। ਭਰਵਾਂ ਸ਼ਰੀਰ ਸੁੱਕ ਕੇ ਹੱਡੀਆਂ ਦਾ ਪਿੰਜਰ ਰਹਿ ਗਿਆ। ਤੀਜਾ ਮਹੀਨਾ ਬੀਤਦਿਆਂ ਤੱਕ ਉਹ ਸਿਵੇ ਵਿਚ ਜਾ ਪਿਆ। ਲੋਕ ਕਹਿੰਦੇ : ਨੰਬਰਦਾਰ ਭਰਾ ਦੇ ਗ਼ਮ ਦਾ ਮਾਰਿਆ ਮਰ ਗਿਆ।

ਧੰਨਾ ਸਿੰਘ ਦੀ ਥਾਂ ਉਹਦਾ ਵੱਡਾ ਪੁੱਤਰ ਸਰਦੂਲ ਸਿੰਘ ਨੰਬਰਦਾਰ ਬਣਿਆ। ਨੰਬਰਦਾਰੀ ਵੱਡੇ ਪੁੱਤਰ ਦਾ ਹੀ ਹੱਕ ਮੰਨਿਆ ਜਾਂਦਾ ਸੀ, ਸੋ ਇਸ ਗੱਲ 'ਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਸੀ। ਨੰਬਰਦਾਰ ਦੀ ਛੱਡੀ ਹਰ ਤਰ੍ਹਾਂ ਦੀ ਜਾਇਦਾਦ ਉੱਤੇ ਦੋਹਾਂ ਭਰਾਵਾਂ ਦਾ ਹੱਕ ਸੀ। ਉਹਦੇ ਵੰਡਣ ਵਿਚ ਕਾਫ਼ੀ ਝਗੜਾ ਹੋਇਆ। ਪਿੰਡ ਦੀ ਪਰ੍ਹੇ ਨਾ ਨਿਬੇੜ ਸਕੀ ਤਾਂ ਫਿਰ ਉਹਨਾਂ ਦੇ ਅੰਗ ਸਾਕ ਇਕੱਠੇ ਹੋਏ। ਕਾਫ਼ੀ ਬੋਲ ਬੁਲਾਰੇ ਪਿਛੋਂ ਉਨ੍ਹਾਂ ਦੀ ਵੰਡ ਵੰਡਾਈ ਨੇਪਰੇ ਚੜ੍ਹੀ। ਫਿਰ ਵੀ ਨੰਬਰਦਾਰ ਦੀ ਨਕਦ ਰਕਮ ਤੇ ਸੋਨੇ ਦਿਆਂ ਗਹਿਣਿਆਂ ਵਿਚੋਂ ਛੋਟੇ ਮਖਤੂਲ ਸਿੰਘ ਨੂੰ ਪੂਰਾ ਹਿੱਸਾ ਨਾ ਮਿਲਿਆ। ਬਾਹਰੋਂ ਜ਼ਮੀਨ ਦੀ ਵੰਡ ਵਿੱਚ ਉਹਦਾ ਘਰ ਪੂਰਾ ਹੋ ਗਿਆ।

ਬੱਗਾ ਸਿੰਘ ਦਾ ਲੱਖਾ ਸਿੰਘ ਇਕੱਲਾ ਹੀ ਪੁੱਤਰ ਸੀ। ਸੋ ਵੰਡ-ਵੰਡਾਈ ਦਾ ਮਸਲਾ ਖੜ੍ਹਾ ਹੀ ਨਾ ਹੋਇਆ। ਉਸ ਵੇਲੇ ਉਹ ਵੀਹ ਸਾਲ ਦਾ ਸੀ, ਪਰ ਜਿਸ ਢੰਗ ਨਾਲ ਉਹਨੇ ਘਰ ਸੰਭਾਲਿਆ, ਸਾਰੇ ਵਾਹ-ਵਾਹ ਕਰ ਉੱਠੇ।

ਲੱਖਾ ਸਿੰਘ ਸਾਰੇ ਪਿੰਡ ਵਿਚੋਂ ਕੁਝ ਵੱਖਰੇ ਸੁਭਾਅ ਦਾ ਸੀ। ਉਹ ਅੱਠ ਜਮਾਤਾਂ ਪਾਸ ਸੀ। ਉਹ ਵਿੱਦਿਆ ਵੀ ਉਹਨੇ ਨਾਨਕੇ ਪਿੰਡ ਪ੍ਰਾਪਤ ਕੀਤੀ ਸੀ, ਨਹੀਂ ਤਾਂ ਵਰਨ ਪਿੰਡ ਵਿਚ ਸਾਰੇ ਅਗੂੰਠਾ ਲਾਉਣ ਵਾਲੇ ਹੀ ਸਨ। ਸਰਦੂਲ ਸਿੰਘ ਨੰਬਰਦਾਰ ਵੀ ਥੋੜ੍ਹੀ ਬਹੁਤੀ ਗੁਰਮੁਖੀ ਹੀ ਜਾਣਦਾ ਸੀ, ਜੋ ਉਹਨੇ ਗੁਰਦੁਆਰੇ ਦੇ ਗ੍ਰੰਥੀ ਕੋਲੋਂ ਸਿੱਖੀ ਸੀ।

ਬੱਗਾ ਸਿੰਘ ਕੁਝ ਜਮ੍ਹਾਂ ਪੈਸਾ ਵੀ ਛੱਡ ਗਿਆ ਸੀ। ਲੱਖਾ ਸਿੰਘ ਨੇ ਉਸ ਦੀ ਵਰਤੋਂ ਬੜੇ ਸੁਚੱਜੇ ਢੰਗ ਨਾਲ ਕੀਤੀ। ਸਭ ਤੋਂ ਪਹਿਲਾਂ ਉਹਨੇ ਘਰ ਵੱਲ ਧਿਆਨ ਦਿੱਤਾ। ਚਾਰ ਕਨਾਲ ਦੀ ਖੁੱਲ੍ਹੀ ਹਵੇਲੀ ਵਿਚ ਕੰਧ ਕਰਕੇ ਉਹਨੇ ਉਹਦੇ ਦੋ ਹਿੱਸੇ ਕਰ ਦਿੱਤੇ। ਇਕ ਮਾਲ ਡੰਗਰ ਵਾਸਤੇ ਤੇ ਇਕ ਵਸੋਂ ਵਾਸਤੇ। ਦੋਹਾਂ ਨੂੰ ਮਿਲਾਉਣ ਲਈ ਇਕ ਬੂਹਾ ਲਾ ਦਿੱਤਾ। ਉਸ ਬੂਹੇ ਵਿਚ ਦੀ ਗੱਡ ਤਾਂ ਨਹੀਂ ਸੀ ਲੰਘ ਸਕਦੀ ਪਰ ਤੂੜੀ ਦੀ ਪੰਡ ਲੈ ਕੇ ਆਦਮੀ ਲੰਘ ਸਕਦਾ ਸੀ। ਉਸ ਬੂਹੇ ਉੱਤੇ ਡਿਉਢੀ ਛੱਤ ਕੇ ਉਸ ਉੱਤੇ ਛੇ-ਸੱਤ ਮੰਜੇ ਡਹਿਣ ਜੋਗਾ ਚੁਬਾਰਾ ਪਾ ਦਿੱਤਾ। ਉਸ ਦੇ ਨਾਲ ਇਕ ਖੁੱਲ੍ਹਾ ਸਾਰਾ ਕੱਚਾ ਕੋਠਾ ਛੱਤ ਦਿੱਤਾ, ਜੋ ਸਿਆਲ ਵਿਚ ਮਾਲ ਬੰਨ੍ਹਣ ਦੇ ਕੰਮ ਆਉਂਦਾ।

ਬਾਹਰਲੇ ਵੱਡੇ ਬੂਹੇ ਲਾਗੇ ਛੱਤੀ ਹੋਈ ਬੈਠਕ ਦੀ ਗੁੱਠ ਤੋਂ ਉਹ ਕੰਧ ਕੱਢੀ ਸੀ, ਜੋ ਸਾਰੀ ਹਵੇਲੀ ਨੂੰ ਦੋ ਹਿੱਸਿਆਂ ਵਿਚ ਵੰਡਦੀ ਸੀ। ਪਹਿਲਾਂ ਬੈਠਕ ਦੇ ਦੋ ਬੂਹੇ ਸਨ, ਇਕ ਬਾਹਰ ਸਾਂਝੇ ਰਾਹ ਵਿਚ ਖੁੱਲ੍ਹਦਾ ਸੀ ਤੇ ਇਕ ਘਰ ਵਿਚ। ਹੁਣ ਉਸ ਨੂੰ ਇਕ ਬੂਹਾ ਹੋਰ ਲਾ ਦਿੱਤਾ ਜੋ ਬਾਹਰ ਦੀ ਪਸ਼ੂਆਂ ਵਾਲੀ ਹਵੇਲੀ ਵਿਚ ਖੁੱਲ੍ਹਦਾ ਸੀ। ਉਸ ਵਿਚ ਇਕ ਛੋਟਾ ਮੇਜ਼, ਚਾਰ ਕੁਰਸੀਆਂ ਤੇ ਤਿੰਨ ਚਾਰ ਮੰਜੇ ਹਰ ਵੇਲੇ ਡੱਠੇ ਰਹਿੰਦੇ। ਆਏ ਗਏ ਦੇ ਬੈਠਣ ਵਾਸਤੇ ਉਹ ਚੰਗੀ ਨਿਵੇਕਲੀ ਥਾਂ ਬਣ ਗਈ ਸੀ।

ਲੱਖਾ ਸਿੰਘ ਨੂੰ ਵਿਰਸੇ ਵਿਚ ੮੦ ਘੁਮਾਂ ਜ਼ਮੀਨ ਮਿਲੀ ਸੀ ਜੋ ਅੱਜ ਦੀ ਗਿਣਤੀ ਮੁਤਾਬਿਕ ਲਗਭਗ ੬੬ ਏਕੜ ਜਾਂ ਕਿਲੇ ਬਣਦੀ ਹੈ। ਉਸ ਵਿਚੋਂ ਪੰਜਾਹ ਘੁਮਾਂ ਨੂੰ ਨਹਿਰ ਦਾ ਪਾਣੀ ਪੈਂਦਾ ਸੀ। ਬਾਕੀ ਦੀ ਵੀਹ ਘੁਮਾਂ ਬਰਾਨੀ ਸੀ ਤੇ ਦਸ ਘੁਮਾਂ ਰੋਹੀ ਵਾਲੇ ਖੂਹ ਉੱਤੇ।

ਤਰਨ ਤਾਰਨ ਤੋਂ ਕਸੂਰ ਨੂੰ ਜਾਣ ਵਾਲੀ ਰੋਹੀ ਦੇ ਕੰਢੇ ਉੱਤੇ ਕਿਤੇ ਕਿਤੇ ਖੂਹਾਂ ਦਾ ਪਾਣੀ ਮਿੱਠਾ ਸੀ, ਜੋ ਖੇਤੀ ਵਾਸਤੇ ਵਰਤਿਆ ਜਾ ਸਕਦਾ ਸੀ। ਵਰਨ ਪਿੰਡ ਦੇ ਰਕਬੇ ਵਿਚ ਰੋਹੀ ਦੇ ਕੰਢੇ ਉੱਤੇ ਦੋ ਵਗਦੇ ਖੂਹ ਸਨ। ਬਾਕੀ ਸਭ ਧਰਤੀ ਦਾ ਪਾਣੀ ਖਾਰਾ ਸੀ। ਇਸੇ ਵਾਸਤੇ ਉਨ੍ਹਾਂ ਇਲਾਕੇ ਨੂੰ 'ਖਾਰਾ ਮਾਝਾ' ਕਹਿੰਦੇ ਸਨ।

ਰੋਹੀ ਉਤਲੇ ਦੋਵੇਂ ਖੂਹ ਧੰਨਾ ਸਿੰਘ, ਬੱਗਾ ਸਿੰਘ ਦੇ ਬਾਪ ਮਲ ਸਿੰਘ ਨੇ ਲਾਏ ਸਨ, ਪਰ ਉਹ ਦੋਵੇਂ ਉਹਦੇ ਇਕੱਲੇ ਦੇ ਨਹੀਂ ਸਨ, ਦੋਹਾਂ ਵਿਚ ਤੀਜਾ ਹਿੱਸਾ

ਗਵਾਂਢੀ ਜ਼ਿਮੀਂਦਾਰਾਂ ਝੰਡਾ ਸਿੰਘ ਤੇ ਬੁਧ ਸਿੰਘ ਦਾ ਸੀ। ਧੰਨਾ ਸਿੰਘ ਬੱਗਾ ਸਿੰਘ ਵੱਖ ਹੋਏ ਤਾਂ ਦੋਹਾਂ ਨੇ ਇਕ ਇਕ ਖੂਹ ਲੈ ਲਿਆ। ਪਿੰਡ ਤੋਂ ਬਿਲਕੁਲ ਚੜ੍ਹਦੇ ਪਾਸੇ ਦਾ ਬੋਹੜ ਵਾਲਾ ਖੂਹ ਬੱਗਾ ਸਿੰਘ ਦੇ ਹਿੱਸੇ ਆਇਆ। ਦੂਸਰਾ ਖੂਹ ਉਸ ਤੋਂ ਦੱਖਣ ਦੇ ਪਾਸੇ ਤਿੰਨ ਕੁ ਸੌ ਕਰਮਾਂ ਦੀ ਵਿੱਥ ਉੱਤੇ ਸੀ। ਬੱਗਾ ਸਿੰਘ ਵਾਲੇ ਖੂਹ ਵਿਚ ਹਿੱਸੇਦਾਰ ਝੰਡਾ ਸਿੰਘ ਸੀ। ਝੰਡਾ ਸਿੰਘ ਪਿੱਛੋਂ ਉਸ ਦਾ ਪੁੱਤਰ ਨੱਥਾ ਸਿੰਘ ਮਾਲਕ ਬਣਿਆ। ਉਹ ਲੱਖਾ ਸਿੰਘ ਨਾਲੋਂ ਲਗਭਗ ਤੇਈ ਸਾਲ ਵੱਡਾ ਸੀ।

ਬੋਹੜ ਵਾਲੇ ਖੂਹ ਵਿਚ ਨੱਥਾ ਸਿੰਘ ਦਾ ਤੀਜਾ ਹਿੱਸਾ ਸੀ, ਪਰ ਜ਼ਮੀਨ ਉਹਦੀ ਨਾਲ ਲੱਗਵੀਂ ਸੱਤ ਘੁਮਾਂ ਸੀ। ਇਕ-ਇਕ, ਦੋ-ਦੋ ਘੁਮਾਂ ਕੁਝ ਹੋਰ ਜਿਮੀਂਦਾਰਾਂ ਦੀ ਵੀ ਨੇੜੇ ਹੈਗੀ ਸੀ, ਪਰ ਉਹਨਾਂ ਦਾ ਖੂਹ ਵਿਚ ਹਿੱਸਾ ਹੈ ਨਹੀਂ ਸੀ।

ਲੱਖਾ ਸਿੰਘ ਛੇ ਕੁ ਮਹੀਨੇ ਕਸੂਰ ਨੌਵੀਂ ਜਮਾਤ ਵਿਚ ਪੜ੍ਹਦਾ ਰਿਹਾ ਸੀ। ਉਥੋਂ ਉਹ ਅੰਗਰੇਜ਼ੀ ਪੜ੍ਹਾਉਣ ਵਾਲੇ ਮਾਸਟਰ ਦੇ ਹੱਥੋਂ ਤੰਗ ਆ ਕੇ ਹੱਟ ਗਿਆ ਸੀ। ਪਰ ਉਹਨਾਂ ਛੇ ਮਹੀਨਿਆਂ ਵਿਚ ਲੱਖਾ ਸਿੰਘ ਦੀ ਦੋਸਤੀ ਇਕ ਸ਼ਾਹੂਕਾਰ ਦੇ ਪੁੱਤਰ ਧੰਨੇ ਸ਼ਾਹ ਨਾਲ ਹੋ ਗਈ, ਜਿਹੜੀ ਦੋਸਤੀ ਉਮਰ ਭਰ ਹੀ ਨਿਭ ਗਈ। ਧੰਨੇ ਸ਼ਾਹ ਦਾ ਪਿਤਾ ਪੁਰਖੀ ਕਿੱਤਾ ਸ਼ਾਹੂਕਾਰਾ ਸੀ। ਉਹਨਾਂ ਦਾ ਵਾਹ ਪਿੰਡ ਦੇ ਛੋਟੇ ਜ਼ਿਮੀਂਦਾਰਾਂ ਨਾਲ ਸੀ। ਧੰਨੇ ਸ਼ਾਹ ਆਪਣੇ ਪਿਤਾ ਨਾਲੋਂ ਵੀ ਵੱਧ ਨਿਕਲਿਆ। ਰਕਮ ਉਧਾਰ ਦੇ ਕੇ ਪੈਸੇ ਤੋਂ ਪੈਸਾ ਵਧਾਉਣ ਦੇ ਹੁਨਰ ਵਿਚ ਉਹ ਪੂਰਾ ਉਸਤਾਦ ਸਾਬਤ ਹੋਇਆ। ਆਪਣੇ ਹੁਨਰ ਦੇ ਕੁਝ ਗੁਰ ਉਹਨੇ ਲੱਖਾ ਸਿੰਘ ਨੂੰ ਵੀ ਸਮਝਾ ਦਿੱਤੇ।

ਧੰਨੇ ਸ਼ਾਹ ਤੇ ਲੱਖਾ ਸਿੰਘ ਦਾ ਇਕ ਦੂਜੇ ਦੇ ਘਰ ਆਉਣ ਜਾਣ ਸੀ। ਇਕ ਦਿਨ ਧੰਨੇ ਸ਼ਾਹ ਨੇ ਬੋਹੜ ਵਾਲੇ ਖੂਹ ਉੱਤੇ ਫਿਰਦਿਆਂ ਕਿਹਾ, "ਵੇਖ ਸਰਦਾਰ ਲੱਖਾ ਸਿਹਾਂ! ਅਸੀਂ ਵਿਆਜਤੋਰੇ ਲੋਕ ਪੈਸੇ ਦੇ ਪੁੱਤ ਹੁੰਦੇ ਆਂ। ਵਕੀਲਾਂ ਵਾਂਗ, ਅਸੀਂ ਕਿਸੇ ਨੂੰ ਮੁਫ਼ਤ ਸਲਾਹ ਵੀ ਨਹੀਂ ਦਿੰਦੇ। ਸਾਡੇ ਪੇਸ਼ੇ ਵਾਲਿਆਂ ਬਾਰੇ ਕਈ ਲਤੀਫ਼ੇ ਮਸ਼ਹੂਰ ਹਨ। ਕੋਈ ਸ਼ਾਹੂਕਾਰ ਧੁੱਪੇ ਖੜਾ ਕੁਝ ਸੋਚ ਰਿਹਾ ਸੀ। ਕਿਸੇ ਭਲੇ ਲੋਕ ਨੇ ਕਿਹਾ, 'ਸ਼ਾਹ ਜੀ, ਧੁੱਪੇ ਖੜੇ ਹੋ, ਛਾਵੇਂ ਹੋ ਜਾਉ।' ਸ਼ਾਹ ਨੇ ਝੱਟ ਜਵਾਬ ਦਿੱਤਾ, "ਦੱਸ ਕੀ ਦੇਵੇਂਗਾ ?' ਸੋ, ਅਸੀਂ ਤਾਂ ਆਪਣੇ ਆਰਾਮ ਵਾਸਤੇ ਵੀ ਧੁੱਪਿਉਂ ਛਾਵੇਂ ਹੋਣ ਦੀ ਮਜ਼ਦੂਰੀ ਦੂਸਰੇ ਤੋਂ ਵਸੂਲ ਕਰਨ ਦੇ ਚਾਹਵਾਨ ਹੁੰਦੇ ਆਂ। ਪਰ ਤੂੰ ਯਾਰ ਬੇਲੀ ਏਂ, ਤੈਨੂੰ ਮਸ਼ਵਰਾ ਮੁਫ਼ਤ।"

"ਧੰਨੇ ਸ਼ਾਹ! ਏਸ ਮੁਫ਼ਤ ਮਸ਼ਵਰੇ ਵਿਚੋਂ ਵੀ ਤੂੰ ਕੁਝ ਦਾਅ ਮਾਰੀ ਕਰਨ ਦੀ ਵਿਉਂਤ ਸੋਚ ਲਈ ਹੋਣੀ ਏਂ।" ਲੱਖਾ ਸਿੰਘ ਨੇ ਅੱਗੋਂ ਉਸੇ ਤਰ੍ਹਾਂ ਹਾਸੇ ਦੇ ਰੌਂ ਵਿਚ ਕਿਹਾ।

"ਫਿਰ ਜਾਣਦਾ ਏਂ, ਅਸੀਂ ਆਪਣਾ ਪਿਤਾ-ਪੁਰਖੀ ਸੁਭਾਅ ਤਾਂ ਬਦਲ ਨਹੀਂ ਲੈਣਾ। ਜਿਸ ਵਿਚ ਸਾਡਾ ਆਪਣਾ ਭਲਾ ਨਾ ਹੋਵੇ, ਅਸੀਂ ਐਸੀ ਵਿਉਂਤ ਸੋਚੀਏ ਈ ਕਿਉਂ। ਵਿਆਜਖੋਰੀਏ ਤੋਂ ਐਸੀ ਆਸ ਰੱਖਣੀ ਹੀ ਨਹੀਂ ਚਾਹੀਦੀ। ਪਰ ਇਸ ਗੋਂਦ ਵਿਚ ਤੇਰਾ ਵੀ ਭਲਾ ਏ, ਨਿਰਾ ਮੇਰਾ ਈ ਨਹੀਂ।"

"ਮੇਰਾ ਭਲਾ ਹੋਵੇ ਭਾਵੇਂ ਨਾ, ਧੰਨੇ ਸ਼ਾਹ, ਤੂੰ ਆਪਣੇ ਭਲੇ ਦੀ ਦੱਸ। ਅਸੀਂ ਤਾਂ ਯਾਰ ਦਾ ਭਲਾ ਸੋਚ ਕੇ ਖ਼ੁਸ਼ ਹੋਣ ਵਾਲੇ ਆਂ।" ਲੱਖਾ ਸਿੰਘ ਨੇ ਬੜੇ ਖੁੱਲ੍ਹੇ ਦਿਲ ਨਾਲ ਕਿਹਾ।

"ਤਾਹੀਏਂ ਲੱਖਾਂ ਪਤੀ ਬਣ ਜਾਂਦੇ ਨੇ ਕਿ! ਦੁਨੀਆਂ ਵਿਚ ਜਿਊਣਾ ਚਾਹੁੰਦੇ ਹੋ ਤਾਂ ਪਹਿਲਾਂ ਆਪਣਾ ਭਲਾ ਸੋਚੋ, ਦੂਜੇ ਨੂੰ ਮਾਰੋ ਗੋਲੀ। ਹਮੇਸ਼ਾ ਦੂਜਿਆਂ ਦੇ ਖੰਡਰਾਂ ਉੱਤੇ ਆਪਣੇ ਮਹਿਲ ਉਸਾਰਨ ਦੀ ਚਿੰਤਾ ਕਰੋ। ਹਾਂ, ਤੁਹਾਡੇ ਭਲੇ ਨਾਲ ਮੱਲੋ ਮੱਲੀ ਕਿਸੇ ਦਾ ਭਲਾ ਹੋ ਜਾਵੇ, ਤਾਂ ਫਿਰ ਸਬਰ ਸ਼ੁਕਰ ਕਰਕੇ ਸਹਿ ਜਾਵੋ।" ਇਨ੍ਹਾਂ ਸ਼ਬਦਾਂ ਰਾਹੀਂ ਧੰਨੇ ਸ਼ਾਹ ਨੇ ਆਪਣੇ ਪੇਸ਼ੇ ਦੀ ਸਹੀ ਤਸਵੀਰ ਖਿੱਚ ਦਿੱਤੀ।

"ਮੰਨ ਲਿਆ। ਭੁਲੇਖਾ ਤਾਂ ਮੈਨੂੰ ਅੱਗੇ ਵੀ ਕੋਈ ਨਹੀਂ ਸੀ ਤੇਰੇ ਬਾਰੇ, ਪਰ ਇਸ ਸਾਫ਼-ਗੋਈ ਵਾਸਤੇ ਸ਼ੁਕਰੀਆ। ਹੁਣ ਤੂੰ ਆਪਣੀ ਨਸੀਹਤ ਬਾਰੇ ਕਹੁ ਕੁਝ।" ਲੱਖਾ ਸਿੰਘ ਅਸਲੀ ਗੱਲ ਬਾਰੇ ਛੇਤੀ ਜਾਨਣਾ ਚਾਹੁੰਦਾ ਸੀ।

"ਬਰਖ਼ੁਰਦਾਰ! ਜ਼ਰਾ ਗ਼ੌਰ ਨਾਲ ਸੁਣ।" ਧੰਨੇ ਸ਼ਾਹ ਨੇ ਬਜ਼ੁਰਗਾਂ ਵਾਂਗ ਲੱਖਾ ਸਿੰਘ ਦੀ ਕੰਡ ਉੱਤੇ ਸੱਜੇ ਹੱਥ ਦਾ ਥਾਪੜਾ ਦੇਂਦਿਆਂ ਕਿਹਾ।

"ਅਰਸ਼ਾਦ ਫ਼ੁਰਮਾਈਏ, ਉਸਤਾਦਿ ਮਨ। ਬੰਦਾ ਹਾਜ਼ਰ ਹੈ।" ਲੱਖਾ ਸਿੰਘ ਉਸ ਵੇਲੇ ਇਉਂ ਮਹਿਸੂਸ ਕਰ ਰਿਹਾ ਸੀ ਜਿਵੇਂ ਉਰਦੂ ਪੜ੍ਹਾਉਣ ਵਾਲੇ ਉਸਤਾਦ ਫ਼ਖ਼ਰੁੱਦੀਨ ਦੇ ਸਾਹਮਣੇ ਖੜਾ ਹੋਵੇ।

"ਇਸ ਖੂਹ ਉੱਤੇ ਤੁਹਾਡੀ ਕਿੰਨੀ ਜ਼ਮੀਨ ਏ ?" ਸਕੂਲ ਦਾ ਨਾਟਕ ਛੱਡ ਕੇ ਧੰਨੇ ਸ਼ਾਹ ਅਸਲ ਗੱਲ ਵੱਲ ਆ ਗਿਆ।

"ਦਸ ਘੁਮਾਂ।"

"ਖੂਹ ਵਿਚ ਤੀਜਾ ਹਿੱਸਾ ਏ ਅਮਲੀ ਨੱਥਾ ਸਿੰਘ ਦਾ।"

"ਹਾਂ।"

"ਅਮਲੀ ਦੀ ਜ਼ਮੀਨ ਕਿੰਨੀ ਏ ਏਥੇ।"

"ਆਹ ਖਾਡੇ ਤੋਂ ਲੱਗ ਕੇ ਪਹਾੜ ਵੱਲ ਨੂੰ ਸਿੱਧੀ ਪੱਤੀ, ਸੱਤ ਘੁਮਾਂ।"

"ਬੱਸ, ਇਹ ਸੱਤੇ ਘੁਮਾਂ ਲੈ ਲੈ।"

"ਮੱਲੋ ਮੱਲੀ ਖੋਹ ਕੇ ਲੈ ਲਵਾਂ ?"

"ਹਾਂ ਹਾਂ, ਖੋਹ ਕੇ। ਪਰ ਜੱਟਾਂ ਵਾਂਗ ਖੋਹਣ ਦਾ ਯਤਨ ਨਾ ਕਰੀਂ, ਨਹੀਂ ਤਾਂ ਤੇਰੀ ਦਸ ਘੁਮਾਂ ਵੀ ਚਲੀ ਜਾਊਗੀ। ਸ਼ਾਹੂਕਾਰਾਂ ਵਾਂਗ ਖੋਹਣ ਦਾ ਮਨ ਬਣਾ ਲੈ। ਤੇ ਇਕ ਘੁਮਾਂ ਹਰ ਸਾਲ। ਸਮਝੇ ?"

"ਨਹੀਂ।"

"ਚੰਗਾ, ਪਹਿਲਾਂ ਚੱਲ ਕੇ ਪੇਟ ਪੂਜਾ ਕਰਾ, ਫਿਰ ਸਮਝਾਵਾਂਗੇ।"

ਤੇ ਪੇਟ ਪੂਜਾ ਕਰਕੇ ਧੰਨੇ ਸ਼ਾਹ ਨੇ ਮਿੱਤਰ ਨੂੰ ਸਭ ਕੁਝ ਸਮਝਾ ਦਿੱਤਾ।

## ੪

"ਲੈ, ਅੱਜ ਤੂੰ ਰੋਟੀਆਂ ਫੜਾ ਆ, ਬੀਬਾ ਪੁੱਤ।" ਬਸੰਤ ਕੌਰ ਨੇ ਲੱਛੂ ਨੂੰ ਪਿਆਰ ਨਾਲ ਕਿਹਾ, "ਭਲਕ ਤੋਂ ਡੁੱਡਾ ਆਪੇ ਲੈ ਜਾਇਆ ਕਰੇਗਾ।"

"ਡੁੱਡਾ। ਇਹ ਰਾਹ ਵਿਚ ਈ ਨਾ ਸਮੇਟ ਜਾਇਆ ਕਰੂ ਸਾਰੀਆਂ।" ਲੱਛੂ ਨੇ ਡੁੱਡੇ ਬਾਰੇ ਆਪਣਾ ਸ਼ੰਕਾ ਪ੍ਰਗਟ ਕਰਦਿਆਂ ਕਿਹਾ।

"ਮੇਰੇ ਕੋਲ ਆ ਵੇਖਾਂ ਲੌਢਾ ਵੇਲਾ।" ਡੁੱਡੇ ਨੇ ਮੂਕੇ ਪੱਲੇ ਬੱਧੀਆਂ ਦੋ ਰੋਟੀਆਂ ਵਿਖਾਉਂਦਿਆਂ ਕਿਹਾ, "ਮੈਂ ਕਿਉਂ ਖਾਵਾਂਗਾ ?"

"ਖੂਹ 'ਤੇ ਐਨੀਆਂ ਕਿਵੇਂ ਖਾ ਜਾਂਦਾ ਸੈਂ।" ਲੱਛੂ ਦੀ ਨਜ਼ਰ ਵਿਚ ਅਜੇ ਵੀ ਉਹ ਪਿਛਲਾ ਡੁੱਡਾ ਖੜਾ ਸੀ, ਜਿਸ ਨੂੰ ਘਰ ਦੇ ਬਾਹਰ ਦੇ ਕਹਿੰਦੇ ਸਨ : ਚਲ੍ ਗਿਆ ਏ।

"ਉਦੋਂ......ਉਦੋਂ......।" ਡੁੱਡੇ ਨੂੰ ਸ਼ਬਦ ਨਾ ਮਿਲੇ, ਜਿਨ੍ਹਾਂ ਰਾਹੀਂ ਉਹ ਸਮਝਾ ਸਕਦਾ ਕਿ ਉਦੋਂ ਕੀ ਕਾਰਨ ਸੀ ?

"ਹੁਣ ਨਹੀਂ ਖਾਂਦਾ।" ਬਸੰਤ ਕੌਰ ਨੇ ਪੂਰੇ ਭਰੋਸੇ ਨਾਲ ਕਿਹਾ, "ਘਰ ਘਰ ਦੇ ਟੁਕੜਿਆਂ ਨਾਲੋਂ ਇਕ ਘਰ ਦੀ ਰੋਟੀ ਵਿਚ ਸੰਤੋਖ ਹੁੰਦਾ ਏ। ਹੁਣ ਇਹ ਸਾਡਾ ਵਾਗੀ ਏ। ਘਰ ਦੇ ਬਾਕੀ ਜੀਆਂ ਨਾਲ ਰੱਜਵੀਂ ਰੋਟੀ ਮਿਲੇਗੀ, ਜਿੰਨੀ ਇਹ ਖਾ ਲਵੇ।"

"ਮੈਂ ਰਾਤ ਨੂੰ ਘਰ ਆ ਕੇ ਖਾਵਾਂਗਾ।" ਡੁੱਡੇ ਨੇ ਥੋੜਾ ਜਿਹਾ ਸਰੀਰ ਨੂੰ ਇਸ ਤਰ੍ਹਾਂ ਹਿਲਾ ਕੇ ਕਿਹਾ, ਜਿਵੇਂ ਕੋਈ ਹੰਭਲਾ ਮਾਰਨ ਲੱਗਾ ਕਰਦਾ ਹੈ। ਆਪਣੇ ਸ਼ਬਦਾਂ ਵਿਚ ਜ਼ੋਰ ਦੇਣ ਲੱਗਿਆਂ ਇਹ ਕਿਰਿਆ ਉਸ ਤੋਂ ਅਵੇਸਲੇ ਹੀ ਹੋ ਗਈ ਸੀ।

"ਮੋਤ ਪੈਣੇ ਨੂੰ ਰਾਤ ਦਾ ਫਿਕਰ ਹੁਣ ਤੋਂ ਈ ਪੈ ਗਿਆ ਏ।" ਬਸੰਤ ਕੌਰ ਨੇ ਮੁਸਕੜੀਆਂ ਵਿਚ ਹੱਸਦਿਆਂ ਕਿਹਾ, "ਸੂਬੇ ਹੋਰਾਂ ਦੇ ਨਾਲ ਰਾਤ ਨੂੰ ਵੀ ਰੱਜਵੀਆਂ ਮਿਲਣਗੀਆਂ, ਬੱਚੂ। ਏਸ ਗੱਲ ਦੀ ਚਿੰਤਾ ਨਾ ਕਰ।"



WWW.SIKHBOOKCLUB.COM 

"ਚੱਲ ਛੱਡ ਉਇ ਮਹੀਂ, ਤਿਆਰ ਹੋ ਜਾ।" ਲੱਛੂ ਨੇ ਡੁੱਡੇ ਨੂੰ ਅਫ਼ਸਰੀ ਢੰਗ ਨਾਲ ਹੁਕਮ ਕੀਤਾ।

"ਮੈਂ ਤਿਆਰ ਆਂ।" ਡੁੱਡਾ ਮਹੀਂ ਦੇ ਰੱਸੇ ਲਾਹੁਣ ਲੱਗ ਪਿਆ।

ਮੋਢੇ ਵਾਲੇ ਪਟਕੇ ਦਾ ਲੱਛੂ ਨੇ ਇਨੂੰ ਬਣਾ ਕੇ ਸਿਰ 'ਤੇ ਧਰ ਲਿਆ। ਉਹਦੇ ਉੱਤੇ ਲੱਸੀ ਦਾ ਭਰਿਆ ਮੱਘਾ ਟਿਕਾ ਲਿਆ। ਬਸੰਤ ਕੌਰ ਨੇ ਸਿਲਵਰ ਦੇ ਕੌਲੇ ਵਿਚ ਦੋ ਹਾਲੀਆਂ ਜੋਗੀ ਦਾਲ ਤੇ ਰੋਟੀਆਂ ਪੋਣੇ ਵਿਚ ਬੰਨ੍ਹ ਕੇ ਲੱਛੂ ਦੇ ਹੱਥ ਫੜਾ ਦਿੱਤੀਆਂ। ਲੱਛੂ ਨੇ ਰੋਟੀਆਂ ਲੱਸੀ ਵਾਲੇ ਮੱਘੇ ਉੱਤੇ ਟਿਕਾ ਲਈਆਂ। ਇਸ ਤਰ੍ਹਾਂ ਉਹਦੇ ਦੋਵੇਂ ਹੱਥ ਵਿਹਲੇ ਹੋ ਗਏ।

"ਛੰਭ ਵਾਲੇ ਖੇਤ ਵਗਦੇ ਈ ਹਲ। ਤੇ ਸੂਬੇ ਨੂੰ ਆਖੀਂ, ਟਿੰਡੇ ਵੇਖ ਕੇ ਲਈ ਆਵੇ।" ਬਸੰਤ ਕੌਰ ਨੇ ਇਕ ਹੋਰ ਹੁਕਮ ਸੁਣਾ ਦਿੱਤਾ।

"ਚੱਲ ਉਏ ਡੁੱਡੇ ਦਿਆ ਪੁੱਤਰਾ।" ਲੱਛੂ ਨੇ ਆਪ ਤੋਂ ਛੋਟੇ ਉੱਤੇ ਹੁਕਮ ਚਲਾਉਂਦਿਆਂ ਕਿਹਾ।

"ਵੇ, ਇਹ ਮੰਗਲ ਦਾ ਪੁੱਤਰ ਏ, ਕਿ.....।" ਬਸੰਤ ਕੌਰ ਨੇ ਮੁੰਡਿਆਂ ਦੇ ਹਾਸੇ ਠੱਠੇ ਵਿਚ ਰਸ ਲੈਂਦਿਆਂ ਕਿਹਾ।

"ਚਾਚੀ, ਇਹ ਪੁੱਤਰ ਏ ਭਾਗੋ ਦਾ, ਜਿਹੜੀ ਸਾਰੇ ਵਿਹੜੇ ਦੀ ਮਜ਼ਰੇਟਣੀ ਏ।" ਲੱਛੂ ਨੇ ਮੈਜਿਸਟਰੇਟ ਸ਼ਬਦ ਨੂੰ ਵਿਗਾੜ ਕੇ ਇਕ ਹੋਰ ਹੀ ਰੂਪ ਦੇ ਦਿੱਤਾ। "ਮੰਗਲ ਕੀ ਲੱਗਦਾ ਏ ਇਹਦਾ ? ਕਿਉਂ ਉਇ ਡੁੱਡੇ ਦਿਆ ਪੁੱਤਰਾ, ਠੀਕ ਏ ?"

"ਹਾਹੋ।" ਡੁੱਡੇ ਨੇ ਬਿਨਾਂ ਸੋਚੇ ਸਮਝੇ ਹਰ ਗੱਲ ਦੀ ਹਾਮੀ ਭਰ ਦਿੱਤੀ। ਏਨਾ ਉਹ ਸਮਝਦਾ ਸੀ ਕਿ ਆਪ ਤੋਂ ਤਕੜੇ ਨਾਲ ਸਵਾਲ ਜਵਾਬ ਕਰਨ ਦਾ ਸੌਦਾ ਮਹਿੰਗਾ ਪੈਂਦਾ ਹੈ।

ਡੁੱਡੇ ਨੇ ਮਹੀਂ ਅੱਗੇ ਲਾ ਲਈਆਂ। ਮਗਰ-ਮਗਰ ਲੱਛੂ ਤੇ ਡੁੱਡਾ ਗੱਲਾਂ ਬਾਤਾਂ ਕਰਦੇ ਲੱਗ ਤੁਰੇ।

"ਹੱਛਾ, ਤੂੰ ਰੋਟੀ ਖਾ ਲਈ ਏ?" ਲੱਛੂ ਨੇ ਐਵੇਂ ਗੱਲ ਤੋਰਨ ਵਾਸਤੇ ਸਵਾਲ ਕੀਤਾ।

"ਹਾਹੋ। ਤਿੰਨ ਰੋਟੀਆਂ।" ਡੁੱਡੇ ਨੇ ਅੱਗੋਂ ਛਤਰੇ ਵਾਂਗ ਸਿਰ ਮਾਰਦਿਆਂ ਉੱਤਰ ਦਿੱਤਾ।

"ਤਿੰਨ ਨਾਲ ਰੱਜ ਗਿਆ ਸੈਂ?"

"ਹਾਹੋ। ਤੇ ਦੋ ਵੇਖਾਂ ਲੌਢੇ ਵੇਲੇ ਵਾਸਤੇ।" ਡੁੱਡੇ ਨੇ ਇਕ ਵਾਰ ਮੁੱਕੇ ਪੱਲੇ ਬੱਧੀਆਂ ਰੋਟੀਆਂ ਵੱਲ ਵੇਖਿਆ।

"ਇਹ ਕਦੋਂ ਖਾਣੀਆਂ ਈ?"

"ਜਦੋਂ ਭੁੱਖ ਲੱਗੇਗੀ। ਜਦੋਂ ਜੀਅ ਕਰੇਗਾ।" ਅੱਜ ਡੁੱਡੇ ਨੂੰ ਇਹ ਚਿੰਤਾ ਨਹੀਂ ਸੀ ਕਿ ਲੋੜ ਪਈ ਤੇ ਸ਼ਾਇਦ ਉਸ ਨੂੰ ਰੋਟੀ ਨਾ ਮਿਲੇ। ਅੱਜ ਉਹ ਭੁੱਖ ਲੱਗਣ ਦੇ ਸਮੇਂ ਦੀ ਉਡੀਕ ਕਰ ਸਕਦਾ ਸੀ।

"ਵੇਖ ਉਇ ਹਰਾਮੀਆਂ! ਚਾਚੀ ਬਸੰਤ ਕੌਰ ਬੜੇ ਚੰਗੇ ਸੁਭਾਅ ਵਾਲੀ ਏ। ਉਹ ਤੈਨੂੰ ਰੋਟਿਓਂ ਭੁੱਖਾ ਨਹੀਂ ਰਹਿਣ ਦੇਂਦੀ। ਮਹੀਂ ਧਿਆਨ ਨਾਲ ਚਾਰਿਆ ਕਰੀਂ। ਪਿਛਲੇ 'ਗਾਲ੍ਹੜ' ਵਾਂਗ ਬਿਨਾਂ ਕਿਸੇ ਗੱਲ ਦੇ ਈ ਨਾ ਨੱਸ ਜਾਈਂ। ਉਹਨੇ ਤਾਂ ਉਹ ਗੱਲ ਕੀਤੀ ਏ ਅਖੇ : ਕੁੱਤੇ ਨੂੰ ਖੀਰ ਨਹੀਂ ਪਚਦੀ।" ਲੱਛੂ ਨੇ ਬਜ਼ੁਰਗਾਂ ਵਾਂਗ ਨਸੀਹਤ ਕਰਦਿਆਂ ਕਿਹਾ। ਉਹ ਡੁੱਡੇ ਨਾਲੋਂ ਛੇ ਸੱਤ ਸਾਲ ਵੱਡਾ ਸੀ।

"ਮੈਂ ਨਹੀਂ ਨੱਸਦਾ।" ਡੁੱਡੇ ਨੇ ਪੂਰੀ ਦ੍ਰਿੜ੍ਹਤਾ ਨਾਲ ਕਿਹਾ, "ਉਹ ਗਾਲ੍ਹੜ ਸੀ ਈ ਹਰਾਮੀ ਕੰਮ-ਚੋਰ।"

ਲੱਖਾ ਸਿੰਘ ਦੇ ਪਿਛਲੇ ਵਾਗੀ ਦਾ ਨਾਮ ਮਾਪਿਆਂ 'ਛੈਣੂੰ' ਰੱਖਿਆ ਸੀ, ਪਰ ਜਾਣੂ ਲੋਕ ਸਭ ਉਹਨੂੰ 'ਗਾਲ੍ਹੜ' ਕਹਿੰਦੇ ਸਨ। ਦਰੱਖ਼ਤਾਂ ਦੀਆਂ ਚੋਟੀਆਂ 'ਤੇ ਚੜ੍ਹ ਕੇ ਕਾਵਾਂ ਇੱਲਾਂ ਦੇ ਆਂਡੇ ਭੰਨਣੇ ਤੇ ਆਹਲਣੇ ਲਾਹੁਣੇ ਉਹਦਾ ਦਿਲ-ਪਰਚਾਵਾ ਸੀ। ਇਸੇ ਗੁਣ ਦਾ ਸਦਕਾ ਉਹਨੂੰ ਲੋਕਾਂ ਵੱਲੋਂ 'ਗਾਲ੍ਹੜ' ਦਾ ਖ਼ਿਤਾਬ ਮਿਲ ਗਿਆ ਸੀ, ਜੀਹਨੇ ਪੂਰੀ ਤਰ੍ਹਾਂ ਉਹਦੇ ਨਾਂ ਦੀ ਥਾਂ ਲੈ ਲਈ ਸੀ।

"ਹੋਹਿ, ਹੋਹਿ। ਕਿਧਰ ਚੱਲੀ ਏਂ?"

ਬੂਰੀ ਮਹਿ ਰਾਹੋਂ ਨਿਕਲ ਕੇ ਸੱਜੇ ਹੱਥ ਨੂੰ ਵੱਟ ਟੱਪ ਤੁਰੀ ਸੀ। ਡੁੱਡੇ ਨੇ ਭੱਜ ਕੇ ਮੋੜ ਲਈ।

"ਭਈ, ਹੈ ਗਾ ਤਾਂ ਬੜਾ ਛੂਹਲਾ ਏਂ ਤੂੰ।" ਲੱਛੂ ਨੇ ਡੁੱਡੇ ਦੀ ਤਾਰੀਫ਼ ਕਰਦਿਆਂ ਕਿਹਾ।

"ਚਾਚਾ ਆਹੰਦਾ ਸੀ, ਕਿਸੇ ਦੀ ਪੈਲੀ 'ਚ ਨਾ ਪੈਣ ਦੇਈਂ।" ਡੁੱਡੇ ਨੂੰ ਆਪਣੇ ਸਰਦਾਰ ਦਾ ਹੁਕਮ ਯਾਦ ਸੀ।

"ਹੱਛਾ, ਐਧਰ ਵੇਖ ਖੱਬੇ ਹੱਥ। ਇਹ ਸਰਦਾਰ ਦੀ ਬਰਾਨੀ ਪੈਲੀ ਊ, ਔਹਨਾਂ ਬੂਝਿਆਂ ਤੱਕ। ਚੇਤੇ ਰੱਖੀਂ।" ਲੱਛੂ ਰਾਹ ਵਿਚਲੇ ਖੇਤ ਬਾਰੇ ਵੀ ਸਮਝਾ ਦੇਣਾ ਚਾਹੁੰਦਾ ਸੀ, ਤਾਂ ਕਿ ਡੁੱਡੇ ਨੂੰ ਪੂਰੀ ਜਾਣਕਾਰੀ ਹੋ ਜਾਏ।

"ਮੈਨੂੰ ਪਤਾ ਏ।" ਡੁੱਡੇ ਨੇ ਸਿਰ ਹਿਲਾ ਕੇ ਕਿਹਾ।

"ਤੈਨੂੰ ਕਿਵੇਂ ਪਤਾ ਏ, ਉਇ!"

"ਤੂੰ ਜੁ ਦੱਸਦਾ ਏਂ।"



WWW.SIKHBOOKCLUB.COM 

"ਹੱਛਾ, ਦੱਸਦਾ ਮੈਂ ਹੁਣ ਆਂ ਤੇ ਤੈਨੂੰ ਅੱਗੇ ਈ ਪਤਾ ਏ, ਡੁੱਡੇ ਦਿਆ ਪੁੱਤਰਾ। ਹੈ ਗਾ ਤਾਂ ਬੜਾ ਚਲਾਕ ਏਂ।"

'ਹਾਹੋ।" ਇਹ ਛੋਟਾ ਜਿਹਾ ਉੱਤਰ ਹੁੰਗਾਰੇ ਵਜੋਂ ਡੁੱਡੇ ਦੀ ਜ਼ਬਾਨ 'ਤੇ ਚੜ੍ਹਿਆ ਹੋਇਆ ਸੀ।

"ਤੇ ਛੰਭ ਦਾ ਵੀ ਪਤਾ ਈ ?"

"ਹਾਹੋ।" ਡੁੱਡੇ ਦਾ ਫਿਰ ਵੀ ਓਹਾ ਜਵਾਬ ਸੀ।

"ਉਹ ਕਿਵੇਂ ?"

"ਗਾਲੜ ਹੋਰਾਂ ਨਾਲ ਮੈਂ ਉਥੇ ਮਲ੍ਹਿਆਂ ਦੇ ਬੇਰ ਖਾਣ ਜਾਂਦਾ ਹੁੰਦਾ ਸਾਂ। ਇਕ ਦਿਨ ਮੈਨੂੰ ਉਹਨਾਂ ਛੰਭ ਵਿਚ ਗੋਤੇ ਦਿੱਤੇ ਸਨ।"

"ਫਿਰ ਤੂੰ ਮਰਿਉਂ ਨਾ ?"

"ਨਹੀਂ। ਵੇਖ ਲੈ ਭਾਵੇਂ।" ਡੁੱਡੇ ਨੇ ਲੱਛੂ ਦਾ ਭੁਲੇਖਾ ਦੂਰ ਕਰਨ ਵਾਸਤੇ ਉਹਨੂੰ ਆਪਣੇ ਵੱਲ ਧਿਆਨ ਦੁਆਉਂਦਿਆਂ ਕਿਹਾ।

"ਆਹੋ ਈ ਉਇ। ਤੂੰ ਤਾਂ ਸੱਚਮੁੱਚ ਜਿਉਂਦਾ ਏਂ।" ਲੱਛੂ ਨੇ ਬਨਾਉਟੀ ਹੈਰਾਨੀ ਪ੍ਰਗਟ ਕਰਦਿਆਂ ਕਿਹਾ, "ਪਰ ਜਿੱਦਣ ਸੂਬੇ ਹੁਰਾਂ ਗੋਤੇ ਦਿੱਤੇ, ਉਦਣ ਨਹੀਂ ਬਚਦਾ।"

"ਛੰਭ ਬਹੁਤ ਡੂੰਘਾ ਏ ?" ਡੁੱਡੇ ਦੀ ਪੁੱਛ ਵਿਚ ਕੁਝ ਚਿੰਤਾ ਲੁਕੀ ਹੋਈ ਸੀ।

"ਤੇਰੇ ਡੁੱਬਣ ਜੋਗਾ ਹੈ ਗਾ ਏ।" ਲੱਛੂ ਨੇ ਖੱਬੇ ਹੱਥ ਨਾਲ ਡੁੱਡੇ ਦਾ ਕੰਨ ਮਰੋੜਦਿਆਂ ਕਿਹਾ।

ਪਿੰਡ ਵਰਨ ਤੋਂ ਪੌਣਾ ਕੁ ਮੀਲ ਦੂਰ, ਲਹਿੰਦੇ ਤੋਂ ਥੋੜ੍ਹਾ ਜਿਹਾ ਦੱਖਣ ਵੱਲ ਇਕ ਪੁਰਾਣਾ ਛੱਪੜ ਸੀ। ਕਦੇ ਉਹ ਦਸ-ਬਾਰਾਂ ਏਕੜ ਥਾਂ ਘੇਰਦਾ ਸੀ। ਉਦਾਲੇ ਦੀਆਂ ਉਚੀਆਂ ਰੱਕੜਾਂ ਤੋਂ ਮੀਂਹ ਦਾ ਪਾਣੀ ਰੁੜ ਕੇ ਉਹਦੇ ਵਿਚ ਆ ਇਕੱਠਾ ਹੁੰਦਾ ਸੀ। ਉਹਨੂੰ ਲੋਕ 'ਛੰਭ' ਕਹਿੰਦੇ ਸਨ। ਜੰਗਲੀ ਜਾਨਵਰਾਂ ਦੀ ਲੋੜ ਪੂਰੀ ਕਰਨ ਜੋਗਾ ਪਾਣੀ ਉਸ ਵਿਚ ਬਾਰਾਂ ਮਹੀਨੇ ਥੋੜ੍ਹਾ ਬਹੁਤਾ ਜਮ੍ਹਾਂ ਰਹਿੰਦਾ ਸੀ। ਬਗਲੇ, ਮੱਘ, ਮੁਰਗਾਬੀਆਂ ਆਦਿ ਪਾਣੀ ਦੇ ਜਾਨਵਰ ਉਸ ਉੱਤੇ ਹਰ ਵੇਲੇ ਰੌਣਕ ਲਾਈ ਰੱਖਦੇ ਸਨ।

ਪਰ ਜਦ ਤੋਂ ਇਸ ਇਲਾਕੇ ਵਿਚ ਨਹਿਰ ਦਾ ਪਾਣੀ ਪੈਣ ਲਗ ਪਿਆ, ਛੰਭ ਦਾ ਆਕਾਰ ਸੁੰਗੜਨਾ ਸ਼ੁਰੂ ਹੋ ਗਿਆ। ਆਲੇ ਦੁਆਲੇ ਦੀਆਂ ਰੱਕੜਾਂ ਪੁੱਟ ਪੁੱਟ ਕੇ ਉੱਦਮ ਵਾਲੇ ਜ਼ਿਮੀਂਦਾਰਾਂ ਨੇ ਉਹਨੂੰ ਪੂਰਨਾ ਸ਼ੁਰੂ ਕਰ ਦਿੱਤਾ। ਹਿੰਮਤ ਵਾਲਿਆਂ ਨੇ ਉਸ ਦੇ ਚੁਫੇਰੇ ਹੀ ਛੋਟੇ-ਛੋਟੇ ਕਿਆਰੇ ਬਣਾ ਲਏ। ਬਿਲਕੁਲ ਪਹਾੜੀ ਦੀ ਢਲਵਾਨ



WWW.SIKHBOOKCLUB.COM 

ਉੱਤੇ ਪੱਧਰੀਆਂ ਕੀਤੀਆਂ ਪੈਲੀਆਂ ਵਾਂਗ, ਇਕ ਤੋਂ ਦੂਸਰਾ ਨੀਵਾਂ ਤੇ ਤੀਸਰਾ ਉਸ ਤੋਂ ਨੀਵਾਂ। ਸਰਦਾਰ ਲੱਧਾ ਸਿੰਘ ਦੇ ਵੇਲੇ ਵਿਚਕਾਰ ਦੋ-ਕੁ ਏਕੜ ਹੀ ਛੱਪੜ ਰਹਿ ਗਿਆ ਸੀ, ਜੋ ਬਹੁਤ ਨੀਵਾਂ ਸੀ। ਉਸ ਦੇ ਕੁਝ ਹਿੱਸੇ ਵਿਚ ਬਾਰਾਂ ਮਹੀਨੇ ਥੋੜ੍ਹਾ ਬਹੁਤਾ ਪਾਣੀ ਖੜ੍ਹਾ ਰਹਿੰਦਾ ਸੀ। ਚੁਫ਼ੇਰੇ ਕੰਢਿਆਂ ਉੱਤੇ ਮਲ੍ਹੇ, ਕਰੀਰ ਤੇ ਵਿਰਲੇ ਵਿਰਲੇ ਛਿੱਛਰੇ ਦੇ ਰੁੱਖ ਖੜੇ ਸਨ। ਦਿਨੋ ਦਿਨ ਉਹ ਹੋਰ ਵਿਰਲੇ ਹੁੰਦੇ ਜਾ ਰਹੇ ਸਨ। ਮਲ੍ਹਾ ਤੇ ਕਰੀਰ ਜ਼ਿਮੀਂਦਾਰ ਖੇਤਾਂ ਨੂੰ ਵਾੜ ਕਰਨ ਵਾਸਤੇ ਵੱਢ ਲੈਂਦੇ ਸਨ, ਤੇ ਛਿੱਛਰਾ ਗਰੀਬ ਲੋਕ ਬਾਲਣ ਵਾਸਤੇ। ਨਵੇਂ ਫੁੱਟਣ ਵਾਲੇ ਦਰੱਖ਼ਤਾਂ ਨੂੰ ਚਰਨ ਵਾਲਾ ਮਾਲ ਖਹਿ ਖਹਿ ਕੇ ਭੰਨ ਛੱਡਦਾ ਸੀ।

ਉਸ ਥਾਂ ਉੱਤੇ ਪਹਿਲਾਂ ਵਰਗਾ ਜੋਬਨ ਨਹੀਂ ਸੀ ਰਿਹਾ, ਪਰ ਕਹਿੰਦੇ ਉਸ ਨੂੰ ਅਜੇ ਵੀ 'ਛੰਭ' ਹੀ ਸਨ। ਜਿਹੜੇ ਨਾਂ ਇਕ ਵਾਰ ਲੋਕਾਂ ਦੀ ਜ਼ਬਾਨ ਉੱਤੇ ਚੜ੍ਹ ਜਾਣ, ਉਹ ਛੇਤੀ ਬਦਲੇ ਨਹੀਂ ਜਾ ਸਕਦੇ।

"ਲੈ, ਔਹ ਵਗਦੇ ਈ ਸਰਦਾਰਾਂ ਦੇ ਹਲ।" ਲੱਛੂ ਨੇ ਉਂਗਲ ਦੇ ਇਸ਼ਾਰੇ ਨਾਲ ਦੱਸਿਆ। "ਏਥੇ ਰੋਟੀ ਲੈ ਕੇ ਔਣਾ ਈਂ ਤੂੰ ਕਲਕੇ।"

"ਮੈਂ ਲੈ ਆਵਾਂਗਾ।" ਡੱਡਾ ਕਿਸੇ ਕੰਮੋਂ ਵੀ ਨਾਂਹ ਕਰਨੀ ਨਹੀਂ ਸੀ ਚਾਹੁੰਦਾ। ਉਹ ਸਾਬਤ ਕਰ ਦੇਣਾ ਚਾਹੁੰਦਾ ਸੀ, ਕਿ ਅੱਜ ਤੱਕ ਕਿਸੇ ਨੇ ਉਸ ਤੋਂ ਕੰਮ ਲੈਣ ਦਾ ਯਾਤਨ ਹੀ ਨਹੀਂ ਕੀਤਾ।

ਸੂਬਾ ਤੇ ਕੱਥੂ ਚਰ੍ਹੀ ਦੇ ਵੱਢ ਵਿਚ ਹਲ ਵਾਹ ਰਹੇ ਸਨ। ਚਰ੍ਹੀ ਅਗੇਤਰੀ ਤੇ ਸਮੇਂ ਤੋਂ ਪਹਿਲਾਂ ਹੀ ਵੱਢੀ ਗਈ ਸੀ, ਇਸ ਵਾਸਤੇ ਸਾਰੇ ਵੱਢ ਵਿਚ ਫੋਟ ਫੁਟ ਕੇ ਧਰਤੀ ਨੂੰ ਕੱਜੀ ਖੜੀ ਸੀ। ਡੁੱਡੇ ਨੇ ਲਿਆ ਕੇ ਮਹੀਂ ਉਹਦੇ ਵਿਚ ਛੱਡ ਦਿੱਤੀ। ਉਹ ਸਮਝਦਾ ਸੀ ਕਿ ਜਿਸ ਹਰਿਆਵਲ ਨੇ ਥੋੜ੍ਹੇ ਸਮੇਂ ਤਕ ਮਿੱਟੀ ਥੱਲੇ ਦੱਬ ਜਾਣਾ ਹੈ, ਉਹ ਮਹੀਂ ਖਾ ਲੈਣ ਤਾਂ ਚੰਗਾ ਹੈ।

"ਫੋਟ ਵਿਚੋਂ ਮੋੜ ਉਇ ਡਾਗੋ ਦਿਆ ਹਰਾਮੀਆਂ। ਨਿਰਨੇ ਕਾਲਜੇ ਕਿਸੇ ਪਸ਼ੂ ਨੂੰ ਲੜ ਗਈ ਤਾਂ ਵਖਤ ਪਾਵੇਂਗਾ।" ਸੂਬੇ ਨੇ ਬੜੀ ਖਰ੍ਹਵੀ ਸੁਰ ਵਿਚ ਝਿੜਕਦਿਆਂ ਕਿਹਾ, "ਔਧਰ ਛੰਭ ਵੱਲੇ ਲੈ ਜਾਹ ਨੇ।"

ਡੁੱਡੇ ਨੂੰ ਆਪਣੀ ਭੁੱਲ ਦਾ ਪਤਾ ਲੱਗਾ ਤਾਂ ਉਹਨੇ ਭੱਜ ਕੇ ਮਹੀਂ ਮੋੜ ਲਈਆਂ। ਛੰਭ ਦੇ ਕੰਢੇ ਨਾਲ ਵਿਹਲੀਆਂ ਪੈਲੀਆਂ ਵੱਲ ਮਹੀਂ ਹਿੱਕ ਕੇ ਉਹ ਵੱਟ ਉੱਤੇ ਖੜੀ ਟਾਲ੍ਹੀ ਦੀ ਛਾਂਵੇਂ ਆ ਖਲੋਤਾ, ਜਿੱਥੇ ਰੋਟੀਆਂ ਰੱਖੀ ਲੱਛੂ ਹਾਲੀਆਂ ਦੀ ਉਡੀਕ ਕਰ ਰਿਹਾ ਸੀ।

ਬਰਾਬਰ 'ਤੇ ਆ ਕੇ ਹਾਲੀਆਂ ਵੀ ਹਲ ਖਲ੍ਹਾਰ ਦਿੱਤੇ। ਦੋਵੇਂ ਜਣੇ ਗਲ੍ਹ ਵਾਲੇ ਮੈਲੇ ਜੇਹੇ ਝੱਗਿਆਂ ਨਾਲ ਹੱਥ ਸਾਫ਼ ਕਰਕੇ ਰੋਟੀਆਂ ਵੱਲ ਉੱਲਰੇ।

"ਹੱਛਾ, ਅੱਜ ਇਹ ਆਇਆ ਏ ਗਾਲ੍ਹੜ ਦੀ ਥਾਂ ?" ਸੂਬੇ ਨੇ ਐਵੇਂ ਰਸਮੀ ਤੌਰ 'ਤੇ ਪੁੱਛਿਆ।

"ਤੜਕੇ ਵਾਲੀ ਦਾਲ ਇਹਦੇ ਮੂੰਹ ਲਗ ਗਈ ਉ।" ਲੱਛੂ ਨੇ ਰੋਟੀਆਂ ਵਾਲੇ ਪੋਣੇ ਦੀ ਗੰਢ ਖੋਲ੍ਹਦਿਆਂ ਕਿਹਾ। "ਚੇਤਾ ਈ ਨਾਂ। ਇਹਨੇ ਕਈ ਰੋਟੀਆਂ ਖਾਧੀਆਂ ਨੇ ਪਿਛਲੇ ਵੀਹ ਦਿਨ ? ਜਿੰਨਾ ਚਿਰ ਰਾਜ ਲੱਗੇ ਰਹੇ ਨੇ, ਇਹ ਲੰਡੇ ਗਿੱਦੜ ਵਾਂਗ ਲਿਹੜਿਆ ਏ।"

"ਢਿੱਡੀ ਵੇਖ ਖਾਂ ਵਧੀ ਹੋਈ, ਜਿਵੇਂ ਸੱਪ ਨੇ ਚੂਹਾ ਖਾਧਾ ਹੁੰਦਾ ਏ" ਚਲਦੀ ਗੱਲ ਵਿਚ ਕੋਲੋਂ ਕੱਥੂ ਨੇ ਵੀ ਹਿੱਸਾ ਪਾਉਣਾ ਜ਼ਰੂਰੀ ਸਮਝਿਆ।

"ਤੇਨੂੰ ਕੀਹਨੇ ਘੱਲਿਆ ਏ ਉਇ, ਮਹੀਂ ਮਗਰ ?" ਸੂਬੇ ਨੇ ਫਿਰ ਸਵਾਲ ਕੀਤਾ।

"ਮੈਂ ਵਾਗੀ ਲਗ ਗਿਆਂ।" ਛੂੱਛੇ ਨੇ ਪੂਰੇ ਦਾਈਏ ਨਾਲ ਕਿਹਾ।

"ਤੇ ਨੱਸਣਾ ਕਿੱਦਣ ਈ ?" ਕੱਥੂ ਨੂੰ ਇਤਬਾਰ ਨਹੀਂ ਸੀ ਕਿ ਛੂੱਛਾ ਏਸ ਕੰਮ ਨੂੰ ਬਹੁਤਾ ਚਿਰ ਨਿਭਾਅ ਸਕੇਗਾ।

"ਕਦੇ ਵੀ ਨਾ।" ਛੂੱਛੇ ਦਾ ਉੱਤਰ ਬੜਾ ਨਿੱਗਰ ਸੀ। "ਹੋਇ, ਹੋਹੂ। ਕਿਧਰ ਚੱਲੀਆਂ ਜੇ ?"

ਮਹੀਂ ਨੇ ਲਤਾੜਿਆ ਹੋਇਆ ਘਾਹ ਚਰਨ ਦੀ ਥਾਂ ਲਾਗੇ ਖਲੀ ਨੰਬਰਦਾਰਾਂ ਦੀ ਚਰ੍ਹੀ ਵੱਲ ਮੂੰਹ ਕਰ ਲਿਆ। ਨਿਗ੍ਹਾ ਪੈਂਦਿਆਂ ਛੂੱਛਾ ਉਸ ਪਾਸੇ ਨੂੰ ਸਿਰਪੱਟ ਦੌੜ ਉਠਿਆ। ਮਹੀਂ ਦੇ ਪੈਲੀ ਤਕ ਪਹੁੰਚਣ ਤੋਂ ਪਹਿਲਾਂ ਹੀ ਛੂੱਛਾ ਉਹਨਾਂ ਦੇ ਅੱਗੇ ਵੱਟ 'ਤੇ ਜਾ ਖਲੋਤਾ।

"ਔਧਰ ਵੇਖ ਉਇ! ਮਰਾਸੀਆਂ ਦੀ ਟੈਰ ਜਿੰਨਾ ਭੱਜਦਾ ਈ ਹਰਾਮ ਦਾ।" ਕੱਥੂ ਨੇ ਸੂਬੇ ਨੂੰ ਅਰਕ ਮਾਰਦਿਆਂ ਕਿਹਾ।

"ਸੌਹਰੀ ਦਾ ਹੈ ਤਾਂ ਬੜਾ ਨਿਆਹਲਕਾ। ਓਥੇ ਉਸਾਰੀ 'ਤੇ ਵਿਹੰਦੇ ਰਹੇ ਆਂ ਨਾਂ। ਤਕੜੇ ਬੰਦੇ ਜਿੰਨਾ ਕੰਮ ਕਰਦਾ ਸੀ।" ਸੂਬੇ ਨੇ ਅਪਣੀ ਰਾਏ ਪੇਸ਼ ਕੀਤੀ।

"ਹੱਛਾ, ਤੁਸੀਂ ਹੁਣ ਲੱਸੀ ਪੁਆਉਣ ਦੀ ਗੱਲ ਕਰੋ। ਨਾਲੇ ਚਾਚੀ ਦਾ ਹੁਕਮ ਈ, ਕਿ ਕਪਾਹ ਵਿਚੋਂ ਵੇਖ ਕੇ ਟਿੰਡੇ ਲਈ ਆਵੀਂ।" ਲੱਛੂ ਪਿਛਾਂਹ ਮੁੜਨ ਵਾਸਤੇ ਕਾਹਲਾ ਪੈ ਰਿਹਾ ਸੀ।

ਦੋਹਾਂ ਕਾਮਿਆਂ ਨੇ ਲੱਸੀ ਬਾਲਟੀਆਂ ਵਿਚ ਪੁਆ ਲਈ, ਦਾਲ ਸਿਲਵਰ ਦੇ



WWW.SIKHBOOKCLUB.COM 

ਕੌਲਿਆਂ ਵਿਚ ਤੇ ਰੋਟੀਆਂ ਹੱਥਾਂ ਉੱਤੇ ਲੈ ਲਈਆਂ। ਆਪਣਾ ਕੰਮ ਮੁਕਾ ਕੇ ਲੱਛੂ ਖ਼ਾਲੀ ਭਾਂਡੇ ਚੁੱਕ ਕੇ ਪਿੰਡ ਨੂੰ ਮੁੜ ਪਿਆ।

ਲੱਖਾ ਸਿੰਘ ਕੋਲ ਅੱਸੀ ਘੁਮਾਂ ਜ਼ਮੀਨ ਸੀ। ਉਹ ਚਾਰ ਥਾਂਵਾਂ 'ਤੇ ਦੂਰ ਦੂਰ ਸੀ। ਦਸ ਘੁਮਾਂ ਬੋਹੜ ਵਾਲੇ ਖੂਹ ਉੱਤੇ ਸੀ, ਜੋ ਘਰ ਤੋਂ ਸਗੋਂ ਦੋ ਸੌ ਕਰਮਾਂ ਦੂਰ ਸੀ। ਪਿੰਡੋਂ ਲਹਿੰਦੇ ਪਾਸੇ ਛੰਭ ਵਾਲੇ ਰਾਹ ਉੱਤੇ ਵੀਹ ਘੁਮਾਂ ਰਕਬਾ ਬਰਾਨੀ ਸੀ। ਉਸ ਵਿੱਚ ਛੋਟੇ-ਛੋਟੇ ਕੁਝ ਟਿੱਬੇ ਵੀ ਸਨ। ਉਹ ਘਰ ਤੋਂ ਵੱਧ ਤੋਂ ਵੱਧ ਚਾਰ ਸੌ ਕਰਮਾਂ ਦੂਰ ਸੀ। ਪੰਝੀ ਘੁਮਾਂ ਪੱਧਰ ਧਰਤੀ ਛੰਬ ਦੇ ਕੰਢੇ ਉੱਤੇ ਲਹਿੰਦੇ ਪਾਸੇ ਇਕ ਥਾਂ ਸੀ। ਇਸ ਨੂੰ ਨਹਿਰੀ ਪਾਣੀ ਪੈਂਦਾ ਸੀ। ਸਭ ਤੋਂ ਵਧੇਰੇ ਉਪਜ ਦੇਣ ਵਾਲਾ ਏਹਾ ਖੇਤ ਸੀ। ਜ਼ਮੀਨ ਦੇ ਇਹ ਤਿੰਨੇ ਟੋਟੇ ਲੱਖਾ ਸਿੰਘ ਦੇ ਆਪਣੇ ਹਲਾਂ ਹੇਠ ਸਨ। ਪੰਝੀ ਘੁਮਾਂ ਜ਼ਮੀਨ ਉਸ ਦੀ ਹੋਰ ਵੀ ਸੀ। ਉਹ ਛੰਭ ਤੋਂ ਵੀ ਪੌਣਾ ਮੀਲ ਲਹਿੰਦੇ ਪਾਸੇ ਸੀ। ਉਹ ਅੱਗੋ ਦੋ ਟੁਕੜਿਆਂ ਵਿਚ ਵੰਡੀ ਹੋਈ ਸੀ। ਦੋਹਾਂ ਵਿਚ ਲਗਭਗ ਦੋ ਸੌ ਕਰਮਾਂ ਦੀ ਵਿੱਥ ਸੀ। ਨਹਿਰ ਦਾ ਪਾਣੀ ਉਸ ਨੂੰ ਪੈਂਦਾ ਸੀ। ਉਹ ਰਕਬਾ ਲੱਖਾ ਸਿੰਘ ਮੁਜ਼ਾਰਿਆਂ ਨੂੰ ਹਿੱਸੇ 'ਤੇ ਦੇ ਛੱਡਦਾ ਸੀ। ਇਕ ਹੋਰ ਹਲ ਬਣਾ ਕੇ, ਏਨੀ ਦੂਰ ਜਾ ਕੇ ਵਾਹੀ ਕਰਨ ਨਾਲੋਂ ਉਹ ਪੈਲੀ ਹਿੱਸੇ 'ਤੇ ਦੇ ਛੱਡਣ ਵਿਚ ਉਸ ਨੂੰ ਫ਼ਾਇਦਾ ਸੀ।

ਉਹ ਕਦੇ ਵੀ ਕਿਸੇ ਜੱਟ ਭਰਾ ਨੂੰ ਪੈਲੀ ਹਿੱਸੇ 'ਤੇ ਨਹੀਂ ਸੀ ਦੇਂਦਾ। ਉਹਦੇ ਮੁਜ਼ਾਰੇ ਸਨ ਇਕ ਨੂਰੀ ਕੰਮਿਹਾਰ ਤੇ ਇਕ ਚੂਚਕ ਜੁਲਾਹਾ। ਜੱਟ ਮੁਜ਼ਾਰੇ ਨਾਲੋਂ ਉਹ ਗ਼ਰੀਬ ਮੁਸਲਮਾਨ ਵਧੇਰੇ ਆਗਿਆਕਾਰ ਸਨ। ਉਹ ਹਰ ਤਰ੍ਹਾਂ ਦੀ ਝਿੜਕ-ਝੰਭ ਸਹਿ ਜਾਂਦੇ ਸਨ।

ਲੱਖਾ ਸਿੰਘ ਦੇ ਦੋਵੇਂ ਸੀਰੀ ਸਨ ਸੂਬਾ ਤੇ ਕੱਥੂ। ਉਹ ਮਰਦਮ-ਸ਼ੁਮਾਰੀ ਵੇਲੇ ਦੇ ਮਜ਼੍ਹਬੀ ਸਿੱਖ, ਪਰ ਅਮਲੀ ਤੌਰ 'ਤੇ ਆਦ-ਧਰਮੀ ਅਛੂਤ ਸਨ। ਸੂਬਾ ਬਾਰਾਂ ਵਰ੍ਹਿਆਂ ਤੋਂ ਏਸੇ ਘਰ ਦਾ ਹਲ ਵਾਹੁੰਦਾ ਆ ਰਿਹਾ ਸੀ। ਉਹ ਘਰ ਦੇ ਸੱਤ ਜੀਅ ਸਨ : ਦੋਵੇਂ ਜੀਅ ਆਪ ਤੇ ਪੰਜ ਬੱਚੇ। ਬੱਤੀ ਸਾਲ ਦੀ ਉਮਰ ਵਿਚ ਹੀ ਉਹ ਬੁੱਢੜਾ ਹੋ ਗਿਆ ਸੀ। ਕਾਰਨ ਸੀ ਢਿੱਡਾਂ ਦਾ ਝੋਰਾ। ਸਰਦਾਰਨੀ ਬਸੰਤ ਕੌਰ ਭਾਵੇਂ ਤਿੰਨੇ ਵੇਲੇ ਉਹਦੇ ਰੱਜਣ ਜੋਗੀ ਰੋਟੀ ਦੇਂਦੀ ਸੀ, ਪਰ ਉਹਨੂੰ ਸਿਰਫ਼ ਦੋ ਵੇਲੇ ਹੀ ਨਸੀਬ ਹੁੰਦੀ ਸੀ। ਰਾਤ ਦੀ ਰੋਟੀ ਉਹ ਘਰ ਲੈ ਜਾਂਦਾ ਸੀ। ਉਹਦੇ ਵਿਚੋਂ ਕਿਸੇ ਦਿਨ ਹੀ ਉਹਨੂੰ ਇਕ ਜਾਂ ਅੱਧੀ ਟਿੱਕੀ ਮਿਲਦੀ ਸੀ, ਨਹੀਂ ਤਾਂ ਉਹ ਛੋਟੇ ਛੋਟੇ ਜੁਆਕਾਂ ਦੇ ਢਿੱਡਾਂ ਦਾ ਝੁਲਕਾ ਬਣ ਜਾਂਦੀ ਸੀ। ਕਿਸੇ ਦਿਨ ਉਹ ਛਿੱਥਾ ਪੈ ਕੇ ਬੜੇ ਦੁੱਖ ਨਾਲ ਕਿਹਾ ਕਰਦਾ, "ਸੌਹਰੀ ਦਿਓ। ਏਨੇ ਨਾਲ ਵੀ ਤੁਹਾਡਾ ਕੁਝ ਨਹੀਂ ਬਣਦਾ ਤਾਂ ਮੈਨੂੰ ਵੀ ਭੁੱਖਿਆਂ ਮਾਰਦੇ ਓ। ਪਲਦੇ ਓ ਸਾਡੇ ਮੂੰਹ ਦੀਆਂ ਬੁਰਕੀਆਂ ਖੋਹ-ਖੋਹ ਕੇ ਤੇ

ਕਮਾਉਗੇ ਸਰਦਾਰਾਂ ਵਾਸਤੇ। ਮੈਨੂੰ ਭੁੱਖਿਆਂ ਮਾਰਦੇ ਜੇ, ਤੁਸੀਂ ਵੀ ਸਾਰੀ ਉਮਰ ਭੁੱਖੇ ਮਰੋਗੇ। ਕਿਉਂ ਜੰਮੇ ਜੇ ਸਾਡੇ ਘਰ ? ਏਥੇ ਜਗੀਰਾਂ ਸਾਂਭਣੀਆਂ ਸਾ ਜੇ ? ਕਿਸੇ ਸਰਦਾਰ ਦੇ ਘਰ ਜੰਮਦਿਓ। ਸਰਦਾਰ ਲੱਖੀ ਮੁੰਹ ਦੇ ਘਰ ਈ ਜੰਮ ਪਵੋਂ ਆ। ਉਹਦਾ ਇਕੋਂ ਨ੍ਹਾਮਾ ਏ। ਸੱਤਾਂ ਵਰ੍ਹਿਆ ਦਾ ਹੋ ਗਿਆ ਏ ਉਹ। ਉਸ ਤੋਂ ਛੋਟੀ ਸ਼ਾਮੋ ਵੀ ਪੰਜਾਂ ਵਰ੍ਹਿਆਂ ਦੀ ਹੋ ਗਈ ਏ। ਜੱਟ ਦਾ ਇਕ ਪੁੱਤ ਉਜਾੜ ਦੇ ਇੱਕਲੇ ਰੁੱਖ ਵਰਗਾ ਹੁੰਦਾ ਏ, ਜਿਸ ਦੀ ਛਾਂਵੇਂ ਵੀ ਡਰਦਾ ਕੋਈ ਨਹੀਂ ਬਹਿੰਦਾ। ਸਰਦਾਰ ਲੱਖਾ ਸੁੰਹ ਨੂੰ ਏਸ ਗੱਲ ਦਾ ਬੜਾ ਝੋਰਾ ਏ। ਸੁਣਿਆ ਏ, ਉਹ ਇਕ ਹੋਰ ਵਿਆਹ ਕਰੌਣ ਬਾਰੇ ਸੋਚ ਰਿਹਾ ਏ। ਸਰਦਾਰਨੀ ਬਸੰਤ ਕੌਰ ਭਾਂਵੇਂ ਸਵੇਰੇ ਦੇ ਨਾਂ ਲੈਣ ਵਾਲੀ ਏ, ਪਰ ਉਹ ਪੁੱਤਾਂ ਦੀ ਜੋੜੀ ਨਹੀਂ ਰਲਾ ਸਕੀ, ਇਸ ਵਾਸਤੇ ਵਚਾਰੀ.......। ਕੀ ਆਹੰਦੇ ਨੇ, ਉਹਨੂੰ ਸ਼ੈਦ ਸੌਂਕਣ ਦਾ ਸੱਲ ਸਹਿਣਾ ਪੈ ਜਾਏ। ਤੁਸੀ ਨਿੱਕੇ ਦੋਵੇਂ ਈ ਉਹਨਾਂ ਘਰ ਜੰਮ ਪਵੇਂ ਆ ਤਾਂ ਸਾਰੇ ਚਿਰ ਸੁਖੀ ਰਹਿੰਦੇ।"

ਦੂਜੇ ਚੌਥੇ ਦਿਨ ਨਿੱਤ ਇਹ ਲੰਮਾ ਚੌੜਾ ਭਾਸ਼ਣ ਸੁਣ ਕੇ ਘਰ ਦਾ ਸਿਆਣਾ ਜੀਅ ਤਾਂ ਕੋਈ ਹੁੰਗਾਰਾ ਨਾ ਭਰਦਾ, ਪਰ ਕਦੇ ਕਦੇ ਦੋ ਵਰ੍ਹਿਆਂ ਦਾ ਵੀਰੂ ਪੁੱਛ ਲਿਆ ਕਰਦਾ, " ਮਾਂ! ਚਾਚਾ ਕੀ ਆਹੰਦਾ ਏ ?"

"ਆਹੰਦਾ ਏ ਤੇਰੀ ਜਣਨ ਵਾਲੀ ਦਾ ਸਿਰ। ਕਸੂਰੋਂ ਹਰ ਮਹੀਨੇ ਔਣ ਵਾਲਾ ਪਾਂਧਾ ਮਰਨ ਕਨਾਰੇ ਪੁੱਜਾ ਹੋਇਆ ਏ ਨਾਂ। ਉਹਦੇ ਪਿਛੋਂ ਜਜਮਾਨਾਂ ਨੂੰ ਇਹ ਗਿਆਨ ਗੋਸ਼ਟ ਸੁਣਾਇਆ ਕਰੇਗਾ। ਉਹਦੀ ਗੱਦੀ ਸਾਂਭਣ ਵਾਸਤੇ ਇਹ ਹੁਣ ਤੋਂ ਈਂ ਕਥਾ ਕਰਨੀ ਸਿੱਖ ਰਿਹਾ ਏ।" ਸੂਬੇ ਦੇ ਘਰ ਵਾਲੀ ਨੇ ਅੱਗੋਂ ਵਿਅੰਗ ਨਾਲ ਕਹਿਣਾ।

ਉਹ ਸੂਬੇ ਨਾਲੋਂ ਦੋ ਸਾਲ ਛੋਟੀ ਸੀ, ਪਰ ਵੇਖਣ ਵਾਲੇ ਨੂੰ ਪੰਜ-ਸੱਤ ਸਾਲ ਵੱਡੀ ਜਾਪਦੀ ਸੀ। ਇਹ ਸੀ ਗ਼ਰੀਬੀ ਵਿਚ ਪੰਜਾਂ ਬੱਚਿਆਂ ਨੂੰ ਜਨਮ ਦੇਣ ਦੀ ਕਰਾਮਾਤ। ਉਹ ਦਸਾਂ ਵਰ੍ਹਿਆਂ ਤਕ ਕੁੜੀ, ਵੀਹਾਂ ਵਰ੍ਹਿਆਂ ਤਕ ਮੁਟਿਆਰ, ਪੰਝੀਆਂ ਵਰ੍ਹਿਆਂ ਤਕ ਮਾਂ ਤੇ ਹੁਣ ਤੀਹਾਂ ਵਰ੍ਹਿਆਂ ਦੀ ਉਮਰ ਵਿਚ ਹੀ ਮਾਂ ਤੋਂ ਤਰੱਕੀ ਕਰਕੇ ਅੰਮਾਂ ਬਣ ਗਈ ਸੀ, ਪਿੰਡ ਦੇ ਬਹੁਤੇ ਅੰਵਾਣੇ ਉਸ ਨੂੰ ਹੁਣ 'ਅੰਮਾ ਲੱਛੋ' ਆਖਣ ਲਗ ਪਏ ਸਨ।

ਲੱਖਾ ਸਿੰਘ ਦਾ ਦੂਸਰਾ ਸੀਰੀ ਕੱਥੂ ਅਜੇ ਕੁਆਰਾ ਸੀ। ਉਹਦੀ ਉਮਰ ਇਸ ਵੇਲੇ ਤੇਈ ਸਾਲ ਦੀ ਹੋ ਗਈ ਸੀ। ਸਤਾਰਾਂ ਸਾਲ ਦੀ ਉਮਰ ਵਿਚ ਉਹਨੇ ਹਲ ਦੀ ਜੰਘੀ ਫੜ ਲਈ ਸੀ। ਤਿੰਨ ਸਾਲ ਉਹਨੇ ਨੰਬਰਦਾਰ ਦਾ ਇਸ ਲਾਰੇ ਉੱਤੇ ਹਲ ਵਾਹਿਆ ਕਿ ਨੰਬਰਦਾਰ ਉਹਦੇ ਵਿਆਹ ਦਾ ਪਰਬੰਧ ਕਰ ਦੇਵੇਗਾ। ਵਿਆਹ

ਵਾਸਤੇ ਚਾਹੀਦਾ ਸੀ ਪੈਸਾ। ਪੈਸੇ ਬਿਨਾਂ ਗ਼ਰੀਬ ਦੇ ਵਿਆਹ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਪਰ ਨੰਬਰਦਾਰ ਜਿੰਨੇ ਵਾਹਦੇ ਕਰਿਆ ਕਰਦਾ ਸੀ, ਪੂਰੇ ਕਰਨੇ ਜ਼ਰੂਰੀ ਨਹੀਂ ਸੀ ਸਮਝਦਾ।

ਓਧਰੋਂ ਨਿਰਾਸ਼ ਹੋ ਕੇ ਦੋ ਸਾਲ ਕੱਥੂ ਨੇ ਸਰਦਾਰ ਅਰਜਨ ਸਿੰਘ ਦਾ ਹਲ ਵਾਹਿਆ, ਪਰ ਉਸ ਗ਼ਰੀਬ ਦੀ ਮੁਰਾਦ ਓਥੋਂ ਵੀ ਪੂਰੀ ਨਾ ਹੋਈ।

ਕੱਥੂ ਕਾਮਾ ਬੜਾ ਚੰਗਾ ਸੀ। ਇਕ ਦਿਨ ਲੱਖਾ ਸਿੰਘ ਨੇ ਉਹਨੂੰ ਕਿਹਾ, "ਵੇਖ ਉਇ ਕੱਥੂ। ਦੋ ਘਰਾਂ ਦੇ ਲਾਰੇ ਵੇਖ ਲਏ ਈ ਨਾਂ। ਅਗਲੇ ਸਾਲ ਮੇਰੇ ਨਾਲ ਆ ਜਾ। ਪਹਿਲੇ ਸਾਲ ਨਹੀਂ ਪਰ ਦੂਸਰਾ ਸਾਲ ਮੁਕਣ ਤੋਂ ਪਹਿਲਾਂ ਤੇਰਾ ਵਿਆਹ ਕਰ ਦਿਆਂਗਾ। ਤੇਰੇ ਵਾਸਤੇ ਸਾਕ ਵੀ ਲਭ ਲਵਾਂਗਾ ਤੇ ਪੈਸੇ ਵੀ ਜਿੰਨੇ ਲੱਗਣਗੇ, ਲਾਵਾਂਗਾ, ਪਰ ਦੋ ਸਾਲ ਕੰਮ ਵੇਖ ਕੇ।"

"ਸਰਦਾਰ! ਮੇਰੇ ਵੱਲੋਂ ਪੱਕੀ, ਪਰ ਤੂੰ ਵੀ ਆਪਣੇ ਵੱਡੇ ਭਰਾ ਵਾਂਗ ਨਾ ਕਰੀਂ।" ਕੱਥੂ ਦਾ ਇਸ਼ਾਰਾ ਨੰਬਰਦਾਰ ਸਰਦੂਲ ਸਿੰਘ ਵੱਲ ਸੀ।

"ਉਹ ਤਾਂ ਭਈ ਵੱਡਾ ਆਦਮੀ ਹੋਇਆ। ਉਹਦੇ ਬਾਰੇ ਮੈਂ ਕੀ ਕਹਿ ਸਕਦਾਂ? ਪਰ ਲੱਖਾ ਸੁੰਹ ਜੋ ਮੂੰਹੋਂ ਕੱਢੇਗਾ, ਪੂਰਾ ਕਰ ਵਿਖਾਏਗਾ।" ਲੱਖਾ ਸਿੰਘ ਨੇ ਪੂਰੀ ਜ਼ਿੰਮੇਵਾਰੀ ਨਾਲ ਕਿਹਾ।

ਅਗਲੇ ਸਾਲ ਕੱਥੂ ਅਰਜਨ ਸਿੰਘ ਨਾਲੋਂ ਹੱਟ ਕੇ ਲੱਖਾ ਸਿੰਘ ਨਾਲ ਆ ਗਿਆ। ਇਕ ਸਾਲ ਉਹਨੇ ਪੂਰਾ ਕਰ ਲਿਆ ਸੀ। ਇਹ ਉਸ ਦਾ ਦੂਸਰਾ ਸਾਲ ਜਾ ਰਿਹਾ ਸੀ। ਇਕ ਦਿਨ ਲੱਖਾ ਸਿੰਘ ਨੇ ਗੱਲਾਂਬਾਤਾਂ ਵਿਚ ਕੱਥੂ ਦਾ ਦਿਲ ਧਰਾਉਣ ਵਾਸਤੇ ਕਿਹਾ, "ਇਕ ਸਾਕ ਤਾਂ ਮੈਂ ਹੱਥਾਂ ਹੇਠ ਕੀਤਾ ਸੀ, ਪਰ ਉਹ ਕੁੜੀ ਮੇਰੇ ਪਸੰਦ ਨਹੀਂ। ਮੇਰੀ ਅੱਖ ਇਕ ਹੋਰ ਕੁੜੀ ਉੱਤੇ ਏ। ਉਹ ਚੰਗੀ ਜੁਆਨ ਤੇ ਸੋਹਣੀ ਏਂ। ਤੁਹਾਡੇ ਸਾਰੇ ਵਿਹੜੇ ਵਿਚ ਉਹਦੇ ਵਰਗੀ ਕੋਈ ਨਹੀਂ। ਹੁਣ ਤੂੰ ਆਪਣੇ ਦਿਲ ਦੀ ਦੱਸ। ਜਿਹੜਾ ਪਹਿਲਾ ਸਾਕ ਦੱਸਿਆ ਏ, ਉਹ ਮਨਜ਼ੂਰ ਈ ਤਾਂ ਅਗਲੇ ਮਹੀਨੇ ਵਿਆਹ ਕਰ ਦੇਂਦਾਂ। ਪਰ ਉਹ ਹੈਗੀ ਫੱਤੋ ਮਰਾਸਣ ਵਰਗੀ ਉ। ਮੁੜ ਕੇ ਨਾ ਆਖੀਂ। ਉਹੋ ਜੇਹਾ ਲੁੱਕ ਕੀਤਾ ਹੋਇਆ ਰੰਗ ਤੇ ਓਨੀ ਹੀ ਮੋਟੀ ਤਾਜ਼ੀ। ਦੱਸ।"

"ਤੋਬਾ ਮੇਰੀ।" ਕੱਥੂ ਨੇ ਦੋਵੇਂ ਹੱਥ ਕੰਨਾਂ ਨੂੰ ਲਾਉਂਦਿਆਂ ਕਿਹਾ, "ਮੈਂ ਸਾਲ ਹੋਰ ਉਡੀਕ ਲਵਾਂਗਾ, ਪਰ ਜ਼ਨਾਨੀ ਜ਼ਰਾ ਮੂੰਹ-ਮੱਥੇ ਲੱਗਦੀ ਹੋਵੇ।"

"ਫਿਰ ਉਹ ਦੂਜੀ ਕੁੜੀ ਤਾਂ ਕਬੂਤਰੀ ਵਰਗੀ ਏ ਤੇ ਐਦੇ ਹਾੜ ਵਿਚ ਪੱਕੀ ਰਹੀ।" ਲੱਖਾ ਸਿੰਘ ਨੇ ਪੂਰੇ ਭਰੋਸੇ ਨਾਲ ਕਿਹਾ। ਅਸਲ ਵਿਚ ਉਹਦੀ ਇੱਛਿਆ ਸੀ ਕਿ ਇਕ ਸਾਲ ਹੋਰ ਕੰਮ ਕਰਾ ਕੇ ਫੇਰ ਕੱਥੂ ਦਾ ਵਿਆਹ ਕੀਤਾ ਜਾਵੇ।

"ਮੈਨੂੰ ਇਕ ਸਾਲ ਹੋਰ ਉਡੀਕਣਾ ਮਨਜ਼ੂਰ ਏ।" ਅਣਡਿੱਠੇ ਹੁਸਨ ਲਈ ਕੱਥੂ ਦਾ ਮਨ ਇਉਂ ਲਲਚਾ ਰਿਹਾ ਸੀ, ਜਿਵੇਂ ਬਹਿਸ਼ਤ ਦੀਆਂ ਹੂਰਾਂ ਵਾਸਤੇ ਮਾਲਾ ਫੇਰਨ ਵਾਲੇ ਮੁੱਲਾਂ ਦਾ।

"ਉਇ ਉੱਲੂਆ! ਉਸ ਕਾਲੀ ਨਾਲ ਵਿਆਹ ਕਰਾ ਲੈ, ਚੰਗਾ ਰਹੇਂਗਾ। ਬਹੁਤੀ ਸੋਹਣੀ ਹੋਈ ਤਾਂ ਸਰਦਾਰਾਂ ਜੋਗੀ ਈ ਹੋਵੇਗੀ।" ਕੋਲੋਂ ਸੂਬੇ ਨੇ ਗੰਜਿਆਂ ਪੁੱਜਿਆਂ ਸਰਦਾਰਾਂ ਦੇ ਚਲਨ ਉੱਤੇ ਭਰਵੀਂ ਚੋਟ ਕੀਤੀ।

"ਕੋਈ ਗੱਲ ਨਹੀਂ। ਆਪਾਂ ਤੇ ਸਰਦਾਰਾਂ 'ਚ ਕੁਝ ਵੰਡਿਆ ਹੋਇਆ ਏ ? ਵਿਹੜੇ ਵਾਲੇ ਤਾਂ ਵੇਖ ਕੇ ਸੜਨਗੇ।" ਕੱਥੂ ਨੇ ਅੱਗੋਂ ਦੋਹਾਂ ਧਿਰਾਂ 'ਤੇ ਤੋੜਾ ਝਾੜਿਆ।

ਸੂਬੇ ਵਾਸਤੇ ਇਹ ਗੱਲਾਂ ਪੁਰਾਣੀਆਂ ਹੋ ਗਈਆਂ ਸਨ, ਪਰ ਕੱਥੂ ਦੇ ਕੰਨਾਂ ਵਿਚ ਹਰ ਵੇਲੇ ਗੂੰਜਦੀਆਂ ਰਹਿੰਦੀਆਂ ਸਨ। ਏਸੇ ਲਾਰੇ ਉੱਤੇ ਉਹ ਜ਼ਿੰਦਗੀ ਨੂੰ ਧੱਕਾ ਦੇਈ ਜਾ ਰਿਹਾ ਸੀ। ਇਕ ਕੱਥੂ ਹੀ ਨਹੀਂ, ਸਾਰੇ ਸੰਸਾਰ ਦਾ ਹੀ ਜੀਵਨ ਮਿੱਠੇ ਲਾਰਿਆਂ ਉੱਤੇ ਨਿਰਭਰ ਹੈ। ਕੁਝ ਇਸ ਦੁਨੀਆਂ ਦੇ ਲਾਰੇ, ਕੁਝ ਅਗਲੀ ਦੁਨੀਆਂ ਦੇ, ਜੋ ਨਾ ਕਦੇ ਕਿਸੇ ਵੇਖੀ ਹੈ, ਨਾ ਵੇਖਣੀ ਨਸੀਬ ਹੋਵੇਗੀ।

ਰੋਟੀ ਖਾਂਦਾ ਸੂਬਾ ਆਪਣੀਆਂ ਸੋਚਾਂ ਵਿਚ ਡੁੱਬਾ ਹੋਇਆ ਸੀ। ਬਾਰਾਂ ਵਰ੍ਹੇ ਹੋ ਗਏ ਸਨ ਉਹਦੇ ਵਿਆਹ ਨੂੰ। ਇਸ ਵੇਲੇ ਉਹਦੇ ਘਰ ਪੰਜ ਅੰਞਾਣੇ ਸਨ ਤੇ ਕਹਿਰ ਰੱਬ ਦਾ, ਉਹ ਪੰਜੇ ਹਰੀ-ਕਾਇਮ ਸਨ। ਨਾ ਉਹਨਾਂ ਨੂੰ ਕਦੇ ਰੱਜ ਕੇ ਖਾਣਾ ਨਸੀਬ ਹੋਇਆ ਸੀ, ਨਾ ਪੂਰਾ ਹੰਢਾਉਣ ਨੂੰ ਮਿਲਿਆ ਸੀ। ਸੂਬੇ ਨੂੰ ਸਮਝ ਨਹੀਂ ਸੀ ਪੈਂਦੀ ਕਿ ਉਹ ਕਿਵੇਂ ਜ਼ਿੰਦਗੀ ਦਾ ਭਾਰ ਚੁੱਕੀ ਤੁਰਿਆ ਜਾ ਰਿਹਾ ਸੀ। ਇਸ ਬਾਰੇ ਉਹਨੇ ਕਦੇ ਸੋਚਿਆ ਵੀ ਨਹੀਂ ਸੀ। ਚੰਗਾ ਹੈ ਜੇ ਨਾ ਸੋਚੇ ਤਾਂ। ਜਦੋਂ ਗ਼ਰੀਬ ਕਾਮਾ ਆਪਣੀ ਗ਼ਰੀਬੀ ਬਾਰੇ ਸੋਚਣ ਲੱਗ ਪਵੇ, ਤਾਂ ਧਰਤੀ 'ਤੇ ਭੂਚਾਲ ਆ ਜਾਂਦਾ ਹੈ।

ਅੱਜ ਸੁੱਤੇ ਹੀ ਸੂਬੇ ਦਾ ਧਿਆਨ ਕੱਥੂ ਵੱਲ ਚਲਾ ਗਿਆ। ਕੱਥੂ ਜਵਾਨ ਸੀ, ਇਹੋ ਜਿਹੇ ਜਵਾਨ ਗ਼ਰੀਬ ਹੁੰਦੇ ਹਨ। ਸੂਬੇ ਦੀ ਸੁਰਤ ਛੜੱਪਾ ਮਾਰ ਕੇ ਦਸ ਸਾਲ ਅਗਾਂਹ ਪਹੁੰਚ ਗਈ। ਉਹੋ ਕੱਥੂ ਹੱਡੀਆਂ ਦਾ ਢਾਂਚਾ, ਝੁਰੜੀਆਂ ਭਰਿਆ ਮੂੰਹ, ਨੀਵੀਂ ਪਾਈ ਬੈਠਾ ਤੀਲੇ ਨਾਲ ਧਰਤੀ ਖੁਰਚ ਰਿਹਾ ਸੀ ਤੇ ਚਾਰ-ਪੰਜ ਜੁਆਕ ਉਹਦੇ ਦੁਆਲੇ ਘੇਰਾ ਘੱਤੀ ਖਲੋ ਗੀ-ਗੀ ਕਰ ਰਹੇ ਸਨ। ਸੂਬੇ ਨੇ ਇਕੋ ਵਾਰ ਸਿਰ ਛੰਡ ਕੇ ਉਹਨਾਂ ਖ਼ਿਆਲਾਂ ਤੋਂ ਛੁਟਕਾਰਾ ਪਾਉਣ ਦਾ ਯਤਨ ਕੀਤਾ। ਫਿਰ ਉਹਨੇ ਸਾਥੀ ਵੱਲ ਤੱਕਦਿਆਂ ਬੜੀ ਗੰਭੀਰਤਾ ਨਾਲ ਕਿਹਾ, "ਕੱਥੂ! ਤੂੰ ਵਿਆਹ ਕਰੌਣ ਵਾਸਤੇ ਕਾਹਲਾ ਪਿਆ ਹੋਇਆ ਏਂ। ਸਰਦਾਰ ਤੇਰਾ ਵਿਆਹ ਕਰ ਵੀ ਦੇਵੇਗਾ। ਏਸ ਗੱਲੋਂ ਉਹ ਜ਼ਬਾਨ ਦਾ ਪੱਕਾ ਏ, ਪਰ ਤੈਥੋਂ ਸਾਰੀ ਉਮਰ ਵਿਆਹ ਦਾ ਕਰਜ਼ਾ ਨਹੀਉਂ

ਲਹਿਣਾ। ਮੇਰੇ ਵੱਲ ਵੇਖ ਲੈ। ਬਾਰਾਂ ਸਾਲ ਹੋ ਗਏ ਨੇ ਪਰ ਕਰਜ਼ਾ ਅਜੇ ਨਹੀਂ ਮੁੱਕਾ। ਉਹ ਸਗੋਂ ਉਲਟਾ ਹਰ ਸਾਲ ਸੌ-ਪੰਜਾਹ ਵਧਦਾ ਈ ਜਾਂਦਾ ਏ।"

"ਸਰਦਾਰ ਸਗੋਂ ਝੂਠਾ ਲਿਖ ਲੈਂਦਾ ਏ ?"

"ਨਹੀਂ, ਝੂਠਾ ਨਹੀਂ ਲਿਖਦਾ। ਹਿਸਾਬ ਕਰਨ ਲੱਗਾ ਉਹ ਤਸੱਲੀ ਕਰਾ ਦਿੰਦਾ ਏ, ਪਰ ਸਮਝ ਨਹੀਂ ਪੈਂਦੀ ਕਿ ਕਰਜ਼ਾ ਮੁੱਕਦਾ ਕਿਉਂ ਨਹੀਂ ?"

"ਚਲੋ, ਜਿਵੇਂ ਤੇਰੇ ਦਿਨ ਲੰਘ ਰਹੇ ਨੇ, ਉਵੇਂ ਸਾਡੇ ਲੰਘ ਜਾਣਗੇ। ਅੱਗੋਂ ਈ ਫ਼ਿਕਰ ਕਿਉਂ ਕਰੀਏ। ਵਿਆਹ ਕਰਾ ਕੇ ਤਾਂ ਚਾਰ ਦਿਨ ਵੇਖ ਲਈਏ।" ਵਿਆਹ ਦੇ ਮਸਲੇ ਵਿਚ ਕੱਥੂ ਹੋਰ ਕਿਸੇ ਗੱਲ 'ਤੇ ਵੀ ਵਿਚਾਰ ਕਰਨ ਨੂੰ ਤਿਆਰ ਨਹੀਂ ਸੀ।

"ਚੱਲ ਉੱਠ ਫਿਰ ਹਿੱਕੀਏ ਹਲ।" ਤੇ ਦੋਵੇਂ ਉਠ ਕੇ ਆਪੋ ਆਪਣੇ ਹਲਾਂ ਮਗਰ ਜਾ ਲੱਗੇ।

ਫੂੱਫਾ ਸੋਟੇ ਦੇ ਆਸਰੇ ਥੋੜਾ ਜੇਹਾ ਝੁਕਿਆ ਹੋਇਆ ਵੱਟ ਉੱਤੇ ਪਹਿਰੇਦਾਰ ਵਾਂਗ ਖੜਾ ਸੀ। ਸਾਹਮਣੇ ਉਹਦੇ ਮਹੀਂ ਚਰ ਰਹੀਆਂ ਸਨ। ਤਿੰਨ ਮਹੀਂ ਤੇ ਇਕ ਢਾਈ ਕੁ ਸਾਲ ਦੀ ਝੋਟੀ। ਸੌਣ ਦਾ ਮਹੀਨਾ, ਬੱਦਲਾਂ ਤੋਂ ਸੱਖਣਾ ਅੰਬਰ ਤੇ ਬਲਦਾ ਸੂਰਜ ਸਿੱਧਾ ਸਿਰ 'ਤੇ। ਪਰ ਫੂੱਫੇ ਦਾ ਇਸ ਪਾਸੇ ਧਿਆਨ ਹੀ ਨਹੀਂ ਸੀ। ਉਹ ਜੋਗੀ ਵਾਂਗ ਸਮਾਧੀ ਲਾਈ ਖੜਾ ਸੀ। ਹਾਂ, ਪੰਦਰਾਂ ਵੀਹਾਂ ਮਿੰਟਾਂ ਪਿਛੋਂ ਉਹ ਲੱਕ ਨਾਲ ਬੱਧੀ ਰੋਟੀ ਵੱਲ ਜ਼ਰੂਰ ਧਿਆਨ ਮਾਰ ਲੈਂਦਾ ਸੀ। ਦੋ ਵਾਰ ਤਾਂ ਉਹਨੇ ਗੰਢ ਖੋਲ੍ਹ ਕੇ ਵੀ ਰੋਟੀਆਂ ਵੇਖੀਆਂ। ਉਹ ਸਣੇ ਅਚਾਰ ਕਾਇਮ ਸਨ। ਇਕ ਵਾਰ ਉਹਦੇ ਦਿਲ ਵਿਚ ਆਈ, 'ਰੋਟੀ ਖਾ ਨਾ ਲਵਾਂ ?' ਫਿਰ ਆਪ ਹੀ ਉਹਨੇ ਸਿਰ ਹਿਲਾ ਕੇ ਸਲਾਹ ਰੱਦ ਕਰ ਦਿੱਤੀ, 'ਨਹੀਂ, ਅਜੇ ਲੋੜਾ ਵੇਲੇ ਨਹੀਂ ਹੋਇਆ। ਅਜੇ ਭੁੱਖ ਵੀ ਨਹੀਂ ਲੱਗੀ। ਪਰਛਾਵੇਂ ਢਲਿਆਂ ਤੋਂ ਖਾਵਾਂਗਾ।'

ਇਕ ਦਿਨ ਵਿਚ ਹੀ ਫੂੱਫਾ ਬਦਲ ਗਿਆ ਸੀ। ਪਹਿਲੇ ਫੂੱਫੇ ਨੂੰ ਜਿਸ ਵੇਲੇ ਤੇ ਜਿੰਨਾ ਕੁਝ ਖਾਣ ਨੂੰ ਮਿਲ ਜਾਵੇ, ਉਹ ਉਸੇ ਵੇਲੇ ਢਿੱਡ ਵਿਚ ਸੁੱਟਣ ਦੀ ਕਰਦਾ ਸੀ। ਹੁਣ ਵਾਲੇ ਫੂੱਫੇ ਦੇ ਪੱਲੇ ਦੋ ਰੋਟੀਆਂ ਬੱਧੀਆਂ ਹੋਈਆਂ ਸਨ ਤੇ ਉਹ ਸੋਚ ਰਿਹਾ ਸੀ ਕਿ ਲੋੜਾ ਵੇਲਾ ਹੋਣ 'ਤੇ ਜਾਂ ਭੁੱਖ ਲੱਗਣ 'ਤੇ ਖਾਵਾਂਗਾ। ਪਹਿਲੇ ਫੂੱਫੇ ਨੂੰ ਇਹ ਭਰੋਸਾ ਨਹੀਂ ਸੀ ਕਿ ਭੁੱਖ ਲੱਗਣ ਉੱਤੇ ਉਸ ਨੂੰ ਰੋਟੀ ਮਿਲ ਜਾਵੇਗੀ। ਹੁਣ ਵਾਲਾ ਫੂੱਫਾ ਇਸ ਗੱਲੋਂ ਨਿਸ਼ਚਿੰਤ ਸੀ। ਏਨੇ ਭਰੋਸੇ ਨੇ ਹੀ ਉਸ ਫੂੱਫੇ ਨੂੰ 'ਸੰਤੋਖੀ' ਬਣਾ ਦਿੱਤਾ ਸੀ, ਜੋ ਕੱਲ੍ਹ ਤੱਕ 'ਚੱਲਿਆ ਹੋਇਆ' ਸਮਝਿਆ ਜਾਂਦਾ ਸੀ।

ਜ਼ਿੰਦਗੀ ਦੀਆਂ ਲੋੜਾਂ ਬਾਰੇ 'ਬੇ-ਭਰੋਸਗੀ' ਜਾਂ 'ਭਰੋਸਾ', ਇਹ ਦੋ ਹਾਲਤਾਂ ਹਨ, ਜੋ ਜੀਵਨ ਨੂੰ ਦੁਖੀ ਜਾਂ ਸੁਖੀ ਬਣਾਉਂਦੀਆਂ ਹਨ। ਫੂੱਫਾ ਅੱਜ ਆਪਣੇ ਆਪ



WWW.SIKHBOOKCLUB.COM 

ਨੂੰ ਬਹੁਤ ਸੁਖੀ ਅਨੁਭਵ ਕਰ ਰਿਹਾ ਸੀ। ਸਵੇਰੇ ਉਹ ਰੱਜ ਕੇ ਆਇਆ ਸੀ। ਲੌਢੇ ਵੇਲੇ ਦੀ ਉਹਦੇ ਪੱਲੇ ਸੀ। ਰਾਤ ਨੂੰ ਉਹਨੂੰ ਫਿਰ ਰੱਜਵੀਂ ਮਿਲ ਜਾਣ ਦਾ ਪੱਕਾ ਯਕੀਨ ਸੀ। ਉਹਨੇ ਭਲਕ ਵਾਸਤੇ ਸੋਚਿਆ, ਭਲਕੇ ? ਸਵੇਰੇ ਉਠਦਿਆਂ ਲੱਸੀ। ਫਿਰ ਤਿੰਨ ਰੋਟੀਆਂ। ਦੋ ਲੌਢੇ ਵੇਲੇ ਤੇ ਤਿੰਨ ਰਾਤ ਨੂੰ ਫੇਰ। ਰੋਜ਼ ਏਨੀਆਂ। ਦਾਲ ਭਾਜੀ ਵੀ ਨਾਲ। ਆਹ ਝੱਗਾ ? ਪਾਟਾ ਹੋਇਆ ਤਾਂ ਕਿਤੋਂ ਨਹੀਂ ਪਰ ਕੁਝ ਛੋਟਾ ਏ। ਜਿਉਂ ਜੰਮਿਆਂ, ਪਹਿਲਾ ਝੱਗਾ ਮੈਂ ਏਹਾ ਪਾਇਆ ਏ। ਚਾਚੀ ਆਂਹਦੀ ਸੀ ਅਗਲੇ ਮਹੀਨੇ ਨਵਾਂ ਬਣਾ ਦਿਆਂਗੀ। ਨਵਾਂ ਝੱਗਾ, ਨਵਾਂ ਸੂਤਨਾ, ਨਵਾਂ ਮੂਕਾ। ਉਂਞ ਮੂਕਾ ਅਜੇ ਆਹ ਵੀ ਚੰਗਾ ਏ। ਤੇ ਸਿਆਲ ਨੂੰ ਉੱਤੇ ਵਾਸਤੇ ਨਵੀਂ ਚਾਦਰ। ਚਲੋ ਨਵੀਂ ਨਹੀਂ ਤਾਂ ਕੋਈ ਅੱਧੋਰਾਣੀ ਈ ਸਹੀ। ਚਾਚੀ ਆਹੰਦੀ ਸੀ, ਸਾਡੀਆਂ ਮਹੀਂ ਚਾਰੇਂਗਾ ਤਾਂ ਸਭ ਕੁਝ ਮਿਲੇਗਾ। ਭਲਾ ਮੈਂ ਮਹੀਂ ਕਿਉਂ ਨਾ ਚਾਰਾਂਗਾ। ਮੈਂ ਤਾਂ..ਮੈਂ ਤਾਂ....ਹਾਹੋ। ਵੱਡਾ ਹੋ ਕੇ ਹਲ ਵੀ ਵਾਹਿਆ ਕਰਾਂਗਾ। ਕੱਥੂ ਛੋਟਾ ਜਿਹਾ ਈ ਹਲ ਵਾਹੁਣ ਲੱਗ ਪਿਆ ਸੀ। ਮੈਂ ਵੀ ਚੌਹ-ਪੰਜਾਂ ਵਰਿਆਂ ਤੱਕ ਹਲ ਵਾਹੁਣ ਜੋਗਾ ਹੋ ਜਾਵਾਂਗਾ। ਫੇਰ....ਫੇਰ......। ਡੂੱਡੇ ਨੂੰ ਅਗ੍ਹਾਂ ਸੁੱਝੇ ਕੁਝ ਨਾ ਕਿ ਫੇਰ ਉਹ ਕੀ ਕਰੇਗਾ। ਉਹਨੇ ਅਗ੍ਹਾਂ ਸੋਚਣਾ ਹੀ ਬੰਦ ਕਰ ਦਿੱਤਾ।

ਮਹੀਂ ਨੂੰ ਤੇਹ ਲੱਗੀ ਤੇ ਉਹ ਛੰਭ ਵੱਲ ਹੋ ਤੁਰੀਆਂ। ਮਗਰੇ ਡੂੱਡਾ ਲੱਗ ਤੁਰਿਆ।

ਹਾੜ੍ਹ ਦੇ ਪਿਛਲੇ ਪੱਖ ਤੇ ਸੌਣ ਦੇ ਪਹਿਲੇ ਹਫ਼ਤੇ ਚੰਗੇ ਮੀਂਹ ਪੈ ਗਏ ਸਨ। ਛੰਭ ਸਾਫ਼ ਪਾਣੀ ਨਾਲ ਭਰਿਆ ਹੋਇਆ ਸੀ। ਮਹੀਂ ਪਾਣੀ ਵਿਚ ਜਾ ਬੈਠੀਆਂ। ਮਹਿਉ ਪਸ਼ੂ ਨੂੰ ਪਾਣੀ ਨਾਲ ਮੱਛੀ ਜੇਹਾ ਪਿਆਰ ਹੈ।

'ਮਹੀਂ ਨੂੰ ਮਲ ਕੇ ਨੁਹਾਵਾਂ ਨਾ ?' ਡੂੱਡੇ ਨੇ ਦਿਲ ਵਿਚ ਸੋਚਿਆ, 'ਪਰ ਜੇ ਮੈਂ ਡੁੱਬ ਗਿਆ ਤਾਂ। ਲੱਛੂ ਆਹੰਦਾ ਸੀ ਤੇਰੇ ਡੁੱਬਣ ਜੋਗਾ ਹੈਗਾ ਏ।' ਡੂੱਡਾ ਕੁਝ ਠਠੰਬਰ ਗਿਆ। ਦੋ ਕੁ ਮਿੰਟ ਸੋਚ ਕੇ ਉਹਨੇ ਕੁਝ ਹੌਸਲੇ ਨਾਲ ਕਿਹਾ, 'ਨਹੀਂ, ਡੁੱਬਦਾ ਨਹੀਂ ਮੈਂ। ਮਹੀਂ ਖਲੋਤੀਆਂ ਸਨ ਤਾਂ ਉਹਨਾਂ ਦੇ ਅੱਧ ਤੱਕ ਔਂਦਾ ਸੀ ਪਾਣੀ। ਬੈਠੀਆਂ ਦੀ ਵੀ ਕੰਡ ਨੰਗੀ ਏ ਤਾਂ ਮੈਂ ਕਿਵੇਂ ਡੁੱਬ ਜਾਵਾਂਗਾ?'

ਲੱਕ ਨਾਲੋਂ ਰੋਟੀ ਵਾਲਾ ਪਰਨਾ ਖੋਲ੍ਹ ਕੇ ਉਹਨੇ ਕੰਢੇ 'ਤੇ ਖਲੋਤੇ ਛਿਛਰੇ ਉੱਤੇ ਟੰਗ ਦਿੱਤਾ। ਗੱਲੋਂ ਝੱਗਾ ਲਾਹ ਕੇ ਵੀ ਉਹਨੇ ਉਸੇ ਦੇ ਉੱਤੇ ਰੱਖ ਦਿੱਤਾ। ਸੋਚਣ ਵਾਲੀ ਗੱਲ ਸੀ ਸੂਤਨੇ ਬਾਰੇ। ਇਕ ਦੇ ਗਿੱਲਾ ਹੋਣ 'ਤੇ ਉਹਦੇ ਕੋਲ ਬਦਲਣ ਵਾਸਤੇ ਦੂਸਰਾ ਹੈ ਨਹੀਂ ਸੀ। ਉਹਨੇ ਚਾਰ ਚੁਫੇਰੇ ਨਜ਼ਰ ਦੁੜਾਈ। ਉਹ ਛੰਭ ਦੇ ਕਿਨਾਰੇ ਇਕੱਲਾ ਸੀ। ਕੰਢਿਆਂ 'ਤੇ ਖੜੀਆਂ ਝਾੜੀਆਂ ਨੇ ਉਹਦਾ ਨੰਗ ਢੱਕਣ

ਵਾਸਤੇ ਪਰਦਾ ਕੀਤਾ ਹੋਇਆ ਸੀ। ਬੇਫ਼ਿਕਰ ਹੋ ਕੇ ਉਹਨੇ ਸੁਤਨਾ ਲਾਹ ਕੇ ਵੀ ਝੱਗੇ ਕੋਲ ਧਰ ਦਿੱਤਾ। ਸੋਟੇ ਨਾਲ ਪਾਣੀ ਦੀ ਡੂੰਘਾਈ ਟੁੰਹਦਾ-ਟੁੰਹਦਾ ਉਹ ਮਹੀਂ ਤੱਕ ਜਾ ਪੁੱਜਾ। ਪਾਣੀ ਉਹਦੇ ਲੱਕ ਤੱਕ ਆਇਆ। ਚੰਗਾ ਹੋਇਆ ਏਸ ਤਰ੍ਹਾਂ ਉਹਦਾ ਨੰਗ ਪਾਣੀ ਵਿਚ ਲੁਕ ਗਿਆ।

ਉਹਨੇ ਚੌਹਾਂ ਪਸ਼ੂਆਂ ਨੂੰ ਖ਼ੂਬ ਮਲ ਮਲ ਕੇ ਨੁਹਾਇਆ। ਇਨਸਾਨ ਦਾ ਪਿਆਰ ਭਰਿਆ ਹੱਥ ਫਿਰਨ ਨਾਲ ਮਹੀਂ ਦੇ ਪਿੰਡੇ ਲਿਸ਼ਕ ਆਏ।

ਛੁੱਡੇ ਨੇ ਆਪਣਾ ਪਿੰਡਾ ਵੀ ਮਲ ਕੇ ਸਾਫ਼ ਕੀਤਾ। ਕੱਲ੍ਹ ਤੱਕ ਉਹਨੂੰ ਕੋਈ ਉਲਾਹਮਾ ਨਹੀਂ ਸੀ, ਪਰ ਅੱਜ ਉਹ ਸਰਦਾਰਾਂ ਦਾ ਨੌਕਰ ਸੀ। ਆਪਣੇ ਬਦਲੇ ਨਹੀਂ ਤਾਂ ਆਪਣੇ ਮਾਲਕਾਂ ਦੇ ਨਾਮ ਬਦਲੇ ਹੀ ਉਹਨੂੰ ਸਾਫ਼-ਸੁਥਰਾ ਰਹਿਣ ਦੀ ਲੋੜ ਸੀ। ਉਹਨੇ ਸਿਰ ਉੱਤੇ ਵਧੇ ਹੋਏ ਚੱਪਾ-ਚੱਪਾ ਛੰਡੇ ਵੀ ਸੁਆਰ ਕੇ ਮਲ ਮਲ ਕੇ ਧੋਤੇ। ਏਸ ਕੰਮ ਉੱਤੇ ਉਹਨੇ ਪੂਰਾ ਡੇਢ ਘੰਟਾ ਲਾ ਦਿੱਤਾ।

'ਹੁਣ ਰੋਟੀ ਖਾਣੀ ਚਾਹੀਦੀ ਏ। ਕੁਝ ਭੁੱਖ ਲੱਗੀ ਜਾਪਦੀ ਏ।' ਪਾਣੀ ਨਾਲ ਸਰੀਰ ਦੀ ਗਰਮੀ ਘੱਟਣ 'ਤੇ ਉਹਨੂੰ ਅੰਦਰ ਭੁੱਖ ਮਹਿਸੂਸ ਹੋਈ। ਉਹਨੇ ਮਹੀਂ ਪਾਣੀ ਵਿਚੋਂ ਕੱਢੀਆਂ ਤੇ ਕੱਪੜੇ ਪਾ ਕੇ ਹਾਲੀਆਂ ਵੱਲ ਹਿਕ ਤੁਰਿਆ।

ਹਾਲੀ ਹੱਲ ਛੱਡ ਕੇ ਟਾਹਲੀ ਛਾਵੇਂ ਲੇਟੇ ਹੋਏ ਸਨ। ਛੁੱਡੇ ਨੇ ਵੀ ਮਹੀਂ ਕੋਲ ਲਿਆ ਖਲ੍ਹਾਰੀਆਂ। ਰੱਜੇ ਹੋਏ ਪਸ਼ੂ ਸੱਜਰੇ ਵਗੇ ਵਾਹਣ ਦੀ ਠੰਢੀ ਮਿੱਟੀ ਉੱਤੇ ਬਹਿ ਗਏ। ਲਾਗੇ ਵੱਟ ਉੱਤੇ ਬਹਿ ਕੇ ਛੁੱਡਾ ਰੋਟੀ ਖਾਣ ਲੱਗ ਪਿਆ।

"ਉਇ ਹਰਾਮੀਆਂ। ਕੱਲ੍ਹਾ ਖਾਣ-ਛੱਢਣ ਬਹਿ ਗਿਆ ਏਂ। ਲਿਆ ਕਰ ਉਰ੍ਹਾਂ ਇਕ ਮੇਰੇ ਵੱਲ।" ਕੱਥੂ ਨੇ ਛੁੱਡੇ ਦਾ ਦਿਲ ਵੇਖਣ ਵਾਸਤੇ ਠੱਠੇ ਨਾਲ ਕਿਹਾ।

"ਲੈ ਲਾ।" ਛੁੱਡੇ ਨੇ ਇਕ ਰੋਟੀ ਫੜ ਕੇ ਹੱਥ ਉਹਦੇ ਵੱਲ ਵਧਾ ਦਿੱਤਾ।

"ਹਾਹੋ। ਇਕ ਤੂੰ ਲੈ ਲਾ ਤੇ ਇਕ ਮੈਂ ਲੈ ਲੈਂਦਾਂ। ਉਹਨੂੰ ਗ਼ਰੀਬ ਨੂੰ ਰਹਿਣ ਦੇ ਉਹੋ ਜਿਹਾ। ਚੱਲ ਉਠ, ਪੱਠੇ ਵੱਢੀਏ।" ਸੁਥਾ ਉੱਠ ਕੇ ਕੱਪੜੇ ਝਾੜਨ ਲੱਗ ਪਿਆ। ਉਹ ਦੋਵੇਂ ਉਸੇ ਤਰ੍ਹਾਂ ਵਾਹਣ ਵਿਚ ਲੇਟੇ ਹੋਏ ਸਨ।

"ਓ, ਮੈਨੂੰ ਉਹਦਾ ਜੇਰਾ ਤਾਂ ਵੇਖ ਲੈਣ ਦੇਹ। ਮੈਂ ਉਸ ਤੋਂ ਖੋਹਣ ਤਾਂ ਨਹੀਂ ਲੱਗਾ।" ਕਹਿੰਦਾ ਹੋਇਆ ਕੱਥੂ ਵੀ ਉਠ ਕੇ ਖਲੋ ਗਿਆ।

ਛੁੱਡਾ ਬੈਠਾ ਰੋਟੀ ਖਾਂਦਾ ਰਿਹਾ, ਤੇ ਉਹ ਦੋਵੇਂ ਪੱਠੇ ਵੱਢਣ ਜਾ ਲੱਗੇ।

ਇਸ ਲੋਕ-ਗੀਤ ਵਿਚ ਕਿੰਨੀ ਸਚਾਈ ਹੈ :

'ਜੱਟ ਦੀ ਕਾਰ ਬੁਰੀ,
ਹਲ ਵਾਹ, ਪੱਠਿਆਂ ਨੂੰ ਜਾਣਾ।'

ਦੋਵੇਂ ਕਾਮੇ ਦੋ ਘੰਟੇ ਦੇ ਤੜਕੇ ਜਾਗੇ ਸਨ। ਹਲ ਪੰਜਾਲੀਆਂ ਉਹਨਾਂ ਗੱਡੇ ਉੱਤੇ ਰੱਖ ਲਈਆਂ। ਦੋ ਬਲਦ ਉਹਨਾਂ ਪਿੱਛੇ ਬੰਨ੍ਹ ਲਏ ਤੇ ਦੋ ਗੱਡੇ 'ਤੇ ਜੋ ਕੇ ਹਿੱਕ ਤੁਰੇ। ਮੂੰਹ-ਸੋਝੜੇ ਹੀ ਉਹਨਾਂ ਪੈਲੀ ਵਿਚ ਹਲ ਹਿੱਕ ਦਿੱਤੇ। ਇਕ ਵਜੇ ਤੱਕ ਉਹ ਹਲ ਵਾਹੁੰਦੇ ਰਹੇ। ਵਾਹੀ ਹੋਈ ਨੂੰ ਦੂਹਰਾ ਸੁਹਾਗਾ ਮਾਰ ਕੇ ਉਹਨਾਂ ਮਸਾਂ ਇਕ ਘੰਟਾ ਆਰਾਮ ਕੀਤਾ। ਵੱਟ ਉੱਤੇ ਸਿਰ ਰੱਖ ਕੇ ਉਹ ਵਾਹਣ ਵਿਚ ਹੀ ਲੇਟ ਗਏ। ਥੱਕੇ ਹੋਏ ਬਲਦ ਵੀ ਠੰਢੀ ਛਾਵੇਂ ਬਹਿ ਗਏ। ਕਾਮਿਆਂ ਦੀ ਵੀ ਪਲ-ਕੁ ਅੱਖ ਲੱਗ ਗਈ। ਛੂੱਡੇ ਦੇ ਆ ਜਾਣ ਨਾਲ ਉਹਨਾਂ ਦੀ ਜਾਗ ਖੁੱਲ੍ਹ ਗਈ। ਉਹ ਦੋਵੇਂ ਦਾਤਰੀਆਂ ਫੜ ਕੇ ਪੱਠੇ ਵੱਢਣ ਜਾ ਲੱਗੇ। ਪੱਠੇ ਖਾਣ ਵਾਲੇ ਘਰ ਵਿਚ ਨੌਂ ਪਸ਼ੂ ਸਨ : ਚਾਰ ਬਲਦ, ਤਿੰਨ ਮਹੀਂ, ਇਕ ਝੋਟੀ, ਇਕ ਘੋੜੀ। ਚਰ੍ਹੀ ਦੀਆਂ ਪੰਜ ਪੰਡਾਂ ਵੱਢ ਕੇ ਉਹਨਾਂ ਗੱਡੇ ਉੱਤੇ ਲੱਦੀਆਂ। ਕਪਾਹ ਦੇ ਇਕ ਖੱਤੇ ਵਿਚ ਕੁਝ ਟਿੰਡਿਆਂ ਦੀਆਂ ਵੱਲਾਂ ਬੀਜੀਆਂ ਹੋਈਆਂ ਸਨ। ਦੋਹਾਂ ਨੇ ਡੇਢ ਕੁ ਸੇਰ ਟਿੰਡੇ ਤੋੜ ਕੇ ਸਾਫੇ ਪੱਲੇ ਬੰਨ੍ਹ ਲਏ। ਏਨੇ ਚਿਰ ਤੱਕ ਛੂੱਡਾ ਇਕ ਵਾਰ ਫੇਰ ਮਹੀਂ ਨੂੰ ਛੱਪੜ ਤੋਂ ਨੁਹਾ ਲਿਆਇਆ ਸੀ।

"ਚੱਲ ਭਈ ਛੂੱਡੇ ਦਿਆ ਪੁੱਤਰਾ! ਲਾ ਮਹੀਂ ਅੱਗੇ।" ਆਪ ਤੋਂ ਛੋਟੇ ਨੂੰ ਕੱਥੂ ਨੇ ਹੁਕਮ ਕੀਤਾ।

ਛੂੱਡੇ ਨੇ ਮਹੀਂ ਇਕੱਠੀਆਂ ਕਰਕੇ ਰਾਹੇ ਪਾ ਲਈਆਂ। ਸੂਥਾ ਪੱਠਿਆਂ ਦੇ ਉੱਤੇ ਚੜ੍ਹ ਕੇ ਬਹਿ ਗਿਆ। ਕੱਥੂ ਬਲਦ ਜੋ ਕੇ ਗੱਡ ਦੇ ਪੱਟ 'ਤੇ ਹੋ ਬੈਠਾ। ਦੂਸਰੇ ਬਲਦ ਨਰੜ ਕਰਕੇ ਉਹਨਾਂ ਅੱਗੇ ਲਾ ਲਏ। ਕੱਥੂ ਨੇ ਮੱਠੀ-ਮੱਠੀ ਸੁਰ ਵਿਚ ਗਾਉਣਾ ਸ਼ੁਰੂ ਕਰ ਦਿੱਤਾ। ਕਾਮੇ ਕੋਲ ਹੱਡ-ਭੰਨ ਕਾਰ ਦਾ ਥਕੇਵਾਂ ਲਾਹੁਣ ਵਾਸਤੇ ਗੀਤ ਹੀ ਇਕ ਸਹਾਰਾ ਹੁੰਦਾ ਹੈ। ਗੀਤ, ਲੋਕ-ਗੀਤ, ਜਿਨ੍ਹਾਂ ਵਿਚ ਉਹਨਾਂ ਦਾ ਆਪਣਾ ਜੀਵਨ ਘੁਲਿਆ ਹੁੰਦਾ ਹੈ, ਜੋ ਸਦੀਆਂ ਤੋਂ ਉਹਨਾਂ ਦਾ ਸਾਥ ਦੇਂਦੇ ਆਏ ਹਨ, ਮਾਂ ਦੀ ਲੋਰੀ ਵਾਂਗ। ਜਿਨ੍ਹਾਂ ਵਿਚ ਉਹਨਾਂ ਦੇ ਚਾਅ ਹੱਸਦੇ, ਰੀਝਾਂ ਮਚਲਦੀਆਂ ਤੇ ਸੱਧਰਾਂ ਵਿਲਕਦੀਆਂ ਪ੍ਰਤੀਤ ਹੁੰਦੀਆਂ ਹਨ।

ਪਿੰਡ ਦੀਆਂ ਕੰਧਾਂ ਆ ਗਈਆਂ। ਕੱਥੂ ਦੇ ਗੀਤ ਸ਼ਾਂਤ ਹੋ ਗਏ।

ਕਾਫ਼ਲਾ ਮੰਜ਼ਿਲ 'ਤੇ ਪਹੁੰਚ ਗਿਆ। ਮਹੀਂ ਨੇੜੇ ਆਈਆਂ ਵੇਖ ਕੇ ਕੱਟੀਆਂ ਰੱਸੇ ਤੁੜਾਉਣ ਲੱਗ ਪਈਆਂ। ਹਿਤ ਮਾਰੀਆਂ ਮਹੀਂ ਵੀ ਕੱਟੀਆਂ ਵੱਲ ਵਧੀਆਂ। ਉਹਨਾਂ ਦੇ ਹਵਾਨੇ ਦੁੱਧ ਨਾਲ ਭਰੇ ਹੋਏ ਸਨ। ਛੂੱਡੇ ਨੇ ਭੱਜ ਕੇ ਦੋਵੇਂ ਮਹੀਂ ਕੱਟੀਆਂ ਤੋਂ ਦੂਰ ਕਰ ਦਿੱਤੀਆਂ। ਸਭ ਤੋਂ ਪਹਿਲਾਂ ਉਹਨੇ ਲਵੇਰੀਆਂ ਬੱਧੀਆਂ ਤੇ ਫਿਰ ਦੂਸਰੀਆਂ ਦੋਹਾਂ ਨੂੰ ਵੀ ਰੱਸੇ ਪਾ ਦਿੱਤੇ।

ਛੁੱਡੇ ਨੂੰ ਅਜੇ ਇਹ ਸੋਝੀ ਨਹੀਂ ਸੀ ਕਿ ਉਹਦੇ ਜ਼ਿੰਮੇ ਕਿਹੜਾ ਕਿਹੜਾ ਕੰਮ ਹੈ। ਉਹਨੇ ਸੋਚਿਆ ਕਿ ਜਿਹੜਾ ਕੰਮ ਵੀ ਸਾਹਮਣੇ ਹੋਵੇ, ਉਹਨੂੰ ਕਰਨਾ ਚਾਹੀਦਾ ਹੈ। ਫਿਰ ਉਹਨੇ ਚਾਰੇ ਬਲਦ ਖੁਰਲੀ ਉੱਤੇ ਬੰਨ੍ਹ ਦਿੱਤੇ। ਏਨੇ ਤਕ ਸੂਬੇ ਤੇ ਕੱਥੂ ਨੇ ਗੱਡੇ ਤੋਂ ਪੱਠੇ ਲਾਹ ਕੇ ਟੋਕੇਆਣੀ ਵਿਚ ਸੁੱਟ ਦਿੱਤੇ।

"ਆ ਉਇ ਛੁੱਡਿਆ! ਹੋਰ ਰੋਟੀ ਖਾ ਲੈ।" ਕੱਥੂ ਨੇ ਛੁੱਡੇ ਦਾ ਦਿਲ ਵੇਖਣ ਦੇ ਇਰਾਦੇ ਨਾਲ ਕਿਹਾ।

"ਨਾ, ਮੈਂ ਰਾਤ ਨੂੰ ਖਾਵਾਂਗਾ।" ਛੁੱਡੇ ਨੇ ਮਹੀਂ ਦੀ ਖੁਰਲੀ ਸਾਫ਼ ਕਰਦਿਆਂ ਉੱਤਰ ਦਿੱਤਾ।

ਸੂਬਾ ਤੇ ਕੱਥੂ ਭਾਂਡੇ ਫੜ ਕੇ ਲੌਢੇ ਵੱਲੇ ਦੀ ਰੋਟੀ ਖਾਣ ਆ ਬੈਠੇ। ਬਸੰਤ ਕੌਰ ਨੇ ਦੋਹਾਂ ਨੂੰ ਦੋ-ਦੋ ਰੋਟੀਆਂ ਤੇ ਕਾੜ੍ਹਨੀ ਦਾ ਕੜ੍ਹਿਆ ਅੱਧ-ਅੱਧ ਸੇਰ ਦੁੱਧ ਪਾ ਦਿੱਤਾ। ਏਹਾ ਚੰਗੀ ਰੋਟੀ ਤੇ ਦੁੱਧ ਦਾ ਚਸਕਾ ਸੀ, ਜਿਹੜਾ ਕਾਮੇ ਨੂੰ ਉਸ ਘਰ ਨਾਲ ਜੋੜੀ ਰੱਖਦਾ ਸੀ।

"ਛੁੱਡਿਆ, ਤੂੰ ਵੀ ਆ ਵੇ।" ਬਸੰਤ ਕੌਰ ਨੇ ਸਿਲਵਰ ਦੇ ਕੌਲੇ ਵਿਚ ਦੁੱਧ ਪਾ ਕੇ ਅਵਾਜ਼ ਮਾਰੀ।

"ਚਾਚੀ! ਵੇਖ ਛੁੱਡੇ ਨੇ ਮਹੀਂ ਨੁਹਾ ਕੇ ਕਿਵੇਂ ਲਸ਼ਕਾਈਆਂ ਨੇ, ਜਿਵੇਂ ਮੰਡੀ ਲਜਾਣ ਲੱਗਾ ਬਪਾਰੀ ਲਸ਼ਕੌਂਦਾ ਏ।" ਕੱਥੂ ਦੀ ਗੱਲ ਸੁਣ ਕੇ ਬਸੰਤ ਕੌਰ ਦਾ ਧਿਆਨ ਮਹੀਂ ਵੱਲ ਚਲਾ ਗਿਆ।

"ਦੋ ਵਾਰ ਨੁਹਾਈਆਂ ਸਨ।" ਛੁੱਡੇ ਨੇ ਆਪਣੀ ਕਰਨੀ ਉੱਤੇ ਮਾਣ ਕਰਦਿਆਂ ਕਿਹਾ।

"ਲੈ ਫਿਰ ਦੁੱਧ ਦਾ ਕੌਲ ਵੀ ਮਿਲ ਗਿਆ। ਪੀ ਕੇ ਕੌਲਾ ਐਸ ਆਲੇ ਵਿਚ ਰੱਖ ਲੈ। ਇਹ ਤੇਰਾ ਹੋਇਆ। ਇਸੇ ਤਰ੍ਹਾਂ ਮਹੀਂ ਦੀ ਸੇਵਾ ਕਰੇਂਗਾ ਤਾਂ ਰੋਜ਼ ਦੁੱਧ ਮਿਲਿਆ ਕਰੇਗਾ।" ਬਸੰਤ ਕੌਰ ਨੇ ਓਨਾ ਲਾਰਾ ਲਾਇਆ, ਜਿੰਨਾ ਉਹ ਪੂਰਾ ਕਰ ਸਕਦੀ ਸੀ।

"ਸੌਹਰੀ ਦਾ ਹੈ ਤਾਂ ਬੜਾ ਨਿਆਹਲਕਾ। ਸਾਰਾ ਦਿਨ ਮਹੀਂ ਦੇ ਗਲ਼ ਨਾਲ ਚੰਬੜਿਆ ਰਿਹਾ ਏ।" ਸੂਬੇ ਨੇ ਵੀ ਉਹਦੀ ਕਾਰਗੁਜ਼ਾਰੀ ਬਾਰੇ ਮਾਲਕਣ ਨੂੰ ਦੱਸਣਾ ਜ਼ਰੂਰੀ ਸਮਝਿਆ।

"ਹੁਣ ਅਸੀਂ ਪੱਠੇ ਕੁਤਰਾਂਗੇ ਤੇ ਛੁੱਡਾ ਖੁਰਲੀਆਂ 'ਚ ਪਾਵੇਗਾ।" ਕੱਥੂ ਨੇ ਆਪਣੇ ਹਿੱਸੇ ਦਾ ਕੰਮ ਵੀ ਉਹਦੇ ਸਿਰ ਸੁੱਟਣ ਦੇ ਇਰਾਦੇ ਨਾਲ ਕਿਹਾ।

"ਮੈਂ ਪਾਵਾਂਗਾ।" ਡੁੱਡੇ ਨੇ ਪੂਰੇ ਉਤਸ਼ਾਹ ਨਾਲ ਹਾਮੀ ਭਰੀ।

"ਉਹ ਵਿਚਾਰਾ ਨਾਂਹ ਤਾਂ ਨਹੀਂ ਕਰਨ ਲੱਗਾ।" ਬਸੰਤ ਕੌਰ ਨੇ ਹਮਦਰਦੀ ਵਜੋਂ ਕਿਹਾ।

"ਚਾਚੀ! ਇਹ ਭਲਕੇ ਦੁਪਹਿਰੇ ਪੱਠੇ ਵੀ ਵੱਢੇਗਾ। ਇਹ ਬੜਾ ਸ਼ੇਰ ਏ।" ਕੱਥੂ ਨੇ ਕੁਝ ਹੋਰ ਫਲਾਹੁਣੀ ਦੇ ਦਿੱਤੀ।

"ਵੱਢਾਂਗਾ।" ਡੁੱਡੇ ਨੇ ਇਹ ਭਾਰ ਵੀ ਆਪਣੇ ਸਿਰ ਲੈ ਲਿਆ।

"ਤੜਾਅ ਤੜਾਅ ਮਾਰੋ ਗ਼ਰੀਬ ਨੂੰ। ਹਲ ਮਗਰ ਵੀ ਇਹਨੂੰ ਲਾ ਦੇਵੀਂ ਤੇ ਆਪ ਟਾਹਲੀ ਦੀ ਛਾਵੇਂ ਲੇਟ ਕੇ ਢੋਲੇ ਦੀਆਂ ਲਾਵੀਂ।" ਬਸੰਤ ਕੌਰ ਨੇ ਕੱਥੂ ਨੂੰ ਮਿੱਠੀ ਜਿਹੀ ਝਿੜਕ ਦਿੰਦਿਆਂ ਕਿਹਾ।

"ਸਰਦਾਰਨੀ! ਡੁੱਡਾ ਤਾਂ ਚੰਗਾ ਆਹਰੀ ਏ। ਐਵੇਂ ਇਹਦੀ ਮਾਂ ਨੇ ਈ ਲੁੱਟਰ ਕਰ ਛੱਡਿਆ ਸੀ। ਖੂਹ 'ਤੇ ਰਾਜ ਲੱਗੇ ਰਹੇ ਨੇ ਤਾਂ ਮੈਂ ਵਿਹੰਦਾ ਰਿਹਾਂ। ਚੂਚਕ ਵਰਗੇ ਸਾਹ ਲੈਣ ਬਹਿ ਜਾਂਦੇ ਸਨ ਪਰ ਇਹ ਕੀੜੀ ਵਾਂਗ ਲੱਗਾ ਈ ਰਹਿੰਦਾ ਸੀ।" ਸੂਬਾ ਉਮਰ ਵਿਚ ਲੱਖਾ ਸਿੰਘ ਨਾਲੋਂ ਵੱਡਾ ਸੀ। ਉਹ ਬਸੰਤ ਕੌਰ ਨੂੰ 'ਸਰਦਾਰਨੀ' ਕਹਿ ਕੇ ਬੁਲਾਇਆ ਕਰਦਾ।

"ਚੰਗਾ ਏ ਨਾ! ਆਹਰ ਨਾਲ ਕਾਰ ਕਰੇਗਾ ਤਾਂ ਰੱਜ ਕੇ ਰੋਟੀ ਖਾਵੇਗਾ। ਇਹਦੇ ਪਿਓ ਨੇ ਤਾਂ ਸਾਰੀ ਉਮਰ ਕੱਖ ਭੰਨ ਕੇ ਦੂਹਰਾ ਨਹੀਂ ਕੀਤਾ।"

"ਚਾਚੀ! ਸਹੁੰ ਪਿਉ ਦੀ, ਜਿਹੜੀ ਉਹਦੀ ਖਾਬ ਹੁੰਦੀ ਏ ਰੋਜ਼। ਗਵਾਂਢ ਹੋਣ ਕਰਕੇ ਰਾਤ ਨੂੰ ਸੁਣਦੇ ਆਂ ਨਾ। ਅੰਮਾ ਭਾਗੋ ਐਡੇ ਐਡੇ ਤੂਹਵੇ ਛੱਡਦੀ ਏ।"

"ਮਾਰੀਦੀ ਵਚਾਰੀ ਕੀ ਕਰੇ। ਗੋਹਾ ਕੂੜਾ ਕਰਕੇ ਕਮੌਂਦੀ ਉਹ ਏ ਤੇ ਵਿਹਲਾ ਬੈਠਾ ਖਾਣ-ਨਿੱਲਣ ਨੂੰ ਉਹ ਭੌਂਦੂ।" ਬਸੰਤ ਕੌਰ ਦੀ ਹਮਦਰਦੀ ਭਾਗੋ ਨਾਲ ਸੀ।

"ਚੱਲ ਉਠ ਭਈ ਡੁੱਡਿਆ! ਤੂੰ ਅੱਜ ਤੋਂ ਏਸ ਘਰ ਦਾ ਪੱਕਾ ਨੌਕਰ।" ਸੂਬਾ ਰੋਟੀ ਖਾ ਕੇ ਉਠ ਬੈਠਾ।

ਸੂਬਾ ਤੇ ਕੱਥੂ ਪੱਠੇ ਕੁਤਰਨ ਜਾ ਬੈਠੇ। ਉਦੋਂ ਅਜੇ ਗੇੜਨ ਵਾਲਾ ਟੋਕਾ ਪਿੰਡ ਵਿਚ ਨਹੀਂ ਸੀ ਆਇਆ। ਸਭ ਨੂੰ ਹੱਥਾਂ ਨਾਲ ਹੀ ਕੁਤਰਨੇ ਪੈਂਦੇ ਸਨ। ਮਸ਼ੀਨੀ ਟੋਕੇ ਚਾਲੂ ਹੋਏ ਤਾਂ ਸਭ ਤੋਂ ਪਹਿਲਾਂ ਲੱਖਾ ਸਿੰਘ ਨੇ ਪਸ਼ੂਆਂ ਨਾਲ ਚੱਲਣ ਵਾਲਾ ਟੋਕਾ ਲਾਇਆ। ਉਸ ਨਾਲ ਕਾਮਿਆਂ ਦੀ ਮਿਹਨਤ ਘੱਟ ਗਈ ਤੇ ਪੱਠੇ ਵੀ ਬੇਕਾਰ ਨਾ ਜਾਂਦੇ।

ਡੁੱਡੇ ਨੇ ਮੈਲੇ ਜੇਹੇ ਐਰੇ ਨਾਲ ਸਾਰੇ ਪਸ਼ੂਆਂ ਦੀਆਂ ਖੁਰਲੀਆਂ ਸਾਫ਼ ਕੀਤੀਆਂ। ਫਿਰ ਉਹ ਸੂਬੇ ਦੇ ਦੱਸੇ ਅਨੁਸਾਰ ਪਸ਼ੂਆਂ ਨੂੰ ਪੱਠੇ ਪਾਉਣ ਲੱਗ ਪਿਆ।

ਸੂਰਜ ਨੇ ਹਾਰ ਕੇ ਧਰਤੀ ਉਹਲੇ ਮੂੰਹ ਲੁਕਾ ਲਿਆ, ਪਰ ਦੋ ਘੰਟਿਆਂ ਦੇ ਤੜਕੇ ਦੇ ਉਠੇ ਕਾਮਿਆਂ ਦਾ ਕੰਮ ਅਜੇ ਨਹੀਂ ਸੀ ਮੁੱਕਾ। ਪੰਜ ਪੰਡਾਂ ਚਰ੍ਹੀ ਹੱਥਾਂ ਵਿਚ ਦੀ ਲੰਘਾਉਂਦਿਆਂ ਚੋਖਾ ਹਨ੍ਹੇਰਾ ਹੋ ਗਿਆ।

"ਲਉ ਵੇ, ਰੋਟੀਆਂ ਸੰਭਾਲੋ। ਮੈਂ ਵੀ ਮੰਜੇ 'ਤੇ ਪੈਣ ਵਾਲੀ ਬਣਾਂ।" ਬਸੰਤ ਕੌਰ ਨੇ ਆਪਣੇ ਬਕੋਵੇਂ ਨੂੰ ਮੁੱਖ ਰੱਖਦਿਆਂ ਕਿਹਾ।

ਰਾਤ ਕੁਛ ਘੰਟਾ ਚਲੀ ਗਈ ਸੀ। ਬਸੰਤ ਕੌਰ ਨੇ ਤਿੰਨ ਤਿੰਨ ਰੋਟੀਆਂ ਤੇ ਟਿੰਡਿਆਂ ਦੀ ਸਬਜ਼ੀ ਦੋਹਾਂ ਕਾਮਿਆਂ ਦੇ ਭਾਂਡਿਆਂ ਵਿਚ ਪਾ ਦਿੱਤੀ। ਉਹ ਦੋਵੇਂ ਰਾਤ ਦੀ ਰੋਟੀ ਘਰ ਲੈ ਜਾਇਆ ਕਰਦੇ ਸਨ।

"ਵੇ ਛੂੰਡਿਆ। ਤੂੰ ਵੀ ਘਰ ਲਜਾਣੀ ਏਂ ਕਿ ਇਥੇ ਖਾਣੀ ਏਂ ?" ਬਸੰਤ ਕੌਰ ਨੇ ਐਵੇਂ ਰਸਮੀ ਤੌਰ 'ਤੇ ਪੁੱਛਿਆ।

"ਏਥੇ।" ਛੂੰਡੇ ਨੇ ਬੜੀ ਕਾਹਲੀ ਸੁਰ ਵਿਚ ਉੱਤਰ ਦਿੱਤਾ, "ਮੈਂ ਸੌਣਾ ਵੀ ਏਥੇ ਆ।"

"ਏਥੇ ਕਿਥੇ ਸੌਵੇਂਗਾ?" ਬਸੰਤ ਕੌਰ ਨੇ ਮੁਸਕੜੀਆਂ 'ਚ ਹੱਸਦਿਆਂ ਪੁੱਛਿਆ।

"ਖੁਰਲੀ ਵਿਚ। ਮੇਰੀ ਮਾਂ ਆਂਹਦੀ ਸੀ, ਸਰਦਾਰਾਂ ਦੀ ਖੁਰਲੀ 'ਚ ਮਰ ਰਿਹਾ ਕਰੀਂ।" ਛੂੰਡੇ ਨੇ ਆਪਣੀ ਮਾਂ ਦੀ ਨਸੀਹਤ ਦੁਹਰਾ ਦਿੱਤੀ।

"ਇਥੇ ਸਵੇਂਗਾ ਤਾਂ ਰਾਤ ਉਠ ਕੇ ਬਲਦਾਂ ਨੂੰ ਪੱਠੇ ਪੌਣੇ ਪਿਆ ਕਰਨਗੇ।" ਕੱਥੂ ਨੇ ਜਾਂਦਿਆਂ-ਜਾਂਦਿਆਂ ਛੂੰਡੇ ਨੂੰ ਡਰਾਉਣ ਦੇ ਇਰਾਦੇ ਨਾਲ ਕਿਹਾ।

"ਮੈਂ ਪਾਇਆ ਕਰਾਂਗਾ। ਚਾਚੀ ਮੈਨੂੰ ਜਗਾ ਦਿਆ ਕਰੇ।"

"ਓਹ ਵਿਚਾਰਾ ਕਿਸੇ ਗੱਲੋਂ ਨਾਂਹ ਕਰਨ ਲੱਗਾ ਏ ?" ਬਸੰਤ ਕੌਰ ਦੇ ਦਿਲ ਵਿਚ ਛੂੰਡੇ ਵਾਸਤੇ ਹਮਦਰਦੀ ਪੈਦਾ ਹੋ ਗਈ ਸੀ।

ਦੂਸਰਿਆਂ ਦੇ ਬਰਾਬਰ ਤਿੰਨ ਰੋਟੀਆਂ ਤੇ ਟਿੰਡਿਆਂ ਦੀ ਸਬਜ਼ੀ ਛੂੰਡੇ ਨੂੰ ਮਿਲ ਗਈ। ਉਹਨੇ ਚੌਂਕੇ ਦੀ ਕੰਧ ਕੋਲ ਬਹਿ ਕੇ ਬੜੀ ਤਸੱਲੀ ਨਾਲ ਪੇਟ ਪੂਜਾ ਕੀਤੀ। ਅੱਜ ਰੋਟੀ ਖਾਣ ਵਿਚ ਉਸ ਨੂੰ ਕੁਝ ਹੋਰ ਹੀ ਸੁਆਦ ਆਇਆ।

"ਹੋਰ ਲੈਣੀ ਊ ਵੇ ਰੋਟੀ ?" ਬਸੰਤ ਕੌਰ ਨੂੰ ਲੱਛੂ ਦੇ ਮੂੰਹੋਂ ਸੁਣੀਆਂ ਯਾਦ ਆ ਗਈਆਂ ਕਿ ਛੂੰਡਾ ਰੋਟੀਆਂ ਬੜੀਆਂ ਖਾਂਦਾ ਹੈ।

"ਬੱਸ।" ਅੱਜ ਪਹਿਲੇ ਦਿਨ ਛੂੰਡੇ ਨੇ ਹੋਰ ਰੋਟੀ ਲੈਣ ਤੋਂ ਨਾਂਹ ਕੀਤੀ।

"ਜੇ ਤੂੰ ਘਰ ਨੂੰ ਨਹੀਂ ਜਾਣਾ ਤਾਂ ਔਹ ਮੰਜੀ ਫੜ ਕੇ ਬਾਹਰ ਹਵੇਲੀ ਵਿਚ ਡਾਹ ਲੈ।

ਤਾਰਿਆਂ ਦੀ ਛਾਵੇਂ ਉਠਿਆ ਕਾਮਿਆਂ ਦਾ ਇਕ ਦਿਨ ਬੀਤ ਗਿਆ।

## ੫

"ਅਮਲੀਆ! ਵਧਾਇਓਂ!"

"ਵਧਾਇਓਂ, ਸਰਦਾਰ ਨੱਥਾ ਸਿਹਾਂ!"

"ਵਧਾਇਓਂ ਭਈ! ਰੱਬ ਨੇ ਬਖ਼ਸ਼ਿਆ ਏ, ਤਾਂ ਜਿਊਣਾ ਜਾਗਣਾ ਹੋਵੇ।"

"ਬੱਸ, ਵੱਡੀ ਉਮਰ ਕਰੇ ਮਾਲਕ।"

"ਭਰਾਵੋ! ਤੁਹਾਨੂੰ ਸਾਰਿਆਂ ਨੂੰ ਲੱਖ-ਲੱਖ ਵਧਾਈਆਂ ਹੋਣ। ਇਹ ਸਭ ਤੁਹਾਡੇ ਪੈਰਾਂ ਦਾ ਸਦਕਾ ਏ, ਨਹੀਂ ਤਾਂ ਸਾਡੇ ਭਾਗਾਂ ਵਿਚ ਪੁੱਤ ਕਿੱਥੇ ਸੀ ?" ਅਮਲੀ ਨੇ ਸਾਰੇ ਵਧਾਈਆਂ ਦੇਣ ਵਾਲਿਆਂ ਨੂੰ ਧੰਨਵਾਦ ਵਜੋਂ ਕਿਹਾ।

ਪਿੰਡ ਦੇ ਵਿਚਕਾਰ ਚਾਰ ਕਨਾਲਾਂ ਥਾਂ ਖ਼ਾਲੀ ਪਿਆ ਸੀ। ਉਸ ਵਿਚ ਕੋਲੋ-ਕੋਲ ਦੋ ਨਿੰਮਾਂ ਤੇ ਇਕ ਬਰਨਾ ਖੜਾ ਸੀ। ਉਹਨਾਂ ਦੀ ਛਾਵੇਂ ਲੱਕੜੀ ਦੇ ਦੋ ਵੱਡੇ-ਵੱਡੇ ਤਖ਼ਤਪੋਸ਼ ਡੱਠੇ ਹੋਏ ਸਨ। ਵਿਹਲੇ ਵੇਲੇ ਉਹਨਾਂ ਉੱਤੇ ਚਾਰ ਆਦਮੀ ਜੁੜ ਬਹਿੰਦੇ ਸਨ। ਦਿਨ ਦਾ ਪਿਛਲਾ ਪਹਿਰ ਸੀ। ਪੰਜ-ਸੱਤ ਆਦਮੀ ਤਖ਼ਤਪੋਸ਼ਾਂ ਉੱਤੇ ਜੁੜੇ ਬੈਠੇ ਸਨ। ਅਮਲੀ ਨੱਥਾ ਸਿੰਘ ਨੇੜੇ ਆਇਆ ਤਾਂ ਸਾਰਿਆਂ ਨੇ ਉਹਨੂੰ ਖ਼ੁਸ਼ੀ ਨਾਲ ਵਧਾਈਆਂ ਦਿੱਤੀਆਂ। ਨੱਥਾ ਸਿੰਘ ਦੀ ਉਮਰ ਉਸ ਵੇਲੇ ਅਠਤਾਲੀ ਦੇ ਨੇੜੇ ਸੀ। ਉਹਦੇ ਘਰ ਛੇਆਂ ਲੜਕੀਆਂ ਪਿਛੋਂ ਲੜਕਾ ਹੋਇਆ ਸੀ। ਏਨੇ ਨਾਲ ਹੀ ਉਹਦੇ ਉਦਾਸੇ ਹੋਏ ਘਰ ਵਿਚ ਖ਼ੁਸ਼ੀ ਦਾ ਵਾਸਾ ਆ ਹੋਇਆ ਸੀ। ਇਊਂ ਭਾਸਦਾ ਸੀ, ਜਿਵੇਂ ਉਹਦੇ ਝੁਰੜੀਆਂ ਭਰੇ ਚਿਹਰੇ ਉੱਤੇ ਨਵੇਂ ਸਿਰਿਉਂ ਲਾਲੀ ਆ ਗਈ ਹੋਵੇ। ਠੀਕ ਆਹੰਦੇ ਨੇ : ਪੁੱਤਰ ਦੇ ਜੰਮਣ ਵਰਗੀ ਕੋਈ ਖ਼ੁਸ਼ੀ ਨਹੀਂ।

ਛੇ ਕੁੜੀਆਂ ਕੱਲ੍ਹ ਤੱਕ ਜੋ ਮਾਪਿਆਂ ਨੂੰ ਕਲਜੋਗਣਾਂ ਭਾਸਦੀਆਂ ਸਨ, ਅੱਜ ਦੇਵੀਆਂ ਜਾਪਣ ਲੱਗ ਪਈਆਂ। ਉਹ ਛੀਏ ਘਰ ਦੇ ਵਿਹੜੇ ਵਿਚ ਨੱਚਦੀਆਂ, ਟੱਪਦੀਆਂ, ਗੀਤ ਗਾਉਂਦੀਆਂ ਫਿਰਦੀਆਂ ਸਨ। ਇਕ ਦਿਨ ਵੀਰ ਦੀਆਂ ਘੋੜੀਆਂ ਗਾਉਂਦੀਆਂ-ਗਾਉਂਦੀਆਂ ਵਿਚ ਝਗੜਾ ਖੜਾ ਹੋ ਗਿਆ।

"ਵੀਰ ਮੇਰਾ ਏ।" ਸਾਰਿਆਂ ਤੋਂ ਛੋਟੀ ਨੇ ਆਪਣਾ ਦਾਹਵਾ ਜਤਾਉਂਦਿਆਂ ਕਿਹਾ।

"ਨਹੀਂ ਮੇਰਾ ਏ।" ਉਸ ਤੋਂ ਵੱਡੀ ਨੇ ਜ਼ੋਰ ਨਾਲ ਧਰਤੀ 'ਤੇ ਪੈਰ ਮਾਰਦਿਆਂ ਕਿਹਾ।

"ਮੇਰਾ ਏ। ਉਹ ਮੇਰੇ ਉਤੋਂ ਜੰਮਿਆਂ ਏਂ।" ਸਭ ਤੋਂ ਛੋਟੀ ਨੇ ਆਪਣੇ ਹੱਕ ਵਿਚ ਦਲੀਲ ਦਿੱਤੀ।

"ਮੇਰਾ ਏ। ਉਹਦਾ ਮੁਹਾਂਦਰਾ ਮੇਰੇ ਨਾਲ ਮਿਲਦਾ ਏ।" ਛੋਟੀ ਤੋਂ ਵੱਡੀ ਨੇ ਅਵਾਜ਼ 'ਤੇ ਜ਼ੋਰ ਦੇ ਕੇ ਕਿਹਾ। ਦਲੀਲ ਉਹਦੀ ਵੀ ਬੜੀ ਵਜ਼ਨਦਾਰ ਸੀ।

"ਭੈਣ-ਭੈਣ। ਉਹ ਆਪਣਾ ਸਾਰੀਆਂ ਦਾ ਵੀਰ ਏ।" ਚਾਰ ਨੰਬਰ ਨੇ ਦੋਹਾਂ ਛੋਟੀਆਂ ਦੇ ਹੱਥ ਫੜ ਕੇ ਕਿਹਾ।

ਇਕ ਨੰਬਰ, ਦੋ ਨੰਬਰ, ਚਾਰ ਨੰਬਰ, ਛੇ ਨੰਬਰ। ਸਾਰੀਆਂ ਦੇ ਨਾਂ ਅਮਲੀ ਨੂੰ ਯਾਦ ਨਹੀਂ ਸਨ ਰਹਿੰਦੇ। ਉਹ ਸਭ ਨੂੰ ਨੰਬਰਾਂ ਸਿਰ ਬੁਲਾਇਆ ਕਰਦਾ। ਹਾਂ, ਅਮਲੀ ਦੇ ਘਰੋਂ ਨਿਹਾਲ ਕੌਰ ਨੂੰ ਨਾਮ ਯਾਦ ਸਨ। ਸਭ ਤੋਂ ਪਹਿਲੀ ਲੜਕੀ ਹੋਈ ਤਾਂ ਉਹਨੇ ਬੜੇ ਪਿਆਰ ਨਾਲ ਨਾਮ ਰੱਖਿਆ। "ਭੈਣਾਂ, ਧੀ ਕੀ ਤੇ ਪੁੱਤਰ ਕੀ। ਸਭ ਉਸੇ ਦੀ ਦਾਤ ਏ। ਕੰਨਿਆ ਦੇਵੀ ਆਈ ਏ। ਘਰ ਭਾਗਾਂ ਵਾਲਾ ਹੋਇਆ। ਇਹ ਤਾਂ ਸਾਡਾ 'ਕਿਰਪਾਲ' ਏ।"

"ਕੁੜੇ, ਪਹਿਲਾ ਫਲ ਏ। ਆਖ, ਜਿਊਂਦੀ ਰਹੇ। ਧੀਆਂ ਪੁੱਤਾਂ ਨਾਲੋਂ ਘੱਟ ਤਾਂ ਨਹੀਂ। ਮਾਂ ਦਾ ਦੁੱਖ-ਸੁੱਖ ਤਾਂ ਧੀ ਈ ਵੰਡਦੀ ਏ।"

ਪਰ ਦੋ ਸਾਲਾਂ ਬਾਹਦ ਫੇਰ ਕੁੜੀ ਹੋ ਪਈ ਤਾਂ ਮਾਂ ਦਾ ਦਿਲ ਕੁਝ ਉਦਾਸ ਹੋ ਗਿਆ। ਆਂਢਣਾਂ-ਗਵਾਂਢਣਾਂ ਨੇ ਉਹਦਾ ਦਿਲ ਧਰਾਉਂਦਿਆਂ ਕਿਹਾ, "ਬੇਬੇ, ਚਿੰਤਾ ਕੇਹੀ। ਕੰਨਿਆ ਤਾਂ ਵੱਡੇ ਆਹੰਦੇ ਹੁੰਦੇ ਸੀ—ਦੇਵੀਆਂ ਹੁੰਦੀਆਂ ਨੇ। ਇਹ ਸਦਾ ਮਾਪਿਆਂ ਦੀ ਸੁੱਖ ਮੰਗਦੀਆਂ ਨੇ। ਧਰਮੀ ਤੇ ਰਾਜਾ ਬਾਬਲ ਤਾਂ ਧੀਆਂ ਈ ਆਹੰਦੀਆਂ ਨੇ। ਵੇਖ ਲਈਂ, ਇਹਨਾਂ ਦੇ ਭਾਗਾਂ ਨੂੰ ਅਗਲੀ ਵਾਰ ਚੰਦ ਵਰਗਾ ਪੁੱਤਰ ਹੋਵੇਗਾ, ਸਰਵਣ ਪੁੱਤਰ।" ਆਉਣ ਵਾਲੇ ਪੁੱਤਰ ਦੀ ਅਗੇਤਰੀ ਤਾਰੀਫ਼ ਕਰਕੇ ਉਹ ਮਾਂ ਦਾ ਦਿਲ ਧਰਾਉਣਾ ਚਾਹੁੰਦੀਆਂ ਸਨ।

"ਇਹ ਹੋਈ ਕਿਰਪਾਲ ਦੀ ਭੈਣ ਰਛਪਾਲ, ਰਛਪਾਲ ਕੌਰ। ਹੁਣ ਭਾਵੇਂ ਲਾਡ ਨਾਲ ਤੁਸੀਂ ਇਹਨੂੰ ਪਾਲੋ ਈ ਆਖ ਛੱਡਿਆ ਕਰੋ।" ਗਵਾਂਢਣ ਤਾਈ ਨੇ ਦੂਸਰੀ ਦਾ ਨਾਮ ਧਰ ਦਿੱਤਾ।

ਗ਼ਰੀਬ ਦੀ ਕਿਸਮਤ, ਤੀਜੀ ਵਾਰ ਫੇਰ ਕੁੜੀ ਹੋ ਪਈ। ਹੁਣ ਨਿਹਾਲ ਕੌਰ ਦਾ ਅਸਲੋਂ ਦਿਲ ਟੁੱਟ ਗਿਆ। ਦੂਸਰੀ ਦਾ ਲਾਡਾਂ ਨਾਲ ਨਾਂ ਧਰਨ ਵਾਲੀ ਤਾਈ ਨੇ ਵੀ ਮੱਥੇ ਵੱਟ ਪਾ ਕੇ ਕਿਹਾ, "ਪੱਥਰ ਆ ਗਿਆ ਏ। ਇਹਨਾਂ ਕਲਮੂਹੀਆਂ ਨੇ ਤਾਂ ਪੈਛੜ ਈ ਪਾ ਲਈ ਏ। ਏਹਾ ਘਰ ਦਿੱਸ ਪਿਆ ਸਾਰੀਆਂ ਨੂੰ। ਖਵਰੇ ਕਿੱਥੇ ਬਹਿ ਕੇ ਸਲਾਹ ਪਕਾ ਲਈ ਨੇ ?"

"ਕੋਈ ਨਹੀਂ, ਪਰਭਾਣੀ। ਰੱਬ ਦਾ ਜੀਅ ਏ ਇਹ ਵੀ। ਜੀਹਨੂੰ ਅੱਲ੍ਹਾ ਭੇਜੇ, ਉਹਨੇ ਐਣਾ ਈ ਹੋਇਆ। ਪਰ ਮੇਰੀ ਅੱਜ ਦੀ ਆਖੀ ਯਾਦ ਰੱਖਿਓ। ਤੀਜੀ ਕੁੜੀ

ਪਿਛੋਂ ਹਰ ਹਾਲ ਮੁੰਡਾ ਹੁੰਦਾ ਏ।" ਫੱਤੋ ਮਿਰਾਸਣ ਨੇ ਆਪਣੀ ਗੱਲ ਉੱਤੇ ਜ਼ੋਰ ਦੇ ਕੇ ਕਿਹਾ। "ਜ਼ਰਾ ਏਨਾ ਆਹੰਦੇ ਨੇ, ਪਈ ਤ੍ਰਿੱਖਲ ਚੰਗਾ ਨਹੀਂ ਹੁੰਦਾ, ਪਰ ਕੋਈ ਗੱਲ ਨਹੀਂ। ਤ੍ਰਿੱਖਲ ਦਾ ਉਪਾਅ ਕਰ ਲਵਾਂਗੇ। ਮੈਂ ਸਾਈਂ ਕੋਲੋਂ ਧਾਗਾ ਕਰਾ ਲਿਆਵਾਂਗੀ। ਤੁਸੀਂ ਇਹਦਾ ਨਾਂ 'ਭਾਈਆਂ' ਰੱਖੋ, ਭਰਾਵਾਂ ਦੀ ਭੈਣ।"

ਸਾਰਿਆਂ ਦਾਈ ਦੀ ਮੰਨ ਕੇ ਤੀਜੀ ਕੁੜੀ ਦਾ ਨਾਂ 'ਭਾਈਆਂ' ਰੱਖ ਦਿੱਤਾ। ਬੜਾ ਅਜੀਬ ਜੇਹਾ ਨਾਮ ਸੀ, ਪਰ ਮਾਪਿਆਂ ਨੂੰ ਇਹਦੇ ਵਿਚ ਵੀ ਬੜੇ ਅਰਥ ਲੁਕੇ ਹੋਏ ਨਜ਼ਰ ਆ ਰਹੇ ਸਨ।

ਚੌਥੇ ਬਾਲ ਦੇ ਹੋਣ ਦੇ ਦਿਨ ਨੇੜੇ ਆ ਗਏ ਤਾਂ ਨਿਹਾਲ ਕੌਰ ਹੱਥ ਜੋੜ-ਜੋੜ ਅਰਦਾਸਾਂ ਕਰਨ ਲੱਗੀ, "ਚਲੋ ਰੱਬ ਸਾਨੂੰ ਤ੍ਰਿੱਖਲ ਈ ਦੇ ਦੇਵੇ। ਆਹੰਦੇ ਨੇ : ਤ੍ਰਿੱਖਲ ਮਾਂ ਪਿਉ ਸਿਰ ਭਾਰੂ ਹੁੰਦਾ ਏ। ਪਿਉ ਸਿਰ ਨਾ ਹੋਵੇ, ਮਾਂ ਦਾ ਕੋਈ ਡਰ ਨਹੀਂ। ਇਕ ਵਾਰ ਪੁੱਤ ਦੀ ਮਾਂ ਬਣ ਜਾਵਾਂ, ਫੇਰ ਭਾਵੇਂ ਕੁਝ ਹੋ ਜਾਵੇ।"

ਮਾੜਿਆਂ ਦੇ ਗੁਣ ਵਿਚੇ ਵਿਚ। ਉਹਨਾਂ ਘਰ ਤ੍ਰਿੱਖਲ ਵੀ ਨਾ ਜੰਮਿਆ। ਜੰਮੀ ਤਾਂ ਮੁਰਦੋ ਜੇਹੀ ਕੁੜੀ।

"ਮਰੋ ਨੀ, ਪਰ੍ਹਾਂ। ਤੁਸੀਂ ਤਾਂ ਮੀਂਹ ਦੇ ਪਾਣੀ ਵਾਂਗ ਨਵਾਣ ਨੂੰ ਈ ਤੁਰ ਪਈਆਂ। ਏਹਾ ਵੇਖ ਲਏ ਸਾਰੇ ਪਿੰਡਾਂ ਵਿਚੋਂ।" ਤਾਈ ਨੇ ਖਿੱਝ ਕੇ ਕਿਹਾ।

"ਤਾਈ! ਇਹਦਾ ਕੀ ਨਾਂ ਰੱਖੀਏ?" ਵੱਡੀ ਕੁੜੀ ਨੇ ਸੰਗਦਿਆਂ ਝਿਜਕਦਿਆਂ ਪੁੱਛਿਆ।

"ਇਹਦਾ ਨਾਂ 'ਮਰੋ'। ਤੁਸੀਂ ਸਾਰੀਆਂ ਮਰੋ, ਮਗਰੋਂ ਲਹੋ।"

"ਨਾ ਤਾਈ। ਫੇਰ ਤੈਨੂੰ ਤਾਈ ਕੌਣ ਆਖੂ। ਇਹ ਵੀ ਰੱਬ ਦਾ ਜੀਅ ਏ, ਸਾਡੀ ਭੈਣ, ਭੈਣ ਦੇ ਦਿਲ ਵਿਚ ਨਵ-ਜੰਮੀ ਭੈਣ ਵਾਸਤੇ ਵੀ ਤਰਸ ਦੀ ਭਾਵਨਾ ਸੀ।

ਬਿਨਾਂ ਬਹੁਤਾ ਜ਼ੋਰ ਦਿੱਤਿਆਂ ਹੀ ਚੌਥੀ ਦਾ ਨਾਂ 'ਮਰੋ' ਪੱਕ ਗਿਆ। ਮਾਂ ਨੇ ਵਾਜ ਮਾਰਨੀ, 'ਕੁੜੇ ਮਰੋ।' ਪਤਾ ਨਹੀਂ, ਉਹ ਇਕ ਨੂੰ ਬੁਲਾਉਂਦੀ ਹੁੰਦੀ ਕਿ ਸਾਰੀਆਂ ਵਾਸਤੇ ਦੁਆ ਕਰ ਰਹੀ ਹੁੰਦੀ।

ਕੁੜੀਆਂ ਦੇ ਨਾਂ ਰੱਖਦੀ-ਰੱਖਦੀ ਗਵਾਂਢਣ ਤਾਈ ਵੀ ਅੱਕ ਗਈ ਸੀ। ਪੰਜਵੀਂ ਕੁੜੀ ਦਾ ਨਾਂ ਉਹਨੇ 'ਅੱਕੋ' ਰੱਖ ਦਿੱਤਾ। ਜੰਮਣ ਪਾਲਣ ਵਾਲੀਆਂ ਅੱਕ ਗਈਆਂ ਸਨ, ਪਰ ਆਉਣ ਵਾਲੀਆਂ ਅਜੇ ਨਹੀਂ ਸਨ ਮੁੱਕੀਆਂ। ਛੇਵੀਂ ਵਾਰ ਫਿਰ ਕੁੜੀ ਹੋ ਪਈ।

"ਪਰਭਾਣੀ! ਇਹਨੂੰ ਮੰਦਾ ਨਾ ਬੋਲੀਂ। ਆਪਣਾ ਤਕੀਏ ਵਾਲਾ ਸਾਈਂ ਪੀਰ ਸ਼ਾਹ ਤਾਂ ਜ਼ਾਹਰਾ ਵਲੀ ਜੇ। ਉਹਨੇ ਮੈਨੂੰ ਤਿੰਨ ਮਹੀਨੇ ਪਹਿਲਾਂ ਦੱਸ ਦਿੱਤਾ ਸੀ। ਮੈਂ

ਤਿੰਨ ਜੁੰਮੇਰਾਤਾਂ ਉਹਨੂੰ ਚੂਰਮਾ ਚੜ੍ਹੌਣ ਜਾਂਦੀ ਰਹੀ। ਪੀਰ ਤ੍ਰੁੱਠਾ ਤੇ ਤੀਸਰੀ ਵਾਰ ਉਹਨੇ ਕਿਹਾ, 'ਮਾਈ ਫ਼ਾਤਮਾ! ਤੂੰ ਬੜੇ ਸਿਦਕੋਂ ਵਾਲੀ ਏਂ। ਨੈ ਤੇਨੂੰ ਰੱਬੀ ਰਮਜ਼ ਦਸਦੇ ਆਂ ਅੱਜ। ਇਸ ਵਾਰ ਤਾਂ ਮਾਈ ਨਿਹਾਲ ਕੌਰ ਦੇ ਘਰ ਕੁੜੀ ਈ ਹੋਵੇਗੀ, ਪਰ ਅਗਲੀ ਵਾਰ ਜ਼ਰੂਰ ਪੁੱਤਰ ਹੋਵੇਗਾ। ਏਸ ਕੰਨਿਆ ਦਾ ਨਾਂ ਤੁਸੀਂ 'ਵੀਰੋ' ਰੱਖਿਓ। ਇਹ ਵੀਰ ਦੀ ਬਾਂਹ ਫੜ ਕੇ ਆਈ ਏ।' ਹੁਣ ਤੁਸੀਂ ਮੇਰੀ ਆਖੀ ਅਜ਼ਮਾਅ ਲਿਓ। ਝੂਠ ਨਿਕਲੇ ਤਾਂ ਮੈਨੂੰ ਨੀਵੇਂ ਥਾਂ ਬਹਾ ਲਿਓ।"

ਦਾਈ ਦਾ ਇਹ ਮਿੱਠਾ ਲਾਰਾ ਸੁਣ ਕੇ ਹੋਰ ਤਾਂ ਕੋਈ ਨਾ ਬੋਲਿਆ, ਪਰ ਵੱਡੀ ਕੁੜੀ ਤੋਂ ਨਾ ਰਿਹਾ ਗਿਆ, "ਕਿੱਡੀ ਲਾਰਿਆਂ ਹੱਥੀ ਏ ਅੰਮਾ ਫੱਤੋ। ਹੋਰਨਾਂ ਘਰ ਮੁੰਡੇ ਜਮਾ ਔਂਦੀ ਏ ਤੇ ਸਾਡੇ ਘਰ ਕੁੜੀਆਂ। ਊਂਹ।"

"ਧੀ ਰਾਣੀ! ਅਗਲੀ ਵਾਰ ਤੇਰੀ ਮਾਂ ਘਰ ਵੀ ਮੁੰਡਾ ਈ ਹੋਵੇਗਾ। ਸਵੇਰੇ ਸ਼ਾਮ ਅੱਲ੍ਹਾ ਦਾ ਨਾਂ ਲਿਆ ਕਰੋ ਸਾਰੀਆਂ ਰਲ ਕੇ।" ਫੱਤੋ ਨੇ ਵੱਡੀ ਕਿਰਪਾਲ ਦਾ ਸਿਰ ਪਲੋਸਦਿਆਂ ਕਿਹਾ।

ਆਪਣੇ ਮੂੰਹੋਂ ਉਹ ਆਪਣਾ ਨਾਂ ਫ਼ਾਤਮਾ ਦੱਸਿਆ ਕਰਦੀ ਸੀ ਪਰ ਪਿੰਡ ਸਾਰਾ ਉਹਨੂੰ ਫੱਤੋ ਹੀ ਕਹਿੰਦਾ ਸੀ। ਫੱਤੋ ਮਰਾਸਣ, ਮੀਰਜ਼ਾਦੀ, ਦਾਈ ਜਾਂ ਅੰਮਾ ਫੱਤੋ।

ਫੱਤੋ ਦੀ ਸਲਾਹ ਕੁੜੀਆਂ ਨੇ ਅਕਾਸ਼ਬਾਣੀ ਵਾਂਗ ਦਿਲ ਵਿਚ ਵਸਾ ਲਈ। ਸਵੇਰੇ ਉਠਦੇ ਸਾਰ ਤੇ ਰਾਤ ਸੌਣ ਲੱਗਿਆਂ ਉਹ ਸਾਰੀਆਂ ਹੱਥ ਜੋੜ ਕੇ ਕਈ ਵਾਰ ਦੁਹਰਾਉਂਦੀਆਂ : "ਰੱਬਾ ਇਕ ਵੀਰ ਦਿਹ। ਰੱਬਾ ਇਕ ਵੀਰ ਦਿਹ।"

ਛੋਟੀ ਵੀਰੋ ਸ਼ਬਦ ਸਾਫ਼ ਨਹੀਂ ਸੀ ਕਹਿ ਸਕਦੀ। ਪਰ ਭੈਣਾਂ ਦੇ ਬਰਾਬਰ ਹੱਥ ਜੋੜ ਕੇ ਉਹ 'ਬੱਬਾ, ਬੱਬਾ, ਬੀ ਦੇਹ!' ਹੀ ਉਚਾਰੀ ਜਾਂਦੀ।

ਤੇ ਸੱਤਵੇਂ ਵਿਅੰਮ ਵਾਰ ਨਿਹਾਲ ਕੌਰ ਦੇ ਘਰ ਪੁੱਤਰ ਹੋਇਆ। ਵੀਰੋ ਉਸ ਵੇਲੇ ਤਿੰਨ ਸਾਲਾਂ ਦੀ ਹੋ ਗਈ ਸੀ। ਉਹ ਵੀਰ ਉੱਤੇ ਸਭ ਤੋਂ ਵਧੇਰੇ ਹੱਕ ਆਪਣਾ ਹੀ ਸਮਝਦੀ ਸੀ।

ਵਧਾਈਆਂ ਨਾਲ ਅਮਲੀ ਨੱਥਾ ਸਿੰਘ ਦਾ ਘਰ ਗੂੰਜ ਉੱਠਿਆ। ਜੀਹਨੇ ਵੀ ਸੁਣਿਆ, ਬੜੇ ਚਾਅ ਨਾਲ ਵਧਾਈ ਦੇਣ ਆਇਆ। ਸ਼ਾਮ ਨੂੰ ਲੱਖਾ ਸਿੰਘ ਉਚੇਚਾ ਉਹਦੇ ਘਰ ਵਧਾਈ ਦੇਣ ਗਿਆ। ਉਹ ਦੋਵੇਂ ਸ਼ਰੀਕੇ ਵਿਚੋਂ ਭਰਾ ਲਗਦੇ ਸਨ, ਭਾਵੇਂ ਦੋਹਾਂ ਦੀ ਉਮਰ ਵਿਚ ਤੇਈ ਸਾਲ ਦਾ ਫ਼ਰਕ ਸੀ।

"ਭਾਅ ਨੱਥਾ ਸਿਹਾਂ! ਘਰੇ ਏਂ।" ਲੱਖਾ ਸਿੰਘ ਨੇ ਬੂਹੇ ਵਿਚ ਖਲੋ ਕੇ ਅਵਾਜ਼ ਮਾਰੀ।

"ਆ ਜਾ, ਚਾਚਾ। ਲੰਘ ਆ।" ਵੱਡੀ ਕੁੜੀ ਨੇ ਸਾਹਮਣੇ ਖਲੋ ਕੇ ਸਵਾਗਤ ਵਜੋਂ ਕਿਹਾ।

ਅਵਾਜ਼ ਸੁਣ ਕੇ ਨੱਥਾ ਸਿਘ ਵੀ ਅੰਦਰੋਂ ਨਿਕਲ ਆਇਆ।

"ਅਮਲੀਆ! ਵਧਾਇਓਂ।" ਲੱਖਾ ਸਿਘ ਨੇ ਖਿੜੇ ਚਿਹਰੇ ਨਾਲ ਵਧਾਈ ਦਿੱਤੀ।

"ਆ ਭਰਾ, ਤੁਹਾਨੂੰ ਈ ਵਧਾਈਆਂ ਨੇ ਨਾ। ਬਹਿ ਜਾ।" ਅਮਲੀ ਨੇ ਵਿਹੜੇ ਵਿਚ ਡੱਠੇ ਮੰਜੇ ਵੱਲ ਇਸ਼ਾਰਾ ਕੀਤਾ।

"ਕਿਤੇ ਵੱਡੇ ਕਰਮ ਹੋਏ ਤਾਂ ਰੱਬ ਏਸ ਘਰ 'ਤੇ ਭੁੱਲਿਆ।" ਕਹਿੰਦਾ ਹੋਇਆ ਲੱਖਾ ਸਿਘ ਮੰਜੇ ਉੱਤੇ ਪੈਂਦ ਵਾਲੇ ਪਾਸੇ ਕਰਕੇ ਬਹਿ ਗਿਆ। ਨਾਲ ਹੀ ਉਹਨੇ ਅਮਲੀ ਨੂੰ ਵੀ ਆਪਣੇ ਬਰਾਬਰ 'ਤੇ ਬਹਿਣ ਦਾ ਇਸ਼ਾਰਾ ਕੀਤਾ। "ਸਮਝ, ਅਹਿਨਾਂ ਕੰਨਿਆਂ ਦੇ ਭਾਗਾਂ ਨੂੰ ਉਹਦੀ ਮੇਹਰ ਹੋਈ ਏ।"

"ਏਹ ਤਾਂ ਵਚਾਰੀਆਂ ਦੋਵੇਂ ਵੇਲੇ ਹੱਥ ਜੋੜ ਕੇ ਜਾਪ ਕਰਦੀਆਂ ਰਹਿੰਦੀਆਂ ਸਨ। ਬੱਸ ਇਕੋ ਰੱਟ : 'ਰੱਬਾ ਵੀਰ ਦਿਹ, ਰੱਬਾ ਵੀਰ ਦਿਹ'।" ਅਮਲੀ ਵੀ ਲੱਖਾ ਸਿਘ ਦੇ ਨਾਲ ਲੱਗ ਕੇ ਬਹਿ ਗਿਆ।

"ਵੇਖ ਲੈ ਫਿਰ, ਰੱਬ ਨੇ ਇਹਨਾਂ ਦੀ ਸੁਣ ਲਈ ਨਾ। ਤੇ ਜੇ ਕਿਤੇ ਚੂਹੜ ਸਿਘ ਵਾਂਗ ਤੁਸਾਂ ਕਿਸੇ ਦਾ ਬੁਰਾ ਤੱਕਿਆ ਹੁੰਦਾ ਤਾਂ ਸਾਰੀ ਉਮਰ ਸਿਰ ਤੋਂ ਪਾਪ ਨਹੀਂ ਸੀ ਲਹਿਣਾ।" ਲੱਖਾ ਸਿਘ ਦਾ ਇਸ਼ਾਰਾ ਉਸ ਵਿਚਾਰੇ ਚੂਹੜ ਸਿਘ ਵੱਲ ਸੀ, ਜਿਸ ਦੀ ਘਰ ਦੀ ਨੇ ਗ਼ਰੀਬੀ ਤੋਂ ਤੰਗ ਆ ਕੇ ਦੋ ਕੁੜੀਆਂ ਜੰਮਦੀਆਂ ਮਾਰ ਦਿੱਤੀਆਂ ਸਨ।

"ਵਾ-ਗੁਰੂ! ਬੁਰਾ ਕਿਹੜੀ ਗੱਲੋਂ ਤਕਣਾ ਸੀ। ਇਹਨਾਂ ਆਪਣੇ ਭਾਗ ਲੈਣੇ ਨੇ। ਆਪੇ ਜੀਹਨੇ ਚੁੰਝ ਦਿੱਤੀ ਏ, ਚੋਗ ਵੀ ਦੇਵੇਗਾ।" ਪੁਰਾਣੇ ਸੰਸਕਾਰਾਂ ਦਾ ਅਸਰ, ਅਮਲੀ ਦਾ ਭਾਗਾਂ ਉੱਤੇ ਅਟੱਲ ਵਿਸ਼ਵਾਸ ਸੀ।

"ਓ ਜੀ, ਸਿਆਣਿਆਂ ਦਾ ਅਖਾਣ ਏ : ਜਿੰਨੇ ਜੀਅ, ਓਨੀਆਂ ਬਰਕਤਾਂ। ਖਵਰੇ ਇਹਨਾਂ ਕੁੜੀਆਂ ਵਿਚੋਂ ਕਿਹੜੀ ਕਿਸਮਤ ਵਾਲੀ ਏ। ਵਚਾਰੀਆਂ ਦੀ ਸੱਧਰ ਪੂਰੀ ਹੋਈ। ਭਰਾ ਬਿਨਾਂ ਤਾਂ ਭੈਣਾਂ ਨੂੰ ਮਾਪਿਆਂ ਦਾ ਘਰ ਈ ਨਹੀਂ ਸੋਹੰਦਾ। ਰੱਬ ਨੇ ਦਿੱਤਾ ਏ ਤਾਂ ਜਿਊਣਾ-ਜਾਗਣਾ ਹੋਵੇ।"

"ਜੀ, ਉਸੇ ਦੀ ਮਾਇਆ ਏ ਸਭ। ਉਸੇ ਦਿੱਤਾ ਏ, ਓਹਾ ਰੱਖਿਆ ਕਰੇਗਾ।"

"ਇਹ ਠੀਕ ਏ, ਸਭ ਕੁਝ ਉਸੇ ਦੇ ਵੱਸ ਏ, ਪਰ ਬੰਦਾ ਉਹਨੂੰ ਯਾਦ ਨਹੀਂ ਕਰਦਾ। ਓਦਣ ਸੰਗਰਾਂਦ ਵਾਲੇ ਦਿਨ ਗੁਰਦੁਆਰੇ ਬਾਬੇ ਨੇ ਸੁਣਾਇਆ ਸੀ ਨਾ। ਗੁਰਬਾਣੀ ਦੀ ਤੁਕ ਤਾਂ ਮੈਨੂੰ ਯਾਦ ਨਹੀਂ ਰਹੀ, ਪਰ ਇਉਂ ਸੀ ਕੁਝ ਕਿ ਜਿੰਨਾ ਆਦਮੀ ਲੋੜ ਬਣੀ 'ਤੇ ਉਹਨੂੰ ਯਾਦ ਕਰਦਾ ਏ, ਵੇਲਾ ਕੱਢ ਕੇ ਪਿਛੋਂ ਚੇਤਾ ਈ ਭੁਲਾ ਦੇਂਦਾ ਏ।"



WWW.SIKHBOOKCLUB.COM 

"ਬੱਸ, ਓਹਾ ਗੱਲ ਕਿ ਨੈਂ ਲੰਘੀ ਤੇ ਖੁਆਜਾ ਵਿਸਰਿਆ।" ਅਮਲੀ ਨੇ ਪੰਜਾਬੀ ਦਾ ਇਕ ਢੁੱਕਦਾ ਅਖਾਣ ਸੁਣਾ ਦਿੱਤਾ।

"ਪਰ ਆਪਾਂ ਨਹੀਂ ਉਹਨੂੰ ਭੁਲੌਣਾ।" ਲੱਖਾ ਸਿੰਘ ਨੇ ਸ਼ਬਦ 'ਆਪਾਂ' ਵਰਤ ਕੇ ਇਹ ਸਾਬਤ ਕਰਨ ਦਾ ਯਤਨ ਕੀਤਾ, ਜਿਵੇਂ ਉਹ ਦੋਵੇਂ ਇਕੋ ਰੂਪ ਜਾਂ ਅੰਗ ਨਿਗਦੇ ਹੁੰਦੇ ਹਨ।

"ਉਹਨੂੰ ਭੁਲਾ ਕੇ ਆਪਣਾ ਹੋਰ ਕਿਹੜਾ ਥਾਂ ਏ ? ਮਾੜਿਆਂ ਦਾ ਤਾਂ ਹੁੰਦਾ ਈ ਇਕ ਰੱਬ ਏ।"

"ਅਮਲੀਆ! ਤੂੰ ਕਿਧਰੋਂ ਮਾੜਾ ਏਂ। ਤੂੰ ਭਰਾਵਾਂ ਦਾ ਭਰਾ, ਸਾਡਾ ਸਾਹਿਬ।" ਲੱਖਾ ਸਿੰਘ ਨੇ ਉਸ ਦੀ ਵਡਿਆਈ ਕਰਨੀ ਬੜੀ ਜ਼ਰੂਰੀ ਸਮਝੀ।

"ਇਹ ਤਾਂ ਤੇਰੀ ਮੇਹਰਬਾਨੀ ਏਂ, ਪਰ ਫਿਰ ਵੀ.....।"

"ਵੇਖ, ਆਦਮੀ ਕੋਈ ਮਾੜਾ ਨਹੀਂ ਹੁੰਦਾ। ਆਦਮੀ ਦਾ ਦਿਲ ਮਾੜਾ ਹੁੰਦਾ ਏ। ਕਈ ਹੁੰਦਿਆਂ-ਸੁੰਦਿਆਂ ਵੀ ਰੱਬ ਦੇ ਰਾਹ 'ਤੇ ਦੇਣ ਜੋਗੇ ਨਹੀ ਹੁੰਦੇ। ਪੁੰਨ ਦਾਨ ਕਰਨਾ ਉਹਨਾਂ ਦੇ ਭਾਗਾਂ ਵਿਚ ਈ ਨਹੀਂ ਹੁੰਦਾ ਤੇ ਕਈ ਨੰਗੇ ਧੜ ਉੱਤੇ ਸਭ ਕੁਝ ਵਾਰ ਦੇਂਦੇ ਨੇ ਤੇ ਰੱਬ ਵੀ—ਜਾਣਦਾ ਏਂ—ਦੇਂਦਿਆਂ ਨੂੰ ਦੇਂਦਾ ਏ।"

"ਇਹ ਤਾਂ ਤੇਰੀ ਗੱਲ ਠੀਕ ਏ। ਅਖੇ : ਤੂੰ ਰੱਬ ਦੇ ਨਾਂ 'ਤੇ ਦਿਹ, ਰੱਬ ਤੈਨੂੰ ਦੇਵੇਗਾ।" ਅਮਲੀ ਨੇ ਵੀ ਹਾਮੀ ਭਰ ਦਿੱਤੀ।

"ਵੇਖੁਾਂ, ਰੱਬ ਤੇਰਾ ਭਲਾ ਕਰੇ। ਮੈਂ ਵੀ ਏਹਾ ਆਖਣ ਲੱਗਾ ਸਾਂ। ਛੇਆਂ ਲੜਕੀਆਂ ਪਿਛੋਂ ਵਾਹਿਗੁਰੂ ਨੇ ਲਾਲ ਬਖ਼ਸ਼ਿਆ ਏ। ਸੋ ਕੁਝ ਪੁੰਨ ਦਾਨ ਕਰਨਾ ਚਾਹੀਦਾ ਏ। ਐਵੇਂ ਤਾਂ ਦੁਨੀਆਂ ਮੂੰਹ 'ਚ ਪਾ ਲੈਂਦੀ ਏ।" ਲੱਖਾ ਸਿੰਘ ਨੇ ਅਮਲੀ ਨੂੰ ਘੇਰ ਕੇ ਆਪਣੇ ਨਿਸ਼ਾਨੇ 'ਤੇ ਲੈ ਆਂਦਾ।

"ਫਿਰ ਤੂੰ ਸਿਆਣਾ ਏਂ, ਜਿਵੇਂ ਆਖੇਂ।" ਸ਼ਬਦਾਂ ਦੇ ਜਾਲ ਵਿਚ ਫਸੇ ਅਮਲੀ ਨੇ ਹਾਮੀ ਭਰ ਦਿੱਤੀ।

"ਮੇਰੀ ਮੰਨੇ ਤਾਂ ਇਕ ਅਖੰਡ ਪਾਠ ਕਰਾ। ਇਹਦੇ ਵਰਗਾ ਹੋਰ ਕੋਈ ਪੁੰਨ ਨਹੀਂ। ਕਲਜੁਗ ਵਿਚ ਤਾਂ ਇਕ ਬਾਬੇ ਦੀ ਬਾਣੀ ਈ ਏਂ ਸਭ ਦੇ ਬੇੜੇ ਬੰਨੇ ਲੌਣ ਵਾਲੀ ਤੇ ਨਾਲ ਚਾਰ ਪੰਜ ਦੇਗਾਂ ਚੌਲਾਂ ਦੀ ਲਾਹ ਲਵੇਂ। ਗ਼ਰੀਬ-ਗ਼ੁਰਬੇ ਦੇ ਮੂੰਹ ਪਵੇਗਾ ਤਾਂ ਉਹ ਅਸੀਸਾਂ ਦੇਣਗੇ। ਪੁਜਦਾ ਸਰਦਾ, ਕੁਝ ਸਿੱਖਾਂ ਨੂੰ ਪਰਸ਼ਾਦ ਛਕਾ ਦੇਈਂ।" ਲੱਖਾ ਸਿੰਘ ਨੇ ਆਪਣੀ ਯੋਜਨਾ ਦਾ ਪਹਿਲਾ ਰੂਪ ਉਹਦੇ ਸਾਹਮਣੇ ਪ੍ਰਗਟ ਕਰ ਦਿੱਤਾ।

"ਲੱਖਾ ਸਿਹਾਂ! ਗੱਲ ਤਾਂ ਤੇਰੀ ਠੀਕ ਏ। ਏਹੋ ਜੇਹੇ ਖ਼ੁਸ਼ੀ ਦੇ ਸਮੇਂ ਖ਼ਰਚ ਕਰਨ ਨੂੰ ਕੀਹਦਾ ਜੀਅ ਨਹੀਂ ਕਰਦਾ, ਪਰ.....।" ਅਮਲੀ ਨੱਥਾ ਸਿੰਘ ਨੇ ਕੁਝ ਚਿੰਤਾ ਕਰਦਿਆਂ ਕਿਹਾ। ਘਰ ਦੀ ਮਾਲੀ ਹਾਲਤ ਉਹਦੀਆਂ ਅੱਖਾਂ ਦੇ ਸਾਹਮਣੇ ਸੀ।

"ਵੇਖ ਅਮਲੀਆ! ਆਦਮੀ ਦੇ ਦਿਨ ਫਿਰ ਪੈਂਦੇ ਨੇ, ਪਰ ਜੇ ਵੇਲੇ ਤੋਂ ਖੁੰਝ ਜਾਈਏ ਤਾਂ ਉਹ ਫੇਰ ਹੱਥ ਨਹੀਂ ਐਂਦਾ। ਮਾਇਆ ਤਾਂ ਐਣੀ ਜਾਣੀ ਏਂ! ਜਿਸ ਜ਼ਿਮੀਂਦਾਰ ਦੇ ਦੋ ਫ਼ਸਲ ਚੰਗੇ ਲੱਗ ਗਏ, ਓਹਾ ਬਾਦਸ਼ਾਹ। ਭਲਾ ਤੂੰ ਕਿਹੜੇ ਨਾਲੋਂ ਮਾੜਾ ਏਂ ? ਬਾਹਰ ਮਿੱਟੀ ਦੀ ਮੁੱਠ ਚੰਗੀ ਏ। ਘਾਟ ਤਾਂ ਬੰਦਿਆਂ ਦੀ ਸੀ। ਦੋਵੇਂ ਵੱਡੀਆਂ ਬੀਬੀਆਂ ਦੀ ਥਾਂ ਪੁੱਤਰ ਹੁੰਦੇ ਤਾਂ ਇਸ ਵੇਲੇ ਤੂੰ ਸਾਰਿਆਂ ਨਾਲੋਂ ਮੀਰੀ ਸੈਂ। ਰੱਬ ਨੇ ਹੁਣ ਉਹ ਥੁੜ੍ਹ ਵੀ ਪੂਰੀ ਕਰ ਦਿੱਤੀ ਏ। ਸਿਆਣੇ ਆਹੰਦੇ ਨੇ : ਪੁੱਤਰ ਤਾਂ ਸੌਣ ਦਾ ਘਾਹ ਹੁੰਦੇ ਨੇ। ਵਧਦਿਆਂ ਦੇਰ.ਨਹੀਂ ਲਗਦੀ। ਹੋਰ ਦਸਾਂ ਵਰ੍ਹਿਆਂ ਨੂੰ ਸਮਝ ਗਭਰੂ ਹੋਇਆ ਖੜਾ ਏ। ਫੇਰ ਤੇਰੇ ਸਭ ਦੁੱਖ-ਦਲਿੱਦਰ ਦੂਰ ਹੋ ਜਾਣਗੇ। ਇਸ ਵੇਲੇ ਪੁੰਨ ਦਾਨ ਕਰਨ ਤੋਂ ਭੈੜਾ ਨਹੀਂ ਪੈਣਾ। ਖਵਰੇ ਵਾਹਿਗੁਰੂ ਮੇਹਰ ਕਰੇ ਤੇ ਦੋ ਹੋਰ ਵਰ੍ਹਿਆਂ ਨੂੰ ਤੇਰੀ ਜੋੜੀ ਰਲਾ ਦੇਵੇ।" ਹਰ ਢੰਗ ਨਾਲ ਹੱਲਾ-ਸ਼ੇਰੀ ਦੇ ਕੇ ਲੱਖਾ ਸਿੰਘ, ਅਮਲੀ ਨੂੰ ਤਿਆਰ ਕਰਨ ਉੱਤੇ ਤੁੱਲਿਆ ਹੋਇਆ ਸੀ।

"ਭੈੜਾ ਨਹੀਂ ਪੈਂਦਾ ਮੈਂ ਕਿਸੇ ਗੱਲੋਂ, ਪਰ ਮਾਰਦਾ ਤਾਂ ਰੇੜ ਦਾ ਨੰਗ ਏ ਪਿਆ। ਤੈਨੂੰ ਪਤਾ ਏ ਘਰ ਦੇ ਖ਼ਰਚਾਂ ਦਾ। ਐਸ ਕੁੜੀਆਂ ਦੀ ਧਾੜ ਦੇ ਲੀੜੇ ਈ ਮਾਣ ਨਹੀਂ। ਫਿਰ ਘਰ ਦਾ ਕਰਨ ਵਾਲਾ ਕੋਈ ਨਾ ਹੋਇਆ। ਨਿਰੇ ਕਾਮੇ ਤਾਂ ਆਹੰਦੇ ਨੇ : ਤਵੇ 'ਤੇ ਗੜਾ ਨਾ ਪਵੇ। ਉਹ ਮਸਾਂ ਆਪਣੇ ਖਾਣ ਜੋਗੇ ਈ ਕਮੌਂਦੇ ਨੇ। ਤਾਂ ਇਹ ਅਖੰਡ ਪਾਠ ਦਾ ਖ਼ਰਚ.....।" ਅਮਲੀ ਅਗ੍ਹਾਂ ਵਾਕ ਪੂਰਾ ਨਾ ਕਰ ਸਕਿਆ।

"ਇਹ ਗੁਰੂ ਤਾਂ ਸਾਰਧ ਏ, ਗੁਰੂ ਆਪੇ ਕਰ ਲਵੇਗਾ। ਬਾਬੇ ਹੋਰੀਂ ਪੜ੍ਹਦੇ ਹੁੰਦੇ ਨੇ : ਹਰ ਜਨ ਤੁਮਰੇ ਕਾਜ ਸਵਾਰੇ। ਤਕੜਾ ਹੋ ਕੇ ਉਪਰਾਲਾ ਕਰ ਦੇ। ਸਭ ਕੁਝ ਹੋ ਜਾਇਗਾ।" ਲੱਖਾ ਸਿੰਘ ਨੇ ਇਸ਼ਾਰੇ ਨਾਲ ਭਰੋਸਾ ਦੁਆਇਆ।

"ਫਿਰ ਜਾਂ ਤਾਂ ਥੋੜੀ ਬਹੁਤੀ ਮਦਦ ਕਰ ਖਾਂ! ਕਪਾਹ ਤੋਂ ਲੈ ਲਵੀਂ।" ਅਮਲੀ ਸਾਫ਼ ਸ਼ਬਦਾਂ ਵਿਚ ਭਰੋਸਾ ਚਾਹੁੰਦਾ ਸੀ।

"ਮੈਂ ਆਖਿਆ, ਤੂੰ ਕਿਹੜੇ ਵਹਿਮ ਵਿਚ ਪੈ ਗਿਆ ਏਂ। ਸਭ ਕੁਝ ਹੋ ਜਾਇਗਾ। ਤੂੰ ਤਕੜਾ ਹੋ ਕੇ ਉੱਦਮ ਕਰ।" ਲੱਖਾ ਸਿੰਘ ਸਾਫ਼ ਸ਼ਬਦਾਂ ਵਿਚ ਵਾਅਦਾ ਕਰਨਾ ਠੀਕ ਨਹੀਂ ਸੀ ਸਮਝਦਾ।

ਕੁਝ ਮਿੰਟ ਹੋਰ ਰਸਮੀ ਗੱਲਾਂ-ਬਾਤਾਂ ਹੁੰਦੀਆਂ ਰਹੀਆਂ। ਦੋ ਘੰਟੇ ਅਮਲੀ ਕੋਲ ਬਹਿ ਕੇ ਲੱਖਾ ਸਿੰਘ ਘਰ ਨੂੰ ਚਲਾ ਗਿਆ। ਮੰਜੇ ਉੱਤੇ ਲੰਮਾ ਪਿਆ ਵੀ ਉਹ ਅੱਧੀ

ਰਾਤ ਤੱਕ ਏਸੇ ਮਸਲੇ 'ਤੇ ਸੋਚਦਾ ਰਿਹਾ।

ਅਮਲੀ ਨੱਥਾ ਸਿੰਘ ਕੋਲ ਪੰਝੀ ਘੁਮਾਂ ਜ਼ਮੀਨ ਸੀ : ਸੱਤ ਖੂਹ ਉੱਤੇ, ਪੰਜ ਬਰਾਨੀ, ਤੇਰਾਂ ਨਹਿਰੀ। ਹਰ ਥਾਂ ਉਹਦੀ ਜ਼ਮੀਨ ਲੱਖਾ ਸਿੰਘ ਦੀ ਵੱਟ ਨਾਲ ਲਗਦੀ ਸੀ। ਨੱਥਾ ਸਿੰਘ ਹੱਥੀਂ ਵਾਹੀ ਕਰਦਾ ਤਾਂ ਏਨੀ ਜ਼ਮੀਨ ਉਹਦੇ ਪਰਵਾਰ ਨੂੰ ਰੋਟੀ ਦੇ ਸਕਦੀ ਸੀ, ਪਰ ਉਹ ਤਾਂ ਕੰਮ ਕਰਨ ਜੋਗਾ ਰਿਹਾ ਹੀ ਨਹੀਂ ਸੀ। ਨਸ਼ੇ ਨੇ ਉਹਨੂੰ ਸਮੇਂ ਤੋਂ ਪਹਿਲਾਂ ਹੀ ਨਕਾਰਾ ਕਰ ਦਿੱਤਾ ਸੀ। ਦਿਹਾੜੀ ਵਿਚ ਦੋ ਵਾਰ ਅਫ਼ੀਮ, ਦੋ ਵਾਰ ਸੁੱਖਾ ਤੇ ਤਿੰਨ ਵਾਰ ਚਾਹ। ਇਹ ਦਾਤ ਉਹਨੂੰ ਇਕ ਨਾਂਗੇ ਸਾਧੂ ਕੋਲੋਂ ਮਿਲੀ ਸੀ।

ਪੁਰਾਣੀ ਗੱਲ ਹੈ, ਨੱਥਾ ਸਿੰਘ ਉਦੋਂ ਪੰਦਰਾਂ-ਸੋਲਾਂ ਸਾਲ ਦਾ ਗਭਰੇਟ ਸੀ। ਵਰਨ ਪਿੰਡ ਤੋਂ ਚੜ੍ਹਦੇ ਪਾਸੇ, ਰੋਹੀ ਦੇ ਦੂਸਰੇ ਕੰਢੇ ਇਕ ਛੋਟਾ ਜਿਹਾ ਪੁਰਾਣਾ ਥੇਹ ਸੀ। ਅਚਨਚੇਤ ਹੀ ਉਥੇ ਇਕ ਸਾਧੂ ਪਰਗਟ ਹੋ ਗਿਆ। ਉਹਦੇ ਕੋਲ ਇਕ ਤੂੰਬਾ ਤੇ ਇਕ ਲੋਹੇ ਦਾ ਤਿੰਨ ਫੁੱਟ ਲੰਮਾ ਚਿਮਟਾ, ਬੱਸ ਏਨੀ ਹੀ ਪੂੰਜੀ ਸੀ। ਤੇੜ ਉਹਦੇ ਲੰਗੋਟੀ ਸੀ, ਸਿਰ 'ਤੇ ਜਟਾਵਾਂ 'ਤੇ ਬਾਕੀ ਸਾਰਾ ਸਰੀਰ ਨੰਗਾ। ਉਦਾਲਿਉਂ ਏਹਨੇ ਗੋਹੇ ਕੱਠੇ ਕਰਕੇ ਥੇਹ ਦੀ ਚੋਟੀ ਉੱਤੇ ਧੂਣੀ ਤਪਾ ਦਿੱਤੀ। ਜੇਠ ਦਾ ਮਹੀਨਾ, ਦੁਪਹਿਰ ਦਾ ਸਮਾਂ ਤੇ ਧੁਖਦੀ ਧੂਣੀ ਸਾਹਮਣੇ ਇਕ ਨੰਗਾ ਆਦਮੀ ਬੈਠਾ ਵੇਖ ਕੇ ਲੋਕ ਬੜੇ ਹੈਰਾਨ ਹੋਏ। ਇਕ ਦੋ ਦਿਨਾਂ ਵਿਚ ਹੀ ਲੋਕਾਂ ਦੀ ਹੈਰਾਨੀ ਸ਼ਰਧਾ ਵਿਚ ਬਦਲ ਗਈ। ਉਹ ਸਾਧੂ ਪਿੰਡ ਵਿਚ ਕਦੇ ਨਹੀਂ ਸੀ ਜਾਂਦਾ, ਪਰ ਉਹਦੀ ਲੋੜ ਦੀਆਂ ਸਭ ਚੀਜ਼ਾਂ ਉਥੇ ਪਹੁੰਚ ਜਾਂਦੀਆਂ ਸਨ ਤੇ ਉਹਦੀ ਲੋੜ ਹੀ ਕਿੰਨੀ ਕੁ ਸੀ। ਇਕ ਸੇਰ ਦੁੱਧ ਤੇ ਅੱਧ ਪਾ ਮੱਖਣ ਸਵੇਰੇ ਤੇ ਸੇਰ ਦੁੱਧ ਤੇ ਦੋ ਫੁਲਕੇ ਰਾਤ ਨੂੰ। ਉਹ ਕਹਿੰਦਾ : ਸਰੀਰ ਨੂੰ ਕਾਇਮ ਰੱਖਣ ਵਾਸਤੇ ਏਨਾ ਕਾਫ਼ੀ ਹੈ। ਭਜਨ ਕਰਨ ਵਾਲਿਆਂ ਨੂੰ ਅਲਪ-ਆਹਾਰ ਦਾ ਅਭਿਆਸੀ ਹੋਣਾ ਚਾਹੀਦਾ ਹੈ। ਪਰ ਉਹਦੇ ਕਥਨ ਅਨੁਸਾਰ ਨਿਰੰਕਾਰ ਨਾਲ ਲਿਵ ਜੋੜਨ ਵਾਸਤੇ ਕੁਝ 'ਨੁਕਲ' ਜ਼ਰੂਰ ਚਾਹੀਦਾ ਹੈ। ਉਹਦਾ ਨੁਕਲ ਸੀ : ਦੋਵੇਂ ਵੇਲੇ ਸੁੱਖਾ ਅਤੇ ਅਫ਼ੀਮ ਤੇ ਇਕ ਦੋ ਵਾਰ ਘਿਓ ਵਾਲੀ ਚਾਹ। ਲੋਕ ਸਮਝਦੇ ਕਿ ਗਰਮੀਆਂ ਦੀ ਰੁੱਤੇ ਧੁਖਦੀ ਧੂਣੀ ਸਾਹਮਣੇ ਬਹਿਣ ਵਾਲੇ ਤਪੀਏ ਵਾਸਤੇ ਏਨੀ ਖ਼ੁਰਾਕ ਲੋੜ ਤੋਂ ਕੁਝ ਘੱਟ ਹੀ ਹੈ, ਵੱਧ ਨਹੀਂ।

ਦੀਵਾਲੀ ਆਈ ਤਾਂ ਉਹਨੇ ਧੂਣੀ ਬੰਦ ਕਰ ਦਿੱਤੀ। ਉਹਨੇ ਆਪਣੇ ਸ਼ਰਧਾਲੂਆਂ ਵਿਚ ਐਲਾਨ ਕਰ ਦਿੱਤਾ ਕਿ ਹੁਣ ਵਿਸਾਖੀ ਤੱਕ 'ਸੰਤ ਜੀ ਮਹਾਰਾਜ' ਅੱਗ ਸੇਕਣ ਦੀ ਥਾਂ ਦਸਾਂ ਘੜਿਆਂ ਦੀ ਜਲ-ਧਾਰਾ ਕਰਨਗੇ। ਮਿੱਟੀ ਦੇ ਕੋਰੇ ਦਸ ਘੜੇ ਪਾਣੀ ਦੇ ਭਰ ਕੇ ਰਾਤ ਨੂੰ ਕੋਲ ਰੱਖ ਲੈਣੇ। ਸਵੇਰੇ ਅੰਮ੍ਰਿਤ ਵੇਲੇ ਉਹਦੇ ਸ਼ਰਧਾਲੂਆਂ ਨੇ ਸੇਵਾ ਵਿਚ ਹਾਜ਼ਰ ਹੋ ਜਾਣਾ। ਇਕ ਖੁੱਲ੍ਹੇ ਮੂੰਹ ਵਾਲੇ ਮੱਘੇ ਵਿਚ



WWW.SIKHBOOKCLUB.COM Page 53

ਹੇਠਾਂ ਉਂਗਲ ਜਿੰਨੀ ਮੋਰੀ ਕਰਕੇ, ਉਹ ਲੱਕੜ ਦੀ ਚਾਰ ਫੁੱਟ ਉੱਚੀ ਘੜਵੰਜੀ ਉੱਤੇ ਟਿਕਾ ਦਿੱਤਾ। ਸ਼ਰਧਾਲੂਆਂ ਨੇ ਵਾਰੀ ਵਾਰੀ ਪਾਣੀ ਦੇ ਘੜੇ ਉਸ ਮੱਘੇ ਵਿਚ ਪਲਟਣੇ ਸ਼ੁਰੂ ਕਰ ਦੇਣੇ। ਉਸ ਵਗਦੀ ਧਾਰ ਥੱਲੇ ਸਾਧੂ ਨੇ ਚੌਂਕੜੀ ਮਾਰ ਕੇ ਬੈਠ ਜਾਣਾ। ਠੰਢਾ ਪਾਣੀ ਪਿੰਡੇ 'ਤੇ ਪੈਂਦਿਆਂ ਸਾਰ ਸਾਧੂ ਨੇ ਇਕੋ ਵਾਰ ਪੁਕਾਰ ਉਠਣਾ 'ਅਲੱਖ ਨਿਰੰਜਨ'। ਇਹ ਜਾਪ ਓਨਾ ਚਿਰ ਜਾਰੀ ਰਹਿਣਾ, ਜਿੰਨਾ ਚਿਰ ਉਹ ਦਸੇ ਘੜੇ ਖ਼ਾਲੀ ਨਾ ਹੋ ਜਾਣ। 'ਅਲੱਖ ਨਿਰੰਜਨ' ਦੀ ਉੱਚੀ ਧੁਨੀ ਸੁਣ ਕੇ ਪਿੰਡ ਦਿਆਂ ਲੋਕਾਂ ਸਮਝ ਲੈਣਾ ਕਿ ਇਸ ਵੇਲੇ ਸੰਤ ਜੀ ਮਹਾਰਾਜ 'ਜਲ-ਧਾਰਾ' ਦੇ ਮੂੰਹ ਆਏ ਹੋਏ ਹਨ।

ਇਕ 'ਗੁਣ' ਉਹਦੇ ਵਿਚ ਹੋਰ ਵੀ ਸੀ। ਉਹਨੇ ਆਪਣੇ ਉਦਾਲੇ ਵੀਹ ਗਜ਼ ਦੇ ਘੇਰੇ ਤੱਕ ਲਕੀਰ ਮਾਰੀ ਹੋਈ ਸੀ। ਕੋਈ ਇਸਤਰੀ ਉਸ 'ਰਾਮਕਾਰ' ਦੇ ਅੰਦਰ ਦਾਖ਼ਲ ਨਹੀਂ ਸੀ ਹੋ ਸਕਦੀ। ਬਾਹਰ ਖਲੋ ਕੇ ਮੱਥਾ ਟੇਕਣਾ ਚਾਹੇ ਤਾਂ ਕੋਈ ਹਰਜ ਨਹੀਂ ਸੀ। ਏਨੀ ਖੁੱਲ੍ਹ ਵੀ ਸੂਰਜ ਦੇ ਹੁੰਦਿਆਂ ਹੁੰਦਿਆਂ ਹੀ ਸੀ। ਸੂਰਜ ਛਿਪੇ ਤੋਂ ਪਿਛੋਂ ਕਿਸੇ ਇਸਤਰੀ ਦਾ ਉਸ ਥੇਹ ਦੇ ਲਾਗੋਂ ਲੰਘਣਾ ਵੀ ਪਾਪ ਕਰਾਰ ਦਿੱਤਾ ਹੋਇਆ ਸੀ ਤੇ ਇਹ ਕਾਨੂੰਨ ਇਕ ਸਾਲ ਦੀ ਬੱਚੀ ਤੋਂ ਲੈ ਕੇ ਸੌ ਸਾਲ ਦੀ ਮਾਈ ਤੱਕ ਲਾਗੂ ਸੀ।

ਇਕ ਦਿਨ ਦੋ ਓਪਰੇ ਸ਼ਰਧਾਲੂ ਸੰਤਾਂ ਦੀ ਸੋਭਾ ਸੁਣ ਕੇ ਆ ਹਾਜ਼ਰ ਹੋਏ। ਉਹਨਾਂ ਚੜ੍ਹਾਵਾ ਧਰ ਕੇ ਮੱਥਾ ਟੇਕਿਆ ਤੇ ਫਿਰ ਇਕ ਦੂਜੇ ਵੱਲ ਕੁਝ ਭੇਤ ਭਰੀ ਨਜ਼ਰ ਨਾਲ ਤੱਕਿਆ। ਸੰਤਾਂ ਨੇ ਇਕ ਵਾਰੀ ਪੂਰੇ ਧਿਆਨ ਨਾਲ ਉਹਨਾਂ ਉੱਤੇ ਦਇਆ ਦ੍ਰਿਸ਼ਟੀ ਸੁੱਟੀ ਤੇ ਫਿਰ ਚਿਹਰੇ ਉੱਤੇ ਬਨਾਉਟੀ ਗੰਭੀਰਤਾ ਲਿਆ ਕੇ ਨੇਤਰ ਬੰਦ ਕਰ ਲਏ। ਦੂਰੋਂ ਆਏ ਸ਼ਰਧਾਲੂਆਂ ਨੇ ਦੋ ਵਾਰ ਬੇਨਤੀ ਕਰਨੀ ਚਾਹੀ ਪਰ ਸੰਤ ਜੀ ਤਾਂ ਸਮਾਧੀ ਵਿਚ ਨਿਰੰਕਾਰ ਨਾਲ ਲਿਵ-ਲੀਨ ਹੋ ਗਏ ਸਨ, ਉੱਤਰ ਕੌਣ ਦੇਂਦਾ। ਦੋ ਕੁ ਘੰਟੇ ਉਡੀਕ ਕੇ ਸ਼ਰਧਾਲੂ ਨਿਰਾਸੇ ਮੁੜ ਗਏ।

ਸੰਤ ਦੀ ਸਮਾਧੀ ਸ਼ਾਮ ਨੂੰ ਖੁੱਲ੍ਹੀ। 'ਅਲੱਖ ਨਿਰੰਜਨ' ਦੀ ਉੱਚੀ ਧੁਨੀ ਗਜਾ ਕੇ ਉਹਨਾਂ ਸ਼ਰਧਾਲੂਆਂ ਵਿਚ ਐਲਾਨ ਕੀਤਾ, 'ਅੱਜ ਸੂਰਜ ਚੜ੍ਹਨ ਤੋਂ ਪਹਿਲਾਂ ਕੋਈ ਸ਼ਰਧਾਲੂ ਏਥੇ ਨਾ ਆਵੇ। ਸ਼ਾਇਦ ਅੱਜ ਗਰੜ 'ਤੇ ਅਸਵਾਰ ਭਗਵਾਨ ਦਰਸ਼ਨ ਦੇਣ।'

ਤੇ ਰਾਤੋ-ਰਾਤ ਭਗਵਾਨ ਦੇ ਨਾਲ ਹੀ ਗਰੜ 'ਤੇ ਚੜ੍ਹ ਕੇ ਸੰਤ ਜੀ ਮਹਾਰਾਜ ਵੀ ਕਿਧਰੇ ਉੱਡ ਗਏ।

ਸ਼ਰਧਾਲੂ ਦਿਨੇ ਗਏ ਤਾਂ ਮੈਦਾਨ ਖ਼ਾਲੀ ਪਿਆ ਸੀ। ਉਹਨਾਂ ਅਨਿਨ ਭਗਤਾਂ ਨੂੰ ਬੜੀ ਉਦਾਸੀ ਹੋਈ, ਜਿਨ੍ਹਾਂ ਨੂੰ ਰੋਜ਼ ਅਫ਼ੀਮ ਤੇ ਸੁੱਖੇ ਦਾ ਫਾਂਦਾ ਮੁਫ਼ਤ ਮਿਲਦਾ

ਸੀ। ਸੁੱਖਾ ਅਫ਼ੀਮ ਤਾਂ ਸੰਤ ਜੀ ਵੰਡ ਕੇ ਛੱਕਦੇ ਸਨ, ਪਰ ਦੁੱਧ ਤੇ ਮੱਖਣ ਇਕੱਲੇ।

ਨੱਥਾ ਸਿਘ ਸੰਤਾਂ ਦੇ ਨਿਕਟਵਰਤੀ ਸ਼ਰਧਾਲੂਆਂ ਵਿਚੋਂ ਸੀ। ਸੰਤਾਂ ਦੀ ਯਾਦ—ਸੁੱਖਾ, ਅਫ਼ੀਮ ਤੇ ਚਾਹ ਉਹ ਸਿਰ ਨਾਲ ਨਿਭਾਈ ਆ ਰਿਹਾ ਸੀ, ਸਿਰਫ਼ ਦੁੱਧ ਤੇ ਮੱਖਣ ਨਹੀਂ ਸੀ ਮਿਲਦਾ। ਸਾਧੂ ਦੀ ਇਸ ਕਿਰਪਾ ਨੇ ਨੱਥਾ ਸਿਘ ਦਾ ਗੇਲੀ ਵਰਗਾ ਨਰੋਆ ਸਰੀਰ ਥੋਡ਼ਾ ਕਰ ਦਿੱਤਾ ਸੀ। ਨਸ਼ੇ ਨੇ ਕਾਰ ਕਰਨ ਜੋਗਾ ਉਹਨੂੰ ਛੱਡਿਆ ਹੀ ਨਹੀਂ ਸੀ। ਉਹ ਦਿਨੇ ਵੀ ਮੰਜੇ 'ਤੇ ਬੈਠਾ ਅੱਧ-ਮੀਟੀਆਂ ਅੱਖਾਂ ਨਾਲ ਉਂਗਲਾਉਂਦਾ ਰਹਿੰਦਾ ਸੀ।

ਛੇ ਲੜਕੀਆਂ ਤੇ ਦੋ ਜੀਅ ਆਪ ਇਹਨਾਂ ਅੱਠਾਂ ਪ੍ਰਾਣੀਆਂ ਦਾ ਖ਼ਰਚ ਜਿਵੇਂ ਉਹ ਪੂਰਾ ਕਰ ਰਹੇ ਸਨ, ਸਿਰਫ਼ ਓਹਾ ਜਾਣਦੇ ਸਨ। ਵਧੇਰੇ ਮੁਸ਼ਕਲ ਸੀ ਨਿਹਾਲ ਕੌਰ ਵਾਸਤੇ। ਛੇਆਂ ਧੀਆਂ ਵਾਸਤੇ ਉਹ ਖੱਦਰ ਦੇ ਲੀੜੇ ਵੀ ਪੂਰੇ ਨਹੀਂ ਸੀ ਕਰ ਸਕਦੀ। ਪੁੱਤਰ ਤਾਂ ਨੰਗਾ ਨਰੋਆ ਵੀ ਤੁਰਿਆ ਫਿਰੇਗਾ, ਪਰ ਧੀ...। ਅਮੀਰ ਦੀ ਹੋਵੇ ਭਾਵੇਂ ਗ਼ਰੀਬ ਦੀ, ਧੀ ਦੀ ਸ਼ਰਮ ਹਰ ਇਕ ਵਾਸਤੇ ਇਕੋ ਜੇਹੀ ਹੈ।

ਨਿਹਾਲ ਕੌਰ ਵੀ ਚਾਹੁੰਦੀ ਸੀ ਪੁੱਤਰ ਦੀ ਖ਼ੁਸ਼ੀ ਗੱਜ ਵੱਜ ਕੇ ਕਰੇ। ਪੰਝੀ ਵਰ੍ਹੇ ਹੋ ਗਏ ਸਨ ਉਹਦੇ ਵਿਆਹ ਨੂੰ। ਉਦੋਂ ਦੀ ਉਹ ਅੰਗਾਂ ਸਾਕਾਂ ਦੇ ਵਿਆਹਾਂ ਸਾਰਥਾਂ 'ਤੇ ਜਾਂਦੀ ਰਹੀ ਸੀ। ਚੰਗਾ ਮਾੜਾ ਉਹਨੇ ਹਰ ਇਕ ਦਾ ਸਾਰਥ ਭੁਗਤਾਇਆ ਸੀ। ਉਹਦੇ ਕਾਲਿਆਂ ਤੋਂ ਚਿੱਟੇ ਹੋ ਗਏ ਸਨ ਪਰ ਆਪ ਉਹਨੇ ਕੋਈ ਸਾਰਥ ਕਰਕੇ ਨਹੀਂ ਸੀ ਵੇਖਿਆ। ਉਹਦੇ ਅੰਦਰ ਰੀਝ ਸੀ, ਪਰ ਰੀਝ ਪੂਰੀ ਕਰਨ ਦੇ ਸਾਧਨਾਂ ਦੀ ਥੁੜ੍ਹ ਸੀ। ਕਿਹੜੇ ਗ੍ਰਿਹਸਤੀ ਦੇ ਅੰਦਰ ਇਹ ਚਾਅ ਨਹੀਂ ਹੁੰਦਾ ਕਿ ਉਹਦੇ ਅੰਙਣ ਵੀ ਖ਼ੁਸ਼ੀ ਦੇ ਵਾਜੇ ਵੱਜਣ, ਗਿੱਧਾ ਪਵੇ, ਘੋੜੀਆਂ ਗਾਈਆਂ ਜਾਣ ਤੇ ਅੰਗ-ਸਾਕ ਆ ਕੇ ਉਹਦੇ ਨਾਲ ਖ਼ੁਸ਼ੀ ਸਾਂਝੀ ਕਰਨ। ਕਈ ਦਿਨ ਅਮਲੀ ਤੇ ਨਿਹਾਲ ਕੌਰ ਏਸ ਗੱਲ 'ਤੇ ਵਿਚਾਰ ਕਰਦੇ ਰਹੇ।

ਤੇਰ੍ਹਵੇਂ ਦਿਨ ਨਿਹਾਲ ਕੌਰ ਬਾਹਰ ਵਧੀ। ਸਵੇਰੇ-ਸਵੇਰੇ ਗੁਰਦੁਆਰੇ ਦਾ ਗ੍ਰੰਥੀ ਆਇਆ। ਉਹਨੇ ਪਾਣੀ ਵਿਚ ਪਤਾਸੇ ਘੋਰ ਕੇ ਸਾਹਮਣੇ ਬਹਿ ਕੇ 'ਜਪੁ ਜੀ' ਸਾਹਿਬ ਦਾ ਪਾਠ ਕੀਤਾ। ਇਸ ਤਿਆਰ ਪਦਾਰਥ ਨੂੰ ਵੀ ਗ੍ਰੰਥੀ ਜਨ 'ਅੰਮ੍ਰਿਤ' ਦਾ ਹੀ ਨਾਮ ਦੇਂਦੇ ਹਨ। ਮਾਂ ਪੁੱਤਰ ਨੂੰ ਅੰਮ੍ਰਿਤ ਛਕਾ ਕੇ ਗ੍ਰੰਥੀ ਨੇ ਕਮਰਿਉਂ ਬਾਹਰ ਵਧਾਇਆ। ਖੱਦਰ ਦਾ ਰੇਜ਼ਾ, ਗੁੜ ਦੀ ਰੋੜੀ ਤੇ ਸਵਾ ਰੁਪਇਆ ਧਰ ਕੇ ਨਿਹਾਲ ਕੌਰ ਨੇ ਗ੍ਰੰਥੀ ਨੂੰ ਮੱਥਾ ਟੇਕਿਆ। ਸਿੱਕੇ-ਬੰਦ ਵਧਾਈਆਂ ਤੇ ਅਸ਼ੀਰਵਾਦਾਂ ਦੇਂਦਿਆਂ ਗ੍ਰੰਥੀ ਨੇ ਫ਼ੁਰਮਾਇਆ, "ਮਾਤਾ ਨਿਹਾਲ ਕੌਰ ਜੀ! ਗੁਰੂ ਮਹਾਰਾਜ ਦੀ ਮੇਹਰ ਹੋਈ ਏ, ਤੁਹਾਡੇ ਸਹਿਕਦਿਆਂ ਘਰ ਪੁੱਤਰ ਹੋਇਆ ਏ, ਹੁਣ ਗੁਰੂ ਨੂੰ ਨਾ ਵਿਸਾਰ ਬੈਠਿਓ। ਵਾਹਿਗੁਰੂ

ਦਾ ਨਾਮ ਲੈ ਕੇ ਅਖੰਡ ਪਾਠ ਕਰਾਓ। ਮਹਾਂਪੁਰਸ਼ਾਂ ਦਾ ਕਥਨ ਹੈ ਕਿ ਅਖੰਡ ਪਾਠ ਨੂੰ ਤਾਂ ਦੇਵਤੇ ਵੀ ਤਰਸਦੇ ਨੇ। ਕੀ ਦੱਸਾਂ ਕਿ ਮਹਾਤਮਾ ਨੇ ਅਖੰਡ ਪਾਠ ਦੇ ਕਿੰਨੇ ਫਲ ਦੱਸੇ ਨੇ। ਗੁਰੂ ਮਹਾਰਾਜ ਨੇ ਫੁਰਮਾਇਆ ਏ ਇਹ 'ਧੁਰ ਕੀ ਬਾਣੀ ਆਈ। ਤਿਨਿ ਸਗਲੀ ਚਿੰਤ ਮਿਟਾਈ।' ਸਭ ਚਿੰਤਾ ਦੁਖ ਦਲਿੱਦਰ ਦੂਰ। ਜਿਥੇ ਇਕ ਵਾਰ ਅਖੰਡ ਪਾਠ ਹੋ ਜਾਵੇ, ਉਹ ਘਰ ਸੁਰਗ ਬਣ ਜਾਂਦਾ ਏ। ਉਥੇ ਦੇਵਤਿਆਂ ਦਾ ਵਾਸਾ ਹੋ ਜਾਂਦਾ ਏ। ਉਥੇ.....।" ਪੂਰਾ ਇਕ ਘੰਟਾ ਲਾਇਆ ਗ੍ਰੰਥੀ ਨੇ ਅਖੰਡ ਪਾਠ ਦੇ ਫਲ ਦਾ ਵਰਣਨ ਕਰਦਿਆਂ।

ਫਿਰ ਵਾਰੀ ਆ ਗਈ ਰਾਜੇ ਦੀ। ਵਿਆਹ ਸਾਰਥਾਂ ਵਿਚ ਆਗੂ ਰਾਜਾ ਹੀ ਹੁੰਦਾ ਸੀ। ਉਸ ਦੀ ਸਲਾਹ ਸਾਰੇ ਲਾਗੀਆਂ ਨਾਲੋਂ ਉੱਤਮ ਮੰਨੀ ਜਾਂਦੀ ਸੀ। ਲੱਖਾ ਸਿੰਘ ਨੇ ਰਾਜੇ ਨੂੰ ਸੱਦ ਕੇ ਸਮਝਾ ਦਿੱਤਾ ਸੀ ਕਿ ਉਹ ਕੀ ਚਾਹੁੰਦਾ ਹੈ।

ਦੂਜੇ ਤੀਜੇ ਦਿਨ ਰਾਜੇ ਨੇ ਫੇਰਾ ਮਾਰਨਾ ਸ਼ੁਰੂ ਕਰ ਦਿੱਤਾ। ਪਹਿਲਾਂ ਉਹ ਥੋੜ੍ਹੇ ਤੋਂ ਸ਼ੁਰੂ ਹੋਇਆ। 'ਜਜਮਾਨ ਨੱਥਾ ਸਿਹਾਂ! ਭਲਾ ਖ਼ਰਚ ਕਿਤੇ ਕਿੰਨਾ ਕੁ ਹੋਣਾ ਏਂ। ਪੰਝੀ ਰੁਪੈ ਪਾਠੀਆਂ ਦੀ ਭੇਟਾ, ਸਵਾ ਰੁਪੈ ਦਾ ਰੁਮਾਲਾ ਤੇ ਤਿੰਨ ਜਾਂ ਹੱਦ ਚਾਰ ਸੇਰ ਘਿਉ ਬੜਾ ਏ। ਇਕ ਮੁੰਡੇ ਦੇ ਮਾਮੇ ਨੂੰ ਸੱਦ ਲਵੇ। ਬੱਸ।'

ਇਹ ਅੰਦਾਜ਼ਾ ਸਿਰਫ਼ ਅਮਲੀ ਨੂੰ 'ਹਾਂ' ਕਰਾਉਣ ਵਾਸਤੇ ਸੀ। ਉਹ ਦੋਵੇਂ ਜੀਅ ਮੰਨ ਗਏ ਤਾਂ ਫਿਰ ਖ਼ਰਚ ਦਾ ਚਿੱਠਾ ਵੱਧਣਾ ਸ਼ੁਰੂ ਹੋ ਗਿਆ।

"ਵੇਖ ਜਜਮਾਨਣੀ! ਤੂੰ ਪੰਝੀਆਂ ਵਰ੍ਹਿਆਂ ਦੀ ਅੰਗਾਂ ਸਾਕਾਂ ਦੇ ਸਾਰਥਾਂ 'ਤੇ ਜਾਂਦੀ ਰਹੀ ਏਂ। ਕਿਸੇ ਨੂੰ ਟੂੰਬ ਪਾਈ ਹੋਵੇਗੀ, ਕਿਸੇ ਦੇ ਲੀੜਾ ਲੱਤਾ ਦਿੱਤਾ ਹੋਵੇਗਾ, ਨਹੀਂ ਤਾਂ ਨਿਉਂਦਰਾ ਤਾਂ ਹਰ ਇਕ ਦੇ ਪਾਇਆ ਈ ਏ। ਹੁਣ ਰੱਬ ਨੇ ਤੈਨੂੰ ਦਿਨ ਦਿੱਤਾ ਏ। ਇਕ ਵਾਰ ਹਰ ਸਾਕ ਸਰਬੰਧੀ ਨੂੰ ਵੇਖਣਾ ਚਾਹੀਦਾ ਏ। ਜੇਹੋ ਜੇਹਾ ਕੋਈ ਤੇਰੇ ਨਾਲ ਵਰਤੇਗਾ, ਉਹੋ ਜੇਹਾ ਅਗ੍ਹਾਂ ਤੂੰ ਵਰਤ ਛੱਡੀਂ। ਤੇ ਖ਼ਰਚ ਦੀ ਕਿਹੜੀ ਗੱਲ ਏ। ਉਹ ਤਾਂ ਨਿਉਂਦਰੇ ਤੋਂ ਹੀ ਪੂਰਾ ਹੋ ਜਾਵੇਗਾ। ਥੋੜ੍ਹੀ ਬਹੁਤ ਲੋੜ ਪਵੇਗੀ ਤਾਂ ਸਰਦਾਰ ਲੱਖਾ ਸੁੰਹ ਜੂ ਬੈਠਾ ਏ। ਉਹ ਇਕ ਵਾਰ ਜਿਹੜੀ ਗੱਲ ਮੂੰਹੋਂ ਕੱਢ ਦੇਵੇਗਾ, ਬੱਸ ਲੋਹੇ 'ਤੇ ਲਕੀਰ ਸਮਝੋ।"

ਇਸ ਨਿਤ ਦੇ ਪ੍ਰਚਾਰ ਦਾ ਅਸਰ ਅਮਲੀ ਹੋਰੀਂ ਦੋਵੇਂ ਜੀਅ ਦਿਲ ਕੱਢ ਖਲੋਤੇ। ਕਾਕੇ ਦਾ ਨਸ਼ੋਆ ਸਜ ਧਜ ਨਾਲ ਕਰਨ ਦਾ ਫ਼ੈਸਲਾ ਹੋ ਗਿਆ। ਦਿਨ ਮਿਥਿਆ ਗਿਆ। ਗ੍ਰੰਥੀ ਪਾਠੀਆਂ ਨੂੰ ਪੱਕੀ ਕਰ ਆਇਆ। ਰਾਜਾ ਤੇ ਮੀਰਜ਼ਾਦਾ ਨਿੱਕੇ ਵੱਡੇ ਸਭ ਸਾਕਾਂ ਮਿੱਤਰਾਂ ਨੂੰ ਗੰਢਾਂ ਦੇ ਆਏ।

ਹੁਣ ਅਮਲੀ ਲੱਗਾ ਲੱਖਾ ਸਿੰਘ ਦੇ ਘਰ ਫੇਰੇ ਮਾਰਨ। ਅੱਗੇ ਲੱਖਾ ਸਿੰਘ ਵੀ

ਧੰਨੇ ਸ਼ਾਹ ਦਾ ਯੋਗ ਸ਼ਾਗਿਰਦ ਸੀ। ਉਹ ਅੱਜ-ਭਲਕ ਕਰਦਿਆਂ ਵਕਤ ਐਨ ਸਿਰ 'ਤੇ ਲੈ ਆਂਦਾ। ਅਖ਼ੀਰ ਅਮਲੀ ਨੇ ਕੁਝ ਅਧੀਰ ਹੋ ਕੇ ਆਖਿਆ, "ਲੱਖਾ ਸਿਹਾਂ! ਪਰਸੋਂ ਦਸ ਵਜੇ ਅਖੰਡ ਪਾਠ ਟਿਕਣਾ ਏਂ। ਸਿਰਫ਼ ਭਲਕ ਦਾ ਦਿਨ ਰਹਿ ਗਿਆ ਏ ਤੇ ਆਪਾਂ ਸੀਧਾ-ਵਾਧਾ ਕਦੋਂ ਲਿਔਣਾ ਏਂ।"

"ਭਾਅ ਅਮਲੀਆ! ਮੈਨੂੰ ਤਾਂ ਇਕ ਹੋਰ ਈ ਵਿੱਡੀ ਪੈ ਗਈ ਏ। ਪਰਸੋਂ ਆਇਆ ਈ ਹਰਨਾਮ ਦਾ ਮਾਮਾ ਤੇ ਜੋ ਪੈਸਾ ਟਕਾ ਘਰ ਪਿਆ ਸੀ, ਸਭ ਲੈ ਗਿਆ ਈ। ਉਹ ਇਕ ਜ਼ਮੀਨ ਦਾ ਸੌਦਾ ਕਰ ਬੈਠਾ ਏ। ਰਜਿਸਟਰੀ ਵੇਲੇ ਭਲਕੇ ਮੈਨੂੰ ਵੀ ਜਾਣਾ ਪੈਣਾ ਏਂ, ਸਗੋਂ ਕੁਝ ਧੰਨੇ ਸ਼ਾਹ ਤੋਂ ਫੜ ਕੇ ਦਿੱਤੇ ਨੇ।"

ਲੱਖਾ ਸਿੰਘ ਦੀ ਇਹ ਗੱਲ ਸੁਣ ਕੇ ਅਮਲੀ ਦੇ ਪੈਰਾਂ ਥੱਲਿਉਂ ਧਰਤੀ ਨਿਕਲ ਗਈ। ਪਲ ਦਾ ਪਲ ਉਹਨੂੰ ਸੁਝਿਆ ਹੀ ਕੁਝ ਨਾ ਕਿ ਉਹ ਕੀ ਕਹੇ। ਘਰ ਉਹਦੇ ਇਕ ਪੈਸਾ ਤੱਕ ਨਹੀਂ ਸੀ। ਉਹਨੇ ਘਬਰਾਈ ਹੋਈ ਸੁਰ ਵਿਚ ਕਿਹਾ, "ਪਰ.....ਪਰ ਮੈਂ ਤਾਂ ਸਾਰਾ ਅਡੰਬਰ ਈ ਤੇਰੇ ਮਾਣ 'ਤੇ ਰੱਚਿਆ ਏ। ਹੁਣ ਮਰਦਾਂ ਵਾਲੀ ਕਰ। ਭਾਵੇਂ ਕਿਵੇਂ ਨਿਭਾਅ, ਮੇਰੀ ਬਦਨਾਮੀ ਨਾ ਕਰਾ।" ਅਮਲੀ ਨੇ ਅੱਤ ਨਿਮਾਣਾ ਹੋ ਕੇ ਤਰਲਾ ਲਿਆ।

"ਅਮਲੀਆ!" ਸਾਰਥ ਤਾਂ ਨਿਭ ਈ ਜਾਏਗਾ। ਸਭ ਦੇ ਕਾਰਜ ਗੁਰੂ ਕਰਨ ਵਾਲਾ ਏ। ਪਰ.....।" ਜਾਲ ਪਏ ਪੰਛੀ ਨੂੰ ਤੜਫਦਾ ਵੇਖ ਕੇ ਲੱਖਾ ਸਿੰਘ ਵਿਚੇ ਵਿਚ ਖ਼ੁਸ਼ ਹੋ ਰਿਹਾ ਸੀ।

"ਪਰ ਪੁਰ ਕੋਈ ਨਹੀਂ ਭਰਾਵਾ! ਮੇਰੇ ਅੱਗੇ ਲੱਗ ਕੇ ਤੁਰ ਤੇ ਜਿਵੇਂ ਵੀ ਹੁੰਦਾ ਈ, ਇਹ ਵੇਲਾ ਸਾਰ।"

"ਮੈਂ ਸੋਚਦਾਂ ਕਿ .....।" ਲੱਖਾ ਸਿੰਘ ਨੇ ਫਿਰ ਵਾਕ ਅਧੂਰਾ ਛੱਡ ਦਿੱਤਾ।

"ਸੋਚਾਂ ਵਿਚ ਨਾ ਪਉ। ਬੇ-ਤਬਾਰੀ ਏ, ਤਾਂ ਮੈਥੋਂ ਦੋ ਖੱਤੇ ਲਿਖਵਾ ਲੈ। ਹੋਰ ਦੱਸ। ਤੇ ਭੇੜਾ ਨਾ ਪਉ। ਅਮਲੀ ਤੇਰਾ ਇਹ ਹਸਾਨ ਨਹੀਂ ਭੁੱਲਣ ਲੱਗਾ।"

"ਅਮਲੀਆ! ਤੇਥੋਂ ਖੱਤੇ ਲਿਖਵਾ ਲੈਣੇ ਨੇ ? ਵੱਡੇ ਭਰਾ ਤੋਂ ? ਮੇਰੇ ਵਾਸਤੇ ਜੇਹੋ ਜੇਹਾ ਨੰਬਰਦਾਰ, ਉਹੋ ਜੇਹਾ ਤੂੰ।"

"ਨਾ, ਉਂਵ ਵਿੱਥ ਤਾਂ ਕੋਈ ਨਹੀਂ। ਉਹ ਦੂਜੀ ਪੀੜ੍ਹੀ ਤੋਂ ਰਲਦਾ ਏ, ਮੈਂ ਚੌਥੀ ਤੋਂ ਹੋਵਾਂਗਾ। ਫਿਰ ਸੋਚਾਂ ਕਿਹੜੀਆਂ 'ਚ ਪਿਆ ਏਂ?"

"ਸੋਚਦਾ ਇਹ ਸਾਂ ਕਿ ਮੇਰੇ ਕੋਲ ਹੁੰਦੇ ਤਾਂ ਤੈਨੂੰ ਬਿਆਜ ਨਾ ਭਰਨਾ ਪੈਂਦਾ। ਹੁਣ ਧੰਨੇ ਸ਼ਾਹ ਦੇ ਅਰਥਈਏ ਹੋਣਾ ਪਵੇਗਾ।"

"ਬਿਆਜ ਦੀ ਕੋਈ ਗੱਲ ਨਹੀਂ। ਤੂੰ ਇਹ ਵੇਲਾ ਟਪਾ। ਜੋ ਧੰਨੇ ਸ਼ਾਹ ਮੰਗੇਗਾ

ਦੇ ਦਿਆਂਗੇ।" ਹਰ ਕਰਜ਼ ਲੈਣ ਵਾਲੇ ਵਾਂਗ ਅਮਲੀ ਨੇ ਸਾਰੀਆਂ ਸ਼ਰਤਾਂ ਮੰਨਣ ਦੀ ਹਾਮੀ ਭਰ ਦਿੱਤੀ।

ਦੋਵੇਂ ਘਰੋਂ ਤੁਰੇ ਤੇ ਧੰਨੇ ਸ਼ਾਹ ਦੀ ਆੜ੍ਹਤ 'ਤੇ ਜਾ ਪੁੱਜੇ। ਧੰਨੇ ਸ਼ਾਹ ਨੇ ਗੱਲ ਸੁਣ ਕੇ ਛੱਤਰੇ ਵਾਂਗ ਸਿਰ ਮਾਰਦਿਆਂ ਕਿਹਾ, "ਸਰਦਾਰ ਲੱਖਾ ਸਿਹਾਂ! ਤੂੰ ਦੋ ਦਿਨ ਪਹਿਲਾਂ ਸੁਨੇਹਾ ਘੱਲਣਾ ਸੀ। ਆਹ, ਤੁਹਾਡੇ ਅੱਗੇ ਹੁਣੇ ਇਕ ਸੌਦੇ ਦਾ ਭੁਗਤਾਨ ਕਰਕੇ ਆਇਆ ਆਂ। ਹੁਣ ਤਾਂ ਗੱਲੇ ਵਿਚ ਰੱਤਾ ਪੈਸਾ ਵੀ ਨਹੀਂ ਪਿਆ। ਕੋਈ ਵਾਹ ਨਹੀਂ।"

'ਵੇਖ, ਧੰਨੇ ਸ਼ਾਹ!.....।"

"ਵੇਖ ਅਮਲੀਆ! ਚੁੱਪ ਕਰ ਤੂੰ, ਮੈਂ ਆਪੇ ਗੱਲ ਕਰ ਲੈਂਦਾਂ।" ਲੱਖਾ ਸਿੰਘ ਨੇ ਅਮਲੀ ਦੀ ਗੱਲ ਰਾਹੋਂ ਟੋਕ ਕੇ ਕਿਹਾ। ਫਿਰ ਉਹਨੇ ਜ਼ਰਾ ਧਮੋ ਵਾਲੀ ਸੁਰ ਵਿਚ ਧੰਨੇ ਸ਼ਾਹ ਨੂੰ ਸੰਬੋਧਨ ਕਰਦਿਆਂ ਕਿਹਾ, "ਵੇਖ ਉਇ ਧੰਨੇ ਸ਼ਾਹ! ਇਹ ਅਮਲੀ ਨਹੀਂ, ਲੱਖਾ ਸਿੰਘ ਰੁਪੈ ਲੈਣ ਆਇਆ ਏ। ਭਾਵੇਂ ਕਿਤੋਂ ਲਿਆ ਕੇ ਦਿਹ। ਨਹੀਂ ਤਾਂ ਆਖ ਦੇ ਟੁੱਟ ਗਈ।"

ਤਿੰਨ ਚਾਰ ਮਿੰਟ ਧੰਨੇ ਸ਼ਾਹ ਨੀਵੀਂ ਪਾਈ ਕੁਝ ਸੋਚਦਾ ਰਿਹਾ। ਮੰਨਣਾ ਪਵੇਗਾ ਕਿ ਉਹ ਉਮਰ ਨਾਲੋਂ ਵਧੇਰੇ ਤਜਰਬਾਕਾਰ ਸੀ।

"ਕੁਝ ਬੋਲਿਆ ਨਹੀਂ।" ਲੱਖਾ ਸਿੰਘ ਨੇ ਫਿਰ ਕੁਝ ਮਰੋੜੇ ਨਾਲ ਕਿਹਾ।

"ਬੋਲਾਂ ਕੀ। ਸ਼ਾਹੂਕਾਰੇ ਦਾ ਪੜਦਾ ਈ ਹੁੰਦਾ ਏ। ਤੂੰ ਇਹ ਪੜਦਾ ਪਾੜਨ 'ਤੇ ਤੁੱਲਿਆ ਬੈਠਾ ਏਂ ਤਾਂ ਮੈਂ ਕੀ ਕਹਾਂ ? ਰਾਮੇ ਸ਼ਾਹ ਕਿਆਂ ਅੱਗੇ ਹੱਥ ਅੱਡਣਾ ਪਵੇਗਾ, ਹੋਰ ਕੀ।" ਧੰਨੇ ਸ਼ਾਹ ਨੇ ਬਹੁਤ ਹੀ ਔਖ ਮਹਿਸੂਸ ਕਰਦਿਆਂ ਕਿਹਾ।

"ਰਾਮੇ ਸ਼ਾਹ ਕਿਆਂ ਤੋਂ ਛੱਡਿਆ, ਭਾਵੇਂ ਕਾਲੇ ਚੋਰ ਤੋਂ ਲਿਆ ਕੇ ਦਿਹ। ਸਾਨੂੰ ਪੈਸੇ ਚਾਹੀਦੇ ਨੇ।" ਲੱਖਾ ਸਿੰਘ ਨੇ ਪੂਰੇ ਹੰਮੇ ਨਾਲ ਕਿਹਾ।

"ਉਇ ਉਹ ਚੰਦਰੇ ਵਿਆਜ ਬੜਾ ਲਾਉਂਦੇ ਨੇ। ਬੜੇ ਬੇ-ਲਿਹਾਜ਼ ਨੇ।" ਧੰਨੇ ਸ਼ਾਹ ਨੇ ਆਪਣੇ ਆਪ ਨੂੰ ਚੰਗਾ ਸਾਬਤ ਕਰਨ ਦੇ ਇਰਾਦੇ ਨਾਲ ਦੂਸਰੇ ਦੀ ਨਿੰਦਿਆ ਕਰਨੀ ਬੜੀ ਜ਼ਰੂਰੀ ਸਮਝੀ।

"ਬਿਆਜ ਦੀ ਕੋਈ ਗੱਲ ਨਹੀਂ। ਜੋ ਮਰਜ਼ੀ ਨੇ ਲਾ ਲੈਣ।" ਅਮਲੀ ਹਰ ਸ਼ਰਤ ਉੱਤੇ ਕਰਜ਼ਾ ਲੈਣ ਲਈ ਤਿਆਰ ਸੀ।

"ਗੱਲ ਕਿਉਂ ਨਹੀਂ।" ਲੱਖਾ ਸਿੰਘ ਨੇ ਅਮਲੀ ਦੀ ਗੱਲ ਟੋਕ ਕੇ ਕਿਹਾ। "ਅਸਾਂ ਬਾਜ਼ਾਰ ਨਾਲੋਂ ਵੱਧ ਨਹੀਂ ਦੇਣਾ।"

"ਬਾਜ਼ਾਰ ਦੀ ਕੀ ਪੁੱਛਦਾ ਏਂ। ਲੋੜ ਪਈ 'ਤੇ ਅਗਲੇ ਆਨਾ ਰੁਪਇਆ ਮੰਨ

ਲੋਂਦੇ ਨੇ।" ਧੰਨੇ ਸ਼ਾਹ ਸੋਚਦਾ ਸੀ ਕਿ ਕਾਬੂ ਆਏ ਸ਼ਕਾਰ ਦਾ ਜਿੰਨਾ ਲਹੂ ਨਚੋੜ ਲਈਏ, ਲਾਹੇ ਦਾ ਹੈ।

"ਧੰਨੇ ਸ਼ਾਹ! ਇਹ ਮੇਰੇ ਨਾਲ ਵਿਆਜੜੀਆਂ ਵਾਲੀਆਂ ਚਾਲਾਂ ਖੇਡਦਾ ਏਂ ? ਮੈਂ ਟਕੇ ਰੁਪਏ ਤੋਂ ਵੱਧ ਨਹੀਉਂ ਦੇਣਾ ਤੇ ਰੁਪੈ ਵੀ ਲੈ ਕੇ ਹਿੱਲਣਾ ਈਂ। ਜਾਹ, ਛੇਤੀ ਉਠ। ਅਸਾਂ ਅਜੇ ਬਜਾਰੋਂ ਸੌਦਾ ਸੂਤ ਖ਼ਰੀਦਣਾ ਏਂ।" ਲੱਖਾ ਸਿੰਘ ਨੇ ਬੜੇ ਹੁਕਮੀ ਢੰਗ ਨਾਲ ਕਿਹਾ।

"ਹੁਣ ਇਹ ਤਾਂ ਦੱਸ ਕਿ ਲਿਆਵਾਂ ਕਿੰਨੇ ? ਪਤਾ ਹੁੰਦਾ ਤਾਂ ਜੱਟ ਨਾਲ ਯਰਾਨਾ ਨਹੀਂ ਸੀ ਪੌਣਾ।"

"ਫਿਰ ਹਾਥੀਆਂ ਵਾਲਿਆਂ ਨਾਲ ਯਰਾਨਾ ਲੌਣ ਲੱਗਿਆਂ ਸੋਚਣਾ ਸੀ ਨਾ ਕਿ ਘਰ ਦਾ ਦਰਵਾਜ਼ਾ ਕਿੱਡਾ ਕੁ ਏ। ਹੁਣ ਛੇਤੀ ਕਰ। ਹਾਂ ਅਮਲੀਆ! ਕਿੰਨੇ ਲਿਆਵੇ ?"

"ਕੰਮ ਵਡੇਰਾ ਅਰੰਭ ਬੈਠੇ ਆਂ, ਚਾਰ ਸੌ ਤੋਂ ਘੱਟ ਨਹੀਂ ਸਰਨਾ।" ਅਮਲੀ ਨੇ ਆਪਣੇ ਅੰਦਾਜ਼ੇ ਤੋਂ ਕੁਝ ਵਧੇਰੇ ਹੀ ਦੱਸੇ।

ਧੰਨੇ ਸਾਹ ਉਠ ਕੇ ਘਰ ਨੂੰ ਤੁਰ ਗਿਆ ਤੇ ਪੌਣੇ ਘੰਟੇ ਪਿਛੋਂ ਰੁਪੈ ਲੈ ਕੇ ਆ ਗਿਆ। ਅਮਲੀ ਨੇ ਟਕਾ ਰੁਪਇਆ ਵਿਆਜ ਮੰਨ ਕੇ ਚਾਰ ਸੌ ਉੱਤੇ ਅੰਗੂਠਾ ਲਾ ਦਿੱਤਾ।

"ਲੱਖਾ ਸਿਹਾਂ, ਐਥੇ ਜ਼ਾਮਨ ਦੀ ਥਾਂ ਤੂੰ ਦਸਖ਼ਤ ਕਰ ਦਿਹ ਭਈ। ਅਮਲੀ 'ਤੇ ਬੇਇਤਬਾਰੀ ਤਾਂ ਕੋਈ ਨਹੀਂ, ਪਰ ਫਿਰ ਵੀ।" ਧੰਨੇ ਸ਼ਾਹ ਨੇ ਅਸ਼ਟਾਮ ਵਾਲਾ ਕਾਗਤ ਲੱਖਾ ਸਿੰਘ ਵੱਲੇ ਵਧਾ ਦਿੱਤਾ।

ਅਨਪੜ੍ਹ ਅਮਲੀ ਸਮਝ ਨਾ ਸਕਿਆ ਕਿ ਲੱਖਾ ਸਿੰਘ ਨੇ ਜ਼ਾਮਨ ਦੇ ਥਾਂ ਨਹੀਂ, ਉਗਾਹ ਦੇ ਥਾਂ ਦਸਖ਼ਤ ਕੀਤੇ ਹਨ ਤੇ ਉਹਨੂੰ ਕਦੇ ਵੀ ਪਤਾ ਨਾ ਲੱਗਾ ਕਿ ਦੋਵੇਂ ਸ਼ਕਾਰੀ ਆਪਸ ਵਿਚ ਰਲੇ ਹੋਏ ਸਨ।

## ੬

ਛੁੱਡਾ ਬੜਾ ਮਿਰਜ਼ੀ ਸਾਬਤ ਹੋਇਆ। ਰੋਟੀ ਦੀ 'ਬੇਫ਼ਿਕਰੀ' ਨੇ ਉਹਦੀ ਕਾਇਆਂ ਪਲਟ ਦਿੱਤੀ। ਜਿਹੜਾ ਕੰਮ ਉਹਨੂੰ ਦੱਸਿਆ ਜਾਂਦਾ, ਉਹ ਬੜੇ ਉਤਸ਼ਾਹ ਨਾਲ ਕਰਦਾ। ਕਿਸੇ ਕੰਮੋਂ ਨਾਂਹ ਕਰਨੀ, ਉਹਦੇ ਸੁਭਾਅ ਦੇ ਉਲਟ ਸੀ। ਉਹ ਖ਼ੁਸ਼ ਸੀ ਤੇ ਸੰਤੁਸ਼ਟ ਵੀ। ਬਸੰਤ ਕੌਰ ਨੇ ਉਹਨੂੰ ਕੋਰੇ ਲੱਠੇ ਦੇ ਦੋ ਝੱਗੇ ਸੁਆ ਦਿੱਤੇ ਸਨ, ਤੇ ਦੋ ਹੀ ਨਵੇਂ ਸੁਤਨੇ। ਇਕ ਹੇਠਾਂ ਵਿਛਾਉਣ ਨੂੰ ਉਹਨੂੰ ਚਾਦਰ ਵੀ ਮਿਲ ਗਈ ਸੀ।

ਏਨਾ ਕੁਝ ਪ੍ਰਾਪਤ ਕਰਕੇ ਉਹ ਪ੍ਰਸੰਨ ਹੋ ਗਿਆ ਸੀ। ਅਗਲੇ ਮਹੀਨੇ ਮੋਚੀ ਨੂੰ ਕਹਿ ਕੇ ਉਹਦੇ ਵਾਸਤੇ ਖ਼ਾਸ ਢੰਗ ਦੀ ਜੁੱਤੀ ਵੀ ਸੁਆ ਦਿੱਤੀ।

ਇਸ ਵੇਲੇ ਡੁੱਡੇ ਦੇ ਜ਼ਿੰਮੇ ਕੰਮ ਵੀ ਬਹੁਤ ਸਨ। ਜਾਂ ਇਉਂ ਕਹੋ ਕਿ ਹਲ ਵਾਹੁਣ ਤੋਂ ਬਿਨਾਂ ਕਿਹੜਾ ਕੰਮ ਨਹੀਂ ਸੀ। ਪਹਿਰ ਦੇ ਤੜਕੇ ਉਠ ਕੇ ਉਹ ਲਵੇਰੀਆਂ ਤੇ ਬਲਦਾਂ ਨੂੰ ਪੱਠੇ ਪਾਉਂਦਾ। ਉਸ ਵੇਲੇ ਜਗਾਉਣ ਦੀ ਜ਼ਿੰਮੇਵਾਰੀ ਬਸੰਤ ਕੌਰ ਦੀ ਹੁੰਦੀ। ਉਹ ਦੁੱਧ ਰਿੜਕਣ ਬਹਿ ਜਾਂਦੀ ਤੇ ਡੁੱਡਾ ਪੱਠੇ ਪਾ ਕੇ ਫੇਰ ਸੌਂ ਜਾਂਦਾ।

ਆਪਣੇ ਸਮੇਂ ਸਿਰ ਸੂਬਾ ਤੇ ਕੱਥੂ ਗੱਡ ਜੋ ਕੇ ਖੇਤ ਨੂੰ ਤੁਰ ਜਾਂਦੇ। ਸੂਰਜ ਨਿਕਲਣ ਤੋਂ ਪੰਦਰਾਂ ਵੀਹ ਮਿੰਟ ਪਹਿਲਾਂ ਬਸੰਤ ਕੌਰ ਵਾਜ ਮਾਰਦੀ, "ਉਠ ਵੇ ਡੁੱਡਿਆ! ਲਵੇਰੀਆਂ ਚੋਈਏ।"

ਪਹਿਲੀ ਵਾਜ ਨਾਲ ਹੀ ਡੁੱਡਾ ਛਾਲ ਮਾਰ ਕੇ ਉੱਠ ਬਹਿੰਦਾ। ਲਵੇਰੀਆਂ ਚੋਅ ਕੇ ਬਸੰਤ ਕੌਰ ਡੁੱਡੇ ਨੂੰ ਲੱਸੀ ਦਾ ਕੌਲਾ ਭਰ ਦੇਂਦੀ। ਚਾਟੀ ਦੀ ਰਿੜਕੀ ਸੰਘਣੀ ਲੱਸੀ, ਸਪਰੇਟੇ ਦੁੱਧ ਨਾਲੋਂ ਵਧੇਰੇ ਗੁਣਕਾਰੀ ਹੁੰਦੀ। ਹਲਵਾਈਆਂ ਦੇ ਥਿੰਲੇ ਵਾਂਗ ਡੁੱਡੇ ਦੇ ਪਿੰਡੇ ਉੱਤੇ ਮਾਸ ਆਉਣ ਲੱਗ ਪਿਆ। ਫਿਰ ਡੁੱਡਾ ਮਹੀਂ ਛੱਡ ਕੇ ਛੱਪੜ ਤੋਂ ਨੁਹਾਉਣ ਤੁਰ ਜਾਂਦਾ। ਉਹਦੇ ਪਰਤਦਿਆਂ ਤੱਕ ਬਸੰਤ ਕੌਰ ਤੰਦੂਰ 'ਤੇ ਰੋਟੀਆਂ ਲਾ ਲੈਂਦੀ। ਘਰ ਦੇ ਕੰਮ ਨੂੰ ਉਹ ਬਹੁਤ ਹੀ ਉੱਦਮੀ ਸੀ। ਸੱਜਰੀ ਰਿੱਧੀ ਦਾਲ ਜਾਂ ਸਬਜ਼ੀ ਨਾਲ ਡੁੱਡਾ ਤਿੰਨ ਰੋਟੀਆਂ ਅੰਦਰ ਸੁੱਟ ਲੈਂਦਾ। ਉਹ ਹੋਰ ਰੋਟੀ ਕਦੇ ਨਾ ਮੰਗਦਾ ਤੇ ਤਿੰਨਾਂ ਤੋਂ ਘਟਾਉਣੀਆਂ ਬਸੰਤ ਕੌਰ ਨੇ ਠੀਕ ਨਾ ਸਮਝੀਆਂ। ਫਿਰ ਡੁੱਡਾ ਹਾਲੀਆਂ ਦੀਆਂ ਰੋਟੀਆਂ ਦੇਣ ਤੁਰ ਜਾਂਦਾ। ਲੱਸੀ ਦਾ ਮੱਘਾ ਸਿਰ 'ਤੇ ਹੋਣ ਕਰਕੇ ਉਹ ਮਹੀਂ ਦੇ ਨਾਲ ਰੋਟੀਆਂ ਨਹੀਂ ਸੀ ਲੈ ਜਾ ਸਕਦਾ। ਰੋਟੀਆਂ ਖੇਤ ਪੁਚਾ ਕੇ ਉਹ ਪਿਛਲੇ ਪੈਰੀਂ ਮੁੜ ਆਉਂਦਾ। ਕਦੇ ਪੱਜ ਬਹਾਨੇ ਕੱਥੂ ਉਹਨੂੰ ਰੋਕਣਾ ਚਾਹੁੰਦਾ ਤਾਂ ਉਹ ਅੱਗੋਂ ਉੱਤਰ ਦੇਂਦਾ, "ਨਾ ਭਈ, ਮੇਰੀਆਂ ਮਹੀਂ ਧੁੱਪੇ ਖਲੋਤੀ ਹੋਣਗੀਆਂ।"

"ਕਿਉਂ, ਸੁਣਦਾ ਏਂ ? 'ਮੇਰੀਆਂ ਮਹੀਂ'। ਇਹ ਹੁਣ ਮਹੀਂ ਦਾ ਮਾਲਕ ਬਣ ਬੈਠਾ ਈ।" ਕੱਥੂ ਨੇ ਸਾਥੀ ਨੂੰ ਹਾਸੇ ਨਾਲ ਕਹਿਣਾ।

"ਇਹਦੇ ਵਿਚ ਕੀ ਝੂਠ ਏ ? ਜਿਵੇਂ ਆਪਾਂ ਬਲਦਾਂ ਦੇ ਮਾਲਕ, ਉਵੇਂ ਇਹ ਮਹੀਂ ਦਾ ਮਾਲਕ। ਮਹੀਂ ਦਾ ਮਾਲਕ ਇਹ ਤੇ ਦੁੱਧ ਦੀ ਮਾਲਕ ਸਰਦਾਰਨੀ। ਬਲਦਾਂ ਦੇ ਮਾਲਕ ਆਪਾਂ ਤੇ ਬੋਹਲ ਦਾ ਮਾਲਕ ਸਰਦਾਰ। ਕਿਸੇ-ਕਿਸੇ ਵੇਲੇ ਸੂਬਾ ਗੱਲ ਬੜੀ ਪਤੇ ਦੀ ਕਹਿੰਦਾ ਸੀ।

ਡੁੱਡੇ ਨੇ ਮਹੀਂ ਦੇ ਰੱਸੇ ਗਲ਼ ਵਲ ਲੈਣੇ। ਜਿੰਨਾ ਚਿਰ ਹਲ ਵਗਦੇ ਰਹਿਣੇ, ਡੁੱਡੇ ਨੇ ਮਹੀਂ ਛੰਬ ਵਿਚ ਚਾਰਦੇ ਰਹਿਣਾ। ਹਾਲੀਆਂ ਹਲ ਛੱਡ ਦੇਣੇ ਤਾਂ ਡੁੱਡੇ ਨੇ ਬਲਦਾਂ

ਕੋਲ ਟਾਹਲੀਆਂ ਦੀ ਛਾਵੇਂ ਮਹੀਂ ਲਿਆ ਬੈਨ੍ਹਣੀਆਂ। ਫੇਰ ਤਿੰਨਾਂ ਨੇ ਰੰਬੇ ਫੜ ਕੇ ਕਪਾਹ ਗੋਡਣ ਬਹਿ ਜਾਣਾ। ਭਾਦਰੋਂ ਦਾ ਮਹੀਨਾ, ਮੁੜ੍ਹਕਾ ਚੋਅ-ਚੋਅ ਕੇ ਸਿਰ ਤੋਂ ਪੈਰਾਂ ਤੱਕ ਪੁੱਜ ਜਾਣਾ। ਜਿਹੜਾ ਘਾਹ ਨਿਕਲਣਾ, ਉਹ ਡੁੱਡੇ ਨੇ ਪਸ਼ੂਆਂ ਅੱਗੇ ਪਾਈ ਜਾਣਾ।

ਡੁੱਡਾ ਲੌਢੇ ਵੇਲੇ ਦੀ ਰੋਟੀ ਨਾਲ ਲੈ ਆਇਆ ਕਰਦਾ। ਤਿੰਨ ਕੁ ਵਜੇ ਉਹ ਟਾਹਲੀਆਂ ਛਾਵੇਂ ਬਹਿ ਕੇ ਰੋਟੀ ਖਾ ਲੈਂਦਾ। ਦੂਜੇ ਦੋਵੇਂ ਚਾਰ ਵਜੇ ਘਰ ਆ ਕੇ ਰੋਟੀ ਖਾਂਦੇ। ਉਹ ਸਮਝਦੇ ਸਨ ਕਿ ਰਾਤ ਨੂੰ ਉਹਨਾਂ ਨੂੰ ਅੱਧ-ਭੁੱਖੇ ਹੀ ਸੌਣਾ ਪੈਣਾ ਹੈ। ਇਸ ਵਾਸਤੇ ਉਹ ਲੌਢੇ ਵੇਲੇ ਦੀ ਰੋਟੀ ਕੁਝ ਕੁਵੇਲੇ ਖਾਂਦੇ।

ਪਸ਼ੂ ਸਾਰੇ ਬਾਹਰੋਂ ਘਾਹ ਨਾਲ ਰੱਜ ਆਉਂਦੇ ਸਨ। ਘਰ ਸਿਰਫ ਦੋ ਪੰਡਾਂ ਚਰ੍ਹੀ ਤੇ ਇਕ ਪੰਡ ਘਾਹ ਦੀ ਹੀ ਉਹ ਲਿਆਉਂਦੇ। ਘਾਹ ਘੋੜੀ ਵਾਸਤੇ ਤੇ ਚਰ੍ਹੀ ਬਾਕੀ ਪਸ਼ੂਆਂ ਵਾਸਤੇ। ਸਾਰੇ ਕੰਮ ਡੁੱਡਾ ਨਾਲ ਕਰਾਉਂਦਾ। ਠੀਕ ਹੀ ਉਹ ਬੰਦੇ ਜਿੰਨਾ ਕੰਮ ਕਰਦਾ ਸੀ।

ਇਕ ਦਿਨ ਸੂਬੇ ਨੇ ਆਖਿਆ ਸੀ, "ਡੁੱਡਿਆ! ਭਾਦਰੋਂ ਦਾ ਚਮਾਸਾ ਕੱਟ ਗਿਉਂ ਤਾਂ ਫੇਰ ਤੂੰ ਲੋਹੇ ਜੜਿਆ ਏਂ।" ਤੇ ਡੁੱਡਾ ਉਹ ਹੁੱਸੜ ਦੇ ਚਾਰ ਮਹੀਨੇ ਕੱਟ ਗਿਆ ਸੀ। ਉਹਨੂੰ ਕੰਮ ਕਰਦਿਆਂ ਪੰਜ ਮਹੀਨੇ ਹੋ ਗਏ ਸਨ।

ਇਕ ਸ਼ਾਮ ਨੂੰ ਮੰਗਲ ਨੇ ਵੀ ਹਵੇਲੀ ਵਿਚ ਆ ਪੈਰ ਪਾਏ। ਲੱਖਾ ਸਿੰਘ ਅੱਗੇ ਮੰਜੇ 'ਤੇ ਬੈਠਾ ਕੁਝ ਪੜ੍ਹ ਰਿਹਾ ਸੀ।

"ਸਰਦਾਰ ਜੀ! ਸੱਤ ਸ੍ਰੀ 'ਕਾਲ।" ਮੰਗਲ ਨੇ ਮੱਥੇ ਤੱਕ ਹੱਥ ਲੈ ਜਾ ਕੇ ਕਿਹਾ।

"ਆ ਮੰਗਲਾ! ਕਿਵੇਂ ਔਣੇ ਹੋਏ ?" ਲੱਖਾ ਸਿੰਘ ਨੇ 'ਸੱਤ ਸ੍ਰੀ ਅਕਾਲ' ਦੇ ਉੱਤਰ ਵਿਚ ਥੋੜ੍ਹਾ ਜਿਹਾ ਸਿਰ ਹਿਲਾ ਕੇ ਕਿਹਾ।

"ਬੱਸ, ਥੁਹਾਡੇ ਦਰਸ਼ਨ ਨੂੰ ਈਂ।" ਮੰਗਲ ਸਰਦਾਰ ਦੇ ਸਾਹਮਣੇ ਭੋਇੰ 'ਤੇ ਪੈਰਾਂ ਭਾਰ ਬਹਿ ਗਿਆ।

"ਆ ਫਿਰ।" ਲੱਖਾ ਸਿੰਘ ਨੇ ਉਹਨੂੰ ਨੀਝ ਲਾ ਕੇ ਤੱਕਦਿਆਂ ਕਿਹਾ।

"ਕੁਝ ਨਸ਼ਾ-ਪਾਣੀ ਦਾ ਟੋਟ ਸੀ। ਮੈਂ ਆਖਿਆ, ਸਰਦਾਰ ਵੱਲੇ ਚਲਦੇ ਆਂ।" ਮੰਗਲ ਨੇ ਆਉਣ ਦਾ ਕਾਰਨ ਦੱਸਿਆ।

"ਤੇਰੇ ਨਸ਼ੇ ਪਾਣੀ ਦਾ ਮੇਰੇ ਨਾਲ ਕੀ ਵਾਸਤਾ ?" ਗੱਲ ਨੂੰ ਸਮਝਦਿਆਂ ਹੋਇਆਂ ਵੀ ਲੱਖਾ ਸਿੰਘ ਨੇ ਟੇਢਾ ਜੇਹਾ ਉੱਤਰ ਦਿੱਤਾ।

"ਆਹ ਮੁੰਡਾ ਏ ਨਾ ਤੁਹਾਡੇ ਨਾਲ। ਜੋ ਤੁਸੀਂ ਗਾਲ੍ਹੜ ਨੂੰ ਦੇਂਦੇ ਸੀ, ਉਸ ਤੋਂ ਧੇਲੀ ਧੇਲੀ ਘੱਟ ਦੇ ਛੱਡੋ।" ਮੰਗਲ ਨੇ ਸੱਜੇ ਹੱਥ ਦੀ ਉਂਗਲ ਨਾਲ ਧਰਤੀ 'ਤੇ

ਲਕੀਰਾਂ ਖਿਚਦਿਆਂ ਕਿਹਾ।

"ਮੁੰਡਾ ਤੇਰਾ ਏ ?" ਲੱਖਾ ਸਿੰਘ ਨੇ ਕੁਝ ਵਿਅੰਗ ਨਾਲ ਪੁੱਛਿਆ।

"ਹੋਂ ਹੋਂਹ! ਮੇਰਾ ਕਾਹਦਾ ਏ, ਸਰਦਾਰ! ਤੁਹਾਡਾ ਈ ਏ।" ਮੰਗਲ ਨੇ ਸ਼ਰਮਿੰਦਿਆਂ ਵਾਲਾ ਹਾਸਾ ਹੱਸਦਿਆਂ ਕਿਹਾ।

"ਸਾਰੀ ਉਮਰ ਤੂੰ ਜੀਹਨੂੰ ਇਕ ਡੰਗ ਵੀ ਕਮਾ ਕੇ ਨਹੀਂ ਖੁਆਇਆ, ਉਹਦਾ ਕੀ ਲੱਗਦਾ ਏਂ ਤੂੰ। ਤੈਨੂੰ ਸ਼ਰਮ ਨਾ ਆਈ ਏਧਰ ਮੂੰਹ ਚੁੱਕ ਕੇ ਤੁਰ ਪਿਆ ਸੈਂ। ਸਾਰੀ ਉਮਰ ਤੂੰ ਭਾਗੋ ਦਾ ਲਹੂ ਨਚੋੜਿਆ ਏ ਤੇ ਹੁਣ ਇਹਦੇ ਉੱਤੇ ਅੱਖ ਰੱਖ ਲਈ ਊ ? ਨਿਕਲ ਜਾਹ ਇਥੋਂ। ਮੁੰਡਾ ਜਾਂਦਾ ਈ, ਤਾਂ ਔਹ ਫਿਰਦਾ ਈ। ਲੈ ਜਾ ਕੰਨੋਂ ਫੜ ਕੇ।" ਲੱਖਾ ਸਿੰਘ ਨੇ ਪੂਰੇ ਸਰਦਾਰੀ ਰੁਹਬ ਨਾਲ ਕਿਹਾ।

"ਮੈਂ ਨਹੀਂ ਜਾਣਾ। ਭਾਵੇਂ ਮੈਨੂੰ ਮਾਰ ਘੱਤੋ।" ਛੁੱਡਾ ਘੋੜੀ ਨੂੰ ਖਰਖਰਾ ਫੇਰ ਰਿਹਾ ਸੀ। ਉਹ ਉਥੋਂ ਹੀ ਪੁਕਾਰ ਉੱਠਿਆ।

"ਸੁਣ ਲਿਆ ਈ ? ਮੁੜ ਕੇ ਮੇਰੇ ਵੱਲ ਤੇਰਾ ਕੋਈ ਕੰਮ ਨਹੀਂ।" ਲੱਖਾ ਸਿੰਘ ਨੇ ਹਮੇਸ਼ਾ ਵਾਸਤੇ ਹੁਕਮ ਹੁਣਾ ਦਿੱਤਾ।

ਮੰਗਲ ਪੰਜ-ਕੁ ਮਿੰਟ ਉਸੇ ਤਰ੍ਹਾਂ ਨੀਵੀਂ ਪਾਈ ਉਥੇ ਬੈਠਾ ਰਿਹਾ। ਘਰੋਂ ਉਹ ਭਾਗੋ ਤੋਂ ਵੀ ਚੋਰੀ ਆਇਆ ਸੀ। ਅਖ਼ੀਰ ਉਹ ਨਿਰਾਸ ਹੋ ਕੇ ਉਠ ਖਲੋਤਾ। ਕਹਿਣ ਵਾਸਤੇ ਉਹਦੇ ਕੋਲ ਇਕ ਸ਼ਬਦ ਵੀ ਨਹੀਂ ਸੀ। ਉਹ ਚੁੱਪ-ਚਾਪ ਬਾਹਰ ਨੂੰ ਤੁਰ ਗਿਆ।

ਸਾਰੀ ਉਮਰ ਮੰਗਲ ਨੇ ਟਕੇ ਡੱਬਲ ਦੀ ਕਾਰ ਨਹੀਂ ਸੀ ਕੀਤੀ। ਭਾਗੋ ਤੇ ਗੀਲ੍ਹੋ ਲੋਕਾਂ ਦਾ ਗੋਹਾ ਕੂੜਾ ਕਰਕੇ ਜੂਨ ਗੁਜ਼ਾਰ ਰਹੀਆਂ ਸਨ। ਕਿਤੇ ਉਹ ਕਿਸੇ ਸਰਦਾਰਨੀ ਦਾ ਪੋਚਾ ਫੇਰ ਕੇ ਜਾਂ ਪੀਹਣ ਕਰਕੇ ਦੋ ਸੇਰ ਦਾਣੇ ਲਿਆਉਂਦੀਆਂ ਤਾਂ ਉਹ ਮੰਗਲ ਚੋਰੀ ਕੱਢ ਕੇ ਤਮਾਕੂ ਵਾਸਤੇ ਲੈ ਜਾਂਦਾ। ਹੁਣ ਉਸ ਨੇ ਸਾਈਂ ਪੀਰ ਸ਼ਾਹ ਨਾਲ ਰਲ ਕੇ ਸੁੱਖਾ ਪੀਣਾ ਵੀ ਸ਼ੁਰੂ ਕਰ ਦਿੱਤਾ ਸੀ। ਉਹਦਾ ਅਫ਼ੀਮ ਖਾਣ ਨੂੰ ਵੀ ਜੀਅ ਲਲਚਾਉਂਦਾ, ਪਰ ਅਫ਼ੀਮ ਖ਼ਰੀਦਣ ਵਾਸਤੇ ਉਹਦੇ ਹੱਥ ਪੈਸਾ ਕਿਤੋਂ ਨਾ ਲੱਗਦਾ। ਸਾਈਂ ਤੇ ਮੰਗਲ ਨੇ ਕਈ ਦਿਨਾਂ ਦੀ ਸੋਚ ਵਿਚਾਰ ਪਿਛੋਂ ਇਹ ਯੋਜਨਾ ਬਣਾਈ ਸੀ ਕਿ ਛੁੱਡੇ ਦੀ ਤਨਖ਼ਾਹ ਵਜੋਂ ਸਰਦਾਰ ਲੱਖਾ ਸਿੰਘ ਕੋਲੋਂ ਪੈਸੇ ਲਿਆਂਦੇ ਜਾਣ, ਪਰ ਲੱਖਾ ਸਿੰਘ ਦੀ ਇਕੋ ਝਿੜਕ ਨਾਲ ਦੋਹਾਂ ਦੀਆਂ ਆਸਾਂ ਉੱਤੇ ਪਾਣੀ ਫਿਰ ਗਿਆ।

ਅਗਲੇ ਦਿਨ ਭਾਗੋ ਵੀ ਆਈ।

"ਕਿਉਂ ? ਅੱਜ ਤੂੰ ਛੁੱਡੇ ਦੀ ਤਨਖ਼ਾਹ ਲੈਣ ਆਈ ਏਂ ?" ਲੱਖਾ ਸਿੰਘ ਨੇ



WWW.SIKHBOOKCLUB.COM 

ਭਾਗੋ ਦੇ ਮੱਥੇ ਲਗਦਿਆਂ ਬੜੀ ਰੁੱਖੀ ਸੁਰ ਵਿਚ ਕਿਹਾ।

"ਨਾ ਜੀ, ਸਰਦਾਰ! ਛੂੰਡਾ ਕਿਤੇ ਹੈਗਾ ਏ ਮਾਲ ਅਧਸਰ ਲੱਗਾ ਹੋਇਆ, ਜੀਹਦੀ ਮੈਂ ਤਨਖ਼ਾਹ ਮੰਗਣੀ ਏ ? ਮੈਂ ਤਾਂ ਇਹ ਪੁੱਛਣ ਆਈ ਆਂ, ਪਈ ਮੱਗਲੂ ਏਥੇ ਕੀ ਲੈਣ ਆਇਆ ਸੀ ?" ਭਾਗੋ ਮੰਗਲ ਨੂੰ ਘਿਰਣਾ ਨਾਲ ਵਧੇਰੇ ਮੱਗਲੂ ਹੀ ਕਹਿੰਦੀ। ਇਹ ਉਹਦੇ ਵਿਸ਼ੇਸ਼ ਉਚਾਰਣ ਦੀ ਸਿਫ਼ਤ ਸੀ ਕਿ ਉਹ ਟਿੱਪੀ ਦੀ ਥਾਂ ਅਦਕ ਲਾ ਕੇ ਸਦਾ 'ਮੱਗਲੂ' ਉਚਾਰਦੀ।

"ਇਹ ਜਾ ਕੇ ਮੰਗਲ ਨੂੰ ਪੁੱਛ। ਮੇਰੇ ਮੱਥੇ ਤਾਂ ਉਹ ਦੁਬਾਰਾ ਲੱਗਦਾ ਨਹੀਂ।" ਸਰਦਾਰ ਨੇ ਥੋੜ੍ਹੇ ਵਿਚ ਗੱਲ ਮੁਕਾ ਦਿੱਤੀ।

"ਵੇਖੋ ਜੀ, ਸਰਦਾਰ। ਛੂੱਡਾ ਨਾ ਮੇਰਾ, ਨਾ ਮੱਗਲੂ ਦਾ। ਉਹ ਏ ਤੁਹਾਡਾ, ਜਿਨ੍ਹਾਂ ਦੇ ਬੂਹਿਆਂ 'ਤੇ ਟੁਕੜੇ ਖਾ ਕੇ ਪਲਿਆ ਏ। ਮੈਂ ਤਾਂ ਸੋ ਦੀ ਇਕ ਆਖਣ ਆਈ ਆਂ ਕਿ ਇਹਦੀ ਬਾਂਹ ਫੜੀ ਊ ਤਾਂ ਮਰਦਾ ਵਾਂਗ ਨਿਭਾ ਦੇਈਂ। ਵੱਡਾ ਹੋਵੇਗਾ ਤਾਂ ਕੋਈ ਮੇਰੇ ਅਰਗੀ ਕਪੱਤੀ ਲੱਭ ਦੇਈਂ, ਜਿਹੜੀ ਇਹਦੇ ਵਾਸਤੇ ਅਵਾਣੇ ਜਣੇ।"

"ਲਉ, ਹੋਰ ਸੁਣ ਲਉ। ਭਾਗੋ ਸਿੱਧੀਆਂ ਈ ਜੜ੍ਹ ਦੇਂਦੀ ਏ।" ਕੋਲੋਂ ਬਸੰਤ ਕੋਰ ਨੇ ਮੁਸਕੜੀਆਂ 'ਚ ਹੱਸਦਿਆਂ ਕਿਹਾ।

"ਤੇ ਹੋਰ ਸਰਦਾਰਨੀ! ਅਸੀਂ ਲੋਕ ਤਾਂ ਜੰਮਣ ਦੇ ਭਾਈਵਾਲ ਹੁੰਦੇ ਆਂ। ਇਹ ਧੀਆਂ ਪੁੱਤਰ ਤਾਂ ਤੁਹਾਡੇ ਹੁੰਦੇ ਨੇ ਜਿਨ੍ਹਾਂ ਘਰ ਇਹਨਾਂ ਕਮੌਣਾ ਖਾਣਾ ਹੁੰਦਾ ਏ।" ਭਾਗੋ ਦੇ ਮੂੰਹੋਂ ਪੀਹੜੀਆਂ ਦਾ ਤਜਰਬਾ ਬੋਲ ਰਿਹਾ ਸੀ।

"ਮੰਗਲ ਨਵੇਂ ਨਰੋਏ ਨੇ ਤਾਂ ਤੈਨੂੰ ਕਮਾ ਕੇ ਖੁਆਇਆ ਨਹੀਂ ਤੇ ਇਸ ਛੂੰਡੇ ਦੇ ਵਿਆਹ ਦਾ ਤੈਨੂੰ ਹੁਣ ਤੋਂ ਈ ਫ਼ਿਕਰ ਲੱਗ ਗਿਆ ਏ।" ਲੱਖਾ ਸਿੰਘ ਨੇ ਕੁਝ ਹਾਸੇ ਦੇ ਰੌਂ ਵਿਚ ਕਿਹਾ।

"ਹੋਰ ਪੰਜ ਵਰ੍ਹੇ ਇਹ ਤੇਰਾ ਮਾਲ ਚਾਰੇਗਾ। ਫੇਰ ਇਹਨੂੰ ਹਲ ਮਗਰ ਲਾ ਲਵੀਂ। ਬਾਰਾਂ ਵਰ੍ਹਿਆਂ ਦਾ ਇਹ ਜੋਗ ਪੂਰਾ ਕਰ ਲਵੇਗਾ ਤਾਂ ਇਹਦਾ ਵਿਆਹ ਕਰ ਦੇਵੀਂ। ਨਾਲੇ ਤੈਨੂੰ ਪਤਾ ਲੱਗ ਜਾਵੇਗਾ ਕਿ ਇਹ ਕਮਾ ਕੇ ਖੁਐਣ ਜੋਗਾ ਹੈਗਾ ਏ ਜਾਂ ਨਹੀਂ। ਨਾ ਕਮਾਈ ਕਰੇਗਾ ਤਾਂ ਪਿਉ ਵਾਂਗ ਹੱਥ ਠੂਠਾ ਤੇ ਦੇਸ ਮੋਕਲਾ। ਬੁੱਲੇ ਲੁੱਟੀ ਪਿਆ।" ਭਾਗੋ ਦੀ ਤਜਵੀਜ਼ ਮੰਨਣਯੋਗ ਸੀ।

"ਭਈ ਭਾਗੋ! ਤੇਰੀ ਇਹ ਸ਼ਰਤ ਮਨਜ਼ੂਰ। ਜਿਸ ਤਰ੍ਹਾਂ ਇਹ ਹੁਣ ਦਿਲ ਲਾ ਕੇ ਕੰਮ ਕਰਦਾ ਏ, ਏਸੇ ਤਰ੍ਹਾਂ ਕਰਦਾ ਰਿਹਾ, ਤਾਂ ਬਾਰਾਂ ਵਰ੍ਹਿਆਂ ਦੇ ਅੰਦਰ ਈ ਇਹਦਾ ਵਿਆਹ ਕਰ ਦਿਆਂਗਾ।" ਲੱਖਾ ਸਿੰਘ ਨੇ ਹਾਮੀ ਭਰ ਦਿੱਤੀ।

"ਮੈਂ ਵਿਆਹ ਕਰਾਂਗਾ।" ਛੂੱਡੇ ਨੇ ਬੜੀ ਖੜਕਵੀਂ ਅਵਾਜ਼ ਵਿਚ ਕਿਹਾ।


WWW.SIKHBOOKCLUB.COM 

"ਲਉ, ਉਹ ਵੀ ਬੋਲ ਪਿਆ ਜੇ। ਟੁੱਟ ਪੈਣੇ ਨੂੰ ਹੁਣ ਤੋਂ ਵਿਆਹ ਦੀ ਲੋ ਲੱਗੀ ਹੋਈ ਏ।" ਬਸੰਤ ਕੌਰ ਦੀ ਨਿਗਾਹ ਉਸ ਵੇਲੇ ਛੁੱਡੇ ਉੱਤੇ ਟਿਕੀ ਹੋਈ ਸੀ।

"ਮੈਂ ਅੱਜ ਤੋਂ ਸਾਰੇ ਦਾਹਵੇ ਛੱਡੇ। ਇਹਦੇ ਵੱਲੋਂ ਮੈਂ ਸੁਰਖਰੂ ਹੋਈ। ਇਹ ਤੁਹਾਡੇ ਜੋਗਾ ਹੋਇਆ। ਮੈਂ ਸਮਝਾਂਗੀ, ਇਕ ਵਾਰ ਮੈਂ.....।"

"ਬੱਸ-ਬੱਸ। ਢੱਕੀ ਰਹਿਣ ਦਿਹ। ਮੈਂ ਸਮਝ ਗਿਆਂ।" ਲੱਖਾ ਸਿੰਘ ਜਾਣਦਾ ਸੀ ਕਿ ਭਾਗੋ ਅੱਗੋਂ ਕੀ ਸਲੋਕ ਸੁਣਾਵੇਗੀ।

"ਭਾਗੋ ਖਰੀ-ਖਰੀ ਆਖਣ ਲੱਗਿਆਂ ਅੱਗਾ ਪਿੱਛਾ ਨਹੀਂ ਵਿਹੰਦੀ, ਭਾਵੇਂ ਕੋਲ ਕੋਈ ਬੈਠਾ ਹੋਵੇ। ਘਰ ਬਾਹਰ ਇਹਦਾ ਇਹੋ ਹਾਲ।" ਬਸੰਤ ਕੌਰ ਦਾ ਉਦਾਸਿਆ ਹੋਇਆ ਦਿਲ ਵੀ ਪਲ ਦਾ ਪਲ ਖਿੜ ਗਿਆ ਸੀ।

"ਤੇ ਹੋਰ ਸਰਦਾਰਨੀ! ਜਾਣਦੇ ਤਾਂ ਸਾਰੇ ਈ ਹੁੰਦੇ ਆ! ਫੇਰ ਗੱਲ ਦਾ ਪੜਦਾ ਕੀ ਪੌਣਾ। ਹੱਛਾ ਵਸਦੇ ਰਹੋ, ਸੁਖੀ ਵਸੋ।" ਭਾਗੋ ਨੇ ਮੱਥੇ ਕੋਲ ਹੱਥ ਲੈ ਜਾ ਕੇ ਸਰਦਾਰ ਤੇ ਸਰਦਾਰਨੀ ਦਾ ਸਤਕਾਰ ਕਰਦਿਆਂ ਕਿਹਾ, "ਤੂੰ ਵੀ ਸੁਣ ਲੈ ਵੇ ਛੁੱਡੇ ਦਿਆ ਪੁੱਤਰਾ! ਸਰਦਾਰ ਦਾ ਲੜ ਨਾ ਛੱਡੀਂ। ਨਹੀਂ ਤਾਂ ਮਾਰ-ਮਾਰ ਕੇ ਟੰਗਾਂ ਤੋੜ ਦਿਆਂਗੀ।"

"ਹਾਹੋ। ਅੱਗੇ ਰੱਬ ਨੇ ਛੁੱਡਾ ਬਣਾਇਆ ਏ, ਉਤੋਂ ਤੂੰ ਟੰਗਾਂ ਤੋੜ ਦਿਹ! ਰੋਟੀ ਕਮਾ ਕੇ ਖਾਣ ਜੋਗਾ ਵੀ ਨਾ ਰਹੇ।.......ਖਲੋ ਜਾ, ਰੋਟੀ ਲੈ ਕੇ ਜਾਈਂ।"

"ਨਾ ਸਰਦਾਰਨੀ! ਮੈਂ ਨਹੀਂ ਲਜਾਣੀ ਰੋਟੀ। ਤੂੰ ਇਹਦਾ ਢੱਢਰ ਭਰ। ਮੈਂ ਇਹਦੇ ਪਿਉ ਦੀ ਕਮਾਈ ਨਹੀਂ ਖਾਧੀ ਸਾਰੀ ਉਮਰ ਤੇ ਇਕ ਦਿਨ ਇਹਦੀ ਖਾ ਕੇ ਬੋਲੀ ਹੱਥੀ ਕਿਉਂ ਹੋਵਾਂ।" ਭਾਗੋ ਸਿਰ ਦੇ ਉਤਦੀ ਹੱਥ ਭੁਆਉਂਦੀ ਕਾਹਲੇ ਕਦਮੀ ਬਾਹਰ ਨਿਕਲ ਗਈ।

ਬਸੰਤ ਕੌਰ ਕਿੰਨਾ ਚਿਰ ਉਸੇ ਪਾਸੇ ਵਿਹੰਦੀ ਰਹੀ, ਜਿਧਰ ਭਾਗੋ ਗਈ ਸੀ। ਫਿਰ ਉਹਦੇ ਅੰਦਰੋਂ ਹਉਕਾ ਬਣ ਕੇ ਛੋਟਾ ਜੇਹਾ ਵਾਕ ਨਿਕਲਿਆ, "ਉਹ ਹੋ। ਜਨਾਨੀ ਦੀ ਜਾਤ।"

"ਤੂੰ ਤਾਂ ਜਨਾਨੀ ਦੀ ਜੂਨ ਪੈ ਕੇ ਬਹੁਤ ਔਖੀ ਰਹੀ ਹੋਵੇਂਗੀ। ਅਖੇ : ਭੁੱਖੀ ਵੀ ਅੜਾਵੇ ਤੇ ਰੱਜੀ ਵੀ।"

ਲੱਖਾ ਸਿੰਘ ਦੀ ਝਿੜਕ ਸੁਣ ਕੇ ਬਸੰਤ ਕੌਰ ਵਿਚੇ ਵਿਚ ਪੀ ਗਈ। ਉਹਨੇ ਅੱਗੋਂ ਇਕ ਸ਼ਬਦ ਵੀ ਨਾ ਕਿਹਾ। ਚਾਰ ਪੰਜ ਦਿਨਾਂ ਤੋਂ ਅੰਦਰੋਂ-ਅੰਦਰ ਉਹਨਾਂ ਵਿਚ ਕੁਝ ਝਗੜਾ ਚੱਲ ਰਿਹਾ ਸੀ। ਸਦਾ ਖਿੜਿਆ ਰਹਿਣ ਵਾਲਾ ਬਸੰਤ ਕੌਰ ਦਾ ਚਿਹਰਾ ਥੋੜ੍ਹੇ ਦਿਨਾਂ ਵਿਚ ਹੀ ਕੁਮਲਾ ਗਿਆ ਸੀ।

"ਬੇਬੇ ! ਨਾ ਸੱਚ ਬੇਬੇ ਜੀ। ਮੁਣਸ਼ੀ ਆਹੰਦਾ ਸੀ ਗੁੱਡੀ ਨੂੰ ਵੀ ਨਾਲ ਲਿਆਇਆ ਕਰ। ਤਾਏ ਕੀ ਬੀਰੋ ਦਾਖਲ ਹੋ ਗਈ ਏ। ਇਕ ਦੋ ਹੋਰ ਕੁੜੀਆਂ ਵੀ। ਕੁੜੀਆਂ ਨੂੰ ਮੁਣਸ਼ੀ ਵੱਖਰੀਆਂ ਬਹੋਂਦਾ ਹੁੰਦਾ ਏ।" ਹਰਨਾਮ ਨੇ ਸਾਰੀਆਂ ਗੱਲਾਂ ਇਕੋ ਸਾਹੇ ਕਹਿ ਦਿੱਤੀਆਂ। ਉਹ ਮੋਢੇ 'ਤੇ ਬਸਤਾ ਪਾਈ ਸਕੂਲੋਂ ਵਾਪਸ ਆ ਰਿਹਾ ਸੀ।

"ਤੇਰੀਆਂ ਫੱਟੀਆਂ ਤਾਂ ਮੈਂ ਪੋਚਦੀ ਆਂ ਤੇ ਗੁੱਡੀ ਦੀਆਂ ਕੌਣ ਪੋਚਿਆ ਕਰੂ।" ਬਸੰਤ ਕੌਰ ਨੇ ਐਵੇਂ ਹੁੰਗਾਰੇ ਵਜੋਂ ਕਿਹਾ।

ਬਸੰਤ ਕੌਰ ਦੇ ਘਰ ਇਕ ਪੁੱਤਰ—ਹਰਨਾਮ ਤੇ ਇਕ ਉਸ ਤੋਂ ਦੋ ਸਾਲ ਛੋਟੀ ਲੜਕੀ ਸੀ। ਲੜਕੀ ਦਾ ਨਾਂ ਸ਼ਾਮੋ ਸੀ, ਪਰ ਘਰ ਵਿਚ ਵਧੇਰੇ ਉਹਨੂੰ 'ਗੁੱਡੀ' ਹੀ ਆਖਦੇ ਸਨ। ਉਹ ਵੀ ਸਾਢੇ ਪੰਜ ਸਾਲ ਦੀ ਹੋ ਗਈ ਸੀ।

"ਮੈਂ ਪੋਚਾਂਗਾ।" ਭੁੱਡੇ ਨੇ ਦੂਰੋਂ ਹੀ ਹਾਮੀ ਭਰ ਦਿੱਤੀ। ਉਹ ਮੰਜੇ ਦੀ ਪੈਂਦ ਕੱਸ ਰਿਹਾ ਸੀ।

"ਤੂੰ ਤਾਂ ਮੇਰੀਆਂ ਰੋਟੀਆਂ ਵੀ ਪਕਾ ਦਿਆ ਕਰੇਂਗਾ।" ਬਸੰਤ ਕੌਰ ਨੇ ਹਾਸੇ ਨਾਲ ਕਿਹਾ। ਇਨਸਾਨ ਭਾਵੇਂ ਕਿੰਨਾ ਵੀ ਉਦਾਸ ਹੋਵੇ, ਕਿਸੇ ਪੱਜ ਬਹਾਨੇ ਉਹਦਾ ਹੱਸਣ ਨੂੰ ਜੀਅ ਕਰ ਆਉਂਦਾ ਹੈ।

"ਹਾਂਹੋ।" ਭੁੱਡੇ ਦੇ ਮੂੰਹੋਂ ਸੁੱਤੇ ਹੀ ਨਿਕਲ ਗਿਆ। ਹਰ ਕੰਮ ਨੂੰ 'ਹਾਂ' ਕਰ ਦੇਣੀ, ਉਹਦੇ ਸੁਭਾਅ ਦਾ ਹਿੱਸਾ ਬਣ ਗਿਆ ਸੀ। ਉਹਦੇ ਦਿਲ ਵਿਚ ਸੀ, ਮੇਰੇ ਭੁੱਡੇ ਹੋਣ ਦਾ ਕਾਰਨ ਦੂਸਰਾ ਇਹ ਨਾ ਸਮਝ ਬੈਠੇ ਕਿ ਇਹ ਕੰਮ ਭੁੱਡੇ ਤੋਂ ਨਹੀਂ ਹੋ ਸਕਦਾ।

"ਨਹੀਂ। ਮੇਰੀ ਪੱਕੀਆਂ....।" ਭੁੱਡੇ ਨੂੰ ਆਪਣੀ ਭੁੱਲ ਦਾ ਪਤਾ ਲੱਗ ਗਿਆ ਕਿ ਉਹਦੇ ਹੱਥ ਦੀ ਪੱਕੀ ਰੋਟੀ ਸਰਦਾਰਾਂ ਨੇ ਖਾਣੀ ਨਹੀਂ, ਪਰ ਉਹਦੇ ਦਿਲ ਵਿਚ ਇਹ ਖ਼ਿਆਲ ਨਹੀਂ ਸੀ ਕਿ ਉਹ ਰੋਟੀ ਪਕਾ ਨਹੀਂ ਸਕਦਾ।

"ਹੱਛਾ, ਹੱਥ ਧੋ ਕੇ ਤੂੰ ਦੁੱਧ ਪੀ। ਤੇਰਾ ਬਾਪੂ ਆਖੇਗਾ, ਤਾਂ ਗੁੱਡੀ ਨੂੰ ਵੀ ਘੱਲ ਦਿਆਂ ਕਰਾਂਗੇ।" ਬਸੰਤ ਕੌਰ ਨੇ ਐਵੇਂ ਗੱਲ ਟਾਲਣ ਵਾਸਤੇ ਹਰਨਾਮ ਨੂੰ ਕਿਹਾ।

'ਵਰਨ' ਛੋਟਾ ਜਿਹਾ ਪਿੰਡ ਸੀ। ਉਹਦੇ ਉਦਾਲੇ ਹੋਰ ਛੋਟੇ-ਛੋਟੇ ਪਿੰਡ ਸਨ : ਬੱਲਾਂਵਾਲਾ, ਨੱਥੂਵਾਲਾ, ਕਾਦੀਵਿੰਡ, ਤਰਗੇ। ਕਦੇ ਉਹ ਸਾਰੇ ਪਿੰਡ ਇਕੋ ਥਾਂ ਵਸਦੇ ਸਨ। ਨਿਸ਼ਾਨੀ ਵਜੋਂ ਪੰਜਾਂ ਪਿੰਡਾਂ ਦੇ ਵਿਚਕਾਰ ਇਕ ਵੱਡਾ ਸਾਰਾ ਥੇਹ ਪਿਆ ਸੀ। ਪਿਛੋਂ ਸਾਰਿਆਂ ਨੇ ਆਪਣੀ ਸਹੂਲਤ ਨੂੰ ਮੁੱਖ ਰੱਖ ਕੇ ਆਪੋ ਆਪਣੇ ਖੇਤਾਂ ਵਿਚ ਨਵੇਂ ਪਿੰਡ ਬੰਨ੍ਹ ਲਏ ਸਨ।

ਉਹਨਾਂ ਪੰਜਾਂ ਪਿੰਡਾਂ ਵਿਚ ਕਿਤੇ ਵੀ ਸਕੂਲ ਨਹੀਂ ਸੀ। ਸਕੂਲ ਹੈਗੇ ਸਨ

ਕਸੂਰ ਤੇ ਖੇਮਕਰਨ। ਕਸੂਰ ਵਰਨ ਤੋਂ ਚਾਰ ਮੀਲ ਦੂਰ ਸੀ ਤੇ ਖੇਮਕਰਨ ਪੰਜ ਮੀਲ। ਛੋਟੇ ਬੱਚਿਆਂ ਨੂੰ ਏਨੀ ਦੂਰ ਭੇਜਣ ਦਾ ਕੋਈ ਵਸੀਲਾ ਨਹੀਂ ਸੀ। ਸਾਰੇ ਪਿੰਡਾਂ ਦੇ ਤੁਰਦੇ ਬੰਦਿਆਂ ਨੇ ਸਲਾਹ ਕਰਕੇ ਵਰਨ ਵਿਚ ਪ੍ਰਾਇਮਰੀ ਸਕੂਲ ਖੋਲ੍ਹ ਲਿਆ। ਵਰਨ ਬਾਕੀ ਚੋਹਾਂ ਪਿੰਡਾਂ ਦੇ ਵਿਚਕਾਰ ਸੀ।

ਸਕੂਲ ਵਾਸਤੇ ਨੰਬਰਦਾਰ ਸਰਦੂਲ ਸਿੰਘ ਨੇ ਆਪਣੀ ਬੈਠਕ ਦੇ ਦਿੱਤੀ। ਖੇਮਕਰਨ ਦਾ ਇਕ ਨਾਰਮਲ ਪਾਸ ਗੱਭਰੂ ਉਥੇ ਮਾਸਟਰ ਲੱਗ ਗਿਆ। ਸਾਰੇ ਲੋਕ ਤੇ ਵਿਦਿਆਰਥੀ ਉਸ ਨੂੰ 'ਮੁਣਸ਼ੀ ਜੀ' ਕਹਿੰਦੇ ਸਨ। ਮੁਣਸ਼ੀ ਦਾ ਕੰਮ ਸਿਰਫ਼ ਬੱਚਿਆਂ ਨੂੰ ਪੜ੍ਹਾਉਣਾ ਹੀ ਨਹੀਂ ਸੀ, ਨਵਾਂ ਸਕੂਲ ਚਲਾਉਣ ਵਾਸਤੇ ਵਿਦਿਆਰਥੀਆਂ ਦੀ ਗਿਣਤੀ ਪੂਰੀ ਕਰਨੀ ਵੀ ਉਸੇ ਦੀ ਜ਼ਿੰਮੇਵਾਰੀ ਸੀ। ਬੱਚਿਆਂ ਦੀ ਗਿਣਤੀ ਪੂਰੀ ਨਾ ਹੋਣ ਦੇ ਕਾਰਨ ਸਕੂਲ ਟੁੱਟ ਜਾਵੇ ਤਾਂ ਉਹਦੀ ਨੌਕਰੀ ਵੀ ਨਾਲ ਹੀ ਖ਼ਤਮ ਸੀ। ਇਉਂ ਸਮਝੋ ਕਿ ਮਹਿਕਮੇ ਨੇ ਉਹਨੂੰ ਲਾਇਆ ਹੀ ਏਸੇ ਸ਼ਰਤ ਉੱਤੇ ਸੀ। ਸਕੂਲ ਤੇ ਮਾਸਟਰ ਦੋਵੇਂ ਹੀ ਆਰਜ਼ੀ ਸਨ। ਇਸ ਕਾਰਨ, ਰੋਜ਼ ਉਦਾਲੇ ਦੇ ਪਿੰਡਾਂ ਵਿਚ ਫੇਰੇ ਮਾਰ ਕੇ ਮੁਣਸ਼ੀ ਨਵੇਂ ਵਿਦਿਆਰਥੀ ਭਰਤੀ ਕਰਨ ਦੇ ਫ਼ਿਕਰ ਵਿਚ ਰਹਿੰਦਾ। ਮਹਿਕਮੇ ਤੋਂ ਮਨਜ਼ੂਰੀ ਲੈ ਕੇ ਉਹਨੇ ਕੁਝ ਲੜਕੀਆਂ ਵੀ ਦਾਖ਼ਲ ਕਰ ਲਈਆਂ।

ਕੁਝ ਦਿਨਾਂ ਪਿਛੋਂ ਗੁੱਡੀ ਵੀ ਪੜ੍ਹਨ ਜਾਣ ਲੱਗ ਪਈ। ਸਕੂਲ ਦੇ ਕਾਗ਼ਜ਼ਾਂ ਵਿਚ ਉਹਦਾ ਨਾਮ ਸ਼ਾਮ ਕੌਰ ਦਰਜ ਕੀਤਾ ਗਿਆ। ਛੱਜੋ ਦਾ ਕੰਮ ਹੋਰ ਵੱਧ ਗਿਆ : ਹਰਨਾਮ ਤੇ ਸ਼ਾਮੋ ਦੀਆਂ ਫੱਟੀਆਂ ਪੋਚਣਾ।

## ੭

ਬਸੰਤ ਕੌਰ ਬੜੀ ਹੱਸਮੁੱਖ ਤੇ ਖ਼ੁਸ਼ ਰਹਿਣੇ ਸੁਭਾਅ ਦੀ ਸੀ। ਉਹ ਅਜੇਹੇ ਰੂਪ ਦੀ ਮਾਲਕ ਨਹੀਂ ਸੀ, ਜਿਸ ਉੱਤੋਂ ਪੰਛੀ ਡਿੱਗਣ ਦਾ ਅਖਾਣ ਵਰਤਿਆ ਜਾ ਸਕੇ, ਜਾਂ ਜਿਸ ਨੂੰ ਵੇਖ ਕੇ ਭੌਰਿਆਂ ਨੂੰ ਫੁੱਲਾਂ ਦਾ ਭੁਲੇਖਾ ਲੱਗ ਸਕੇ, ਪਰ ਨਾ ਉਹ ਕਾਲੀ ਸੀ, ਨਾ ਸਾਉਲੀ। ਉਹ ਚੰਗੀ ਸਡੋਲ, ਸੁਨੱਖੀ ਤੇ ਕੱਦ ਸ਼ਾਨ ਵਾਲੀ ਸੀ। ਉਹਨੂੰ ਸ਼ਹਿਰਨਾਂ ਵਾਂਗ ਸੁਰਖ਼ੀ ਪਾਊਡਰ ਨਾਲ ਹੁਸਨ ਲਿਸ਼ਕਾਉਣ ਦੀ ਜਾਚ ਹੁੰਦੀ ਤਾਂ ਉਹ ਇਕ ਸੁੰਦਰੀ ਕਹੀ ਜਾ ਸਕਦੀ ਸੀ। ਜੰਗਲ ਦੇ ਸੂਏ ਫੁੱਲਾਂ ਵਾਂਗ ਹੁਣ ਵੀ ਉਹ ਮਾੜੀ ਨਹੀਂ ਸੀ ਜਾਪਦੀ। ਉਹ ਸਾਰੇ ਪਿੰਡ ਵਿਚੋਂ ਸਭ ਤੋਂ ਸੋਹਣੀ ਨਹੀਂ ਸੀ। ਇਕ ਦੋ ਜੱਟੀਆਂ ਉਸ ਤੋਂ ਵਧੇਰੇ ਸੋਹਣੀਆਂ ਸਨ। ਲੱਖਾ ਸਿੰਘ ਨੂੰ ਇਹ ਗੱਲ ਬੜੀ ਰੜਕਦੀ ਸੀ। ਉਹ ਚਾਹੁੰਦਾ ਸੀ, ਜਿਵੇਂ ਉਹਦੀ ਮਾਲੀ ਹਾਲਤ ਸਾਰੇ ਪਿੰਡ ਵਿਚੋਂ ਚੰਗੀ ਹੈ, ਉਹਦੇ ਘਰ ਵਾਲੀ ਵੀ ਸਾਰੇ ਪਿੰਡ ਵਿਚੋਂ ਸੋਹਣੀ ਹੁੰਦੀ। ਬਸੰਤ ਕੌਰ ਦਾ ਰੰਗ ਥੋੜਾ

ਜਿਹਾ ਹੋਰ ਚਿੱਟਾ ਹੁੰਦਾ ਤਾਂ ਲੱਖਾ ਸਿੰਘ ਵਧੇਰੇ ਖ਼ੁਸ਼ ਹੁੰਦਾ। ਸ਼ਾਇਦ ਉਹ ਸੰਤੁਸ਼ਟ ਫੇਰ ਵੀ ਨਾ ਹੁੰਦਾ। ਗੱਜਿਆ ਪੁੱਜਿਆ ਮਰਦ ਇਸਤਰੀ ਦੇ ਰੂਪ ਨਾਲ ਕਦੇ ਸੰਤੁਸ਼ਟ ਹੁੰਦਾ ਹੀ ਨਹੀਂ। ਫੁੱਲ ਸਾਰੇ ਹੀ ਸੋਹਣੇ ਹੁੰਦੇ ਹਨ, ਪਰ ਭੌਰੇ ਦੀ ਨੀਤ ਨਹੀਂ ਭਰਦੀ। ਉਹ ਵੱਧ ਤੋਂ ਵੱਧ ਫੁੱਲਾਂ ਦਾ ਜੋਬਨ ਮਾਨਣ ਦਾ ਲਾਲਚੀ ਹੁੰਦਾ ਹੈ ਤੇ ਮਰਦ ਤਾਂ ਲਾਲਚੀ ਤੋਂ ਅਗ੍ਹਾਂ ਕੁਝ ਹੋਰ ਵੀ ਹੁੰਦਾ ਹੈ। ਏਹਾ ਝਗੜਾ ਇਸ ਵੇਲੇ ਲੱਖਾ ਸਿੰਘ ਦੇ ਘਰ ਵਿਚ ਚੱਲ ਰਿਹਾ ਸੀ।

ਪਿਛਲੇ ਸਾਲ ਬਸੰਤ ਕੌਰ ਦੇ ਮਾਮੇ ਦੇ ਪੁੱਤਰ ਦਾ ਵਿਆਹ ਸੀ। ਉਹ ਸਣੇ ਪਰਵਾਰ ਵਿਆਹ 'ਤੇ ਗਏ ਸਨ। ਬਸੰਤ ਕੌਰ ਦੇ ਮਾਮੇ ਦੀ ਛੋਟੀ ਲੜਕੀ ਸਵਰਨੀ ਸੋਲਾਂ-ਸਤਾਰਾਂ ਸਾਲ ਦੀ ਬਹੁਤ ਸੁੰਦਰ ਮੁਟਿਆਰ ਸੀ। ਇਹ ਬੋਲੀ ਉਹਦੇ ਉੱਤੇ ਹੂ-ਬ-ਹੂ ਢੁੱਕਦੀ ਸੀ :

'ਦਿਨ ਚੜ੍ਹਦੇ ਦੀ ਲਾਲੀ,
ਰੂਪ ਕੁਆਰੀ ਦਾ।'

ਠੀਕ ਹੀ ਉਸ ਕੁਆਰ ਕੰਨਿਆ ਦਾ ਰੂਪ ਚੜ੍ਹਦੇ ਸੂਰਜ ਦੀ ਲਾਲੀ ਵਾਂਗ ਮਨ ਨੂੰ ਮੋਹਣ ਵਾਲਾ ਸੀ। ਲੱਖਾ ਸਿੰਘ ਦਾ ਮਨ ਮੋਹਿਆ ਗਿਆ। ਉਹਨੇ ਦਿਲ ਨਾਲ ਫ਼ੈਸਲਾ ਕਰ ਲਿਆ ਕਿ ਹਰ ਹਾਲ ਉਸ ਰੂਪ ਨੂੰ ਪ੍ਰਾਪਤ ਕਰਨਾ ਹੈ।

ਲੱਖਾ ਸਿੰਘ ਨੇ ਵਿਆਹ ਉੱਤੇ ਲੋੜ ਤੋਂ ਵਧੇਰੇ ਖ਼ਰਚ ਕੀਤਾ। ਏਸ ਢੰਗ ਨਾਲ ਉਹ ਪ੍ਰਭਾਵ ਪਾਉਣਾ ਚਾਹੁੰਦਾ ਸੀ ਕਿ ਉਹਦੀ ਮਾਲੀ ਹਾਲਤ ਉਹਨਾਂ ਨਾਲੋਂ ਬਹੁਤ ਚੰਗੀ ਹੈ। ਉਹਨੇ ਸਵਰਨੀ ਦੇ ਵੱਡੇ ਭਰਾ ਨਾਲ ਯਾਰਾਨਾ ਵੀ ਗੰਢ ਲਿਆ। ਤਿੰਨ ਚਾਰ ਦਿਨ ਦੋਹਾਂ ਨੇ ਇਕੱਠਿਆਂ ਸ਼ਰਾਬ ਪੀਤੀ। ਇਹ ਸਾਰਾ ਖ਼ਰਚ ਲੱਖਾ ਸਿੰਘ ਨੇ ਆਪਣੇ ਪੱਲਿਉਂ ਕੀਤਾ। ਇਕ ਦੋ ਵਾਰ ਸਵਰਨੀ ਦੇ ਭਰਾ ਨੇ ਕਿਹਾ ਵੀ, "ਭਾਈਆ! ਅਸਾਂ ਤੈਨੂੰ ਪਿਔਣੀ ਏਂ ਕਿ ਉਲਟੀ ਤੇਰੇ ਪੱਲਿਓਂ ਪੀਣੀ ਏ।"

"ਸਮੁੰਦ ਸਿਹਾਂ! ਤੇਰਾ ਤੇ ਮੇਰਾ ਪੱਲਾ ਕੋਈ ਵੱਖਰਾ ਏ ? ਜਦੋਂ ਖਾਣ ਪੀਣ ਬਹਿ ਗਏ ਫਿਰ ਤੇਰ-ਮੇਰ ਕੇਹੀ। ਨਾਲੇ ਹੋਰ ਮੈਂ ਖਾਣਾ-ਪੀਣਾ ਵੀ ਕੀਹਦੇ ਨਾਲ ਆ। ਸੱਚੀ ਪੁੱਛਦਾ ਏਂ ਤਾਂ ਤੇਰੀ ਭੂਆ ਦੇ ਪੁੱਤਰਾਂ ਨੂੰ ਕਿਸੇ ਨਾਲ 'ਕੱਠਿਆਂ ਖਾਣ-ਪੀਣ ਦੀ ਜਾਚ ਈ ਨਹੀਂ। ਬੰਦੇ ਦੀ ਸ਼ਨਾਖ਼ਤ ਨਹੀਂ ਉਹਨਾਂ ਨੂੰ।"

"ਉਹ ਤਾਂ ਹੋਏ ਈ ਖੂਹ ਦੇ ਡੱਡੂ। ਨਾ ਕਿਤੇ ਘਰੋਂ ਬਾਹਰ ਨਿਕਲੇ, ਨਾ ਕਿਸੇ ਨਾਲ ਬਹਿ ਕੇ ਖਾਧਾ ਪੀਤਾ ਤੇ ਆਪਾਂ ਤਾਂ—ਤੈਨੂੰ ਪਤਾ ਏ-ਪਿਆਲੇ ਦੇ ਯਾਰ ਤੋਂ ਜਾਨ ਵਾਰ ਦੇਣ ਵਾਲੇ ਆਂ।" ਸਮੁੰਦ ਸਿੰਘ ਨੇ ਸ਼ਰਾਬੀਆਂ ਵਾਲੀ ਤੜ੍ਹ ਮਾਰੀ। ਉਹ ਢਾਣੀਆਂ 'ਚ ਬਹਿਣ ਉਠਣ ਵਾਲਾ ਸੀ।

"ਉਇ, ਉਹਨਾਂ ਤਿੰਨਾਂ ਵਿਚੋਂ ਇਕ ਵੀ ਤੇਰੇ ਵਰਗਾ ਹੁੰਦਾ ਤਾਂ ਫੇਰ ਕੀ ਸੀ। ਠੀਕ ਏ, ਸਾਕ ਨੇ, ਸਾਕ ਦੀ ਨਿੰਦਿਆ ਨਹੀਂ ਕਰਨੀ ਚਾਹੀਦੀ, ਪਰ ਤਿੰਨ ਸਾਲੇ ਹੁੰਦਿਆਂ ਹੋਇਆਂ ਵੀ ਸਹੁਰੇ ਜਾ ਕੇ ਦੋ ਦਿਨ ਰਹਿਣ ਦਾ ਸੁਆਦ ਕੋਈ ਨਹੀਂ।" ਲੱਖਾ ਸਿੰਘ ਨੇ ਨਿਰਾਸਤਾ ਵਿਚ ਸਿਰ ਫੇਰਦਿਆਂ ਕਿਹਾ। ਉਹ ਸ਼ਰਾਬੀ ਨਹੀਂ ਸੀ। ਏਨੀ ਉਹ ਕਦੇ ਨਹੀਂ ਸੀ ਪੀਂਦਾ ਜਿਸ ਨਾਲ ਨਸ਼ਾ ਉਸ ਉੱਤੇ ਭਾਰੂ ਹੋ ਜਾਵੇ। ਨਾ ਹੀ ਸ਼ਰਾਬ ਦੇ ਲੋਰ ਵਿੱਚ ਉਹ ਕਦੇ ਬੇਥਵ੍ਹੀਆਂ ਮਾਰਦਾ ਸੀ। ਹੁਣ ਵੀ ਉਹ ਕਿਸੇ ਨਸ਼ਾਨੇ 'ਤੇ ਪਹੁੰਚਣ ਵਾਸਤੇ ਸੋਚ ਸਮਝ ਕੇ ਗੱਲਾਂ ਕਰ ਰਿਹਾ ਸੀ।

"ਤੇ ਅਸੀਂ ਕੌਣ ਆਂ ?" ਅਸੀਂ ਤੇਰੇ ਸਾਲੇ ਨਹੀਂ ? ਤੂੰ ਸਾਨੂੰ ਓਪਰੇ ਸਮਝਦਾ ਏਂ ?" ਸਮੁੰਦ ਸਿੰਘ ਸਭ ਗੱਲਾਂ ਨਸ਼ੇ ਦੇ ਲੋਰ ਵਿਚ ਕਰ ਰਿਹਾ ਸੀ।

"ਓਪਰੇ ਨਹੀਂ ਸਮਝਦਾ, ਸਮੁੰਦ ਸਿਹਾਂ। ਪਰ ਓਨਾ ਮਾਣ ਤਾਂ ਨਹੀਂ ਨਾ ਮੇਰਾ। ਏਥੇ ਤਾਂ ਮੰਨੇ ਦੀ ਗੱਲ ਏ।"

"ਮਾਣ ਕਿਉਂ ਨਹੀਂ। ਬੋਲ ਜੋ ਬੱਤੀਆਂ ਦੰਦਾਂ ਚੋਂ ਆਖੇਂ, ਪੂਰਾ ਕਰ ਦਿਆਂ। ਸਮੁੰਦ ਮੂੰਹ ਯਾਰ ਬਦਲੇ ਸਿਰ ਦੇ ਦੇਣ ਵਾਲਾ ਏ। ਨਾਲੇ ਤੂੰ ਸਾਡਾ ਭਣਵੱਈਆ ਏਂ, ਨਾਲੇ ਪਿਆਲੇ ਦਾ ਯਾਰ। ਦੱਸ ਯਾਰ ਨਹੀਂ ?" ਸਮੁੰਦ ਸਿੰਘ ਨੇ ਸ਼ਰਾਬੀਆਂ ਵਾਂਗ ਸੱਜੇ ਹੱਥ ਦਾ ਪੰਜਾ ਨਚਾਉਂਦਿਆਂ ਕਿਹਾ।

"ਯਾਰ ਕਿਉਂ ਨਹੀਂ। ਮੈਂ ਤੇਰਾ ਦਿਹ-ਜਾਨ। ਪਰ ਕਿਸੇ-ਕਿਸੇ ਵੇਲੇ ਸੋਚੀਦਾ ਏ, ਜਾਂ ਉਹਨਾਂ ਵਿਚੋਂ ਕੋਈ ਤੇਰੇ ਵਰਗਾ ਹੁੰਦਾ, ਜਾਂ ਸਾਡਾ ਜਲ-ਸੰਜੋਗ ਈ ਸਿੱਧਾ ਏਸ ਘਰ ਹੁੰਦਾ, ਤਾਂ... ...।" ਲੱਖਾ ਸਿੰਘ ਇਹ ਪਰਗਟ ਕਰ ਰਿਹਾ ਸੀ, ਜਿਵੇਂ ਉਹਨੂੰ ਏਸ ਗੱਲ ਦਾ ਬਹੁਤ ਪਛਤਾਵਾ ਹੈ।

"ਤੂੰ ਹੁਣ ਵੀ—ਸਮਝ— ਏਸੇ ਘਰ ਦਾ ਪਰੋਹਣਾ ਏਂ। ਜਿਵੇਂ ਆਸੋ ਤੇ ਸਵਰਨੀ ਮੇਰੀਆਂ ਭੈਣਾਂ ਨੇ, ਓਵੇਂ ਸੰਤੀ ਵੀ ਮੇਰੀ ਭੈਣ ਏਂ।" ਬਸੰਤ ਕੌਰ ਦਾ ਪੇਕਿਆਂ ਦਾ ਨਾਮ ਸੰਤੀ ਸੀ। "ਭਲਾ ਭੂਆ ਦੀ ਧੀ ਭੈਣ ਕੀ ਤੇ ਸਕੀ ਭੈਣ ਕੀ?" ਸਮੁੰਦ ਸਿੰਘ ਨੇ ਆਪਣੀ ਗੱਲ ' ਤੇ ਜ਼ੋਰ ਦੇਂਦਿਆ ਕਿਹਾ।

"ਵੇਖ੍ਹਾਂ ! ਏਥੋਂ ਈ ਫਰਕ ਪੈ ਗਿਆ ਨਾ। ਇਕ ਭੂਆ ਦੀ ਧੀ ਭੈਣ, ਤੇ ਇਕ ਸਕੀ ਭੈਣ, ਬੜਾ ਫ਼ਰਕ ਏ, ਸਮੁੰਦ ਸਿਹਾਂ। ਮੇਰਾ ਦਿਲ ਰਾਜ਼ੀ ਨਹੀਂ।" ਲੱਖਾ ਸਿੰਘ ਨੇ ਇਉਂ ਸਿਰ ਫੇਰਿਆ, ਜਿਵੇਂ ਉਹ ਆਪਣੀ ਬਹੁਤ ਵੱਡੀ ਨਾਰਾਜ਼ਗੀ ਪਰਗਟ ਕਰ ਰਿਹਾ ਹੋਵੇ।

"ਫੇਰ ਦਿਲ ਰਾਜ਼ੀ ਕਿਵੇਂ ਹੁੰਦਾ ਏ ?" ਸਮੁੰਦ ਸਿੰਘ ਉਸ ਵੇਲੇ ਹਰ ਗੱਲ ਮੰਨਣ ਨੂੰ ਤਿਆਰ ਹੋਇਆ ਹੋਇਆ ਜਾਪਦਾ ਸੀ।

"ਰਾਜ਼ੀ ? ਸਮਝ ਨਹੀਂ ਪੈਂਦੀ। ਕੁਝ ਸੁੱਝਦਾ ਨਹੀਂ।" ਲੱਖਾ ਸਿੰਘ ਐਨਾ ਕੱਚਾ ਨਹੀਂ ਸੀ, ਜੋ ਦਿਲ ਦੀ ਗੱਲ ਐਨੀ ਛੇਤੀ ਦੱਸ ਦੇਂਦਾ।

ਬਸੰਤ ਕੌਰ ਦਾ ਇਕੋ ਮਾਮਾ ਸੀ, ਲਛਮਣ ਸਿੰਘ। ਉਹਦੇ ਅੱਗੇ ਦੋ ਪੁੱਤਰ ਤੇ ਦੋ ਧੀਆਂ ਸਨ। ਵੱਡਾ ਸੀ ਸਮੁੰਦ ਸਿੰਘ। ਉਹ ਦੋ ਬੱਚਿਆਂ ਦਾ ਬਾਪ ਬਣ ਚੁੱਕਾ ਸੀ। ਘਰ ਵਿਚ ਚਲਦੀ ਓਸੇ ਦੀ ਸੀ। ਉਸ ਤੋਂ ਛੋਟੀ ਸੀ ਆਸੋ। ਉਹਦੇ ਕੁੱਛੜ ਸਾਲ ਕੁ ਦਾ ਕਾਕਾ ਸੀ। ਉਸ ਤੋਂ ਛੋਟੇ ਮੁਕੰਦ ਸਿੰਘ ਦੇ ਵਿਆਹ ਉੱਤੇ ਸਾਰੇ ਆਏ ਹੋਏ ਸਨ। ਸਾਰਿਆਂ ਤੋਂ ਛੋਟੀ ਸਵਰਨੀ ਵੀ ਸੋਲਾਂ-ਸਤਾਰਾਂ ਸਾਲ ਦੀ ਹੋ ਗਈ ਸੀ। ਭਾਵੇਂ ਉਹ ਛੋਟੀ ਹੁੰਦੀ ਹੀ ਮੰਗ ਦਿੱਤੀ ਗਈ ਸੀ, ਪਰ ਉਹ ਲੜਕਾ ਗੁਜ਼ਰ ਜਾਣ ਕਰਕੇ ਘਰਦਿਆਂ ਨੂੰ ਉਹਦੇ ਵਾਸਤੇ ਨਵਾਂ ਘਰ ਭਾਲਣ ਦੀ ਚਿੰਤਾ ਲੱਗੀ ਹੋਈ ਸੀ।

"ਬਾਕੀ ਸਾਰਾ ਮੇਲ ਤੁਰ ਗਿਆ। ਲੱਖਾ ਸਿੰਘ ਦੋ ਦਿਨ ਮਗਰੋਂ ਵੀ ਓਥੇ ਰਿਹਾ। ਬਸੰਤ ਕੌਰ ਘਰ ਮੁੜਨ ਵਾਸਤੇ ਕਾਹਲੀ ਪੈ ਰਹੀ ਸੀ, ਪਰ ਸਮੁੰਦ ਸਿੰਘ ਦੇ ਆਖਣ ਉੱਤੇ ਲੱਖਾ ਸਿੰਘ ਰਹਿਣਾ ਮੰਨ ਜਾਂਦਾ ਸੀ। ਸਾਰਾ ਦਿਨ ਦੋਵੇਂ ਸ਼ਰਾਬ ਵਿੱਚ ਰੁੱਝੇ ਰਹਿੰਦੇ। ਇਕ ਦਿਨ ਗੱਲਾਂ ਬਾਤਾਂ ਦੇ ਰੌ ਵਿਚ ਹੀ ਸਮੁੰਦ ਸਿੰਘ ਨੇ ਪੁੱਛਿਆ, "ਭਾਈਆ! ਸਾਡੇ ਵਿਚੋਂ ਸਿਆਣਾ ਤਾਂ ਤੂੰ ਏਂ ਨਾਂ! ਸਲਾਹ ਵੀ ਤੈਥੋਂ ਈ ਪੁੱਛਣੀ ਹੋਈ। ਤੈਨੂੰ ਪਤਾ ਏ, ਚਾਚਾ ਮੇਰੇ ਵਿਆਹ ਤੋਂ ਅਗਲੇ ਸਾਲ ਈ ਗੁਜਰ ਗਿਆ ਸੀ।" ਉਹ ਸਾਰੇ ਭੈਣ ਭਰਾ ਪਿਉ ਨੂੰ ਚਾਚਾ ਕਿਹਾ ਕਰਦੇ ਸਨ। "ਪਿਛੋਂ ਸਾਰੀ ਜ਼ੁੰਮੇਵਾਰੀ ਆ ਪਈ ਮੇਰੇ ਸਿਰ। ਮੁਕੰਦਾ ਓਦੋਂ ਅਜੇ ਹੋਲਾ ਈ ਸੀ। ਆਸੋ ਦਾ ਵਿਆਹ ਮੈਂ ਕੀਤਾ ਤਾਂ ਆਪਣੇ ਵੱਲੋਂ ਸਾਰਾ ਜ਼ੋਰ ਲਾ ਦਿੱਤਾ।"

"ਮੈਨੂੰ ਭੁਲਿਆ ਏ ਕੋਈ ?" ਲੱਖਾ ਸਿੰਘ ਨੇ ਐਵੇਂ ਹੁੰਗਾਰੇ ਵਜੋਂ ਕਿਹਾ।

"ਹੁਣ ਮੁਕੰਦੇ ਦਾ ਵਿਆਹ ਕੀਤਾ ਏ ਤਾਂ ਆਪਾਂ ਕਸਰ ਕੋਈ ਨਹੀਂ ਛੱਡੀ। ਪਿਛੋਂ ਭਾਵੇਂ ਕੋਈ ਜਾਣੇ, ਭਾਵੇਂ ਨਾ ਜਾਣੇ ?"

"ਜਾਣੇ ਕਿਉਂ ਨਾ। ਮੁਕੰਦਾ ਸਿਆਣਾ ਏ, ਸਮਝਦਾ ਏ ਸਾਰੀ ਗੱਲ।" ਲੱਖਾ ਸਿੰਘ ਘਰ ਵਿਚੋਂ ਕਿਸੇ ਜੀਅ ਨਾਲ ਵੀ ਵਿਗਾੜਨਾ ਨਹੀਂ ਸੀ ਚਾਹੁੰਦਾ।

"ਸਵਰਨੀ ਵੀ ਨਿਕੀ ਹੁੰਦੀ ਮੰਗੀ ਹੋਈ ਸੀ। ਮੇਰੇ ਉਹ ਘਰ ਪਸੰਦ ਨਹੀਂ ਸੀ, ਪਰ ਚਾਚੇ ਦੀ ਕੀਤੀ ਮੈਂ ਉੱਥਲ ਨਹੀਂ ਸਾਂ ਸਕਦਾ। ਖ਼ੈਰ, ਉਹ ਗੱਲ ਰੱਬ ਵੱਲੋਂ ਈ ਖੱਟੇ ਪੈ ਗਈ। ਪਿਛਲੇ ਸਾਲ ਉਹ ਮੁੰਡਾ ਮਰ ਗਿਆ। ਹੁਣ ਉਹ ਛੋਟੇ ਮੁੰਡੇ ਵਾਸਤੇ ਜ਼ੋਰ ਦੇਂਦੇ ਨੇ, ਪਰ ਉਹ ਮੁੰਡਾ ਛੋਟਾ ਏ, ਮਸਾਂ ਦਸਾਂ ਵਰ੍ਹਿਆਂ ਦਾ।" ਸਮੁੰਦ ਸਿੰਘ ਘਰ ਦੀ ਕੋਈ ਗੱਲ ਵੀ ਲੱਖਾ ਸਿੰਘ ਤੋਂ ਲੁਕਾਉਣਾ ਨਹੀਂ ਸੀ ਚਾਹੁੰਦਾ।

"ਨਾ ਭਈ, ਇਹ ਗੱਲ ਠੀਕ ਨਹੀਂ। ਸਿਆਣਿਆਂ ਆਖਿਆ ਏ, ਵਰ ਦਸ

ਵਰ੍ਹੇ ਵੱਡਾ ਬੇਸ਼ਕ ਹੋਵੇ, ਪਰ ਛੋਟਾ ਦੋ ਸਾਲ ਵੀ ਨਾ ਹੋਵੇ। ਤੇ ਏਥੇ ਫ਼ਰਕ ਹੋਇਆ ਅੱਧੋ ਅੱਧ ਦਾ। ਲੋਕ ਕੀ ਆਖਣਗੇ ?" ਲੱਖਾ ਸਿੰਘ ਨੇ ਉਹ ਤਜਵੀਜ਼ ਰੱਦ ਕਰ ਦਿਤੀ।

"ਨਾ, ਮੈਂ ਤਾਂ ਤੋੜ ਕੇ ਜਵਾਬ ਦੇ ਦਿੱਤਾ ਏ। ਏਹਾ ਗੱਲ ਮੈਂ ਆਖੀ ਕਿ ਮੁੰਡਾ ਛੋਟਾ ਏ। ਉਹ ਕਹਾਣੀ ਮੁੱਕੀ ਸਮਝ। ਹੁਣ ਆਸੋ ਉਦਾਲੇ ਹੋਈ ਹੋਈ ਏ। ਉਹਦਾ ਦਿਓਰ ਏ। ਮੁੰਡਾ ਤਾਂ ਖੈਰ ਵਾਹਵਾ ਏ, ਪਰ ਘਰ ਆਪਣੇ ਪਾਹਣੇ ਦਾ ਨਹੀਂ। ਆਸੋ ਦਾ ਵੀ ਓਦੋਂ ਮਾਸੀ ਲੈ ਗਈ ਮੱਲੋ-ਮੱਲੀ, ਨਹੀਂ ਤਾਂ ਸਾਡਾ ਉਹਨਾਂ ਦਾ ਮੇਲ ਨਹੀਂ ਸੀ।" ਸਮੁੰਦ ਸਿੰਘ ਆਪਣੀ ਮਾਲੀ ਹੈਸੀਅਤ ਚੰਗੀ ਸਮਝਦਾ ਸੀ ਆਸੋ ਦੇ ਸਹੁਰਿਆਂ ਨਾਲੋਂ। ਕੁਝ ਫ਼ਰਕ ਹੈ ਵੀ ਸੀ।

"ਘਰ ਦੀ ਗੱਲ ਤਾਂ ਇਕ ਪਾਸੇ ਰਹਿਣ ਦੇਹ ਖਾਂ। ਮੈਂ ਹੋਰ ਗੱਲੋਂ ਓਥੇ ਸਾਕ ਕਰਨ ਦੇ ਹੱਕ ਵਿਚ ਨਹੀਂ।" ਨਾਲ ਹੀ ਲੱਖਾ ਸਿੰਘ ਨੇ ਗਲਾਸੀ ਭਰ ਕੇ ਸਮੁੰਦ ਸਿੰਘ ਦੇ ਹੱਥ ਫੜਾ ਦਿੱਤੀ। ਆਪ ਉਹ ਥੋੜੀ ਪੀਂਦਾ ਤੇ ਸਾਥੀ ਨੂੰ ਖੁੱਲ੍ਹੇ ਦਿਲ ਨਾਲ ਭਰ ਕੇ ਦੇਂਦਾ। ਏਸ ਪੱਖੋਂ ਉਹ ਕੰਜੂਸ ਸਾਕੀ ਨਹੀਂ ਸੀ।

"ਉਹ ਕਿਉਂ ?" ਸਮੁੰਦ ਸਿੰਘ ਨੇ ਅਸਲੀ ਗੱਲ ਸਮਝਣ ਵਾਸਤੇ ਸਵਾਲ ਕੀਤਾ।

"ਸਿਆਣਿਆਂ ਆਖਿਆ ਏ : ਇਕ ਪਿੰਡ ਵਿਚ ਦੋ ਧੀਆਂ ਨਹੀਂ ਵਿਆਹੁਣੀਆਂ ਚਾਹੀਦੀਆਂ। ਉਸ ਤਰ੍ਹਾਂ ਉਹਨਾਂ ਦਾ ਸਾਕ ਸ਼ਰੀਕੇ ਵਾਲਾ ਬਣ ਜਾਂਦਾ ਏ, ਭੈਣਾਂ ਵਾਲਾ ਨਹੀਂ ਰਹਿੰਦਾ ਤੇ ਇਕੋ ਘਰ ਸਕੀਆਂ ਭੈਣਾਂ ਨੂੰ ਵਿਆਹੁਣਾ ਤਾਂ ਪਾਪ ਏ। ਉਹ ਭੈਣਾਂ ਨਹੀਂ ਰਹਿੰਦੀਆਂ, ਦਰਾਣੀ ਜਠਾਣੀ ਬਣ ਜਾਂਦੀਆਂ ਨੇ। ਪਹਿਲਾਂ ਤਾਂ ਚੁੱਲ੍ਹੇ ਚੌਂਕੇ ਦੇ ਕੰਮ ਤੋਂ ਈ ਉਹਨਾਂ ਵਿਚ ਬੋਲ ਬੁਲਾਰਾ ਹੋ ਜਾਣਾ ਤੇ ਸਭ ਤੋਂ ਵੱਡੀ ਗੱਲ, ਜੈਦਾਦ ਉਹਨਾਂ ਇਕੋ ਸਹੁਰੇ ਦੀ ਵੰਡਣੀ ਹੁੰਦੀ ਏ। ਬੱਸ, ਵੰਡ-ਵੰਡਾਈ ਵੇਲੇ ਦੋਵੇਂ ਦੁਸ਼ਮਣ ਬਣ ਜਾਣਗੀਆਂ। ਵੱਡੇ ਅਖਾਣ ਪੌਂਦੇ ਹੁੰਦੇ ਸਨ, ਅਖੇ : ਸਹੁਰੇ ਸ਼ਰੀਕਣੀ ਚੰਗੀ ਤੇ ਪਿਉਕੇ ਸ਼ਰੀਕਣੀ ਮੰਦੀ। ਮੈਥੋਂ ਪੁੱਛੇਂ ਤਾਂ ਇਕ ਕੁੜੀ ਨੂੰ ਖੂਹ ਵਿੱਚ ਡੋਬ ਕੇ ਮਾਰ ਦੇਵੇ; ਪਰ ਦੋਹਾਂ ਨੂੰ ਇਕੋ ਘਰ ਨਾ ਵਿਆਹਵੇ।" ਕਿਸੇ ਹੱਦ ਤਕ ਲੱਖਾ ਸਿੰਘ ਦੀ ਗੱਲ ਠੀਕ ਸੀ, ਪਰ ਉਹ ਸਭ ਕੁਝ ਆਪਣੇ ਸੁਆਰਥ ਹਿਤ ਕਹਿ ਰਿਹਾ ਸੀ।

"ਗੱਲ ਤੇਰੀ ਠੀਕ ਏ। ਮੈਂ ਤਾਂ ਏਸ ਪੱਖੋਂ ਸੋਚਿਆ ਈ ਨਹੀਂ ਸੀ। ਐਵੇਂ ਮਾਂ ਜ਼ੋਰ ਦੇ ਰਹੀ ਸੀ, ਪਰ ਹੁਣ ਨਹੀਂ।" ਸਮੁੰਦ ਸਿੰਘ ਨੇ ਨਾਂਹ ਵਿਚ ਸਿਰ ਫੇਰਦਿਆਂ ਕਿਹਾ।

"ਇਹ ਗੱਲ ਬਹੁਤ ਸੋਚਣ ਵਾਲੀ ਏ। ਭਲਕੇ ਦੋਹਾਂ ਭਰਾਵਾਂ ਵਿਚ ਜ਼ਮੀਨ ਦੀ ਵੰਡ ਵੰਡਾਈ ਤੋਂ ਝਗੜਾ ਵੱਧ ਜਾਂਦਾ ਏ, ਗੱਲ ਡਾਂਗ ਸੋਟੇ ਤਕ ਚਲੀ ਜਾਂਦੀ ਏ, ਤਾਂ ਤੁਸੀ ਕੀਹਦੀ ਮਦਦ ਕਰੋਗੇ। ਜਰਾ ਸੋਚ ਸਹੀ। ਮੇਰੀ ਗੱਲ ਨੂੰ ਸੁੱਟ ਨਾ ਤੂੰ।" ਲੱਖਾ ਸਿੰਘ ਨੇ ਆਪਣੇ ਇਕ ਇਕ ਵਾਕ ਉੱਤੇ ਜ਼ੋਰ ਦੇ ਕੇ ਕਿਹਾ।

"ਸਭ ਕੁਝ ਸੋਚ ਲਿਆ। ਐਧਰ ਦਾ ਸੂਰਜ ਔਧਰੋਂ ਚੜ੍ਹ ਆਵੇ, ਪਰ ਸਵਰਨੀ ਦਾ ਸਾਕ ਓਥੇ ਨਹੀਂ ਹੋਵੇਗਾ।" ਸਮੁੰਦ ਸਿੰਘ ਨੇ ਨਸ਼ੇ ਦੇ ਲੋਰ ਵਿਚ ਫ਼ੈਸਲਾ ਕਰ ਦਿੱਤਾ।

"ਸੁੱਟ ਹੱਥ।" ਲੱਖਾ ਸਿੰਘ ਨੇ ਆਪਣਾ ਸੱਜਾ ਹੱਥ ਵਧਾਉਂਦਿਆਂ ਕਿਹਾ, "ਮਰਦਾਂ ਵਾਲਾ ਕੌਲ ਹੋਇਆ।"

"ਮਰਦਾਂ ਵਾਲਾ।" ਸਮੁੰਦ ਸਿੰਘ ਨੇ ਆਪਣਾ ਹੱਥ ਉਹਦੇ ਹੱਥ ਵਿਚ ਦੇ ਦਿੱਤਾ।

"ਆਪਾਂ ਸਵਰਨੀ ਵਾਸਤੇ ਕੋਈ ਚੰਗਾ ਘਰ ਲੱਭਾਂਗੇ, ਜਿੱਥੇ ਇਹ ਰੇਸ਼ਮ ਹੰਢਾਵੇ ਤੇ ਘਿਉ ਦੀਆਂ ਕਰੂਲੀਆਂ ਕਰੇ। ਉਹ ਘਰ ਕੀ ਹੋਇਆ, ਜਿੱਥੇ ਜਨਾਨੀ ਸਾਰੀ ਉਮਰ ਕੱਚੇ ਕੋਠਿਆਂ ਦੇ ਬਨੇਰੇ ਲਿਬਦੀ ਈ ਮਰ ਜਾਵੇ। ਪੰਜਾਂ ਸੱਤਾਂ ਦਿਨਾਂ ਨੂੰ ਤੂੰ ਮੇਰੇ ਕੋਲ ਆਵੀਂ, ਆਪਾਂ ਸੋਚਾਂਗੇ ਕੁਝ।" ਲੱਖਾ ਸਿੰਘ ਸਮਝਦਾ ਸੀ ਕਿ ਉਹਨੇ ਅੱਧੀ ਬਾਜ਼ੀ ਜਿੱਤ ਲਈ ਹੈ।

ਆਸੋ ਦਾ ਦਿਉਰ ਚੰਗਾ ਸੋਹਣਾ ਗੱਭਰੂ ਸੀ। ਘਰ ਬਹੁਤਾ ਚੰਗਾ ਨਹੀਂ ਸੀ, ਪਰ ਮਾੜਾ ਵੀ ਨਹੀਂ ਸੀ। ਜ਼ਮੀਨ ਗੁਜ਼ਾਰੇ ਜੋਗੀ ਹੈਗੀ ਸੀ। ਬੰਦੇ ਚੰਗੇ ਸਾਊ ਤੇ ਕਮਾਊ ਸਨ। ਸਭ ਤੋਂ ਵੱਡੀ ਗੱਲ, ਉਹ ਵਰ ਸਵਰਨੀ ਨੂੰ ਬਹੁਤ ਪਸੰਦ ਸੀ। ਪੱਜ ਬਹਾਨੇ ਉਹਨੇ ਭੈਣ ਦੇ ਕੰਨੀ ਗੱਲ ਪਾ ਵੀ ਦਿੱਤੀ ਸੀ। ਇਸ ਤੋਂ ਵੱਧ ਉਹ ਕੁਝ ਨਹੀ ਸੀ ਕਰ ਸਕਦੀ। ਘਰ ਦੇ ਕਿਸੇ ਹੋਰ ਜੀਅ ਕੋਲ ਉਹ ਅੰਦਰ ਦੀ ਹਵਾੜ੍ਹ ਵੀ ਨਹੀਂ ਸੀ ਕੱਢ ਸਕਦੀ। ਉਸ ਸਮੇਂ ਕਿਸੇ ਅਨਪੜ੍ਹ ਘਰਾਣੇ ਦੀ ਪੇਂਡੂ ਕੁੜੀ ਦਾ ਐਸਾ ਸੋਚਣਾ ਵੀ ਪਾਪ ਸਮਝਿਆ ਜਾਂਦਾ ਸੀ। ਮਾਪਿਆਂ ਨੂੰ ਪਤਾ ਲੱਗ ਜਾਵੇ ਕਿ ਉਹਨਾਂ ਦੀ ਮੁਟਿਆਰ ਧੀ ਕਿਸੇ ਲੜਕੇ ਨੂੰ ਪਿਆਰ ਕਰਦੀ ਹੈ ਤਾਂ ਉਹਨੂੰ ਓਥੇ ਨਹੀਂ ਸੀ ਵਿਆਹਿਆ ਜਾਂਦਾ, ਭਾਵੇਂ ਉਹ ਵਰ ਘਰ ਕਿੰਨਾ ਵੀ ਯੋਗ ਹੋਵੇ। ਲੜਕੀਆਂ ਨੂੰ ਆਪਣੇ ਵਿਆਹ ਬਾਰੇ ਰਾਏ ਦੇਣ ਦਾ ਛੱਡੋ, ਸੋਚਣ ਦਾ ਵੀ ਹੱਕ ਨਹੀਂ ਸੀ।

ਸਵਰਨੀ ਨੇ ਭਰਾ ਤੇ ਭਣਵਈਏ ਦੀਆਂ ਗੱਲਾਂ ਲੁਕ ਕੇ ਸੁਣ ਲਈਆਂ। ਉਹ ਬਹੁਤ ਦੁਖੀ ਹੋਈ। ਅੱਜ ਤਕ ਉਹ ਸਮਝਦੀ ਸੀ ਕਿ ਆਸੋ ਦੀ ਮਦਦ ਨਾਲ ਉਹ ਮਨ ਭਾਉਂਦਾ ਵਰ ਪ੍ਰਾਪਤ ਕਰ ਲਵੇਗੀ, ਪਰ ਹੁਣ ਉਹਦੀ ਆਸ ਕੁਝ ਧੁੰਦਲੀ ਹੋ

ਗਈ ਸੀ। ਇਸ ਦਾ ਕਾਰਨ ਉਹ ਲੱਖਾ ਸਿੰਘ ਨੂੰ ਸਮਝਦੀ ਸੀ। ਲੱਖਾ ਸਿੰਘ ਵਾਸਤੇ ਉਹਦੇ ਸੁਹਲ ਹਿਰਦੇ ਵਿਚ ਘਿਰਣਾ ਪੈਦਾ ਹੋ ਗਈ, ਪਰ ਉਸ ਵਿਚਾਰੀ ਦੀ ਘਿਰਣਾ ਦੀ ਕੀਮਤ ਹੀ ਕੀ ਸੀ। ਨਾ ਉਸ ਦੀ ਘਿਰਣਾ ਦਾ ਕੋਈ ਮੁੱਲ ਸੀ, ਨਾ ਪਿਆਰ ਦਾ।

ਮਹੀਨੇ ਪਿਛੋਂ ਸਮੁੰਦ ਸਿੰਘ ਵਰਨੀਂ ਆਇਆ। ਉਹ ਓਥੇ ਤਿੰਨ ਦਿਨ ਰਿਹਾ। ਲੱਖਾ ਸਿੰਘ ਨੇ ਉਸ ਦੀ ਬਹੁਤ ਸੇਵਾ ਕੀਤੀ। ਦੂਸਰੇ ਸ਼ਬਦਾਂ ਵਿਚ, ਉਹਨੇ ਘਰ ਆਏ ਪਰਾਹੁਣੇ ਨੂੰ ਸ਼ਰਾਬ ਵਿਚ ਡੋਬੀ ਰਖਿਆ। ਬਸੰਤ ਕੌਰ ਨੇ ਵੀ ਰੋਟੀ ਟੁੱਕ ਵੱਲੋਂ ਕਸਰ ਕੋਈ ਨਾ ਰਖੀ, ਪਰ ਉਹਦਾ ਦਿਲ ਅੰਦਰੋਂ ਬੁੱਝਿਆ ਹੋਇਆ ਸੀ।

ਉਹ ਦਿੱਲ ਵਿਚ ਸੋਚਦੀ : ਰੱਬਾ! ਸਵਰਨੀ ਏਨੀ ਸੋਹਣੀ ਨਾ ਹੁੰਦੀ ਤਾਂ ਇਹ ਛੁਰੀ ਮੇਰੀ ਧੌਣ ਉੱਤੇ ਨਾ ਟਿਕਦੀ। ਇਹ ਨਿੱਕੀ ਹੁੰਦੀ ਮਰ ਜਾਂਦੀ, ਜਾਂ ਓਹਾ ਮੁੰਡਾ ਈ ਜਿਊਂਦਾ ਰਹਿੰਦਾ ਤਾਂ ਇਹ ਝਗੜਾ ਖੜਾ ਨਾ ਹੁੰਦਾ। ਹੁਣ ਤਾਂ ਮੇਰੀ ਸੱਪ ਦੇ ਮੂੰਹ ਕੋਹੜ-ਕਿਰਲੀ ਵਾਲੀ ਗੱਲ ਏ। ਖਾਵੇ ਤਾਂ ਕੋਹੜੀ, ਛੱਡੇ ਤਾਂ ਲਾਜ ਮਾਰਦੀ ਏ। ਜੀਅ ਕਰਦਾ ਏ, ਕੁਝ ਖਾ ਕੇ ਮਰ ਜਾਵਾਂ। ਸਵਰਨੀਏਂ! ਤੂੰ ਨਿੱਜ ਨੂੰ ਜੰਮਦੀਓਂ ਮੇਰੇ ਮਾਮੇ ਘਰ।' ਫਿਰ ਉਹਦੀ ਸੁਰਤ ਹੋਰ ਪੱਖੋਂ ਸੋਚਣ ਲੱਗ ਪੈਂਦੀ, 'ਸਵਰਨੀ ਵਚਾਰੀ ਦਾ ਕੀ ਦੋਸ਼। ਉਹ ਨਾ ਹੁੰਦੀ ਤਾਂ ਕੋਈ ਹੋਰ ਸਵਰਨੀ ਲੱਭ ਪੈਂਦੀ। ਸ਼ਕਾਰੀਆਂ ਨੂੰ ਸ਼ਕਾਰ ਬਥੇਰੇ। ਨੂਮੇਂ ਦੇ ਪਿਊ ਦਾ ਮੇਰੇ ਤੋਂ ਜੀਅ ਭਰ ਗਿਆ ਏ। ਇਹਦਾ ਕੀ ਇਲਾਜ ? ਦਸ ਵਰ੍ਹੇ ਹੋ ਗਏ ਨੇ ਸਾਡੇ ਵਿਆਹ ਨੂੰ। ਪਹਿਲਾਂ ਤਾਂ ਉਹ ਐਹੋ ਜੇਹਾ ਨਹੀਂ ਸੀ। ਆਹ ਦੂਜੇ ਕੁ ਵਰ੍ਹੇ ਦੇ ਖੰਭ ਲੱਗ ਗਏ ਨੇ। ਹੁਣ ਉਹਨੂੰ ਮੇਰੇ ਵਿਚ ਔਗਣ ਈ ਔਗਣ ਦੀਹਦੇ ਨੇ, ਗੁਣ ਇਕ ਵੀ ਨਹੀਂ। ਮਨ ਹਰਾਮੀ, ਹੁੱਜਤਾਂ ਢੇਰ। ਅਖੇ : ਮੈਂ ਨਹੀਂ ਤੈਨੂੰ ਰਖਣਾ, ਤੂੰ ਆਟਾ ਗੁੰਨ੍ਹਦੀ ਹਿਲਦੀ ਕਿਉਂ ਏਂ। ਬਹਾਨਾ। ਪੁੱਜਦੇ ਮਰਦ ਨੂੰ ਬਹਾਨਾ ਟੋਲਣਾ ਵੀ ਕੋਈ ਔਖਾ ਏ ? ਅਖੇ : ਨੂਮਾਂ 'ਕੱਲ੍ਹਾ ਏ। ਸਾਢੇ ਛੇ ਵਰ੍ਹੇ ਹੋ ਗਏ ਨੇ ਸ਼ਾਮੇ ਹੋਈ ਨੂੰ। ਤੂੰ ਹੁਣ ਹੋਰ ਬਾਲ ਜਣਨ ਜੋਗੀ ਨਹੀਂ ਰਹੀ। ਮੇਰਾ ਇਕ ਪੁੱਤਰ ਨਾਲ ਨਹੀਂ ਸਰਦਾ। ਜਨਾਨੀ ਮੂੰਹ 'ਤੇ ਆਖ ਨਹੀਂ ਸਕਦੀ। ਬੰਦਾ ਪੁੱਛੇ, ਆਪ ਕਿਉਂ 'ਕੱਲੇ ਰਹੇ ? ਇਹਨਾਂ ਦੀ ਭਰਾ ਬਿਨਾਂ ਕਿਵੇਂ ਸਰ ਗਈ ? ਸਭ ਬਹਾਨੇ। ਸੱਚੀ ਗੱਲ ਏ, ਜਿਸ ਬੰਦੇ ਨੂੰ ਹੋਰ ਲੱਭ ਪੈਣ ਦੀ ਆਸ ਹੋਵੇ, ਉਹ ਜਨਾਨੀਆਂ ਨਾਲ ਨਹੀਂ ਰੱਜਦਾ। ਸੰਤੋਖੀ ਓਹਾ ਹੁੰਦਾ ਏ, ਜੀਹਨੂੰ ਇਕ ਵੀ ਸੁੱਖਣਾ ਸੁੱਖ ਕੇ ਲੱਭੇ। ਹੱਛਾ, ਸਾਡੇ ਭਾਗ! ਜਨਾਨੀ ਦਾ ਤਾਂ ਰੱਬ ਨੇ ਲਿਖਿਆ ਈ ਕੁਝ ਨਾ।' ਇਹ ਗ਼ਮ ਹੁੰਦਿਆਂ ਵੀ ਉਹ ਆਪਣੇ ਫ਼ਰਜ਼ ਵੱਲੋਂ ਅਵੇਸਲੀ ਨਹੀਂ ਸੀ। ਘਰ ਆਏ ਭਰਾ ਦੀ ਉਹਨੇ ਪੂਰੀ ਸੇਵਾ ਕੀਤੀ।

ਲੱਖਾ ਸਿੰਘ ਦਾ ਨਸ਼ਾਨਾ ਹੋਰ ਸੀ। ਉਹ ਆਪਣੇ ਮਿੱਤਰ-ਉਸਤਾਦ ਧੰਨੇ ਸ਼ਾਹ



WWW.SIKHBOOKCLUB.COM 

ਦੇ ਉਪਦੇਸ਼ ਉੱਤੇ ਚੱਲ ਰਿਹਾ ਸੀ। ਇਕ ਦਿਨ ਧੰਨੇ ਸ਼ਾਹ ਨੇ ਉਸ ਨੂੰ 'ਗੁਰ ਮੰਤਰ' ਦੇਂਦਿਆਂ ਫ਼ੁਰਮਾਇਆ ਸੀ, " ਵੇਖ, ਸਰਦਾਰ ਲੱਖਾ ਸਿਹਾਂ! ਤੁਹਾਡੇ ਤੇ ਸਾਡੇ ਵਿਚ ਸਭ ਤੋਂ ਵੱਡਾ ਫ਼ਰਕ ਏ ਕੰਮ ਕਰਨ ਦਾ ਢੰਗ। ਤੁਸੀਂ ਆਪਣੇ ਸ਼ਕਾਰ ਨੂੰ ਡਾਂਗ ਨਾਲ, ਬਰਛੀ ਨਾਲ ਜਾਂ ਬੰਦੂਕ ਨਾਲ ਮਾਰਦੇ ਓ। ਅਸੀਂ ਐਸ ਦਮੜੀ ਦੀ ਕਾਨੀ ਨਾਲ ਮਾਰਦੇ ਆਂ। ਤੁਹਾਡੇ ਮਾਰੇ ਦਾ ਲਹੂ ਵਗਦਾ ਨਜ਼ਰ ਆ ਜਾਂਦਾ ਏ, ਲੋਕਾਂ ਦੀ ਹਮਦਰਦੀ ਉਹਦੇ ਨਾਲ ਹੋ ਜਾਂਦੀ ਏ, ਤੇ ਕਾਨੂੰਨ ਤੁਹਾਡੇ ਵਿਰੁੱਧ ਖੜਾ ਹੋ ਜਾਂਦਾ ਏ। ਏਹਾ ਕਾਰਨ ਹੈ, ਕਿ ਕਈ ਵਾਰ ਸ਼ਕਾਰ ਖੇਡਿਆ ਤੁਹਾਨੂੰ ਬਹੁਤ ਮਹਿੰਗਾ ਪੈਂਦਾ ਹੈ। ਪਰ ਅਸੀਂ ਸ਼ਕਾਰ ਮਾਰਦੇ ਆਂ ਐਸ ਕਾਹੀ ਦੀ ਤਲਵਾਰ ਨਾਲ। ਸਾਡੀ ਮਾਰ ਦਾ ਮਾਰਿਆ ਨਾ ਤੜਫਦਾ ਏ, ਨਾ ਲਹੂ ਵਗਦਾ ਏ, ਨਾ ਹਾਲ ਦੁਹਾਈ ਮੱਚਦੀ ਏ। ਨਾ ਲੋਕ ਸਾਡੇ ਵਿਰੁੱਧ ਹੁੰਦੇ ਹਨ, ਨਾ ਕਾਨੂੰਨ ਸਾਡਾ ਕੁਝ ਵਿਗਾੜ ਸਕਦਾ ਏ, ਸਗੋਂ ਸ਼ਕਾਰ ਵੀ ਸਾਡਾ ਅਹਿਸਾਨ ਮੰਨਦਾ ਏ। ਅਸੀਂ ਕਲਮ ਨਾਲ ਲੋੜ ਅਨੁਸਾਰ ਲਹੂ ਨਚੋੜ ਲੈਂਦੇ ਆਂ, ਤੇ ਫਿਰ ਸ਼ਕਾਰ ਨੂੰ ਉਹਦੇ ਰਹਿਮ ਉੱਤੇ ਛੱਡ ਦੇਂਦੇ ਆਂ। ਉਹਨੂੰ ਤੜਫ-ਤੜਫ ਕੇ ਮਰਦਿਆਂ ਵੇਖਣ ਦੀ ਅਸੀਂ ਜ਼ਰੂਰਤ ਨਹੀਂ ਸਮਝਦੇ। ਹਾਂ, ਮੇਰੇ ਪਿਛੋਂ ਉਹਦੇ ਸਰ੍ਹਾਣੇ 'ਤੇ ਜਾ ਕੇ ਚਾਰ ਹੰਝੂ ਕੇਰ ਆਉਂਦੇ ਆਂ। ਉਹ ਵੀ ਤਾਂ, ਜੇ ਅਗ੍ਹਾਂ ਕੋਈ ਨਵਾਂ ਸ਼ਕਾਰ ਹੱਥ ਆਉਣ ਦੀ ਆਸ ਹੋਵੇ। ਸਮਝ ਲਿਆ ? ਸਾਡਾ ਇਹ ਗੁਰ-ਮੰਤਰ ਯਾਦ ਰਖੀਂ। ਸਭ ਤੋਂ ਪਹਿਲਾਂ ਇਕ ਸ਼ਕਾਰ ਚੁਣ ਲਵੋ। ਫਿਰ ਉਸਤਾਦਾਂ ਦੇ ਦੱਸੇ ਅਨੁਸਾਰ ਉਹਦੇ ਵੱਲ ਅੱਗੇ ਵਧੋ। ਉਹਨੂੰ ਪਿਆਰ ਕਰੋ, ਪਲੋਸੋ, ਦਲਾਸਾ ਦਿਉ, ਲੋੜ ਪਈ 'ਤੇ ਕੁਝ ਪੱਲਿਓਂ ਵੀ ਕਰੋ। ਉਹ ਤੁਹਾਡੇ ਉੱਤੇ ਵਿੱਸ ਜਾਵੇ ਤਾਂ ਜਾਲ ਵਿਛਾ ਕੇ ਚੋਗਾ ਖਲਾਰ ਦਿਉ। ਜਦੋਂ ਉਹ ਪੂਰੀ ਤਰ੍ਹਾਂ ਫਾਹੀ ਵਿੱਚ ਫਸ ਜਾਵੇ, ਕਿਸੇ ਪਾਸੇ ਵੀ ਬਚ ਨਿਕਲਣ ਦਾ ਕੋਈ ਰਾਹ ਨਾ ਰਹਿ ਜਾਵੇ, ਤਾਂ ਪੋਲੇ ਜੇਹੇ ਹੱਥਾਂ ਨਾਲ ਫੜ ਕੇ ਝਟਕਾ ਦਿਉ। ਪਰ ਯਾਦ ਰੱਖੋਂ, ਛੁਰੀ ਲੋਹੇ ਦੀ ਨਾ ਹੋਵੇ, ਕਾਨੇ ਦੀ ਹੋਵੇ। ਫੇਰ ਕਾਨੂੰਨ ਵੀ ਤੁਹਾਡੀ ਕੰਡ ਉੱਤੇ ਹੋਵੇਗਾ, ਤੇ ਲੋਕ ਵੀ ਸ਼ਕਾਇਤ ਨਹੀਂ ਕਰਨਗੇ।"

ਲੱਖਾ ਸਿਘ ਨੇ ਇਹ ਗੁਰ-ਮੰਤਰ ਹਿਰਦੇ ਵਿਚ ਵਸਾ ਲਿਆ ਸੀ। ਪਰ ਉਹ ਧੰਨੇ ਸ਼ਾਹ ਵਾਂਗ ਬਾਣੀਆ-ਪੁੱਤਰ ਨਹੀਂ ਸੀ, ਜੱਟ-ਪੁੱਤਰ ਸੀ। ਉਹਨੇ ਇਕ ਦੀ ਥਾਂ ਦੋ ਸ਼ਕਾਰ ਚੁਣ ਲਏ : ਇਕ ਨੱਥਾ ਸਿਘ ਅਮਲੀ ਤੇ ਇਕ ਸਵਰਨੀ। ਇਕ ਅੱਖ ਨਥਾ ਸਿਘ ਦੀ ਪੈਲੀ ਉੱਤੇ ਤੇ ਇਕ ਅੱਖ ਸਵਰਨੀ ਦੇ ਰੂਪ ਉੱਤੇ।

ਨੱਥਾ ਸਿਘ ਦਾ ਪੈਰ ਉਹਨੇ ਜਾਲ ਵਿਚ ਫਸਾ ਲਿਆ ਸੀ। ਪੂਰੀ ਤਰ੍ਹਾਂ ਫਾਹੁਣ ਵਾਸਤੇ ਅਜੇ ਸਮੇਂ ਦੀ ਲੋੜ ਸੀ, ਪਰ ਸਵਰਨੀ ਦਾ ਮਾਮਲਾ ਕੁਝ ਟੇਢਾ ਸੀ। ਉਸ ਵਿਚ ਬਹੁਤਾ ਚਿਰ ਉਡੀਕਿਆ ਨਹੀਂ ਸੀ ਜਾ ਸਕਦਾ। ਪੰਛੀ ਇਕ ਵਾਰ ਕਿਸੇ ਹੋਰ

ਦੀ ਛਤਰੀ ਉੱਤੇ ਬਹਿ ਗਿਆ, ਤਾਂ ਫੇਰ ਕੋਈ ਚਾਰਾ ਨਹੀਂ ਸੀ। ਏਸੇ ਵਾਸਤੇ ਲੱਖਾ ਸਿੰਘ ਨੇ ਸਾਰਾ ਧਿਆਨ ਦੂਸਰੇ ਸ਼ਕਾਰ ਵੱਲ ਮੋੜ ਲਿਆ ਸੀ।

"ਔਧਰ ਵੇਖ", ਖੂਹ ਉੱਤੇ ਨਵੀਂ ਛੱਤੀ ਬੈਠਕ ਵਿਚ ਬੈਠਿਆਂ ਲੱਖਾ ਸਿੰਘ ਨੇ ਸਮੁੰਦ ਸਿੰਘ ਦਾ ਧਿਆਨ ਆਪਣੇ ਵੱਲ ਖਿੱਚਦਿਆਂ ਕਿਹਾ, "ਆਹ ਬੈਠਕ ਤੇਰੇ ਵਰਗੇ ਸੱਜਣਾਂ ਬੇਲੀਆਂ ਵਾਸਤੇ ਛੱਤੀ ਏ। ਪਿਛਲੇ ਸਾਲ ਇਕ ਮਿੱਤਰ ਆ ਗਿਆ। ਨਾਲ ਉਹਦੇ ਇਕ ਹਰੀ-ਚੁਗ ਜਨਾਨੀ ਸੀ। ਉਹਨੇ ਤਰਲਾ ਲਿਆ ਕਿ ਮੇਰੇ ਦੋ ਚਾਰ ਦਿਨ ਟਪਾ, ਪਰ ਜਾਣਦਾ ਏਂ, ਘਰ ਵਿਚ ਤਾਂ ਇਹੋ ਜੇਹੀ ਜਨਾਨੀ ਰੱਖੀ ਨਹੀਂ ਜਾ ਸਕਦੀ। ਏਸੇ ਵਾਸਤੇ ਆਹ ਬੈਠਕ ਛੱਤ ਦਿੱਤੀ ਏ। ਤੇਰੇ ਵਰਗਾ ਕੋਈ ਸਾਕ ਸਰਬੰਧੀ ਕਿਸੇ ਮੁਰਗ਼ੀ ਨੂੰ ਨਾਲ ਲੈ ਕੇ ਆ ਜਾਵੇ ਤਾਂ ਚਾਰ ਦਿਨ ਮੌਜ ਕਰ ਜਾਵੇ। ਪਿੰਡੋਂ ਦੂਰ ਨਾ ਕੋਈ ਵੇਖੇ, ਨਾ ਗੱਲ ਨਿਕਲੇ। ਜਿਵੇਂ ਆਹੰਦੇ ਹੁੰਦੇ ਨੇ : ਨਾ ਚੋਰ ਲੱਗੇ, ਨਾ ਕੁੱਤੇ ਭੌਂਕੇ। ਥਾਂ ਪਸੰਦ ਏ ਨਾ ?"

"ਬਹੁਤ ਵਧੀਆ!" ਸਮੁੰਦ ਸਿੰਘ ਨੇ ਦੂਸਰਾ ਹਾੜਾ ਮੂੰਹ ਨਾਲ ਲਾਉਂਦਿਆਂ ਕਿਹਾ, "ਸ਼ਕਾਰ ਹੈ ਇਕ ਤੱਕ ਵਿਚ, ਪਰ ਅਜੇ ਉਮਰੋਂ ਛੋਟਾ ਏ। ਟੇਟੇ ਚੜ੍ਹ ਗਿਆ ਤਾਂ ਦਸ ਦਿਨ ਤੇਰੇ ਕੋਲ ਆ ਡੇਰੇ ਲਾਵਾਂਗੇ।"

"ਤੇਰਾ ਘਰ ਏ। ਭਾਵੇਂ ਛੇ ਮਹੀਨੇ ਰਹੀਂ। ਏਥੇ ਤੇਰੀ ਵਾ ਵੱਲ ਕੋਈ ਨਹੀਂ ਵੇਖ ਸਕਦਾ।" ਲੱਖਾ ਸਿੰਘ ਨੇ ਆਪਣੀ ਤਾਕਤ ਦਾ ਪ੍ਰਭਾਵ ਪਾਉਣ ਦੇ ਇਰਾਦੇ ਨਾਲ ਕਿਹਾ।

SIKHBOOKCLUB.COM

"ਭਾਈਆ ਜੀ! ਤੇਰੇ ਹੁੰਦਿਆਂ ਕਾਹਦਾ ਡਰ ਏ। ਅਸੀਂ.....ਅਸੀਂ.....।" ਸਮੁੰਦ ਸਿੰਘ ਨੂੰ ਕੁਝ ਸਰੂਰ ਆਉਂਦਾ ਜਾ ਰਿਹਾ ਸੀ।

"ਔਧਰ ਉਠ, ਤੈਨੂੰ ਆਪਣੀਆਂ ਸਕੀਮਾਂ ਸਮਝਾਈਏ।"

ਦੋਵੇਂ ਜਣੇ ਉਠ ਕੇ ਖੂਹ ਦੇ ਬੰਨੇ ਉੱਤੇ ਜਾ ਖਲੋਤੇ।

"ਏਸ ਖੂਹ ਵਿਚ ਤੀਜਾ ਹਿੱਸਾ ਅਮਲੀ ਨੱਥਾ ਸੂੰਹ ਦਾ ਏ।"

"ਹੱਛਾ!" ਸਮੁੰਦ ਸਿੰਘ ਨੇ ਕੁਝ ਹੈਰਾਨੀ ਨਾਲ ਕਿਹਾ। ਭਾਸਦਾ ਸੀ, ਖੂਹ ਵਿਚ ਕਿਸੇ ਹੋਰ ਦਾ ਹਿੱਸਾ ਹੋਣਾ ਉਹਨੂੰ ਪਸੰਦ ਨਹੀਂ ਸੀ।

"ਐਸ ਸੱਤਾਂ ਘੁਮਾਵਾਂ ਦੀ ਪਾਲ ਦਾ ਮਾਲਕ ਅਮਲੀ ਏ।"

"ਹੂੰ"! ਸਮੁੰਦ ਸਿੰਘ ਨੇ ਐਵੇਂ ਅੱਗੋਂ ਹੁੰਗਾਰਾ ਭਰਨ ਵਜੋਂ ਕਿਹਾ।

"ਪਰ ਹੁਣ ਸਮਝ, ਇਹ ਸੱਤੇ ਘੁਮਾਂ ਵੀ ਆਪਣੇ ਨੇ, ਅਮਲੀ ਖੂਹ ਤੋਂ ਨਿਕਲ ਗਿਆ।"

"ਉਹ ਕਿਵੇਂ ?" ਸਮੁੰਦ ਸਿੰਘ ਨੇ ਕੁਝ ਉਤਸ਼ਾਹ ਨਾਲ ਪੁੱਛਿਆ।

"ਛੇਆਂ ਕੁੜੀਆਂ ਪਿਛੋਂ ਅਮਲੀ ਦੇ ਘਰ ਹੁਣ ਮੁੰਡਾ ਹੋਇਆ ਏ। ਚੁੱਕ-ਚੁਕਾ ਕੇ ਮੁੰਡੇ ਦੇ ਨਸ਼ੇਏ ਉੱਤੇ ਉਹਦਾ ਚੋਖਾ ਖ਼ਰਚ ਕਰ ਦਿੱਤਾ ਏ। ਇਸ ਵੇਲੇ ਉਹ ਘਰ ਘਰ ਦਾ ਕਰਜਾਈ ਏ। ਚਾਰ ਸੌ ਤਾਂ ਧੰਨੇ ਸ਼ਾਹ ਦਾ ਏ ਤੇ ਬਿਆਜ ਏ ਟਕਾ ਰੁਪਿਆ। ਜਾਣਦਾ ਏਂ ਇਹ ਕੀ ਹਿਸਾਬ ਬਣਦਾ ਏ? ਸੌ ਪਿਛੇ ਤਿੰਨ ਰੁਪੈ ਦੋ ਆਨੇ ਮਹੀਨਾ। ਹਰ ਫ਼ਸਲ ਪਿਛੋਂ ਹਸਾਬ ਕਰਕੇ ਬਿਆਜ ਨੂੰ ਵੀ ਬਿਆਜ ਲੈਣਾ ਸ਼ੁਰੂ ਕਰ ਦੇਣੈ। ਇਸ ਤਰ੍ਹਾਂ ਡੂਢ-ਦੋ ਸਾਲ ਵਿਚ ਲਗਭਗ ਦੂਣੇ ਹੋ ਜਾਂਦੇ ਨੇ। ਧੰਨੇ ਸ਼ਾਹ ਨੇ ਇਹਨਾਂ ਗੱਲਾਂ ਦੇ ਤੱਤ ਕੱਢ ਛੱਡੇ ਨੇ। ਨੱਥਾ ਸਿੰਘ ਦਾ ਕਮੌਣ ਵਾਲਾ ਕੋਈ ਨਹੀਂ। ਹੁਣ ਕੁੜੀ ਦਾ ਵਿਆਹ ਕਰਨ ਨੂੰ ਫਿਰਦਾ ਏ। ਇਹਦਾ ਮਤਲਬ ਏ ਉਹ ਹੋਰ ਕਰਜ਼ਾ ਲਵੇਗਾ। ਇਹ ਚੱਕਰ ਮੁੱਕਣ ਨਹੀਂ ਲੱਗਾ। ਬੱਸ, ਪੰਜਾਂ-ਸੱਤਾਂ ਵਰ੍ਹਿਆਂ ਤੱਕ ਇਹ ਸੱਤੇ ਘੁਮਾਂ ਆਪਣੀ ਹੋਵੇਗੀ।"

"ਪਰ ਇਹ ਪੈਸਾ ਤਾਂ ਧੰਨੇ ਸ਼ਾਹ ਦਾ ਲਗਦਾ ਹੋਇਆ।" ਸਮੁੰਦ ਸਿੰਘ ਨੇ ਸ਼ੰਕਾ ਪ੍ਰਗਟ ਕੀਤਾ।

"ਧੰਨੇ ਸ਼ਾਹ ਦਾ ਤਾਂ ਐਵੇਂ ਨਾਂ ਈ ਏ। ਪੈਸਾ ਸਭ ਆਪਣਾ ਲੱਗਦਾ ਏ। ਤੈਨੂੰ ਦੱਸਣ ਦਾ ਚੇਤਾ ਨਹੀਂ ਰਿਹਾ, ਇਹ ਬਿਆਜ ਦਾ ਕੰਮ ਧੰਨੇ ਸ਼ਾਹ ਦਾ ਤੇ ਮੇਰਾ ਸਾਂਝਾ ਏ। ਦੋਹਾਂ ਦਾ ਅੱਧੋ-ਅੱਧ। ਬਾਪੂ ਹੋਰਾਂ ਤਾਂ ਐਵੇਂ ਰੁਪਇਆਂ ਨੂੰ ਅੰਦਰ ਦੱਬ ਕੇ ਉੱਲੀ ਲਾ ਛੱਡੀ ਸੀ। ਰੁਪਈਏ ਤੋਂ ਰੁਪਈਆ ਪੈਦਾ ਕਰਨ ਦੀ ਜਾਚ ਇਹਨਾਂ ਖੱਤਰੀ-ਪੁੱਤਾਂ ਨੂੰ ਏ। ਤੇਥੋਂ ਕਾਹਦਾ ਲੁਕਾ ਏ, ਮੈਨੂੰ ਤਾਂ ਧੰਨੇ ਸ਼ਾਹ ਦੀ ਯਾਰੀ ਨੇ ਤਾਰ ਦਿੱਤਾ ਈ।"

"ਵਾਹਵਾ ਕੰਮ ਬਣ ਗਿਆ ਏ ਕੁਝ ?"

"ਮਖ: ਪੁੱਛ ਕੁਝ ਨਾ। ਅਮਲੀ ਦੀ ਪੰਝੀ ਘੁਮਾਂ ਏਂ। ਉਹ ਵੇਚਣ ਦਾ ਨਾਂ ਲਵੇ ਤਾਂ ਆਪਾਂ ਅੱਜ ਸਾਰੇ ਪੈਸੇ ਤਾਰਨ ਨੂੰ ਤਿਆਰ ਆਂ। ਹਰ ਥਾਂ ਉਹਦਾ ਤੇ ਆਪਣਾ ਬੰਨਾ ਸਾਂਝਾ ਏ। ਆ ਤੈਨੂੰ ਦੂਜੇ ਖੇਤ ਵੀ ਵਿਖਾਈਏ।"

ਲੱਖਾ ਸਿੰਘ ਨੇ ਫਿਰ ਕੇ ਆਪਣੇ ਖੇਤ ਵਿਖਾਏ। ਉਹਨੇ ਇਹ ਵੀ ਦੱਸਿਆ ਕਿ ਛੰਭ ਵਾਲੇ ਖੇਤ ਵਿਚ ਬਾਗ਼ ਲਾਉਣ ਦੀ ਵਿਉਂਤ ਬਣਾਈ ਹੋਈ ਏ। ਵਾਪਸ ਘਰ ਨੂੰ ਪਰਤਦਿਆਂ ਉਹਨੇ ਅਮੀਰੀ ਦਾ ਪਰਭਾਵ ਪਾਉਣ ਵਾਸਤੇ ਕਿਹਾ, "ਸਮੁੰਦ ਸਿਹਾਂ! ਏਨਾ ਕਮਾ ਦਿਆਂਗੇ ਕਿ ਅਗਲੀਆਂ ਕਈ ਪੀੜ੍ਹੀਆਂ ਨੂੰ ਕੱਖ ਭੰਨ ਕੇ ਦੂਹਰਾ ਕਰਨ ਦੀ ਲੋੜ ਨਹੀਂ ਪਵੇਗੀ। ਤੇਰੇ ਪੈਰਾਂ ਦੀ ਬਰੈਤ, ਮਹਾਰਾਜ ਦੀ ਬੜੀ ਕਿਰਪਾ ਏ। ਹਾਂ, ਇਕ ਥੋੜ ਦਿਲ ਵਿਚ ਬੜੀ ਰੜਕਦੀ ਏ। ਨਾਮ੍ਹਾ 'ਕੱਲਾ ਏ ਤੇ ਜਾਣਦਾ ਏਂ ਜੱਟ ਦਾ 'ਕੱਲ੍ਹਾ ਪੁੱਤ ਕਾਸੇ ਜੋਗਾ ਨਹੀਂ ਹੁੰਦਾ। 'ਕੱਲ੍ਹੇ ਰੁੱਖ ਦੀ ਛਾਵੇਂ ਕੋਈ ਬਹਿੰਦਾ ਨਹੀਂ ਬਹਿੰਦਾ। 'ਕੱਲ੍ਹੇ ਨੂੰ ਦੋ ਮਾੜੇ ਵੀ ਟਿਕਣ ਨਹੀਂ ਦੇਂਦੇ। ਬੱਸ, ਏਹਾ ਝੋਰਾ ਲਈ ਜਾਂਦਾ ਈ। ਮੈਨੂੰ। ਕਿਤੇ ਦੋ ਤਿੰਨ ਹੁੰਦੇ ਤਾਂ.....।"

"ਪਰ ਇਹ ਤਾਂ ਭਾਈਆ ਜੀ! ਰੱਬ ਦੇ ਵੱਸ ਹੋਇਆ।"

"ਨਿਰਾ ਰੱਬ ਦੇ ਵੱਸ ਈ ਨਹੀਂ, ਸਮੁੰਦ ਸਿਹਾਂ! ਬੰਦਿਆਂ ਦੇ ਵੱਸ ਵੀ ਹੁੰਦਾ ਏ। ਹੱਛਾ, ਫੇਰ ਤੇਰੇ ਨਾਲ ਸਲਾਹ ਕਰਾਂਗੇ ਕਿਸੇ ਵੇਲੇ।" ਲੱਖਾ ਸਿੰਘ ਸਮਝਦਾ ਸੀ ਕਿ ਅਜੇ ਅਗਲੀ ਗੱਲ ਦੱਸਣ ਦਾ ਵੇਲਾ ਨਹੀਂ ਆਇਆ।

ਸ਼ਾਮ ਨੂੰ ਲੱਖਾ ਸਿੰਘ ਨੇ ਘਰ ਬਾਰੇ ਦੱਸਣਾ ਸ਼ੁਰੂ ਕਰ ਦਿੱਤਾ, "ਐਥੇ ਡਿਉਢੀ ਦੇ ਨਾਲ ਲਗਵਾਂ ਵੀਹ ਹੱਥ ਲੰਮਾ ਕੋਠਾ ਮਾਲ ਵਾਸਤੇ ਛੱਡ ਦੇਣਾ ਏਂ। ਉਸ ਤੋਂ ਅੱਗੇ ਤੂੜੀ ਵਾਸਤੇ। ਬਾਹਰਲੀ ਹਵੇਲੀ ਦੀ ਔਸ ਗੁੱਠ ਵਿਚ ਇਕ ਕੋਠੜੀ ਨੌਕਰ ਵਾਸਤੇ ਛੱਡ ਦਿਆਂਗੇ। ਆਪਣੇ ਵਸੋਂ ਵਾਲਿਆਂ ਕੋਠਿਆਂ ਦਾ ਮੂੰਹ ਚੜ੍ਹਦੇ ਨੂੰ ਏ। ਏਸ ਤਰ੍ਹਾਂ ਔਸ ਪਾਸੇ ਬਾਹਰ ਦੀ ਬੈਠਕ ਦੇ ਨਾਲ ਦੇ ਕਮਰੇ ਲਹਿੰਦੇ ਨੂੰ ਮੂੰਹ ਕਰਕੇ ਛੱਡ ਦੇਣੇ ਨੇ। ਨਾਲ ਲਗਵੀਂ ਦੱਖਣ ਦੇ ਪਾਸੇ ਚੰਗੀ ਖੁੱਲ੍ਹੀ ਰਸੋਈ। ਸਭ ਪੱਕੇ ਛੱਤਣੇ ਨੇ। ਉਦਾਲੇ ਦੀ ਕੰਧ ਵੀ ਸਾਰੀ ਪੱਕੀ ਕਰ ਦੇਣੀ ਏਂ। ਕੱਚੇ ਘਰ ਵਿਚ ਜਨਾਨੀਆਂ ਦਾ ਕੋਈ ਜਿਊਣ ਹੁੰਦਾ ਏ ? ਬਾਰਾਂ ਮਹੀਨੇ ਮਿੱਟੀ ਵਿਚ ਹੀ ਹੱਥ ਲਿੱਬੜੇ ਰਹਿੰਦੇ ਨੇ। ਕਦੇ ਲਿੰਬ, ਕਦੇ ਪੋਚ। ਸਭ ਖੇਚਲਾਂ ਦੂਰ ਕਰ ਦੇਣੀਆਂ ਨੇ।"

ਸੁਣ-ਸੁਣ ਕੇ ਸਮੁੰਦ ਸਿੰਘ ਦੇ ਚਿਹਰੇ ਉੱਤੇ ਖ਼ੁਸ਼ੀ ਤੇ ਹੈਰਾਨੀ ਦੋਹਾਂ ਦਾ ਰੰਗ ਗੂੜ੍ਹਾ ਹੁੰਦਾ ਜਾ ਰਿਹਾ ਸੀ। ਜੋ ਪ੍ਰਭਾਵ ਲੱਖਾ ਸਿੰਘ ਉਹਦੇ ਦਿਲ 'ਤੇ ਪਾਉਣਾ ਚਾਹੁੰਦਾ ਸੀ, ਉਸ ਵਿਚ ਉਹ ਪੂਰੀ ਤਰ੍ਹਾਂ ਸਫ਼ਲ ਹੋ ਰਿਹਾ ਸੀ, ਪਰ ਇਸ ਤੋਂ ਅਗਲੀ ਚਾਲ ਉਹ ਜ਼ਰਾ ਸੰਭਲ ਕੇ ਚੱਲਣਾ ਚਾਹੁੰਦਾ ਸੀ। ਕਾਹਲੀ ਵਿਚ ਬਿਨਾਂ ਸੋਚੇ ਸਮਝੇ ਚੱਲੀ ਹੋਈ ਇਕ ਚਾਲ ਵੀ ਸਤਰੰਜ ਦੀ ਬਾਜ਼ੀ ਨੂੰ ਮਾਤ ਪਾ ਦਿੰਦੀ ਹੈ। ਏਸ ਪੱਖੋਂ ਲੱਖਾ ਸਿੰਘ ਪੂਰਾ ਹੁਸ਼ਿਆਰ ਸੀ।

## ੮

ਘਰ ਜਾ ਕੇ ਸਮੁੰਦ ਸਿੰਘ ਨੇ ਲੱਖਾ ਸਿੰਘ ਦੀ ਬੜੀ ਤਾਰੀਫ਼ ਕੀਤੀ। ਉਹਨੇ ਕਿਹਾ, "ਮਾਂ! ਵੇਖੇ ਸੁਣੇ ਦਾ ਕੋਹਾਂ ਦਾ ਫ਼ਰਕ ਹੁੰਦਾ ਏ। ਭਾਈਆ ਲੱਖਾ ਸੁੰਹ ਰਾਜਾ ਜੱਟ ਏ। ਇਕ ਚਿੜੀਆਂ ਦਾ ਦੁੱਧ ਨਹੀਂ ਐਸ ਵੇਲੇ, ਹੋਰ ਸਭ ਕੁਝ ਏ। ਲੱਖਾਂ ਵਿਚ ਖੇਡਦਾ ਏ। ਬਾਦਸ਼ਾਹ ਏ ਬਾਦਸ਼ਾਹ। ਪੱਕੇ ਮਹਿਲ, ਪੱਕੀਆਂ ਹਵੇਲੀਆਂ, ਬਾਹਰ ਖੂਹਾਂ ਉੱਤੇ ਪੱਕੀਆਂ ਬੈਠਕਾਂ। ਕੀ ਕੀ ਦੱਸਾਂ। ਸਿਆਣਿਆਂ ਆਖਿਆ ਏ : ਗ਼ਰੀਬ ਦਾ ਨਿੰਦਣਾ ਕੀ ਤੇ ਬਾਦਸ਼ਾਹ ਦਾ ਸਲਾਹੁਣਾ ਕੀ। ਜਿਹੜਾ ਹੋਇਆ ਈ ਬਾਦਸ਼ਾਹ, ਉਹਦੀ ਹੋਰ ਕੋਈ ਕੀ ਵਡਿਆਈ ਕਰੇ। ਫਿਰ ਆਕੜ ਕਿਤੇ ਨੇੜੇ ਤੇੜੇ ਨਹੀਂ ਲੰਘੀ। ਘਰ ਗਏ ਅੰਗ ਸਾਕ ਨੂੰ ਹੱਥਾਂ 'ਤੇ ਚੁੱਕ ਲਵੇਗਾ। ਸੇਵਾ ਤੇ ਆਦਰ ਮਾਣ ਵੱਲੋਂ

ਉਹਨੇ ਕੋਈ ਕਸਰ ਨਹੀਂ ਛੱਡੀ। ਮੈਂ ਤਾਂ ਪਹਿਲੀ ਵਾਰ ਗਿਆ ਓਥੇ। ਵੇਖਿਆਂ ਵਰਤਿਆਂ ਪਤਾ ਲੱਗਦਾ ਏ। ਕੋਈ ਮੁੱਲ ਨਹੀਂ ਉਹਦਾ। ਸੇਵਾ ਸੰਤੀ ਨੇ ਵੀ ਬੜੀ ਕੀਤੀ ਏ। ਚਾਅ ਚੜ੍ਹ ਗਿਆ ਉਹਨੂੰ ਵੇਖ ਕੇ। ਭਾਗਾਂ ਵਾਲੀ ਏ। ਰਾਜ ਕਰਦੀ ਏ ਪਈ ਮਹਿਲਾਂ ਵਿਚ। ਕਿਤੇ ਸਾਡੀ ਆਸੋ ਤੇ ਸਵਰਨੀ ਨੂੰ ਵੀ ਓਹੋ ਜੇਹੇ ਘਰ ਮਿਲ ਜਾਂਦੇ।" ਸਮੁੰਦ ਸਿਘ ਦੇ ਦਿਲ ਵਿਚ ਭੈਣਾਂ ਵਾਸਤੇ ਸ਼ੁੱਭ ਕਾਮਨਾਵਾਂ ਸਨ।

"ਪੁੱਤ! ਹਰ ਇਕ ਨੂੰ ਲੇਖਾਂ ਵਿਚ ਲਿਖਿਆ ਮਿਲਦਾ ਏ। ਸੰਤੀ ਨੇ ਆਪਣੇ ਭਾਗ ਲੈਣੇ ਸਨ, ਇਹਨਾਂ ਵਿਚਾਰੀਆਂ ਆਪਣੇ।"

"ਪਰ ਮਾਂ! ਭਾਗ ਵੀ ਤਾਂ ਕਿਸੇ ਹੱਦ ਤੱਕ ਬੰਦਾ ਆਪ ਈ ਬਣੌਂਦਾ ਏ ਨਾਂ। ਓਦੋਂ ਮਾਸੀ ਦੇ ਆਖੇ ਲੱਗ ਕੇ ਤੁਸਾਂ ਆਸੋ ਦਾ ਸਾਕ ਕਰ ਦਿੱਤਾ। ਉਹ ਆਪਣੇ ਪਾਹਣੇ ਦੇ ਥੋੜ੍ਹੇ ਨੇ। ਵਚਾਰੀ ਆਸੋ, ਕੁੱਛੜ ਕਾਕਾ ਹੁੰਦਾ ਏ ਤੇ ਸਿਰ 'ਤੇ ਰੋਟੀਆਂ, ਤਿੱਖੜ ਦੁਪਹਿਰੇ ਵਾਹਣ ਕੱਛਦੀ ਫਿਰਦੀ ਏ। ਕਦੇ ਐਸ ਖੇਤ, ਕਦੇ ਐਸ ਖੇਤ। ਤੇ ਇਕ ਸੰਤੀ ਆ ਜੀਹਨੇ ਕਦੇ ਪਲੰਘ ਤੋਂ ਪੈਰ ਨਹੀਂ ਲਾਹਿਆ। ਹਲ ਵੌਹਣ ਵਾਲੇ ਕਾਮੇ ਵੱਖ, ਮਾਲ ਚਾਰਨ ਵਾਲਾ ਵੱਖ, ਰੋਟੀਆਂ ਖੇਤ ਲਜਾਵੇ ਤਾਂ ਵਾਗੀ। ਆਏ ਗਏ ਦੀ ਸੇਵਾ ਕਰਨ ਵਾਸਤੇ ਮਹਿਰਿਆਂ ਦਾ ਮੁੰਡਾ। ਬਾਹਰੋਂ ਹਵੇਲੀ ਵਿਚੋਂ ਗੋਹਾ ਲੱਕੜ ਵੀ ਲਿਔਣਾ ਹੋਵੇ ਤਾਂ ਭੰਗਣ। ਸੰਤੀ ਦਾ ਕੰਮ ਏ ਰੋਟੀਆਂ ਪਕੌਣੀਆਂ ਤੇ ਨਵੇਂ ਲੀੜੇ ਪਾ ਕੇ ਪਲੰਘ 'ਤੇ ਬਹਿ ਰਹਿਣਾ। ਪੀਹਣ ਤੱਕ ਉਹਨੂੰ ਹੱਥੀਂ ਨਹੀਂ ਕਰਨਾ ਪੈਂਦਾ। ਫਿਰ ਲੀੜੇ ਨੂੰ ਕਿਤੇ ਦਾਗ਼ ਨਹੀਂ ਲੱਗਣ ਦੇਣਾ। ਅੱਧਰਾਣਾ ਵੀ ਲਾਹ ਕੇ ਕਿਸੇ ਗ਼ਰੀਬਣੀ ਨੂੰ ਦੇ ਛੱਡਣਾ ਏਂ। ਪਟਿਆਲੇ ਦੀਆਂ ਸਰਦਾਰਨੀਆਂ ਵਰਗੀ ਠਾਠ ਏ ਉਹਦੀ। ਦੂਜੇ ਪਾਸੇ ਸਾਡੀ ਆਸੋ ਆ। ਮੁਕੰਦੇ ਦੇ ਵਿਆਹ ਤੋਂ ਪਹਿਲਾਂ ਮੈਂ ਉਥੇ ਗਿਆ ਸਾਂ। ਉਹਦੇ ਗਲ ਵਾਲੇ ਕੁੜਤੇ ਦੇ ਦੋ ਥਾਵਾਂ ਤੋਂ ਲੰਗਾਰ ਸੀਤੇ ਹੋਏ ਸਨ।" ਗੁੱਸੇ ਨਾਲ ਸਮੁੰਦ ਸਿਘ ਨੇ ਮੂੰਹ ਦੂਜੇ ਪਾਸੇ ਕਰ ਲਿਆ। ਗ਼ੁੱਸਾ ਸੀ ਉਹਦੇ ਅੰਦਰ ਆਪਣੀ ਮਾਂ ਤੇ ਮਾਸੀ ਵਾਸਤੇ, ਜਿਨ੍ਹਾਂ ਆਸੋ ਦਾ ਉਥੇ ਸਾਕ ਕੀਤਾ ਸੀ।

"ਗ਼ਰੀਬੀ ਅਮੀਰੀ ਤਾਂ—ਪੁੱਤ!—ਲੇਖਾਂ ਦੇ ਵੱਸ ਏ। ਉੱਞ ਆਪਣੇ ਘਰ ਆਸੋ ਸੁਖੀ ਏ। ਮੁੰਡੇ ਬੜੇ ਸਾਊ ਤੇ ਸੁਲੱਗ ਨੇ।"

"ਆਹੋ ਬੜੀ ਸੁਖੀ ਏ। ਕੋਈ ਅੰਤ ਏ?" ਸਮੁੰਦ ਸਿਘ ਨੇ ਵਿਅੰਗ ਨਾਲ ਕਿਹਾ। ਉਹਦਾ ਮੱਥਾ ਉਸ ਵੇਲੇ ਤਿਊੜੀਆਂ ਨਾਲ ਭਰਿਆ ਹੋਇਆ ਸੀ। "ਜੀਹਨੂੰ ਖਾਣ ਦਾ ਈ ਝੋਰਾ ਰਿਹਾ, ਉਹਨੇ ਸੁੱਖੀ ਕੀ ਹੋਣਾ ਹੋਇਆ। ਆਸੋ ਏਹੋ ਜੇਹੀ ਨਹੀਂ ਸੀ, ਪਰ ਤੁਸਾਂ ਦੋਹਾਂ ਭੈਣਾਂ ਨੇ ਰਲ ਕੇ ਹੀਰੇ ਵਰਗੀ ਕੁੜੀ ਨੂੰ ਡੋਬ ਦਿੱਤਾ।"

"ਮੇਰੇ ਬੱਚਿਆ! ਲਿਖੇ ਸੰਜੋਗਾਂ ਨੂੰ ਕੌਣ ਮੇਟ ਸਕਦਾ ਏ। ਸਾਥੋਂ ਭੁੱਲ ਹੋ ਗਈ

ਸਮਝਦਾ ਏਂ, ਤਾਂ ਹੁਣ ਸਵਰਨੀ ਵਾਰੀ ਸੰਭਲ ਜਾਵੀਂ। ਅਸੀਂ ਤੇਰੀ ਗੱਲ ਵਿਚ ਦਖ਼ਲ ਨਹੀਂ ਦੇਂਦੇ।" ਮਾਂ ਦੀ ਇੱਛਿਆ ਨਹੀਂ ਸੀ ਗੱਲ ਨੂੰ ਐਸਾ ਮੋੜ ਦੇਣ ਦੀ, ਪਰ ਪੁੱਤਰ ਦੇ ਗ਼ੁੱਸੇ ਤੋਂ ਡਰ ਕੇ ਉਹ ਬਿਨਾਂ ਸੋਚੇ ਸਮਝੇ ਹੀ ਕਹਿ ਗਈ।

"ਮੈਂ ਕਿਸੇ ਦਾ ਦਖ਼ਲ ਮੰਨਾਂਗਾ ਵੀ ਨਹੀਂ। ਸਵਰਨੀ ਵਾਸਤੇ ਮੈਂ ਮਰਜ਼ੀ ਦਾ ਘਰ ਲੱਭਾਂਗਾ। ਸੰਤੀ ਵਰਗਾ ਨਾ ਵੀ ਮਿਲਿਆ ਤਾਂ ਆਪਣੇ ਨਾਲੋਂ ਚੰਗਾ ਈ ਲੱਭਾਂਗਾ।" ਸੱਚੇ ਦਿਲੋਂ ਸਮੁੰਦ ਸਿੰਘ ਛੋਟੀ ਭੈਣ ਦਾ ਭਲਾ ਲੋੜਦਾ ਸੀ।

"ਪਰ ਇਹ ਤਾਂ ਸੋਚ ਸਮੁੰਦ ਸਿਹਾਂ! ਆਪ ਤੋਂ ਤਕੜੇ ਨਾਲ ਮੱਥਾ ਲਾ ਕੇ ਨਿਭਾਂਗੇ ਕਿਵੇਂ ? ਪੁੱਜਦਿਆਂ ਘਰਾਂ ਤਾਂ ਮੂੰਹ ਅੱਡੇ ਹੁੰਦੇ ਨੇ। ਜੋੜੀਆਂ ਤੇ ਮੋਹਰੀਆਂ ਮੰਗਦੇ ਨੇ। ਅਸੀਂ ਦੇਣ ਜੋਗੇ ਹਾਂ ?"

"ਤੁਹਾਨੂੰ ਫ਼ਿਕਰ ਕਰਨ ਦੀ ਲੋੜ ਨਹੀਂ। ਇਹ ਸੋਚਣਾ ਮੇਰਾ ਕੰਮ ਏ। ਮੈਂ ਘਰ ਦੀ ਛੱਲੀ ਪੂਣੀ ਤੱਕ ਵੇਚ ਕੇ ਦਾਜ ਵਿਚ ਦੇ ਦਿਆਂਗਾ, ਪਰ ਭੈਣ ਵਾਸਤੇ ਘਰ ਚੰਗਾ ਲੱਭਣਾ ਏਂ।" ਸਮੁੰਦ ਸਿੰਘ ਉਸ ਵੇਲੇ ਜੋਸ਼ ਵਿਚ ਆਇਆ ਹੋਇਆ ਸੀ।

ਸਮੁੰਦ ਸਿੰਘ ਗੱਲਾਂ ਸਿੱਧੀਆਂ ਮਾਂ ਨਾਲ ਕਰ ਰਿਹਾ ਸੀ ਪਰ ਘਰ ਦੇ ਦੂਸਰੇ ਜੀਅ ਵੀ ਕੋਲ ਬੈਠੇ ਸੁਣ ਰਹੇ ਸਨ। ਰਾਤ ਦੀ ਰੋਟੀ ਦਾ ਵੇਲਾ ਸੀ। ਇਕ ਮੰਜੇ 'ਤੇ ਬੈਠਾ ਸਮੁੰਦ ਸਿੰਘ ਰੋਟੀ ਖਾ ਰਿਹਾ ਸੀ। ਦੂਜੇ ਨਾਲ ਦੇ ਮੰਜੇ ਉੱਤੇ ਛੋਟਾ ਭਰਾ ਮੁਕੰਦ ਸਿੰਘ ਬੈਠਾ ਖਾ ਰਿਹਾ ਸੀ। ਸਮੁੰਦ ਸਿੰਘ ਦੀ ਵਹੁਟੀ ਚੁੱਲ੍ਹੇ 'ਤੇ ਰੋਟੀਆਂ ਪਕਾ ਰਹੀ ਸੀ। ਸਵਰਨੀ ਭਰਜਾਈ ਦੇ ਕੋਲ ਨੀਵੀਂ ਪਾਈ ਬੈਠੀ ਸੀ।

ਦੋ ਚਾਰ ਮਿੰਟ ਸਾਰੇ ਚੁੱਪ ਵਰਤੀ ਰਹੀ। ਅੰਤ ਹੌਸਲਾ ਕਰਕੇ ਮਾਂ ਨੇ ਫਿਰ ਗੱਲ ਤੋਰੀ, "ਪਰ ਪੁੱਤ ਸਮੁੰਦ ਸਿਹਾਂ! ਭੈਣ ਆਈ ਨੂੰ ਕੀ ਜਵਾਬ ਦੇਵੇਂਗਾ। ਆਸੋ ਆਖ ਗਈ ਸੀ, ਮੈਂ ਵਿਆਹ ਤੋਂ ਦੋ-ਕੁ ਮਹੀਨੇ ਪਿਛੋਂ ਆਵਾਂਗੀ।"

"ਬੱਸ ਮਾਂ! ਇਹ ਗੱਲ ਏਥੇ ਈ ਰਹਿਣ ਦਿਹ। ਮੈਂ ਭੁੱਖੇ ਨੰਗੇ ਘਰ ਭੈਣ ਡੋਬ ਨਹੀਂ ਦੇਣੀ। ਆਪ ਜਾ ਕੇ ਆਸੋ ਨੂੰ ਆਖ ਆਵੀਂ ਕਿ ਏਸ ਕੰਮ ਨੂੰ ਮੇਰੇ ਕੋਲ ਨਾ ਆਵੇ। ਹੋਰ ਕਿਸੇ ਵੀ ਕੰਮ ਆਵੇ ਤਾਂ ਜੀ ਸਦਕੇ, ਸਿਰ ਮੱਥੇ 'ਤੇ ਝੱਲਾਂਗਾ। ਆਪਣਾ ਆਪ ਵੇਚ ਕੇ ਵੀ ਦੇ ਦਿਆਂਗਾ, ਪਰ ਮੈਂ ਉਥੇ ਸਵਰਨੀ ਦਾ ਸਾਕ ਨਹੀਂ ਕਰਨਾ। ਏਸ ਕੰਮ ਵਿਚ ਕਿਸੇ ਨੇ ਦਖ਼ਲ ਦਿੱਤਾ ਤਾਂ ਮੈਥੋਂ ਬੁਰਾ ਕੋਈ ਨਹੀਂ।" ਸਮੁੰਦ ਸਿੰਘ ਨੇ ਐਹੋ ਜੇਹੀ ਸੁਰ ਵਿਚ ਇਹ ਵਾਕ ਕਹੇ ਕਿ ਮੁੜ ਕੇ ਕੁਝ ਕਹਿਣ ਦੀ ਕਿਸੇ ਦੀ ਹਿੰਮਤ ਹੀ ਨਾ ਪਈ।

ਘਰ ਦਾ ਕਾਰ ਮੁਖ਼ਤਿਆਰ ਸਮੁੰਦ ਸਿੰਘ ਸੀ। ਛੋਟਾ ਭਰਾ ਮੁਕੰਦ ਸਿੰਘ ਉਹਦੇ ਆਸਰੇ 'ਤੇ ਸੀ। ਨਾਲੇ ਹੁਣੇ-ਹੁਣੇ ਉਹਦਾ ਵਿਆਹ ਸਮੁੰਦ ਸਿੰਘ ਨੇ ਬੜੀ ਸ਼ਾਨ



WWW.SIKHBOOKCLUB.COM 

ਨਾਲ ਕੀਤਾ ਸੀ। ਖ਼ਰਚ ਵੱਲੋਂ ਉਹਨੇ ਕਿਸੇ ਗੱਲੋਂ ਝਿੱਸੀ ਨਹੀਂ ਸੀ ਵੱਟੀ। ਲੋਕੀਂ ਸਿਫ਼ਤਾਂ ਕਰਦੇ ਸਨ ਕਿ ਵੱਡੇ ਭਰਾ ਨੇ ਸਾਰੇ ਸਾਰਥ ਪਿਉ ਵਾਂਗ ਨਿਭਾਏ ਹਨ। ਇਸ ਅਹਿਸਾਨ ਥੱਲੇ ਦੱਬਿਆ ਹੋਇਆ ਛੋਟਾ ਕਿਸੇ ਕਿਸਮ ਦੀ ਸਲਾਹ ਨਹੀਂ ਸੀ ਦੇ ਸਕਦਾ। ਸਮੁੰਦ ਸਿੰਘ ਦੀ ਵਹੁਟੀ ਆਸੋ ਨਾਲ ਬਹੁਤੀ ਖ਼ੁਸ਼ ਨਹੀਂ ਸੀ। ਇਕੋ ਹਾਣ ਨਨਾਣ ਭਰਜਾਈ ਦੀ ਕਿਸੇ ਭਾਗਾਂ ਵਾਲੇ ਘਰ ਹੀ ਬਣਦੀ ਹੈ। ਇਸ ਲਈ ਭਰਜਾਈ ਵੱਲੋਂ ਆਸੋ ਦੀ ਹਮਾਇਤ ਦਾ ਸਵਾਲ ਹੀ ਨਹੀਂ ਸੀ। ਤੇ ਸਵਰਨੀ ਜੀਹਦੇ ਬਾਰੇ ਸਭ ਵਿਚਾਰਾਂ ਹੋ ਰਹੀਆਂ ਸਨ, ਉੱਚੀ ਸਾਹ ਲੈਣ ਦੀ ਵੀ ਹੱਕਦਾਰ ਨਹੀਂ ਸੀ। ਜਿਸ ਦੇ ਲੇਖਾਂ ਦਾ ਫ਼ੈਸਲਾ ਹੋਣਾ ਸੀ, ਉਸ ਨੂੰ ਮੂੰਹੋਂ ਇਕ ਸ਼ਬਦ ਕਹਿਣ ਦੀ ਵੀ ਆਗਿਆ ਨਹੀਂ ਸੀ। ਦੇ ਲੈ ਕੇ ਇਕ ਮਾਂ ਹੀ ਸੀ, ਜੋ ਆਸੋ ਦੀ ਹਮਾਇਤ ਕਰ ਸਕਦੀ ਸੀ, ਪਰ ਸਮੁੰਦ ਸਿੰਘ ਦੇ ਇਕੋ ਦਾਬੇ ਨੇ ਉਹਦਾ ਮੂੰਹ ਵੀ ਬੰਦ ਕਰ ਦਿੱਤਾ।

ਹਫ਼ਤੇ ਕੁ ਪਿਛੋਂ ਆਸੋ ਆਈ ਜ਼ਰੂਰ ਪਰ ਭਰਾ ਦੇ ਮੂੰਹੋਂ ਕੋਰਾ ਜਵਾਬ ਲੈ ਕੇ ਮੁੜ ਗਈ। ਵੱਡੀ ਭੈਣ ਨੂੰ ਤੋਰਨ ਗਈ ਸਵਰਨੀ ਉਹਦੇ ਗਲ ਲੱਗ ਕੇ ਬੜਾ ਰੋਈ, ਪਰ ਮੂੰਹੋਂ ਕਹਿਣ ਵਾਸਤੇ ਉਹਦੇ ਕੋਲ ਇਕ ਸ਼ਬਦ ਵੀ ਨਹੀਂ ਸੀ। ਉਹਦੇ ਦਿਲ ਦੀ ਪੀੜ ਨੂੰ ਕੋਈ ਨਹੀਂ ਸੀ ਜਾਣਦਾ।

"ਆਸੋ! ਤੂੰ ਦੋ ਤਿਨਾਂ ਮਹੀਨਿਆਂ ਨੂੰ ਫੇਰ ਆਵੀਂ। ਓਨੇ ਚਿਰ ਤਕ ਤੇਰੇ ਭਰਾ ਦਾ ਗੁੱਸਾ ਮੱਠਾ ਹੋ ਜਾਵੇਗਾ।" ਮਾਂ ਨੇ ਐਵੇਂ ਧੀ ਦਾ ਦਿਲ ਧਰਾਉਣ ਵਾਸਤੇ ਕਿਹਾ, ਨਹੀਂ ਤਾਂ ਆਸ ਉਹਨੂੰ ਵੀ ਕੋਈ ਨਹੀਂ ਸੀ ਰਹੀ।

"ਹੱਛਾ, ਮਾਂ! ਭਰਾ ਰਾਜ਼ੀ ਰਹਿਣ। ਭੈਣਾਂ ਦਾ ਕੋਈ ਜ਼ੋਰ ਹੁੰਦਾ ਏ ?" ਆਸੋ ਅੱਖਾਂ ਪੂੰਝਦੀ ਤੁਰ ਗਈ।

ਵੀਹਾਂ ਕੁ ਦਿਨਾਂ ਪਿਛੋਂ ਲੱਖਾ ਸਿੰਘ ਫੇਰ ਆਇਆ। ਇਸ ਵਾਰ ਉਹਨੇ ਘਰ ਦੇ ਬਾਕੀ ਜੀਆਂ ਨਾਲ ਵੀ ਨੇੜ ਵਧਾਉਣ ਦਾ ਯਤਨ ਕੀਤਾ। ਉਹਨੇ ਮਾਮੀ ਦੇ ਕੋਲ ਬਹਿ ਕੇ ਮਿੱਠੀਆਂ-ਮਿੱਠੀਆਂ ਗੱਲਾਂ ਕੀਤੀਆਂ। ਮਾਮੀ ਉਹਦੇ ਅੰਦਰਲੇ ਭੇਤ ਤੋਂ ਜਾਣੂ ਨਹੀਂ ਸੀ। ਮੂੰਹ ਦੀਆਂ ਗੱਲਾਂ ਸੁਣ ਕੇ ਉਹਨੂੰ ਵੀ ਲੱਖਾ ਸਿੰਘ ਚੰਗਾ ਲੱਗਾ। ਉਹਨੇ ਅੰਦਰੇ ਅੰਦਰ ਸੰਤੀ ਦੇ ਭਾਗਾਂ ਨੂੰ ਸਲਾਹਿਆ, ਜੀਹਨੂੰ ਐਹੋ ਜੇਹਾ ਵਰ ਤੇ ਘਰ ਮਿਲ ਗਿਆ ਸੀ। ਉਹਦੇ ਦਿਲ ਵਿਚ ਇਹ ਵੀ ਆਈ, 'ਕਿਤੇ ਲੱਖਾ ਸਿੰਘ ਦਾ ਛੋਟਾ ਭਰਾ ਹੁੰਦਾ ਤਾਂ ਅਸੀਂ ਸਵਰਨੀ ਦਾ ਸਾਕ ਉਥੇ ਕਰ ਦੇਂਦੇ।' ਇਸ ਤੋਂ ਵੱਧ ਇਕ ਮਾਂ ਨਹੀਂ ਸੀ ਸੋਚ ਸਕਦੀ।

ਲੱਖਾ ਸਿੰਘ ਨੇ ਛੋਟੇ ਭਰਾ ਨਾਲ ਵੀ ਦੋਸਤੀ ਬਣਾ ਲਈ।

'ਮੁਕੰਦ ਸਿਹਾਂ! ਤੂੰ ਕਿਵੇਂ ਟੇਢਾ-ਟੇਢਾ ਫਿਰਦਾ ਏਂ। ਇਹਦਾ ਅਰਥ ਇਹ

ਹੋਇਆ ਕਿ ਸਮੁੰਦ ਸੁੰਹ ਘਰ ਨਾ ਹੋਵੇ ਤਾਂ ਤੂੰ ਸਾਨੂੰ ਸਿਆਣੇ ਈ ਨਾ। ਆ ਐਧਰ।" ਬਾਹੋਂ ਫੜ ਕੇ ਲੱਖਾ ਸਿੰਘ ਨੇ ਮੁਕੰਦ ਸਿੰਘ ਨੂੰ ਵੀ ਕੋਲ ਬਹਾ ਲਿਆ।

"ਸਿਆਨਣਾ ਕਿਉਂ ਨਹੀਂ, ਭਾਈਆ ਜੀ। ਤੁਹਾਡੇ ਨਾਲੋਂ ਸਾਨੂੰ ਕੌਣ ਚੰਗਾ ਏ। ਪਰ ਵੱਡੇ ਭਾਊ ਦੇ ਸਾਹਮਣੇ ਮੈਂ ਪੀਂਦਾ ਚੰਗਾ ਨਹੀਂ ਲੱਗਦਾ।" ਮੁਕੰਦ ਸਿੰਘ ਨੇ ਵੱਡੇ ਭਰਾ ਦਾ ਸਤਕਾਰ ਕਰਦਿਆਂ ਕਿਹਾ।

"ਤੇ ਜੇ ਵੱਡਾ ਭਰਾ ਈ ਆਖੇ ਤਾਂ! .........ਲੈ ਭਈ ਸਮੁੰਦ ਸਿਹਾਂ! ਤੂੰ ਆਪਣੇ ਹੱਥੀਂ ਫੜਾ। ਮੁੰਡੇ ਦੀ ਸੰਗ ਲਹਿ ਜਾਵੇ।" ਲੱਖਾ ਸਿੰਘ ਨੇ ਗਲਾਸੀ ਭਰ ਕੇ ਸਮੁੰਦ ਸਿੰਘ ਨੂੰ ਫੜਾ ਦਿੱਤੀ।

"ਮੁਕੰਦਿਆ! ਤੂੰ ਭਾਈਏ ਲੱਖਾ ਸੁੰਹ ਨੂੰ ਪੂਰੀ ਤਰ੍ਹਾਂ ਨਹੀਂ ਜਾਣਦਾ। ਇਹਦਾ ਹੁਕਮ ਆਪਾਂ ਨਹੀਂ ਮੋੜਨਾ। ਕਿਤੇ ਉਥੇ ਜਾ ਕੇ ਵੇਖੇਂ ਤਾਂ ਤੈਨੂੰ ਪਤਾ ਲੱਗੇ।" ਸਮੁੰਦ ਸਿੰਘ ਨੇ ਗਲਾਸੀ ਛੋਟੇ ਭਰਾ ਦੇ ਹੱਥ ਫੜਾ ਦਿੱਤੀ।

"ਹੱਛਾ, ਕਿਸੇ ਦਿਨ ਦਿਹਾਰ 'ਤੇ ਚੱਲ ਕੇ ਵੇਖਾਂਗੇ।" ਮੁਕੰਦ ਸਿੰਘ ਨੇ ਐਵੇਂ ਰਸਮੀ ਜਿਹਾ ਉੱਤਰ ਦਿੱਤਾ।

"ਦਿਨ ਦਿਹਾਰ ਕੇਹਾ। ਮੈਂ ਤੈਨੂੰ ਨਾਲ ਲੈ ਕੇ ਜਾਣਾ ਏਂ।" ਲੱਖਾ ਸਿੰਘ ਨੇ ਆਪਣੇ ਸ਼ਬਦਾਂ 'ਤੇ ਜ਼ੋਰ ਦੇ ਕੇ ਕਿਹਾ, "ਭੈੜਿਆ! ਮੈਨੂੰ ਤਾਂ ਰੀਝ ਈ ਰਹਿੰਦੀ ਏ ਪਈ ਕੋਈ ਸੱਜਣ ਬੇਲੀ ਮੇਰੇ ਕੋਲ ਆ ਕੇ ਦੋ ਚਾਰ ਦਿਨ ਰਹੇ। ਫਿਰ ਤੁਹਾਡੀ ਭੈਣ ਵੀ ਸਵੇਰ ਦੇ ਨਾਂ ਲੈਣ ਵਾਲੀ ਏ। ਵਚਾਰੀ ਨੇ ਆਏ ਗਏ ਤੋਂ ਕਦੇ ਮੱਥੇ ਵੱਟ ਨਹੀਂ ਪਾਇਆ।"

"ਮੈਂ ਵੇਖ ਨਹੀਂ ਆਇਆ? ਉਹਨੂੰ ਤਾਂ ਵੇਖ ਕੇ ਚਾਅ ਚੜ੍ਹ ਜਾਂਦਾ ਏ।" ਕੋਲੋਂ ਸਮੁੰਦ ਸਿੰਘ ਨੇ ਵੀ ਬਸੰਤ ਕੌਰ ਦੀ ਸ਼ੋਭਾ ਕੀਤੀ।

"ਓ, ਹੁਣ ਪੀ ਲੈ ਰੱਬ ਦਾ ਨਾਂ ਲੈ ਕੇ। ਸੋਚਾਂ ਕਿਹੜੀਆਂ ਵਿਚ ਪਿਆ ਏਂ।" ਲੱਖਾ ਸਿੰਘ ਨੇ ਹੱਥ ਦਾ ਇਸ਼ਾਰਾ ਕਰਦਿਆਂ ਕਿਹਾ।

"ਤੁਹਾਡਾ ਹੁਕਮ ਨਹੀਂ ਮੋੜਦਾ, ਪਰ ਦੂਜੀ ਵਾਰ ਨਾ ਕਿਹੋ। ਭਾਊ ਦੇ ਸਾਹਮਣੇ ਮੈਨੂੰ ਬੜੀ ਸ਼ਰਮ ਔਂਦੀ ਏ।" ਮੁਕੰਦ ਸਿੰਘ ਨੇ ਪਾਸੇ ਨੂੰ ਮੂੰਹ ਕਰਕੇ ਪੀ ਲਈ। ਖ਼ਾਲੀ ਗਲਾਸੀ ਉਹਨੇ ਮੰਜੇ 'ਤੇ ਰੱਖ ਦਿੱਤੀ ਅਤੇ ਆਪ ਉਠ ਕੇ ਪਸ਼ੂਆਂ ਨੂੰ ਪੱਠੇ ਪਾਉਣ ਲੱਗ ਪਿਆ।

"ਹੱਛਾ, ਭਲਕੇ ਤੁਹਾਡੀ ਦੋਹਾਂ ਦੀ ਬੈਠਕ ਹੋਵੇਗੀ। ਮੈਂ ਨੇੜੇ ਨਹੀਂ ਆਵਾਂਗਾ।" ਸਮੁੰਦ ਸਿੰਘ ਨੇ ਸੱਜੀ ਬਾਂਹ ਉੱਚੀ ਕਰਕੇ ਐਲਾਨ ਕੀਤਾ।

"ਨਹੀਂ। ਭਲਕੇ ਮੈਂ ਹਰ ਹਾਲ ਮੁੜ ਜਾਣਾ ਏਂ। ਪਰਸੋਂ ਇਕ ਰਜਿਸਟਰੀ ਕਰੌਣੀ



WWW.SIKHBOOKCLUB.COM 

ਏ। ਤੂੰ ਇਹਨੂੰ ਮੇਰੇ ਕੋਲ ਘੱਲੀਂ ਦੋ ਦਿਨ।" ਲੱਖਾ ਸਿੰਘ ਨੇ ਆਪਣੇ ਵੱਲੋਂ ਮੁਕੰਦ ਸਿੰਘ ਨੂੰ ਵੀ ਸੱਦਾ ਦੇ ਦਿੱਤਾ।

ਮੁਕੰਦ ਸਿੰਘ ਨੇ ਫੇਰ ਸ਼ਰਾਬ ਨਹੀਂ ਪੀਤੀ ਨਾਲ ਬਹਿ ਕੇ, ਪਰ ਸ਼ਾਮ ਨੂੰ ਬਾਹਰ ਸੈਰ ਕਰਨ ਗਿਆਂ ਲੱਖਾ ਸਿੰਘ ਨਾਲ ਗੱਲਾਂ ਦਿਲ ਖੋਲ੍ਹ ਕੇ ਕੀਤੀਆਂ। ਏਸ ਤਰ੍ਹਾਂ ਦੋਹਾਂ ਦਾ ਕਾਫ਼ੀ ਨੇੜ ਹੋ ਗਿਆ।

ਲੱਖਾ ਸਿੰਘ ਨੇ ਇਕ ਦੋ ਵਾਰ ਸਵਰਨੀ ਨੂੰ ਵੀ ਬੁਲਾਇਆ, ਪਰ ਉਹਦਾ ਵੱਟਿਆ ਹੋਇਆ ਚਿਹਰਾ ਵੇਖ ਕੇ ਉਹਨੇ ਚੁੱਪ ਰਹਿਣਾ ਹੀ ਠੀਕ ਸਮਝਿਆ। ਹਾਂ, ਉਹਦੀ ਬੇਰੁਖ਼ੀ ਦਾ ਬੁਰਾ ਮਨਾਉਂਦਿਆਂ ਉਹਨੇ ਦਿਲ ਵਿਚ ਜ਼ਰੂਰ ਦੁਹਰਾਇਆ, 'ਕੰਮ ਨੇਪਰੇ ਚੜ੍ਹ ਲੈਣ ਦਿਹ, ਫਿਰ ਤੇਰੀ ਇਹ ਆਕੜ ਭੰਨਾਂਗਾ।'

ਲੱਖਾ ਸਿੰਘ ਤੇ ਸਮੁੰਦ ਸਿੰਘ ਪਹਿਰ ਰਾਤ ਗਈ ਤਕ ਪੀਂਦੇ ਰਹੇ। ਉਹਨਾਂ ਬੜੀਆਂ ਰੱਜ ਰੱਜ ਗੱਲਾਂ ਕੀਤੀਆਂ। ਵਧੇਰੇ ਚਰਚਾ ਹੁੰਦੀ ਰਹੀ ਸਵਰਨੀ ਦੇ ਰਿਸ਼ਤੇ ਬਾਰੇ।

"ਵੇਖੇਂ ਨਾ ਸਮੁੰਦ ਸਿਹਾਂ! ਏਸ ਗੱਲੋਂ ਆਪਣੇ ਨਾਲੋਂ ਦਰਿਆਓਂ ਪਾਰ ਦੇ ਸਿਆਣੇ ਈਂ।" ਲੱਖਾ ਸਿੰਘ ਨੇ ਗਲਾਸੀ ਵਿਚ ਸ਼ਰਾਬ ਪਾਉਂਦਿਆਂ ਕਿਹਾ, "ਨਾ ਉਹ ਮੁੰਡੇ ਦਾ ਰੰਗ-ਰੂਪ ਵੇਖਣਗੇ, ਨਾ ਕੁਆਰੇ ਜਾਂ ਦੁਹਾਜੂ ਦਾ ਫ਼ਰਕ ਸਮਝਣਗੇ। ਮਥ: ਉਹ ਏਸ ਗੱਲ ਦੀ ਵੀ ਨਿੰਦ-ਵਚਾਰ ਨਹੀਂ ਕਰਦੇ ਕਿ ਆਦਮੀ ਦੇ ਘਰ ਪਹਿਲਾਂ ਟੱਬਰ ਹੈ। ਉਹ ਵੇਖਣਗੇ ਘਰ, ਮਿੱਟੀ ਦੀ ਮੁੱਠ। ਉਹ ਆਖਣਗੇ, 'ਸਰਦਾਰਾ! ਗਊ ਉਥੇ ਛੱਡੀਏ, ਜਿੱਥੇ ਘਾਹ ਹੋਵੇ।' ਇਹ ਈ ਉਹਨਾਂ ਦਾ ਨਸ਼ਾਨਾ। ਬੜੇ ਸਮਝਦਾਰ ਨੇ। ਗੱਲ ਵੀ ਠੀਕ ਏ। ਘਰ ਖਾਣ ਹੰਢੌਣ ਨੂੰ ਨਾ ਹੋਇਆ ਤਾਂ ਨਿਰੇ ਮੁੰਡੇ ਨੂੰ ਕਿਸੇ ਚੱਟਣਾ ਏ ? ਜਨਾਨੀ ਨੂੰ ਘਰੋਂ ਕਿਸੇ ਚੀਜ਼ ਦੀ ਤੰਗੀ ਨਾ ਹੋਵੇ। ਖੁੱਲ੍ਹਾ ਖਾਣ ਨੂੰ ਤੇ ਚੰਗਾ ਹੰਢੌਣ ਨੂੰ ਹੋਵੇ। ਪੱਲੇ ਪੈਸਾ ਹੋਵੇ ਖ਼ਰਚਣ ਨੂੰ। ਉਹ ਕਿਸੇ ਆਏ ਗੇਣ ਭਰਾ ਦੀ ਗ਼ਰਜ਼ ਪੂਰੀ ਕਰ ਸਕਦੀ ਹੋਵੇ। ਫੇਰ ਉਹਦੇ ਵਰਗਾ ਕੋਈ ਸੁਖੀ ਨਹੀਂ।"

"ਠੀਕ ਏ। ਸਾਰੀਆਂ ਲੋੜਾਂ ਪੂਰੀਆਂ ਹੁੰਦੀਆਂ ਹੋਣ, ਫੇਰ ਬੰਦਾ ਸੁਖੀ ਕਿਉਂ ਨਾ ਹੋਵੇ।" ਸਮੁੰਦ ਸਿੰਘ ਨੇ ਵਿਚੋਂ ਹੁੰਗਾਰਾ ਭਰਿਆ। ਭਾਵੇਂ ਲੱਖਾ ਸਿੰਘ ਨੂੰ ਆਪਣਾ ਭਾਸ਼ਣ ਚਲਦਾ ਰੱਖਣ ਵਿਚ ਕਿਸੇ ਹੁੰਗਾਰੇ ਦੀ ਲੋੜ ਨਹੀਂ ਸੀ।

"ਘਰ ਦੀ ਗੱਲ ਬਾਹਰ ਕਰਨੀ ਤਾਂ ਨਹੀਂ ਚਾਹੀਦੀ, ਪਰ ਤੂੰ ਕਿਹੜਾ ਓਪਰਾ ਏਂ।" ਲੱਖਾ ਸਿੰਘ ਨੇ ਅਹਿਸਾਨ ਜਤਾਉਂਦਿਆਂ ਕਿਹਾ।

"ਲੈ ਖਾਂ, ਹੁਣ ਤੇਰੇ ਮੇਰੇ ਵਿਚ ਕੋਈ ਵੀ ਭਿੰਨ ਭੇਤ ਏ?" ਸਮੁੰਦ ਸਿੰਘ ਨੇ ਅੱਗੋਂ ਦੂਣੀ ਅਪਣੱਤ ਪ੍ਰਗਟ ਕਰਦਿਆਂ ਕਿਹਾ।

"ਪਿਛੇ ਜੇਹੇ ਨ੍ਹਾਮੇ ਦਾ ਮਾਮਾ ਆਇਆ। ਮੈਂ ਘਰ ਨਹੀਂ ਸੀ। ਉਹਨੇ ਆਵਦੀ ਭੈਣ ਅੱਗੇ ਗੱਲ ਕੀਤੀ। ਉਹਨੇ ਅੱਗੋਂ ਰੁਪਏ ਕੱਢ ਕੇ ਉਹਦੇ ਹੱਥ ਫੜਾਏ। ਅਗਲੇ ਦਿਨ ਮੈਨੂੰ ਆਏ ਨੂੰ ਨ੍ਹਾਮੇ ਦੀ ਮਾਂ ਨੇ ਦੱਸਿਆ। ਮੈਂ ਅੱਗੋਂ ਹੱਸ ਕੇ ਕਿਹਾ, 'ਭਲੀਏ ਲੋਕੇ। ਇਹਦੇ ਵਿਚ ਪੁੱਛਣ ਵਾਲੀ ਕਿਹੜੀ ਗੱਲ ਸੀ ? ਤੂੰ ਘਰ ਦੀ ਮਾਲਕ ਨਹੀਂ' ? ਲੈ ਸਮੁੰਦ ਸਿਹਾਂ। ਆਹ ਚੀਜ਼ ਈ ਜੋ ਜਨਾਨੀ ਨੂੰ ਸੁਖੀ ਰੱਖ ਸਕਦੀ ਏ। ਉਹਦੇ ਘਰ ਹੋਵੇ ਤੇ ਹੱਥ-ਵੱਸ ਵੀ ਹੋਵੇ।" ਲੱਖਾ ਸਿੰਘ ਨੇ ਆਪਣੇ ਸੁਆਰਥ ਨੂੰ ਸਾਹਮਣੇ ਰੱਖ ਕੇ ਇਕ ਸਿਧਾਂਤ ਘੜ ਕੇ ਪੇਸ਼ ਕਰ ਦਿੱਤਾ।

"ਭਾਈਆ ਜੀ। ਬੰਦਾ ਹੋਵੇ, ਭਾਵੇਂ ਜਨਾਨੀ। ਜੀਹਦੇ ਹੱਥ-ਪੱਲੇ ਕੁਝ ਨਾ ਹੋਵੇ ਉਹ ਸੁਖੀ ਕਿਵੇਂ ਰਹਿ ਸਕਦਾ ਏ? ਸੱਚੀ ਪੁੱਛਦਾ ਏਂ ਤਾਂ ਏਸੇ ਵਾਸਤੇ ਮੈਂ ਆਸੇ ਨੂੰ ਜਵਾਬ ਦੇ ਦਿੱਤਾ ਏ। ਸਵਰਨੀ ਨੂੰ ਕਿਸੇ ਰੱਜੇ ਪੁੱਜੇ ਘਰ ਵਿਆਹੁਣਾ ਏਂ, ਭਾਵੇਂ ਦੋ ਘੁਮਾਂ ਗਹਿਣੇ ਧਰ ਕੇ ਵੀ ਅਗਲਿਆਂ ਦੀ ਮੰਗ ਪੂਰੀ ਕਰਨੀ ਪਵੇ।"

"ਮਖ : ਤੂੰ ਫ਼ਿਕਰ ਨਾ ਕਰ। ਆਪਾਂ ਘਰ ਵੀ ਚੰਗਾ ਲੱਭ ਲਵਾਂਗੇ ਤੇ ਦਾਜ ਦੇਣ ਦਾ ਵੀ ਵਧੇਰੇ ਝਗੜਾ ਨਹੀਂ ਪਵੇਗਾ। ਭੈੜਿਆ, ਦਾਜ ਮੰਗਣ ਵਾਲਾ ਵੀ ਕੋਈ ਬੰਦਾ ਹੁੰਦਾ ਏ। ਜਿਨ੍ਹਾਂ ਧੀਆਂ ਦੇ ਦਿੱਤੀਆਂ, ਉਹਨਾਂ ਪਿੱਛੇ ਕੀ ਰੱਖ ਲਿਆ ? ਲਾਹਨਤ ਏ ਉਸ ਬੰਦੇ ਨੂੰ, ਜਿਹੜਾ ਕੁੜੀ ਵੀ ਹੀਰੇ ਵਰਗੀ ਭਾਲੇ ਤੇ ਨਾਲ ਦਾਜ ਵੀ ਮੰਗੇ।"

"ਸੱਚੀ ਆਹਨਾ ਏਂ, ਪਰ ਭਾਈਆ! ਸਾਰੇ ਤੇਰੇ ਵਰਗੇ ਨਹੀਂ ਹੁੰਦੇ।" ਸਮੁੰਦ ਸਿੰਘ ਨੇ ਉਸ ਦੀ ਤਾਰੀਫ਼ ਵਜੋਂ ਕਿਹਾ।

"ਹੱਛਾ, ਇਹ ਗੱਲ ਤੂੰ ਮੇਰੇ 'ਤੇ ਰਹਿਣ ਦਿਹ। ਹੁਣ ਰੋਟੀ ਖਾਈਏ ਤੇ ਘਰਦਿਆਂ ਨੂੰ ਆਰਾਮ ਕਰਨ ਦੀ ਛੁੱਟੀ ਦੇਈਏ। ਵਚਾਰੀਆਂ ਆਪਣੇ ਬਦਲੇ ਚੌਕੇ 'ਚ ਬੈਠੀਆਂ ਨੇ।" ਲੱਖਾ ਸਿੰਘ ਨੇ ਇਹਨਾਂ ਗੱਲਾਂ ਨੂੰ ਏਥੇ ਹੀ ਛੱਡ ਦੇਣਾ ਠੀਕ ਸਮਝਿਆ।

ਸਵੇਰੇ ਉਠਦਿਆਂ ਲੱਸੀ ਦਾ ਗਲਾਸ ਪੀ ਕੇ ਲੱਖਾ ਸਿੰਘ ਤੁਰ ਪਿਆ। ਸਮੁੰਦ ਸਿੰਘ ਬਾਹਰ ਤੱਕ ਉਹਨੂੰ ਤੋਰਨ ਗਿਆ।

"ਸਮੁੰਦ ਸਿਹਾਂ। ਲੋਕਾਂ ਦੀਆਂ ਉਲਝੀਆਂ ਆਦਮੀ ਸੁਲਝਾ ਲੈਂਦਾ ਏ, ਪਰ ਆਪਣੀ ਉਲਝੀ ਨਹੀਂ। ਕਿੰਨੀ ਅਜੀਬ ਗੱਲ ਏ।" ਲੱਖਾ ਸਿੰਘ ਨੇ ਆਪਣੇ ਮਤਲਬ ਦੀ ਗੱਲ ਤੋਰਨ ਦੇ ਇਰਾਦੇ ਨਾਲ ਕਿਹਾ।

"ਓਹਾ ਗੱਲ ਕਿ ਆਪਣੇ ਪੈਰ ਦਾ ਕੰਡਾ ਆਪ ਤੋਂ ਨਹੀਂ ਨਿਕਲਦਾ।" ਸਮੁੰਦ ਸਿੰਘ ਨੇ ਅੱਗੋਂ ਹੁੰਗਾਰਾ ਭਰਿਆ।

"ਏਹਾ ਹਾਲਤ ਐਸ ਵੇਲੇ ਮੇਰੀ ਏ।" ਲੱਖਾ ਸਿੰਘ ਨੇ ਕੁਝ ਚਿੰਤਾ ਵਿਚ ਸਿਰ ਧੁਣਦਿਆਂ ਕਿਹਾ।



WWW.SIKHBOOKCLUB.COM 

"ਪਰ.....ਪਰ ਤੈਨੂੰ ਕਿਸ ਗੱਲ ਦੀ ਥੁੜ ਏ।" ਸਮੁੰਦ ਸਿੰਘ ਨੇ ਉਹਦੇ ਵੱਲ ਕੁਝ ਹੈਰਾਨੀ ਨਾਲ ਕਿਹਾ।

"ਸੁਣ ਲੈ। ਤੈਨੂੰ ਪਤਾ ਈ ਏ, ਜੇਹੋ ਜੇਹਾ ਆਪਣਾ ਲਾਣਾ ਹੈਗਾ ਏ। ਅਖਾਣ ਪੌਂਦੇ ਨੇ : ਜੱਟ, ਮਹਿਓਂ, ਸੰਸਾਰ, ਕਬੀਲਾ ਗਾਲ਼ਣਾ। ਜੱਟ ਭਰਾ ਦਾ ਭਰਾ ਵੈਰੀ ਹੁੰਦਾ ਏ। ਇਹ ਹਮੇਸ਼ਾ ਏਹਾ ਸੋਚੇਗਾ ਕਿ ਜੇ ਦੂਜਾ ਘਰ ਨਾ ਹੁੰਦਾ ਤਾਂ ਸਾਰੀ ਜੈਦਾਦ ਦਾ ਮਾਲਕ ਮੈਂ ਹੀ ਹੁੰਦਾ। ਸਾਡੇ ਲੰਬਰਦਾਰ ਦੇ ਮੁੰਡਿਆਂ ਦੀ ਤੈਥੋਂ ਕੋਈ ਭੁੱਲ ਏ ? ਉਹ ਆਹੰਦੇ ਨੇ, ਜਦੋਂ ਆਪਣੇ ਵੱਡਿਆਂ ਜ਼ਮੀਨ ਵੰਡੀ ਸੀ, ਤੇਰੇ ਹਿੱਸੇ ਚੰਗੀ ਆ ਗਈ ਏ। ਸਰਦੂਲ ਸੁੰਹ, ਮਖਤੂਲ ਸੁੰਹ ਮੇਰੇ ਸਕੇ ਤਾਏ ਦੇ ਪੁੱਤਰ ਨੇ।"

"ਏਨਾ ਤਾਂ ਮੈਂ ਜਾਣਦਾਂ।"

"ਅਗ੍ਹਾਂ ਚਾਰ ਮੁੰਡੇ ਸਰਦੂਲ ਸੁੰਹ ਦੇ ਨੇ ਤੇ ਤਿੰਨ ਮਖਤੂਲ ਸੁੰਹ ਦੇ। ਸੱਤੇ ਬੁਰਛਿਆਂ ਵਰਗੇ ਤੇ ਆਪਣਾ ਹੋਇਆ ਇਕ ਨ੍ਹਾਮਾ। ਉਹ ਹੁਣੇ ਈਂ ਨ੍ਹਾਮੇ ਨੂੰ ਕੌੜੀਆਂ ਅੱਖਾਂ ਨਾਲ ਵਿਹੰਦੇ ਨੇ। ਸੋਚੀਦਾ ਏ ਕਿਤੇ ਇਕ ਵੀ ਵਾਹਿਗੁਰੂ ਹੋਰ ਦੇ ਦੇਂਦਾ ਤਾਂ ਔਖੇ ਵੇਲੇ ਨ੍ਹਾਮੇ ਦੀ ਕੰਡ ਕੱਜਣ ਜੋਗਾ ਹੁੰਦਾ। ਸਿਆਣਿਆਂ ਆਖਿਆ ਏ : ਇਕ ਕੱਲਾ ਤੇ ਦੋ ਯਾਰਾਂ।"

"ਹੱਛਾ, ਰੱਬ ਦੇ ਘਰ ਕੀ ਘਾਟਾ ਏ ? ਮਾਲਕ ਹੋਰ ਦੇ ਦੇਵੇਗਾ।" ਸਮੁੰਦ ਸਿੰਘ ਨੇ ਐਵੇਂ ਗੱਲ ਜਾਰੀ ਰੱਖਣ ਦੇ ਇਰਾਦੇ ਵਜੋਂ ਕਿਹਾ।

"ਨਹੀਂ, ਸਮੁੰਦ ਸਿਹਾਂ। ਕੋਈ ਆਸ ਨਹੀਂ। ਛੋਟੀ ਗੁੱਡੀ ਵੇਰਾਂ ਨ੍ਹਾਮੇ ਦੀ ਮਾਂ ਦੇ ਅੰਦਰ ਕੁਝ ਨੁਕਸ ਪੈ ਗਿਆ ਏ। ਛੇ ਸਾਲ ਹੋ ਗਏ ਨੇ ਇਲਾਜ ਕਰਦਿਆਂ। ਕੋਈ ਵੈਦ ਹਕੀਮ, ਕੋਈ ਪੀਰ ਫ਼ਕੀਰ ਨਹੀਂ ਛੱਡਿਆ। ਸਭ ਨੇ ਜਵਾਬ ਦੇ ਦਿੱਤਾ ਏ। ਏਸ ਗੱਲ 'ਤੇ ਵਿਚਾਰ ਕਰਕੇ ਬਥੇਰਾ ਦੋਵੇਂ ਝੁਰਦੇ ਆਂ, ਪਰ ਨਿਰਾ ਝੁਰਿਆਂ ਕੀ ਬਣਦਾ ਏ?" ਲੱਖਾ ਸਿੰਘ ਨੇ ਨਿਰਾਸਤਾ ਵਿੱਚ ਸਿਰ ਝੁਣਿਆ।

'ਬੜੀ ਫ਼ਿਕਰ ਵਾਲੀ ਗੱਲ ਏ, ਪਰ......।" ਸਮੁੰਦ ਸਿੰਘ ਨੂੰ ਸੁੱਝਿਆ ਕੁਝ ਨਾ ਕਿ ਉਹ ਅਗ੍ਹਾਂ ਕੀ ਕਹੇ ?

"ਨ੍ਹਾਮੇ ਦੀ ਮਾਂ ਤਾਂ ਏਥੋਂ ਤੱਕ ਆਖਣ ਲੱਗ ਪਈ ਏ ਪਈ ਇਕ ਹੋਰ ਵਿਆਹ ਕਰਾ ਲੈ।"

"ਹੋਰ ਕੀ ਚਾਰਾ ਏ ?"

"ਪਰ ਜਾਣਦਾ ਏਂ, ਉਹ ਵਚਾਰੀ ਸਵੇਰ ਦੇ ਨਾਂ ਲੈਣ ਵਾਲੀ ਏ। ਮੈਂ ਉਹਦੇ ਬੈਠਿਆਂ ਹੋਰ ਵਿਆਹ ਕਰੌਂਦਾ ਚੰਗਾ ਲੱਗਾਂਗਾ ?"

"ਜਦ ਉਹ ਆਪ ਰਾਜ਼ੀ ਏ ਤਾਂ ਫੇਰ ਕੀ ਡਰ ਏ ?"

"ਉਹ ਤਾਂ ਏਥੋਂ ਤੱਕ ਆਹੰਦੀ ਏ, ਪਈ ਮੈਂ ਆਪਣੀ ਛੋਟੀ ਭੈਣ ਦਾ ਸਾਕ ਲੈ ਔਨੀ ਆਂ।"

"ਮਾੜੀ ਗੱਲ ਨਹੀਂ। ਭੈਣਾਂ-ਭੈਣਾਂ ਕੱਟ ਵੀ ਲੈਣਗੀਆਂ।"

"ਓ, ਭੋੜਿਆ। ਉਹ ਤਾਂ ਅਸਲੋਂ ਬਾਲੜੀ ਜੇਹੀ ਏ, ਮਸ੍ਹਾਂ ਦਸਾਂ ਵਰ੍ਹਿਆਂ ਦੀ। ਉਹ ਚੰਗੀ ਲੱਗੇਗੀ ? ਊਠ ਦੇ ਗਲ਼ ਟੱਲੀ ਵਾਲੀ ਗੱਲ ਬਣ ਜਾਵੇਗੀ।"

"ਫੇਰ ਕੀ ਕੀਤਾ ਜਾਵੇ ?" ਸਮੁੰਦ ਸਿੰਘ ਨੀਵੀਂ ਪਾਈ ਸੋਚ ਰਿਹਾ ਸੀ।

"ਮੈਂ ਤਾਂ ਹੁਣ ਤੱਕ ਬੜਾ ਵਿਹਰਿਆ ਆਇਆਂ, ਪਰ ਨ੍ਹਾਮੇ ਦੀ ਮਾਂ ਆਪਣੀ ਆਈ 'ਤੇ ਤੁੱਲੀ ਖੜੀ ਏ। ਆਹੰਦੀ ਏ ਮੇਰੀ ਭੈਣ ਛੋਟੀ ਏ, ਤਾਂ ਕੋਈ ਹੋਰ ਲੱਭ ਲੈ। ਸਾਕਾਂ ਦਾ ਘਾਟਾ ਏ ? ਇਕ ਦਿਨ ਤਾਂ ਉਹਨੇ ਰਾਜੇ ਨੂੰ ਸੱਦ ਕੇ ਵੀ ਪੱਕੀ ਕਰ ਦਿੱਤੀ।"

"ਫੇਰ।"

"ਫੇਰ ਕੀ। ਰਾਜਾ ਸਾਡਾ ਅੱਗੇ ਈਂ ਇਹਨਾਂ ਕੰਮਾਂ ਨੂੰ ਸ਼ੇਰ ਏ। ਉਹਨੇ ਕਿਹਾ, 'ਜਜਮਾਨਣੀ! ਤੂੰ ਆਹੰਦੀ ਏਂ ਤਾਂ ਮੈਂ ਦਸਾਂ ਦਿਨਾਂ 'ਚ ਸਾਕ ਲੱਭ ਦੇਨਾਂ। ਗੁੜ ਹੋਵੇ, ਮੱਖੀਆਂ ਦਾ ਘਾਟਾ ਏ ?"

"ਗੱਲ ਤੇਰੀ ਠੀਕ ਏ, ਦੁੱਧ ਹੋਵੇ ਸਹੀ, ਜਾਗ ਦਾ ਘਾਟਾ ਨਹੀਂ। ਕਰਨਾ ਤਾਂ ਕਿਸੇ ਮਿੱਟੀ ਦੀ ਮੁੱਠ ਨੂੰ ਏਂ।"

"ਪਰ ਮੈਂ ਸੋਚਦਾਂ, ਲੋਕ ਕੀ ਆਖਣਗੇ। ਸਾਰੇ ਕਹਿਣਗੇ, ਚਾਰ ਪੈਸੇ ਹੋ ਗਏ ਨੇ, ਏਸ ਵਾਸਤੇ ਆਕੜ ਨਹੀਂ ਮਿਉਂਦੀ।"

"ਤੇਰੇ ਵਿਚ ਆਕੜ ? ਰੱਬ ਦਾ ਨਾਂ ਲੈ। ਦੀਵਾ ਲੈ ਕੇ ਭਾਲਿਆਂ ਤੇਰੇ ਅਰਗਾ ਸਾਊ ਬੰਦਾ ਨਹੀਂ ਲੱਭਣਾ।"

"ਬੱਸ, ਆਹ ਝਗੜਾ ਪਿਆ ਹੋਇਆ ਈ ਸਾਡੇ ਘਰ । ਸਗੋਂ ਕਿਤੇ ਆਵੇਂ ਤਾਂ ਆਪਣੀ ਭੈਣ ਨੂੰ ਸਮਝਾ। ਆਖ : ਕਮਲੀਏ! ਆਪਣੀ ਥਾਲੀ ਵਿਚ ਜ਼ਹਿਰ ਨਾ ਪਾ।"

"ਖ਼ੈਰ, ਮੈਂ ਆਵਾਂਗਾ, ਪਰ ਇਹ ਗੱਲ ਹੋ ਵੀ ਜਾਵੇ ਤਾਂ ਕਿਤੇ ਅਸਮਾਨ ਨਹੀਂ ਡਿੱਗ ਪੈਣ ਲੱਗਾ। ਜੱਟਾਂ ਦੇ ਘਰ ਦੋ-ਦੋ ਨਹੀਂ ਹੁੰਦੀਆਂ ? ਪੁੱਜੇ ਘਰ ਤਾਂ ਦੋ ਟੱਬਰਾਂ ਨੂੰ ਸਰਦਾਰੀ ਦੀ ਨਿਸ਼ਾਨੀ ਸਮਝਦੇ ਨੇ। ਤੇਰੇ ਘਰ ਵੀ ਐਸ ਵੇਲੇ ਖਾਣ ਹੰਢੌਣ ਦਾ ਘਾਟਾ ਨਹੀਂ।" ਸਮੁੰਦ ਸਿੰਘ ਨੇ ਕੁਝ ਹਾਸੇ ਠੱਠੇ ਨਾਲ ਕਿਹਾ।

"ਵਾਹ ਭਈ! ਚੰਗੀ ਸਫ਼ਾਰਸ਼ ਕਰੇਂਗਾ ਤੂੰ ਮੇਰੀ ਉਥੇ ਜਾ ਕੇ। ਪਰ ਭਈ, ਤੂੰ



WWW.SIKHBOOKCLUB.COM 

ਸਫ਼ਾਰਸ਼ ਆਵਦੀ ਭੈਣ ਦੀ ਕਰਨੀ ਏਂ, ਮੇਰੀ ਥੋੜ੍ਹੀ ਕਰਨੀ ਏਂ। ਗੌਂਦੇ ਹੁੰਦੇ ਨੇ : ਭੈਣ ਭਰਾਵਾਂ ਦੀ ਹੋ ਗਈ, ਜਦ ਮੁੱਢੀਂ ਪਈ ਤਰੇਲ।"

"ਇਹਦੇ ਵਿਚ ਕੀ ਝੂਠ ਏ। ਭੈਣ ਪਹਿਲਾਂ ਹੋਵੇ ਤਾਂ ਭਣਵਈਆ ਬਣੇ।" ਸਮੁੰਦ ਸਿੰਘ ਦੇ ਸਾਰੇ ਚਿਹਰੇ ਉੱਤੇ ਮੁਸਕਰਾਹਟ ਫੈਲੀ ਹੋਈ ਸੀ।

ਉਹ ਪਿੰਡੋਂ ਤਿੰਨ-ਚਾਰ ਪੈਲੀਆਂ ਬਾਹਰ ਆ ਗਏ ਸਨ। ਦੋਵੇਂ ਬੜੇ ਪਿਆਰ ਨਾਲ ਹੱਥ ਮਿਲਾ ਕੇ ਵਿਛੜੇ। ਸਮੁੰਦ ਸਿੰਘ ਨੇ ਰਕਾਬ ਦੱਬੀ ਤੇ ਲੱਖਾ ਸਿੰਘ ਮਾਰ ਕੇ ਪਲਾਕੀ ਘੋੜੀ ਦੇ ਉੱਤੇ।

"ਹੱਛਾ, ਸੱਤ ਸ੍ਰੀ ਅਕਾਲ। ਆਵੀਂ ਜ਼ਰੂਰ।" ਹੱਥ ਹਿਲਾਉਂਦਿਆਂ ਲੱਖਾ ਸਿੰਘ ਨੇ ਘੋੜੀ ਪੋਈਏ ਪਾ ਦਿੱਤੀ।

ਸਮੁੰਦ ਸਿੰਘ ਪਿੱਛੋਂ ਕੁਝ ਚਿਰ ਧੂੜ ਉਡਦੀ ਵਿਹੰਦਾ ਰਿਹਾ।

## ੯

"ਆ, ਅਮਲੀਆ! ਕਿਵੇਂ ਦਰਸ਼ਣ ਦਿੱਤੇ ਨੇ। ਆ ਬਹਿ ਜਾ।" ਲੱਖਾ ਸਿੰਘ ਨੇ ਅਮਲੀ ਨੂੰ ਆਪਣੇ ਮੰਜੇ 'ਤੇ ਬਹਾ ਲਿਆ।

"ਔਣਾ ਕੀ ਏ ? ਆਹੰਦੇ ਹੁੰਦੇ ਨੇ, ਮੁੱਲਾਂ ਦੀ ਦੌੜ ਮਸੀਤ ਤੱਕ। ਮੈਂ ਕੱਲ੍ਹ ਤਕਾਲੀਂ ਵੀ ਆਇਆ ਸਾਂ।"

"ਆ ਫਿਰ।"

"ਮੈਂ ਤਾਂ ਅਜੇ ਘੇਸਲ ਮਾਰੀ ਬੈਠਾ ਸਾਂ, ਪਰ ਤੇਰੀ ਭਰਜਾਈ ਨਹੀਂ ਟਿਕਣ ਦੇਂਦੀ ਹੁਣ।"

"ਕਿਉਂ ਕੀ ਆਹੁੰਦੀ ਏ ?"

"ਨਾ, ਉਂਵ ਗੱਲ ਤਾਂ ਉਹਦੀ ਸੱਚੀ ਏ। ਵੱਡੀ ਕੁੜੀ ਹੁਣ ਵੀਹਾਂ ਵਰ੍ਹਿਆਂ ਦੀ ਹੋ ਗਈ ਏ। ਦੂਜੀ ਉਸ ਤੋਂ ਦੋ ਵਰ੍ਹੇ ਛੋਟੀ ਹੋਵੇਗੀ।"

"ਧੀਆਂ ਜੁਆਨ ਹੁੰਦਿਆਂ ਤਾਂ ਪਤਾ ਈ ਨਹੀਂ ਲੱਗਦਾ। ਬਲਾਈ ਸੌਣ ਦੇ ਘਾਹ ਵਾਂਗ ਵਧਦੀਆਂ ਨੇ।" ਲੱਖਾ ਸਿੰਘ ਨੇ ਐਵੇਂ ਗੱਲ ਚਾਲੂ ਰੱਖਣ ਵਾਸਤੇ ਕਿਹਾ।

"ਕੁਝ ਨਾ ਪੁੱਛ। ਉਹ ਤੀਜੀ ਚੁੜੇਲ ਵੀ ਉਹਨਾਂ ਜਿੱਡੀ ਹੋਈ ਈ ਖਲੀ ਏ।" ਅਮਲੀ ਦੀ ਨਜ਼ਰ ਉਸ ਵੇਲੇ ਵੀ ਆਪਣੀਆਂ ਕੁੜੀਆਂ ਉੱਤੇ ਟਿਕੀ ਹੋਈ ਸੀ।

"ਮੁੰਡਿਆਂ ਦੀ ਮਾਪੇ ਐਨੀ ਸੇਵਾ ਕਰਨਗੇ, ਤੇ ਉਹ ਵੀ ਕਾਂਗੜੂ ਜੇਹੇ ਹੀ ਰਹਿਣਗੇ ਤੇ ਕੁੜੀਆਂ ਬੇਹਾ-ਤਬੇਹਾ ਖਾ ਕੇ ਈ ਜਵਾਨ ਹੋ ਜਾਂਦੀਆਂ ਨੇ।"

"ਸੱਚ ਆਖਿਆ ਈ।" ਅਮਲੀ ਨੇ ਸਿਰ ਹਿਲਾ ਕੇ ਹੁੰਗਾਰਾ ਭਰਿਆ।

"ਆਹ ਸਾਡੇ ਘਰ ਵੱਲ ਈ ਵੇਖ ਲੈ ਖਾਂ। ਨ੍ਹਾਮੋ ਦੀ ਮਾਂ ਦੁੱਧ ਦਾ ਗਲਾਸ ਲੈ ਕੇ ਮਗਰ-ਮਗਰ ਤਰਲੇ ਕਰਦੀ ਫਿਰੇਗੀ, ਤੇ ਨ੍ਹਾਮਾ ਮੂੰਹ ਵੱਟ ਕੇ ਸਗੋਂ ਦੋ ਕਰਮਾਂ ਪਰ੍ਹਾਂ ਨੂੰ ਜਾਵੇਗਾ। ਸਵੇਰੇ ਰੋਟੀ ਉੱਤੇ ਮੱਖਣੀ ਰੱਖ ਦੇਵੇ ਤਾਂ ਥਾਲੀ ਕੁਆਂ ਕੇ ਮਾਰੇਗਾ ਤੇ ਉਹ ਮਰਨੀ ਸ਼ਾਮੋ। ਜੋ ਮਿਲੇ ਸਭ ਅੰਦਰ। ਭਰਾ ਦਾ ਵਧਿਆ ਵੀ ਸਮੇਟ ਜਾਵੇਗੀ।" ਲੱਖਾ ਸਿੰਘ ਜਾਣ ਬੁੱਝ ਕੇ ਗੱਲਾਂ ਲੰਮੀਆਂ ਕਰੀ ਜਾ ਰਿਹਾ ਸੀ। ਉਹ ਸਮਝ ਗਿਆ ਸੀ ਕਿ ਅਮਲੀ ਕਿਸ ਕੰਮ ਆਇਆ ਹੈ।

"ਫਿਰ, ਵੇਖ ਲੈ। ਦੋਵੇਂ ਭੈਣ ਭਰਾ ਇਕੋ ਜਿੱਡੇ ਲਗਦੇ ਨੇ।" ਅਮਲੀ ਗੱਲ ਨਾਲ ਗੱਲ ਮਿਲਾਉਣ ਵਾਸਤੇ ਮਜਬੂਰ ਸੀ।

"ਸ਼ਾਮੋ ਸਗੋਂ ਨ੍ਹਾਮੇ ਨਾਲੋਂ ਭਾਰੀ ਲੱਗਦੀ ਏ।"

"ਇਹਨਾਂ 'ਤੇ ਤਾਂ ਰੱਬ ਦੀ ਦਇਆ ਏ, ਖਾਣ-ਪੀਣ ਦੀ ਕੋਈ ਥੁੜ ਨਹੀਂ, ਸਾਡੀਆਂ ਰੁੱਖੀਆਂ ਰੋਟੀਆਂ 'ਤੇ ਈ ਕੋਠੇ ਜਿੱਡੀਆਂ ਹੋ ਗਈਆਂ ਨੇ।"

"ਇਹ ਪਰਾਇਆ ਧਨ ਹੁੰਦਾ ਏ ਨਾਂ। ਇਹਨਾਂ ਦਾ ਰੱਬ ਰਾਖਾ ਹੁੰਦਾ ਏ।"

"ਓ ਜੀ, ਨਾ ਮੀਂਹ ਨਾ ਹਨੇਰੀ।" ਅਮਲੀ ਕਾਹਲਾ ਪੈ ਰਿਹਾ ਸੀ। ਪਰ ਉਹ ਇਹ ਵੀ ਜਾਣਦਾ ਸੀ ਕਿ ਜਿਸ ਤੋਂ ਕੰਮ ਲੈਣਾ ਹੋਵੇ, ਉਹਦੀ ਹਾਂ ਵਿਚ ਹਾਂ ਮਿਲਾਉਣੀ ਬਹੁਤ ਜ਼ਰੂਰੀ ਹੁੰਦੀ ਹੈ।

"ਹਾਂ, ਫਿਰ, ਕਿਸ ਕੰਮ ਆਇਐਂ ਤੂੰ ?" ਲੱਖਾ ਸਿੰਘ ਅਸਲੀ ਗੱਲ ਵੱਲ ਆ ਗਿਆ। ਇਉਂ ਸਮਝੋ ਕਿ ਅਮਲੀ ਦੇ ਹਾਲ ਉੱਤੇ ਉਹਨੂੰ ਕੁਝ ਤਰਸ ਆ ਗਿਆ।

"ਓਹਾ ਗੱਲ ਦੱਸਣ ਲੱਗਾ ਸਾਂ ਨਾ! ਮੈਂ ਜ਼ੋਰ ਦੇ ਰਿਹਾ ਸਾਂ ਕਿ ਇਕ ਸਾਲ ਹੋਰ ਦਮ ਵੱਟ ਕੇ ਕੱਟ ਲਈਏ। ਪਰ ਤੇਰੀ ਭਰਜਾਈ ਜਿਦੇ ਪਈ ਹੋਈ ਏ, ਅਖੇ : ਸਹੇ ਦੀਆਂ ਤਿੰਨ ਲੱਤਾਂ ਨੇ, ਚੌਥੀ ਹੈ ਈ ਨਹੀਂ।"

"ਪਰ ਉਹ ਕਿਹੜੀ ਗੱਲੋਂ ਜਿਦੇ ਪਈ ਹੋਈ ਏ। ਕੁਝ ਖੋਹਲ ਕੇ ਦੱਸੇਂ ਤਾਂ ਪਤਾ ਲੱਗੇ।" ਸਭ ਕੁਝ ਸਮਝਦਾ ਹੋਇਆ ਵੀ ਲੱਖਾ ਸਿੰਘ ਅਣਭੋਲ ਬਣ ਰਿਹਾ ਸੀ।

"ਸੁਣ ਲੈ ਫਿਰ। ਤੈਥੋਂ ਕਾਹਦਾ ਲੁਕਾਅ ? ਨਾਲੇ ਦਾਈਆਂ ਤੋਂ ਪੇਟ ਲੁਕਾਇਆਂ ਸਰਦਾ ਏ ?" ਅਮਲੀ ਨੇ ਲੱਖਾ ਸਿੰਘ ਦੇ ਚਿਹਰੇ ਵੱਲ ਤਕਦਿਆਂ ਕਿਹਾ।

"ਨਾਲੇ ਮੈਂ ਕਿਹੜਾ ਓਪਰਾ ਆਂ। ਹੋਇਆਂ ਤਾਂ ਇਕੋ ਢਿੱਡ ਪੇਟ।" ਲੱਖਾ ਸਿੰਘ ਨੇ ਨੇੜ ਜਤਾਉਂਦਿਆਂ ਕਿਹਾ।

"ਤੇਰੇ ਬੱਚੇ ਜਿਊਣ। ਵੱਡੀਆਂ ਦੋਵੇਂ ਕੁੜੀਆਂ ਪਿੱਛੇ ਮੰਗ ਦਿੱਤੀਆਂ ਸਨ। ਮੇਰੀ ਸਲਾਹ ਸੀ ਤੀਜੀ ਵਾਸਤੇ ਵੀ ਕੋਈ ਚੰਗਾ ਮਾੜਾ ਘਰ ਲੱਭ ਲਈਏ ਤੇ ਤਿੰਨਾਂ

ਦਾ ਇਕੱਠਾ ਫਾਹਾ ਵੱਢ ਦੇਈਏ।" ਸੱਚਮੁੱਚ ਹੀ ਅਮਲੀ ਵਾਸਤੇ ਫਾਹਾ ਵੱਢਣ ਵਾਲੀ ਗੱਲ ਸੀ।

"ਤੇ ਭਾਬੀ ਕੀ ਆਹੰਦੀ ਏ ?" ਲੱਖਾ ਸਿੰਘ ਨੇ ਦੂਸਰੀ ਧਿਰ ਦੀ ਰਾਏ ਜਾਣਨ ਵਾਸਤੇ ਪੁੱਛਿਆ।

"ਉਹ ਆਹੰਦੀ ਏ ਜਿਨ੍ਹਾਂ ਵਾਸਤੇ ਘਰ ਲੱਭੇ ਨੇ ਉਹਨਾਂ ਦੋਹਾਂ ਨੂੰ ਤਾਂ ਮਗਰੋਂ ਲਾਹੇ ਖਾਂ। ਤੀਜੀ ਦੀ ਜਦੋਂ ਵਾਰੀ ਆਵੇਗੀ, ਵੇਖੀ ਜਾਵੇਗੀ।"

"ਗੱਲ ਇਹ ਭਾਬੀ ਦੀ ਠੀਕ ਏ। ਜਿਹੜਾ ਕੰਮ ਹੋ ਜਾਵੇ, ਉਹਨੂੰ ਕੋਈ ਨਹੀਂ ਮਿਲਿਆ।" ਲੱਖਾ ਸਿੰਘ ਨੇ ਵੀ ਹਾਮੀ ਭਰ ਦਿੱਤੀ।

"ਹਾਹੋ, ਤੂੰ ਵੀ ਭਰਜਾਈ ਵੱਲ ਦੀ ਕਰਨੀ ਏਂ ਨਾ। ਅਖੇ : ਜਨਾਨੀ ਮੰਗੇ ਪੇੜੇ, ਉਹਨੂੰ ਦੇਣ ਵਾਲੇ ਬਥੇਰੇ ਤੇ ਮਰਦ ਮੰਗੇ ਆਟਾ, ਉਹਨੂੰ ਆਟੇ ਦਾ ਵੀ ਘਾਟਾ। ਸੋ ਭਈ, ਭਰਜਾਈ ਨੂੰ ਛੱਡ ਕੇ ਵਚਾਰੇ ਅਮਲੀ ਦੀ ਤਰਫ਼ਦਾਰੀ ਕੌਣ ਕਰਦਾ ਏ?" ਲੱਖਾ ਸਿੰਘ ਨੂੰ ਖ਼ੁਸ਼ ਕਰਨ ਵਾਸਤੇ ਅਮਲੀ ਨੇ ਕੁਝ ਮੁਸਕਰਾ ਕੇ ਕਿਹਾ।

"ਭਾਊ ਅਮਲੀਆ! ਭਰਜਾਈ ਸੱਚੀ ਹੋਵੇ ਤਾਂ ਉਹਦੀ ਹਮੈਤ ਵੀ ਕਰਨੀ ਈ ਪੈਂਦੀ ਏ। ਪਰ ਦੱਸ, ਉਹ ਹੋਰ ਕੀ ਆਹੰਦੀ ਏ ?"

"ਉਹਦੀ ਸਲਾਹ ਈ ਕਿ ਅਗਲੇ ਮਹੀਨੇ ਦੀ ਪੁੰਨਿਆ ਨੂੰ ਦੋਹਾਂ ਦਾ ਵਿਆਹ ਕਰ ਦੇਈਏ। ਦੋਵੇਂ ਜੰਞਾਂ ਇਕੱਠੀਆਂ ਸੱਦ ਲਈਏ। ਏਸ ਤਰ੍ਹਾਂ ਖ਼ਰਚ ਦੀ ਕੁਝ ਬਚਤ ਹੋ ਜਾਊ।"

"ਲੈ ਐਥੇ ਮੈਂ ਭਰਜਾਈ ਦੀ ਨਹੀਂ ਊਂ ਮੰਨਣੀ। ਦੋਵੇਂ ਜੰਞਾਂ 'ਕੱਠੀਆਂ ਸੱਦਣ ਨਾਲ ਜਾਣਦਾ ਏਂ ਕੀ ਹੁੰਦਾ ਏ ?" ਲੱਖਾ ਸਿੰਘ ਓਸ ਤਜਵੀਜ਼ ਦੀ ਹਾਮੀ ਭਰਨ ਨੂੰ ਤਿਆਰ ਨਹੀਂ ਸੀ, ਜਿਸ ਵਿਚ ਖ਼ਰਚ ਵਿਚ ਕੁਝ ਬੱਚਤ ਹੋ ਸਕਦੀ ਹੋਵੇ।

"ਕੀ ?" ਅਮਲੀ ਨੇ ਬੜੇ ਧਿਆਨ ਨਾਲ ਲੱਖਾ ਸਿੰਘ ਵੱਲ ਤੱਕਿਆ। ਉਹਦੀ ਨਿਗ੍ਹਾ ਵਿਚੋਂ ਵੀ ਏਹਾ ਸਵਾਲ ਝਲਕ ਰਿਹਾ ਸੀ।

"ਆਪਾਂ ਨੂੰ ਤਾਂ ਔਣ ਵਾਲੀਆਂ ਦੋਵੇਂ ਧਿਰਾਂ ਇਕੋ ਜੇਹੀਆਂ ਹੋਈਆਂ, ਪਰ ਉਹਨਾਂ ਦੀ ਆਪਸ ਵਿਚ ਹੁੰਦੀ ਏ ਜ਼ਿੱਦ-ਖਾਰਬਾਜ਼ੀ। ਦੋਵੇਂ ਧਿਰਾਂ ਇਕ ਦੂਜੇ ਨੂੰ ਨੀਵਾਂ ਵਖੌਣ ਦਾ ਚਾਰਾ ਕਰਦੀਆਂ ਨੇ। ਸਿੱਟੇ ਵਜੋਂ ਕੋਈ ਅਜਿਹਾ ਬੋਲੀ-ਬੁੱਚ ਨਿਕਲ ਜਾਂਦਾ ਏ, ਜੋ ਸਾਰੀ ਉਮਰ ਰਾਸ ਨਹੀਂ ਔਂਦਾ। ਦੋਹਾਂ ਕੁੜੀਆਂ ਦੀ ਜ਼ਿੰਦਗੀ ਨਰਕ ਬਣ ਜਾਂਦੀ ਏ। ਸੋ ਇਹ ਗੱਲ ਮੈਂ ਨਹੀਂ ਊਂ ਮੰਨਣੀ। ਭਾਵੇਂ ਦਸਾਂ ਦਿਨਾਂ ਦੀ ਵਿੱਥ ਪਾ ਲਵੋ, ਪਰ ਜੰਞਾਂ 'ਕੱਠੀਆਂ ਨਾ ਸੱਦੋ।"

"ਗੱਲ ਤਾਂ ਤੇਰੀ ਠੀਕ ਏ, ਪਰ....।"



WWW.SIKHBOOKCLUB.COM 

"ਮੈਂ ਤੇਰੀ ਗੱਲ ਸਮਝਦਾ ਆਂ। ਖਰਚ ਤੋਂ ਈ ਡਰਦਾ ਏਂ ਨਾ। ਬੰਦੇ ਥੋੜੇ ਥੋੜੇ ਸੱਦ ਲਵਾਂਗੇ। ਆਪਾਂ ਕੋਈ ਧਾੜ ਭਜੌਣੀ ਏ ?" ਲੱਖਾ ਸਿਘ ਨੇ ਇਕ ਤਰ੍ਹਾਂ ਫ਼ੈਸਲਾ ਦੇ ਦਿੱਤਾ।

"ਵੇਖ ਲੈ, ਸਭ ਕੁਝ ਤੇਰੇ ਸਿਰ 'ਤੇ ਈ ਏ। ਮੈਂ ਤਾਂ—ਜਿੱਥੇ ਆਖੇਂਗਾ—ਅੰਗੂਠਾ ਲਾ ਦਿਆਂਗਾ।" ਅਮਲੀ ਨੇ ਖੱਬੇ ਹੱਥ ਦਾ ਅੰਗੂਠਾ ਸੱਜੇ ਹੱਥ ਦੀ ਤਲੀ ਉੱਤੇ ਲਾਉਂਦਿਆਂ ਕਿਹਾ।

"ਮਖ: ਏਸ ਗੱਲ ਦੀ ਚਿੰਤਾ ਨਾ ਕਰ ਤੂ। ਆਪਾਂ ਚੱਲ ਚੜ੍ਹਾਂਗੇ ਧੰਨੇ ਸ਼ਾਹ ਦੀ ਧੌਣ ਉੱਤੇ।"

"ਅਗਲਾ ਘਰ ਵਖੌਂਦਾ ਏਂ। ਅਖੇ : ਖਿੱਜ ਪਈ ਸੀ ਮਰਾਸੀਆਂ ਦੇ ਤੇ ਉਹ ਅਗ੍ਹਾਂ ਜਜਮਾਨਾਂ ਦੇ ਘਰ ਵਖੌਂਦੇ ਫਿਰਨ।" ਅਨਪੜ੍ਹ ਅਮਲੀ ਨੂੰ ਏਨਾ ਗਿਆਨ ਨਹੀਂ ਸੀ, ਕਿ ਇਹ ਅਖਾਣ ਏਥੇ ਨਹੀਂ ਸੀ ਵਰਤਣਾ ਚਾਹੀਦਾ। "ਤੂੰ ਅੱਧੇ ਪਿੰਡ ਦਾ ਸ਼ਾਹ ਏਂ। ਲਾਗੇ ਦੇ ਪਿੰਡਾਂ ਵਿਚ ਵੀ ਕਈ ਤੇਰੀਆਂ ਸਾਮੀਆਂ ਨੇ। ਫਿਰ ਮੈਥੋਂ ਕਿਹੜੀ ਗੱਲੋਂ ਡਰਦਾ ਏਂ ?"

"ਤੇਥੋਂ ਕਿਹੜੀ ਗੱਲੋਂ ਡਰਨਾ ਏਂ ? ਡਰਦਾ ਹੋਵਾਂ ਤਾਂ ਓਥੇ ਤੇਰੀ ਜਾਮਨੀ ਕਿਉਂ ਚੁੱਕਾਂ। ਪਰ ਤੇਰੇ ਕੰਮ ਵਾਸਤੇ ਆਪਾਂ ਨੂੰ ਧੰਨੇ ਸ਼ਾਹ ਕੋਲ ਈ ਜਾਣਾ ਪਵੇਗਾ।"

"ਉਹ ਕਿਉਂ ? ਤੂੰ ਸਿੱਧੇ ਕਿਉਂ ਨਹੀਂ ਦੇਂਦਾ। ਜਾਮਨ ਤਾਂ ਫਿਰ ਵੀ ਤੂੰ ਈ ਬਣਨਾ ਏਂ।"

"ਤੈਨੂੰ ਪਤਾ ਏ, ਅਮਲੀਆ! ਧੰਨੇ ਸ਼ਾਹ ਆਪਣਾ ਯਾਰ-ਬੇਲੀ ਏ। ਤੂੰ ਉਹਦੀ ਸਾਮੀ ਏਂ। ਇਸ ਵਾਸਤੇ ਮੈਂ ਉਹਦੇ ਉੱਤੇ ਚੜ੍ਹੋਖਤੀ ਨਹੀਂ ਕਰ ਸਕਦਾ। ਸ਼ਾਹੂਕਾਰ ਇਕ ਦੂਜੇ ਦੀ ਸਾਮੀ ਨੂੰ ਕਰਜ਼ਾ ਨਹੀਂ ਦੇਂਦੇ।"

"ਭਲਾ ਮੈਂ ਕਿਸੇ ਨੂੰ ਦੱਸਣ ਲੱਗਾ ਆਂ ?"

"ਪਰ ਇਸ ਤਰ੍ਹਾਂ ਚੋਰੀ ਕਰਕੇ ਮੈਂ ਮਿੱਤਰ-ਮਾਰ ਕਿਵੇਂ ਕਰਾਂ ? ਤੇ ਤੂੰ ਧੰਨੇ ਸ਼ਾਹ ਤੋਂ ਕਿਉਂ ਡਰਦਾ ਏਂ ?"

"ਓ ਯਾਰ। ਉਹਦੇ ਅੱਗੇ ਈ ਬਥੇਰੇ ਦੇਣੇ ਨੇ।" ਅਮਲੀ ਨੇ ਕੁਝ ਉਦਾਸ ਸੁਰ ਵਿਚ ਕਿਹਾ।

"ਦੇਣੇ ਨੇ ਤਾਂ ਫੇਰ ਕੀ ਹੋਇਆ ? ਜਾਮਨ ਮੈਂ ਹੋਣਾ ਏਂ, ਤੈਨੂੰ ਕੇਹਾ ਫ਼ਿਕਰ ? ਜਾਹ ਤੂੰ ਬਾਂਹ ਸਰ੍ਹਾਣੇ ਦੇ ਕੇ ਸੌਂ। ਭਲਕੇ ਮੈਂ ਭਾਬੀ ਨਾਲ ਗੱਲ ਬਾਤ ਕਰ ਲਵਾਂਗਾ ਸਾਰੀ।" ਲੱਖਾ ਸਿਘ ਨੇ ਹਰ ਤਰ੍ਹਾਂ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ।

ਅਗਲੇ ਦਿਨ ਅਮਲੀ ਦੇ ਘਰ ਵਾਲੀ ਵੀ ਆਈ। ਬਸੰਤ ਕੌਰ ਅੱਗੇ ਡਿਉਢੀ



WWW.SIKHBOOKCLUB.COM 

ਵਿਚ ਮੰਜਾ ਡਾਹ ਕੇ ਲੰਮੀ ਪਈ ਹੋਈ ਸੀ। ਘਰ ਦਾ ਕੰਮ ਮੁਕਾ ਕੇ ਉਹ ਸਾਰੀ ਦੁਪਹਿਰ ਵਿਹਲੀ ਸੀ। ਨਿਹਾਲ ਕੌਰ ਆਈ ਦੇ ਆਦਰ ਵਜੋਂ ਉਹਨੇ ਉੱਠ ਕੇ ਪੈਰੀਂ ਹੱਥ ਲਾਇਆ।

"ਠੰਢੜੀ ਰਹੇਂ, ਸਾਂਈਂ ਜੀਵੇ, ਬੱਚੇ ਜਿਉਣ।" ਪਿਤਾ ਪੁਰਖੀ ਚਲੀ ਆ ਰਹੀ ਪਰੰਪਰਾ ਅਨੁਸਾਰ ਨਿਹਾਲ ਕੌਰ ਨੇ ਦਿਰਾਣੀ ਨੂੰ ਖੁੱਲ੍ਹੇ ਦਿਲ ਨਾਲ ਅਸੀਸਾਂ ਦਿੱਤੀਆਂ।

"ਆ, ਜੀ ਆਈ ਨੂੰ ਬੇਬੇ। ਬਹਿ ਜਾ। ਕਿਵੇਂ ਔਣ ਹੋਇਆ ਏ ?" ਚਿਹਰੇ ਉੱਤੇ ਸੁਭਾਵਕ ਮੁਸਕਰਾਹਟ ਲਿਆ ਕੇ ਬਸੰਤ ਕੌਰ ਨੇ ਕਿਹਾ।

"ਬਸੰਤ ਕੁਰੇ! ਔਣ ਨੂੰ ਤਾਂ ਕਈਆਂ ਦਿਨਾਂ ਦੀ ਅਹੁਲਦੀ ਸਾਂ ਪਈ, ਪਰ ਓਸ ਕਤੀੜ੍ਹਵਾਧੇ ਹੱਥੋਂ ਈ ਵਿਹਲ ਨਹੀਂ ਮਿਲਦਾ। ਜ਼ਰਾ ਕੁ ਘਰੋਂ ਬਾਹਰ ਪੈਰ ਕੱਢਾਂਗੀ ਤਾਂ ਪਿਛੋਂ ਇਕ ਦੂਜੀ ਦਾ ਮੂੰਹ ਵਲੂੰਧਰ ਘੱਤਣਗੀਆਂ ਬਾਂਦਰੀਆਂ ਵਾਂਗ, ਗੁੱਤਾਂ ਧ੍ਰੇਹਣਗੀਆਂ, ਲੀੜੇ ਲੀਰਾਂ ਕਰ ਦੇਣਗੀਆਂ। ਸੱਚੀ ਪੁੱਛੇਂ ਤਾਂ ਮੈਨੂੰ ਤਾਂ ਖਾ ਲਿਆ ਏ ਇਹਨਾਂ ਕਲਜੋਗਣਾਂ ਨੇ।" ਨਿਹਾਲ ਕੌਰ ਨੇ ਆਪਣਾ ਦੁੱਖ ਰੋਇਆ।

"ਅਵਾਣੀਆਂ ਜੁ ਹੋਈਆਂ। ਆਪੇ ਸਿਆਣੀਆਂ ਹੋ ਕੇ ਸਮਝ ਜਾਣਗੀਆਂ।"

ਬਸੰਤ ਕੌਰ ਨੇ ਬਿਗਾਨੀਆਂ ਕੁੜੀਆਂ ਨੂੰ ਮਾੜਾ ਕਹਿਣਾ ਠੀਕ ਨਾ ਸਮਝਿਆ।

"ਸਮਝਣਗੀਆਂ ਕਿਤੇ ਆਪਣੇ ਘਰੀਂ ਜਾ ਕੇ। ਮੈਂ ਓਨਾ ਚਿਰ ਤਕ ਹੱਡਾਰੋੜੇ ਪਹੁੰਚ ਜਾਵਾਂਗੀ।" ਨਿਹਾਲ ਕੌਰ ਨਿੱਠ ਕੇ ਮੰਜੇ ਉੱਤੇ ਬਹਿ ਗਈ।

"ਐਵੇਂ ਦਿਲ ਨਾ ਛੱਡਿਆ ਕਰ ਬੇਬੇ! ਤੂੰ ਅਜੇ ਬੜੇ ਸੁੱਖ ਵੇਖੇਂਗੀ।" ਬਸੰਤ ਕੌਰ ਨੇ ਐਵੇਂ ਰਸਮੀ ਤੌਰ 'ਤੇ ਕਿਹਾ।

"ਮੇਰੇ ਭਾਗਾਂ ਵਿਚ ਸੁੱਖ ਕਿੱਥੇ।" ਨਿਹਾਲ ਕੌਰ ਨੇ ਲੰਮਾ ਸਾਰਾ ਹਉਕਾ ਲੈ ਕੇ ਕਿਹਾ, "ਬਸੰਤ ਕੁਰੇ! ਕਿਤੇ ਪਿਛਲੇ ਜਨਮ ਸੋਨਾ ਪੁੰਨ ਕੀਤਾ ਈ। ਚੰਗੇ ਭਾਗ ਲਖਾ ਕੇ ਦੁਨੀਆਂ 'ਚ ਆਈ ਏਂ। ਅਸੀਂ ਤਾਂ ਐਵੇਂ ਜੂਨ ਭੋਗਣ ਆਏ ਆਂ। ਤੂੰ ਸੁਖੀ ਏਂ। ਰੱਬ ਤੈਨੂੰ ਸੁੱਖੀ ਰੱਖੇ।"

"ਮੈਂ ? ਹਾਂ, ਸੁਖੀ ਆਂ। ਵੇਖਣ ਵਾਲੀਆਂ ਨੂੰ ਬਹੁਤ ਸੁੱਖੀ ਜਾਪਦੀ ਆਂ। ਹੋਰ ਕੀ ਆਖਾਂ ? ਸੁੱਖੀ ਈ ਆਂ।" ਬਸੰਤ ਕੌਰ ਦੇ ਸਾਰੇ ਚਿਹਰੇ ਉੱਤੇ ਉਦਾਸੀ ਛਾ ਗਈ।

ਨਿਹਾਲ ਕੌਰ ਕਿੰਨਾ ਚਿਰ ਉਹਦੇ ਉਦਾਸੇ ਹੋਏ ਚਿਹਰੇ ਵੱਲ ਵਿਹੰਦੀ ਰਹੀ। ਉਸ ਤੋਂ ਰਿਹਾ ਨਾ ਗਿਆ। ਅੰਤ ਉਹਨੇ ਕਹਿਣਾ ਸ਼ੁਰੂ ਕੀਤਾ, "ਵੇਖੇਂ ਨਾਂ। ਆਹੰਦੀ ਸੰਗਦੀ ਵੀ ਆਂ ਤੇ ਆਖਿਆਂ ਬਿਨਾਂ ਰਿਹਾ ਵੀ ਨਹੀਂ ਜਾਂਦਾ। ਤੈਨੂੰ ਵਿਚੇ ਵਿਚ ਕੀ ਹੁੰਦਾ ਜਾਂਦਾ ਏ। ਅਜੇ ਕੱਲ ਦੀ ਗੱਲ ਏ, ਤੂੰ ਸਾਡੇ ਹੱਥਾਂ ਵਿਚ ਵਿਆਹੀ ਆਈ ਸੈਂ। ਖਿੜੇ ਹੋਏ ਗੁਲਾਬ ਵਰਗਾ ਮੂੰਹ ਸੀ ਤੇਰਾ। ਹਰ ਵੇਲੇ ਹੱਸਦੀ ਰਹਿੰਦੀ ਸੈਂ ਤੂੰ। ਸਾਰੇ



WWW.SIKHBOOKCLUB.COM 

ਪਿੰਡ ਵਿਚ ਤੇਰੀਆਂ ਈਂ ਗੱਲਾਂ ਹੁੰਦੀਆਂ ਸਨ। ਹਰ ਕੋਈ ਤੇਰੀ ਸਲੋਹਤ ਕਰਦਾ ਸੀ। ਸਿਆਣਿਆਂ ਤੋਂ ਲੈ ਕੇ ਕਾਮਿਆਂ ਤਕ ਤੇਰੇ ਗੁਣ ਗੋਂਦੇ ਨੇ। ਤੂੰ ਕਿਸੇ ਨੂੰ ਕੋੜਾ ਨਹੀਂ ਬੋਲਣਾ, ਮੱਥੇ ਵੱਟ ਨਹੀਂ ਪੌਣਾ, ਹਰ ਵੇਲੇ ਹੱਸੂ-ਹੱਸੂ ਕਰਦੀ ਰਹਿਣਾ। ਸਾਰੀਆਂ ਦਰਾਣੀਆਂ ਜਠਾਣੀਆਂ ਆਖਣਾ, 'ਬਸੰਤ ਕੌਰ ਬੜੀ ਸੁੱਖੀ ਏ।' ਪਰ ਆਹ ਛਿਆਂ ਕੁ ਮਹੀਨਿਆਂ ਵਿਚ ਈ ਬਦਲ ਗਈ ਏਂ ਤੂੰ। ਵਿਚੇ ਵਿਚ ਖਾਧੀ ਪੀਤੀ ਗਈ ਏਂ। ਕਦੇ ਤੈਨੂੰ ਹੱਸਦਿਆਂ ਨਹੀਂ ਵੇਖਿਆ ਪਹਿਲਾਂ ਵਾਂਗ। ਕਦੇ ਭੁੱਲੀ-ਚੁੱਕੀ ਕਿਸੇ ਦਾ ਦਿਲ ਰੱਖਣ ਵਾਸਤੇ ਮੁਸਕਰਾਵੇਂਗੀ ਵੀ ਤਾਂ ਬੜੀ ਓਪਰੀ ਓਪਰੀ ਲਗਦੀ ਏਂ। ਸਮਝ ਨਹੀਂ ਪੈਂਦੀ, ਤੈਨੂੰ ਕੀ ਗੁੱਝਾ ਰੋਗ ਲੱਗ ਗਿਆ ਏ। ਵਿਚੇ ਵਿਚ ਕੁਝ ਘੁਣ ਵਾਂਗ ਖਾਈ ਜਾ ਰਿਹਾ ਏ ਤੈਨੂੰ। ਵੇਖ-ਵੇਖ ਕੇ ਦਿਲ ਨੂੰ ਕਾਤੀਆਂ ਚਲਦੀਆਂ ਨੇ।"

'ਬੇਬੇ! ਆਹੁੰਦੇ ਹੁੰਦੇ ਨੇ, ਢੱਕੀ ਰਿੱਝੇ ਤੇ ਕੋਈ ਨਾ ਬੁੱਝੇ। ਕੀ ਦਸਾਂ ਕਿਸੇ ਨੂੰ। ਨਿੱਕੀਆਂ ਹੁੰਦੀਆਂ ਬੋਲੀ ਪਾਇਆ ਕਰਦੀਆਂ ਸਾਂ :

'ਗ਼ਮ ਨੇ ਖਾ ਲਈ, ਗ਼ਮਾਂ ਦੀ ਮਾਰੀ।
ਮਰ ਗਈ ਗ਼ਮਾਂ ਦੀ ਮਾਰੀ।
ਗ਼ਮ ਹੱਡਾਂ ਨੂੰ ਇਉਂ ਖਾ ਜਾਂਦਾ,
ਜਿਓਂ ਲੱਕੜ ਨੂੰ ਆਰੀ।

"ਬੱਸ, ਇਹ ਹਾਲਤ ਈ ਮੇਰੀ। ਵੇਖਣ ਵਾਲੇ ਨੂੰ ਮੈਂ ਬਹੁਤ ਸੁੱਖੀ ਲਗਦੀ ਆਂ। ਹਾਂ, ਸੁੱਖੀ ਈ ਆਂ ਨਾਂ।"

ਪਲ-ਕੁ ਪਿਛੋਂ ਬਸੰਤ ਕੌਰ ਨੇ ਉਦਾਸ ਚਿਹਰੇ ਨੂੰ ਉਤਾਂਹ ਚੁੱਕਿਆ ਅਤੇ ਉਹ ਯਤਨ ਕਰਕੇ ਥੋੜਾ ਜੇਹਾ ਮੁਸਕਰਾਈ। ਉਫ਼! ਇਹ ਮੁਸਕਰਾਹਟ ਕਿੰਨੀ ਦਰਦ ਭਰੀ ਸੀ, ਹੰਝੂਆਂ ਨਾਲੋਂ ਵੀ ਵਧੇਰੇ ਉਦਾਸ।

ਛੇ ਮਹੀਨੇ ਛੱਡਿਆ, ਸਾਲ ਹੀ ਹੋ ਚੱਲਿਆ ਸੀ, ਉਹਨਾਂ ਦੋਹਾਂ ਜੀਆਂ ਵਿਚ ਝਗੜਾ ਸ਼ੁਰੂ ਹੋਇਆਂ। ਲੱਖਾ ਸਿੰਘ ਹੋਰ ਵਿਆਹ ਕਰਾਉਣ ਦੀਆਂ ਗੱਲਾਂ ਕਰ ਰਿਹਾ ਸੀ। ਬਹਾਨਾ ਉਹ ਇਹ ਲਾਉਂਦਾ ਸੀ ਕਿ ਉਹਨਾਂ ਘਰ ਇਕੋ ਪੁੱਤਰ ਹੈ। ਤੇ ਬਸੰਤ ਕੌਰ ਦੇ ਘਰ ਹੋਰ ਬਾਲ ਹੋਣ ਦੀ ਕੋਈ ਆਸ ਨਹੀਂ ਸੀ ਰਹੀ। ਕਿਸੇ-ਕਿਸੇ ਵੇਲੇ ਬਸੰਤ ਕੌਰ ਵੀ ਇਸ ਘਾਟ ਨੂੰ ਮਹਿਸੂਸ ਕਰਨ ਲੱਗ ਪੈਂਦੀ ਸੀ। ਪਹਿਲਾਂ ਦਾਈ ਰਾਹੀਂ ਚੋਰੀ-ਚੋਰੀ ਤੇ ਫਿਰ ਪਤੀ ਦੀ ਸਲਾਹ ਨਾਲ, ਉਹ ਬਥੇਰੇ ਹਕੀਮਾਂ ਦੀਆਂ ਦਵਾਈਆਂ ਖਾ ਚੁੱਕੀ ਸੀ। ਇਕ ਵਾਰ ਉਹ ਲਾਹੌਰ ਵੀ ਇਕ ਪ੍ਰਸਿੱਧ ਇਸਤਰੀ-ਡਾਕਟਰ ਕੋਲ ਗਏ। ਉਸ ਨੇ ਹਰ ਪੱਖ ਤੋਂ ਵੇਖ ਚਾਖ ਕੇ ਆਪਣੀ ਨਿਰਾਸਾ-ਭਰੀ ਰਾਏ ਦਿੱਤੀ, "ਪਹਿਲਾਂ ਅਣਜਾਣ ਦਾਈ ਦੇ ਕਾਰਨ ਤੇ ਫਿਰ ਕਿਸੇ ਨੀਮ-ਹਕੀਮ ਦੀ ਦਵਾਈ



WWW.SIKHBOOKCLUB.COM 

ਨਾਲ ਸਭ ਵਿਘਨ ਪਿਆ ਹੈ; ਹੁਣ ਕੁਝ ਨਹੀਂ ਹੋ ਸਕਦਾ।"

ਉਸ ਦਿਨ ਤੋਂ ਬਸੰਤ ਕੌਰ ਬਹੁਤ ਹੀ ਉਦਾਸ ਰਹਿਣ ਲੱਗ ਪਈ। ਉਹ ਚਾਹੁੰਦੀ ਸੀ, ਉਹਦੇ ਘਰ ਇਕ ਪੁੱਤਰ ਹੋਰ ਹੁੰਦਾ, ਪਰ ਇਸ ਮਸਲੇ 'ਤੇ ਆਪਣੇ ਪਤੀ ਦੇ ਵਰਤਾਉ ਤੋਂ ਉਹ ਵਧੇਰੇ ਦੁੱਖੀ ਹੋ ਗਈ। ਏਨਾ ਹੀ ਨਹੀਂ ਕਿ ਉਹ ਹੋਰ ਵਿਆਹ ਕਰਾਉਣ ਉੱਤੇ ਤੁਲਿਆ ਖੜਾ ਸੀ ਸਗੋਂ ਉਹ ਜ਼ੋਰ ਦੇ ਰਿਹਾ ਸੀ ਕਿ ਇਸ ਕੰਮ ਦਾ ਵਿਚੋਲਪੁਣਾ ਵੀ ਬਸੰਤ ਕੌਰ ਹੀ ਕਰੇ। ਦੂਸਰੇ ਸ਼ਬਦਾਂ ਵਿਚ, ਜਿਸ ਰੱਸੇ ਨਾਲ ਉਹ ਉਸ ਬੇਗੁਨਾਹ ਨੂੰ ਫਾਹੇ ਲਾਉਣਾ ਚਾਹੁੰਦਾ ਸੀ, ਉਹ ਰੱਸਾ ਵੱਟਣ ਵਾਸਤੇ ਵੀ ਓਸੇ ਨੂੰ ਮਜਬੂਰ ਕੀਤਾ ਜਾ ਰਿਹਾ ਸੀ।

ਸੌਂਕਣ ਦਾ ਸੱਲ, ਕਿਸੇ ਵੀ ਇਸਤਰੀ ਵਾਸਤੇ ਸਹਿਣਾ ਔਖਾ ਹੁੰਦਾ ਹੈ, ਪਰ ਜਿਸ ਸਮਜ ਵਿਚ ਬਸੰਤ ਕੌਰ ਰਹਿ ਰਹੀ ਸੀ, ਉਸ ਵਿਚ ਇਸਤਰੀ ਦੇ ਇਸ ਦੁੱਖ ਨੂੰ ਕੋਈ ਨਹੀਂ ਸੀ ਸਮਝਦਾ। ਸਮਾਜ ਸੀ ਮਰਦ ਦੇ ਅਧੀਨ, ਤੇ ਮਰਦ ਉਸ ਨੂੰ ਆਪਣੇ ਸੁਆਰਥ ਨੂੰ ਮੁੱਖ ਰੱਖ ਕੇ ਚਲਾ ਰਿਹਾ ਸੀ। ਬਸੰਤ ਕੌਰ ਦੇ ਵੱਸ, ਹਉਕੇ ਭਰਨ ਤੋਂ ਬਿਨਾਂ ਹੋਰ ਕੁਝ ਨਹੀਂ ਸੀ।

ਪਹਿਲਾਂ ਉਹਦੇ ਜੀਅ ਵਿਚ ਆਈ ਕਿ ਉਹ ਸਾਰਾ ਦੁੱਖ ਨਿਹਾਲ ਕੌਰ ਅੱਗੇ ਰੋਵੇ। ਉਹਦਾ ਦਿਲ ਭਰਿਆ ਪਿਆ ਸੀ, ਉਹ ਕੀਹਦੇ ਅੱਗੇ ਫੋਲ ਕੇ ਹੌਲਾ ਕਰੇ। ਉਹਨੂੰ ਸੁੱਝਦਾ ਨਹੀਂ ਸੀ ਕੁਝ। ਅੰਤ ਉਹਨੇ ਅੰਦਰੇ ਅੰਦਰ ਆਪਣੇ ਆਪ ਨੂੰ ਸਮਝਾ ਲਿਆ—'ਮਨਾ ! ਢੱਕੀ ਰਹਿਣ ਦਿਹ, ਐਵੇਂ ਲੋਕ ਹੱਸਣਗੇ ਈ। ਤੇਰੇ ਦੁੱਖ ਦਾ ਕੋਈ ਇਲਾਜ ਨਹੀਂ, ਕੋਈ ਨਹੀਂ। ਚੁੱਪ ਕਰਕੇ ਸਹਿ ਜਾ ਸਭ ਕੁਝ। ਉਹਦੇ ਅੰਦਰੋਂ ਇਕ ਲੰਮਾ ਸਾਰਾ ਹਉਕਾ ਨਿਕਲ ਕੇ ਹਵਾ ਵਿਚ ਮਿਲ ਗਿਆ।

ਕੁਝ ਚਿਰ ਦੋਹੀਂ ਪਾਸੀਂ ਚੁੱਪ ਵਰਤੀ ਰਹੀ। ਬਸੰਤ ਕੌਰ ਨੇ ਹੀ ਫੇਰ ਗੱਲ ਤੋਰੀ, "ਦੱਸ ਫਿਰ ਭੈਣੇ। ਕਿਵੇਂ ਆਈ ਏਂ ?"

"ਆਈ ਤਾਂ ਸਾਂ ਆਪਣੇ ਰੋਣੇ ਰੋਣ, ਪਰ ਤੇਰੇ ਵੱਲ ਵੇਖ ਕੇ ਕੁਝ ਕਹਿਣ ਦਾ ਹੌਸਲਾ ਨਹੀਂ ਪੈਂਦਾ।" ਨਿਹਾਲ ਕੌਰ ਦੀ ਅਵਾਜ਼ ਵੀ ਉਦਾਸੀ ਵਿੱਚ ਡੁੱਬੀ ਹੋਈ ਸੀ।

"ਮੇਰਾ ਤਾਂ ਨਿੱਤ ਏਹਾ ਹਾਲ ਏ। ਤੂੰ ਆਪਣੀ ਦੱਸ।"

ਨਿਹਾਲ ਕੌਰ ਨੇ ਆਪਣਾ ਸਾਰਾ ਹੀਜ-ਪਿਆਜ ਬਸੰਤ ਕੌਰ ਅੱਗੇ ਫੋਲ ਧਰਿਆ। ਦੋਵੇਂ ਜਣੀਆਂ ਸਾਰੀ ਦੁਪਹਿਰ ਸਲਾਹੀਂ ਕਰਦੀਆਂ ਰਹੀਆਂ। ਬਸੰਤ ਕੌਰ ਇਸ ਮਸਲੇ 'ਤੇ ਆਪਣੇ ਪਤੀ ਦੀ ਰਾਇ ਤੋਂ ਜਾਣੂ ਸੀ। ਉਹਨੇ ਵੀ ਨਿਹਾਲ ਕੌਰ ਨੂੰ ਉਸ ਦੇ ਮੁਤਾਬਕ ਹੀ ਰਾਇ ਦਿੱਤੀ। ਅੰਤ ਇਹ ਫ਼ੈਸਲਾ ਹੋਇਆ ਕਿ ਵੱਡੀ ਕੁੜੀ ਦਾ ਵਿਆਹ ਅਗਲੇ ਮਹੀਨੇ ਹੀ ਪੁੰਨਿਆਂ ਨੂੰ ਹੋਵੇ ਤੇ ਦੂਸਰੀ ਦਾ ਉਸ ਤੋਂ ਇਕ ਮਹੀਨਾ ਪਿਛੋਂ।

ਫ਼ੈਸਲਾ ਹੋ ਗਿਆ। ਦੋਹਾਂ ਦੀਆਂ ਸ਼ਗਨ-ਪੁੜੀਆਂ ਭੇਜ ਦਿੱਤੀਆਂ ਗਈਆਂ। ਜਿਨ੍ਹਾਂ ਅੰਗਾਂ ਸਾਕਾਂ ਨੂੰ ਗੰਢੀਂ ਭੇਜਣੀਆਂ ਸਨ, ਉਹ ਵੀ ਚਲੀਆਂ ਗਈਆਂ। ਹੁਣ ਕੰਮ ਰਹਿ ਗਿਆ ਸੀ, ਕੁੜੀਆਂ ਵਾਸਤੇ ਦਿੱਤ-ਦਾਜ ਬਣਾਉਣ ਦਾ।

ਆਪਣੀ ਆਦਤ ਅਨੁਸਾਰ ਲੱਖਾ ਸਿੰਘ ਲਾਰੇ ਲੱਪੇ ਲਾ ਕੇ ਦਿਨ ਟਪਾਉਣ ਲੱਗਾ। ਇਕ ਸ਼ਾਮ ਨੂੰ ਅਮਲੀ ਤੇ ਨਿਹਾਲ ਕੌਰ—ਦੋਹਾਂ ਜੀਆਂ—ਨੇ ਜਾ ਕੇ ਨੱਕ ਗੋਡੇ ਰਗੜੇ ਤਾਂ ਅਗਲੇ ਦਿਨ ਲੱਖਾ ਸਿੰਘ ਉਨ੍ਹਾਂ ਦੇ ਨਾਲ ਤੁਰਿਆ।

ਗੱਲ ਸਾਰੀ ਪਹਿਲਾਂ ਹੀ ਮਿਥੀ ਹੋਈ ਸੀ। ਆੜ੍ਹਤ 'ਤੇ ਪਹੁੰਚੇ ਤਾਂ ਧੰਨੇ ਸ਼ਾਹ ਭਾਰਾ ਪੈ ਗਿਆ। ਉਹਨੇ ਥੋੜ੍ਹਾ ਜਿਹਾ ਮੂੰਹ ਮਰੋੜ ਕੇ ਕਿਹਾ, "ਭਈ ਸਰਦਾਰ ਲੱਖਾ ਸਿਹਾਂ! ਐਸ ਵੇਲੇ ਮੇਰੀ ਕੋਈ ਵਾਹ ਨਹੀਉਂ। ਅਖੇ : ਸਖੀ ਨਾਲੋਂ ਸੂਮ ਭਲਾ ਜੋ ਤੁਰਤ ਦੇਵੇ ਜਵਾਬ।"

"ਇਹ ਨਹੀਂ ਹੋ ਸਕਦਾ, ਧੰਨੇ ਸ਼ਾਹ! ਤੈਨੂੰ ਪਤਾ ਏ, ਅਮਲੀ ਮੇਰਾ ਵੱਡਾ ਭਰਾ ਏ। ਤੇਰੇ ਭਰੋਸੇ 'ਤੇ ਅਸੀਂ ਦੋ ਬੀਬੀਆਂ ਦਾ ਵਿਆਹ ਧਰ ਬੈਠੇ ਆਂ। ਇਹ ਕੰਮ ਤਾਂ ਤੈਨੂੰ ਸਾਰਨਾ ਈਂ ਪਵੇਗਾ, ਭਾਵੇਂ ਕਿਵੇਂ ਸਾਰ।"

"ਨਹੀਂ, ਕੋਈ ਚਾਰਾ ਨਹੀਂ।" ਧੰਨੇ ਸ਼ਾਹ ਨੇ ਫੱਤਰੇ ਵਾਂਗ ਸਿਰ ਮਾਰਦਿਆਂ ਕਿਹਾ। ਉਹ ਨੀਵੀਂ ਪਾਈ ਵਹੀ ਦੇ ਪੱਤਰੇ ਉਲਟੀ ਜਾ ਰਿਹਾ ਸੀ।

"ਓਹ ਤੂੰ ਅੱਖਾਂ ਤਾਂ ਸਿੱਧੀਆਂ ਕਰ। ਅੱਜ ਤੈਨੂੰ ਹੋ ਕੀ ਗਿਆ ਏ ?" ਲੱਖਾ ਸਿੰਘ ਨੇ ਜ਼ਰਾ ਸ਼ਬਦਾਂ 'ਤੇ ਜ਼ੋਰ ਦੇ ਕੇ ਕਿਹਾ।

"ਸੱਚੀ ਆਖਾਂ, ਗੁੱਸਾ ਤਾਂ ਨਹੀਂ ਕਰੇਂਗਾ ?" ਧੰਨੇ ਸ਼ਾਹ ਨੇ ਸਿੱਧਾ ਲੱਖਾ ਸਿੰਘ ਦੀਆਂ ਅੱਖਾਂ ਵਿਚ ਤੱਕਦਿਆਂ ਕਿਹਾ।

"ਗੁੱਸੇ ਵਾਲੀ ਹੋਊ ਤਾਂ ਕਰਾਂਗਾ। ਤੂੰ ਗੱਲ ਕਰ।" ਲੱਖਾ ਸਿੰਘ ਨੇ ਉਸੇ ਤਰ੍ਹਾਂ ਗਹਿਰੀਆਂ ਅੱਖਾਂ ਨਾਲ ਤੱਕਦਿਆਂ ਕਿਹਾ।

"ਮੈਨੂੰ ਇਹ ਦੱਸ, ਜਿਸ ਸਾਮੀ ਵੱਲੋਂ ਇਕ ਪੈਸਾ ਵੀ ਵਾਪਸ ਨਾ ਮੁੜੇ, ਮੇਰੀ ਖੁੱਤੀ 'ਚ ਕਿਸੇ ਅੱਕ ਚੋਇਆ ਹੋਇਆ ਏ, ਮੈਂ ਘਰੋਂ ਕੱਢ-ਕੱਢ ਕੇ ਦਿੱਤੀ ਜਾਵਾਂ ?" ਧੰਨੇ ਸ਼ਾਹ ਨੇ ਮੱਥੇ 'ਤੇ ਤਿਊੜੀਆਂ ਪਾ ਕੇ ਸੱਜਾ ਹੱਥ ਹਵਾ ਵਿਚ ਨਚਾਉਂਦਿਆਂ ਕਿਹਾ।

"ਕਿਉਂ ਤੇਰੇ ਪੈਸੇ ਮਾਰੇ ਚੱਲੇ ਨੇ ? ਹਰ ਛੇ ਮਹੀਨੇ ਪਿਛੋਂ ਬਿਆਜ ਲਾ ਕੇ ਤੂੰ ਨਵਾਂ ਕਾਗਤ ਨਹੀਂ ਕਰਾ ਲੈਂਦਾ ?" ਲੱਖਾ ਸਿੰਘ ਨੇ ਵੀ ਉਸੇ ਸੁਰ ਵਿਚ ਜਵਾਬ ਦਿੱਤਾ।

"ਓਹ ਸਰਦਾਰਾ! ਕਾਗਤ ਨੂੰ ਮੈਂ ਚੱਟਾਂਗਾ ? ਧੰਨੇ ਸ਼ਾਹ ਘਰੋਂ ਦੇ ਕੇ ਦਾਹਵੇ

ਕਰਨੇ ਨਹੀਂ ਸਿੱਖਿਆ। ਮੇਰੇ ਨਾਲ ਵਿਹਾਰ ਨਾਲ ਚੱਲੋ।" ਧੰਨੇ ਸ਼ਾਹ ਫੇਰ ਵਹੀ ਫੋਲਣ ਲੱਗ ਪਿਆ।

"ਬੇ-ਵਿਹਾਰੀ ਕਿਹੜੀ ਕੀਤੀ ਏ ਤੇਰੇ ਨਾਲ ? ਹੁਣ ਸਿੱਧਾ ਮਰ, ਤੂੰ ਚੋਹੰਦਾ ਕੀ ਏਂ ?" ਲੱਖਾ ਸਿੰਘ ਨੇ ਗੱਲ ਨਿਬੇੜਨ ਦੇ ਇਰਾਦੇ ਨਾਲ ਕਿਹਾ।

"ਤੈਨੂੰ ਪਤਾ ਏ, ਆੜ੍ਹਤੀਆਂ ਨੇ ਹੁਣ ਜਿਹੜੀ ਨਵੀਂ ਰਾਇ ਪਾਸ ਕੀਤੀ ਏ।" ਧੰਨੇ ਸ਼ਾਹ ਨੇ ਕੁਝ ਨਰਮ ਪੈ ਕੇ ਕਿਹਾ।

"ਦੱਸ ਦਿਹ ਤੂੰ।"

"ਇਕ ਤਾਂ ਛੇ ਮਹੀਨਿਆਂ ਦਾ ਸੂਦ ਪਹਿਲਾਂ ਰਕਮ ਵਿਚੋਂ ਕੱਟ ਲੈਂਦੇ ਈ। ਦੂਜਾ ਪੰਜ ਰੁਪੈ ਸੈਂਕੜਾ ਨੌਕਰਾਂ ਦੇ ਤੇ ਇਨਕਮ ਟੈਕਸ ਦੇ ਖ਼ਰਚ ਆਦਿ ਵਜੋਂ ਕੱਟ ਕੇ ਫੇਰ ਰਕਮ ਦੇਂਦੇ ਈ। ਪੁੱਛ ਲੈ ਅਮਲੀ ਨੂੰ।"

"ਮਨਜ਼ੂਰ ਏ।" ਸ਼ਾਹ ਦੇ ਮੂੰਹੋਂ ਗੱਲ ਨਿਕਲਦਿਆਂ ਅਮਲੀ ਨੇ ਪਰਵਾਨਗੀ ਦੇ ਦਿੱਤੀ।

"ਇਕ ਸ਼ਰਤ ਹੋਰ ਵੀ ਏ।" ਧੰਨੇ ਸ਼ਾਹ ਨੇ ਉਵੇਂ ਕਾਗਤਾਂ 'ਤੇ ਨਜ਼ਰ ਟਿਕਾਈ ਕਿਹਾ।

"ਉਹ ਵੀ ਦੱਸ ਦਿਹ।" ਅਵਾਜ਼ ਲੱਖਾ ਸਿੰਘ ਦੀ ਸੀ।

"ਅੱਜ ਤੋਂ ਛੇ ਮਹੀਨੇ ਦੇ ਅੰਦਰ ਅਮਲੀ ਸਾਰੇ ਪੈਸੇ ਇਕ ਮੁੱਠ ਵਾਪਸ ਕਰ ਦੇਵੇਗਾ।"

"ਜੇ ਭਲਾ ਨਾ ਕਰ ਸਕੇ ਤਾਂ ?"

"ਫੇਰ ਖੂਹ ਵਾਲੀ ਸੱਤੇ ਘੁਮਾਂ ਇਹ ਮੈਨੂੰ ਗਹਿਣੇ ਲਿਖ ਦੇਵੇਗਾ, ਪਰ ਇਹ ਭੇਤ ਕਿਸੇ ਅੱਗੇ ਨਹੀਂ ਖੋਲ੍ਹੇਗਾ।" ਧੰਨੇ ਸ਼ਾਹ ਨੇ ਸਾਰੀਆਂ ਸ਼ਰਤਾਂ ਦੱਸ ਦਿੱਤੀਆਂ।

"ਦਸ ਭਈ ਅਮਲੀਆ!" ਲੱਖਾ ਸਿੰਘ ਨੇ ਅਮਲੀ ਵੱਲ ਤੱਕਦਿਆਂ ਕਿਹਾ।

"ਮੈਂ ਕੀ ਦੱਸਣਾ ਏਂ। ਮੇਰੇ ਵੱਲੋਂ ਹੁਣੇ ਗਹਿਣੇ ਕਰਾ ਲਵੇ।" ਅਮਲੀ ਨੇ ਕਸਾਈ ਅੱਗੇ ਬੱਕਰੇ ਵਾਂਗ ਧੌਣ ਝੁਕਾਈ ਹੋਈ ਸੀ।

ਅਮਲੀ ਨੂੰ ਮਨ-ਚਾਹਿਆ ਕਰਜ਼ਾ ਮਿਲ ਗਿਆ। ਨਵੇਂ ਕਾਗਤ ਉੱਤੇ ਉਹਨੇ ਅੰਗੂਠਾ ਲਾ ਦਿੱਤਾ। ਉਹ ਲੱਖਾ ਸਿੰਘ ਨੂੰ ਨਾਲ ਲੈ ਕੇ ਬਜ਼ਾਰ ਨੂੰ ਤੁਰ ਪਿਆ। ਰਾਹ ਵਿਚ ਜਾਂਦਿਆਂ ਲੱਖਾ ਸਿੰਘ ਨੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ, "ਹੱਦ ਹੋ ਗਈ ਭਈ ਇਹਨਾਂ ਸ਼ਾਹੂਕਾਰਾਂ ਵਾਲੀ। ਕਿੰਨੇ ਢੁੱਚਰ ਡਾਹੇ ਸੂ। ਲੋੜ ਪਈ 'ਤੇ ਝੱਟ ਅੱਖਾਂ ਫੇਰ ਲਈਆਂ ਸੂ।" ਉਹ ਸਭ ਕੁਝ ਅਮਲੀ ਨੂੰ ਪਤਿਆਉਣ ਵਾਸਤੇ ਕਹਿ ਰਿਹਾ ਸੀ।

"ਲੱਖਾ ਸਿਹਾਂ! ਇਕ ਗੱਲਾਂ ਆਖਾਂ, ਮੰਨੇਂਗਾ ?" ਅਮਲੀ ਕਦੇ ਦਾ ਇਹ ਰਾਇ ਪ੍ਰਗਟ ਕਰਨ ਵਾਸਤੇ ਸੋਚ ਰਿਹਾ ਸੀ।

"ਆਖ।"

"ਖੂਹ ਵਾਲੀ ਸੱਤੇ ਘੁਮਾਂ ਤੂੰ ਗਹਿਣੇ ਕਰਾ ਲੈ। ਆਪੇ ਕੁਲਤਾਰ ਵੱਡਾ ਹੋ ਕੇ ਛੁਡਾ ਲਵੇਗਾ। ਮੈਂ ਓਸ ਚੰਡਾਲ ਨੂੰ ਲਿਖ ਕੇ ਨਹੀਂ ਦੇਣੀ।" ਅਮਲੀ ਧੰਨੇ ਸ਼ਾਹ ਦੇ ਵਰਤਾਉ ਤੋਂ ਬਹੁਤ ਨਾਰਾਜ਼ ਸੀ।

"ਪਹਿਲਾਂ ਆਪਣੇ ਸਾਰਥ ਤਾਂ ਭੁਗਤਾਈਏ ਖਾਂ। ਇਹ ਗੱਲ ਫੇਰ ਸੋਚਾਂਗੇ।" ਲੱਖਾ ਸਿੰਘ ਨੇ ਚੱਜ ਨਾਲ ਹਾਮੀ ਭਰ ਦਿੱਤੀ।

ਅਮਲੀ ਦੀਆਂ ਦੋਹਾਂ ਕੁੜੀਆਂ ਦੇ ਵਿਆਹ ਹੋ ਗਏ। ਲੱਖਾ ਸਿੰਘ ਦੀ ਸਲਾਹ ਨਾਲ ਮੁਕਲਾਵੇ ਦਾ ਕੰਮ ਛੇ ਮਹੀਨੇ ਪਿੱਛੇ ਪਾ ਦਿੱਤਾ ਗਿਆ। ਮੁਕਲਾਵੇ ਵਾਸਤੇ ਵੀ ਪੈਸੇ ਦੀ ਲੋੜ ਸੀ। ਅਮਲੀ ਫੇਰ ਲੱਖਾ ਸਿੰਘ ਦੇ ਘਰ ਫੇਰੇ ਮਾਰਨ ਲੱਗਾ। ਇਸ ਵਾਰ ਫ਼ੈਸਲਾ ਛੇਤੀ ਹੀ ਹੋ ਗਿਆ। ਅਮਲੀ ਨੇ ਖੂਹ ਵਾਲੀ ਸੱਤੇ ਘੁਮਾਂ ਲੱਖਾ ਸਿੰਘ ਕੋਲ ਪੰਦਰਾਂ ਸਾਲ ਵਾਸਤੇ ਗਹਿਣੇ ਕਰ ਦਿੱਤੀ।

ਰਜਿਸਟਰੀ ਵੇਲੇ ਲੱਖਾ ਸਿੰਘ ਨੂੰ ਇਕ ਚਾਲ ਸੁੱਝੀ। 'ਕਿਉਂ ਨਾ ਨਾਲ ਲੱਗਦਾ ਬਸੰਤ ਕੌਰ ਨੂੰ ਵੀ ਖ਼ੁਸ਼ ਕਰ ਲਿਆ ਜਾਵੇ। ਉਹਦੇ ਗੋਚਰਾ ਵੀ ਗ਼ਰਜ਼ ਏ। ਉਹਦੀ ਮਦਦ ਬਿਨਾਂ ਕੰਮ ਨੇਪਰੇ ਨਹੀਂ ਚੜ੍ਹਨਾ। ਨਾਲੇ ਭਲਕੇ ਬੈਅ ਕਰੌਣ ਲੱਗਿਆਂ ਵੀ ਏਸ ਗੱਲ ਦਾ ਫੈਦਾ ਰਹੇਗਾ।' ਸਾਰੇ ਪੱਖਾਂ ਤੋਂ ਸੋਚ ਕੇ ਉਹਨੇ ਸੱਤਾਂ ਘੁਮਾਂਵਾਂ ਦੀ ਰਜਿਸਟਰੀ ਬਸੰਤ ਕੌਰ ਦੇ ਨਾਮ ਕਰਾਈ।

## ੧੦

"ਮੇਰੀ ਆਖੀ ਦਾ ਫਿਰ ਕੋਈ ਮੁੱਲ ਨਹੀਂ ?" ਲੱਖਾ ਸਿੰਘ ਨੇ ਕੁਝ ਗੁੱਸੇ ਨਾਲ ਕਿਹਾ।

"ਮਰਦ ਦੀ ਆਖੀ ਦਾ ਵੀ ਮੁੱਲ ਨਹੀਂ ਹੁੰਦਾ ? ਮੁੱਲ ਤਾਂ ਜਨਾਨੀ ਦਾ ਕੋਈ ਨਹੀਂ, ਜੀਹਦਾ ਰੱਬ ਨੇ ਲਿਖਿਆ ਈ ਕੁਝ ਨਾ।" ਬਸੰਤ ਕੌਰ ਨੇ ਨਿਰਾਸ਼ਾ ਭਰੀ ਸੁਰ ਵਿਚ ਕਿਹਾ।

"ਤੇਰਾ ਵੀ ਕੋਈ ਮੁੱਲ ਨਹੀਂ ? ਓਹਾ ਗੱਲ ਹੋਈ ਨਾ, ਆਖੇ : ਸੱਖਣੀ ਵੀ ਅੜਾਵੇ ਤੇ ਭਰੀ ਵੀ।" ਲੱਖਾ ਸਿੰਘ ਨੇ ਬੜਾ ਅਹਿਸਾਨ ਜਤਾਉਂਦਿਆਂ ਕਿਹਾ।

ਬਸੰਤ ਕੌਰ ਨੇ ਅੱਗੋਂ ਕੋਈ ਉੱਤਰ ਨਾ ਦਿੱਤਾ। ਅੰਞਾਣੇ ਦੋਵੇਂ ਸੌਂ ਗਏ ਸਨ। ਉਹ ਦੋਵੇਂ ਜੀਅ ਆਪੋ ਆਪਣਿਆਂ ਮੰਜਿਆਂ 'ਤੇ ਲੇਟੇ ਹੋਏ ਸਨ। ਰਾਤ ਪਹਿਰ ਬੀਤ

ਚੱਲੀ ਸੀ। ਕਈਆਂ ਦਿਨਾਂ ਤੋਂ ਉਹਨਾਂ ਦਾ ਇਹ ਝਗੜਾ ਚੱਲ ਰਿਹਾ ਸੀ। ਲੱਖਾ ਸਿੰਘ ਹੁਣ ਏਸ ਮਸਲੇ ਨੂੰ ਵਧੇਰੇ ਨਹੀਂ ਸੀ ਲਟਕਾਉਣਾ ਚਾਹੁੰਦਾ।

"ਬੋਲੀ ਨਹੀਂ।" ਲੱਖਾ ਸਿੰਘ ਦੀ ਅਵਾਜ਼ ਧਮਕੀ ਭਰੀ ਸੀ।

"ਕੀ ਬੋਲਾਂ ?" ਮੈਂ ਮਾਮੀ ਨੂੰ ਜਾ ਕੇ ਕੀ ਆਖਾਂਗੀ ? ਇਹ ਨਹੀਂ ਮੈਥੋਂ ਹੁੰਦਾ। ਮੇਰੀ ਭੈਣ ਹੈਗੀ ਏ, ਜਦੋਂ ਆਖੋ ਮੈਂ ਚਲੀ ਜਾਵਾਂਗੀ। ਭਾਵੇਂ ਉਹ ਦਸਾਂ ਯਾਰ੍ਹਾਂ ਵਰ੍ਹਿਆਂ ਦੀ ਬਾਲੜੀ ਈ ਏ, ਪਰ ਤੁਹਾਡਾ ਦੂਜੇ ਵਿਆਹ ਦਾ ਚਾਅ ਤਾਂ ਪੂਰਾ ਹੋ ਜਾਊ।"

"ਉਸ ਤੋਂ ਛੋਟੀ ਨਹੀਂ ਕੋਈ ?" ਲੱਖਾ ਸਿੰਘ ਨੇ ਵਿਅੰਗ ਨਾਲ ਕਿਹਾ।

"ਮਾਂ ਪਿਓ ਨੂੰ ਆਖਾਂਗੀ। ਉਹਨਾਂ ਇਕ ਹੋਰ ਜੰਮ ਲਈ, ਤਾਂ ਉਹ ਵੀ ਤੁਹਾਨੂੰ ਲਿਆ ਦਿਆਂਗੀ।" ਬਸੰਤ ਕੌਰ ਨੇ ਬਹੁਤ ਦੁਖੀ ਹਿਰਦੇ ਨਾਲ ਕਿਹਾ।

ਕੁਝ ਚਿਰ ਚੁੱਪ ਰਹਿ ਕੇ ਲੱਖਾ ਸਿੰਘ ਨੇ ਫਿਰ ਕਿਹਾ, "ਤੈਨੂੰ ਆਪਣੇ ਪੁੱਤਰ ਉੱਤੇ ਵੀ ਤਰਸ ਨਹੀਂ ਔਂਦਾ ? ਲੰਬਰਦਾਰਾਂ ਦੇ ਸੱਤ ਨੇ ਬੁਰਛਿਆਂ ਵਰਗੇ। ਉਹ ਇਹਨੂੰ 'ਕੱਲੇ ਨੂੰ ਬਾਹਰ ਨਿਕਲਣ ਦਿਆ ਕਰਨਗੇ ?" ਸਭ ਤੋਂ ਵੱਡੀ ਦਲੀਲ ਲੱਖਾ ਸਿੰਘ ਏਹਾ ਦਿਆ ਕਰਦਾ ਸੀ।

"ਮੁਕੰਦੇ ਦੇ ਵਿਆਹ ਤੋਂ ਪਿਛੋਂ ਈ ਤੁਹਾਨੂੰ ਇਹ ਗੱਲ ਸੁੱਝੀ ਏ।" ਬਸੰਤ ਕੌਰ ਇਹ ਦਲੀਲ ਮੰਨਣ ਨੂੰ ਤਿਆਰ ਨਹੀਂ ਸੀ। ਉਹ ਸਮਝਦੀ ਸੀ ਕਿ ਜੇ ਲੱਖਾ ਸਿੰਘ ਦੀ ਇਕੱਲੇ ਦੀ ਨਿਭ ਗਈ ਹੈ ਤਾਂ ਹਰਨਾਮ ਇਕੱਲੇ ਨੂੰ ਵੀ ਕੋਈ ਡਰ ਨਹੀਂ।

"ਏਸ ਦਾ ਮਤਲਬ ?" ਲੱਖਾ ਸਿੰਘ ਦੇ ਸਵਾਲ ਵਿਚ ਵੀ ਤਾੜਨਾ ਸੀ।

"ਤੁਸੀਂ ਨਹੀਂ ਜਾਣਦੇ ?"

"ਨਹੀਂ। ਮੇਰੇ ਨਾਲੋਂ ਤੇਰੀ ਅਕਲ ਅੱਜਕੱਲ੍ਹ ਵਧੇਰੇ ਕੰਮ ਕਰਦੀ ਏ।" ਲੱਖਾ ਸਿੰਘ ਹਰ ਗੱਲ ਵਿਅੰਗ ਜਾਂ ਗੁੱਸੇ ਨਾਲ ਕਰ ਰਿਹਾ ਸੀ, "ਹਾਂ ਫਿਰ।"

"ਜਨਾਨੀ ਨੂੰ ਹੱਕ ਹੈ ਕੁਝ ਬੋਲਣ ਦਾ? ਮੈਂ ਤਾਂ ਤੁਹਾਡੀਆਂ ਅੱਖਾਂ ਉਥੇ ਈ ਵੇਖ-ਲਈਆਂ ਸੀ।"

"ਤੂੰ ਹੁਣ ਬਹੁਤ ਚਾਤਰ ਹੋ ਗਈ ਏਂ। ਬਹੁਤ ਕੁਝ ਵੇਖਣ ਸਿੱਖ ਗਈ ਏਂ।"

"ਮੈਂ ਕਾਹਦੀ ਚਾਤਰ ਆਂ। ਜਨਾਨੀ ਤਾਂ ਹੁੰਦੀ ਈ ਅਕਲ ਦੀ ਖੋਤੀ ਏ, ਪੈਰ ਦੀ ਜੁੱਤੀ। ਜੁੱਤੀ ਦਾ ਵੀ ਕੁਝ ਮੁੱਲ ਹੁੰਦਾ ਏ, ਜਨਾਨੀ ਦਾ ਓਨਾ ਵੀ ਨਹੀਂ।" ਬਸੰਤ ਕੌਰ ਦੀਆਂ ਅੱਖਾਂ ਭਰੀਆਂ ਹੋਈਆਂ ਸਨ।

"ਚਪੜ-ਚਪੜ ਨਾ ਕਰ ਬਹੁਤੀ। ਤੇਰਾ ਮੂੰਹ ਬਹੁਤ ਖੁੱਲ੍ਹ ਗਿਆ ਏ।"

"ਮੈਂ ਆਪਣਾ ਮੂੰਹ ਸਿਊਂ ਲੈਂਦੀ ਆਂ। ਕਦੇ ਕੁਝ ਨਹੀਂ ਕੁਸਕਾਂਗੀ। ਬੱਸ ਮੈਨੂੰ

ਬਲਦੀ ਦੇ ਬੁੱਥੇ ਨਾ ਦਿਹੋ। ਆਪ ਜਾ ਕੇ ਇਕ ਸਵਰਨੀ ਛੱਡ ਕੇ ਚਾਰ ਸਵਰਨੀਆਂ ਲੈ ਆਓ। ਮੈਨੂੰ ਕੋਈ ਗਿਲ੍ਹਾ ਨਹੀਂ।" ਬਸੰਤ ਕੌਰ ਥੋੜ੍ਹਾ-ਥੋੜ੍ਹਾ ਡੁਸਕਣ ਲੱਗ ਪਈ।

"ਮੈਂ ਇਹ ਖੇਖਣ ਜਾਣਦਾਂ।" ਲੱਖਾ ਸਿਘ ਸਗੋਂ ਭੜਕ ਉਠਿਆ, "ਤਿਰੀਆ ਚਰਿੱਤਰ ਕਰਨੇ ਭਲਾ ਕਿਹੜੀ ਜਨਾਨੀ ਨੂੰ ਨਹੀਂ ਔਂਦੇ।"

ਬਸੰਤ ਕੌਰ ਅੱਗੋਂ ਨਹੀਂ ਬੋਲੀ। ਉਸੇ ਤਰ੍ਹਾਂ ਵੱਖੀ ਪਰਨੇ ਲੇਟੀ ਉਹ ਵਿਚੇ ਵਿਚ ਡਿਸਕੋਰੇ ਭਰਦੀ ਰਹੀ। ਉਹ ਉੱਚੀ ਉੱਚੀ ਧਾਹੀਂ ਮਾਰ ਕੇ ਰੋਣਾ ਚਾਹੁੰਦੀ ਸੀ, ਪਰ ਅਫ਼ਸੋਸ! ਉਹ ਖੁੱਲ੍ਹ ਕੇ ਰੋ ਵੀ ਨਹੀਂ ਸੀ ਸਕਦੀ। ਇਸਤਰੀ ਦੀ ਮਜਬੂਰੀ।

ਇਥੇ ਪਹੁੰਚ ਕੇ ਲੱਖਾ ਸਿੰਘ ਵਾਸਤੇ ਵੀ ਚੁੱਪ ਰਹਿਣਾ ਔਖਾ ਹੋ ਗਿਆ ਸੀ। ਉਹ ਉਠ ਕੇ ਬਹਿ ਗਿਆ। ਅੰਤ ਉਹਨੇ ਬੜੀ ਧਮਕੀ ਭਰੀ ਸੁਰ ਵਿਚ ਕਿਹਾ, "ਹੱਛਾ ਕੰਨ ਖੋਲ੍ਹ ਕੇ ਸੁਣ ਲੈ। ਰੋਜ਼ ਦੀ ਕਲ-ਕਲ ਦਾ ਫ਼ੈਸਲਾ ਹੋ ਜਾਣਾ ਚਾਹੀਦਾ ਏ। ਤੂੰ ਪਰਸੋਂ ਪੇਕਿਆਂ ਨੂੰ ਜਾਣਾ ਹੋਵੇਗਾ। ਉਥੋਂ ਆਪਣੀ ਮਾਂ ਨੂੰ ਨਾਲ ਲੈ ਕੇ ਸਮੁੰਦ ਸਿੰਘ ਕੋਲ। ਮੁੜਨਾ ਹੋਵੇਗਾ ਸਵਰਨੀ ਦਾ ਸਾਕ ਲੈ ਕੇ। ਨਹੀਂ ਤਾਂ ਤੂੰ ਵੀ ਪੇਕੇ ਘਰ ਈ ਰਹੀਂ। ਤੇਰੇ ਵਾਸਤੇ ਵੀ ਤੇਰੀ ਮਾਂ ਫਿਰ ਹੋਰ ਘਰ ਲੱਭ ਲਵੇ।"

"ਮੇਰੇ ਕਲੇਜੇ ਵਿਚ ਛੁਰੀ ਮਾਰ ਦੇਂਦਿਓ, ਪਰ ਮੈਨੂੰ ਮਗਰਲੀ ਗੱਲ ਨਹੀਂ ਸੀ ਆਖਣੀ। ਸਾਡੀ ਜੱਦ ਵਿਚ ਧੀਆਂ ਵਾਸਤੇ ਦੂਸਰਾ ਘਰ ਲੱਭਣ ਦਾ ਰਵਾਜ ਨਹੀਂ।" ਬਸੰਤ ਕੌਰ ਸਰ੍ਹਾਣੇ ਵਿਚ ਮੂੰਹ ਦੇ ਕੇ ਹੁਬਕੀਂ ਹੁਬਕੀਂ ਰੋਣ ਲੱਗ ਪਈ।

ਬਸੰਤ ਕੌਰ ਦੀ ਹਾਲਤ ਉੱਤੇ ਤਰਸ ਖਾਣ ਦੀ ਥਾਂ ਲੱਖਾ ਸਿੰਘ ਨੇ ਉਸੇ ਸੁਰ ਵਿਚ ਕਿਹਾ, "ਮੈਂ ਜੋ ਕੁਝ ਆਖਣਾ ਸੀ, ਆਖ ਦਿੱਤਾ ਏ। ਹੁਣ ਸੋਚਣਾ ਤੇਰਾ ਕੰਮ ਏ। ਮੇਰੇ ਵੱਲੋਂ ਲੋਹੇ 'ਤੇ ਲਕੀਰ ਸਮਝ। ਏਸ ਘਰ ਵਿਚ ਵੱਸੋਗੀਆਂ ਤਾਂ ਦੋਵੇਂ, ਨਹੀਂ ਤਾਂ....।" ਆਖ਼ਰੀ ਵਾਕ ਉਹਨੇ ਅਧੂਰਾ ਛੱਡ ਦਿੱਤਾ। ਕਹੇ ਸ਼ਬਦਾਂ ਨਾਲੋਂ ਇਸ ਵਿਚ ਵਧੇਰੇ ਧਮਕੀ ਸੀ।

ਇਸਤਰੀ ਦੀ ਤਕਦੀਰ ਦਾ ਫ਼ੈਸਲਾ ਕਰਕੇ ਮਰਦ ਦੂਸਰੇ ਪਾਸੇ ਮੂੰਹ ਕਰਕੇ ਸੌਂ ਗਿਆ। ਬਸੰਤ ਕੌਰ ਦੀ ਰਾਤ ਕਿਵੇਂ ਬੀਤੀ, ਸਹੀ ਤਸਵੀਰ ਖਿੱਚਣ ਵਾਸਤੇ ਕਿਸੇ ਵੀ ਬੋਲੀ ਵਿਚ ਪੂਰੇ ਸ਼ਬਦ ਨਹੀਂ ਹਨ।

ਏਸ ਇਕ-ਪੱਖੇ ਸਮਾਜ ਵਿਚ ਇਸਤਰੀ ਹਰ ਪੱਖ ਤੋਂ ਮਜਬੂਰ ਹੈ ਤੇ ਉਸ ਦੀ ਮਜਬੂਰੀ ਹੀ ਉਸ ਦੀ ਬਦਨਸੀਬੀ ਹੈ।

ਤੀਸਰੇ ਦਿਨ ਬਸੰਤ ਕੌਰ ਨੂੰ ਜਾਣਾ ਹੀ ਪਿਆ। ਲਾਗੀ ਉਹਨੂੰ ਪੇਕੇ ਘਰ ਛੱਡ ਕੇ ਮੁੜ ਆਇਆ। ਰਾਤ ਉਹ ਮਾਂ ਦੇ ਗਲ੍ਹ ਲੱਗ ਕੇ ਰੱਜ ਕੇ ਰੋਈ। ਏਥੇ ਉਹ ਰੋ ਸਕਦੀ ਸੀ। ਏਥੇ ਉਹਨੂੰ ਰੋਣ ਦਾ ਹੱਕ ਸੀ। ਏਥੇ ਉਹਦਾ ਰੋਣ ਸੁਣਨ ਵਾਲੇ ਹੈਗੇ ਸਨ

: ਉਹਦਾ ਮਾਂ ਪਿਉ, ਉਹਦੇ ਭੈਣ ਭਰਾ। ਮਾਂ ਦੀ ਝੋਲੀ ਮਚ ਉਠੀ ਧੀਆਂ ਦੇ ਹੰਝੂਆਂ ਨਾਲ। ਪਰ ਮਾਂ ਦੇ ਹੰਝੂਆਂ ਵਿਚ ਜੋ ਜਲਨ ਸੀ, ਉਹਨੂੰ ਕੋਈ ਨਹੀਂ ਸੀ ਸਮਝਦਾ। ਸ਼ਾਇਦ ਕਦੇ ਮਰਦ ਦਾ ਸਾਜਿਆ ਸਮਾਜ ਇਸਤਰੀ ਦੇ ਹੰਝੂਆਂ ਦੀ ਬੋਲੀ ਸਮਝਣ ਯੋਗ ਹੋ ਜਾਵੇ।

ਦੋ ਦਿਨ ਘਰ ਵਿਚ ਏਸ ਗੱਲ ਉੱਤੇ ਵਿਚਾਰ ਹੁੰਦੀ ਰਹੀ। ਅੰਤ ਬਸੰਤ ਕੌਰ ਦੇ ਪਿਤਾ ਨੇ ਉਸ ਦੀ ਮਾਂ ਨੂੰ ਸੰਬੋਧਨ ਕਰਕੇ ਕਿਹਾ, "ਵੇਖ ਕਰਮਾਂ ਵਾਲੀਏ! ਸੰਤੀ ਦਾ ਦੁੱਖ ਤੇਰੇ ਨਾਲੋਂ ਮੈਨੂੰ ਘੱਟ ਨਹੀਂ। ਮੈਂ ਸਮਝਦਾਂ ਕਿ ਸੌਂਕਣ-ਸਾੜੇ ਵਰਗਾ ਹੋਰ ਕੋਈ ਸੱਲ ਨਹੀਂ, ਪਰ ਕੀਤਾ ਕੀ ਜਾ ਸਕਦਾ ਏ। ਲੱਖਾ ਸੂੰਹ ਦੀ ਮਾਲੀ ਹਾਲਤ ਸਾਡੇ ਨਾਲੋਂ ਬਹੁਤ ਚੰਗੀ ਏ ਤੇ ਪੁੱਜਦਾ ਬੰਦਾ ਜੋ ਚਾਹਵੇ ਕਰ ਸਕਦਾ ਏ। ਉਹਨੂੰ ਰੋਕਣ ਵਾਲਾ ਕੋਈ ਨਹੀਂ ਹੁੰਦਾ। ਮੈਂ ਚੂਹਣੀਆਂ ਤਸੀਲ ਦੇ ਕਈ ਪੁੱਜਦੇ ਲੋਕਾਂ ਨੂੰ ਜਾਣਦਾਂ। ਉਹਨਾਂ ਘਰ ਇਕ-ਇਕ ਜੱਟੀ ਏ ਤੇ ਇਕ-ਇਕ ਮੁਸਲਮਾਨੀ। ਲੱਖਾ ਸੂੰਹ ਵੀ ਐਸ ਵੇਲੇ ਪੁੱਜਦਾ ਏ। ਉਹ ਕੋਈ ਜਾਤ-ਕੁਜਾਤ ਵੀ ਘਰ ਪਾ ਲਵੇ ਤਾਂ ਕੋਈ ਕੀ ਕਰ ਸਕਦਾ ਏ। ਰੁਕਣਾ ਉਹਨੇ ਹੈ ਨਹੀਂ ਹੁਣ ਕਿਸੇ ਦੇ ਆਖਿਆਂ। ਜਿਥੋਂ ਤੱਕ ਗੱਲ ਪਹੁੰਚ ਗਈ ਤੁਸੀਂ ਦਸਦੀਆਂ ਜੇ, ਮੇਰਾ ਖ਼ਿਆਲ ਏ ਸਮੁੰਦੇ ਨੇ ਉਹਨੂੰ 'ਹਾਂ' ਕਰ ਦਿੱਤੀ ਹੋਵੇਗੀ। ਏਸ ਹਾਲਤ ਵਿਚ ਸੰਤੀ ਨਹੀਂ ਜਾਵੇਗੀ ਤਾਂ ਵਿਆਹ ਉਹਨੇ ਫੇਰ ਵੀ ਕਰਾ ਲੈਣਾ ਏ। ਪਰ ਉਸ ਤਰ੍ਹਾਂ ਇਹਦੀ ਜ਼ਿੰਦਗੀ ਵਧੇਰੇ ਨਰਕ ਬਣ ਜਾਵੇਗੀ। ਇਹ ਤਾਂ ਕੌੜੀ ਗੋਲੀ ਹੈ, ਜ਼ਹਿਰ ਦੀ ਪੁੜੀ, ਪਰ ਬੇਬੱਸ ਹੋ ਕੇ ਇਹ ਨਿਗਲਨੀ ਈ ਪੈਣੀ ਏ। ਮੇਰੀ ਸਲਾਹ ਏ, ਤੁਸੀਂ ਦੋਵੇਂ ਮਾਵਾਂ ਧੀਆਂ ਚਲੀਆਂ ਜਾਵੋ। ਜੋ ਕੁਝ ਹੋਣੋਂ ਅਸੀਂ ਰੋਕ ਨਹੀਂ ਸਕਦੇ, ਉਹਦੇ ਅੱਗੇ ਨਿਉਂ ਜਾਣ ਵਿਚ ਈ ਅਕਲਮੰਦੀ ਏ। ਅੱਗੇ ਤੂੰ ਸਿਆਣੀ ਏਂ।"

"ਮੈਂ ਕਾਹਦੀ ਸਿਆਣੀ ਆਂ। ਧੀਆਂ ਵਾਲਿਆਂ ਦੀ ਸਿਆਣਪ ਦਾ ਕੀ ਮੁੱਲ। ਉਹ ਸੋਚੇ, ਉਹਦੇ ਘਰ ਵੀ ਧੀ ਹੈਗੀ ਏ। ਭਲਕੇ.....।"

"ਮਾਂ!" ਬਸੰਤ ਕੌਰ ਦੀ ਚੀਕ ਨਿਕਲ ਗਈ। ਉਹਨੇ ਮਾਂ ਦੇ ਮੂੰਹ ਅੱਗੇ ਹੱਥ ਦੇ ਕੇ ਗੱਲ ਰਾਹੋਂ ਰੋਕ ਲਈ, "ਮੇਰੀ ਸ਼ਾਮੋ ਬਾਰੇ ਕੋਈ ਬੋਲ ਕਬੋਲ ਮੂੰਹੋਂ ਨਾ ਕੱਢੀਂ। ਉਹ ਵੀ ਮੈਨੂੰ ਓਨੀ ਪਿਆਰੀ ਏ, ਜਿੰਨੀ ਮੈਂ ਤੈਨੂੰ। ਹਾਏ ਰੱਬਾ! ਧੀਆਂ ਦੀਆਂ ਮਾਵਾਂ...। ਮਾਂ! ਆਪਾਂ ਚੱਲਾਂਗੀਆਂ। ਮੈਂ ਸਮੁੰਦੇ ਦੇ ਪੈਰੀਂ ਪੈਣ ਨੂੰ ਵੀ ਤਿਆਰ ਹੋ ਜਾਵਾਂਗੀ। ਮੇਰੀ ਸ਼ਾਮੋਂ, ਮੇਰਾ ਨ੍ਹਾਮਾ। ਉਹਨਾਂ ਤੋਂ ਵਿਛੜ ਕੇ ਮੈਂ ਨਹੀਂ ਜਿਉ ਸਕਦੀ। ਮੈਂ-ਮੈਂ...।" ਮਾਂ ਦੀ ਗੋਦ ਵਿਚ ਸਿਰ ਸੁੱਟ ਕੇ ਬਸੰਤ ਕੌਰ ਕਿੰਨਾ ਚਿਰ ਹਡਕੋਰੇ ਲੈਂਦੀ ਰਹੀ।

ਭੈਣ, ਭਰਾ, ਭਰਜਾਈਆਂ, ਮਾਂ, ਪਿਉ, ਦੁੱਖ ਸਭ ਦੇ ਅੰਦਰ ਸੀ, ਪਰ ਸਭ

ਲਾਚਾਰ ਸਨ। ਸਾਰਿਆਂ ਦੀ ਢਾਵੇਰੇ ਰਾਤ ਜਾਗ ਕੇ ਕੱਟੀ।

ਅਗਲੇ ਦਿਨ ਬਸੰਤ ਕੌਰ ਤੇ ਉਹਦੀ ਮਾਂ ਸਮੁੰਦ ਸਿੰਘ ਕੋਲ ਜਾ ਪੁੱਜੀਆਂ। ਪਹਿਲਾਂ ਬਸੰਤ ਕੌਰ ਨੇ ਮਾਮੀ ਕੋਲ ਗੱਲ ਕੀਤੀ। ਗੱਲਾਂ-ਬਾਤਾਂ ਵਿਚ ਬਸੰਤ ਕੌਰ ਨੇ ਇਹ ਅੰਦਾਜ਼ਾ ਲਾ ਲਿਆ ਕਿ ਮਾਮੀ ਏਸ ਰਿਸ਼ਤੇ ਉੱਤੇ ਖ਼ੁਸ਼ ਨਹੀਂ। ਉਹ ਆਪਣੀ ਵੱਡੀ ਲੜਕੀ ਆਸੋ ਨੂੰ ਸਾਕ ਦੇਣਾ ਚਾਹੁੰਦੀ ਸੀ, ਪਰ ਸਮੁੰਦ ਸਿੰਘ ਨਹੀਂ ਸੀ ਮੰਨਿਆ। ਇਸ ਤੋਂ ਬਸੰਤ ਕੌਰ ਨੇ ਸਮਝ ਲਿਆ ਸੀ ਕਿ ਸਭ ਕੁਝ ਸਮੁੰਦ ਸਿੰਘ ਦੇ ਵੱਸ ਹੈ। ਸਹੀ ਅਰਥਾਂ ਵਿਚ ਘਰ ਦਾ ਮੁਖੀ ਓਹਾ ਸੀ।

ਫਿਰ ਬਸੰਤ ਕੌਰ ਤੇ ਉਹਦੀ ਮਾਂ ਸਮੁੰਦ ਸਿੰਘ ਦੇ ਤਰਲੇ ਕਰਨ ਲੱਗੀਆਂ। "ਵੇਖ ਭਤੀਜ!" ਬਸੰਤ ਕੌਰ ਦੀ ਮਾਂ ਨੇ ਸਮੁੰਦ ਸਿੰਘ ਦੀ ਕੰਡ 'ਤੇ ਹੱਥ ਫੇਰਦਿਆਂ ਕਿਹਾ, "ਮੈਂ ਘਿਓ ਖਾਂਦੀ ਤੇਰੇ ਕੋਲ ਨਹੀਂ ਆਈ। ਮਾਵਾਂ ਦਾ ਜੀ ਕਰਦਾ ਏ, ਧੀਆਂ ਦੇ ਬੈਠਿਆਂ ਕਿਸੇ ਹੋਰ ਨੂੰ ਉਸ ਘਰ ਦੀ ਮਾਲਕ ਬਣੀ ਵੇਖਣ 'ਤੇ। ਪਰ ਤੂੰ ਜਾਣਦਾ ਏਂ, ਨ੍ਹਾਮਾ ਇਕੋ ਏ। ਸੰਤੀ ਨੂੰ ਕੋਈ ਅਵੱਲਾ ਰੋਗ ਲੱਗ ਗਿਆ। ਸਭ ਕਰਮਾਂ ਦੀ ਖੇਡ ਏ। ਬਥੇਰਾ ਅਲਾਜ ਕਰਾ ਥੱਕੇ ਆਂ। ਇਹਦੇ ਘਰ ਹੋਰ ਬਾਲ ਹੋਣ ਦੀ ਆਸ ਨਹੀਂ ਰਹੀ। ਲੱਖਾ ਮੁੰਹ ਨੇ ਹੋਰ ਵਿਆਹ ਕਰਾ ਲੈਣਾ ਏ। ਪੁੱਜਦੇ ਬੰਦੇ ਨੂੰ ਸਾਕਾਂ ਦਾ ਘਾਟਾ ਏ ਭਲਾ ? ਮੈਂ ਤਾਂ ਏਸ ਵਾਸਤੇ ਮਰਦੀ ਆਂ ਪਈ ਕਿ ਹੋਰ ਕੋਈ ਪਤਾ ਨਹੀਂ ਕੇਹੋ ਜੇਹੀ ਆਵੇਗੀ। ਹੋ ਸਕਦਾ ਏ ਉਹ ਇਹਦੇ ਨਿਆਣਿਆਂ ਨਾਲੋਂ ਵੀ ਪਿਉ ਨੂੰ ਦੂਰ ਕਰ ਦੇਵੇ। ਇਹ ਤਾਂ ਫਿਰ ਵੀ ਦੋਵੇਂ ਭੈਣਾਂ ਨੇ। ਸਕੀਆਂ ਕੀ ਤੇ ਮਾਮੇ ਫੂਫੀ ਦੀਆਂ ਕੀ। ਇਹਨਾਂ ਨੂੰ ਇਕ ਦੂਜੀ ਦਾ ਮੋਹ ਵੀ ਹੋਵੇਗਾ, ਲੋਕਾਂ ਦੀ ਲਾਜ ਵੀ। ਪੁੱਤ, ਸਵਰਨੀ ਵੀ ਮੇਰੀ ਧੀ ਏ। ਮੈਂ ਧੀ ਸਮਝ ਕੇ ਉਹਦਾ ਸਾਕ ਮੰਗਣ ਆਈ ਆਂ। ਮੈਂ ਤੇਰੇ ਪਿਉ ਦੀ ਮਾਂ-ਪਿਉ ਜਾਈ ਆਂ, ਮੇਰਾ ਹੰਮਾ ਨਾ ਤੋੜੀਂ।"

"ਪਰ ਭੂਆ! ਇਹ ਵੀ ਸੋਚਿਆ ਈ, ਕਿ ਲੋਕ ਮੈਨੂੰ ਕੀ ਕਹਿਣਗੇ ? ਮਾਂ ਜਾਂ ਭਰਾ ਨੇ ਏਸ ਕੰਮ ਵਿਚ ਕੋਈ ਜ਼ਿੰਮੇਵਾਰੀ ਨਹੀਂ ਉਂ ਚੁੱਕਣੀ। ਸਭ ਉਲਾਹਮਾ ਮੇਰੇ ਸਿਰ ਔਣਾ ਏਂ। ਸਾਰੇ ਆਖਣਗੇ, ਦੋ ਦਿਨ ਭਣਵੱਈਏ ਨਾਲ ਸ਼ਰਾਬ ਪੀ ਕੇ ਕੁੜੀ ਡੋਬ ਦਿੱਤੀ ਸੂ। ਇਹ ਤਾਂ ਜਾਣ ਬੁੱਝ ਕੇ ਮੱਖੀ ਨਿਗਲਣ ਵਾਲੀ ਗੱਲ ਏ।" ਸਮੁੰਦ ਸਿੰਘ ਨੇ ਸਿਰ ਫੇਰਦਿਆਂ ਕਿਹਾ।

"ਵੇਖ ਭਾਅ ਸਮੁੰਦ ਸਿਹਾਂ! ਲੋਕਾਂ ਮਗਰ ਨਾ ਜਾਹ। ਮੇਰੇ ਵੱਲ ਵੇਖ। ਆਹ ਵੇਖ ਮੇਰੀ ਅੱਡੀ ਝੋਲੀ ਵਿਚ ਖ਼ੈਰ ਪਾ ਦਿਹ।" ਬਸੰਤ ਕੌਰ ਨੇ ਸਿਰ ਵਾਲੇ ਲੀੜੇ ਦੀ ਝੋਲੀ ਫੈਲਾ ਕੇ ਕਿਹਾ, "ਹੁਣ ਤੇਰੇ ਵੱਸ ਈ। ਮੈਨੂੰ ਉਸ ਘਰ ਵਿਚ ਵਸਦੀ ਰਹਿਣ ਦਿਹ। ਤੂੰ ਮੈਨੂੰ ਮੋੜ ਦਿੱਤਾ ਤਾਂ ਸਾਰੀ ਉਮਰ ਮੈਨੂੰ ਛੁੱਟੜ ਬਹਿ ਕੇ ਪੇਕਿਆਂ ਘਰ ਕੱਟਣੀ ਪੈਣੀ

ਏ। ਤੇਰਾ ਭਾਈਆ ਜ਼ਿੱਦ ਦਾ ਬੜਾ ਪੱਕਾ ਏ। ਮੈਨੂੰ ਉਹਨੇ ਦਲ੍ਹੀਜਾਂ ਤੋਂ ਅੰਦਰ ਪੈਰ ਨਹੀਂ ਧਰਨ ਦੇਣਾ। ਮੇਰੇ ਹਾਲ 'ਤੇ ਤਰਸ ਕਰ ਤੇ ਮੈਂ ਮਾਂ ਦੇ ਪਿੱਠੇ 'ਤੇ ਹੱਥ ਧਰ ਕੇ ਸਹੁੰ ਖਾਂਦੀ ਆਂ ਕਿ ਸਵਰਨੀ ਮੇਰੀ ਭੈਣ ਏਂ ਤੇ ਮੈਂ ਛੋਟੀ ਭੈਣ ਬਣਾ ਕੇ ਈ ਇਹਨੂੰ ਰੱਖਾਂਗੀ। ਮੈਨੂੰ ਇਹ ਮੰਦਾ ਵੀ ਬੋਲੇ, ਜੁੱਤੀਆਂ ਤੱਕ ਵੀ ਮਾਰੇ ਪਈ, ਮੈਂ ਅੱਗੋਂ ਉਭਾਸਰਾਂਗੀ ਨਹੀਂ। ਤੁਹਾਨੂੰ ਕਿਸੇ ਗੱਲ ਦਾ ਉਲਾਹਮਾ ਨਹੀਂ ਔਣ ਦਿਆਂਗੀ। ਮੇਰੀ ਆਈ ਦਾ ਮਾਣ ਰੱਖ ਲੈ। ਮੈਂ ਤਾਂ ਛੋਟੀ ਸੰਤੀ ਦਾ ਸਾਕ ਆਖ ਰਹੀ ਸਾਂ, ਪਰ ਉਹ ਅਜੇ ਬਹੁਤ ਛੋਟੀ ਏ, ਮਸ੍ਹਾਂ ਦਸਾਂ ਵਰ੍ਹਿਆਂ ਦੀ, ਏਸ ਵਾਸਤੇ ਉਹ ਮੰਨੇ ਨਹੀਂ। ਨਾਲੇ ਵਿਚਲੀ ਗੱਲ ਪੁਛਦਾ ਏਂ ਤਾਂ ਭਾਈਆ ਤੇਰਾ ਤੇਰੇ 'ਤੇ ਬਹੁਤ ਖ਼ੁਸ਼ ਏ। ਉਹ ਕਈ ਵਾਰ ਆਖਣਗੇ ਕਿ ਸਹੁਰੇ ਘਰ ਜਾ ਕੇ ਖਾਣ ਪੀਣ ਦਾ ਸੁਆਦ ਸਮੁੰਦ ਸੁੰਹ ਨਾਲ ਈ ਏ। ਮੇਰੇ ਬਦਲੇ ਨਹੀਂ ਤਾਂ ਉਹਨਾਂ ਦੀ ਦੋਸਤੀ ਖ਼ਾਤਰ ਈ ਮੰਨ ਲੈ।"

"ਪਹਿਲਾਂ ਤੂੰ ਸੈਂ ਕਿ ਉਹ।" ਸਮੁੰਦ ਸਿੰਘ ਨੇ ਬਸੰਤ ਕੋਰ ਦਾ ਮਾਣ ਰੱਖਣ ਵਾਸਤੇ ਕਿਹਾ।

"ਪਹਿਲਾਂ ਮੈਂ ਈ ਸਾਂ। ਏਸੇ ਮਾਣ ਉੱਤੇ ਮੈਂ ਆਈ ਆਂ। ਬੱਸ ਮੇਰੀ ਆਈ ਦੀ ਰੱਖ ਲੈ। ਆਹ ਵੇਖ" ਬਸੰਤ ਕੌਰ ਨੇ ਉਸਦੇ ਸਾਹਮਣੇ ਦੋਵੇਂ ਹੱਥ ਜੋੜ ਦਿੱਤੇ।

"ਹੂੰਹ! ਸੋਚ ਕੇ ਗੱਲ ਕਰਾਂਗਾ।" ਸਮੁੰਦ ਸਿੰਘ ਨੇ ਬਸੰਤ ਕੌਰ ਵੱਲ ਵੇਖ ਕੇ ਨੀਵੀਂ ਪਾ ਲਈ।

"ਹੱਛਾ, ਸੋਚ ਲੈ। ਇਕ ਦਿਨ, ਦੋ ਦਿਨ, ਜਿੰਨਾ ਚਿਰ ਤੇਰਾ ਜੀਅ ਕਰਦਾ ਏ, ਸੋਚ ਲੈ, ਪਰ ਮੈਂ ਏਥੋਂ ਖ਼ਾਲੀ ਨਹੀਂ ਮੁੜਨਾ। ਭੈਣ ਦੇ ਹੱਥਾਂ ਜੋੜਿਆਂ ਦੀ ਲਾਜ ਰੱਖ ਲਈਂ।" ਬਸੰਤ ਕੌਰ ਨੇ ਬਹੁਤ ਹੀ ਹਲੀਮੀ ਨਾਲ ਕਿਹਾ।

ਅਗਲੇ ਦੋ ਦਿਨ ਮਾਵਾਂ ਧੀਆਂ ਉਥੇ ਰਹੀਆਂ। ਬਸੰਤ ਕੌਰ ਦੇ ਸਮਝਾਉਣ ਉੱਤੇ ਮਾਂ ਨੇ ਸਮੁੰਦ ਸਿੰਘ ਨੂੰ ਇਹ ਵੀ ਕਿਹਾ, "ਵੇਖ ਪੁੱਤ ਸਮੁੰਦ ਸਿਹਾਂ, ਉਸ ਘਰ ਉਂਞ ਘਾਟਾ ਕਿਸੇ ਗੱਲ ਦਾ ਨਹੀਂ। ਫਿਰ ਸੰਤੀ ਨੂੰ ਵੀ ਤੂੰ ਜਾਣਦਾ ਏਂ। ਉੱਚੀ ਬੋਲਣ ਵਾਲੀ ਨਹੀਂ ਵਚਾਰੀ। ਮੈਂ ਝੋਲੀ ਪਾ ਕੇ ਲਚੱਲੀ ਆਂ, ਸਵਰਨੀ ਦੇ ਵਿਆਹ ਦਾ ਸਾਰਾ ਖ਼ਰਚ ਮੈਂ ਦਿਆਂਗੀ ਤੇ ਸੰਤੀ ਤਾਂ ਉਹਨੂੰ ਸੋਨੇ ਨਾਲ ਮੜ੍ਹ ਦੇਵੇਂਗੀ। ਬੱਸ ਤੂੰ 'ਹਾਂ' ਕਰ ਦਿਹ। ਖ਼ੁਸ਼ੀ-ਖ਼ੁਸ਼ੀ ਭੈਣ ਦੀ ਝੋਲੀ ਸ਼ਗਨ ਪਾ ਕੇ ਤੋਰ।"

ਦੋ ਦਿਨ ਸਮੁੰਦ ਸਿੰਘ ਹਰ ਪੱਖ ਉੱਤੇ ਵਿਚਾਰ ਕਰਦਾ ਰਿਹਾ। ਉਹਨੇ ਮੁਕੰਦ ਸਿੰਘ ਦੀ ਸਲਾਹ ਪੁੱਛੀ ਤਾਂ ਉਹਨੇ ਅੱਗੋਂ ਬੜੀ ਗੰਭੀਰਤਾ ਨਾਲ ਜਵਾਬ ਦਿੱਤਾ, "ਭਾਊ, ਘਰ ਵਿਚ ਲੰਬਰਦਾਰ ਇਕੋ ਹੁੰਦਾ ਏ। ਜਿਵੇਂ ਤੂੰ ਠੀਕ ਸਮਝਦਾ ਏਂ, ਉਵੇਂ ਕਰ। ਮੈਂ ਤੇਰੀ ਕੀਤੀ ਕਦੇ ਨਹੀਂ ਉਥੱਲਾਂਗਾ।"

ਸਮੁੰਦ ਸਿੰਘ ਨੇ ਮਾਂ ਨੂੰ ਵੀ ਪੁੱਛਿਆ। ਮਾਂ ਦੇ ਦਿਲ ਵਿਚ ਅਜੇ ਸੱਜਰਾ ਗੁੱਸਾ ਸੀ। ਉਹਨੇ ਜਵਾਬ ਦਿੱਤਾ, 'ਮੇਰੀ ਸਲਾਹ ਕਾਹਦੀ ਏ। ਮੇਰੇ ਵੱਸ ਹੁੰਦਾ ਤਾਂ ਆਸੋ ਏਸ ਘਰੋਂ ਰੋਂਦੀ ਭੁਸਕਦੀ ਕਿਉਂ ਖ਼ਾਲੀ ਮੁੜਦੀ। ਜਿਵੇਂ ਤੇਰੀ ਮਰਜ਼ੀ ਏ ਕਰ। ਮੇਰੀ ਸਲਾਹ ਦੀ ਕੀ ਲੋੜ ਏ ?"

"ਮਾਂ! ਆਸੋ ਦੇ ਦਿਉਰ ਨੂੰ ਸੁਰਖ਼ਾਬ ਦੇ ਪਰ ਲੱਗੇ ਹੋਏ ਨੇ ?" ਸਮੁੰਦ ਸਿੰਘ ਨੇ ਕੁਝ ਗੁੱਸੇ ਨਾਲ ਕਿਹਾ, "ਜਾਹ ਲੱਖਾ ਮੂੰਹ ਨਾਲੋਂ ਉਹਦੀ ਅੱਧੀ ਪੋਲੀ ਪੂਰੀ ਕਰ ਦਿਹ, ਅੱਜੇ ਸਾਕ ਲੈ ਜਾ। ਉਥੇ ਮੈਂ ਭੁੱਖੀ ਮਰਨ ਵਾਸਤੇ ਦੇ ਦੇਂਦਾ ?"

"ਪੁੱਤ, ਮੇਰੇ ਨਾਲ ਕਾਹਨੂੰ ਲੜਦਾ ਏਂ ? ਏਥੇ ਤਾਂ ਕੋਈ ਭੁੱਖ ਨਹੀਂ ਨਾ। ਭਲਕੇ ਸੰਤੀ ਦੀ ਝੋਲੀ ਪਾ ਸ਼ਗਨ। ਏਥੇ ਤੇਰੀ ਭੈਣ ਰਾਜ ਭੋਗੇਗੀ। ਸਾਰੀ ਉਮਰ ਤੇਨੂੰ ਅਸੀਸਾਂ ਦੇਵੇਗੀ।"

"ਮਾਂ!" ਸਮੁੰਦ ਸਿੰਘ ਨੇ ਗੁੱਸੇ ਨਾਲ ਕਿਹਾ। ਉਹ ਮਾਂ ਦੇ ਵਿਅੰਗ ਤੋਂ ਚਿੜ ਗਿਆ ਸੀ, "ਤੂੰ ਏਸੇ ਤਰ੍ਹਾਂ ਖ਼ੁਸ਼ ਏਂ, ਤਾਂ ਸਵਰਨੀ ਦਾ ਸਾਕ ਏਥੇ ਹੀ ਹੋਵੇਗਾ। ਉਹ ਰਾਜ ਨਹੀਂ ਭੋਗੇਗੀ, ਤਾਂ ਆਸੋ ਘਰੋਂ ਦਾਣੇ ਮੰਗਣ ਵੀ ਨਹੀਂ ਜਾਂਦੀ।" ਕਹਿੰਦਾ ਹੋਇਆ ਸਮੁੰਦ ਸਿੰਘ ਮਾਂ ਕੋਲੋਂ ਉਠ ਕੇ ਚਲਾ ਗਿਆ। ਸਾਰਾ ਦਿਨ ਉਹ ਕਿਸੇ ਨਾਲ ਨਹੀਂ ਬੋਲਿਆ।

ਅਗਲੀ ਸਵੇਰ ਉਹਨੇ ਸੰਤੀ ਇਕੱਲੀ ਨੂੰ ਸੱਦ ਕੇ ਬਾਹਰਲੀ ਬੈਠਕ ਵਿਚ ਕੋਲ ਬਹਾ ਲਿਆ। ਸੰਤੀ ਚੁੱਪ-ਚਾਪ ਭਰਾ ਦੀ ਪੈਂਦ ਵੱਲ ਦਮ ਸਾਧੀ ਬੈਠੀ ਰਹੀ। ਉਹਦਾ ਦਿਲ ਜ਼ੋਰ-ਜ਼ੋਰ ਦੀ ਧੜਕ ਰਿਹਾ ਸੀ। ਕੁਝ ਚਿਰ ਦੋਹਾਂ ਵਿਚ ਕੋਈ ਇਕ ਸ਼ਬਦ ਵੀ ਨਾ ਬੋਲਿਆ। ਸਮੁੰਦ ਸਿੰਘ ਦੋ ਦਿਨ ਇਸ ਮਸਲੇ 'ਤੇ ਸੋਚਦਾ ਰਿਹਾ ਸੀ। ਉਹ ਫ਼ੈਸਲਾ ਕਰ ਚੁੱਕਾ ਸੀ। ਫਿਰ ਵੀ ਝੱਟ-ਪੱਟ ਮੂੰਹੋਂ ਗੱਲ ਕੱਢਣ ਤੋਂ ਉਹ ਝਿਜਕ ਰਿਹਾ ਸੀ।

"ਭੈਣ!" ਸਮੁੰਦ ਸਿੰਘ ਨੇ ਬੜੀ ਔਖਿਆਈ ਨਾਲ ਇਕ ਇਕ ਸ਼ਬਦ ਕਿਹਾ। ਸੰਤੀ ਉਸ ਤੋਂ ਸਾਲ ਕੁ ਵੱਡੀ ਸੀ।

"ਹਾਂ ਭਾਅ!" ਸੰਤੀ ਨੇ ਧੜਕਦੇ ਦਿਲ ਨਾਲ ਅੱਗੋਂ ਹੁੰਗਾਰਾ ਭਰਿਆ।

"ਤੂੰ ਚੰਗੀ ਤਰ੍ਹਾਂ ਸੋਚ ਲਿਆ ਏ ਨਾਂ, ਜੋ ਕੁਝ ਤੂੰ ਕਹਿੰਦੀ ਏਂ।"

"ਵੀਰ ਸਮੁੰਦ ਸਿਹਾਂ! ਸਭ ਕੁਝ ਸੋਚ ਲਿਆ ਏ। ਮੇਰੇ 'ਤੇ ਭਰੋਸਾ ਕਰ। ਮੈਂ ਸਾਰੀ ਉਮਰ ਸਵਰਨੀ ਨੂੰ ਮੱਥੇ ਵੱਟ ਨਹੀਂ ਪਾਵਾਂਗੀ।"

"ਮੈਂ ਇਹ ਨਹੀਂ ਆਹੰਦਾ, ਪਈ ਤੂੰ ਸਵਰਨੀ ਨੂੰ ਚੰਗਾ ਮੰਦਾ ਨਾ ਬੋਲੀਂ। ਸਵਰਨੀ ਉੱਚਾ ਨੀਵਾਂ ਬੋਲੇਗੀ, ਤਾਂ ਤੈਨੂੰ ਵੀ ਬੋਲਣਾ ਪਵੇਗਾ। ਮੇਰਾ ਸਵਾਲ ਏ ਕਿ

ਭਲਕੇ ਮੈਨੂੰ ਤਾਂ ਉਲਾਹਮਾ ਨਹੀਂ ਦੇਵੇਂਗੀ ?" ਸਮੁੰਦ ਸਿੰਘ ਨੇ ਬਸੰਤ ਕੌਰ ਦੀਆਂ ਅੱਖਾਂ ਵਿਚ ਤੱਕਦਿਆਂ ਕਿਹਾ।

"ਨਹੀਂ। ਜਦ ਮੈਂ ਆਪ ਝੋਲੀ ਅੱਡ ਕੇ ਮੰਗਣ ਆਈ ਆਂ ਤਾਂ ਤੈਨੂੰ ਉਲਾਹਮਾ ਕਾਹਦਾ ?" ਬਸੰਤ ਕੌਰ ਨੇ ਅੱਖਾਂ ਨੀਵੀਆਂ ਕਰ ਲਈਆਂ।

"ਫੇਰ ਚੰਗੀ ਤਰ੍ਹਾਂ ਸੋਚ ਲੈ।" ਸਮੁੰਦ ਸਿੰਘ ਦੀ ਅਵਾਜ਼ ਵਿਚ ਬਜ਼ੁਰਗਾਂ ਵਾਲੀ ਚੇਤਾਵਨੀ ਸੀ।

"ਸਭ ਸੋਚ ਲਿਆ ਏ। ਤੂੰ ਫ਼ਿਕਰ ਨਾ ਕਰ। ਬੱਸ ਮੇਰਾ ਹੰਮਾ ਰੱਖ ਲੈ। ਮੈਂ ਵਸਦੀ ਰਹਿ ਜਾਵਾਂਗੀ।" ਬਸੰਤ ਕੌਰ ਦੇ ਮੂੰਹੋਂ ਉਸ ਦੀ ਮਜਬੂਰੀ ਬੋਲ ਰਹੀ ਸੀ।

ਦੋ ਤਿੰਨ ਮਿੰਟ ਫੇਰ ਦੋਹੀਂ ਪਾਸੀਂ ਚੁੱਪ ਵਰਤੀ ਰਹੀ। ਅੰਤ ਸਮੁੰਦ ਸਿੰਘ ਨੇ ਹੀ ਫੇਰ ਜ਼ੁਬਾਨ ਖੋਲ੍ਹੀ, "ਸੰਤੀਏ। ਮੈਂ ਪਰ੍ਹੇ ਵਿਚ ਬਹਿਣ ਵਾਲਾ ਆਂ। ਤੂੰ ਨਹੀਂ ਸਮਝ ਸਕਦੀ, ਇਸ ਵੇਲੇ ਮੇਰੇ ਨਾਲ ਕੀ ਬੀਤ ਰਹੀ ਏ। ਮੈਂ ਇਉਂ ਮਸੂਸ ਕਰ ਰਿਹਾਂ ਜਿਵੇਂ ਸਾਰੀ ਦੁਨੀਆਂ ਮੈਨੂੰ ਬੋਲੀਆਂ ਮਾਰ ਰਹੀ ਏ। ਜੀਹਦੀ ਮਾਂ ਨੂੰ ਕੋਈ ਨਹੀਂ ਪੁੱਛਦਾ, ਉਹ ਵੀ ਮੇਰੇ ਵੱਲੋਂ ਉਂਗਲੀਆਂ ਕਰ ਰਿਹਾ ਏ। 'ਵੇਖੋ ਉਇ, ਨਗੱਲੇ ਜੱਟ ਨੇ ਸ਼ਰਾਬ ਪੀ ਕੇ ਡੈਣ ਭਰੇ ਮੰਜੇ 'ਤੇ ਦੇ ਦਿੱਤੀ। ਪਰ, ....ਪਰ....ਹੱਛਾ, ਜੋ ਹੋਇਆ ਠੀਕ ਏ। ਮੈਂ ਤੈਨੂੰ ਖ਼ਾਲੀ ਨਹੀਂ ਮੋੜ ਸਕਦਾ।" ਆਖ਼ਰੀ ਵਾਕ ਉਹਨੇ ਇਉਂ ਔਖਿਆਂ ਹੋ ਕੇ ਕਿਹਾ, ਜਿਵੇਂ ਕੌੜੀ ਪੁੜੀ ਅੰਦਰ ਲੰਘਾਈਦੀ ਹੈ।

"ਭਾਅ। ਸੰਤੀ ਸਾਰੀ ਉਮਰ ਤੇਰਾ ਹਸਾਨ ਨਹੀਂ ਭੁਲਾਵੇਗੀ।" ਸੰਤੀ ਨੇ ਥੋੜ੍ਹਾ ਜਿਹਾ ਸਿਰ ਝੁਕਾ ਕੇ ਕਿਹਾ।

"ਹੱਛਾ ਹੋਰ ਸੁਣ ਲੈ। ਮੇਰੀ ਰੀਝ ਤਾਂ ਸੀ ਕਿ ਮੈਂ ਸਵਰਨੀ ਦਾ ਵਿਆਹ ਬੜੀ ਧੂਮ-ਧਾਮ ਨਾਲ ਕਰਾਂਗਾ, ਪਰ ਹੁਣ ਉਹ ਨਹੀਂ ਹੋ ਸਕੇਗਾ। ਮੈਂ ਨਹੀਂ ਕਰ ਸਕਾਂਗਾ। ਫੇਰਿਆਂ ਤੋਂ ਪਹਿਲਾਂ ਕਿਸੇ ਕੰਨ ਭਿਣਕ ਵੀ ਨਹੀਂ ਪੈਣ ਦੇਣੀ। ਪਿਛੋਂ ਕੁੱਤੇ ਭੌਂਕਦੇ ਰਹਿਣ। ਅਗਲੀ ਪੁੰਨਿਆਂ ਤੋਂ ਇਕ ਦਿਨ ਪਹਿਲਾਂ ਤੂੰ ਤੇ ਭਾਈਆ ਸ਼ਾਮ ਨੂੰ ਆ ਜਾਇਓ। ਉਧਰੋਂ ਭੂਆ ਤੇ ਫੁੱਫੜ ਆ ਜਾਣ। ਕੰਨਿਆ ਦਾਨ ਓਹਾ ਕਰਨਗੇ। ਤੁਹਾਡੇ ਚੋਹਾਂ ਤੋਂ ਬਿਨਾਂ ਹੋਰ ਇਕ ਆਦਮੀ ਵੀ ਨਹੀਂ। ਨਾਲ ਲਾਗੀ ਤੱਕ ਨਹੀਂ ਲਿਔਣਾ। ਸਮਝ ਲਿਆ ?"

"ਜਿਵੇਂ ਤੂੰ ਆਖੇਂਗਾ। ਤੇਰੇ ਹੁਕਮ ਬਿਨਾਂ ਪੱਤਾ ਨਹੀਂ ਹਿੱਲੇਗਾ।"

"ਲੈ ਫੜ।" ਸਮੁੰਦ ਸਿੰਘ ਨੇ ਜੇਬ ਵਿਚੋਂ ਦਸਾਂ ਦਾ ਨੋਟ ਕਢ ਕੇ ਸੰਤੀ ਦੇ ਹੱਥ ਧਰਦਿਆਂ ਕਿਹਾ, "ਏਹਾ ਸ਼ਗਨ ਸਮਝ। ਏਥੇ ਹੋਰ ਕਿਸੇ ਨਾਲ ਕੋਈ ਗੱਲ ਨਹੀਂ ਕਰਨੀ। ਜਲ ਪਾਣੀ ਛਕੋ, ਤੇ ਚਲੋ ਮੈਂ ਤੁਹਾਨੂੰ ਤੋਰ ਆਵਾਂ।"

ਤਿੰਨ ਚਾਰ ਪੈਲੀਆਂ ਬਾਹਰ ਤੱਕ ਤੋਰਨ ਗਿਆ ਸਮੁੰਦ ਸਿੰਘ। ਵਿਆਹ ਬਾਰੇ ਇਕ ਵਾਰ ਫਿਰ ਸਭ ਕੁਝ ਸਮਝਾ ਕੇ ਉਹ ਵਾਪਸ ਮੁੜਿਆ।

## ੧੧

ਚਿਲਮਿਲਾਂਦੇ ਦਿਨ ਨਾਲ ਕਹਾਰਾਂ ਨੇ ਡੋਲਾ ਲੱਖਾ ਸਿੰਘ ਦੀ ਹਵੇਲੀ ਵਿਚ ਆ ਰਖਿਆ। ਲੋਕਾਂ ਨੂੰ ਤਾਂ ਪਤਾ ਲੱਗਾ ਕਿ ਲੱਖਾ ਸਿੰਘ ਨੇ ਦੂਸਰਾ ਵਿਆਹ ਕਰਾ ਲਿਆ ਹੈ। ਪਿੰਡ ਦੀਆਂ ਸਵਾਣੀਆਂ ਨਵੀਂ ਵਹੁਟੀ ਵੇਖਣ ਆਈਆਂ। ਡੋਲੇ ਉਦਾਲੇ ਕੁੜੀਆਂ, ਮੁਟਿਆਰਾਂ ਤੇ ਦਿਰਾਣੀਆਂ-ਜੇਠਾਣੀਆਂ ਦਾ ਝੁਰਮਟ ਪੈ ਗਿਆ।

ਬਸੰਤ ਕੌਰ ਡੋਲੇ ਨਾਲੋਂ ਦਸ-ਕੁ ਮਿੰਟ ਪਹਿਲਾਂ ਘਰ ਆ ਪੁੱਜੀ ਸੀ। ਸਭ ਤੋਂ ਪਹਿਲਾਂ ਉਹਨੇ ਆ ਕੇ ਡੋਲੇ ਦਾ ਪੱਲਾ ਚੁੱਕਿਆ। ਸਵਰਨੀ ਅੱਗੇ ਡੋਲੇ ਦੇ ਅੰਦਰ ਦੀ ਘੁੰਡ ਕੱਢੀ ਬੈਠੀ ਸੀ। ਉਹਦੇ ਕੰਨਾਂ ਵਿਚ ਉਦਾਲੇ ਖੜੀਆਂ ਦਿਰਾਣੀਆਂ ਜੇਠਾਣੀਆਂ ਦੇ ਗੀਤਾਂ ਦੀ 'ਵਾਜ ਪੈ ਰਹੀ ਸੀ। ਸ਼ਗਨਾਂ ਦੇ ਗੀਤ, ਜੋ ਇਸ ਮੌਕਿਆਂ 'ਤੇ ਪੀੜ੍ਹੀਆਂ ਤੋਂ ਗਾਏ ਜਾ ਰਹੇ ਨੇ। ਕੁਝ ਸ਼ੋਖ ਮੁਟਿਆਰਾਂ ਹਾਸਾ ਠੱਠਾ ਵੀ ਕਰ ਰਹੀਆਂ ਸਨ। ਵਿਆਹ ਦਾ ਮਤਲਬ ਹੀ ਹੁੰਦਾ ਹੈ ਹੱਸਣਾ, ਨੱਚਣਾ, ਖੁਸ਼ੀਆਂ ਮਨਾਉਣਾ। ਪਰ ਇਹ ਵਿਆਹ ਸਾਧਾਰਨ ਨਾਲੋਂ ਕੁਝ ਅਨੋਖਾ ਸੀ। ਇਸ ਵਿਚ ਲੋਕਾਂ ਦੀ ਦਿਲਚਸਪੀ ਦਾ ਕਾਰਣ ਕੁਝ ਵਧੇਰੇ ਸੀ।

ਮਖਤੂਲ ਸਿੰਘ ਦੀ ਘਰ ਵਾਲੀ ਅੱਗੇ ਵਧੀ। ਉਹ ਬੜੇ ਨਰੋਏ ਸਰੀਰ ਦੀ ਮਾਲਕ ਚੰਗੀ ਜਵਾਨ ਸੀ। ਉਸ ਨੇ ਬਸੰਤ ਕੌਰ ਨੂੰ ਪਾਸੇ ਕਰਕੇ ਵਹੁਟੀ ਨੂੰ ਡੋਲੇ ਵਿਚੋਂ ਕੱਢ ਕੇ ਆਪਣੀ ਢਾਕ ਉੱਤੇ ਚੁੱਕ ਲਿਆ। "ਸਾਡਾ ਸ਼ਾਹ ਵਹੁਟੀ ਤਾਂ ਵਾਹਵਾ ਨਰੋਈ ਭਾਲ ਕੇ ਲਿਆਇਆ ਏ।" ਉਹਨੇ ਮੁਟਿਆਰ ਸਵਰਨੀ ਦੀ ਸ਼ੋਭਾ ਕਰਦਿਆਂ ਕਿਹਾ।

ਡੋਲਾ ਬਾਹਰਲੀ ਹਵੇਲੀ ਵਿਚ ਰੱਖਿਆ ਗਿਆ। ਉਥੋਂ ਹੁਣ ਵਹੁਟੀ ਨੇ ਅਗਲੇ ਵਸੋਂ ਵਾਲੇ ਘਰ ਪੈਰ ਪਾਉਣਾ ਸੀ। ਡਿਉਢੀ ਦੇ ਦੋਹੀਂ ਪਾਸੀਂ ਬਸੰਤ ਕੌਰ ਨੇ ਤੇਲ ਚੋਇਆ। ਜ਼ਨਾਨੀਆਂ ਨੇ ਹਰ ਮੌਕਿਆਂ ਦੇ ਢੁਕਵੇਂ ਗੀਤ ਗਾਏ। ਪੰਜਾਬੀ ਬੋਲੀ ਇਸ ਪੱਖੋਂ ਬੜੀ ਅਮੀਰ ਹੈ।

"ਅਗ੍ਹਾਂ ਹੋਵੋ ਨੀ। ਹੁਣ ਪਾਣੀ ਕੌਣ ਵਾਰੇਗੀ ?" ਪਿਛੋਂ ਇਕ ਤਿੱਖੀ ਜੇਹੀ ਅਵਾਜ਼ ਆਈ।

ਲੱਖਾ ਸਿੰਘ ਦੀ ਮਾਂ ਚਰੋਕਣੀ ਮਰ ਚੁੱਕੀ ਸੀ।

"ਪਾਣੀ ਵਾਰਾਂਗੀ ਮੈਂ।" ਪਾਸੇ ਤੋਂ ਨੰਬਰਦਾਰਨੀ ਨੇ ਅੱਗੇ ਵੱਧਦਿਆਂ ਕਿਹਾ,

"ਇਹ ਥਾਂ ਮੈਂ ਹੋਰ ਕਿਸੇ ਨੂੰ ਮੱਲਣ ਦੇਂਦੀ ਆਂ ? ਸਾਰੇ ਪਰਵਾਰ ਵਿਚੋਂ ਮੈਂ ਵੱਡੀ ਆਂ। ਅਜੇ ਕੱਲ੍ਹ ਦੀ ਗੱਲ ਏ, ਲੱਖਾ ਮੂੰਹ ਮੇਰੇ ਸਾਹਮਣੇ ਨੰਗਾ ਭੱਜਾ ਫਿਰਦਾ ਸੀ।"

ਨੰਬਰਦਾਰਨੀ ਦੀ ਇਸ ਟਕੋਰ 'ਤੇ ਸਾਰੀਆਂ ਹੱਸ ਪਈਆਂ। ਉਹ ਲੱਖਾ ਸਿੰਘ ਨਾਲੋਂ ਉਮਰ ਵਿਚ ਪੰਦਰਾਂ ਸਾਲ ਵੱਡੀ ਸੀ। ਨਿਕਲੇ ਹੋਏ ਦੰਦਾਂ ਦੇ ਕਾਰਨ ਉਹ ਆਪਣੀ ਅਸਲ ਉਮਰ ਨਾਲੋਂ ਵੀ ਵਡੇਰੀ ਜਾਪਦੀ ਸੀ। ਫਿਰ ਵੀ ਉਹ ਭਰਜਾਈ ਸੀ। ਭਰਜਾਈਆਂ ਵਾਲਾ ਹਾਸਾ ਠੱਠਾ ਕਰਨਾ ਵੀ ਉਹ ਆਪਣਾ ਹੱਕ ਸਮਝਦੀ ਸੀ।

"ਬੇਬੇ! ਤੂੰ ਸ਼ਾਹ ਨਾਲੋਂ ਕਿੰਨੀ ਕੁ ਵੱਡੀ ਏਂ।" ਕੋਲੋਂ ਅਰਜਣ ਸਿੰਘ ਦੀ ਘਰਵਾਲੀ ਨੇ ਪੁੱਛਿਆ।

ਪਿੰਡ ਵਿਚ ਲੱਖਾ ਸਿੰਘ ਨੂੰ ਬਹੁਤੇ 'ਸ਼ਾਹ' ਕਿਹਾ ਕਰਦੇ ਸਨ। ਇਹ ਲਕਬ ਧਾਰਨ ਕਰਨ ਦਾ ਉਹਨੂੰ ਹੱਕ ਵੀ ਸੀ। ਉਹ ਕਈ ਸਾਮੀਆਂ ਦਾ ਸ਼ਾਹ ਸੀ। ਜ਼ਮੀਨ ਨਾਲੋਂ ਵਿਆਜ ਦੀ ਆਮਦਨ ਉਸ ਨੂੰ ਵਧੇਰੇ ਸੀ।

"ਲੈਖਾਂ! ਮੇਰੀ ਕਿਤੇ ਪਾਂਧੇ ਨੇ ਜਰਮ-ਪੱਤਰੀ ਬਣਾਈ ਸੀ ਉਦੋਂ ? ਏਹਾ, ਹੋਵਾਂਗੀ ਰਣਜੀਤ ਸ੍ਹੰਹ ਦੇ ਰਾਜ ਦੇ ਵੇਲੇ ਦੀ। ਮਖ਼ੌਲ ਤੇ ਲੱਖੇ ਨੂੰ ਮੈਂ ਨੰਗਿਆਂ ਨਹੌਂਦੀ ਹੁੰਦੀ ਸਾਂ।"

ਉਦਾਲੇ ਖੜੀਆਂ ਵਿਚ ਇਕ ਵਾਰ ਫੇਰ ਹਾਸਾ ਪੈ ਗਿਆ।

"ਲੰਬਰਦਾਰਨੀਏਂ! ਹੁਣ ਪੜਦਾ ਵੀ ਰਹਿਣ ਦੇ।" ਲੱਖਾ ਸਿੰਘ ਨੇ ਮੁਸਕੜੀਆਂ 'ਚ ਹੱਸਦਿਆਂ ਕਿਹਾ। ਜਿਥੇ ਉਹਨੂੰ ਹਾਸੇ ਠੱਠੇ ਵਿਚੋਂ ਸੁਆਦ ਆ ਰਿਹਾ ਸੀ, ਉਥੇ ਮੁਟਿਆਰ ਭਤੀਜੀਆਂ ਦੀ ਮੌਜੂਦਗੀ ਦੇ ਕਾਰਨ ਉਹ ਕੁਝ ਸ਼ਰਮ ਵੀ ਮਹਿਸੂਸ ਕਰ ਰਿਹਾ ਸੀ।

"ਢਕਿਆ ਰਹੁ ਵੇ! ਸੂਤਨਾ ਬੰਨ੍ਹਣ ਦੀ ਜਾਚ ਨਹੀਂ ਸੀ ਹੁੰਦੀ ਤੇ ਅੱਜ ਟੋਕਾ-ਟਾਕੀ ਕਰਦਾ ਏ ਲੰਬਰਦਾਰਨੀ ਨਾਲ। ਚੁੱਪ ਰਹੋ, ਨਹੀਂ ਤਾਂ ਮੈਂ ਸਾਰੀਆਂ ਕਰਤੂਤਾਂ ਦੱਸ ਦੇਊਂਗੀ ਨਿੱਕੇ ਹੁੰਦੇ ਦੀਆਂ।" ਲੰਬਰਦਾਰਨੀ ਦਾ ਦਿਲ ਅੱਜ ਬਹੁਤ ਮੱਚਿਰ ਰਿਹਾ ਸੀ। ਸੱਚ ਆਹੰਦੇ ਨੇ : ਦਿਲ ਕਦੇ ਬੁੱਢਾ ਨਹੀਂ ਹੁੰਦਾ, ਰੀਝ ਕਦੇ ਪੁਰਾਣੀ ਨਹੀਂ ਹੁੰਦੀ।

"ਰਹਿਮ। ਰਹਿਮ ਦੀ ਨਜ਼ਰ, ਵੱਡੀਏ ਭਰਜਾਈਏ!" ਲੱਖਾ ਸਿੰਘ ਨੇ ਫਿਰ ਰਹਿਮ ਦੀ ਦਰਖ਼ਾਸਤ ਕੀਤੀ।

"ਵੇਖ੍ਹਾਂ! ਜਦ ਤੂੰ ਵੱਡੀ ਭਰਜਾਈ ਆਹੰਦਾ ਏਂ ਤਾਂ ਭਰਜਾਈ ਫਿਰ ਹਾਸਾ ਠੱਠਾ ਕਿਉਂ ਨਾ ਕਰੇ ? ਅੱਜ ਸਾਡਾ ਹੱਸਣਾ ਖੇਡਣਾ ਬਣਦਾ ਏ। ਨਵਾਂ ਵਿਆਹ ਕਰਾ ਕੇ ਆਇਆ ਏਂ। ਰਬੜ ਦੀ ਗੁੱਡੀ ਵਰਗੀ ਨਵੀਂ ਵਹੁਟੀ ਲਿਆਂਦੀ ਊ। ਕੁੜੇ, ਗੌਣ

ਕੱਢੋ ਨੀ ਤੁਸੀਂ।" ਬਸੰਤ ਕੌਰ ਕੋਲੋਂ ਪਾਣੀ ਦਾ ਗੜਵਾ ਫੜਦਿਆਂ ਨੰਬਰਦਾਰਨੀ ਨੇ ਲਾਗੇ ਖੜੀਆਂ ਜਨਾਨੀਆਂ ਨੂੰ ਲਲਕਾਰਿਆ।

"ਪਾਣੀ ਵਾਰ ਬੰਨੇ ਦੀਏ ਮਾਏ,
ਬੰਨਾ ਤੇਰੇ ਬਾਰ ਖੜਾ।

ਸ਼ਗਨਾਂ ਦੇ ਗੀਤ ਦੀਆਂ ਚੁਫੇਰਿਉਂ ਉੱਚੀਆਂ-ਨੀਵੀਆਂ ਰਲਵੀਆਂ ਅਵਾਜ਼ਾਂ ਆਈਆਂ।

ਨੰਬਰਦਾਰਨੀ ਨੇ ਸਵਰਨੀ ਤੇ ਲੱਖਾ ਸਿੰਘ ਦੇ ਸਿਰ ਤੋਂ ਪਾਣੀ ਵਾਰ ਕੇ ਪੀਤਾ। ਇਕ ਪੁਰਾਤਨ ਰਸਮ ਸੀ, ਜੋ ਪੂਰੀ ਹੋ ਗਈ।

"ਬੇਬੇ। ਤੂੰ ਹੁਣ ਸ਼ਾਹ ਦੀ ਕੀ ਲੱਗੀ ?" ਪਿੱਛੋਂ ਕਿਸੇ ਦੀ ਵਿਅੰਗ ਭਰੀ ਅਵਾਜ਼ ਗੂੰਜੀ। ਉਹਦਾ ਇਸ਼ਾਰਾ ਸੀ ਕਿ ਪਾਣੀ ਮਾਵਾਂ ਵਾਰਿਆ ਕਰਦੀਆਂ ਹਨ।

"ਮੈਂ ਲੱਗੀ ਸ਼ਾਹ ਦੀ ਮਾਂ। ਬਸੰਤ ਕੌਰ ਦੀ ਤਾਂ ਮੈਂ ਜਠਾਣੀ ਆਂ ਪਰ ਲਾੜੇ ਦੀ ਮਾਂ ਆਂ। ਇਹ ਮੁੱਖੇ ਦੀ ਰੀਸ ਨਾਲ ਮੇਰਾ ਦੁੱਧ ਚੁੰਘ ਜਾਂਦਾ ਹੁੰਦਾ ਸੀ।" ਮੁੱਖਾ ਲੰਬਰਦਾਰਨੀ ਦਾ ਵੱਡਾ ਪੁੱਤਰ ਸੀ।

"ਵਾਸਤਾ ਈ ਰੱਬ ਦਾ ਲੰਬਰਦਾਰਨੀਏ। ਜਾਣ ਦੇ ਹੁਣ।" ਲੱਖਾ ਸਿੰਘ ਨੇ ਨਾਟਕੀ ਢੰਗ ਨਾਲ ਹੱਥ ਜੋੜਦਿਆਂ ਕਿਹਾ।

"ਅੱਜ ਦਾ ਦਿਨ ਤਾਂ ਮੈਂ ਚੁੱਪ ਕਰਨਾ ਨਹੀਉਂ। ਭਲਕ ਤੋਂ ਤੂੰ ਸ਼ਾਹ ਤੇ ਮੈਂ ਲੰਬਰਦਾਰਨੀ। ਅੱਜ ਖ਼ੁਸ਼ੀ ਦਾ ਦਿਨ ਏ। ਅੱਜ ਤਾਂ ਮੈਂ ਤੇਰੀ ਮਾਂ ਵੀ, ਭਰਜਾਈ ਵੀ, ਸਾਲੀ ਵੀ ਤੇ ਜੇ ਕੁਝ ਹੋਰ ਬਣਾਵੇਂ ਤਾਂ ਉਹ ਵੀ।"

"ਲਉ ਹੋਰ ਸੁਣ ਲੋ।" ਕੋਲੋਂ ਮਖਤੂਲ ਸਿੰਘ ਦੀ ਵਹੁਟੀ ਨੇ ਕੁਝ ਨੱਕ ਚੜ੍ਹਾ ਕੇ ਕਿਹਾ।

"ਕੀ ਸੁਣ ਲੈਣ ?" ਲੰਬਰਦਾਰਨੀ ਨੇ ਦਿਰਾਣੀ ਵੱਲ ਤੱਕਦਿਆਂ ਕਿਹਾ। "ਵਿਆਹ ਵਿਚ ਸਭ ਕੁਝ ਜੈਜ ਏ। ਗੱਲਾਂ ਤਾਂ ਓਹਾ ਹੁੰਦੀਆਂ ਨੇ, ਸਿਰਫ਼ ਵੇਲੇ ਵੇਲੇ ਦਾ ਫ਼ਰਕ ਹੁੰਦਾ ਏ। ਅਖੇ : ਗੌਂਦਿਆਂ ਦੀਆਂ ਸਿਠਣੀਆਂ ਤੇ ਲੜਦੀਆਂ ਦੇ ਮੇਹਣੇ। ਹੱਸੋ ਨੀ ਕੁੜੀਓ। ਦਿਹੋ ਕੁੜੀ ਮੁੰਡੇ ਨੂੰ ਸਿਠਣੀਆਂ।"

"ਵਹੁਟੀ ਨੂੰ ਜੋ ਮਰਜ਼ੀ ਜੇ ਆਖ ਲਓ, ਪਰ ਨੀਂਗਰ ਚੰਦ ਨੂੰ ਨਾ ਆਖਿਓ। ਵਚਾਰਾ ਅੰਞਾਣਾ ਏ, ਰੁੱਸ ਪਵੇਗਾ।"

"ਅਸਲੋਂ ਅੰਞਾਣਾ। ਰੋਂਦਾ ਵੀ ਨਹੀਂ, ਧੀਰਾ।"

"ਬੱਸ ਬੇਬੇ!" ਬਸੰਤ ਕੌਰ ਨੇ ਨੰਬਰਦਾਰਨੀ ਦੀ ਬਾਂਹ ਨੱਪਦਿਆਂ ਕਿਹਾ।

"ਹੁਣ ਤੁਸੀਂ ਅਗਲੇ ਸ਼ਗਨ ਕਰੋ।

ਵਸੋਂ ਵਾਲੇ ਅੰਦਰ ਬਸੰਤ ਕੌਰ ਨੇ ਹੇਠਾਂ ਤਲਾਈ, ਉੱਪਰ ਦੋਹਰ ਤੇ ਉਹਦੇ ਉੱਤੇ ਰੇਸ਼ਮੀ ਚੁੰਨੀ ਵਿਛਾਈ ਹੋਈ ਸੀ। ਨੰਬਰਦਾਰਨੀ ਨੇ ਨਵੀਂ ਵਹੁਟੀ ਨੂੰ ਬੇ-ਜਾਨ ਗੁੱਡੀ ਵਾਂਗ ਡੌਲਿਆਂ ਤੋਂ ਫੜ ਕੇ ਉਸ ਵਿਛਾਈ ਉੱਤੇ ਬਿਠਾ ਦਿੱਤਾ। ਲੱਖਾ ਸਿੰਘ ਆਪਣੇ ਆਪ ਉਹਦੇ ਸੱਜੇ ਪਾਸੇ ਬਰਾਬਰ 'ਤੇ ਆ ਬੈਠਾ। ਜਿਥੇ ਉਹ ਕੁਝ ਸੰਗ ਮਹਿਸੂਸ ਕਰ ਰਿਹਾ ਸੀ, ਉਥੇ ਉਹਦੇ ਅੰਦਰ ਇਕ ਮਾਣ ਵੀ ਸੀ। ਇਕ ਨਵੀਂ ਨਰੋਈ ਜ਼ਨਾਨੀ ਤੇ ਦੋ ਬੱਚਿਆਂ ਦੇ ਹੁੰਦਿਆਂ ਉਹ ਇਕ ਹੋਰ ਮੁਟਿਆਰ ਵਿਆਹ ਕੇ ਲੈ ਆਇਆ ਸੀ। ਇਹ ਉਹਦੀ ਸਰਦਾਰੀ ਦੀ ਜਿੱਤ ਸੀ। ਨਹੀਂ ਤਾਂ ਪਿੰਡ ਵਿਚ ਕਈ ਉਹਦੇ ਹਾਣੀ ਅਜੇ ਕੁਆਰੇ ਫਿਰਦੇ ਸਨ, ਜਿਨ੍ਹਾਂ ਨੂੰ ਵਿਆਹ ਦੀ ਕਦੇ ਵੀ ਆਸ ਨਹੀਂ ਸੀ।

ਬਸੰਤ ਕੌਰ ਨੇ ਖੰਡ ਘਿਓ ਦਾ ਭਰਿਆ ਕੌਲ ਲਾਗੇ ਲਿਆ ਰੱਖਿਆ। ਨੰਬਰਦਾਰਨੀ ਨੇ ਉਸ ਵਿਚੋਂ ਤਿੰਨਾਂ ਉਂਗਲਾਂ ਨਾਲ ਚੂੰਢੀ ਭਰਕੇ ਲੱਖਾ ਸਿੰਘ ਵੱਲ ਵਧਾਉਂਦਿਆਂ ਕਿਹਾ, "ਲੈ ਕਾਕਾ! ਵਾ—ਗੁਰੂ ਆਖ।"

ਜਿਸ ਢੰਗ ਨਾਲ ਉਹਨੇ 'ਕਾਕਾ' ਸ਼ਬਦ ਦਾ ਉਚਾਰਣ ਕੀਤਾ, ਸੁਣ ਕੇ ਸਾਰੇ ਕਮਰੇ ਵਿਚ ਹਾਸਾ ਪੈ ਗਿਆ।

"ਵਾਹ ਲੈ ਅੱਜ ਵਾਰੀਆਂ।" ਕਹਿੰਦੇ ਹੋਏ ਲੱਖਾ ਸਿੰਘ ਨੇ ਖੰਡ ਘਿਓ ਦੀ ਬੁਰਕੀ ਲੈਣ ਵਾਸਤੇ ਮੂੰਹ ਟੱਡ ਦਿੱਤਾ।

"ਵੇ, ਇਹ ਦਿਨ ਕਿਸੇ ਭਾਗਾਂ ਵਾਲੇ 'ਤੇ ਆਵੇ। ਕਈਆਂ ਨੂੰ ਕਾਣੀ ਗੰਜੀ ਵੀ ਨਹੀਂ ਲਭਦੀ ਤੇ ਤੂੰ ਇਕ ਹੀਰ ਵਰਗੀ ਜੱਟੀ ਹੁੰਦਿਆਂ ਦੂਜੀ ਸੋਹਣਾਂ ਵਰਗੀ ਠਪੁੱਕ ਲਿਆਇਆ ਏਂ। ਜਾਹ, ਲੰਬਰਦਾਰ ਦਾ ਇਕ ਹੋਰ ਵਿਆਹ ਕਰ ਦੇ, ਤੇ ਤੂੰ ਏਦੋਂ ਦੂਣੀਆਂ ਆਖ ਲਈਂ।"

"ਲੰਬਰਦਾਰ ਹਾਂ ਕਰੇ, ਜਨਾਨੀਆਂ ਦਾ ਘਾਟਾ ਏ ?" ਲੱਖਾ ਸਿੰਘ ਦੇ ਖ਼ਿਆਲ ਵਿਚ ਹੋਣ ਵਾਲੇ ਨੂੰ ਕਿਸੇ ਉਮਰ ਵੀ ਜ਼ਨਾਨੀ ਦਾ ਘਾਟਾ ਨਹੀਂ ਸੀ।

"ਉਹਦੀ ਥਾਂ ਮੈਂ ਜੁ ਹਾਂ ਕਰਦੀ ਆਂ। ਪਰ ਤੇਰੀ ਸਵਰਨ ਕੌਰ ਵਰਗੀ ਹੋਵੇ, ਫੱਤੋ ਮਰਾਸਣ ਵਰਗੀ ਨਾ ਸਹੇੜ ਦੇਵੀਂ।"

"ਬੇਬੇ! ਜਾਣ ਦੇ ਹੁਣ।" ਬਸੰਤ ਕੌਰ ਨੇ ਫਿਰ ਉਹਦਾ ਗੋਡਾ ਦਬਦਿਆਂ ਕਿਹਾ।

"ਬੱਸ ਹੁਣ।" ਨੰਬਰਦਾਰਨੀ ਨੇ ਦਿਰਾਣੀ ਦੀ ਰਮਜ਼ ਸਮਝਦਿਆਂ ਕਿਹਾ, "ਲੈ ਵਹੁਟੀਏ! ਮੂੰਹ ਕਰ।" ਨੰਬਰਦਾਰਨੀ ਨੇ ਉਹਦੇ ਵੱਲੇ ਖੰਡ ਘਿਉ ਦੀ ਬੁਰਕੀ ਵਧਾਉਂਦਿਆਂ ਕਿਹਾ।

ਉਹਨੇ ਸਵਰਨੀ ਦੇ ਮੂੰਹ ਤੋਂ ਥੋੜਾ ਜਿਹਾ ਪੱਲਾ ਉਤਾਂਹ ਚੁੱਕਿਆ, ਪਰ ਸਵਰਨੀ ਨੇ ਛੇਤੀ ਨਾਲ ਸੱਜੇ ਪਾਸਿਓਂ ਲੀੜਾ ਫੜ ਕੇ ਲੱਖਾ ਸਿੰਘ ਵੱਲੋਂ ਉਹਲਾ ਕਰੀ ਰੱਖਿਆ।

"ਹੱਛਾ, ਸ਼ਾਹ ਜੀ! ਹੁਣ ਤੁਸੀਂ ਬਾਹਰ ਚੱਲੋ।" ਨੰਬਰਦਾਰਨੀ ਨੇ ਸੱਜੇ ਹੱਥ ਨਾਲ ਬੂਹਾ ਵਿਖਾਉਂਦਿਆਂ ਕਿਹਾ।

ਲੱਖਾ ਸਿੰਘ ਉਠ ਕੇ ਬਾਹਰ ਨਿਕਲ ਗਿਆ। ਸਾਹਮਣੇ ਬੂਹੇ ਵਿਚ ਹਰਨਾਮਾ ਤੇ ਸ਼ਾਮੋ ਉਦਾਸ ਖੜੇ ਸਨ। ਲੱਖਾ ਸਿੰਘ ਉਹਨਾਂ ਨਾਲ ਨਜ਼ਰ ਨਾ ਮਿਲਾ ਸਕਿਆ। ਉਹ ਬੂਹੇ ਅੱਗੇ ਲੱਥੀ ਜੁੱਤੀ ਪਾ ਕੇ ਬਾਹਰ ਨੂੰ ਨਿਕਲ ਗਿਆ।

ਸ਼ਾਮੋ ਤੇ ਨਾਮਾ ਦੋਵੇਂ ਹੈਰਾਨ ਖੜੇ ਇਹ ਨਾਟਕ ਵੇਖ ਰਹੇ ਸਨ। ਸਤੇ ਸੱਤ ਸਾਲ ਤੇ ਨੌਂ ਸਾਲ ਦੇ ਹੀ ਤਾਂ ਸਨ ਉਹ। ਉਹ ਫ਼ੈਸਲਾ ਨਹੀਂ ਸਨ ਕਰ ਸਕਦੇ ਕਿ ਇਸ ਕਾਰਜ ਉੱਤੇ ਉਹਨਾਂ ਨੂੰ ਖ਼ੁਸ਼ ਹੋਣਾ ਚਾਹੀਦਾ ਹੈ ਜਾਂ ਨਾਰਾਜ਼। ਪਰ ਉਹ ਹੈਰਾਨ ਤੇ ਉਦਾਸ ਜ਼ਰੂਰ ਸਨ। ਕਦੇ ਉਹ ਆਪਣੇ ਪਿਉ ਵੱਲ ਵੇਖਦੇ, ਕਦੇ ਮਾਂ ਵੱਲ। ਦੋਹਾਂ ਦੇ ਮੂੰਹ ਉਹਨਾਂ ਨੂੰ ਅੱਜ ਹੋਰ ਤਰ੍ਹਾਂ ਦੇ ਲਗਦੇ। ਬੇ-ਪਛਾਤੇ ਜੇਹੇ, ਜਿਨ੍ਹਾਂ ਨੂੰ ਵੇਖਿਆਂ ਬੜਾ ਚਿਰ ਹੋਇਆ ਹੋਵੇ।

ਬਸੰਤ ਕੌਰ ਨੇ ਇਕ ਵਾਰ ਧੀ-ਪੁੱਤ ਦੇ ਪਰੇਸ਼ਾਨ ਮੂੰਹਾਂ ਵੱਲ ਵੇਖਿਆ ਤੇ ਝੱਟਪੱਟ ਅੱਖਾਂ ਨੀਵੀਆਂ ਕਰ ਲਈਆਂ। ਉਹਦੇ ਜੀਅ ਨੂੰ ਬੜਾ ਕੁਝ ਹੋਇਆ। ਗੱਚ ਨਾਲ ਉਹਦੇ ਅੰਦਰੋਂ ਹੰਝੂ ਉਛਲ ਆਏ, ਪਰ ਇਸ ਵੇਲੇ ਉਹ ਰੋ ਨਹੀਂ ਸੀ ਸਕਦੀ। ਉਹਨੇ ਕਸੀਸ ਵੱਟ ਕੇ ਅੰਦਰ ਦੇ ਅੱਥਰੂ ਅੰਦਰੇ ਰੋਕ ਲਏ। ਬਾਗ਼ੀ ਹੋ ਰਹੀਆਂ ਚੀਸਾਂ ਚਸਕਾਂ ਨੂੰ ਉਹਨੇ ਲੱਜ-ਸ਼ਰਮ ਦੇ ਦਾਬੂ ਧਰ ਕੇ ਦਬਾਅ ਦਿੱਤਾ। ਉਹ ਦਿਰਾਣੀਆਂ ਜੇਠਾਣੀਆਂ ਨਾਲ ਖਿੜੇ ਮੱਥੇ ਹੱਸ-ਹੱਸ ਕੇ ਗੱਲਾਂ ਕਰ ਰਹੀ ਸੀ। ਉਹ ਮੁਸਕਰਾ ਰਹੀ ਸੀ। ਉਹ ਬੜੀ ਢੁੱਕਵੀਂ ਐਕਟਿੰਗ ਕਰ ਰਹੀ ਸੀ, ਕਿਸੇ ਸੁਲਝੀ ਹੋਈ ਫ਼ਿਲਮੀ ਹੀਰੋਇਨ ਵਾਂਗ। ਨਹੀਂ, ਇਹ ਉਪਮਾ ਠੀਕ ਨਹੀਂ। ਫ਼ਿਲਮ ਵਿਚ ਸਿਰਫ਼ ਕਲਪਤ ਦੁੱਖ ਨੂੰ ਛੁਪਾ ਕੇ ਹੱਸਣਾ ਪੈਂਦਾ ਹੈ, ਪਰ ਏਥੇ ਹੱਕੀ ਪੀੜ ਨੂੰ ਦਬਾ ਕੇ ਮੁਸਕਰਾਉਣਾ ਪੈ ਰਿਹਾ ਸੀ। ਇਹ ਮੁਸਕਰਾਹਟ.....। ਇਹ ਹੱਸ-ਹੱਸ ਕੇ ਵਿਖਾਉਣਾ...। ਉਹ, ਕਿੰਨਾ ਦਰਦਨਾਕ ਹੈ; ਕਿੰਨਾ ਭਿਆਨਕ ਹੈ। ਕਾਸ਼! ਬਸੰਤ ਕੌਰ ਰੱਜ ਕੇ ਰੋ ਸਕਦੀ। ਸਮਾਜ ਉਸ ਨੂੰ ਰੋਣ ਦੀ ਆਗਿਆ ਦੇ ਸਕਦਾ।

ਸਮਾਜ ? ਕੀ ਹੈ ਸਮਾਜ ? ਕੀ ਹਨ ਸਮਾਜ ਦੇ ਬੰਧਨ, ਜਿੰਨ੍ਹਾਂ ਨੂੰ ਇਸਤਰੀ ਤੋੜ ਨਹੀਂ ਸਕਦੀ। ਬਸੰਤ ਕੌਰ ਨਹੀਂ ਤੋੜ ਸਕੀ। ਸਵਰਨੀ ਨਹੀਂ ਤੋੜ ਸਕੀ। ਪਰ ਕਦੇ ਕੋਈ ਬਸੰਤ ਕੌਰ, ਕੋਈ ਸਵਰਨੀ, ਇਹਨਾਂ ਬੰਧਨਾਂ ਨੂੰ ਜ਼ਰੂਰ ਤੋੜ ਦੇਵੇਗੀ।



WWW.SIKHBOOKCLUB.COM 

ਬੰਧਨ ਜਿੰਨੇ ਸਖ਼ਤ ਹੋਣ, ਓਨੇ ਛੇਤੀ ਟੁੱਟਿਆ ਕਰਦੇ ਹਨ।

ਬਸੰਤ ਕੌਰ ਮੁਸਕਰਾ ਰਹੀ ਸੀ। ਉਹ ਮੁਸਕਰਾਉਣ ਵਾਸਤੇ ਮਜਬੂਰ ਸੀ। ਉਹਨੇ ਆਪ ਭੱਜ ਨੱਠ ਕਰਕੇ ਮਾਮੇ ਦੀ ਧੀ ਦਾ ਰਿਸ਼ਤਾ ਲਿਆਂਦਾ ਸੀ। ਉਹਨੇ ਆਪ ਉਹਦੇ ਵਾਸਤੇ ਗਹਿਣੇ ਤੇ ਕਪੜੇ ਬਣਵਾਏ ਸਨ। ਉਹਨੇ ਕਿਹਾ ਸੀ ਕਿ ਉਸੇ ਦੇ ਗਹਿਣੇ ਸਵਰਨੀ ਨੂੰ ਧੋਅ ਦਿੱਤੇ ਜਾਣ, ਪਰ ਇਸ ਤਰ੍ਹਾਂ ਲੱਖਾ ਸਿੰਘ ਦੀ ਸਰਦਾਰੀ ਨੂੰ ਵੱਟਾ ਲਗਦਾ ਸੀ। ਲੱਖਾ ਸਿੰਘ ਪਿੰਡ ਦਾ ਸਭ ਤੋਂ ਮਾਲਦਾਰ ਸਰਦਾਰ ਸੀ। ਲੱਖਾ ਸਿੰਘ ਕਈ ਸਾਮੀਆਂ ਦਾ ਸ਼ਾਹ ਸੀ। ਲੱਖਾ ਸਿੰਘ ਇਕ ਦੇ ਬੈਠਿਆਂ ਦੂਜਾ ਵਿਆਹ ਕਰਵਾ ਸਕਦਾ ਸੀ। ਇਸ ਵਾਸਤੇ ਨਵੀਂ ਵਹੁਟੀ ਵਾਸਤੇ ਗਹਿਣੇ ਨਵੇਂ ਹੀ ਚਾਹੀਦੇ ਸਨ। ਏਸੇ ਵਿਚ ਲੱਖਾ ਸਿੰਘ ਦੀ ਸ਼ਾਨ ਸੀ।

ਮਰਦ ਇਸਤਰੀ ਦੇ ਪਿਆਰ ਵਾਸਤੇ ਉਸ ਨੂੰ ਗਹਿਣੇ ਨਹੀਂ ਪਾਉਂਦਾ, ਕੀਮਤੀ ਕਪੜੇ ਲੈ ਕੇ ਨਹੀਂ ਦੇਂਦਾ, ਚੰਗਾ ਮਕਾਨ ਨਹੀਂ ਬਣਾਉਂਦਾ, ਸਭ ਕੁਝ ਆਪਣੀ ਸ਼ਾਨ ਵਾਸਤੇ ਕਰਦਾ ਹੈ। ਸ਼ਾਹ ਜਹਾਨ ਨੇ ਵੀ 'ਤਾਜ ਮਹਿਲ' ਇਸਤਰੀ ਦੇ ਪਿਆਰ ਬਦਲੇ ਨਹੀਂ ਸੀ ਬਣਵਾਇਆ, ਆਪਣੀ ਸ਼ਾਨ ਵਿਖਾਉਣ ਬਦਲੇ ਬਣਾਇਆ ਸੀ, ਆਪਣਾ ਨਾਮ ਜ਼ਿੰਦਾ ਰੱਖਣ ਵਾਸਤੇ।

ਲੱਖਾ ਸਿੰਘ ਨੇ ਵੀ ਸਭ ਕੁਝ ਨਵਾਂ ਬਣਾਇਆ ਸੀ, ਪਰ ਬਸੰਤ ਕੌਰ ਦੇ ਹੱਥੀਂ।

ਵਿਚਾਰੀ ਬਸੰਤ ਕੌਰ! ਉਹਦੇ ਅੰਦਰ ਲੱਗੀ ਨੂੰ ਸਮਝਣਾ ਔਖਾ ਹੈ। ਲੱਖਾ ਸਿੰਘ ਬਾਹਰ ਚਲਾ ਗਿਆ। ਅੰਦਰ ਸਿਰਫ਼ ਜ਼ਨਾਨੀਆਂ ਹੀ ਰਹਿ ਗਈਆਂ। ਨੰਬਰਦਾਰਨੀ ਦੇ ਬਰਾਬਰ ਬਹਿ ਕੇ ਬਸੰਤ ਕੌਰ ਨੇ ਆਪ ਵਹੁਟੀ ਦੇ ਮੂੰਹ ਤੋਂ ਪੱਲਾ ਚੁੱਕਿਆ। ਸਵਰਨੀ ਦਾ ਫੁੱਲ ਵਰਗਾ ਚਿਹਰਾ ਕੁਮਲਾਇਆ ਹੋਇਆ ਸੀ। ਅੰਦਰ ਦੀ ਪੀੜ ਉਹਦੇ ਅੰਗ-ਅੰਗ ਵਿਚੋਂ ਝਲਕ ਰਹੀ ਸੀ। ਉਹਦੀਆਂ ਮੋਟੀਆਂ-ਮੋਟੀਆਂ ਅੱਖਾਂ ਝੁਕੀਆਂ ਹੋਈਆਂ ਸਨ। ਉਹਦੀਆਂ ਪਤਲੀਆਂ ਬੁੱਲ੍ਹੀਆਂ ਉੱਤੇ ਨਿੰਮ੍ਹੀ ਜੇਹੀ ਮੁਸਕਰਾਹਟ ਸੀ, ਪਰ ਕੁਮਲਾਏ ਹੋਏ ਫੁੱਲ ਵਰਗੀ ਉਦਾਸ।

"ਬਹੁਤ ਸੋਹਣੀ। ਇਹਦੇ ਵਰਗੀ ਅੱਗੇ ਇਕ ਵੀ ਨਹੀਂ ਸਾਰੇ ਪਿੰਡ ਵਿੱਚ।"

ਏਹਾ ਵਾਕ ਸੁਣਨ ਵਾਸਤੇ ਲੱਖਾ ਸਿੰਘ ਨੇ ਇਹ ਸਭ ਕੁਝ ਕੀਤਾ ਸੀ ਤੇ ਇਸ ਵੇਲੇ ਲੱਖਾ ਸਿੰਘ ਕੋਲ ਨਹੀਂ ਸੀ। ਪਰ ਉਹ ਦੂਰ ਹੁੰਦਿਆਂ ਹੋਇਆਂ ਵੀ ਸਭ ਕੁਝ ਸੁਣ ਰਿਹਾ ਸੀ, 'ਸਾਰੇ ਪਿੰਡ ਵਿਚੋਂ ਸੋਹਣੀ। ਸਰਦਾਰ ਲੱਖਾ ਸਿੰਘ ਸ਼ਾਹ ਦੀ ਨਿੱਕੀ ਵਹੁਟੀ ਸਾਰੇ ਪਿੰਡ ਵਿਚੋਂ ਸੋਹਣੀ। ਹੋਰ ਕੋਈ ਉਹਦੇ ਪਰਛਾਂਵੇਂ ਵਰਗੀ ਵੀ ਨਹੀਂ। ਲੱਖਾ ਸਿੰਘ ਦਾ ਕੋਈ ਮੁਕਾਬਲਾ ਨਹੀਂ। ਉਹਦੇ ਵਰਗਾ ਅੱਜ ਕੋਈ ਨਹੀਂ, ਪੰਜਾਂ ਪਿੰਡਾਂ ਵਿਚ ਕੋਈ ਨਹੀਂ।'



WWW.SIKHBOOKCLUB.COM Page 107

ਸਾਰੀਆਂ ਨੇ ਸਵਰਨੀ ਦੇ ਰੂਪ ਨੂੰ ਸਲਾਹਿਆ। ਕਿਸੇ ਮੂੰਹੋਂ ਅਵਾਜ਼ ਕੱਢ ਕੇ, ਕਿਸੇ ਅੰਦਰੇ ਅੰਦਰ। ਸਵਰਨੀ ਬਹੁਤ ਸੁੰਦਰ ਸੀ। ਉਹਦੀ ਵਰੀ ਸਭ ਨਾਲੋਂ ਵਧੀਆ ਸੀ। ਉਹ ਸੋਨੇ ਨਾਲ ਲੱਦੀ ਹੋਈ ਸੀ। ਪਰ ਇਹ ਸਭ ਕੁਝ ਉਹਦੇ ਨਾਲ ਧੋਖਾ ਹੋਇਆ ਸੀ। ਸੁਨਹਿਰੀ ਚੋਗਾ ਪਾ ਕੇ ਉਹਨੂੰ ਠੱਗਿਆ ਗਿਆ ਸੀ।

"ਬਸੰਤ ਕੁਰੇ! ਇਹ ਪੇਕਿਆਂ ਦੀ ਸਵਰਨੀ ਏ, ਤੇ ਸਾਡੀ ਸਵਰਨ ਕੌਰ ਹੋਈ। ਇਹਦਾ ਰੂਪ ਵੇਖ ਕੇ ਨਾਂ ਬਦਲਣ ਨੂੰ ਜੀਅ ਨਹੀਂ ਕਰਦਾ।" ਨੰਬਰਦਾਰਨੀ ਨੇ ਸੱਚੇ ਦਿਲੋਂ ਉਹਦੇ ਰੂਪ ਵਿਚ ਸ਼ਰਧਾ ਪ੍ਰਗਟ ਕਰਦਿਆਂ ਕਿਹਾ।

"ਠੀਕ ਏ, ਬੇਬੇ! ਜੋ ਤੈਨੂੰ ਪਸੰਦ, ਉਹ ਸਾਨੂੰ ਸਾਰਿਆਂ ਨੂੰ ਪਸੰਦ। ਹੱਛਾ, ਹੁਣ ਤੁਸੀਂ ਦੋਵੇਂ ਜਣੀਆਂ ਰਹਿ ਜਾਓ। ਆਪਾਂ 'ਕੱਠੀਆਂ ਰੋਟੀਆਂ ਖਾਵਾਂਗੀਆਂ।" ਬਸੰਤ ਕੌਰ ਦਾ ਇਸ਼ਾਰਾ ਨੰਬਰਦਾਰਨੀ ਤੇ ਮਖਤੂਲ ਦੀ ਵਹੁਟੀ ਵੱਲ ਸੀ। ਓਹਾ ਦੋਵੇਂ ਸਭ ਤੋਂ ਨੇੜਿਓਂ ਸਨ।

ਘਰ ਵਾਲੀ ਦਾ ਇਸ਼ਾਰਾ ਪਾ ਕੇ ਬਾਕੀ ਸਭ ਚਲੀਆਂ ਗਈਆਂ। ਲੱਖਾ ਸਿੰਘ ਦੇ ਅਗਾਊਂ ਹੁਕਮ ਅਨੁਸਾਰ ਰਾਜੇ ਨੇ ਅੰਨ-ਪਾਣੀ ਤਿਆਰ ਕੀਤਾ ਹੋਇਆ ਸੀ। ਨੰਬਰਦਾਰਨੀ, ਉਹਦੀ ਦਿਰਾਣੀ, ਬਸੰਤ ਕੌਰ ਤੇ ਸਵਰਨ ਕੌਰ ਚੌਹਾਂ ਨੇ ਇੱਕੋ ਥਾਲੀ ਵਿਚ  ਇਕੱਠਿਆਂ ਬਹਿ ਕੇ ਰੋਟੀ ਖਾਧੀ। ਨ੍ਹਾਮਾਂ ਤੇ ਸ਼ਾਮੋ ਲਾਗੀ ਖੜੇ ਵਿਹੰਦੇ ਰਹੇ।

ਸਿਆਣੀ ਨੈਣ ਦੋਹਾਂ ਬੱਚਿਆਂ ਨੂੰ ਬਾਹੋਂ ਫੜ ਕੇ ਬਾਹਰ ਚੌਂਕੇ ਵਿਚ ਲੈ ਗਈ। ਉਹਨਾਂ ਨੂੰ ਉਹਨੇ ਉਥੇ ਰੋਟੀ ਪਾ ਕੇ ਬਿਠਾ ਦਿੱਤਾ। ਭੈਣ-ਭਰਾ ਚੁੱਪ ਕਰਕੇ ਰੋਟੀ ਖਾਣ ਲੱਗ ਪਏ। ਇਕ ਦੂਸਰੇ ਵੱਲ ਵੇਖਣ ਦੀ ਉਹਨਾਂ ਵਿਚ ਹਿੰਮਤ ਨਹੀਂ ਸੀ।

ਪਤਾ ਨਹੀਂ ਕਿਸ ਸਾਹਿਤਕਾਰ ਨੇ ਇਹ ਸ਼ਬਦ ਘੜੇ ਸਨ : "ਤੂੰ ਮੇਰਾ ਮਾਲਕ, ਮੈਂ ਤੇਰੀ ਦਾਸੀ।" ਜਿੱਥੇ ਮਾਲਕ ਤੇ ਦਾਸੀ ਦਾ ਰਿਸ਼ਤਾ ਹੋਵੇ, ਉਥੇ 'ਬਰਾਬਰੀ' ਦਾ ਕੀ ਅਰਥ। ਭਗਤ ਕਬੀਰ ਵਰਗੇ ਮਹਾਂਪੁਰਸ਼ ਲੱਖ ਉਸ ਨੂੰ 'ਅਰਧ-ਸਰੀਰੀ' ਆਖ ਆਖ ਵਡਿਆਉਣ, ਪਰ ਦਾਸੀ ਦਾਸੀ ਹੀ ਰਹੇਗੀ, ਜਿੰਨਾ ਚਿਰ ਉਹ ਆਪ ਇਸ 'ਦਾਸਤਾ' ਤੋਂ ਮੁਕਤ ਹੋਣ ਵਾਸਤੇ ਬਗ਼ਾਵਤ ਨਹੀਂ ਕਰਦੀ।

ਮਾਲਕ ਦਾ ਹੁਕਮ ਹੋਇਆ, ਦਾਸੀ ਨੂੰ ਮੰਨਣਾ ਪਿਆ। ਸਵਰਨ ਕੌਰ ਤੇ ਲੱਖਾ ਸਿੰਘ ਦੇ ਮੰਜੇ ਬਸੰਤ ਕੌਰ ਨੇ ਚੁਬਾਰੇ ਵਿਚ ਡਾਹੇ। ਇਹ ਕੰਮ ਭਰਜਾਈ ਜਾਂ ਵੱਡੀ ਭੈਣ ਦਾ ਸੀ। ਕਰਨਾ ਪਿਆ ਬਸੰਤ ਕੌਰ ਨੂੰ। ਸੌਂਕਣ ਦੀ ਸੁਹਾਗ ਰਾਤ ਵਾਸਤੇ ਸੇਜ ਸਜਾਉਣੀ। ਉਹ! ਰਹਿਣ ਦਿਓ! ਕੋਈ ਨਹੀਂ ਸਮਝ ਸਕਦਾ ਕਿ ਬਸੰਤ ਕੌਰ ਦੇ ਅੰਦਰ ਉਸ ਵੇਲੇ ਕੀ ਬੀਤ ਰਹੀ ਸੀ। ਸ਼ਾਇਦ ਉਹ ਆਪ ਵੀ ਇਸ ਦਾ ਕੋਈ ਜਵਾਬ ਨਹੀਂ ਸੀ ਦੇ ਸਕਦੀ। ਇਸ ਦਾ ਜਵਾਬ ਹੈ ਵੀ ਕੋਈ ਨਹੀਂ। ਇਸਤਰੀ ਦੀ ਬੇਬਸੀ, ਬੱਸ।

ਉਹਨੇ ਹੀਹਾਂ ਜੋੜ ਕੇ ਦੋ ਪਲੰਘ ਡਾਹੇ। ਓਹਾ ਪਲੰਘ ਜੋ ਉਹਦੇ ਮਾਪਿਆਂ ਨੇ ਦਿੱਤੇ ਸਨ, ਜਿਨ੍ਹਾਂ ਉੱਤੇ ਕਦੇ ਉਹਨੇ ਸੁਹਾਗ-ਰਾਤ ਮਾਣੀ ਸੀ। ਉਹਨਾਂ ਉੱਤੇ ਨਵੀਆਂ ਤਲਾਈਆਂ, ਉਪਰ ਨਵੀਆਂ ਦੋਹਰਾਂ ਤੇ ਉਪਰ ਇਕੋ ਨਮੂਨੇ ਦੀਆਂ ਚਾਦਰਾਂ, ਜਿਨ੍ਹਾਂ ਉੱਤੇ ਉਹਨੇ ਕੁਆਰੀ ਹੁੰਦੀ ਨੇ ਵੇਲ ਬੂਟੇ ਕੱਢੇ ਸਨ। ਉਹਦੇ ਮਾਪਿਆਂ ਨੇ ਬਥੇਰਾ ਦਾਜ ਦਿੱਤਾ ਸੀ। ਚਾਦਰਾਂ ਦਾ ਇਹ ਜੋੜਾ ਉਹਨੇ ਨੋਂਹ-ਪੁੱਤ ਵਾਸਤੇ ਸਾਂਭ ਕੇ ਰੱਖਿਆ ਹੋਇਆ ਸੀ। "ਮੇਰੇ ਨ੍ਹਾਮੇ ਦੀ ਵਹੁਟੀ ਆਵੇਗੀ, ਇਹ ਜੋੜਾ ਮੈਂ ਉਹਨਾਂ ਹੇਠ ਵਿਛਾਵਾਂਗੀ ਪਹਿਲੀ ਰਾਤ।"

"ਉਹ!" ਬਸੰਤ ਕੌਰ ਦੇ ਅੰਦਰੋਂ ਲੰਮਾ ਸਾਰਾ ਹਉਕਾ ਨਿਕਲ ਗਿਆ। ਝੱਟ ਉਹਨੇ ਆਪਣੀ ਹਾਲਤ ਉੱਤੇ ਕਾਬੂ ਪਾ ਲਿਆ। ਉਹ ਰੋ ਨਹੀਂ ਸੀ ਸਕਦੀ। ਉਹਨੂੰ ਰੋਣਾ ਚਾਹੀਦਾ ਵੀ ਨਹੀਂ ਸੀ। ਇਹ ਉਹਦੇ 'ਮਾਲਕ' ਦੀ 'ਸ਼ਗਨਾਂ ਦੀ ਰਾਤ' ਸੀ। ਤੇ ਰੋਣਾ ਬੇਸ਼ਗਨੀ ਹੈ, ਬਹੁਤ ਵੱਡਾ ਗੁਨਾਹ।

ਬਾਹਰ ਦੀ ਬੈਠਕ ਵਿਚੋਂ ਮੇਜ਼ ਤੇ ਦੋ ਕੁਰਸੀਆਂ ਬੁੱਢੇ ਨੇ ਚੁਬਾਰੇ ਵਿੱਚ ਲਿਆ ਧਰੀਆਂ ਸਨ। ਬਸੰਤ ਕੌਰ ਨੇ ਦੋ ਦੁੱਧ ਦੇ ਭਰੇ ਗਲਾਸ, ਕੌਲੀਆਂ ਨਾਲ ਢੱਕ ਕੇ ਮੇਜ਼ ਉੱਤੇ ਟਿਕਾ ਦਿੱਤੇ। ਲਾਗੇ ਇਕ ਸੱਖਣਾ ਗਲਾਸ ਤੇ ਪਾਣੀ ਦੀ ਗੜਵੀ ਵੀ ਧਰ ਦਿੱਤੀ। 'ਨਹੀਂ ਅਜੇ ਕਸਰ ਏ।' ਉਹਨੇ ਇਕ ਥਾਲੀ ਵਿਚ ਕੁੱਜਾ ਮਿਸ਼ਰੀ ਤੇ ਮਠਿਆਈ ਵੀ ਪੋਣੇ ਥੱਲੇ ਕੱਜ ਕੇ ਮੇਜ਼ ਉੱਤੇ ਰੱਖ ਦਿੱਤੀ।

ਇਹ ਸੁਭ ਕੁਝ ਉਹ ਕਾਠ ਦੀ ਪੁਤਲੀ ਵਾਂਗ ਕਰ ਰਹੀ ਸੀ। ਉਹਦੇ ਅੰਦਰੋਂ ਚੀਸਾਂ ਉਠ ਰਹੀਆਂ ਸਨ। ਉਹਨਾਂ ਨੂੰ ਉਹ ਫੌਜ਼ ਸਿਪਾਹੀ ਵਾਂਗ ਦੰਦਾਂ ਹੇਠ ਜੀਭ ਦੇ ਕੇ ਦਬਾਅ ਰਹੀ ਸੀ। ਕੁਰਬਾਨੀ ਦੀ ਸੂਲੀ ਉੱਤੇ ਚੜ੍ਹਨ ਵਾਲੇ ਵਾਸਤੇ 'ਸੀ' ਕਹਿਣਾ ਬਹੁਤ ਵੱਡਾ ਉਲਾਹਮਾ ਸੀ।

'ਮੇਰੇ ਵੇਰੀ ਦੇ ਹਾਰ ਵੀ ਹੈ ਗੇ ਸਨ।' ਅੰਦਰੋਂ ਸੁੱਤੀ ਹੋਈ ਯਾਦ ਨੇ ਸਿਰ ਉਠਾਇਆ।

ਉਹਦੇ ਦਿਮਾਗ਼ ਨੂੰ ਇਕ ਵਰੂਲਾ ਜੇਹਾ ਚੜ੍ਹਿਆ। ਦੋਹਾਂ ਹੱਥਾਂ ਨਾਲ ਉਹਨੇ ਸਿਰ ਘੁੱਟ ਲਿਆ। ਉਹ ਧੰਮ ਕਰਕੇ ਮੰਜੇ ਉੱਤੇ ਡਿਗ ਪਈ। ਏਨਾ ਹੀ ਸ਼ੁਕਰ ਹੈ ਕਿ ਉਹ ਭੋਇੰ 'ਤੇ ਨਹੀਂ ਡਿੱਗੀ।

"ਨਹੀਂ, ਇਹ ਮੇਰਾ ਨਹੀਂ ਰਿਹਾ। ਇਹ ਮੈਥੋਂ ਖੁੱਸ ਗਿਆ ਏ।" ਉਹ ਆਪਣੇ ਆਪ ਨਾਲ ਬੁੜ-ਬੁੜਾਈ ਤੇ ਮੰਜੇ ਤੋਂ ਇਉਂ ਉਠੀ ਜਿਵੇਂ ਹੇਠੋਂ ਅਠੂਹੇਂ ਨੇ ਡੰਗ ਮਾਰ ਦਿੱਤਾ ਹੋਵੇ।

ਅਨੂਹੋਂ ਦੇ ਡੰਗਣ ਦੀ—ਆਹੰਦੇ ਨੇ—ਬੜੀ ਪੀੜ ਹੁੰਦੀ ਹੈ। ਪੀੜ ਕਿੰਨੀ ਵੀ ਹੁੰਦੀ ਹੋਵੇ ਪਰ ਉਹ ਅਸਹਿ ਨਹੀਂ ਹੁੰਦੀ। ਉਸ ਦਾ ਦਾਰੂ ਹੁੰਦਾ ਹੈ, ਪਰ ਬਸੰਤ ਕੌਰ ਦੀ ਪੀੜ ਦਾ ਨਾ ਦਾਰੂ, ਨਾ ਮੰਤਰ।

"ਬਸੰਤ ਕੁਰੇ! ਇਉਂ ਨਹੀਂ ਸਰਨਾ। ਹੁਣ ਛਾਤੀ 'ਤੇ ਪੱਥਰ ਰੱਖ ਕੇ ਸਭ ਕੁਝ ਸਹਿਣਾ ਪਵੇਗਾ। ਚੜ੍ਹ ਜਾ ਬੱਚਾ ਸੂਲੀ, ਰਾਮ ਭਲੀ ਕਰੇਗਾ। ਰਾਮ ? ਹੂੰਹ! ਪੱਥਰ ਹੋ ਜਾ। ਉਪਰੋਂ ਮੁਸਕਰਾ, ਅੰਦਰੋਂ ਜਿਵੇਂ ਮਰਜ਼ੀ ਉ ਸੜਦੀ ਰਹੁ। ਆਪਣੀ ਅੱਗ ਵਿਚ ਸੜ ਕੇ ਸਤੀ ਹੋ ਜਾਹ, ਪਰ ਲੋਕਾਂ ਨੂੰ ਰੋ ਕੇ ਨਾ ਵਿਖਾ। ਦੁਸ਼ਮਣਾਂ ਨੂੰ ਹੱਸਣ ਦਾ ਮੌਕਿਆ ਨਾ ਦਿਹ।"

ਸਹਿਜ-ਸਹਿਜ ਕਦਮ ਧਰਦੀ ਬਸਤੀ ਕੌਰ ਪੌੜੀਆਂ ਤੋਂ ਥੱਲੇ ਉਤਰੀ। ਹੌਲੀ-ਹੌਲੀ ਪੈਰ ਧੂੰਹਦੀ ਉਹ ਵਸੋਂ ਵਾਲੇ ਅੰਦਰ ਪੁੱਜੀ ਜਿਥੇ ਸਵਰਨ ਕੌਰ ਨੀਵੀਂ ਪਾਈ ਬੈਠੀ ਸੀ।

"ਚੱਲ ਉਠ ਸਵਰਨ ਕੁਰੇ! ਤੈਨੂੰ ਤੇਰੇ ਮੰਜੇ 'ਤੇ ਛੱਡ ਆਵਾਂ।"

"ਭੈਣ! ਮੈਂ ਤੇਰੀ ਵੀ ਸਵਰਨੀ ਨਹੀਂ ਰਹੀ ?" ਸਵਰਨ ਕੌਰ ਭੈਣ ਦੇ ਉਦਾਸ ਮੂੰਹ ਵੱਲ ਵੇਖ ਕੇ ਫਿੱਸ ਪਈ।

"ਮੈਥੋਂ ਭੁੱਲ ਹੋ ਗਈ, ਸਵਰਨੋ! ਤੂੰ ਮੇਰੀ ਸਵਰਨੀ ਏਂ। ਤੂੰ ਮੇਰੀ ਸਵਰਨੀ ਈ ਰਹੇਂਗੀ। ਤੇਰੀ ਸੰਤੀ ਨਹੀਂ ਬਦਲੇਗੀ। ਰੋ ਨਾ ਬੀਬੀ ਭੈਣ। ਇਹ ਰਾਤ ਜਨਾਨੀ ਦੀ ਜ਼ਿੰਦਗੀ ਵਿਚ ਇਕ ਵਾਰ ਔਂਦੀ ਏ, ਸਭੋ ਇਕ ਵਾਰ। ਰੋ ਕੇ ਬੇਸ਼ਗਨੀ ਨਾ ਕਰ। ਮੈਂ ਤੇਰੇ ਦਿਲ ਦੀ ਸਮਝਦੀ ਆਂ, ਤੂੰ ਵੀ ਸਮਝਦੀ ਏਂ। ਅਸੀਂ ਦੋਵੇਂ ਇਕ ਦੂਜੀ ਦਾ ਦੁੱਖ ਸਮਝਦੀਆਂ ਆਂ। ਪਰ ਸਾਡਾ ਵੱਸ ਕਿਸੇ ਦਾ ਨਹੀਂ ਚਲਦਾ। ਦਿਲ 'ਤੇ ਨਾ ਲਿਆ। ਤੂੰ ਸੁਖੀ ਵਸੇਂ, ਮੇਰੀ ਏਹਾ ਅਸੀਸ ਏ। ਸੰਤੀ ਦੁੱਖ ਸਹਿ ਕੇ ਵੀ ਤੈਨੂੰ ਸੁਖੀ ਰੱਖੇਗੀ।"

ਫੇਰ ਦੋਹਾਂ ਵਿਚੋਂ ਕੋਈ ਨਹੀਂ ਬੋਲੀ। ਬਸੰਤ ਕੌਰ ਉਹਨੂੰ ਚੁਬਾਰੇ ਵਿਚ ਛੱਡ ਕੇ ਮੁੜ ਆਈ।

ਹਰਨਾਮਾ ਆਪਣੇ ਮੰਜੇ ਉੱਤੇ ਮੂੰਹ ਵਲ੍ਹੇਟ ਕੇ ਪਿਆ ਹੋਇਆ ਸੀ। ਉਹ ਜਾਗਦਾ ਪਿਆ ਸੁੱਤੇ ਹੋਣ ਦਾ ਬਹਾਨਾ ਕਰ ਰਿਹਾ ਸੀ। ਉਹਦਾ ਹੌਸਲਾ ਨਹੀਂ ਸੀ ਪੈਂਦਾ ਮਾਂ ਦੇ ਮੂੰਹ ਵੱਲ ਵੇਖਣ ਦਾ। ਨੌਂ ਸਾਲ ਦਾ ਉਹ ਕਾਫ਼ੀ ਕੁਝ ਸਮਝਦਾ ਸੀ।

ਸ਼ਾਮੋ ਆਪਣੇ ਮੰਜੇ ਉੱਤੇ ਅਜੇ ਬੈਠੀ ਹੋਈ ਸੀ। ਉਹਦਾ ਚਿਹਰਾ ਵੀ ਉਤਰਿਆ ਹੋਇਆ ਸੀ।

"ਕੁੜੇ, ਤੂੰ ਅਜੇ ਸੁੱਤੀ ਨਹੀਂ।" ਬਸੰਤ ਕੌਰ ਨੇ ਐਵੇਂ ਕੁਝ ਕਹਿਣ ਵਜੋਂ ਹੀ ਕਿਹਾ, "ਸੋ ਜਾਹ।" ਉਹ ਨਹੀਂ ਸੀ ਚਾਹੁੰਦੀ ਕਿ ਥੋਹਾ ਭਰ ਧੀ ਉਹਦਾ ਉਦਾਸ ਚਿਹਰਾ ਵੇਖੇ।

ਸ਼ਾਮੋ ਲੀੜਾ ਲੈ ਕੇ ਲੰਮੀ ਪੈ ਗਈ। ਬਸੰਤ ਕੌਰ ਨੇ ਵੀ ਆਪਣਾ ਬਿਸਤਰਾ ਸਿੱਧਾ ਕੀਤਾ ਤੇ ਕਮਰੇ ਦਾ ਅੰਦਰੋਂ ਕੁੰਡਾ ਮਾਰ ਕੇ ਪੈ ਗਈ। ਸਾਹਮਣੀ ਕਿੱਲੀ ਨਾਲ ਟੰਗੀ ਲਾਲਟੈਣ ਜੱਗ ਰਹੀ ਸੀ। ਉਹਦਾ ਨਿੰਮ੍ਹਾ-ਨਿੰਮ੍ਹਾ ਚਾਨਣ ਸਾਰੇ ਕਮਰੇ ਵਿਚ ਪਸਰਿਆ ਹੋਇਆ ਸੀ, ਬੜਾ ਉਦਾਸ ਉਦਾਸ। ਲਾਗੇ ਹੀ ਇਕ ਕੋਹੜ ਕਿਰਲੀ ਚਾਨਣ ਦੇ ਨੇੜੇ ਆਉਣ ਵਾਲਿਆਂ ਭੰਬਟਾਂ ਉੱਤੇ ਝਪਟ ਰਹੀ ਸੀ। ਬਸੰਤ ਕੌਰ ਦੀ ਨਿਗ੍ਹਾ ਉਹਨਾਂ ਉੱਤੇ ਟਿਕੀ ਹੋਈ ਸੀ।

"ਬੇਬੇ!" ਸ਼ਾਮੋ ਨੇ ਥੋੜ੍ਹਾ ਜੇਹਾ ਮੂੰਹ ਨੰਗਾ ਕਰਕੇ ਕਿਹਾ। ਉਹ ਦੋਵੇਂ ਭੈਣ ਭਰਾ ਪਿਉ ਨੂੰ ਬਾਪੂ ਤੇ ਮਾਂ ਨੂੰ ਬੇਬੇ ਕਿਹਾ ਕਰਦੇ ਸਨ। "ਸਵਰਨੀ ਮੇਰੀ ਮਾਸੀ ਏ ਨਾ!"

"ਹਾਂ, ਪੁੱਤ।"

"ਹੁਣ ਉਹ ਸਾਡੇ ਘਰ ਈ ਰਿਹਾ ਕਰੇਗੀ ?"

"ਹਾਂ।"

"ਬਾਪੂ ਮੇਰਾ ਹੁਣ ਉਹਦੇ ਕੋਲ ਸਵਿਆਂ ਕਰੇਗਾ, ਸਾਡੇ ਕੋਲ ਨਹੀਂ ?"

"ਬਹੁਤਾ ਮੌਂਛਰੀ ਦਾ ਨਹੀਂ, ਸੌਂ ਜਾ ਚੁੱਪ ਕਰਕੇ।"

"ਨਿਰੀ ਕਬੁੱਧੀ। ਕੌਡੀ ਦੀ ਅਕਲ ਨਹੀਂ ਇਹਨੂੰ।" ਨ੍ਹਾਮੇ ਨੇ ਬੁੱਕਲ ਵਿਚੋਂ ਹੀ ਕਿਹਾ। ਉਹਨੇ ਪਾਸਾ ਮੋੜ ਕੇ ਮਾਂ ਵੱਲ ਕੰਡ ਕਰ ਲਈ।

ਸ਼ਾਮੋ ਕਿੰਨਾ ਚਿਰ ਚੁੱਪ ਕੀਤੀ ਸੋਚਦੀ ਰਹੀ ਕਿ ਉਹ ਕਿਹੜੀ ਗੱਲੋਂ ਕਬੁੱਧੀ ਸੀ ਤੇ ਉਹਨੇ ਕਿਹੜੀ ਗੱਲ ਬੇਅਕਲੀ ਵਾਲੀ ਕੀਤੀ ਸੀ। ਉਹ ਬਹੁਤ ਹੀ ਭੋਲੀ-ਭਾਲੀ ਸੀ।

ਮੂੰਹ ਵਲ੍ਹੇਟੀ ਪਏ ਬੱਚੇ ਸੌਂ ਗਏ, ਪਰ ਬਸੰਤ ਕੌਰ ? ਉਹ ਮੰਜੇ ਉੱਤੇ ਚਿੱਤ ਲੇਟੀ ਹੋਈ ਸੀ। ਸ਼ਾਮੋ ਦੇ ਛੋਟੇ ਜਹੇ ਸਵਾਲ ਨੇ ਉਹਦੇ ਅੰਦਰ ਹਲਚਲ ਮਚਾ ਦਿੱਤੀ ਸੀ। ਉਹ ਅੱਖਾਂ ਉੱਤੇ ਹੱਥ ਧਰ ਕੇ ਸੋਚੀ ਜਾ ਰਹੀ ਸੀ। ਉਹਨੂੰ ਉਹ ਦਿਨ ਯਾਦ ਆ ਰਹੇ ਸਨ, ਜਦ ਉਹਦੀ ਮੰਗਣੀ ਹੋਈ ਸੀ। ਉਦੋਂ ਉਹ ਸ਼ਾਮੋ ਜਿੱਡੀ ਸੀ ਮਸਾਂ। ਏਸੇ ਵਰਗੀ, ਭੋਲੀ-ਭਾਲੀ। ਦਿਨਾਂ ਵਿਚ ਹੀ ਉਹ ਵਧ ਕੇ ਜਵਾਨ ਹੋ ਗਈ। ਉਹਦਾ ਵਿਆਹ ਧਰਿਆ ਗਿਆ। ਉਹਦੇ ਵਾਸਤੇ ਕੱਪੜੇ ਤੇ ਗਹਿਣੇ ਬਣੇ। ਉਹ ਗੋਡੇ ਉੱਤੇ ਝੁਕੀ ਸਾਰਾ ਦਿਨ ਕਸੀਦਾ ਕੱਢਦੀ ਰਹਿੰਦੀ। ਚਾਚੀਆਂ ਤਾਈਆਂ ਹਾਸੇ ਨਾਲ ਆਹੰਦੀਆਂ, 'ਵੇਖ ਨੀ, ਇਹਨੂੰ ਦਾਜ ਬਣੌਣ ਦੀ ਕਿੰਨੀ ਲੈ ਲੱਗੀ ਹੋਈ ਏ। ਅਖੇ : ਨਵੀਂ ਲੱਗੀ ਲੁਹਾਰ ਨੂੰ ਦੁਪਹਿਰੇ ਪੱਲਾਂ ਧੋਵੇ।' ਸਭ ਸੱਚ ਸੀ। ਉਹ ਸਾਰਾ ਦਿਨ ਤੇ ਦੀਵੇ ਦੇ ਚਾਨਣੇ ਅੱਧੀ ਅੱਧੀ ਰਾਤ ਨੂੰ ਕਸੀਦਾ ਕੱਢਦੀ ਰਹਿੰਦੀ ਸੀ। ਇਹ ਚਾਦਰਾਂ ਦਾ ਜੋੜਾ ਉਹਨੇ ਚਾਰ ਮਹੀਨੇ ਵਿਚ ਪੂਰਾ ਕੀਤਾ ਸੀ। ਕਈ ਰੰਗਾਂ ਦੇ ਧਾਗਿਆਂ ਨਾਲ ਉਹਨੇ

ਬਹੁਤ ਵਧੀਆ ਬੂਟੇ ਕੱਢੇ ਸਨ। ਉਹ ਪੜ੍ਹੀ ਹੋਈ ਨਹੀਂ ਸੀ। ਕਿਤੇ ਵੀ ਉਹਨੇ SWEET-HEART (ਮਨ ਦਾ ਮੀਤ), SWEET-DREAMS (ਮਿੱਠੇ ਸੁਪਨੇ) ਜਾਂ SWEET-MEMORIES (ਮਿੱਠੀਆਂ ਯਾਦਾਂ) ਨਹੀਂ ਸੀ ਲਿਖਿਆ। ਉਹਨੇ ਦਿਲ ਦੀਆਂ ਰੀਝਾਂ ਤਸਵੀਰਾਂ ਰਾਹੀਂ ਪ੍ਰਗਟਾਈਆਂ ਸਨ। ਇਕ ਪੱਲੇ ਉੱਤੇ ਬੁਲਬੁਲ ਫੁੱਲਾਂ ਨਾਲ ਪਿਆਰ ਕਰਦੀ ਵਿਖਾਈ ਗਈ ਸੀ। ਦੂਜੇ ਪੱਲੇ ਉੱਤੇ ਉਪਰ ਕਰਕੇ ਅੱਧਾ ਚੰਦ ਬਣਿਆ ਹੋਇਆ ਸੀ, ਜਿਸ ਦੇ ਹੇਠਾਂ ਚਕੋਰ ਖੜ੍ਹਾ ਉਹਦੇ ਵੱਲ ਨੀਝ ਲਾ ਕੇ ਤੱਕ ਰਿਹਾ ਸੀ। ਭਰਜਾਈਆਂ ਛੇੜਦੀਆਂ ਸਨ : ਵੇਖੋ ਨੀ, ਆਹ ਜੇ ਸਾਡੀ ਬੀਬੀ, ਚਕੋਰੀ ਬਣੀ ਅੱਡੀਆਂ ਚੁੱਕ-ਚੁੱਕ ਕੇ ਆਪਣੇ ਚੰਦ ਨੌਂਗਰ ਵੱਲ ਵੇਖ ਰਹੀ ਏ। ਚੰਦ ਨੌਂਗਰ ਕਿ ਨੌਂਗਰ ਚੰਦ। ਪਰ ਇਹਦੇ ਨਾਲੋਂ ਆਹ ਮੂਰਤ ਸੋਹਣੀ ਏ। ਬੁਲਬੁਲ ਫੁੱਲਾਂ ਦੇ ਮੂੰਹ ਚੁੰਮ ਰਹੀ ਏ, ਦੂਰੋਂ-ਦੂਰੋਂ ਨਹੀਂ ਨਾ ਤਰਸਦੀ। ਭਾਈਆ ਸਾਡਾ ਫੁੱਲਾਂ ਵਰਗਾ, ਸਾਡੀ ਨਣਦ ਬੁਲਬੁਲਾਂ ਵਰਗੀ। ਕੱਢੋ ਅੜੀਓ, ਪਾਓ ਗਿੱਧਾ।

'ਉਹ ਹੋ। ਓਹਾ ਦਿਨ ਚੰਗੇ ਸਨ। ਉਦੋਂ ਇਸ ਛੇੜ-ਛਾੜ ਵਿਚੋਂ ਕਿੰਨਾ ਸੁਆਦ ਆਇਆ ਕਰਦਾ ਸੀ। ਸਹੇਲੀਆਂ ਤੇ ਭਾਬੀਆਂ ਦੀਆਂ ਮਸ਼ਕਰੀਆਂ ਸੁਣ ਕੇ ਹੱਸ ਛੱਡਿਆ ਕਰਦੀ ਸਾਂ। ਹੁਣ ਉਹ ਹਾਸੇ ਕਿਧਰ ਚਲੇ ਗਏ। ਉਦੋਂ ਤੂੰ ਸੰਤੀ ਸੈਂ। ਹੁਣ ਤੂੰ ਬਸੰਤ ਕੌਰ ਏਂ। ਹੁਣ ਤੂੰ ਕਿਵੇਂ ਹੱਸ ਸਕਦੀ ਏਂ। ਦਸ-ਯਾਰਾਂ ਵਰ੍ਹੇ ਤਾਂ ਬਸੰਤ ਕੌਰ ਵੀ ਹੱਸਣਾ ਜਾਣਦੀ ਸੀ। ਹੁਣ ਈ ਉਹਦੇ ਹਾਸਿਆਂ 'ਤੇ ਡਾਕਾ ਪੈ ਗਿਆ। ਸਵਰਨੀ ਨੇ ਲੁੱਟ ਲਏ ਤੇਰੇ ਹਾਸੇ। ਨਹੀਂ, ਸਵਰਨੀ ਵਚਾਰੀ ਦੇ ਵੀ ਕੋਈ ਵੱਸ ਨਹੀਂ। ਉਹਦੇ ਚਿਹਰੇ ਉੱਤੇ ਵੀ ਮੈਂ ਉਹ ਹਾਸਾ ਨਹੀਂ ਵੇਖਿਆ ਜੋ ਡੋਲਿਓਂ ਨਿਕਲਦੀ ਮੁਟਿਆਰ ਦੇ ਹੁੰਦਾ ਏ। ਫੇਰ....ਫੇਰ....ਉਠ ਮਨਾ! ਲਾਲਟੈਣ ਬੁਝਾ ਦੇ ਸੌਂ। ਮਰਦ ਦੇ ਪਿਆਰ ਦਾ ਕੋਈ ਭਰੋਸਾ ਨਹੀਂ।'

ਬਾਹੀ ਨੂੰ ਹੱਥ ਪਾ ਕੇ ਬਸੰਤ ਕੌਰ ਉਠੀ, ਜਿਵੇਂ ਛੇ ਮਹੀਨਿਆਂ ਦੀ ਰੋਗਣ ਹੋਵੇ। ਉਹਨੇ ਲਾਲਟੈਣ ਬੁਝਾਈ ਤੇ ਵਾਪਸ ਆ ਕੇ ਮੰਜੇ 'ਤੇ ਬਹਿ ਗਈ। ਉਹਦੇ ਖੱਬੇ ਹੱਥ ਦਾ ਮੰਜਾ ਖ਼ਾਲੀ ਪਿਆ ਸੀ, ਜਿਸ ਉੱਤੇ ਕਦੇ ਉਹਦਾ ਪਤੀ ਸਵਿਆਂ ਕਰਦਾ ਸੀ। ਹਾਂ ਕਦੇ। ਉਹ ਇਉਂ ਮਹਿਸੂਸ ਕਰ ਰਹੀ ਸੀ, ਜਿਵੇਂ ਇਹ ਖ਼ਾਲੀ ਪਿਆ ਮੰਜਾ ਸਦੀਆਂ ਤੋਂ ਵੇਖ ਰਹੀ ਹੋਵੇ। ਇਹ ਸ਼ਾਇਦ ਪਿਛਲੇ ਜਨਮ ਦੀ ਯਾਦ ਹੈ, ਜਾਂ ਉਹ ਇਸ ਮੰਜੇ ਉੱਤੇ ਹਾਣੀ ਨੂੰ ਜਗਾ ਜਗਾ ਕੇ ਦੁੱਧ ਪਿਆਇਆ ਕਰਦੀ ਸੀ।

'ਭਰੀ ਕਟੋਰਾ ਦੁੱਧ ਦਾ,
ਨੀ ਮੈਂ ਸੁਤੜਾ ਮਾਹੀ ਜਗਾਵਾਂ।'

'ਦੁੱਧ ਪੀ ਲੈ ਬਾਲਮਾਂ' ਉਦੋਂ ਅਜੇ ਕਿਸੇ ਲਿਖਿਆ ਗਾਵਿਆਂ ਹੀ ਨਹੀਂ ਸੀ।

'ਪੁਰਾਣੀਆਂ ਯਾਦਾਂ, ਮਿਠੀਆਂ ਛੁਰੀਆਂ, ਨਾ ਕਲੇਜਿਓਂ ਕੱਢ ਹੋਂਗਾਂ, ਨਾ ਸਹਿ ਹੋਂਗਾਂ।'

ਫਿਰ ਉਹ ਸੁੱਤੀ ਨਹੀਂ। ਮੰਜੇ ਉੱਤੇ ਲੱਤਾਂ ਇਕੱਠੀਆਂ ਕਰਕੇ ਉਹ ਬੈਠੀ ਰਹੀ। ਦੋਵੇਂ ਬਾਹੀਂ ਉਹਨੇ ਲੱਤਾਂ ਦੇ ਉਦਾਲੇ ਵਲ ਕੇ ਗੋਡਿਆਂ ਉੱਤੇ ਸਿਰ ਰੱਖ ਲਿਆ। ਉਹਦੀਆਂ ਅਖਾਂ ਬੰਦ ਸਨ। ਅਸੂ ਦਾ ਮਹੀਨਾ ਸੀ ਉਦੋਂ, ਪਿਛਲਾ ਪੱਖ। ਮਿਠੀ ਮਿਠੀ ਠੰਢ ਪੈ ਰਹੀ ਸੀ। ਉਹ ਆਪਣੇ ਦਾਜ ਦੇ ਪਲੰਘ ਉੱਤੇ ਬੈਠੀ ਸੀ। ਗੁਲਾਬੀ ਰੇਸ਼ਮੀ ਚੁੰਨੀ ਨਾਲ ਘੁੰਡ ਕੱਢਿਆ ਹੋਇਆ ਸੀ। ਐਸੇ ਤਰ੍ਹਾਂ ਕੰਧ ਨਾਲ ਲਾਲਟੇਣ ਜੱਗ ਰਹੀ ਸੀ। ਸਹਿਜ ਨਾਲ ਬੂਹਾ ਖੁੱਲ੍ਹਿਆ। ਉਹਦਾ ਕਲੇਜਾ ਜ਼ੋਰ ਜ਼ੋਰ ਨਾਲ ਧੜਕਣ ਲੱਗ ਪਿਆ। ਉਹਦਾ ਲਾੜਾ ਕਮਰੇ ਵਿਚ ਦਾਖ਼ਲ ਹੋਇਆ। ਉਹਨੂੰ ਇਉਂ ਭਾਸਿਆ ਜਿਵੇਂ ਰਾਤ ਵੇਲੇ ਸੂਰਜ ਚੜ੍ਹ ਪਿਆ ਹੋਵੇ। ਮਾਹੀ ਨੇ ਸਹਿਜ-ਸਹਿਜ ਆ ਕੇ ਉਹਦੇ ਮੂੰਹ ਤੋਂ ਘੁੰਡ ਚੁੱਕ ਕੇ ਕਿਹਾ ਸੀ : "ਤੂੰ ਬਹੁਤ ਸੋਹਣੀ ਏਂ।'

'ਉਹ ਹੋ! ਕੁਝ ਨਹੀਂ ਪਿਆ ਇਹਨਾਂ ਵਹਿਣਾਂ ਵਿਚ। ਸਬਰ ਕਰ ਕੇ ਸਹਿ ਜਾ ਸਭ ਕੁਝ।' ਉਹਨੇ ਯਤਨ ਕੀਤਾ ਕਿ ਉਹ ਸਾਰੀਆਂ ਯਾਦਾਂ ਤੋਂ ਛੁਟਕਾਰਾ ਪਾ ਜਾਏ, ਪਰ ਇਹ ਅਨਹੋਣੀ ਗੱਲ ਸੀ। ਯਾਦਾਂ ਤੋਂ ਮੁਕਤੀ ਪ੍ਰਾਪਤ ਕਰਨਾ 'ਆਪੇ' ਨੂੰ ਮਿਟਾਉਣਾ ਹੈ। ਸਾਲਾਂ ਬੱਧੀ ਤਪ ਕਰਕੇ, ਕਠਨ ਸਾਧਨ ਸਾਧ ਕੇ ਵੀ ਇਨਸਾਨ ਐਸਾ ਨਹੀਂ ਕਰ ਸਕਿਆ ਤਾਂ ਬਸੰਤ ਕੌਰ ਕਿਵੇਂ ਕਰ ਲੈਂਦੀ। ਯਾਦਾਂ ਦੀ ਫ਼ਿਲਮ ਫੇਰ ਸ਼ੁਰੂ ਹੋ ਗਈ। ਸੁਹਾਗ-ਰਾਤ। ਉਸ ਦੀ ਆਪਣੀ ਕਹਾਣੀ ਹੀ ਦੁਹਰਾਈ ਜਾ ਰਹੀ ਸੀ। ਪਰ ਇਕ ਪਾਤਰ ਬਦਲ ਗਿਆ ਹੋਇਆ ਸੀ। ਉਹ ਆਪ ਸਟੇਜ ਤੋਂ ਬਾਹਰ ਨਿਕਲ ਗਈ ਸੀ। ਉਹਦੀ ਥਾਂ ਨਵੀਂ ਨਾਇਕਾ ਨੇ ਲੈ ਲਈ ਸੀ।

ਕੁੱਕੜਾਂ ਨੇ ਬਾਂਗਾਂ ਦੇ ਕੇ ਆਉਣ ਵਾਲੇ ਦਿਨ ਦਾ ਐਲਾਨ ਕੀਤਾ। ਨਵਾਂ ਸੂਰਜ, ਨਵਾਂ ਰੰਗ। ਬਸੰਤ ਕੌਰ ਨੇ ਗੋਡਿਆਂ ਤੋਂ ਸਿਰ ਚੁੱਕਿਆ। 'ਚਲੋ, ਇਕ ਰਾਤ ਬੀਤ ਗਈ ਏ। ਏਸੇ ਤਰ੍ਹਾਂ ਇਕ ਇਕ ਕਰਕੇ ਹੋਰ ਰਾਤਾਂ ਵੀ ਬੀਤ ਜਾਣਗੀਆਂ। ਸ਼ਾਇਦ ਉਹ ਇਹਦੇ ਜਿੰਨੀਆਂ ਲੰਮੀਆਂ ਨਾ ਹੋਣ।'

ਬਸੰਤ ਕੌਰ ਉਠ ਬੈਠੀ। ਉਹਨੇ ਬੂਹਾ ਖੋਲ੍ਹਿਆ। ਬਾਹਰ ਅਜੇ ਵਾਹਵਾ ਹਨੇਰਾ ਸੀ। ਚੁਬਾਰੇ ਵਿਚੋਂ ਢੁਕੀ ਹੋਈ ਬਾਰੀ ਦੀ ਝੀਤ ਰਾਹੀਂ ਚਾਨਣ ਦੀ ਪਤਲੀ ਜੇਹੀ ਤਾਰ ਚਮਕ ਰਹੀ ਸੀ। ਬਸੰਤ ਕੌਰ ਨੇ ਅਨਜਾਣੇ ਹੀ ਓਧਰ ਤੱਕਿਆ। ਉਹ ਚਾਨਣ ਦੀ ਪਤਲੀ ਜੇਹੀ ਤਾਰ ਤੇਜ਼ ਛੁਰੀ ਵਾਂਗ ਉਹਦੇ ਕਲੇਜੇ ਵਿਚ ਖੁੱਭ ਗਈ।

'ਜੇਰਾ ਰੱਖ ਬਸੰਤ ਕੁਰੇ', ਸਹਿਜ-ਸਹਿਜ ਸਭ ਕੁਝ ਸਹਿ ਜਾਏਂਗੀ। ਸਿਰ ਪਈ 'ਤੇ ਆਦਮੀ ਨੂੰ ਸਹਿਦੜ ਹੋਣਾ ਹੀ ਪੈਂਦਾ ਏ।'

ਉਹਨੇ ਲਾਲਟੈਣ ਜਗਾ ਕੇ ਰਸੋਈ ਦੇ ਬੂਹੇ ਨਾਲ ਟੰਗ ਲਈ। ਅੰਦਰ ਚਾਨਣ ਹੋ ਜਾਣ ਕਰਕੇ ਚੁਬਾਰੇ 'ਚੋਂ ਆ ਰਹੀ ਚਾਨਣ ਦੀ ਲਕੀਰ ਮੱਧਮ ਪੈ ਗਈ। ਉਹਨੇ ਚਾਟੀ ਉਤੋਂ ਪੋਣਾ ਖੋਲ੍ਹਿਆ। ਦਹੀਂ ਦਾ ਵੱਡਾ ਛੰਨਾ ਭਰ ਕੇ ਉਹਨੇ ਪਾਸੇ ਕੱਜ ਦਿੱਤਾ। ਬਾਕੀ ਵਿਚ ਮਧਾਣੀ ਪਾ ਕੇ ਉਹ ਰਿੜਕਣ ਲੱਗ ਪਈ। ਉਹ ਦੋਹਾਂ ਹੱਥਾਂ ਨਾਲ ਨੇਤਰਾ ਫੜੀ ਮਧਾਣੀ ਨੂੰ ਫੇਰ ਦੇ ਰਹੀ ਸੀ। ਨਾਲ ਹੀ ਉਹਦੇ ਆਪਣੇ ਸਿਰ ਨੂੰ ਚੱਕਰ ਆ ਰਹੇ ਸਨ। ਕਾਸ਼! ਉਹ ਸੋਚਣਾ ਬੰਦ ਕਰ ਸਕਦੀ।

ਉਹਨੂੰ ਯਾਦ ਆਇਆ : ਕਦੇ ਉਹ ਦੁੱਧ ਰਿੜਕਦੀ ਧੀਮੀ ਸੁਰ ਨਾਲ ਗੀਤ ਗਾਇਆ ਕਰਦੀ ਸੀ।

'ਦੁੱਧ ਰਿੜਕਾਂ, ਕੰਙਣ ਖੜਕੇ
ਕਲੇਜਾ ਮੇਰਾ ਧੜਕੇ,
ਨੀ, ਮਾਹੀ ਅਜੇ ਸੁੱਤਾ ਪਿਆ।'

ਪਰ ਅੱਜ ? ਨਾ ਉਹ ਗਾ ਸਕਦੀ ਸੀ, ਨਾ ਰੋ ਸਕਦੀ ਸੀ। ਉਹ ਨਿਰ-ਜਿੰਦ ਮਸ਼ੀਨ ਵਾਂਗ ਕੰਮ ਕਰ ਰਹੀ ਸੀ, ਪਰ ਸੁਰਤ ਉਹਦੀ ਚੁਬਾਰੇ ਦੀਆਂ ਬ੍ਰਰੁੱਟਣਾ 'ਤੇ ਪਈ ਵਿਲਕ ਰਹੀ ਸੀ।

ਉਹਨੇ ਮੱਖਣ ਕੱਢ ਕੇ ਠੂਠੀ ਵਿਚ ਪਾ ਲਿਆ, ਲੱਸੀ ਪੁਣ ਕੇ ਚਾਟੀ ਕੱਜ ਦਿੱਤੀ। ਏਨੇ ਚਿਰ ਤੱਕ ਦਿਨ ਦੀ ਲਾਲੀ ਫੁੱਟਣ ਵਾਲੀ ਹੋ ਗਈ ਸੀ। ਉਹਨੇ ਚੁੱਲ੍ਹੇ ਵਿਚ ਅੱਗ ਬਾਲ ਕੇ ਪਾਣੀ ਤੱਤਾ ਧਰ ਦਿੱਤਾ। ਰਸੋਈ ਵਿਚੋਂ ਉਠ ਕੇ ਉਹ ਵੱਸੋਂ ਵਾਲੇ ਅੰਦਰ ਗਈ। ਬੱਚੇ ਅਜੇ ਸੁੱਤੇ ਪਏ ਸਨ। ਸਾਰਿਆਂ ਮੰਜਿਆਂ ਉੱਤੇ ਉਹਨੇ ਝਾਤੀ ਮਾਰੀ। ਉਹਦੀ ਨਜ਼ਰ ਲੱਖਾ ਸਿੰਘ ਦੇ ਮੰਜੇ 'ਤੇ ਆ ਕੇ ਟਿਕ ਗਈ। 'ਬਦ-ਸ਼ਗਨਾ, ਕੁਲੱਛਣਾ ਖ਼ਾਲੀ ਪਿਆ ਏ। ਸ਼ੈਦ ਸਦਾ ਖ਼ਾਲੀ ਹੀ ਰਹੇਗਾ।' ਉਹਦੇ ਜੀਅ ਨੂੰ ਕੁਝ ਹੋਇਆ ਤੇ ਉਹ ਛੇਤੀ ਨਾਲ ਬਾਹਰ ਨਿਕਲ ਆਈ। ਜੀ-ਭਿਆਣੀ ਉਹ ਫੇਰ ਰਸੋਈ ਵਿਚ ਜਾ ਵੜੀ। ਦੋ-ਚਾਰ ਮਿੰਟ ਉਹ ਚੁਗਾਠ ਨੂੰ ਹੱਥ ਪਾਈ ਖੜੀ ਰਹੀ। ਚੁੱਲ੍ਹੇ ਵਿਚ ਅੱਗ ਬਲ ਰਹੀ ਸੀ। ਪਾਣੀ ਵਿਚੋਂ ਮਾੜੀ-ਮਾੜੀ ਹਵਾੜ ਨਿਕਲਣ ਲੱਗ ਪਈ ਸੀ। ਉਹਨੇ ਲਕੜੀਆਂ ਹੋਰ ਅਗੇਰੇ ਕਰ ਦਿੱਤੀਆਂ। ਉਹ ਫੇਰ ਬਾਹਰ ਨਿਕਲ ਆਈ। ਵਸੋਂ ਵਾਲੇ ਕਮਰੇ ਵੱਲ ਉਹ ਥੋੜ੍ਹਾ ਜਿਹਾ ਵਧੀ, ਪਰ ਫੇਰ ਰੁਕ ਗਈ। ਵਿਹੜੇ ਦੇ ਵਿਚਕਾਰ ਖਲੋ ਕੇ ਉਹਨੇ ਅੰਦਰ ਵੱਲ ਤੱਕਿਆ। ਪਤਾ ਨਹੀਂ, ਉਹ ਸੱਖਣੇ ਪੁਲਾੜ ਵਿਚੋਂ ਕੀ ਭਾਲਣਾ ਚਾਹੁੰਦੀ ਸੀ। ਸ਼ਾਇਦ ਇਸ ਦਾ ਜਵਾਬ ਉਹ ਆਪ ਵੀ ਨਾ ਦੇ ਸਕਦੀ। ਉਹ ਚੁਬਾਰੇ ਵੱਲ ਅਹੁਲੀ ਤੇ ਸਹਿਜ ਸਹਿਜ ਪੌੜੀਆਂ ਚੜ੍ਹਨ ਲੱਗੀ। ਇਕ ਮਿੰਟ ਬੀਤਦਿਆਂ ਤੱਕ ਉਹ ਚੁਬਾਰੇ ਦੇ ਬੰਦ ਬੂਹੇ ਅੱਗੇ ਖੜੀ ਸੀ। ਦੋ ਮਿੰਟ,



WWW.SIKHBOOKCLUB.COM 

ਚਾਰ ਮਿੰਟ, ਦੱਸ ਮਿੰਟ ਉਹ ਬੁੱਤ ਬਣੀ ਖੜੀ ਰਹੀ ਸੀ। ਉਹਦਾ ਹੌਂਸਲਾ ਨਾ ਪਿਆ ਬੂਹਾ ਠਕੋਰਨ ਦਾ। ਉਹ ਸੋਚ ਰਹੀ ਸੀ : 'ਬੰਦ ਬੂਹੇ ਠਕੋਰਿਆਂ ਕਦੇ ਨਹੀਂ ਖੁੱਲ੍ਹਦੇ। ਖੋਲ੍ਹਣ ਦਾ ਯਤਨ ਕਰਕੇ ਹੌਲੇ ਪੈਣ ਦਾ ਕੀ ਲਾਭ।' ਪੋਲੇ ਪੋਰੀਂ ਉਹ ਫੇਰ ਪੌੜੀਆਂ ਉਤਰ ਆਈ।

ਉਹਦੇ ਵੱਲ ਵੇਖ ਕੇ ਕੱਟੀਆਂ ਉਠ ਬੈਠੀਆਂ। ਉਹਨਾਂ ਲੰਮੀਆਂ ਧੌਣਾਂ ਕਰਕੇ ਅੰਗੜਾਈਆਂ ਲਈਆਂ। ਮਾਲਕਣ ਵੱਲ ਵੇਖ ਕੇ ਉਹਨਾਂ ਮਿੱਠੀ ਮਿੱਠੀ ਸੁਰ ਵਿਚ 'ਏਂ-ਏਂ' ਕੀਤੀ। ਵਲਾਂ ਦੀ ਅਵਾਜ਼ ਸੁਣ ਕੇ ਲਵੇਰੀਆਂ ਵੀ ਉਠ ਖਲੋਤੀਆਂ। ਲੰਮੀਆਂ ਪੂਛਾਂ ਫੇਰ ਕੇ ਉਹਨਾਂ ਪਿੱਛੋ ਝਾੜੇ ਤੇ ਕੱਟੀਆਂ ਵੱਲ ਤਾਂਘਦੀਆਂ ਅੜਿੰਗੀਆਂ।

"ਅਜੇ ਮਰਨਾ ਛੁੱਡਾ ਈ ਨਹੀਂ ਆਇਆ ਅੱਜ।" ਬਸੰਤ ਕੌਰ ਨੇ ਦਿਲ ਨੂੰ ਹੋਰ ਪਾਸੇ ਲਾਉਣ ਵਾਸਤੇ ਕਿਹਾ।

"ਚਾਚੀ। ਮੈਂ ਆ ਗਿਆ। ਛੱਡਾਂ ਕੱਟੀ ?" ਪਿਛਲੇ ਪਾਸਿਓਂ ਛੁੱਡੇ ਦੀ ਅਵਾਜ਼ ਆਈ।

ਬਸੰਤ ਕੌਰ ਬੈਠੀ ਮਹਿ ਚੋਅ ਰਹੀ ਸੀ। ਉਹਦੇ ਕੰਨਾਂ ਵਿਚ ਕੋਈ ਦਰਦ ਵਿੰਨ੍ਹਿਆਂ ਗੀਤ ਗੂੰਜ ਰਿਹਾ ਸੀ।

'ਨਾਲੇ ਧਾਰ ਕੱਢਾਂ, ਨਾਲੇ ਰੋਵਾਂ।' ਇਸ ਵਿਚ ਏਨਾ ਦਰਦ ਨਹੀਂ ਸੀ। ਇਹ ਸ਼ਬਦ ਓਸ ਵਿਛੜੀ ਕੂੰਜ ਦੇ ਹੋ ਸਕਦੇ ਹਨ, ਜੀਹਦਾ ਮਿੱਤਰ ਕੋਲ ਨਾ ਹੋਵੇ। 'ਪੀ ਪਰਦੇਸੀ, ਮੈਨੂੰ ਸੌਣ ਨਾ ਭਾਵੇ।' ਪਰ ਬਸੰਤ ਕੌਰ ਦਾ ਪੀਆ ਤਾਂ ਉਹਦੇ ਕੋਲ ਸੀ। ਸਿਰਫ਼ ਢੁੱਕੇ ਹੋਏ ਤਾਕਾਂ ਦਾ ਉਹਲਾ ਸੀ। ਕੋਲ ਹੁੰਦਾ ਹੋਇਆ ਵੀ ਉਹ ਉਹਦੀ ਪਹੁੰਚ ਤੋਂ ਬਾਹਰ ਹੋ ਗਿਆ ਸੀ। ਉਹਦਾ ਹੁੰਦਾ ਵੀ ਉਹ ਬੇਗਾਨਾ ਹੋ ਗਿਆ ਸੀ। ਪਰ ਬਸੰਤ ਕੌਰ ਤਾਂ ਬੇਗਾਨੀ ਨਹੀਂ ਸੀ ਹੋ ਸਕਦੀ।

ਦੋਵੇਂ ਮਹੀਂ ਚੋਅ ਕੇ ਬਸੰਤ ਕੌਰ ਰਸੋਈ ਵਿਚ ਆ ਗਈ। ਚੁਬਾਰੇ ਦਾ ਬੂਹਾ ਖੜਕਿਆ। ਉਹਦੀਆਂ ਅੱਖਾਂ ਉਸੇ ਪਾਸੇ ਗਈਆਂ, ਪਰ ਝੱਟ ਹੀ ਉਹਨੇ ਮੂੰਹ ਦੂਜੇ ਪਾਸੇ ਮੋੜ ਲਿਆ। ਉਹ ਰਸੋਈ ਦੇ ਅੰਦਰ ਵੜ ਗਈ। ਉਹਨੇ ਅਖਾਂ ਉੱਤੇ ਪਾਬੰਦੀ ਲਾ ਦਿੱਤੀ ਸੀ। ਸੁਰਤ ਉੱਤੇ ਬੰਦਸ਼ਾਂ ਕੌਣ ਲਾਉਂਦਾ ? ਲੱਖਾ ਸਿੰਘ ਖੰਘੂਰੇ ਮਾਰਦਾ ਪੌੜੀਆਂ ਉਤਰਦਾ ਆ ਰਿਹਾ ਸੀ। ਬਿਨਾਂ ਵੇਖਿਆਂ ਹੀ ਬਸੰਤ ਕੌਰ ਨੂੰ ਸਭ ਕੁਝ ਨਜ਼ਰ ਆ ਰਿਹਾ ਸੀ। ਲੱਖਾ ਸਿੰਘ ਬਾਹਰ ਖੂਹ ਨੂੰ ਚਲਾ ਗਿਆ। ਬਸੰਤ ਕੌਰ ਰਸੋਈ ਦੇ ਕੰਮ ਰੁੱਝ ਗਈ।

ਲੱਖਾ ਸਿੰਘ ਛੇਤੀ ਮੁੜ ਆਇਆ। ਬਾਹਰਲੀ ਹਵੇਲੀ ਵਿਚੋਂ ਉਹਦੀ ਅਵਾਜ਼ ਸੁਣ ਕੇ ਬਸੰਤ ਕੌਰ ਨੇ ਗਰਮ ਪਾਣੀ ਗੁਸਲਖ਼ਾਨੇ ਵਿਚ ਧਰ ਦਿੱਤਾ।

ਲੱਖਾ ਸਿੰਘ ਨੇੜੇ ਆ ਕੇ ਪਲ ਦਾ ਪਲ ਰੁਕ ਗਿਆ। ਬਿਨਾਂ ਮੂੰਹੋਂ ਅਵਾਜ਼ ਕੱਢੇ ਉਹ ਬਸੰਤ ਕੌਰ ਵੱਲ ਵੇਖਦਾ ਰਿਹਾ। ਉਹ ਦੁੱਧ ਵਧਾਉਣ ਵਾਸਤੇ ਕਾਹੜਨੀ ਕੂਚ ਰਹੀ ਸੀ।

"ਪਾਣੀ ਰੱਖ ਦਿੱਤਾ ਏ। ਨ੍ਹਾ ਲਵੋ।" ਬਸੰਤ ਕੌਰ ਨੇ ਬਿਨਾਂ ਨਜ਼ਰ ਮਿਲਾਏ ਕਿਹਾ।

ਹੋ ਸਕਦਾ ਹੈ, ਇਸ ਨੂੰ ਵੀ ਲੱਖਾ ਸਿੰਘ ਨੇ ਆਪਣੀ ਹੇਠੀ ਸਮਝਿਆ ਹੋਵੇ। ਉਹਦੇ ਮਰਦਾਨਾ ਰੁਹਬ ਉੱਤੇ ਕੁਝ ਠੇਸ ਲੱਗੀ ਹੋਵੇ। ਪਲ ਕੁ ਹੋਰ ਉਹ ਬਸੰਤ ਕੌਰ ਦੀਆਂ ਝੁਕੀਆਂ ਹੋਈਆਂ ਨਜ਼ਰਾਂ ਵੱਲ ਵਿਹੰਦਾ ਰਿਹਾ ਤੇ ਫਿਰ ਗ਼ੁਸਲਖ਼ਾਨੇ ਵਿਚ ਨਹਾਉਣ ਚਲਾ ਗਿਆ।

ਏਨੇ ਚਿਰ ਤੱਕ ਰਾਜਾ ਤੇ ਪੈਂਚ ਵੀ ਆ ਗਏ। ਰਸੋਈ ਦਾ ਕੰਮ ਉਹਨਾਂ ਸੰਭਾਲ ਲਿਆ। ਬਸੰਤ ਕੌਰ ਨੇ ਉਠ ਕੇ ਇਕ ਵਾਰ ਫਿਰ ਮੂੰਹ ਧੋਤਾ ਤੇ ਆਪਣੇ ਆਪ 'ਤੇ ਕਾਬੂ ਪਾ ਕੇ ਚੁਬਾਰੇ ਵੱਲ ਤੁਰ ਪਈ।

'ਹਾਂ, ਤਕੜੀ ਹੋ ਜਾ। ਸਵਰਨੀ ਦੇ ਸਾਹਮਣੇ ਤੈਨੂੰ ਮੁਸਕਰਾਉਣਾ ਹੀ ਪਵੇਗਾ। ਸਮਝ ਲਿਆ ?' ਉਹਨੇ ਸਭ ਕੁਝ ਸਮਝ ਲਿਆ। ਹੱਸਦਿਆਂ ਹੱਸਦਿਆਂ ਪੀੜਾਂ ਜਰਨ ਵਿਚ ਵੀ ਕੁਝ ਸੁਆਦ ਹੁੰਦਾ ਹੈ।

ਚੁਬਾਰੇ ਦਾ ਢੁੱਕਿਆ ਹੋਇਆ ਬੂਹਾ ਉਹਨੇ ਸਹਿਜ-ਸਹਿਜ ਖੋਲ੍ਹਿਆ। ਅੱਗੇ ਪਲੰਘ ਉੱਤੇ ਸਵਰਨੀ ਉਦਾਸੀ-ਉਦਾਸੀ ਬੈਠੀ ਸੀ। ਇਕ ਰਾਤ ਵਿਚ ਹੀ ਉਹ ਬਹੁਤ ਬਦਲ ਗਈ ਸੀ। ਦੋਹਾਂ ਦੀਆਂ ਅੱਖਾਂ ਮਿਲੀਆਂ। ਬਸੰਤ ਕੌਰ ਮੁਸਕਰਾਈ। ਹਾਂ, ਉਹ ਖੁੱਲ੍ਹ ਕੇ ਮੁਸਕਰਾਈ, ਪਰ ਸਵਰਨੀ ਨਾ ਮੁਸਕਰਾ ਸਕੀ। ਉਹਨੇ ਅੱਖਾਂ ਧਰਤੀ 'ਤੇ ਗੱਡ ਲਈਆਂ। ਉਹਦੇ ਚਿਹਰੇ ਦਾ ਰੰਗ ਵਧੇਰੇ ਫਿੱਕਾ ਪੈ ਗਿਆ। ਉਹ ਅਸਲੋਂ ਕੁਮਲਾ ਗਈ, ਮਿੱਧੀ ਹੋਏ ਫੁੱਲ ਵਾਂਗ।

ਬਸੰਤ ਕੌਰ ਨੂੰ ਉਹਦੇ ਉੱਤੇ ਤਰਸ ਆ ਗਿਆ। ਅੱਗੇ ਵੱਧ ਕੇ ਉਹਨੇ ਨਾਲ ਬਹਿ ਕੇ ਸਵਰਨੀ ਨੂੰ ਬਾਹੀਂ ਵਿਚ ਲੈ ਲਿਆ। ਟੁੱਟੀ ਹੋਈ ਵੇਲ ਵਾਂਗ ਸਵਰਨੀ ਉਹਦੀਆਂ ਬਾਹੀਂ ਵਿਚ ਉਲਰ ਪਈ। ਉਹਨੇ ਆਪਣੇ ਹਉਕੇ ਦਬਾ ਲਏ ਪਰ ਬੇ-ਮੁਹਾਰੇ ਹੰਝੂ ਰੋਕੇ ਨਾ ਰੁਕੇ।

"ਸਵਰਨੋ। ਤੂੰ ਦਿਲ ਨੂੰ ਕੀ ਲਾ ਬੈਠੀ ਏਂ। ਮੇਰੇ ਕਰਕੇ ਉਦਾਸ ਏਂ ? ਮੈਂ ਖ਼ੁਸ਼ ਆਂ ਬਹੁਤ ਖ਼ੁਸ਼। ਸੰਤੀ ਨੇ ਜੋ ਮੂੰਹੋਂ ਕੱਢੀ ਸੀ, ਸਿਰ ਨਾਲ ਨਿਭਾ ਦੇਵੇਗੀ। ਮੈਂ ਤੈਨੂੰ ਭੈਣ ਬਣਾ ਕੇ ਰੱਖਾਂਗੀ, ਛੋਟੀ ਭੈਣ। ਉਠ, ਨ੍ਹਾ ਧੋ ਕੇ ਕੱਪੜੇ ਬਦਲ।"

ਅੱਧਾ ਦਿਨ ਵਿਆਹ ਵਾਲੇ ਘਰ ਵਾਂਗ ਬੀਤ ਗਿਆ। ਲੱਖਾ ਸਿੰਘ ਨੇ ਕਹਾਰਾਂ



WWW.SIKHBOOKCLUB.COM

ਦੀ ਬੜੀ ਸੇਵਾ ਕੀਤੀ। ਪਿਛਲੇ ਪਹਿਰ ਉਹ ਸਰਦਾਰ ਦੇ ਗੁਣ ਗਾਉਂਦੇ ਖ਼ਾਲੀ ਡੋਲੀ ਲੈ ਕੇ ਵਾਪਸ ਮੁੜ ਗਏ।

ਸਮੁੰਦ ਸਿੰਘ ਨੂੰ ਨਾਲ ਲਿਆਉਣ ਵਾਸਤੇ ਲੱਖਾ ਸਿੰਘ ਨੇ ਬੜਾ ਜ਼ੋਰ ਲਾਇਆ ਸੀ, ਪਰ ਉਹ ਆਇਆ ਨਹੀਂ ਸੀ। ਮੁਕੰਦ ਸਿੰਘ ਵੀ ਨਹੀਂ ਸੀ ਆਇਆ। ਵਿਦਿਆ ਕਰਨ ਲੱਗਿਆਂ ਸਮੁੰਦ ਸਿੰਘ ਨੇ ਹੱਥ ਮਿਲਾਉਂਦਿਆਂ ਨੀਵੀਂ ਪਾਈ ਕਿਹਾ ਸੀ, "ਭਾਈਆ! ਅਸਾਂ ਤੇਰਾ ਮਾਣ ਰੱਖਿਆ ਏ, ਰੱਖਣਾ ਪਿਆ ਏ ਸਾਨੂੰ। ਪਰ.....ਮੈਂ ਪੰਜਾਂ ਦਿਨਾਂ ਨੂੰ ਆਵਾਂਗਾ ਸਵਰਨੀ ਨੂੰ ਲੈਣ। ਹੁਣ ਤੂੰ ਜ਼ੋਰ ਨਾ ਦਿਹ।"

ਸਮਾਂ ਵਿਚਾਰ ਕੇ ਲੱਖਾ ਸਿੰਘ ਚੁੱਪ ਕਰ ਰਿਹਾ ਸੀ। ਨਾਲੇ ਹੁਣ ਉਹਦਾ ਚੁੱਪ ਰਹਿਣ ਵਿਚ ਕੋਈ ਹਰਜ ਨਹੀਂ ਸੀ। ਪੰਜਵੇਂ ਦਿਨ ਵੀ ਸਮੁੰਦ ਸਿੰਘ ਨਹੀਂ ਆਇਆ, ਉਹਨੇ ਮੁਕੰਦ ਸਿੰਘ ਨੂੰ ਘੱਲਿਆ। ਅਗਲੇ ਦਿਨ ਉਹ ਸਵਰਨੀ ਨੂੰ ਲੈ ਕੇ ਵਾਪਸ ਮੁੜ ਗਿਆ।

ਇਕ ਮਹੀਨੇ ਪਿਛੋਂ ਲੱਖਾ ਸਿੰਘ ਫਿਰ ਸਵਰਨ ਕੌਰ ਨੂੰ ਲੈਣ ਚਲਾ ਗਿਆ। ਇਸ ਵਾਰ ਸਮੁੰਦ ਸਿੰਘ ਉਹਦੇ ਨਾਲ ਆਇਆ। ਉਹਨਾਂ ਪੁੱਜਦਾ ਸਰਦਾ ਦਾਜ ਵੀ ਭੈਣ ਨੂੰ ਦਿੱਤਾ। ਸਭ ਕੁਝ ਲੱਖਾ ਸਿੰਘ ਵਾਸਤੇ ਤਸੱਲੀ ਭਰਪੂਰ ਸੀ।

## ੧੨

"ਹਛਾ ਭਈ ਕੱਥੂ! ਹੁਣ ਤੇਰਾ ਵਿਆਹ ਕਰ ਦੇਈਏ ?" ਲੱਖਾ ਸਿੰਘ ਨੇ ਕਾਮੇ ਨੂੰ ਖ਼ੁਸ਼ ਕਰਨ ਵਾਸਤੇ ਕਿਹਾ।

"ਸਰਦਾਰ, ਤੇਰੀ ਮਿਹਰਬਾਨੀ ਏ ਨਾ!" ਕੱਥੂ ਦੇ ਸਾਰੇ ਚਿਹਰੇ ਉੱਤੇ ਖ਼ੁਸ਼ੀ ਦੀ ਲਾਲੀ ਦੌੜ ਗਈ। ਬੰਦੇ ਦਾ ਰੰਗ ਭਾਵੇਂ ਕਿਸੇ ਤਰ੍ਹਾਂ ਦਾ ਹੋਵੇ, ਖ਼ੁਸ਼ੀ ਦੀ ਲਾਲੀ ਫਿਰ ਵੀ ਵਿਚੋਂ ਝਲਕ ਪੈਂਦੀ ਹੈ।

ਕੱਥੂ ਤੇ ਸੂਬਾ ਛੱਲ ਵਾਲੇ ਖੇਤ ਫਲ੍ਹੇ ਵਾਹ ਰਹੇ ਸਨ। ਇਹ ਉਹਨਾਂ ਦੀ ਆਖ਼ਰੀ ਪੈਰੀ ਸੀ। ਛੱਡਾ ਤੇ ਕੱਥੂ ਫਲ੍ਹੇ ਹੱਕਿਆ ਕਰਦੇ। ਸੂਬਾ ਰੋਲ ਸੁੱਟਣ 'ਤੇ ਹੁੰਦਾ। ਪੁੱਟ ਦੇਣ ਲੱਗਿਆਂ ਲੋੜ ਪਈ 'ਤੇ ਕੱਥੂ ਵੀ ਨਾਲ ਲੱਗ ਪਿਆ ਕਰਦਾ। ਬਲਦ ਸੁਲੱਗ ਸਨ। ਉਹ ਆਪਣੇ ਆਪ ਤੁਰੇ ਆਉਂਦੇ। ਛੱਡਾ ਕਦੇ ਅਗਲਿਆਂ ਨੂੰ ਤੇ ਕਦੇ ਪਿਛਲਿਆਂ ਨੂੰ ਦਾਬਾ ਮਾਰ ਛੱਡਦਾ।

ਲੱਖਾ ਸਿੰਘ ਲੌਢੇ ਵੇਲੇ ਆਪ ਰੋਟੀਆਂ ਲੈ ਕੇ ਆਇਆ ਸੀ। ਬਸੰਤ ਕੌਰ ਕਦੇ ਵੀ ਖੇਤ ਰੋਟੀਆਂ ਲੈ ਕੇ ਨਹੀਂ ਸੀ ਗਈ। ਕਾਮਿਆਂ ਦੀਆਂ ਰੋਟੀਆਂ ਸਰਦਾਰਨੀ ਢੋਵੇ, ਇਹ ਲੱਖਾ ਸਿੰਘ ਦੀ ਸ਼ਾਨ ਦੇ ਉਲਟ ਸੀ। ਇਲਾਕੇ ਵਿਚ ਐਸਾ ਰਵਾਜ ਵੀ



WWW.SIKHBOOKCLUB.COM 

ਨਹੀਂ ਸੀ। ਘਰ ਦਾ ਕੋਈ ਆਦਮੀ ਨਾਲ ਕੰਮ ਕਰਦਾ ਹੋਵੇ ਤਾਂ ਸਵਾਣੀ ਰੋਟੀਆਂ ਲੈ ਜਾਂਦੀ ਸੀ, ਪਰ ਨਿਰੇ ਕਾਮਿਆਂ ਦੀਆਂ ਨਹੀਂ।

"ਹੱਛਾ ਭਈ! ਇਕ ਮਹੀਨਾ ਠਹਿਰ ਜਾ। ਫ਼ਸਲ ਆਈ ਏ, ਮੈਨੂੰ ਉਗਰਾਹੀ ਕਰ ਲੈਣ ਦੇ। ਫੇਰ ਤੇਰਾ ਤੋਪਾ ਭਰ ਦਿਆਂਗੇ। ਸਾਕ ਮੈਂ ਹੱਥਾਂ ਹੇਠ ਕੀਤਾ ਹੋਇਆ ਏ।" ਲੱਖਾ ਸਿੰਘ ਨੇ ਭਰੋਸਾ ਦੁਆ ਦਿੱਤਾ।

"ਭਰ ਦੇ, ਭਰ ਦੇ, ਸਰਦਾਰ! ਇਹਦਾ ਤੋਪਾ ਵੀ। ਇਹ ਵੀ ਕਦੇ ਕਦੇ ਛੜਾਂ ਮਾਰਨ ਲੱਗ ਪੈਂਦਾ ਏ। ਫੇਰ ਮੇਰੇ ਵਾਂਗ ਧੌਣ ਸੁੱਟ ਕੇ ਤੁਰਿਆ ਜਾਏਗਾ ਸਾਰੀ ਉਮਰ।" ਸੂਬੇ ਨੇ ਸਹਿਦਾ ਸਹਿਦਾ ਵਿਅੰਗ ਕੀਤਾ।

"ਉਇ ਸੂਬਿਆ! ਅਸੀਂ ਵੀ ਜੀਹਦੀ ਬਾਂਹ ਫੜ ਲਈਏ, ਸਿਰ ਨਾਲ ਨਿਭਾਅ ਦੇਂਦੇ ਆਂ। ਲੰਬਰਦਾਰਾਂ ਵਾਂਗ ਹਰ ਸਾਲ ਕਾਮੇ ਨਹੀਂ ਬਦਲਦੇ।" ਲੱਖਾ ਸਿੰਘ ਨੇ ਸੂਬੇ ਦੇ ਸ਼ਬਦਾਂ ਨੂੰ ਨਵੇਂ ਅਰਥ ਦੇ ਕੇ ਵਿਅੰਗ ਨੂੰ ਵਡਿਆਈ ਵਿਚ ਬਦਲ ਦਿੱਤਾ।

ਜਾਣੂ ਲੋਕ ਉਸ ਵੇਲੇ ਲੱਖਾ ਸਿੰਘ ਨੂੰ 'ਸ਼ਾਹ' ਕਹਿੰਦੇ ਸਨ। ਉਹਦਾ ਸ਼ਾਹੂਕਾਰਾ ਹੈਗਾ ਵੀ ਆਪਣੇ ਢੰਗ ਦਾ ਸੀ। ਉਹ ਆਪਣੀ ਕਣਕ ਉਸੇ ਵੇਲੇ ਕਦੇ ਨਾ ਵੇਚਦਾ, ਸਗੋਂ ਕੁਝ ਹੋਰ ਵੀ ਇਕੱਠੀ ਕਰਕੇ ਉਹ ਜਮ੍ਹਾਂ ਕਰ ਲੈਂਦਾ। ਏਸ ਮਤਲਬ ਵਾਸਤੇ ਉਹਨੇ ਅੰਦਰਲੀ ਹਵੇਲੀ ਵਿਚ ਇਕ ਖੁੱਲ੍ਹਾ ਦਲਾਨ ਛੱਤਿਆ ਹੋਇਆ ਸੀ। ਉਹਦੀਆਂ ਕੰਧਾਂ ਅੰਦਰੋਂ ਬਾਹਰੋਂ ਪਲੱਸਤਰ ਸਨ। ਹੇਠੋਂ ਕੁਰਸੀ ਉੱਚੀ ਰੱਖ ਕੇ ਫ਼ਰਸ਼ ਵੀ ਪਲੱਸਤਰ ਕੀਤਾ ਹੋਇਆ ਸੀ। ਸਮੇਂ ਅਨੁਸਾਰ ਉਹ ਇਕ ਚੰਗਾ ਗੁਦਾਮ ਸੀ। ਪ੍ਰਚਲਤ ਵਿਗਿਆਨਕ ਢੰਗ ਨਾਲ ਉਹ ਹਰ ਸਾਲ ਉਹਦੀ ਸਫ਼ਾਈ ਵੀ ਕਰੀ ਰੱਖਦਾ। ਇਸ ਤਰ੍ਹਾਂ ਜੀਵ-ਰਹਿਤ ਕੀਤੇ ਗੁਦਾਮ ਵਿਚ ਉਹਦੀ ਕਣਕ ਸਾਲ ਦੇ ਅਖ਼ੀਰ ਤੱਕ ਖ਼ਰਾਬ ਨਾ ਹੁੰਦੀ।

ਉਹ ਪੋਹ ਵਿਚ ਆ ਕੇ ਆਪਣੇ ਗੁਦਾਮ ਦਾ ਬੂਹਾ ਖੋਲ੍ਹਦਾ। ਲੋੜਵੰਦ ਗ਼ਰੀਬਾਂ ਨੂੰ ਉਹ ਓਨੇ-ਕੁ ਦਾਣੇ ਦੇਣੋਂ ਸੰਕੋਚ ਨਾ ਕਰਦਾ, ਜਿੰਨਿਆਂ ਦੇ ਮੁੜ ਆਉਣ ਦੀ ਆਸ ਹੁੰਦੀ। ਉਹ ਮਾੜੇ ਜ਼ਿਮੀਂਦਾਰਾਂ ਨੂੰ ਵੀ ਦਾਣੇ ਦੇਂਦਾ, ਪਰ ਦੋਹਾਂ ਧਿਰਾਂ ਨੂੰ ਦੇਣ ਲੱਗਿਆਂ ਕੁਝ ਫ਼ਰਕ ਜ਼ਰੂਰ ਰੱਖਦਾ। ਪਹਿਲੀ ਗੱਲ, ਉਹ ਜੱਟਾਂ ਨੂੰ ਦਾਣੇ ਨਕਦਾਂ ਦੇ ਦੇਂਦਾ। ਪਿੰਡ ਵਰਨ ਦੇ ਨੇੜੇ ਕਸੂਰ ਹੀ ਇਕ ਮੰਡੀ ਸੀ। ਕਸੂਰ ਨਾਲੋਂ ਉਹ ਚਾਰ ਆਨੇ ਮਣ ਮਗਰ ਵੱਧ ਲਾਉਂਦਾ। ਕੋਈ ਇਤਰਾਜ਼ ਕਰਦਾ ਤਾਂ ਉਹਦਾ ਜਵਾਬ ਢੁੱਕਵਾਂ ਹੁੰਦਾ, "ਕਸੂਰੋਂ ਲੈਣ ਜਾਉਗੇ, ਦਿਹਾੜੀ ਮਾਰੋਗੇ, ਚੁੱਕ ਕੇ ਲਿਆਉਗੇ ਤਾਂ ਉਹ ਉਤਰਨਗੇ ਮਣ ਦੇ ਉਨਤਾਲੀ ਸੇਰ। ਏਥੇ ਚਾਲੀ ਦੇ ਚਾਲੀ ਤੁੱਲਣਗੇ। ਮੈਂ ਤੋਲ ਦੀ ਕਮਾਈ ਨਹੀਂ ਖਾਣੀ, ਸ਼ਾਹਦੀ ਆਖ ਕੇ ਚਾਰ ਆਨੇ ਵੱਧ ਲੈਣੇ ਨੇ। ਨਾਲੇ ਮੈਂ ਕਿਹੜੇ

ਹੱਥੀਂ ਤੋਲਣੇ ਨੇ। ਤੋਲਣੇ ਨੇ ਥੈਂਕੇ ਸ਼ਾਹ ਨੇ। ਉਹ ਜਾਣੇ ਤੇ ਉਹਦਾ ਧਰਮ-ਇਮਾਨ ਜਾਣੇ। ਉਹਦੀ ਤੁਲਾਈ ਧਾ-ਮਣੀ ਖਰੀ। ਉਹ ਵੀ ਮੇਰੇ ਪੱਲਿਓਂ ਜਾਣੀ ਹੋਈ। ਦੱਸੋ, ਚਾਰ ਆਨੇ ਕੋਈ ਵਧੇਰੇ ਨੇ ?"

ਹਾਂ, ਚਾਰ ਆਨੇ ਕੋਈ ਬਹੁਤੇ ਨਹੀਂ ਸਨ, ਭਾਵੇਂ ਉਦੋਂ ਦੇ ਚਾਰ ਆਨੇ, ਅੱਜ ਦੇ ਚਾਰ ਰੁਪੈ ਨਾਲੋਂ ਵਧੇਰੇ ਕੀਮਤ ਰੱਖਦੇ ਸਨ।

ਵਧੇਰੇ ਫ਼ਾਇਦਾ ਸੀ ਉਹਨੂੰ ਉਧਾਰ ਦੇਣ ਵਿਚ। ਉਹ ਨਕਦਾਂ ਵਾਲਾ ਭਾਅ ਗਿਣ ਕੇ ਰਕਮ ਜੋੜ ਲੈਂਦਾ। ਬਣਦੀ ਰਕਮ ਨੂੰ ਸਵਾਈ ਕਰਕੇ ਉਹ ਅੰਗੂਠਾ ਲੁਆ ਲੈਂਦਾ। ਦਲੀਲ ਉਹ ਉਥੇ ਵੀ ਬੜੀ ਸੁੰਦਰ ਦੇਂਦਾ, "ਭਈ, ਮੈਨੂੰ ਤਾਂ ਕਣਕ ਸਾਲ ਭਰ ਈ ਸਾਂਭਣੀ ਪਈ ਏ ਨਾ। ਉਦੋਂ ਪੈਸੇ ਵੱਟ ਕੇ ਮੈਂ ਕਿਸੇ ਹੋਰ ਕੰਮ ਲਾਏ ਹੁੰਦੇ ਤਾਂ ਸਾਲ ਪਿਛੋਂ ਡਿਉਢੇ ਹੋਏ ਹੁੰਦੇ। ਤੇ ਮੈਂ ਤਾਂ ਸਵਾਏ ਕਰਨੇ ਨੇ। ਦੱਸੋ, ਇਹ ਵੀ ਕੋਈ ਧਾੜਾ ਏ ? ਨਾਦਰ ਸ਼ਾਹ ਵਾਲੀ ਲੁੱਟ ਨਹੀਂ। ਇਹ ਤਾਂ ਸ਼ਾਹੂਕਾਰੀ ਪਿਰਤ ਮੁਤਾਬਿਕ ਘੱਟ ਤੋਂ ਘੱਟ ਏ।"

ਜੇ ਕੋਈ ਅੱਗੋਂ ਉਜ਼ਰ ਪੇਸ਼ ਕਰਦਾ, 'ਸ਼ਾਹ! ਓਦੋਂ ਦੇ ਤੇ ਅੱਜ ਦੇ ਭਾਅ ਵਿਚ ਵੀ ਤਾਂ ਫ਼ਰਕ ਏ'। ਤਾਂ ਸ਼ਾਹ ਦਾ ਅੱਗੋਂ ਘੜਿਆ ਘੜਾਇਆ ਉਤਰ ਹੁੰਦਾ,"ਤੇ ਸਾਲ ਭਰ ਸਾਂਭਣ ਦਾ ਕੋਈ ਮੁੱਲ ਨਹੀਂ ? ਪਹਿਲਾਂ ਗੁਦਾਮ ਵੱਲੇ ਈ ਵੇਖ। ਸ਼ਹਿਰ ਹੋਵੇ, ਤਾਂ ਸੌ ਰੁਪੈ ਮਹੀਨੇ ਦਾ ਕਰਾਇਆ ਈ ਆਵੇ। ਨਾ ਉਹਨੂੰ ਮੀਂਹ ਨਾ ਹਨ੍ਹੇਰੀ, ਨਾ ਸਿਉਂਕ ਨਾ ਸੁਸਰੀ ਤੇ ਕਣਕ ਰੱਖਣ ਵਿਚ ਸੌ ਖ਼ਤਰੇ। ਕਿੰਨਾ ਅਨਾਜ ਤਾਂ ਚੂਹੇ ਈ ਖਾ ਜਾਂਦੇ ਨੇ। ਫਿਰ ਖਪਰਾ, ਸਿਉਂਕ, ਸੁਸਰੀ, ਕਿੰਨੀਆਂ ਬਲਾਵਾਂ ਦਾ ਖ਼ਤਰਾ। ਅਜੇ ਵੀ ਤੈਨੂੰ ਮਹਿੰਗਾ ਜਾਪਦਾ ਏ ਤਾਂ ਜਾ ਕੇ ਸ਼ਹਿਰੋ ਲੈ ਆ। ਆੜ੍ਹਤਾਂ 'ਤੇ ਢੇਰ ਲੱਗੇ ਪਏ ਨੇ।"

ਲੱਖਾ ਸਿੰਘ ਦੀ ਆਖ਼ਰੀ ਧਮਕੀ ਸਭ ਨੂੰ ਨਿਰੁੱਤਰ ਕਰ ਦੇਂਦੀ। ਦਾਣਿਆਂ ਵਾਸਤੇ ਚਾਦਰ ਵਿਛਾਉਂਦਾ ਹੋਇਆ ਗਾਹਕ ਕਹਿੰਦਾ, "ਸਰਦਾਰ! ਮੈਂ ਤਾਂ ਐਵੇਂ ਸਰਸਰੀ ਗੱਲ ਕੀਤੀ ਸੀ। ਅਸੀਂ ਤਾਂ ਸਗੋਂ ਤੇਰਾ ਹਸਾਨ ਮੰਨਦੇ ਆਂ। ਗਰੀਬ-ਗੁਰਬੇ ਦੀ ਔਖ ਵੇਲੇ ਲੋੜ ਪੂਰੀ ਕਰ ਦੇਂਦਾ ਏਂ।"

"ਮੈਂ, ਜਾਣਦਾ ਏਂ, ਇਹ ਖੇਚਲ ਕਿਉਂ ਕਰਦਾਂ ? ਕੋਈ ਇਹ ਨਾ ਆਖੇ, ਪਈ ਲੱਖਾ ਸੁੰਹ ਦੇ ਪਿੰਡ ਦੇ ਬੰਦੇ ਚਾਦਰ ਲਈ ਦਾਣਿਆਂ ਵਾਸਤੇ ਬੂਹੇ ਬੂਹੇ ਖੱਜਲ ਹੁੰਦੇ ਫਿਰਦੇ ਨੇ। ਹੁਣ ਘਰੋਂ ਕੱਢ ਕੇ ਦੇਈਦਾ ਏ। ਮਹਿ ਵਰਗਾ ਜਿਗਰਾ ਚਾਹੀਦਾ ਏ ਦੇਣ ਵਾਲੇ ਦਾ। ਫਿਰ ਹਾੜ੍ਹੀ ਆਈ 'ਤੇ ਘਰ ਘਰ ਫਿਰ ਕੇ ਉਗਰਾਹੀਦੇ ਨੇ। ਦਸ ਫੇਰੇ ਮਾਰਨ 'ਤੇ ਵੀ ਕਈਆਂ ਵੱਲੋਂ ਸਾਰੇ ਨਹੀਂ ਤਰਦੇ। ਆਪ ਸੋਚੀਦਾ ਏ : ਚਲੋ, ਵਸਦੀ ਦਾ ਵਾਸ ਏ, ਹੁਣ ਨਹੀਂ ਤਾਂ ਸੌਣੀ ਤੋਂ ਆ ਜਾਣਗੇ।" ਲੱਖਾ ਸਿੰਘ ਨੇ ਉਲਟਾ



WWW.SIKHBOOKCLUB.COM 

ਅਹਿਸਾਨ ਜਤਾਉਂਦਿਆਂ ਕਹਿਣਾ।

"ਏਸ ਗੱਲੋਂ ਤਾਂ, ਸ਼ਾਹ! ਸਾਰਾ ਪਿੰਡ ਤੇਰੇ ਗੁਣ ਗੌਂਦਾ ਏ। ਕੋਈ ਸ਼ਰੀਕ ਸੜੇ ਤਾਂ ਪਿਆ ਸੜੇ। ਗ਼ਰੀਬ ਤਾਂ ਸਾਰੇ ਤੇਰੀਆਂ ਥੇਈਆਂ ਰਖਦੇ ਨੇ।"

ਠੀਕ ਹੀ ਗ਼ਰੀਬ ਏਸ ਗੱਲੋਂ ਉਹਦਾ ਜੱਸ ਗਾਉਂਦੇ ਸਨ, ਕਿਉਂਕਿ ਜਿਸ ਢੰਗ ਨਾਲ ਉਹ ਗ਼ਰੀਬਾਂ ਦਾ ਲਹੂ ਨਚੋੜਦਾ ਸੀ, ਉਸ ਦਾ ਕਿਸੇ ਨੂੰ ਗਿਆਨ ਨਹੀਂ ਸੀ। ਗਿਆਨ ਤੇ ਗ਼ਰੀਬੀ ਦੀ ਵੀ ਆਪਸ ਵਿਚ ਧੁਰੋਂ ਅਜੋੜ ਹੀ ਤੁਰੀ ਆਈ ਹੈ।

ਲਗਦੀ ਵੱਸ ਲੱਖਾ ਸਿੰਘ ਹਾੜ੍ਹੀ ਦੀ ਫ਼ਸਲ 'ਤੇ ਪਿਛਲਾ ਦਿੱਤਾ ਵੱਧ ਤੋਂ ਵੱਧ ਉਗਰਾਹ ਲੈਂਦਾ। ਜਿਸ ਵੱਲ ਅੱਧ ਪਚੱਧ ਰਹਿ ਜਾਂਦਾ, ਹਿਸਾਬ ਕਰਕੇ ਉਹ ਨਵਾਂ ਕਾਗਤ ਕਰਾ ਲੈਂਦਾ।

ਹਿਸਾਬ ਕਰਨ ਦਾ ਢੰਗ ਉਹਦਾ ਧੰਨੇ ਸ਼ਾਹ ਨਾਲ ਮਿਲਦਾ ਸੀ। ਮਸਾਲ ਵੀ ਉਹ ਧੰਨੇ ਸ਼ਾਹ ਦੀ ਦਿਆ ਕਰਦਾ : "ਆਪਣੇ ਪਿੰਡਾਂ ਨਾਲ ਵਧੇਰੇ ਵਾਹ ਤਾਂ ਧੰਨੇ ਸ਼ਾਹ ਦਾ ਏ ਨਾਂ। ਜਾਓ, ਉਹਦੀਆਂ ਵਹੀਆਂ ਵੇਖ ਲੋਂ। ਐਥੇ ਅਮਲੀ ਨੱਥਾ ਸੁਹ ਤੋਂ ਈ ਪੁੱਛ ਲੋ ਤੁਸੀਂ। ਅਮਲੀ ਉਸੇ ਦੀ ਸਾਮੀ ਏ। ਆੜ੍ਹਤੀਆਂ ਦੀ ਪਿਰਤ ਬੱਧੀ ਹੋਈ ਏ : ਟਕੇ ਰੁਪਏ ਦੇ ਹਿਸਾਬ ਨਾਲ ਰਕਮ ਦਾ ਛਿਮਾਹੀ ਦਾ ਬਿਆਜ ਕੱਟ ਕੇ ਉਹ ਪਹਿਲਾਂ ਹੀ ਵਿਚੋਂ ਰੱਖ ਲੈਂਦੇ ਨੇ। ਉਹ ਆੜ੍ਹਤ ਦੇ ਖ਼ਰਚ ਵਜੋਂ ਪੰਜ ਰੁਪਏ ਸੈਂਕੜਾ ਹੋਰ ਵੀ ਕੱਟਦੇ ਨੇ। ਮੈਂ ਉਹ ਨਹੀਂ ਲੈਂਦਾ। ਕੀ ਏਨੀ ਰਿਐਤ ਥੋੜ੍ਹੀ ਏ ? ਮੈਂ ਸਿਰਫ਼ ਛੇ ਮਹੀਨੇ ਦਾ ਬਿਆਜ ਕੱਟਦਾਂ। ਮੇਰੀ ਤਾਂ ਧਰਮ ਦੀ ਕਿਰਤ ਏ। ਕੋਈ ਠੱਗੀ ਧਾੜਾ ਨਹੀਂ।"

SIKHBOOKCLUB.COM

ਹਰ ਸਾਮੀ ਨਾਲ ਹਾੜ੍ਹੀ ਸੌਣੀ ਦੀ ਫ਼ਸਲ ਵੇਲੇ ਉਹ ਸਾਲ ਵਿਚ ਦੋ ਵਾਰ ਹਿਸਾਬ ਕਰਦਾ। ਪਿਛਲੀ ਸਾਰੀ ਬਣਦੀ ਰਕਮ ਨੂੰ ਸਣੇ ਬਿਆਜ ਉਹ ਅਸਲ ਵਿਚ ਬਦਲ ਲੈਂਦਾ। ਫਿਰ ਉਸ ਉੱਤੇ ਟਕੇ ਰੁਪੈ ਦੇ ਹਿਸਾਬ ਸੂਦ ਲਾ ਕੇ ਓਨੀ ਰਕਮ ਉਹ ਪਹਿਲਾਂ ਹੀ ਰੱਖ ਲੈਂਦਾ। ਭਾਵ, ਜਿਸ ਤੋਂ ਉਹ ਸੌ ਰੁਪੈ ਦਾ ਕਾਗਤ ਕਰਾਉਂਦਾ, ਉਹਨੂੰ ਇਕਾਸੀ ਰੁਪੈ ਚਾਰ ਆਨੇ ਦੇਂਦਾ, ਜਾਂ ਜਿਸ ਵੱਲ ਉਹਦਾ ਸੌ ਰੁਪਇਆ ਬਣਦਾ, ਉਸ ਤੋਂ ਉਹ ਇਕ ਸੌ ਅਠਾਰਾਂ ਰੁਪੈ, ਬਾਰਾਂ ਆਨੇ ਦਾ ਕਾਗਤ ਕਰਾਉਂਦਾ। ਅਸ਼ਟਾਮ ਦਾ ਖ਼ਰਚ ਵੱਖਰਾ ਸਾਮੀ ਦੇ ਸਿਰ ਪੈਂਦਾ। ਛੇ ਮਹੀਨੇ ਪਿਛੋਂ ਉਹ ਫਿਰ ਹਿਸਾਬ ਕਰ ਲੈਂਦਾ। ਇਸ ਤਰ੍ਹਾਂ ਸੂਦ ਦਰ ਸੂਦ ਦਾ ਚੱਕਰ ਸਾਲ ਵਿਚ ਦੋ ਵਾਰ ਚੱਲਦਾ।

ਆਪਣੇ ਕਾਮਿਆਂ ਨਾਲ ਵੀ ਉਹਦਾ ਏਹੋ ਵਰਤਾਉ ਸੀ। ਹਾੜ੍ਹੀ ਸਾਉਣੀ ਦੋ ਵਾਰ ਉਹ ਹਿਸਾਬ ਕਰਦਾ। ਪਿਛਲੀ ਰਕਮ ਉਹ ਸਾਰੀ ਜਾਂ ਵੱਧ ਤੋਂ ਵੱਧ ਕੱਟ ਲੈਂਦਾ। ਇਸ ਦਾ ਸਿੱਟਾ ਕਾਮੇ ਨੂੰ ਉਹਦੇ ਪਿੜ ਵਿਚੋਂ ਹਮੇਸ਼ਾ ਚਾਦਰ ਝਾੜ ਕੇ ਤੁਰਨਾ ਪੈਂਦਾ।

ਹਾਂ, ਅਗਲੇ ਦਿਨ ਹੀ ਉਹ ਫੇਰ ਕਾਮੇ ਨੂੰ ਉਧਾਰ ਦੇਣਾ ਸ਼ੁਰੂ ਕਰ ਦੇਂਦਾ।

ਇਹ ਕਾਰਨ ਸੀ ਜਿਸ ਕਰਕੇ ਸਾਰੀ ਉਮਰ ਸੁਥੇ ਦੇ ਸਿਰੋਂ ਕਰਜ਼ ਨਹੀਂ ਸੀ ਉਤਰਿਆ। ਉਹ ਸੌ ਸਾਲ ਵੀ ਲੱਖਾ ਸਿੰਘ ਦਾ ਹਲ ਵਾਹੁੰਦਾ ਰਹਿੰਦਾ ਤਾਂ ਉਹਦੇ ਸਿਰੋਂ ਕਰਜ਼ ਨਹੀਂ ਸੀ ਉਤਰਨਾ। ਹਾਂ, ਬਸੰਤ ਕੌਰ ਕਾਮੇ ਦੀ ਰੋਟੀ ਵਿਚ ਵਿਤਕਰਾ ਨਹੀਂ ਸੀ ਕਰਦੀ। ਉਹਦੇ ਹੱਥੋਂ ਕਾਮਾ ਭੁੱਖਾ ਨਹੀਂ ਸੀ ਮਰਦਾ, ਆਪਣੇ ਪਰਿਵਾਰ ਜਾਂ ਸ਼ਾਹ ਦੇ ਹੱਥੋਂ ਮਰੇ ਤਾਂ ਉਹਦੀ ਮਰਜ਼ੀ।

ਲੱਖਾ ਸਿੰਘ ਹਾੜੀ ਦੀ ਉਗਰਾਹੀ ਤੋਂ ਵਿਹਲਾ ਹੋ ਗਿਆ। ਕੱਥੂ ਵਾਸਤੇ ਉਹਨੇ ਨਿੱਕੀ ਕਰਲੂਹੀ ਤੋਂ ਸਾਕ ਲੱਭ ਲਿਆ। ਲੜਕੀ ਚੰਗੀ ਜਵਾਨ ਸੀ। ਰੰਗ ਰੂਪ ਵੱਲੋਂ ਵੀ ਉਹ ਆਪਣੀ ਬਰਾਦਰੀ ਵਿਚੋਂ ਮਾੜੀ ਨਹੀਂ ਸੀ। ਵੇਖ ਕੇ ਕੱਥੂ ਖ਼ੁਸ਼ ਹੋ ਗਿਆ। ਵਿਆਹ ਹੋ ਗਿਆ, ਪਰ ਕੱਥੂ ਦਾ ਅਗੂੰਠਾ ਸਵਾ ਪੰਜ ਸੌ 'ਤੇ ਲੱਗ ਗਿਆ।

"ਲੈ ਉਇ ਕੱਥੂ! ਤੇਰੀਆਂ ਬੋਦੀਆਂ ਬੱਝ ਗਈਆਂ ਈ। ਨਾਲੇ ਧੋਵੀਂ, ਨਾਲੇ ਰੋਵੀਂ। ਤੂੰ ਹੁਣ ਸਾਰੀ ਉਮਰ ਸਰਦਾਰ ਦੀ ਕਲਮ ਦੀ ਮਾਰ ਹੇਠੋਂ ਨਹੀਂ ਨਿਕਲਨ ਲੱਗਾ।" ਜੱਗ-ਬੀਤੀ ਨਹੀਂ, ਸੂਬੇ ਨੇ ਹੱਡ-ਬੀਤੀ ਕੀਤੀ।

"ਕੋਈ ਪਰਵਾਹ ਨਹੀਂ।" ਕੱਥੂ ਨੇ ਪੂਰੀ ਲਾ-ਪਰਵਾਹੀ ਨਾਲ ਕਿਹਾ। ਕਿਸੇ ਆਖਿਆ ਸੀ : "ਮੀਣਿਆਂ! ਤੈਨੂੰ ਚੋਰ ਲੈ ਜਾਣ। ਉਹਨੇ ਜਵਾਬ ਦਿੱਤਾ : ਯਾਰਾਂ ਪੱਠੇ ਈ ਖਾਣੇ ਨੇ। ਸਾਡੀ ਉਕਾਤ ਕੀ ਏ ? ਤਿੰਨ ਮੰਨੀਆਂ ਤੇ ਢੰਗਿਆਂ ਦੇ ਖੁੱਡੇ ਸੇਕਣੇ।"

SIKHBOOKCLUB.COM

## ੧੩

ਮੁਕਲਾਵੇ ਗਈ ਸਵਰਨੀ ਇਕ ਮਹੀਨਾ ਸਹੁਰੇ ਰਹੀ। ਇਸ ਵਾਰ ਸਮੁੰਦ ਸਿੰਘ ਆਪ ਉਹਨੂੰ ਲੈਣ ਗਿਆ। ਤੋਰੇ ਫੇਰੇ 'ਤੇ ਓਹਾ ਰਹਿੰਦਾ ਸੀ। ਵਾਹੀ ਦੀ ਸਾਰੀ ਜ਼ਿੰਮੇਵਾਰੀ ਛੋਟੇ ਮੁਕੰਦ ਸਿੰਘ ਦੇ ਸਿਰ ਸੀ। ਇਕ ਹਾਲੀ ਕਾਮੇ ਤੇ ਇਕ ਵਾਗੀ ਦੀ ਮਦਦ ਨਾਲ ਉਹ ਘਰ ਦਾ ਕੰਮ ਚੰਗਾ ਚਲਾ ਰਿਹਾ ਸੀ। ਦੋ ਹਲਾਂ ਦੀ ਵਾਹੀ ਸੀ।

ਵਾਪਸ ਗਈ ਸਵਰਨੀ ਦੇ ਮੂੰਹ ਵੱਲ ਮਾਂ ਨੇ ਬੜੇ ਧਿਆਨ ਨਾਲ ਵੇਖਿਆ। ਸਵਰਨੀ ਦੇ ਚਿਹਰੇ ਉੱਤੇ ਉਹ ਖ਼ੁਸ਼ੀ ਦੀ ਲਾਲੀ ਨਹੀਂ ਸੀ, ਜੋ ਸੱਜ-ਵਿਆਹੀਆਂ ਮੁਟਿਆਰਾਂ ਦੇ ਹੁੰਦੀ ਹੈ। ਮਾਂ ਨੇ ਉਹਦੇ ਦਿਲ ਦੀ ਬੁੱਝ ਲਈ, ਪਰ ਹੁਣ ਹੋ ਕੀ ਸਕਦਾ ਸੀ। ਮੱਥੇ ਦੀ ਰੇਖ, ਜੋ ਲਿਖਿਆ ਸੀ ਮਿਲ ਗਿਆ। ਮਾਂ ਹਉਕੇ ਭਰਨ ਤੋਂ ਬਿਨਾਂ ਹੋਰ ਕੁਝ ਨਹੀਂ ਸੀ ਕਰ ਸਕਦੀ।

ਹਰ ਵੇਲੇ ਸਵਰਨੀ ਉਦਾਸ-ਉਦਾਸ ਰਹਿੰਦੀ। ਸਹੇਲੀਆਂ ਉਹਦੇ ਗਹਿਣੇ

ਕੱਪੜੇ ਦੀ ਤਾਰੀਫ਼ ਕਰਦੀਆਂ। ਹਾਸਾ ਠੱਠਾ ਵੀ ਕਰਦੀਆਂ, ਪਰ ਸਵਰਨੀ ਕਿਸੇ ਗੱਲ ਦਾ ਵੀ ਖੁੱਲ੍ਹ ਕੇ ਉੱਤਰ ਨਾ ਦੇਂਦੀ।

"ਕੁੜੇ, ਤੂੰ ਸਹੁਰਿਆਂ ਤੋਂ ਆਈ ਏਂ ਤਾਂ ਕਿਸੇ ਨਾਲ ਸਿੱਧੇ ਮੂੰਹ ਗੱਲ ਈ ਨਹੀਂ ਕਰਦੀ। ਨਾ ਹੱਸੇਂ, ਨਾ ਬੋਲੇਂ। ਤੂੰਏਂ ਸ਼ਾਹਣੀ ਸਹੀ।" ਕੋਈ ਸ਼ੋਖ਼ ਸਹੇਲੀ ਕਦੇ ਮਰੋੜੇ ਨਾਲ ਕਹਿ ਦੇਂਦੀ।

ਲੱਖਾ ਸਿੰਘ ਨੂੰ ਲੋਕ ਸ਼ਾਹ ਕਹਿੰਦੇ ਸਨ। ਉਹਦੇ ਲਫ਼ਜ਼ ਨਰੜੀ ਜਾਣ ਕਰਕੇ ਸਹੇਲੀਆਂ ਸਵਰਨੀ ਨੂੰ ਠੱਠੇ ਨਾਲ 'ਸ਼ਾਹਣੀ' ਕਹਿ ਦੇਂਦੀਆਂ।

"ਕੀ ਹੱਸਾਂ। ਕੋਈ ਹੱਸਣ ਵਾਲੀ ਗੱਲ ਹੋਵੇ ਤਾਂ ਹੱਸਾਂ ਨਾਂ। ਹੱਸਣ ਦਾ ਵੇਲਾ ਤਾਂ ਤੁਹਾਡਾ ਏ । ਹੱਸ ਲੋ। ਕਰ ਲੋ ਮਸ਼ਕਰੀਆਂ।" ਸਵਰਨੀ ਉਦਾਸ ਜੇਹੇ ਢੰਗ ਨਾਲ ਉੱਤਰ ਦੇਂਦੀ।

"ਸਵਰਨੋ!" ਇਕ ਦਿਨ ਮੁਕੰਦ ਸਿੰਘ ਦੀ ਵਹੁਟੀ ਨੇ ਉਹਨੂੰ ਜੱਫੀ ਵਿਚ ਲੈ ਕੇ ਕਿਹਾ, "ਆਪਾਂ ਦੋਵੇਂ ਇਕੋ ਹਾਣ ਆਂ। ਵਿਆਹ ਵੀ ਆਪਣੇ ਕੁਝ ਮਹੀਨਿਆਂ ਦੀ ਵਿੱਥ 'ਤੇ ਹੋਏ ਨੇ। ਕੱਠੇ ਈ ਸਮਝ ਖਾਂ। ਮੇਰੇ ਵੱਲੇ ਵੇਖ। ਮੈਂ ਤੈਥੋਂ ਲੁਕੋਂਦੀ ਨਹੀਂ। ਵੇਖ, ਮੈਂ ਕਿੰਨੀ ਖ਼ੁਸ਼ ਆਂ, ਪਰ ਤੂੰ ਮੇਰੀ ਰਾਣੀ! ਤੂੰ, ਮੇਰੇ ਜੀਅ ਨੂੰ ਵਾਢਾਂ ਪੈਂਦੀਆਂ ਨੇ ਤੇਰੇ ਉਦਾਸ ਮੂੰਹ ਵੱਲ ਵੇਖ ਕੇ।"

"ਭਾਬੀ! ਕਿਸਮਤ ਏ ਆਪੋ ਆਪਣੀ। ਜੋ ਮਾਪਿਆਂ ਕਰ ਦਿੱਤਾ, ਸਿਰ ਮੱਥੇ 'ਤੇ। ਮੈਂ ਵੀ ਖ਼ੁਸ਼ ਆਂ। ਵੇਖ ਖਾਂ ਮੇਰਿਆਂ ਗਹਿਣਿਆਂ ਤੇ ਲੀੜਿਆਂ ਵੱਲੇ। ਹੋਰ ਮੈਨੂੰ ਕੀ ਚਾਹੀਦਾ ਸੀ। ਏਹਾ ਆਹੰਦਾ ਸੀ ਨਾ ਵੱਡਾ ਭਾਊ। ਤੁਸੀਂ ਸਾਰੇ ਖ਼ੁਸ਼ ਜੇ ਤਾਂ ਮੈਂ ਵੀ ਖ਼ੁਸ਼ ਆਂ।" ਸਵਰਨੀ ਨੇ ਭਰਜਾਈ ਦੇ ਮੋਢੇ ਨਾਲ ਸਿਰ ਲਾ ਲਿਆ।

"ਸਵਰਨੋ! ਮੇਰੀ ਬੀਬੀ ਭੈਣ! ਮੈਂ ਤੇਰੇ ਦੁੱਖ ਨੂੰ ਸਮਝਦੀ ਆਂ। ਚੰਗੀ ਤਰ੍ਹਾਂ ਸਮਝਦੀ ਆਂ, ਪਰ ਮੇਰੀਏ ਛਿੰਦੀਏ! ਮੈਂ ਤੇਰਾ ਦੁੱਖ ਵੰਡਾਅ ਨਹੀਂ ਸਕਦੀ। ਕੋਈ ਵੀ ਨਹੀਂ ਵੰਡਾਅ ਸਕਦਾ।" ਹਮਦਰਦੀ ਵਜੋਂ ਭਰਜਾਈ ਦੀਆਂ ਅੱਖਾਂ ਵਿਚ ਹੰਝੂ ਭਰ ਆਏ।

ਸਵਰਨੋ ਦੀ ਵੱਡੀ ਭਰਜਾਈ ਵੀ ਉਹਦੇ ਵੱਲ ਵੇਖ ਕੇ ਉਦਾਸ ਸੀ। ਇਕ ਦਿਨ ਉਹਨੇ ਵੀ ਸਵਰਨੀ ਨੂੰ ਕੋਲ ਬਹਾ ਕੇ ਕਿਹਾ, "ਬੀਬੀ! ਮੇਰੇ ਨਾਲ ਵੀ ਨਰਾਜ਼ ਏਂ ਸਗੋਂ ?"

"ਨਹੀਂ, ਭਾਬੀ। ਤੇਰੇ ਨਾਲ ਕਿਹੜੀ ਗੱਲੋਂ ਨਰਾਜ਼ ਹੋਣਾ ਏ। ਮੈਂ ਕਿਸੇ ਨਾਲ ਵੀ ਨਰਾਜ਼ ਨਹੀਂ। ਨਾਲੇ ਹੁਣ ਨਰਾਜ਼ ਹੋਇਆਂ ਬਣਦਾ ਵੀ ਕੀ ਏ?" ਸਵਰਨੀ ਦੀ ਅਵਾਜ਼ ਨਿਰਾਸਤਾ ਵਿਚ ਡੁੱਬੀ ਹੋਈ ਸੀ।



WWW.SIKHBOOKCLUB.COM 

"ਜਕੀਨ ਕਰੀਂ, ਸਵਰਨੇ! ਮੇਰਾ ਇਹਦੇ ਵਿਚ ਕੋਈ ਦੋਸ਼ ਨਹੀਂ। ਮੈਥੋਂ ਕਿਸੇ ਸਲਾਹ ਤੱਕ ਨਹੀਂ ਪੁੱਛੀ। ਆਪਣੇ ਆਪ ਮੈਂ ਕੋਈ ਸਲਾਹ ਦੇਂਦੀ ਵੀ ਤਾਂ ਅੱਗੋਂ ਝਿੜਕਾਂ ਈ ਪੈਣੀਆਂ ਸਨ।" ਭਰਜਾਈ ਆਪਣੀ ਮਜਬੂਰੀ ਪ੍ਰਗਟ ਕਰ ਰਹੀ ਸੀ।

"ਮੈਂ ਜਾਣਦੀ ਆਂ ਸਭ ਕੁਝ। ਤੂੰ ਦੁਖੀ ਕਿਉਂ ਹੁੰਦੀ ਏਂ।" ਸਵਰਨੀ ਨੇ ਅਗੋਂ ਭਰਜਾਈ ਦਾ ਮਾਣ ਰੱਖਦਿਆਂ ਕਿਹਾ।

"ਅਸਲ ਵਿਚ ਜਨਾਨੀ ਦੇ ਦਿਲ ਦੀ ਜਨਾਨੀ ਹੀ ਸਮਝ ਸਕਦੀ ਏ, ਪਰ ਮਰਦ ਜਨਾਨੀ ਦੀ ਸਲਾਹ ਲੈਣ ਵਿਚ ਆਪਣੀ ਹੇਠੀ ਸਮਝਦੇ ਨੇ। ਮੈਂ ਵੀ ਤੇ ਮਾਂ ਜੀ ਵੀ, ਅਸੀਂ ਦੋਵੇਂ ਸਮਝਦੀਆਂ ਹਾਂ ਕਿ ਤੇਰੇ ਨਾਲ ਧੱਕਾ ਹੋਇਆ ਏ, ਪਰ ਸਾਡੀ ਕੀ ਵੱਟੀਦੀ ਸੀ। ਤੂੰ ਆਵਦੇ ਭਾਊ ਦੇ ਸੁਭਾਅ ਨੂੰ ਜਾਣਦੀ ਏਂ। ਉਹ ਕਿਸੇ ਦੀ ਨਹੀਂ ਸੁਣਦੇ।"

"ਮੈਨੂੰ ਭਾਊ 'ਤੇ ਵੀ ਕੋਈ ਰੋਸ ਨਹੀਂ। ਉਹਨੇ ਜੋ ਕੁਝ ਕੀਤਾ ਏ, ਆਪਣੇ ਵੱਲੋਂ ਚੰਗਾ ਸਮਝ ਕੇ ਕੀਤਾ ਏ। ਨਾਲੇ ਹੁਣ ਰੋਸ ਜਾਂ ਗਿਲ੍ਹਾ ਕਰਨ ਦਾ ਕੀ ਫ਼ੈਦਾ ?"

"ਠੀਕ ਆਹੰਦੀ ਏਂ, ਬੀਬੀ ! ਹੁਣ ਕੋਈ ਫ਼ੈਦਾ ਨਹੀਂ। ਕੋਈ ਫ਼ੈਦਾ ਨਹੀਂ।" ਭਰਜਾਈ ਨੇ ਨਿਰਾਸਤਾ ਵਿਚ ਸਿਰ ਹਿਲਾਉਂਦਿਆਂ ਕਿਹਾ।

ਕਿੰਨਾ ਚਿਰ ਭਰਜਾਈ ਸਵਰਨੀ ਦੇ ਉਦਾਸੇ ਹੋਏ ਮੂੰਹ ਵੱਲ ਵਿਹੰਦੀ ਰਹੀ। ਅੰਤ ਫੇਰ ਉਹਨੇ ਲੰਮਾ ਸਾਰਾ ਹਉਕਾ ਲੈ ਕੇ ਕਿਹਾ, "ਧੀਆਂ ਦੇ ਤਾਂ ਰੱਬ ਨੇ ਲੇਖ ਈ ਅਜੇਹੇ ਲਿਖ ਦਿੱਤੇ। ਨਮਾਣੀ ਗਊ ਵਾਂਗ, ਮਾਪੇ ਜੀਹਦੇ ਹੱਥ ਚੋਹਣ, ਰੱਸਾ ਫੜਾ ਦੇਣ।"

ਫਿਰ ਚੋਖਾ ਚਿਰ ਮੌਤ ਵਰਗੀ ਚੁੱਪ ਛਾਈ ਰਹੀ। ਨਨਾਣ ਭਰਜਾਈ ਦੇ ਅੰਦਰੋਂ ਠੰਢੇ ਸਾਹ ਨਿਕਲਦੇ ਰਹੇ, ਪਰ ਅਵਾਜ਼ ਨਹੀਂ। ਦੋਹਾਂ ਵਿਚੋਂ ਕਿਸੇ ਕੋਲ ਵੀ ਅਜੇਹਾ ਕੁਝ ਕਹਿਣ ਨੂੰ ਨਹੀਂ ਸੀ, ਜਿਸ ਨਾਲ ਦੁਖ ਘੱਟ ਸਕਦਾ।

ਸਵਰਨੀ ਦੇ ਉਦਾਸ ਚਿਹਰੇ ਵੱਲੇ ਵੇਖ ਕੇ ਸਮੁੰਦ ਸਿੰਘ ਵੀ ਮਹਿਸੂਸ ਕਰਦਾ ਸੀ, ਪਰ ਉਹਦਾ ਸੋਚਣ-ਢੰਗ ਹੋਰ ਸੀ। ਉਹ ਸੋਚਦਾ, ਕੋਈ ਨਹੀਂ। ਹੋਰ ਸਾਲ-ਛੇ ਮਹੀਨੇ ਤੱਕ ਸਵਰਨੀ ਆਪਣੇ ਘਰ ਵਿਚ ਪਰਚ ਜਾਏਗੀ। ਖਾਣ ਹੰਢੌਣ ਦੀ ਥੁੜ ਨਹੀਂ। ਹੋਰ ਚਾਹੀਦਾ ਵੀ ਕੀ ਏ। ਉਹਦੀ ਜ਼ਿੰਦਗੀ ਸੁਖੀ ਗੁਜ਼ਰੇਗੀ।"

ਆਸੋ ਦੇ ਘਰ ਦੂਸਰਾ ਬਾਲ ਹੋਣ ਵਾਲਾ ਸੀ। ਪਹਿਲੇ ਬਾਲ ਵਾਰੀ ਉਹ ਪੇਕੇ ਘਰ ਆ ਗਈ ਸੀ। ਇਸ ਵਾਰ ਉਹਨੇ ਆਪਣੇ ਘਰ ਹੀ ਰਹਿਣਾ ਠੀਕ ਸਮਝਿਆ। ਉਹ ਵੱਡੇ ਭਰਾ ਨਾਲ ਦਿਲੋਂ ਨਾਰਾਜ਼ ਵੀ ਸੀ, ਪਰ ਉਹਦੀ ਨਾਰਾਜ਼ਗੀ ਦਾ ਕੋਈ ਬਹੁਤਾ ਮੁੱਲ ਨਹੀਂ ਸੀ।



WWW.SIKHBOOKCLUB.COM 

ਆਸੋ ਸਾਹਮਣੇ ਇਕ ਔਕੜ ਵੀ ਸੀ, ਉਹਦੀ ਸੱਸ ਕਈ ਸਾਲਾਂ ਦੀ ਰੋਗਣ ਸੀ। ਉਹ ਮਸਾਂ ਆਪਣੀ ਕਿਰਿਆ ਸਾਂਭਣ ਜੋਗੀ ਸੀ, ਕਿਸੇ ਦਾ ਹੱਥ ਵਟਾਉਣ ਜੋਗੀ ਨਹੀਂ। ਆਸੋ ਨੂੰ ਲੋੜ ਸੀ ਕਿਸੇ ਅਜਿਹੇ ਹਮਦਰਦ ਦੀ ਜੋ ਮਹੀਨਾ ਭਰ ਕੋਲ ਰਹਿ ਕੇ ਉਹਦੀ ਸੇਵਾ ਸੰਭਾਲ ਕਰ ਸਕੇ। ਅਜਿਹੀ ਹਮਦਰਦ ਇਕ ਮਾਂ ਹੀ ਸੀ। ਮਾਂ ਨਾਲ ਉਹ ਨਾਰਾਜ਼ ਵੀ ਨਹੀਂ ਸੀ। ਉਹਨੇ ਆਪਣੇ ਮਾਲਕ ਨੂੰ ਭੇਜਿਆ ਕਿ ਜਾ ਕੇ ਮਾਂ ਨੂੰ ਲਾ ਆਵੇ।

ਉਹ ਆਇਆ। ਸਾਰਿਆਂ ਦੇ ਚਿਹਰੇ ਉਦਾਸ ਵੇਖ ਕੇ ਉਹ ਵੀ ਕੁਝ ਉਦਾਸ ਹੋ ਗਿਆ। ਉਹਨੇ ਆਪਣੇ ਆਉਣ ਦਾ ਕਾਰਨ ਦੱਸਿਆ।

ਮਾਂ ਨੇ ਅੱਗੋਂ ਉਤਸ਼ਾਹ-ਹੀਣ ਸੁਰ ਵਿਚ ਉਤਰ ਦਿੱਤਾ, "ਵੇਖ ਲੈ, ਪੁੱਤ! ਮੇਰੇ ਹੱਥ ਦਾ ਕੀ ਹਾਲ ਏ। ਪਰ ਮਾਵਾਂ ਦੀਆਂ ਧੀਆਂ ਵਿਚ ਆਂਦਰਾਂ ਹੁੰਦੀਆਂ ਨੇ, ਮੈਂ ਚੱਲਾਂਗੀ। ਭਰਾਵਾਂ ਤਾਂ ਭੈਣ ਨਾਲੋਂ ਸਾਂਝ ਤੋੜ ਲਈ, ਮਾਂ ਜਿਊਂਦੇ ਜੀਅ ਕਿਵੇਂ ਤੋੜ ਲਵੇ।"

ਬੜੀ ਮਾਮੂਲੀ ਜੇਹੀ ਘਟਨਾ ਤੋਂ ਮਾਂ ਦਾ ਹੱਥ ਪੱਕ ਗਿਆ ਸੀ। ਉਹ ਚੁੱਲ੍ਹੇ ਅੱਗੇ ਬੈਠੀ ਅੱਗ ਡਾਹ ਰਹੀ ਸੀ। ਕਿੱਕਰ ਦੀ ਛੋਟੀ ਜਿਹੇ ਮੋਹੜੀ ਨਾਲੋਂ ਪਤਲੀਆਂ-ਪਤਲੀਆਂ ਟਾਹਣੀਆਂ ਭੰਨ ਕੇ ਉਹ ਅੱਗ ਨੂੰ ਤੇਜ਼ ਕਰ ਰਹੀ ਸੀ। ਉਹਦੇ ਖੱਬੇ ਹੱਥ ਦੀ ਗਿੱਠੀ ਵਿਚ ਕਿੱਕਰ ਦਾ ਕੰਡਾ ਵੱਜ ਗਿਆ। ਬੇੜਾ ਕੰਡਾ ਪੁੱਟਣ ਲੱਗਿਆਂ ਅੱਗੋਂ ਥੋੜਾ ਜੇਹਾ ਮਾਸ ਦੇ ਵਿਚ ਭੁਰ ਗਿਆ। ਏਨੇ ਤੋਂ ਵਧਾਨ ਵਧ ਗਿਆ। ਤੀਜੇ ਚੌਥੇ ਦਿਨ ਹੱਥ ਸੁੱਜ ਕੇ ਪਾਥੀ ਜਿੱਡਾ ਹੋ ਗਿਆ। ਕਈ ਦਿਨ ਮਾਂ ਨੇ ਪੀੜ ਨਾਲ ਤੜਫ ਕੇ ਕੱਢੇ। ਅੰਤ ਨਾਈ ਕੋਲੋਂ ਚੀਰਾ ਦੁਆਉਣਾ ਪਿਆ। ਉਸ ਨਾਲ ਚੋਖਾ ਜ਼ਖ਼ਮ ਹੋ ਗਿਆ। ਮਾਂ ਖੱਬਾ ਹੱਥ ਪੱਟੀ ਬੰਨ੍ਹ ਕੇ ਗਾਤਰੇ ਪਾਈ ਰੱਖਦੀ ਤੇ ਸੱਜੇ ਹੱਥ ਨਾਲ ਖੱਬੀ ਵੀਣੀ ਨੂੰ ਘੁੱਟਦੀ ਰਹਿੰਦੀ। ਇਸ ਤਰ੍ਹਾਂ ਪੀੜ ਤੋਂ ਕੁਝ ਅਰਾਮ ਮਹਿਸੂਸ ਕਰਦੀ।

"ਮੈਂ ਤੇਰੇ ਹੱਥ ਦਾ ਹਾਲ ਵਿਹੰਦਾਂ ਪਿਆਂ। ਪਰ ਹੋਰ ਕਿਸੇ 'ਤੇ ਸਾਡਾ ਮਾਣ ਵੀ ਤਾਂ ਨਾ ਹੋਇਆ। ਵੱਡੀ ਭਾਬੀ ਮਸਾਂ ਆਵਦੇ ਅੰਞਾਣੇ ਸੰਭਾਲਦੀ ਏ। ਛੋਟੀ ਵਿਚਾਰੀ ਅਜੇ ਨਵੀਂ ਨਵੀਂ ਆਈ ਏ, ਉਹਨੂੰ ਆਖਣਾ ਮੁਨਾਸਬ ਨਹੀਂ। ਤੇ ਸਵਰਨੀ ਸਾਡੇ ਨਾਲ ਸਦਾ ਵਾਸਤੇ ਨਰਾਜ਼ ਹੋ ਗਈ। ਉਹ ਆਏ ਨਾਲ ਖੁੱਲ੍ਹ ਕੇ ਬੋਲੀ ਤੱਕ ਨਹੀਂ। ਫਿਰ ਆਖਾਂ ਕੀਹਨੂੰ।" ਆਸੋ ਦੇ ਮਾਲਕ ਨੇ ਭਾਵੇਂ ਹੱਸਦਿਆਂ-ਹੱਸਦਿਆਂ ਸਭ ਕੁਝ ਕਿਹਾ ਪਰ ਉਹਦੇ ਵਿਚ ਬਹੁਤ ਵੱਡਾ ਗਿਲ੍ਹਾ ਲੁਕਿਆ ਹੋਇਆ ਸੀ।

"ਭਾਈਆ! ਤੁਹਾਡੇ ਨਾਲ ਕਿਹੜੀ ਗੱਲੋਂ ਨਰਾਜ਼ ਹੋਣਾ ਏਂ। ਮੈਂ ਤੇਰੇ ਨਾਲ ਚੱਲਾਂਗੀ। ਮਾਂ ਉਥੇ ਜਾ ਕੇ ਪੱਕੇ ਹੋਏ ਹੱਥ ਨਾਲ ਕੀ ਕਰੇਗੀ।" ਸਵਰਨੀ ਨੇ ਬੜੀ



WWW.SIKHBOOKCLUB.COM 

ਦ੍ਰਿੜ੍ਹਤਾ ਨਾਲ ਕਿਹਾ।

"ਤੂੰ ਜਾਏਂਗੀ ?" ਮਾਂ ਨੇ ਬੜੀ ਹੈਰਾਨੀ ਨਾਲ ਪੁੱਛਿਆ, "ਪਰ ਲੱਖਾ ਸੁਣ ਗੁੱਸੇ ਹੋਇਆ ਤਾਂ।"

"ਮਾਂ! ਮੈਨੂੰ ਤੁਸਾਂ ਉਹਦੇ ਹੱਥ ਵੇਚਿਆ ਨਹੀਂ, ਦਾਨ ਕੀਤਾ ਏ। ਕੀ ਮੈਂ ਸਕੀ ਭੈਣ ਕੋਲ ਵੀ ਦੁੱਖ-ਸੁੱਖ ਨੂੰ ਚਾਰ ਦਿਨ ਨਹੀਂ ਜਾ ਸਕਦੀ ?" ਸਵਰਨੀ ਦੀ ਅਵਾਜ਼ ਵਿਚ ਸਾਰਿਆਂ ਵਾਸਤੇ ਰੋਸ ਸੀ।

"ਪੁੱਤ! ਧੀਆਂ ਵਾਲਿਆਂ ਦੇ ਸਿਰ ਨੀਵੇਂ ਹੁੰਦੇ ਨੇ। ਡਰਦੇ ਆਂ, ਪਈ...।" ਮਾਂ ਦੇ ਅੰਦਰ ਸੱਚਮੁੱਚ ਭੈਅ ਸੀ। ਜੁੱਗਾਂ ਦੇ ਬਣੇ ਹੋਏ ਪੁਰਾਤਨ ਸੰਸਕਾਰ।

"ਮੈਂ ਆਪੇ ਨਜਿੱਠ ਲਵਾਂਗੀ ਸਭ ਕੁਝ। ਤੁਹਾਨੂੰ ਡਰਨ ਦੀ ਲੋੜ ਨਹੀਂ" ਸਵਰਨੀ ਦੀ ਇਸ ਦਲੇਰੀ ਉੱਤੇ ਸਭ ਹੈਰਾਨ ਸਨ।

"ਤੇਰਾ ਵੱਡਾ ਭਰਾ ਘਰ ਨਹੀਂ। ਮੈਂ ਸੋਚਦੀ ਆਂ....।"

"ਭਾਊ ਨੇ ਆਪਣਾ ਫ਼ਰਜ਼ ਸਿਰੋਂ ਲਾਹ ਦਿੱਤਾ ਏ।" ਮਾਂ ਦੀ ਗੱਲ ਰਾਹੋਂ ਟੋਕ ਕੇ ਸਵਰਨੀ ਨੇ ਅਧਿਕਾਰ ਪੂਰਨ ਸੁਰ ਵਿਚ ਕਿਹਾ, "ਹੁਣ ਮੈਂ ਸੋਚਣਾ ਏਂ ਕਿ ਕੀਹਦੇ ਨਾਲ ਵਰਤਣਾ ਜ਼ਰੂਰੀ ਏ ਤੇ ਕੀਹਦੇ ਨਾਲ ਵਰਤਿਆ ਬਿਨਾਂ ਸਰ ਜਾਏਗੀ। ਮੈਂ ਜਾਵਾਂਗੀ। ਭਾਈਆ! ਤੂੰ ਤਿਆਰ ਹੋ।"

ਸਵਰਨੀ ਨੇ ਕਿਸੇ ਦੀ ਪਰਵਾਨਗੀ ਨਹੀਂ ਉਡੀਕੀ। ਨਾ ਹੀ ਉਹਨੇ ਕਿਸੇ ਦੀ ਪਰਵਾਹ ਕੀਤੀ। ਠੀਕ ਹੈ, ਪਾਣੀ ਸਿਰੋਂ ਲੰਘ ਜਾਏ ਤਾਂ ਇਨਸਾਨ ਦਲੇਰ ਹੋ ਜਾਂਦਾ ਹੈ। ਸਵਰਨੀ ਵਾਸਤੇ ਵੀ ਇਹ ਦਲੇਰੀ ਭਰਿਆ ਕਦਮ ਸੀ।

ਆਸੋ ਦਾ ਮਾਲਕ ਘੋੜੀ 'ਤੇ ਆਇਆ ਸੀ। ਉਹਨੇ ਸਵਰਨੀ ਨੂੰ ਘੋੜੀ 'ਤੇ ਚੜ੍ਹਾ ਲਿਆ ਤੇ ਆਪ ਅਗੇ ਲੱਗ ਕੇ ਤੁਰ ਪਿਆ। ਚਾਰ ਮੀਲ ਪੰਧ ਸੀ ਸਭੋ। ਘੰਟੇ ਸਵਾ ਘੰਟੇ ਵਿਚ ਉਹ ਜਾ ਪਹੁੰਚੇ।

ਸਵਰਨੀ ਭੈਣ ਦੇ ਗਲ ਲੱਗ ਕੇ ਮਿਲੀ ਤਾਂ ਉਸ ਤੋਂ ਆਪਣਾ ਆਪ ਠੱਲ੍ਹਿਆ ਨਾ ਗਿਆ। ਉਹ ਫਿੱਸ ਪਈ, ਅਸਲੋਂ ਬਾਲਾਂ ਵਾਂਗ ਫਿੱਸ ਪਈ। ਆਸੋ ਦੇ ਵੀ ਹੰਝੂ ਰੋਕੇ ਨਾ ਰੁਕੇ, ਪਰ ਛੇਤੀ ਹੀ ਦੋਵੇਂ ਭੈਣਾਂ ਸੰਭਲ ਗਈਆਂ। ਉਹਨਾਂ ਆਪਣੇ ਆਪ 'ਤੇ ਕਾਬੂ ਪਾ ਲਿਆ।

ਫਿਰ ਸਵਰਨੀ ਆਸੋ ਦੀ ਸੱਸ ਨੂੰ ਮਿਲੀ। ਬੜੀ ਹਮਦਰਦੀ ਨਾਲ ਉਹਨੇ ਉਹਦੀ ਬੀਮਾਰੀ ਬਾਰੇ ਪੁੱਛਿਆ। ਆਸੋ ਦੀ ਸੱਸ ਚੋਖਾ ਚਿਰ ਸਵਰਨੀ ਦੇ ਮੂੰਹ ਵੱਲ ਨੀਝ ਲਾ ਕੇ ਤੱਕਦੀ ਰਹੀ। ਸਵਰਨੀ ਉਸ ਨੂੰ ਬਹੁਤ ਸਿਆਣੀ ਜਾਪੀ। ਉਹਨੇ ਲੰਮਾ ਸਾਰਾ ਹਉਕਾ ਲੈ ਕੇ ਕਿਹਾ, "ਧੀਏ। ਸਾਡੇ ਈ ਕਰਮ ਮਾੜੇ ਸਨ। ਤੇਰੇ ਵਰਗੀ



WWW.SIKHBOOKCLUB.COM 

ਸਿਆਣੀ ਧੀ ਕਿਸੇ ਭਾਗਾਂ ਵਾਲੇ ਘਰ ਜਾਂਦੀ ਏ। ਵਾਹ-ਵਾ! ਜੋ ਉਹਨੂੰ ਚੰਗਾ ਲੱਗਾ। ਤੂੰ ਆਪਣੇ ਘਰ ਸੁਖੀ ਵੱਸੇਂ।"

"ਮਾਸੀ! ਸਭ ਜਲ-ਸੰਜੋਗ ਦੀ ਖੇਡ ਏ। ਆਪਣੇ ਕੀ ਵੱਸ ਏ ?" ਸਵਰਨੀ ਨੇ ਬੜੀਆਂ ਦਾਨੀਆਂ ਵਾਂਗ ਕਿਹਾ। ਇਕ ਮਹੀਨਾ ਸਹੁਰੇ ਕੱਟਣ ਨਾਲ ਹੀ ਉਹ ਬਹੁਤ ਸਿਆਣੀ ਹੋ ਗਈ ਸੀ।

ਆਸੋ ਦੇ ਦਿਉਰ ਨੇ ਵੀ ਸਵਰਨੀ ਨੂੰ 'ਸਤਿ ਸ੍ਰੀ ਅਕਾਲ' ਕੀਤੀ। ਦੋਹਾਂ ਨੇ ਇਕ ਦੂਜੇ ਵੱਲ ਪਲ ਦਾ ਪਲ ਵੇਖਿਆ ਤੇ ਫਿਰ ਅੱਖਾਂ ਨੀਵੀਆਂ ਕਰ ਲਈਆਂ। ਪਲ ਕੁ ਚੁੱਪ ਰਹਿਣ ਪਿਛੋਂ ਸਵਰਨੀ ਨੇ ਵੀ ਅੱਗੋਂ 'ਸਤਿ ਸ੍ਰੀ ਅਕਾਲ' ਕਿਹਾ। ਕਿਹਾ ਨਹੀਂ ਜਾ ਸਕਦਾ, ਉਹਦੀ ਅਵਾਜ਼ ਵਿਚ ਕੀ ਜਾਦੂ ਸੀ, ਜਿਸ ਨੂੰ ਸੁਣ ਕੇ ਦੋਵੇਂ ਇਕ ਵਾਰ ਸਿਰ ਤੋਂ ਪੈਰਾਂ ਤੱਕ ਕੰਬ ਉੱਠੇ। ਕਈ ਰਾਤਾਂ ਦੋਹਾਂ ਨੂੰ ਨੀਂਦ ਨਾ ਆਈ। ਜੋ ਉਹਨਾਂ ਦੇ ਦਿਲਾਂ ਵਿਚ ਵਾਪਰ ਰਹੀ ਸੀ, ਕੇਵਲ ਉਹਾ ਸਮਝ ਸਕਦੇ ਸਨ।

ਆਸੋ ਦੇ ਘਰ ਗੁੱਡੀ ਹੋਈ। ਸਵਰਨੀ ਸਵਾ ਮਹੀਨਾ ਉਹਦੇ ਕੋਲ ਰਹੀ। ਉਹਨੇ ਭੈਣ ਦੀ ਤੇ ਭੈਣ ਦੀ ਸੱਸ ਦੀ ਬਹੁਤ ਸੇਵਾ ਕੀਤੀ। ਰੋਗਣ ਬੁੱਢੜੀ ਇਕ ਇਕ ਸਾਹੇ ਉਹਨੂੰ ਸੌ-ਸੌ ਅਸੀਸਾਂ ਦੇਂਦੀ।

ਤੇ ਆਸੋ ਦੇ ਦਿਉਰ ਬਾਰੇ ਏਨਾ ਕਹਿਣਾ ਹੀ ਕਾਫ਼ੀ ਹੈ ਕਿ ਜੋ ਕੁਝ ਸਵਰਨੀ ਨੂੰ ਸਮਾਜ ਨੇ ਸਿੱਧੇ ਹੱਥੀਂ ਨਹੀਂ ਸੀ ਦਿੱਤਾ, ਉਹ ਕੁਝ ਉਹਨੇ ਸਮਾਜ ਤੋਂ ਚੋਰੀ ਪ੍ਰਾਪਤ ਕਰ ਲਿਆ।

SIKHBOOKCLUB.COM

× × ×

ਪਿੱਛੋਂ ਲੱਖਾ ਸਿੰਘ ਉਹਨੂੰ ਲੈਣ ਗਿਆ। ਏਸ ਤਰ੍ਹਾਂ ਸਵਰਨੀ ਦਾ ਭੈਣ ਕੋਲ ਚਲੀ ਜਾਣਾ ਸੁਣ ਕੇ ਉਹਨੂੰ ਗੁੱਸਾ ਬੜਾ ਆਇਆ ਪਰ ਉਹ ਵਿਚੇ ਵਿਚ ਪੀ ਗਿਆ। ਮੰਨਣਾ ਪਵੇਗਾ ਕਿ ਕਈਆਂ ਪੱਖਾਂ ਤੋਂ ਉਹ ਬੜਾ ਸੂਝਵਾਨ ਸੀ। ਉਹ ਸਮਝਦਾ ਸੀ ਕਿ ਹੁਣ ਗੁੱਸਾ ਪ੍ਰਗਟ ਕਰਨ ਨਾਲ ਕੋਈ ਫ਼ਾਇਦਾ ਨਹੀਂ। ਉਹਨੇ ਚੁੱਪ ਰਹਿਣ ਵਿਚ ਹੀ ਭਲਾ ਸਮਝਿਆ। ਫਿਰ ਵੀ ਉਹਦੇ ਮੱਥੇ 'ਤੇ ਪਈਆਂ ਨਿੰਮ੍ਹੀਆਂ-ਨਿੰਮ੍ਹੀਆਂ ਤਿਊੜੀਆਂ ਤੋਂ ਘਰ ਦੇ ਜੀਅ ਸਮਝ ਗਏ। ਉਹ ਹੱਸਦਾ ਹੱਸਦਾ ਗੱਲਾਂ ਕਰਦਾ ਰਿਹਾ ਤੇ ਅਗਲੇ ਦਿਨ ਵਾਪਸ ਮੁੜ ਗਿਆ।

ਸਵਰਨੀ ਭੈਣ ਕੋਲੋਂ ਵਾਪਸ ਆਈ ਤਾਂ ਪੰਜਵੇਂ ਦਿਨ ਆ ਕੇ ਲੱਖਾ ਸਿੰਘ ਉਹਨੂੰ ਲੈ ਗਿਆ। ਇਸ ਤੋਂ ਪਹਿਲਾਂ ਕਿ ਲੱਖਾ ਸਿੰਘ ਉਹਨੂੰ ਝਿੜਕੇ ਝੰਬੇ, ਸਵਰਨੀ ਨੇ ਆਪਣੇ ਬਚਾਓ ਦਾ ਸਾਧਨ ਸੋਚ ਲਿਆ ਸੀ। ਅਚਨਚੇਤ ਹੀ ਨਹੀਂ, ਉਹ ਕਈ ਦਿਨਾਂ ਤੋਂ ਇਸ ਬਾਰੇ ਸੋਚ ਰਹੀ ਸੀ। ਰਾਤ ਨੂੰ ਲੱਖਾ ਸਿੰਘ ਦੇ ਗਲ਼ ਵਿਚ ਬਾਹੀਂ ਪਾ

ਕੇ ਉਹਨੇ ਬੜੇ ਗਿਲ੍ਹੇ ਨਾਲ ਕਿਹਾ, "ਬੱਸ ਏਨਾ ਈਂ ਪਿਆਰ ਸੀ ਤੁਹਾਡਾ ? ਮੈਂ ਔਸੀਆਂ ਪਾ ਪਾ ਮਰ ਗਈ, ਵਾਟਾਂ ਉਡੀਕਦੀ ਥੱਕ ਲੱਥੀ, ਪਰ ਤੁਸੀਂ ਢੀਮ ਵੀ ਨਾ ਮਾਰੀ। ਭਾਊ ਕੋਲੋਂ ਹੋ ਕੇ ਮੁੜ ਆਏ, ਅਗ੍ਹਾਂ ਨੈਂ ਵਗਦੀ ਸੀ ? ਕੀ ਪਤਾ ਕਿ ਕੋਈ ਵਿਛੋੜੇ ਵਿਚ ਤੜਫ ਤੜਫ ਕੇ ਜਾਨ ਦੇ ਰਿਹਾ ਏ। ਪਰ ਤੁਹਾਨੂੰ ਕੀ ਫ਼ਰਕ। ਇਕ ਸਵਰਨੀ ਮਰ ਜਾਏਗੀ ਤਾਂ ਹੋਰ ਉਹਦੇ ਨਾਲੋਂ ਚੰਗੀ ਲੱਭ ਜਾਵੇਗੀ।"

ਸਵਰਨੀ ਦਾ ਜਾਦੂ ਚੱਲ ਗਿਆ। ਲੱਖਾ ਸਿੰਘ ਸਾਰੇ ਗੁੱਸੇ ਗਿਲ੍ਹੇ ਭੁੱਲ ਗਿਆ। ਮੰਨਣਾ ਪਵੇਗਾ ਕਿ ਇਸਤਰੀ ਬੜੀ ਅਸਾਨੀ ਨਾਲ ਮਰਦ ਨੂੰ ਉੱਲੂ ਬਣਾ ਸਕਦੀ ਹੈ।

ਸਵਰਨੀ ਲੱਖਾ ਸਿੰਘ ਨੂੰ ਪਿਆਰ ਨਹੀਂ ਸੀ ਕਰਦੀ। ਉਹ ਪਿਆਰ ਕਰ ਵੀ ਨਹੀਂ ਸਕਦੀ ਸੀ। ਲੱਖਾ ਸਿੰਘ ਉਹਦੇ ਨਾਲੋਂ ਉਮਰੋਂ ਦੂਣਾ ਸੀ ਤੇ ਫਿਰ ਇਹ ਇਸਤਰੀ ਤੇ ਦੋ ਬੱਚਿਆਂ ਦਾ ਮਾਲਕ। ਇਸ ਹਾਲਤ ਵਿਚ ਸਵਰਨੀ ਨੂੰ ਮਜਬੂਰ ਨਹੀਂ ਸੀ ਕੀਤਾ ਜਾ ਸਕਦਾ ਕਿ ਉਹ ਮੱਲੋ-ਮੱਲੀ ਦੇ ਬਣੇ ਹੋਏ ਪਤੀ ਨੂੰ ਸੱਚੇ ਦਿਲੋਂ ਪਿਆਰ ਕਰੇ। ਪਰ ਉਹ ਪਿਆਰ ਦਾ ਸਾਂਗ ਭਰਨਾ ਸਿੱਖ ਗਈ ਸੀ। ਚੰਗੇ ਦਿਨ ਕੱਟਣ ਵਾਸਤੇ ਉਹਨੇ ਸਭ ਤੋਂ ਏਹਾ ਚੰਗਾ ਸਮਝਿਆ। ਇਸ ਵਿਚ ਉਹ ਸਫਲ ਵੀ ਹੋ ਗਈ। ਉਹਨੇ ਪੂਰੀ ਤਰ੍ਹਾਂ ਲੱਖਾ ਸਿੰਘ ਉੱਤੇ ਕਾਠੀ ਪਾ ਲਈ। ਜੀਹਨਾਂ ਉਸ ਦੇ ਨਾਲ ਧੱਕਾ ਕੀਤਾ ਸੀ, ਉਹਨਾਂ ਨਾਲ ਉਹਨੇ ਧੋਖਾ ਕਰਨਾ ਆਪਣਾ ਹੱਕ ਸਮਝ ਲਿਆ।

ਹਾਂ, ਬਸੰਤ ਕੌਰ ਨਾਲ ਉਹ ਬਹੁਤਾ ਸਖ਼ਤ ਨਾ ਵਰਤਦੀ। ਬਸੰਤ ਕੌਰ ਨੂੰ ਉਹ ਨਿਰਦੋਸ਼ ਮੰਨਦੀ ਸੀ।

ਨੌਂ ਮਹੀਨੇ ਪਿਛੋਂ ਸਵਰਨੀ ਦੇ ਘਰ ਲੜਕਾ ਹੋਇਆ। ਉਹਦਾ ਮੁਹਾਂਦਰਾ ਹੂ-ਬ-ਹੂ ਆਸੋ ਦੇ ਦਿਉਰ ਨਾਲ ਮਿਲਦਾ ਸੀ। ਵੇਖਦੇ ਸਾਰ ਲੱਖਾ ਸਿੰਘ ਦੇ ਅੰਦਰ ਇਕ ਚੀਸ ਉਠੀ, ਪਰ ਉਹ ਵਿਚੋ-ਵਿਚ ਜਰ ਗਿਆ।

"ਵੇਖ ਲੈ, ਨਿਰਾ ਪੁਰਾ ਆਸੋ ਦੇ ਮੁੰਡੇ ਵਰਗਾ ਜੇ। ਮੈਂ ਉਹਨੂੰ ਖਡੌਂਦੀ ਰਹੀ ਆਂ ਨਾਂ। ਹਰ ਵੇਲੇ ਉਸੇ ਦੀ ਸ਼ਕਲ ਮੇਰੇ ਖ਼ਿਆਲ ਵਿਚ ਰਹੀ। ਮੈਂ ਸੋਚਦੀ ਸਾਂ, ਮੇਰੇ ਘਰ ਵੀ ਉਹਦੇ ਵਰਗਾ ਕਾਕਾ ਹੋਵੇ। ਰੱਬ ਨੇ ਮੁਰਾਦ ਪੂਰੀ ਕਰ ਦਿੱਤੀ।"

ਸਵਰਨੀ ਦੇ ਏਸ ਝੂਠ ਨੂੰ ਲੱਖਾ ਸਿੰਘ ਨੇ ਸੱਚ ਕਰਕੇ ਮੰਨ ਲਿਆ। ਮਰੀ ਹੋਈ ਮੱਖੀ ਨੂੰ ਚਾਹ ਦਾ ਪੱਤਾ ਮੰਨ ਕੇ ਉਹਨੇ ਆਪਣੇ ਆਪ ਨੂੰ ਧੋਖਾ ਦੇ ਲਿਆ, ਕਿਉਂਕਿ ਦੁੱਧ ਦਾ ਗਲਾਸ ਭੋਇ 'ਤੇ ਡੋਲ੍ਹਣ ਦੀ ਉਹਦੇ ਵਿਚ ਹਿੰਮਤ ਨਹੀਂ ਸੀ।

ਲੋਕਾਂ ਦੀਆਂ ਵਧਾਈਆਂ ਨੇ ਵੀ ਇਹ ਸਭ ਕੁਝ ਸਹਿ ਜਾਣ ਵਿਚ ਉਹਦੀ ਮਦਦ ਕੀਤੀ।



WWW.SIKHBOOKCLUB.COM 

"ਸ਼ਾਹ! ਵਧਾਇਉਂ ਭਈ! ਰੱਬ ਨੇ ਜੋੜੀ ਰਲਾਈ ਏ।"

"ਓ ਜੀ, ਜਿਸ ਵਾਸਤੇ ਇਹ ਸਾਰਾ ਅਡੰਬਰ ਰਚਿਆ ਸੀ, ਸਫਲ ਹੋਇਆ।"

"ਮਾਲਕ ਏਸ ਦੀ ਲੰਮੀ ਉਮਰ ਕਰੇ। ਮਾਪਿਆਂ ਦੀ ਸੇਵਾ ਕਰਨ ਵਾਲਾ ਹੋਵੇ।"

"ਦਿਉਰਾ, ਇਹ ਕੀਹਦੇ ਵਰਗਾ ਏ ?"

"ਬੇਬੇ! ਤੂੰ ਵੀ ਤਾਂ ਹੱਦ ਕਰ ਦੇਂਦੀ ਏਂ ਕਿਸੇ-ਕਿਸੇ ਵੇਲੇ। ਵੇਖ ਲਈਂ, ਵੱਡਾ ਹੋ ਕੇ ਹੂ-ਬ-ਹੂ ਪਿਉ ਵਰਗਾ ਹੋਵੇਗਾ।"

'ਇਹ ਕੀਹਦੇ ਵਰਗਾ ਏ?' ਇਹ ਵਾਕ ਹਰ ਵੇਲੇ ਲੱਖਾ ਸਿੰਘ ਦੇ ਕੰਨਾਂ ਵਿਚ ਗੂੰਜਦਾ ਰਹਿੰਦਾ, ਪਰ ਉਹ ਬੇ-ਵੱਸ ਸੀ। ਇਹ ਮਾਰੂ ਵਾਕ ਸੁਣ ਕੇ ਉਹਨੂੰ ਹਰ ਹਾਲ ਸਹਿਣਾ ਪੈ ਰਿਹਾ ਸੀ।

## ੧੪

ਇਕ ਸਾਲ, ਦੋ ਸਾਲ, ਚਾਰ ਸਾਲ ਬੀਤ ਗਏ। ਏਸ ਸਮੇਂ ਸਿਰਫ ਏਹਾ ਖ਼ਾਸ ਘਟਨਾ ਹੋਈ ਕਿ ਸਵਰਨੀ ਦੇ ਘਰ ਇਕ ਲੜਕੀ ਹੋ ਕੇ ਗੁਜ਼ਰ ਗਈ, ਪਰ ਕਿਸੇ ਨੂੰ ਵੀ ਉਸ ਦਾ ਬਹੁਤਾ ਅਫ਼ਸੋਸ ਨਾ ਹੋਇਆ।

ਸਵਰਨੀ ਆਪਣੇ ਪੁੱਤਰ ਨਾਲ ਪਰਚੀ ਹੋਈ ਸੀ। ਜਦ ਉਹ ਹੱਸਦਾ ਤਾਂ ਉਸ ਦੀਆਂ ਅੱਖਾਂ ਵਿਚੋਂ ਸਵਰਨੀ ਨੂੰ ਉਹਦੇ ਪਿਉ ਦੀਆਂ ਅੱਖਾਂ ਦਾ ਭੌਲਾ ਪੈਂਦਾ। ਏਨੇ ਨਾਲ ਜਿੱਥੇ ਉਹਦੇ ਅੰਦਰ ਚੀਸਾਂ ਉਠਦੀਆਂ, ਉਹਦੇ ਮਨ ਨੂੰ ਕੁਝ ਸ਼ਾਂਤੀ ਵੀ ਮਿਲਦੀ। ਉਹ ਅੰਦਰੋ-ਅੰਦਰ ਕਹਿੰਦੀ, 'ਕੀ ਹੋ ਗਿਆ, ਮੈਂ ਤੇਰੀ ਨਹੀਂ ਬਣ ਸਕੀ ਤਾਂ, ਪਰ ਤੇਰੇ ਪੁੱਤਰ ਦੀ ਮਾਂ ਜ਼ਰੂਰ ਬਣ ਗਈ ਆਂ। ਇਹ ਵੱਖਰੀ ਗੱਲ ਏ ਕਿ ਇਹ ਤੇਰੇ ਥਾਂ ਕਿਸੇ ਹੋਰ ਦੀ ਜਾਇਦਾਦ ਦਾ ਮਾਲਕ ਬਣੇਗਾ। ਮੈਂ ਬਹੁਤ ਦੁੱਖੀ ਹਾਂ, ਪਰ ਇਕ ਗੱਲੇ ਮੈਂ ਖ਼ੁਸ਼ ਵੀ ਆਂ। ਜੀਹਨੇ ਮੇਰੇ ਨਾਲ ਏਨੀ ਕੀਤੀ ਏ, ਮੈਂ ਉਸ ਤੋਂ ਬਦਲਾ ਲੈ ਲਿਆ ਏ। ਉਹ ਸਮਝ ਗਿਆ ਏ ਕਿ ਮੇਰੀ ਗੋਦ ਵਿਚ ਖੇਡਣ ਵਾਲਾ 'ਸਰਵਣ' ਉਹਦਾ ਪੁੱਤਰ ਨਹੀਂ। ਪਰ ਜਿਵੇਂ ਮੈਂ ਉਹਨੂੰ ਆਪਣਾ ਪਤੀ ਮੰਨਣ ਵਾਸਤੇ ਬੇ-ਵੱਸ ਹਾਂ, ਓਸੇ ਤਰ੍ਹਾਂ ਉਹ ਵੀ ਸਰਵਣ ਨੂੰ ਆਪਣਾ ਪੁੱਤਰ ਮੰਨਣ ਵਾਸਤੇ ਮਜਬੂਰ ਏ। ਕਈ ਵਾਰੀ ਮੇਰੇ ਮਨ ਵਿਚ ਖ਼ਿਆਲ ਔਂਦਾ ਏ, ਜਦੋਂ ਲੋਕ ਉਹਨੂੰ ਵਧਾਈਆਂ ਦੇਂਦੇ ਹਨ, ਉਹ ਕੀ ਸੋਚਦਾ ਹੋਵੇਗਾ। ਚਲੋ, ਜੋ ਮਰਜ਼ੀ ਏ ਸੋਚੇ, ਮੈਨੂੰ ਸਤੌਣ ਵਾਲਾ ਵੀ ਸਾਰੀ ਉਮਰ ਤੜਫਦਾ ਈ ਰਹੇਗਾ। ਫਿਰ ਕੁੜੀ ਹੋਈ। ਚੰਗਾ ਹੋਇਆ ਉਹ ਮਰ ਗਈ। ਉਹ ਉਹਦੀ ਸੀ। ਮੈਂ ਉਹਦੀ ਮੌਤ ਉੱਤੇ ਬਹੁਤ ਖ਼ੁਸ਼ ਆਂ। ਮੈਂ ਜਤਨ ਕਰਾਂਗੀ।

ਮੈਂ ਦਾਈ ਨੂੰ ਆਖ ਵੀ ਦਿੱਤਾ ਏ। ਮੈਂ ਹੋਰ ਬਾਲ ਦੀ ਮਾਂ ਨਹੀਂ ਬਣਨਾ ਚੌਂਹਦੀ। ਬੱਸ। ਆਪਣਾ ਇਕੋ ਈ ਲੱਖ ਵਰਗਾ ਏ। ਇਹ ਆਪਣੇ ਚੋਰੀ ਪਿਆਰ ਦੀ ਸਾਂਝ ਏ।

ਇਕੱਲੀ ਬੈਠੀ, ਜਾਂ ਸਰਵਣ ਨਾਲ ਖੇਡਦੀ, ਸਵਰਨੀ ਹਰ ਵੇਲੇ ਏਹੋ ਜਿਹੀਆਂ ਗੱਲਾਂ ਸੋਚਦੀ ਰਹਿੰਦੀ। ਉਹਨੂੰ ਇਸ ਤੋਂ ਬਿਨਾਂ ਹੋਰ ਕੰਮ ਵੀ ਕੋਈ ਨਹੀਂ ਸੀ। ਘਰ ਦੀ ਸਭ ਜ਼ਿੰਮੇਵਾਰੀ ਬਸੰਤ ਕੌਰ ਦੇ ਸਿਰ ਸੀ। ਸਵਰਨੀ ਨੇ ਉਸ ਵਿਚ ਕਦੇ ਦਖ਼ਲ ਨਹੀਂ ਸੀ ਦਿੱਤਾ। ਉਹਦਾ ਕੰਮ ਸੀ ਸਰਵਣ ਦੀ ਪਾਲਣਾ, ਉਹਦੇ ਨਾਲ ਹੱਸਣਾ ਖੇਡਣਾ। ਤੇ ਦੂਜਾ ਕੰਮ ਸੀ ਉਹਦਾ– ਰੂਪ ਦੇ ਬਦਲੇ ਮਿਲੇ ਹੋਏ– ਗਹਿਣੇ ਕੱਪੜੇ ਪਾ ਕੇ ਲੱਖਾ ਸਿੰਘ ਦੇ ਸਾਹਮਣੇ ਪਿਆਰ ਦਾ ਸਾਂਗ ਭਰਨਾ।

ਬਸੰਤ ਕੌਰ ਸ਼ਾਂਤ ਸੀ। ਉਹ ਅੱਠੇ ਪਹਿਰ ਬਹੁਤ ਗੰਭੀਰ ਰਹਿੰਦੀ। ਪਰ ਕਿਸੇ ਵੀ ਆਪਣੇ ਬੇਗਾਨੇ ਦੇ ਮੱਥੇ ਲਗਦਿਆਂ ਉਹਨੂੰ ਪਹਿਲਾਂ ਵਾਂਗ ਹੀ ਹੱਸਣਾ ਪੈਂਦਾ। ਹਰ ਇਕ ਨਾਲ ਉਹ ਪਹਿਲਾਂ ਵਾਂਗ ਹੀ ਖਿੜੇ ਮੱਥੇ ਗੱਲਾਂ ਕਰਦੀ। ਸਵਰਨੀ ਨਾਲ ਵੀ ਉਹ ਕੀਤਾ ਹੋਇਆ ਵਾਧਾ ਬੜੀ ਜ਼ਿੰਮੇਵਾਰੀ ਨਾਲ ਪਾਲ ਰਹੀ ਸੀ। ਵੇਖਣ ਵਾਲੇ ਆਖਦੇ, "ਭਈ, ਆਫ਼ਰੀਨ ਏ ਬਸੰਤ ਕੌਰ ਦੇ। ਮਾਲਕ ਨੇ ਉਹਦੀ ਹਿੱਕ 'ਤੇ ਸੌਂਕਣ ਲਿਆ ਬਹਾਈ ਏ, ਪਰ ਓਸ ਭਲੀ ਲੋਕ ਨੇ ਕਦੇ ਮੱਥੇ ਵੱਟ ਨਹੀਂ ਪਾਇਆ। ਕੋਈ ਹੋਰ ਜ਼ਨਾਨੀ ਹੁੰਦੀ ਤਾਂ ਚੱਤੇ ਪਹਿਰ ਕੁੱਤੀ-ਚੀਕਾ ਹੁੰਦਾ ਰਹਿੰਦਾ। ਓ ਜੀ। ਘਰ ਨਰਕ ਬਣ ਜਾਂਦਾ। ਭਈ, ਛੋਟੀ ਵੀ ਚੰਗੀ ਏ। ਦੋਵੇਂ ਚੰਗੀਆਂ ਨੇ। ਲੱਖਾ ਸੂੰਹ ਦਾ ਸਾਰਾ ਪਰਵਾਰ ਸੁੱਖੀ ਏ। ਘਰ ਸੁਰਗ ਦਾ ਨਮੂਨਾ ਏ।"

ਕੋਈ ਉਹਨਾਂ ਦੇ ਅੰਦਰ ਝਾਤੀ ਮਾਰ ਕੇ ਵੇਖ ਸਕਦਾ ਤਾਂ ਸਮਝਦਾ ਕਿ ਥਾਓਂ ਥਾਈਂ ਉਹ ਸਾਰੇ ਆਪਣੀ ਅੱਗ ਵਿਚ ਸੜ ਰਹੇ ਸਨ। ਬਸੰਤ ਕੌਰ ਪਤੀ ਨਾਲ ਪਹਿਲਾਂ ਨਾਲੋਂ ਵੀ ਵਧੇਰੇ ਹੱਸ ਹੱਸ ਗੱਲਾਂ ਕਰਦੀ, ਪਰ ਇਹ ਸਭ ਕੁਝ ਵਿਖਾਵੇ ਮਾਤਰ ਹੁੰਦਾ। ਸਹੀ ਅਰਥਾਂ ਵਿਚ ਬਸੰਤ ਕੌਰ ਨੇ ਪਤੀ ਨੂੰ ਦਿਲੋਂ ਤਿਆਗ ਦਿੱਤਾ ਸੀ। ਉਹ ਇਸ ਵੇਲੇ ਇਕ ਅਜੇਹੇ ਭਾਈਵਾਲ ਨਾਲ ਕੱਟ ਰਹੀ ਸੀ, ਜਿਸ ਨਾਲੋਂ ਤੋੜੀ ਨਹੀਂ ਸੀ ਜਾ ਸਕਦੀ।

ਠੰਢੇ ਦਿਲ ਨਾਲ ਸੋਚੀਏ, ਤਾਂ ਲੱਖਾ ਸਿੰਘ ਵੀ ਅੰਦਰੋਂ ਸੁੱਖੀ ਨਹੀਂ ਸੀ। ਉਹਦੇ ਮਨ ਦੀ ਸ਼ਾਂਤੀ ਖ਼ਤਮ ਹੋ ਗਈ ਸੀ। ਉਹ ਸਮਝਦਾ ਸੀ ਕਿ ਦੋਹਾਂ ਸੁਆਣੀਆਂ ਵਿਚੋਂ ਸੱਚੇ ਦਿਲੋਂ ਉਹਨੂੰ ਕੋਈ ਵੀ ਪਿਆਰ ਨਹੀਂ ਕਰਦੀ। ਬਸੰਤ ਕੌਰ ਦਾ ਹੁਣ ਉਹਦੇ ਨਾਲ ਏਹੋ ਜਿਹਾ ਵਰਤਾਉ ਹੁੰਦਾ, ਜੇਹੋ ਜਿਹਾ ਕੋਈ ਸਾਊ ਇਸਤਰੀ ਕਿਸੇ ਦੂਰ ਦੇ ਰਿਸ਼ਤੇਦਾਰ ਜਾਂ ਗਵਾਂਢੀ ਨਾਲ ਕਰਦੀ।

ਸਵਰਨੀ ਦਾ ਵਰਤਾਉ ਉਸ ਨਾਲੋਂ ਵੀ ਭੈੜਾ ਸੀ। ਉਹ ਲੱਖਾ ਸਿੰਘ ਨਾਲ

ਹੱਸਦੀ, ਰੁੱਸਦੀ, ਮੰਨਦੀ, ਪਿਆਰ ਜਤਾਉਂਦੀ, ਪਰ ਇਹ ਸਭ ਕੁਝ ਵਿਖਾਵੇ ਮਾਤਰ ਹੁੰਦਾ। ਉਹ ਫ਼ਿਲਮੀ ਐਕਟਰੈਸ ਵਾਂਗ ਸਾਂਗ ਭਰਦੀ, ਪਰ ਬੜੇ ਹੀ ਭੂੰਡੇ ਤੇ ਹਾਸੋ-ਹੀਣੇ ਢੰਗ ਨਾਲ। ਸਭ ਤੋਂ ਦੁੱਖੀ ਲੱਖਾ ਸਿੰਘ ਉਸ ਵੇਲੇ ਹੁੰਦਾ, ਜਦੋਂ ਸਵਰਨੀ ਕਾਕੇ ਨੂੰ ਉਹਦੀ ਗੋਦ ਵਿਚ ਦੇ ਕੇ ਕਹਿੰਦੀ, "ਵੇਖ ਲੋ, ਨਿਰਾ ਪੁਰਾ ਆਸੋ ਦੇ ਕਾਕੇ ਵਰਗਾ ਜੇ, ਮੇਰਾ ਸਰਵਣ। ਸੱਚਮੁੱਚ ਦਾ ਸਰਵਣ ਬਣੇਗਾ ਇਹ। ਬੁੱਢੇ ਵਾਰੇ ਮਾਂ-ਪਿਉ ਦੀ ਵਹਿੰਗੀ ਚੁੱਕੀ ਫਿਰੇਗਾ। ਤੁਹਾਨੂੰ ਕਿੰਨਾ ਕੁ ਪਿਆਰਾ ਲੱਗਦਾ ਏ ?"

ਜ਼ਹਿਰ ਬੁਝੇ ਤੀਰਾਂ ਵਾਂਗ ਲੱਖਾ ਸਿੰਘ ਦੀ ਛਾਤੀ ਵਿਚ ਚੁੱਭ ਜਾਂਦੀਆਂ ਇਹ ਗੱਲਾਂ। ਉਹ ਇਉਂ ਮਹਿਸੂਸ ਕਰਦਾ, ਜਿਵੇਂ ਇਹ ਗੱਲਾਂ ਆਏ ਦਿਨ ਸਵਰਨੀ ਉਹਨੂੰ ਲਾ ਕੇ ਕਹਿੰਦੀ ਏ। ਮਾਨੋ ਉਹ ਉਹਦੀ ਅਣਖ ਨੂੰ ਵੰਗਾਰ ਕੇ ਕਹਿੰਦੀ ਏ, 'ਦੱਸ, ਕੀ ਕਰ ਲਵੇਂਗਾ ਮੇਰਾ। ਵੇਖ ਲੈ, ਤੇਰੇ ਸਾਹਮਣੇ ਮੈਂ ਆਸੋ ਦੇ ਦਿਉਰ ਦਾ ਮੁੰਡਾ ਗੋਦੀ ਵਿਚ ਲਈ ਫਿਰਦੀ ਉਂ।'

ਸਵਰਨੀ ਵੀ ਸਮਝਦੀ ਸੀ ਕਿ ਇਹ ਗੱਲਾਂ ਲੱਖਾ ਸਿੰਘ ਨੂੰ ਦੁੱਖੀ ਕਰਦੀਆਂ ਹਨ। ਏਸੇ ਵਾਸਤੇ ਉਹ ਜਾਣ ਬੁਝ ਕੇ ਇਹ ਦੁਹਰਾਇਆ ਕਰਦੀ ਸੀ।

ਸਵਰਨੀ ਏਥੋਂ ਤਕ ਸੋਚਦੀ ਸੀ ਕਿ ਲੱਖਾ ਸਿੰਘ ਕਿਸੇ ਦਿਨ ਗੁੱਸੇ ਵਿਚ ਆ ਕੇ ਉਸ ਤੋਂ ਆਸੋ ਦੇ ਦਿਉਰ ਬਾਰੇ ਪੁੱਛੇ ਤਾਂ ਉਹ ਅੱਗੋਂ ਛਾਤੀ ਤਾਣ ਕੇ ਉੱਤਰ ਦੇਵੇ : 'ਹਾਂ, ਮੈਂ ਇਹ ਕੁਝ ਕੀਤਾ ਏ। ਇਹ ਮੇਰਾ ਹੱਕ ਸੀ। ਤੂੰ ਮੈਥੋਂ ਮੇਰਾ ਹੱਕ ਖੋਹਿਆ ਸੀ, ਮੈਂ ਚੋਰੀ ਪਰਾਪਤ ਕਰ ਲਿਆ।' ਪਰ ਲੱਖਾ ਸਿੰਘ ਦੀ ਹਿੰਮਤ ਨਹੀਂ ਸੀ ਕਿ ਉਹ ਸਵਰਨੀ ਨੂੰ ਕੁਝ ਪੁੱਛ ਸਕਦਾ। ਉਹ ਡਰਦਾ ਸੀ ਕਿ ਸਵਰਨੀ ਜ਼ਰੂਰ ਅੱਗੋਂ ਏਹਾ ਜਵਾਬ ਦੇਵੇਗੀ, ਫੇਰ ਉਹ ਕੀ ਕਰੇਗਾ। ਫੇਰ ਉਹਦੀ ਕੀ ਰਹੇਗੀ ? ਉਹ ਸਾਰੀਆਂ ਪੀੜਾਂ ਅੰਦਰੇ-ਅੰਦਰ ਪੀ ਜਾਂਦਾ।

ਕਿਸੇ-ਕਿਸੇ ਦਿਨ ਸਵਰਨੀ ਬਹੁਤ ਹੀ ਮੱਛਰ ਪੈਂਦੀ। ਉਹ ਆਏ ਲੱਖਾ ਸਿੰਘ ਨੂੰ ਵੇਖ ਕੇ ਬਨਾਉਟੀ ਰੋਸੇ ਵਜੋਂ ਕਾਣਾ ਜਿਹਾ ਘੁੰਡ ਕੱਢ ਲੈਂਦੀ। ਲੱਖਾ ਸਿੰਘ ਫਿਰ ਵੀ ਚੁੱਪ ਰਹਿੰਦਾ ਤਾਂ ਉਹ ਆਪ ਹੀ ਗੱਲ ਤੋਰ ਲੈਂਦੀ, "ਉ ਹੂੰ। ਅਸਾਂ ਨਹੀਂ ਬੋਲਣਾ। ਤੁਸੀਂ ਸਾਨੂੰ ਪਿਆਰ ਨਹੀਂ ਕਰਦੇ।"

"ਤੂੰ ਕਿਵੇਂ ਜਾਤਾ ?" ਲੱਖਾ ਸਿੰਘ ਨੂੰ ਕੁਝ ਉੱਤਰ ਦੇਣਾ ਹੀ ਪੈਂਦਾ।

"ਕਿਵੇਂ ਜਾਤਾ ?" ਸਵਰਨੀ ਓਸੇ ਦੇ ਸ਼ਬਦ ਦੁਹਰਾਉਂਦੀ ਹੋਈ ਸ਼ੁਰੂ ਕਰਦੀ। ਮੇਰੇ ਨਾਲ ਤੁਹਾਡਾ ਸੱਚਾ ਪਿਆਰ ਹੋਵੇ ਤਾਂ ਤੁਸੀਂ ਮੈਨੂੰ ਕਦੇ ਕਿਸੇ ਗੱਲੋਂ ਝਿੜਕੋ ਨਾ ? ਮਾਰੋ ਨਾ ? ਮੈਨੂੰ ਜਕੀਨ ਏਂ, ਮੈਂ ਕੋਈ ਗ਼ਲਤੀ ਵੀ ਕਰ ਬਹਾਂ, ਭਾਵੇਂ ਵੱਡੇ ਤੋਂ ਵੱਡਾ ਕੋਈ ਪਾਪ ਵੀ ਹੋ ਜੈ ਮੈਥੋਂ, ਤਾਂ ਤੁਸੀਂ ਮੈਨੂੰ ਕੁਝ ਨਹੀਂ ਆਖਣ ਲੱਗੇ। ਇਹ



WWW.SIKHBOOKCLUB.COM 

ਕੋਈ ਪਿਆਰ ਏ ? ਇਸ ਦਾ ਮਤਲਬ ਏ, ਤੁਸੀਂ ਮੈਨੂੰ ਕੁਝ ਵੀ ਨਹੀਂ ਸਮਝਦੇ। ਬੱਸ, ਮੈਂ ਤਾਂ ਤੁਹਾਡੇ ਸਾਮ੍ਹਣੇ ਰੱਬੜ ਦੀ ਗੁੱਡੀ ਆਂ, ਦਿਲ ਪਰਚੌਣ ਵਾਸਤੇ ਇਕ ਖਡੌਣਾ।" ਸਵਰਨੀ ਦੀ ਮਗਰਲੀ ਦਲੀਲ ਬਿਲਕੁਲ ਠੀਕ ਸੀ।

ਲੱਖਾ ਸਿੰਘ ਇਸ ਦਾ ਕੀ ਜਬਾਬ ਦੇਂਦਾ ? ਉਹ ਜਵਾਬ ਦੇ ਹੀ ਨਹੀਂ ਸੀ ਸਕਦਾ। ਪਿੰਡ ਵਿਚ ਉਹਦੀ ਇੱਜ਼ਤ ਬਣੀ ਹੋਈ ਸੀ। ਘਰ ਵਾਲੀ ਨਾਲ ਲੜ ਕੇ ਉਹ ਆਪਣੀ ਬੂ ਨਹੀਂ ਸੀ ਉਡਾਉਣੀ ਚਾਹੁੰਦਾ। ਇਸ ਵਾਸਤੇ ਉਹ ਸਭ ਕੁਝ ਸਹਿਣ ਵਾਸਤੇ ਮਜਬੂਰ ਸੀ। ਹੁਣ ਉਹ ਆਪਣੀ ਗ਼ਲਤੀ ਨੂੰ ਮਹਿਸੂਸ ਕਰਦਾ ਸੀ, ਪਰ ਇਹ ਅਜੇਹੀ ਭੁੱਲ ਸੀ, ਜਿਸ ਨੂੰ ਸੁਧਾਰਿਆ ਨਹੀਂ ਸੀ ਜਾ ਸਕਦਾ।

ਲੱਖਾ ਸਿੰਘ ਬਾਹਰ ਦੇ ਕੰਮਾਂ ਵਿਚ ਵਧੇਰੇ ਧਿਆਨ ਦੇਣ ਲੱਗ ਪਿਆ। ਜਾਂ ਇਉਂ ਸਮਝੋ ਕਿ ਉਹ ਵੱਧ ਸਮਾਂ ਘਰੋਂ ਬਾਹਰ ਗੁਜ਼ਾਰਨ ਦਾ ਯਤਨ ਕਰਦਾ। ਪਿੰਡ ਹੁੰਦਾ ਹੋਇਆ ਵੀ ਉਹ ਵਧੇਰੇ ਸਮਾਂ ਖੇਤਾਂ ਵਿਚ ਹੀ ਗੁਜ਼ਾਰਦਾ। ਮਹੀਨੇ ਵਿਚ ਪੰਜ ਸੱਤ ਦਿਨ ਉਹ ਪਿੰਡੋਂ ਬਾਹਰ ਵੀ ਲਾ ਆਉਂਦਾ। ਕਿਸੇ ਰਾਤ ਕਸੂਰ, ਕਦੇ ਕਿਸੇ ਸੱਜਣ-ਬੇਲੀ ਕੋਲ ਤੇ ਵਧੇਰੇ ਉਹ ਸਮੁੰਦ ਸਿੰਘ ਨਾਲ ਖਾਣ-ਪੀਣ ਦੀ ਮੌਜ ਮਾਣਦਾ।

ਇਕ ਦਿਨ ਉਹ ਛੰਭ ਵਾਲੇ ਖੇਤ ਟਾਹਲੀ ਦੀ ਛਾਂਵੇਂ ਸਾਫਾ ਸੁੱਟ ਕੇ ਵੱਟ 'ਤੇ ਬੈਠਾ ਸੋਚ ਰਿਹਾ ਸੀ। 'ਐਥੇ ਵਰਮਾ ਮਾਰ ਕੇ ਵੇਖਣਾ ਚਾਹੀਦਾ ਏ। ਛੰਭ ਦਾ ਕੰਢਾ ਏ, ਸ਼ੈਦ ਪਾਣੀ ਮਿੱਠਾ ਨਿਕਲ ਆਵੇ। ਓਦਣ ਜ਼ਰੈਤ ਅਫ਼ਸਰ ਆਹੁੰਦਾ ਸੀ ਕਿ ਉਤਲਾ ਪਾਣੀ ਖਾਰਾ ਵੀ ਹੋਵੇ ਤਾਂ ਕਈ ਥਾਂਵਾਂ ਤੋਂ ਕੜ ਦੇ ਹੇਠੋਂ ਮਿੱਠਾ ਨਿਕਲ ਔਂਦਾ ਏ। ਉਹ ਭਰੋਸਾ ਦੁਔਂਦਾ ਸੀ ਕਿ ਤੁਸੀਂ ਪਾਣੀ ਕੱਢੋ, ਮੈਂ ਪਰਖ ਕਰਾ ਕੇ ਦੱਸ ਦਿਆਂਗਾ ਕਿ ਉਹ ਖੇਤੀ ਵਾਸਤੇ ਕੇਹੋ ਜੇਹਾ ਰਹੇਗਾ। ਧਰਤੀ ਦਾ ਪਾਣੀ ਚੰਗਾ ਨਿਕਲ ਪਵੇ ਤਾਂ ਐਥੇ ਪੰਜੀ ਦਾ ਪੰਜੀ ਘੁਮਾਂ ਬਾਗ਼ ਲਾ ਦੇਈਏ। ਜ਼ਰੈਤ ਅਫ਼ਸਰ ਆਹੰਦਾ ਸੀ, ਮੈਂ ਬਾਗ਼ ਵਾਸਤੇ ਵੱਖਰਾ ਪਾਣੀ ਲੈ ਦਿਆਂਗਾ। ਵੇਖ ਲੈ, ਜੱਟਾਂ ਦੇ ਮੁੰਡੇ ਵੀ ਪੜ੍ਹ ਕੇ ਅਫ਼ਸਰ ਬਣ ਜਾਂਦੇ ਈ। ਉਹ ਵਿਹਗਲ ਦੇ ਧਰਮ ਸੂਹ ਦਾ ਪੁੱਤਰ ਏ, ਸੁੱਚਾ ਸੂਹ। ਸ਼ੈਦ ਲੈਲਪੁਰੋਂ ਪੜ੍ਹ ਕੇ ਆਇਆ ਏ। ਸਾਡਾ ਨ੍ਹਾਮਾ ਵੀ ਪੜ੍ਹ ਜਾਏ, ਤਾਂ ਉਹਨੂੰ ਅਫ਼ਸਰੀ ਮਿਲਣੀ ਕਿਹੜੀ ਔਖੀ ਏ ? ਪਰ ਭੈੜੇ ਦਾ ਪੜ੍ਹਨ ਵੱਲ ਚਿੱਤ ਈ ਨਹੀਂ। ਹਰ ਵੇਲੇ ਖੇਡ ਵਿਚ ਧਿਆਨ ਏਂ। ਹੱਛਾ, ਨਾ ਪੜ੍ਹਨਗੇ ਤਾਂ ਕੀ ਫਰਕ ਪੈ ਚੱਲਿਆ ਏ। ਉਹਨਾਂ ਦੋਹਾਂ ਜੋਗਾ ਬਹੁਤ ਕੁਝ ਏ। ਮੌਜਾਂ ਕਰਨਗੇ ਸਾਰੀ ਉਮਰ। ਅੱਸੀ ਘੁਮਾਂ ਆਪਣੀ ਏਂ ਤੇ ਪੰਝੀ ਘੁਮਾਂ ਅਮਲੀ ਦੀ। ਉਹ ਵੀ ਇਹਨਾਂ ਦੀ ਈ ਸਮਝੋ ਖਾਂ। ਬਰਾਨੀ ਭਾਵੇਂ ਰਹਿ ਜਾਵੇ, ਖੂਹ ਵਾਲੀ ਤੇ ਆਹ ਨਾਲ ਲੱਗਦੀ ਤਾਂ ਮੈਂ ਛੱਡਦਾ ਨਹੀਂ। ਹੱਥ ਲਾ ਦਿੱਤਾ ਏ

ਅਮਲੀ ਨੇ, ਹੁਣ ਚੱਲ ਸੋ ਚੱਲ। ਜੱਟ ਨੂੰ ਪਹਿਲੀ ਵਾਰ ਜ਼ਮੀਨ ਵੇਚਣ ਦਾ ਮੇਹਣਾ ਹੁੰਦਾ ਏ। ਇਕ ਵਾਰ ਲੱਠ ਟੱਪ ਜਾਵੇ, ਤਾਂ ਫੇਰ ਮੋਘਲ ਬਲਦ ਵਾਂਗ ਤੁਰਿਆ ਔਂਦਾ ਏ। ਮਸਾਂ ਦਸ-ਪੰਦਰਾਂ ਵਰ੍ਹੇ ਹੋਰ ਕੱਢੇਗਾ। ਅਮਲੀ ਤਾਂ ਸੁੱਖਾ ਅਫ਼ੀਮ ਈ ਛਕਦਾ ਏ, ਉਹਦਾ ਕੁਲਤਾਰ ਜ਼ਰਾ ਵਡੇਰਾ ਹੋ ਲਵੇ, ਉਹਨੂੰ ਸ਼ਰਾਬ ਪੀਣੀ ਵੀ ਸਿਖਾ ਦਿਆਂਗੇ। ਧੰਨੇ ਸ਼ਾਹ ਦੀ ਦੋਸਤੀ ਵਿਚੋਂ ਏਹਾ ਖੱਟਿਆ ਸਹੀ। ਖ਼ੈਰ, ਉਹਨੇ ਸ਼ਰੀਕ ਨੂੰ ਮਾਰਨ ਦੀ ਜਾਚ ਵਾਹਵਾ ਦੱਸੀ ਏ। ਪਰ ਚੱਲੋ ਸਹਿਜ-ਸਹਿਜ। ਸਹਿਜ ਪੱਕੇ ਸੋ ਮੀਠਾ ਹੋ।'

ਹਾਲੀਆਂ ਵੱਲ ਧਿਆਨ ਚਲਾ ਗਿਆ ਤਾਂ ਲੱਖਾ ਸਿੰਘ ਦੇ ਖ਼ਿਆਲਾਂ ਦੀ ਲੜੀ ਟੁੱਟ ਗਈ। ਛੁੱਡੇ ਨੂੰ ਹਲ ਮਗਰ ਲਾ ਕੇ ਸੂਬਾ ਟਾਹਲੀ ਛਾਂਵੇਂ ਆ ਬੈਠਾ। ਮੱਘੇ ਤੋਂ ਚਾਦਰ ਲਾਹ ਕੇ ਉਹਨੇ ਸਿਲਵਰ ਦੇ ਕੌਲੇ ਨਾਲ ਪਾਣੀ ਪੀਤਾ। ਫਿਰ ਉਹਨੇ ਮੱਘੇ ਨੂੰ ਟੇਢਾ ਕਰਕੇ ਵੇਖਿਆ। ਪਾਣੀ ਥੱਲੇ ਜਾ ਲੱਗਾ ਸੀ। ਉਦਾਸੀ ਵਿਚ ਸਿਰ ਹਿਲਾ ਕੇ ਉਹਨੇ ਮੱਘਾ ਫੇਰ ਚਾਦਰ ਨਾਲ ਕੱਜ ਦਿੱਤਾ।

"ਸੂਬਿਆ। ਅੱਜ ਕਿੰਨੀ ਵਾਰ ਹਲ ਛੱਡ ਕੇ ਪਾਣੀ ਪੀਤਾ ਈ।" ਲੱਖਾ ਸਿੰਘ ਦੀ ਸੁਰ ਵਿਚ ਮਾਲਕਾਂ ਵਾਲੀ ਤਾੜਨਾ ਸੀ।

"ਕੋਈ ਹਸਾਬ ਨਹੀਂ ਰਿਹਾ, ਸਰਦਾਰ।" ਸੂਬੇ ਨੇ ਨਿਰਾਸਤਾ ਵਿਚ ਸਿਰ ਫੇਰਦਿਆਂ ਕਿਹਾ।

"ਤੂੰ ਤਾਂ ਹੁਣ ਪੈਨਸ਼ਨ ਲੈ ਲੈ। ਤੈਥੋਂ ਨਹੀਂ ਹਲ ਵਗਦਾ।" ਲੱਖਾ ਸਿੰਘ ਨੇ ਪੂਰੇ ਰੋਸ ਨਾਲ ਕਿਹਾ।

"ਸਰਦਾਰ, ਚੰਗਾ ਈ ਏ, ਪਿਨਸਣ ਮਿਲ ਜੇ ਤਾਂ। ਜੂਨ-ਖਲਾਸੀ ਹੋਵੇ।"

"ਪਰ ਤੈਨੂੰ ਹੋਇਆ ਕੀ ਏ। ਪਲ ਪਲ ਪਿਛੋਂ ਤੂੰ ਛਾਂ ਵੱਲੇ ਭੱਜਦਾ ਏਂ।"

"ਚੌਹ ਪੰਜਾਂ ਦਿਨਾਂ ਦੀ ਹੱਡ-ਭੰਨਣੀ ਜੇਹੀ ਲੱਗੀ ਹੋਈ ਸੀ। ਅੱਜ ਬੁਖ਼ਾਰ ਹੋ ਗਿਆ ਜਾਪਦਾ ਏ। ਹਿੱਲਿਆ ਨਹੀਂ ਜਾਂਦਾ।" ਸੂਬਾ ਵੱਟ 'ਤੇ ਸਿਰ ਧਰ ਕੇ ਲੰਮਾ ਪੈ ਗਿਆ। ਉਹ ਅਸਲੋਂ ਨਿਢਾਲ ਹੋ ਗਿਆ ਸੀ।

ਲੱਖਾ ਸਿੰਘ ਉਹਦੇ ਵੱਲੇ ਵਿਹੰਦਾ ਕਿੰਨਾ ਚਿਰ ਸੋਚਦਾ ਰਿਹਾ, 'ਹੁਣ ਇਹ ਕੰਮ ਦੇਣ ਜੋਗਾ ਨਹੀਂ ਰਿਹਾ। ਕਾਮਾ ਬਦਲਣਾ ਚਾਹੀਦਾ ਏ। ਇਹਦੇ ਨਾਲੋਂ ਤਾਂ ਛੁੱਡਾ ਚੰਗਾ ਏ। ਉਹ ਹੁਣ ਸਤਾਰਾਂ-ਅਠਾਰਾਂ ਸਾਲ ਦਾ ਹੋ ਗਿਆ ਹੋਣਾ ਏਂ। ਸੌਂਹਰੀ ਦਾ ਪੈਰੋਂ ਆਰੀ ਏ, ਨਹੀਂ ਤਾਂ ਆਹਰੀ ਬੜਾ ਏ। ਰਾਤ ਦਿਨੇ ਕੰਮ ਕਰਦਾ ਥੱਕਦਾ ਨਹੀਂ। ਤੇ ਉਮਰ ਵੀ ਏਹਾ ਏ ਕੰਮ ਕਰਨ ਦੀ। ਸਿਆਣਿਆਂ ਆਖਿਆ ਏ, ਜਾਂ ਮੁੱਛ-ਫੁੱਟ, ਜਾਂ ਕਰੜਬੋਟ। ਪਰ ਇਹ ਕੰਮ ਮੁੱਛ-ਫੁੱਟ ਈ ਕੰਮ ਦੇਂਦੀ ਏ। ਕਰੜਬੋਟ ਹੁੰਦਿਆਂ ਤਕ ਤਾਂ ਇਹ ਕਬਰ 'ਚ ਪੈਣ ਵਾਲੇ ਹੋ ਜਾਂਦੇ ਨੇ। ਅਹੁ ਵੇਖ ਛੁੱਡਾ ਹਾਲੀ ਵੀ ਮਾੜਾ ਨਹੀਂ



WWW.SIKHBOOKCLUB.COM 

ਜਾਪਦਾ। ਮੈ ਮੰਨਦਾ ਨਹੀਂ ਸਾਂ ਹੁੰਦਾ। ਸੂਬਾ ਤਾਂ ਅਸਲੋਂ ਕੰਮ-ਚੋਰ ਹੋ ਗਿਆ ਏ। ਸੁਣਿਆ ਏ, ਇਹ ਰੋਜ਼ ਛੱਡੇ ਨੂੰ ਹਲ ਮਗਰ ਲਾ ਛੱਡਦਾ ਏ। ਹੁਣ ਤਾਂ ਸੂਬੇ ਤੋਂ ਕਿਵੇਂ ਛੁਟਕਾਰਾ ਪੈਣਾ ਚਾਹੀਦਾ ਏ। ਬੱਸ, ਆਹ ਹਾੜ੍ਹੀ ਲੈ ਕੇ ਜਵਾਬ। ਕਰਜ਼ਾ ਢੇਰ ਏ ਇਹਦੇ ਵੱਲ, ਪਰ ਵੇਖੀ ਜਾਵੇਗੀ। ਜੋ ਤਰੇਗਾ, ਓਹਾ ਸਹੀ। ਹਰਾਮੀ ਦਾ ਢੁੱਚਰ ਵੇਖ। ਅਖੇ : ਮੈਨੂੰ ਬੁਖ਼ਾਰ ਚੜ੍ਹ ਗਿਆ ਏ। ਬੰਦਾ ਪੁੱਛੇ, ਮੈਂ ਇਹਦੇ ਵਾਸਤੇ ਹਸਪਤਾਲ ਖੋਹਲੀ ਬੈਠਾਂ ? ਨਹੀਂ ਕੰਮ ਹੁੰਦਾ ਤਾਂ ਮੇਰੇ ਪੈਸ ਸੁੱਟੇ ਤੇ ਮਗਰੋਂ ਲਹੇ।'

ਲੱਖਾ ਸਿੰਘ ਨੇ ਪੱਕਾ ਮਨ ਬਣਾ ਲਿਆ ਕਿ ਹਾੜ੍ਹੀ ਤੋਂ ਪਿੱਛੋਂ ਸੂਬੇ ਨੂੰ ਹਰ ਹਾਲ ਹਟਾ ਦੇਣਾ ਏਂ।

## ੧੫

ਗ਼ਰੀਬੀ, ਗੰਦਗੀ ਤੇ ਬੀਮਾਰੀ ਦਾ ਆਪਸ ਵਿਚ ਬੜਾ ਗੂੜ੍ਹਾ ਮੇਲ ਹੈ। ਜਦ ਕਦੇ ਕੋਈ ਮਹਾਮਾਰੀ ਪਵੇਗੀ, ਪਹਿਲਾਂ ਗ਼ਰੀਬਾਂ ਦੇ ਘਰਾਂ ਤੋਂ ਸ਼ੁਰੂ ਕਰੇਗੀ। ਕਸੂਰ ਸ਼ਹਿਰ ਵਿਚ ਮੁਰਾਦ ਦਾ ਕੋਟ ਸਭ ਤੋਂ ਗੰਦਾ ਮੁੱਹਲਾ ਸੀ। ਥਾਂ ਨੀਵਾਂ, ਘਰ ਤੰਗ ਤੇ ਗਲੀਆਂ ਨਿਰੀ ਜਿੱਲ੍ਹਣ। ਉਹਦੀਆਂ ਕੁਝ ਗਲੀਆਂ ਬਾਰਾਂ ਮਹੀਨੇ ਚਿੱਕੜ ਨਾਲ ਭਰੀਆਂ ਰਹਿੰਦੀਆਂ। ਦੋ-ਦੋ ਫੁਟ 'ਤੇ ਪੱਕੇ ਰੋੜੇ ਰੱਖ ਕੇ ਪਾਣੀ ਵਿਚ ਦੀ ਲੰਘਣ ਨੂੰ ਰਾਹ ਬਣਾਇਆ ਹੁੰਦਾ, ਜਿਨ੍ਹਾਂ ਉੱਤੇ ਪੈਰ ਧਰ ਕੇ ਲੰਘਣ ਵਾਲਾ ਬੜੀ ਸਾਵਧਾਨੀ ਨਾਲ ਉਹ 'ਕਾਲੀ ਨਦੀ' ਪਾਰ ਕਰ ਸਕਦਾ। ਕੋਟ ਦੀਆਂ ਕੰਧਾਂ ਤੋਂ ਬਾਹਰ ਹੁੰਦਿਆਂ ਅੱਗੇ ਗੰਦੇ ਨਾਲੇ ਦਾ ਸਾਹਮਣਾ ਕਰਨਾ ਪੈਂਦਾ। ਟੁੱਟੀਆਂ ਹੋਈਆਂ ਫੱਟੀਆਂ ਵਾਲੇ ਲਕੜੀ ਦੇ ਪੁਲ ਨੂੰ ਪਾਰ ਕਰਨ ਪਿੱਛੋਂ ਸਬਜ਼ੀ ਦੀਆਂ ਪੈਲੀਆਂ ਆ ਜਾਂਦੀਆਂ। ਉਹਨਾਂ ਵਿਚ ਵੀ ਨਿਰਾ ਗੰਦ ਨਜ਼ਰ ਆਉਂਦਾ। ਏਹੋ ਜੇਹੇ ਥਾਂ ਬੀਮਾਰੀ ਕਿਰਪਾ ਨਾ ਕਰੇ ਤਾਂ ਹੋਰ ਕਿੱਥੇ ਕਰੇ।

ਫ਼ੀਰੋਜ਼ਪੁਰ ਤੋਂ ਬਾਅਦ ਹੈਜ਼ੇ ਨੇ ਕਸੂਰ ਉੱਤੇ ਧਾਵਾ ਬੋਲਿਆ। ਸਭ ਤੋਂ ਢੁੱਕਦਾ ਥਾਂ ਉਹਨੇ ਮੁਰਾਦ ਦਾ ਕੋਟ ਚੁਣਿਆ। ਹਫ਼ਤੇ ਵਿਚ ਓਥੇ ਚਾਰ ਪੰਜ ਮੌਤਾਂ ਹੋ ਗਈਆਂ। ਅਗਲੇ ਹਫ਼ਤੇ ਉਸ ਤੋਂ ਦੂਣੀਆਂ। ਸ਼ਹਿਰ ਵਿਚ ਘਬਰਾਹਟ ਪੈਦਾ ਹੋ ਗਈ। ਡਾਕਟਰਾਂ ਵਾਸਤੇ ਕਿਸਮਤ ਦੇ ਬੂਹੇ ਖੁੱਲ੍ਹ ਗਏ।

"ਸਰਦਾਰ ਲੱਖਾ ਸਿਹਾਂ। ਸੁਣਦਾ ਏਂ ਨਾਂ। ਮੁਰਾਦ ਦੇ ਕੋਟ ਵਿਚ ਹੈਜ਼ਾ ਦਿਨੋਂ ਦਿਨ ਜ਼ੋਰ ਫੜਦਾ ਜਾ ਰਿਹਾ ਏ। ਕੱਲ੍ਹ ਪਰਸੋਂ ਸ਼ਹਿਰ ਦੇ ਇਸ ਹਿੱਸੇ ਵਿਚ ਵੀ ਦੋ-ਤਿੰਨ ਮੌਤਾਂ ਹੋ ਗਈਆਂ ਨੇ। ਪੁੱਜਦੇ ਲੋਕ ਸ਼ਹਿਰ ਛੱਡ ਕੇ ਪਹਾੜਾਂ ਵੱਲ ਨੱਸਣੇ ਸ਼ੁਰੂ ਹੋ ਗਏ ਨੇ। ਅਸੀਂ ਤਾਂ ਕਿਤੇ ਜਾਣੋਂ ਰਹੇ, ਪਰ ਤੂੰ ਓਨੇ ਦਿਨ ਸ਼ਹਿਰ ਪੈਰ ਨਾ ਪਾਵੀਂ,

ਜਿੰਨਾ ਚਿਰ ਇਹ ਮੂਜ਼ੀ ਮਰਜ਼ ਖ਼ਤਮ ਨਹੀਂ ਹੋ ਜਾਂਦੀ। ਹਾਂ ਸੱਚ, ਐਥੋਂ ਕਿਸੇ ਡਾਕਟਰ ਨੂੰ ਨਾਲ ਲਈ ਜਾਹ, ਤੇ ਪਰਿਵਾਰ ਦੇ ਸਭ ਜੀਆਂ ਨੂੰ ਅੱਜੋਂ ਟੀਕੇ ਕਰਵਾ ਦੇ। ਰੱਖਣ ਵਾਲਾ ਤਾਂ ਮਾਲਕ ਆਪ ਏ, ਪਰ ਆਦਮੀ ਨੂੰ ਆਪਣਾ ਉਹੜ-ਪੁਹੜ ਵੀ ਜ਼ਰੂਰ ਕਰਨਾ ਚਾਹੀਦਾ ਏ। ਐਥੋਂ ਡਾਕਟਰ ਧੀਰਾ ਸਿੰਘ ਨੂੰ ਲੈ ਜਾ। ਉਹ ਕੁਝ ਈਮਾਨਦਾਰ ਵੀ ਏ ਤੇ ਸਿਆਣਾ ਵੀ। ਪੈਸੇ ਤਾਂ ਸਾਰਿਆਂ ਲੈਣੇ ਈ ਨੇ, ਪਰ ਉਹ ਦਵਾਈ ਮਾੜੀ ਨਹੀਂ ਵਰਤੇਗਾ। ਜਾ ਏਸ ਕੰਮ 'ਚ ਢਿੱਲ ਨਾ ਕਰ।" ਧੰਨੇ ਸ਼ਾਹ ਨੇ ਹਮਦਰਦੀ ਵਜੋਂ ਸਲਾਹ ਦਿੱਤੀ।

ਲੱਖਾ ਸਿੰਘ ਸੁਭਾਵਕ ਹੀ ਦੂਜੇ ਤੀਜੇ ਦਿਨ ਸ਼ਹਿਰ ਚਲਾ ਜਾਇਆ ਕਰਦਾ ਸੀ। ਟਿਕਾਣਾ ਉਹਦਾ ਸੀ ਧੰਨੇ ਸ਼ਾਹ ਦੀ ਆੜ੍ਹਤ। ਸ਼ਹਿਰ ਵਿਚ ਹੈਜ਼ੇ ਦਾ ਜ਼ੋਰ ਵਧਦਾ ਵੇਖ ਕੇ ਇਕ ਦਿਨ ਧੰਨੇ ਸ਼ਾਹ ਨੇ ਉਸ ਨੂੰ ਆਉਣੋਂ ਰੋਕ ਦਿੱਤਾ। ਗੱਲ ਲੱਖਾ ਸਿੰਘ ਦੇ ਦਿਲ ਲੱਗੀ। ਉਹ ਓਸੇ ਵੇਲੇ ਡਾਕਟਰ ਧੀਰਾ ਸਿੰਘ ਨੂੰ ਨਾਲ ਲੈ ਕੇ ਪਿੰਡ ਨੂੰ ਤੁਰ ਗਿਆ। ਉਹਨੇ ਸਣੇ ਕਾਮਿਆਂ ਆਪਣੇ ਸਾਰੇ ਪਰਵਾਰ ਨੂੰ ਟੀਕਾ ਕਰਾ ਦਿੱਤਾ। ਇਕ ਸੂਬਾ ਰਹਿ ਗਿਆ। ਉਹ ਸਰਦਾਰ ਦਾ ਭੇਜਿਆ ਹੋਇਆ, ਹਫ਼ਤੇ ਕੁ ਵਾਸਤੇ ਸਮੁੰਦ ਸਿੰਘ ਕੋਲ ਗਿਆ ਹੋਇਆ ਸੀ। ਸਮੁੰਦ ਸਿੰਘ ਦਾ ਕਾਮਾ ਬੀਮਾਰ ਪਿਆ ਸੀ।

ਲੱਖਾ ਸਿੰਘ ਦੇ ਕਹਿਣ ਉੱਤੇ ਸਰਦੂਲ ਸਿੰਘ ਦੇ ਸਾਰੇ ਪਰਵਾਰ ਨੇ ਵੀ ਟੀਕਾ ਕਰਵਾ ਲਿਆ। ਵੇਖੋ-ਵੇਖੀ ਕੁਝ ਹੋਰ ਘਰਾਂ ਨੇ ਵੀ ਡਾਕਟਰ ਦੀ ਸੇਵਾ ਤੋਂ ਲਾਭ ਉਠਾਇਆ, ਪਰ ਬਹੁਤੇ ਘਰ ਜਾਣ ਬੁੱਝ ਕੇ ਘੇਸਲ ਮਾਰ ਗਏ। ਕੁਝ ਪੁਰਾਣੇ ਵਹਿਮੀਆਂ ਦਾ ਸੋਚਣ-ਢੰਗ ਅਸਲੋਂ ਵੱਖਰਾ ਸੀ। ਉਹ ਕਹਿੰਦੇ, "ਓ ਛੱਡੋ ਜੀ! ਰੱਬ ਦੀ ਕੀਤੀ ਨੂੰ ਵੀ ਕੋਈ ਮੋੜ ਸਕਦਾ ਏ ? ਨਾਲੇ ਡਾਕਦਾਰਾਂ ਦੇ ਟੀਕਿਆਂ ਤੋਂ ਡਰ ਕੇ ਮੌਤ ਮੁੜ ਜਾਂਦੀ ਹੋਵੇ ਤਾਂ ਉਹਨਾਂ ਦੇ ਆਪਣੇ ਕਿਉਂ ਮਰਨ। ਫਿਰ ਕਿਸੇ ਆਖਿਆ ਸੀ, ਨੌਂ ਕੋਹ ਦਰਿਆ ਤੇ ਸੁੱਥਣ ਮੋਢੇ 'ਤੇ। ਜਦੋਂ ਕੋਈ ਖ਼ਤਰਾ ਹੋਊ, ਵੇਖੀ ਜਾਊ।"

ਤੇ ਖ਼ਤਰਾ ਛੇਤੀ ਹੀ ਸਿਰ 'ਤੇ ਆ ਧਮਕਿਆ।

ਸਾਂਈਂ ਪੀਰ ਸ਼ਾਹ ਨਾਲ ਮੰਗਲ ਦੋ-ਦੋ, ਚਾਰ-ਚਾਰ ਦਿਨ ਬਾਹਰ ਵੀ ਚਲਾ ਜਾਇਆ ਕਰਦਾ ਸੀ। ਕਸੂਰ ਵਿਚ ਉਨ੍ਹਾਂ ਦਾ ਟਿਕਾਣਾ ਸੀ ਮੁਰਾਦ ਦਾ ਕੋਟ। ਸਾਂਈਂ ਬੋਦੀ ਵਾਲੇ ਦੇ ਤਕੀਏ ਵਿਚ ਭੰਗ ਤਮਾਕੂ ਆਮ ਮਿਲ ਜਾਂਦਾ ਸੀ। ਓਥੇ ਗਿਆਂ ਉਹਨਾਂ ਦਾ ਜੀਅ ਨਾ ਕਰਦਾ ਛੇਤੀ ਪਰਤਣ ਨੂੰ। ਹੈਜ਼ੇ ਦਾ ਜ਼ੋਰ ਵਧਦਾ ਵੇਖ ਕੇ ਬੋਦੀ ਵਾਲੇ ਨੇ ਕਿਹਾ, "ਸਾਂਈਂ ਪੀਰ ਸ਼ਾਹ! ਪਿੰਡ ਚਲੇ ਜਾਓ। ਏਥੇ ਕੰਮ ਬਹੁਤ ਵਿਗੜ ਰਿਹਾ ਏ। ਕੱਲ੍ਹ ਪੰਜੀ ਮੌਤਾਂ ਹੋਈਆਂ ਨੇ ਸਾਰੇ ਸ਼ਹਿਰ ਵਿਚ।"

"ਜੋ ਹੁਕਮ ਸਾਂਈਂ ਜੀ।" ਪੀਰ ਸ਼ਾਹ ਨੇ ਥੋੜ੍ਹਾ ਜਿਹਾ ਸਿਰ ਝੁਕਾਅ ਕੇ ਕਿਹਾ। "ਪਰਸੋਂ ਜੁਮੇਂ ਦੀ ਨਮਾਜ਼ ਅਦਾ ਕਰਕੇ ਚਲੇ ਜਾਵਾਂਗੇ।"

ਪਰ ਸਾਂਈਂ ਪੀਰ ਸ਼ਾਹ ਦੇ ਜੀਵਨ ਵਿਚ ਪਰਸੋਂ ਨਾ ਆਇਆ। ਓਸੇ ਰਾਤ ਬਾਰਾਂ ਕੁ ਵਜੇ ਉਹਦੇ ਉੱਤੇ ਬੀਮਾਰੀ ਦਾ ਹਮਲਾ ਹੋ ਗਿਆ। ਵੀਰਵਾਰ ਦੇ ਦਸ ਵਜੇ ਤਕ ਉਹਨੇ ਪਰਾਣ ਦੇ ਦਿੱਤੇ।

ਪੀਰ ਸ਼ਾਹ ਦੀ ਮੌਤ ਵੇਖ ਕੇ ਮੰਗਲ ਬਹੁਤ ਘਬਰਾ ਗਿਆ। ਉਹਨੂੰ ਕਬਰ ਤੱਕ ਪਹੁੰਚਾਉਣ ਵਾਲਿਆਂ ਦਾ ਵੀ ਮੰਗਲ ਨੇ ਸਾਥ ਨਾ ਦਿੱਤਾ। ਉਹ ਬਹਾਨੇ ਨਾਲ ਤਕੀਏ 'ਚੋਂ ਬਾਹਰ ਨਿਕਲਿਆ ਤੇ ਪਿੰਡ ਨੂੰ ਧਾਈ ਕਰ ਤੁਰਿਆ। ਸਾਰੇ ਰਾਹ ਉਹ ਇਕੋ ਗੱਲ ਸੋਚਦਾ ਆਇਆ, 'ਜੇ ਪੀਰ ਸ਼ਾਹ ਦੀ ਥਾਂ ਮੈਨੂੰ ਹੈਜ਼ਾ ਹੋ ਜਾਂਦਾ ਤਾਂ ਫੇਰ ਕੀ ਬਣਦਾ ? ਮੇਰੇ ਨਿੱਕੇ-ਨਿੱਕੇ ਅੰਞਾਣੇ। ਉਹਨਾਂ ਦਾ ਪਿੱਛੋਂ ਕੌਣ ਸੀ?' ਮੰਗਲ ਉਹਨਾਂ ਅੰਞਾਣਿਆਂ ਦਾ ਫ਼ਿਕਰ ਕਰ ਰਿਹਾ ਸੀ, ਜਿਨ੍ਹਾਂ ਨੂੰ ਉਹਨੇ ਇਕ ਡੰਗ ਵੀ ਕਮਾ ਕੇ ਨਹੀਂ ਸੀ ਖੁਆਇਆ। 'ਚਲੋ, ਭਲੇ ਬਚੇ ਆਂ। ਵੇਲੇ ਸਿਰ ਬਲਦੀ ਅੱਗ 'ਚੋਂ ਨਿਕਲ ਆਏ ਆਂ। ਓ ਜੀ, ਜਾਨ ਬਚੀ ਲਾਖੋਂ ਪਾਏ। ਮਾਣਸ ਦੇਹੀ, ਨਾ ਲੱਖੀਂ ਨਾ ਹਜ਼ਾਰੀਂ। ਪੀਰ ਸ਼ਾਹ ਦੀ ਗੱਲ ਹੋਰ ਸੀ। ਉਹ ਛੜਾ-ਛਾਂਟ, ਨਾ ਰੰਨ ਨਾ ਕੰਨ, ਨਾ ਪਿਛੋਂ ਕੋਈ ਰੋਣ ਪਿੱਟਣ ਵਾਲਾ। ਤੇ ਮੈਂ ਬਾਲ-ਬੱਚੜਦਾਰ। ਮੇਰੀ ਭਾਗੋ ਪਿੱਛੋਂ ਕੀ ਕਰਦੀ। ਚੱਲ ਕੇ ਸਰਦਾਰ ਲੱਖਾ ਮੂੰਹ ਦੇ ਵਾਗੀ ਲੱਗ ਜਾਂਦੇ ਆਂ। ਤੇ ਛੁੱਡਾ ਲੱਗ ਜੈਗਾ ਉਹਦੇ ਹਲ ਮਗਰ। ਹਲ ਵੌਹਣ ਜੋਗਾ ਹੋ ਗਿਆ ਏ ਉਹ। ਓ ਮੰਗਲਾ! ਤੂੰ ਡੰਗਰ ਚਾਰਨ ਜੋਗਾ ਵੀ ਨਹੀਂ ਭਲਾ ?' ਮੰਗਲ ਨੇ ਆਪਣੇ ਆਪ ਨੂੰ ਹੱਲਾ-ਸ਼ੇਰੀ ਦੇਂਦਿਆਂ ਕਿਹਾ।

ਸੋਚਾਂ ਸੋਚਦਾ ਤੇ ਨਵੀਆਂ ਵਿਉਂਤਾਂ ਘੜਦਾ ਮੰਗਲ ਘਰ ਆ ਵੜਿਆ, ਪਰ ਆਹੰਦੇ ਹੁੰਦੇ ਨੇ : ਮੂਸਾ ਭੱਜਾ ਮੌਤ ਤੋਂ, ਅੱਗੇ ਮੌਤ ਖੜੀ। ਉਸੇ ਰਾਤ ਮੰਗਲ ਨੂੰ ਹੈਜ਼ਾ ਹੋ ਗਿਆ। ਅਗਲੇ ਦਿਨ ਦੁਪਹਿਰ ਹੁੰਦਿਆਂ ਤੱਕ ਉਹ ਖ਼ਤਮ ਹੋ ਗਿਆ। ਮੰਗਲ ਕਬਰ ਵਿਚ ਜਾ ਪਿਆ, ਪਰ ਜਾਂਦਾ-ਜਾਂਦਾ ਪਿੰਡ ਨੂੰ ਹੈਜ਼ੇ ਦੀ ਸੌਗਾਤ ਦੇ ਗਿਆ।

ਪਿੰਡਾਂ ਦੀ ਸਭਿਅਤਾ ਵਿਚ ਅਪਣੱਤ ਤੇ ਹਮਦਰਦੀ ਅਜੇ ਹੈ। ਪਿੰਡ ਦੇ ਸਰਦਾਰ ਵੀ ਭਾਗੋ ਨੂੰ ਕੁਆਉਣ ਵਾਸਤੇ ਗਏ।

"ਭਾਗੋ! ਤੇਰੇ ਨਾਲ ਭਈ ਕਰਮਾਂ ਵਾਲੀਏ ਬੜੀ ਮਾੜੀ ਹੋਈ। ਰੱਬ ਨੂੰ ਇਉਂ ਨਹੀਂ ਸੀ ਚਾਹੀਦਾ।" ਲੱਖਾ ਸਿੰਘ ਨੇ ਹਮਦਰਦੀ ਪ੍ਰਗਟ ਕਰਦਿਆਂ ਕਿਹਾ।

"ਵੇ ਸਰਦਾਰ! ਕਾਹਦੀ ਮਾੜੀ ਹੋਈ ? ਅੱਗੇ ਮੈਂ ਕਿਹੜੀ ਸੁਹਾਗਣ ਸਾਂ, ਜੋ ਹੁਣ ਰੰਡੀ ਹੋ ਗਈ ਆਂ। ਉਹ ਵਿਆਹਿਆ ਹੋਇਆ ਸੀ ਸਾਈਂ ਪੀਰ ਸ਼ਾਹ ਨਾਲ।

ਪੀਰ ਸ਼ਾਹ ਜਾਂਦਾ ਹੋਇਆ ਨਾਲੇ ਲੈ ਗਿਆ। ਭਲਾ ਹੋਇਆ। ਉਥੇ ਤਾਂ ਉਹਨੂੰ ਕੋਈ ਕੁਪੱਤੀ ਭਾਗੋ ਚੰਗੀ ਮਾੜੀ ਨਾ ਆਖੇਗੀ।" ਭਾਗੋ ਨੇ ਬਿਨਾਂ ਵਲ ਵਲਾ ਦੇ ਖਰੀ ਖਰੀ ਕਹਿ ਸੁਣਾਈ।

ਅਗਲੇ ਤਿੰਨ ਦਿਨ ਸੁੱਖ ਦੇ ਲੰਘ ਗਏ। ਚੌਥੇ ਦਿਨ ਇਕ ਹੋਰ ਬੁੱਢੜਾ, ਮੰਗਲ ਦਾ ਗੁਆਂਢੀ ਮਰ ਗਿਆ। ਪਿੰਡ ਵਾਲਿਆਂ ਨੂੰ ਕੁਝ ਫ਼ਿਕਰ ਵਾਲੀ ਗੱਲ ਜਾਪਣ ਲੱਗੀ।

'ਭਈ, ਕੋਈ ਫ਼ਿਕਰ ਕਰਨਾ ਚਾਹੀਦਾ ਏ। ਕਿਸੇ ਡਾਕਟਰ ਨੂੰ ਸੱਦਣਾ ਚਾਹੀਦਾ ਏ।' ਵਿਚੋਂ-ਵਿਚੋਂ ਲੋਕ ਆਖਣ ਲੱਗ ਪਏ, ਪਰ ਸਭ ਜ਼ਬਾਨੀ ਜਮ੍ਹਾਂ ਖ਼ਰਚ ਸੀ। ਅਮਲੀ ਤੌਰ 'ਤੇ ਕਿਸੇ ਨੇ ਕੋਈ ਉੱਦਮ ਨਾ ਕੀਤਾ।

ਸੱਤਵੇਂ ਦਿਨ ਇਕੱਠੀਆਂ ਚਾਰ ਮੌਤਾਂ ਹੋ ਗਈਆਂ। ਹੁਣ ਪਿੰਡ ਵਾਲਿਆਂ ਵਿਚ ਚੋਖੀ ਘਬਰਾਹਟ ਫੈਲ ਗਈ। ਨੰਬਰਦਾਰ ਨੇ ਰੁੱਕਾ ਦੇ ਕੇ ਚੌਕੀਦਾਰ ਨੂੰ ਭਜਾਇਆ। ਉਹ ਕਸੂਰ ਦੇ ਸਿਵਲ ਹਸਪਤਾਲ ਵਿਚੋਂ ਲਾਲ ਦਵਾਈ ਲੈ ਆਇਆ। ਦਵਾਈ ਪਿੰਡ ਦੇ ਸਾਰੇ ਖੂਹਾਂ ਵਿਚ ਪਾ ਦਿੱਤੀ ਗਈ। ਪਿੰਡ ਵਾਲਿਆਂ ਸੋਚਿਆ, ਹੁਣ ਅਸੀਂ ਸੁਰੱਖਿਅਤ ਹਾਂ। ਏਨੇ ਨਾਲ ਹੀ ਉਹ ਚਿੰਤਾ ਤੋਂ ਮੁਕਤ ਹੋ ਗਏ।

ਅਗਲੇ ਦਿਨ ਸਵੇਰੇ ਗੀਲ੍ਹੋ ਲੱਖਾ ਸਿੰਘ ਦੇ ਘਰ ਭੱਜੀ-ਭੱਜੀ ਆਈ। ਕੁੜੀ ਬਹੁਤ ਘਬਰਾਈ ਹੋਈ ਸੀ। ਉਹਦੇ ਚਿਹਰੇ ਉੱਤੇ ਮੌਤ ਦਾ ਭੈਅ ਛਾਇਆ ਹੋਇਆ ਸੀ।

SIKHBOOKCLUB.COM

"ਆ ਕੁੜੀਏ। ਤੂੰ ਸਵੇਰੇ-ਸਵੇਰੇ।" ਲੱਖਾ ਸਿੰਘ ਨੇ ਉਸ ਤੋਂ ਆਉਣ ਦਾ ਕਾਰਨ ਪੁੱਛਿਆ।

"ਚਾਚਾ! ਮਾਂ ਸੱਦਦੀ ਏ ਤੈਨੂੰ। ਉਹ ਹੱਥ ਜੋੜਦੀ ਸੀ ਕਿ ਪਲ ਦਾ ਪਲ ਜ਼ਰੂਰ ਆਵੇ।" ਕੁੜੀ ਨੇ ਹੱਥ ਮਲਦਿਆਂ ਕਿਹਾ। ਉਹ ਉਸ ਵੇਲੇ ਬੜੀ ਨਿਮਾਣੀ ਜੇਹੀ ਜਾਪਦੀ ਸੀ।

"ਕੁੜੇ, ਸੁੱਖ ਤਾਂ ਹੈ ਤੇਰੀ ਮਾਂ ਨੂੰ ?" ਬਸੰਤ ਕੌਰ ਨੇ ਚਿੰਤਾ ਭਰੀ ਸੁਰ ਵਿਚ ਪੁੱਛਿਆ।

"ਮਾਂ ਅੱਧੀ ਰਾਤ ਤੋਂ ਬਮਾਰ ਹੋ ਗਈ ਏ। ਦੋ ਤਿੰਨ ਵਾਰ ਦਸਤ ਤੇ ਉਲਟੀਆਂ ਆਈਆਂ ਨੇ। ਉਹਨੇ ਆਖਿਆ, ਆਵਦੇ ਚਾਚੇ ਨੂੰ ਲਿਆ ਇਕ ਵਾਰ। ਉਹ ਫੁੱਫੋ ਨੂੰ ਵੀ ਯਾਦ ਕਰਦੀ ਏ। ਜੇ ਉਹਨੂੰ ਕੁਝ ਹੋ ਗਿਆ ਤਾਂ ਮੈਂ.....।" ਗੀਲ੍ਹੋ ਦੀਆਂ ਅੱਖਾਂ ਵਿਚੋਂ ਹੰਝੂ ਵਹਿ ਤੁਰੇ। ਸਿਰ ਦੀ ਮੈਲੀ ਜੇਹੀ ਚੁੰਨੀ ਨਾਲ ਉਹਨੇ ਅੱਖਾਂ ਪੂੰਝ ਲਈਆਂ।

"ਕੋਈ ਨਹੀਂ, ਰੋ ਨਾ। ਕੁਝ ਨਹੀਂ ਹੁੰਦਾ ਤੇਰੀ ਮਾਂ ਨੂੰ।" ਲੱਖਾ ਸਿੰਘ ਨੇ ਆਪਣੇ

ਵੱਲੋਂ ਉਹਨੂੰ ਦਲਾਸਾ ਦੇਂਦਿਆਂ ਕਿਹਾ। "ਛੋਂਡਿਆ, ਆ ਉਇ।"

ਛੂੰਡਾ ਤੇ ਲੱਖਾ ਸਿੰਘ ਗੀਲ੍ਹੋ ਦੇ ਨਾਲ ਤੁਰ ਪਏ। ਛੂੰਡਾ ਘਰ ਨਹੀਂ ਸੀ ਜਾਇਆ ਕਰਦਾ। ਨਾ ਉਹਨੂੰ ਘਰਦਿਆਂ ਦੀ ਲੋੜ ਸੀ, ਨਾ ਘਰਦਿਆਂ ਨੂੰ ਉਹਦੀ। ਕਿਸੇ ਦਿਨ ਦਿਹਾਰ ਬਸੰਤ ਕੌਰ ਕੁਝ ਚੰਗਾ ਚੋਖਾ ਬਣਾਉਂਦੀ ਤਾਂ ਉਹ ਰੋਟੀ ਦੇ ਕੇ ਛੂੰਡੇ ਨੂੰ ਜ਼ਰੂਰ ਘਰ ਭੇਜ ਦੇਂਦੀ। 'ਜਾਹ ਵੇ ਨਮੋਹਰਿਆ! ਫਿਰ ਵੀ ਤੇਰੀ ਮਾਂ ਏ, ਭੈਣ ਏਂ। ਜਾਹ ਰੋਟੀ ਦੇ ਆ ਨੇ।"

ਮੰਗਲ ਮਰੇ ਤੋਂ ਵੀ ਛੂੰਡਾ ਘਰ ਗਿਆ ਸੀ, ਪਰ ਉਹਨੂੰ ਕਬਰ ਵਿਚ ਦਫ਼ਨਾ ਕੇ ਉਹ ਸਿੱਧਾ ਸਰਦਾਰਾਂ ਦੇ ਘਰ ਨੂੰ ਮੁੜ ਆਇਆ ਸੀ।

"ਮਾਂ! ਚਾਚਾ ਆਇਆ ਏ।" ਗੀਲ੍ਹੋ ਨੇ ਮਾਂ ਦੇ ਮੰਜੇ ਕੋਲ ਝੁਕ ਕੇ ਆਖਿਆ।

"ਹੱਛਾ, ਆ ਗਿਆ ਸਰਦਾਰ।" ਭਾਗੋ ਨੇ ਅੱਖਾਂ ਖੋਲ੍ਹ ਲਈਆਂ। ਉਹਦੇ ਸਰੀਰ ਦੀ ਸ਼ਕਤੀ ਬਹੁਤ ਘੱਟ ਗਈ ਸੀ। "ਛੂੰਡਾ ਵੀ ਆਇਆ ਏ?" ਭਾਗੋ ਨੇ ਪੁੱਤਰ 'ਤੇ ਨਿਗ੍ਹਾ ਪੈਂਦਿਆਂ ਕਿਹਾ।

ਛੂੰਡਾ ਮੰਜੇ ਦੀ ਬਾਹੀ ਲਾਗੇ ਭੋਇੰ 'ਤੇ ਬਹਿ ਗਿਆ। ਭਾਗੋ ਨੇ ਪਿਆਰ ਨਾਲ ਉਹਦੇ ਸਿਰ 'ਤੇ ਹੱਥ ਫੇਰਿਆ। ਜਿਉਂ ਸੁਰਤ ਸੰਭਲਿਆ ਸੀ, ਛੂੰਡੇ ਨੂੰ ਪਹਿਲੀ ਵਾਰ ਮਾਂ ਦਾ ਪਿਆਰ ਪ੍ਰਾਪਤ ਹੋਇਆ ਸੀ। ਉਹਦੀਆਂ ਅੱਖਾਂ ਵਿਚੋਂ ਹੰਝੂ ਵਹਿ ਤੁਰੇ।

"ਤੂੰ ਕਿਉਂ ਰੋਂਦਾ ਏ ਵੇ ? ਤੇਰੇ ਸਿਰ 'ਤੇ ਵੇਖ੍ਹਾਂ ਸਰਦਾਰ ਲੱਖਾ ਸੁੰਹ। ਮੇਰੇ ਖੁਣੋ ਤੇਰਾ ਕੁਝ ਥੁੜ੍ਹਿਆ ਨਹੀਂ ਰਹਿਣ ਲੱਗਾ। ਬੱਸ, ਮੇਰਾ ਪੁੱਤ ਏ ਤਾਂ ਸਰਦਾਰ ਦਾ ਲੜ ਨਾ ਛੱਡੀਂ।" ਮਾਂ ਨੇ ਅੰਤਿਮ ਉਪਦੇਸ਼ ਦਿੱਤਾ।

"ਭਾਗੋ! ਦਿਲ ਨਾ ਛੱਡ। ਤੂੰ ਤਕੜੀ ਹੋ ਜਾਵੇਂਗੀ। ਮੈਂ ਹੁਣੇ ਡਾਕਟਰ ਧੀਰਾ ਸਿੰਘ ਨੂੰ ਬੁਲਾ ਲੈਂਦਾਂ।" ਲੱਖਾ ਸਿੰਘ ਨੇ ਉਹਨੂੰ ਹੌਸਲਾ ਦੇਂਦਿਆਂ ਕਿਹਾ।

"ਨਹੀਂ ਸਰਦਾਰ! ਹੁਣ ਡੜੇ ਡਾਕਟਰ ਦੀ ਲੋੜ ਨਹੀਂ। ਤੇਰੇ ਮੰਗਲੂ ਨਖੱਤੇ ਨੇ ਜਾਂਦਿਆਂ ਮੈਨੂੰ ਵੀ ਸੱਦ ਲਿਆ ਏ। ਚਲਦੇ ਆ ਖਦਾਵੰਦੀ ਦੇ ਸਾਹਮਣੇ...।" ਪਲ ਕੁ ਸਾਹ ਲੈ ਕੇ ਭਾਗੋ ਫੇਰ ਬੋਲੀ, "ਸਰਦਾਰ! ਤੈਨੂੰ ਏਸ ਵਾਸਤੇ ਖੇਚਲ ਦਿੱਤੀ ਏ ਕਿ ਛੂੰਡਾ ਤਾਂ ਪਹਿਲੋਂ ਈ ਤੇਰਾ ਏ, ਅੱਜ ਤੋਂ ਗੀਲ੍ਹੋ ਵੀ ਤੇਰੇ ਹਵਾਲੇ। ਧਰਮ ਕਰੀਂ ਸਰਦਾਰਾ! ਰੱਬ ਨੇ ਤੈਨੂੰ ਬੜਾ ਕੁਝ ਦਿੱਤਾ ਏ। ਇਹਨਾਂ ਦੋਹਾਂ ਦੇ ਵਿਆਹ ਕਰਾ ਦੇਈਂ। ਛੂੰਡੇ ਨੂੰ ਪੁੰਨ ਦਾ ਸਾਕ ਕਿਸੇ ਨਹੀਂ ਦੇਣਾ। ਗੀਲ੍ਹੋ ਦੇ ਵੱਟੇ 'ਤੇ ਇਹਨੂੰ ਵਿਆਹ ਦੇਈਂ। ਕੁੜੀਆਂ ਹੁੰਦੀਆਂ ਕੁਰਬਾਨੀ ਦਾ ਬੱਕਰਾ ਨੇ। ਛੂੰਡੇ ਬਦਲੇ ਗੀਲ੍ਹੋ ਦੀ ਬਲੀ ਦੇ ਦੇਈਂ। ਬੱਸ, ਹੁਣ ਮੈਨੂੰ ਕੋਈ ਫ਼ਿਕਰ ਨਹੀਂ। ਬੋਲਿਆ ਚੱਲਿਆ ਮਾਫ਼। ਆਪਾ ਚੱਲਦੇ ਆ।' ਭਾਗੋ ਨੇ ਫਿਰ ਅੱਖਾਂ ਬੰਦ ਕਰ ਲਈਆਂ।



WWW.SIKHBOOKCLUB.COM 

ਡੁੱਡੇ ਨੂੰ ਉਥੇ ਛੱਡ ਕੇ ਲੱਖਾ ਸਿਘ ਵਾਪਸ ਆ ਗਿਆ। ਤਿੰਨਾਂ ਘੰਟਿਆਂ ਪਿੱਛੋਂ ਭਾਗੋ ਨੇ ਪਰਾਣ ਤਿਆਗ ਦਿੱਤੇ। ਗੀਲੋ ਨੇ ਪਿੱਟ-ਪਿੱਟ ਕੇ ਆਪਣਾ ਆਪ ਘਾਇਲ ਕਰ ਲਿਆ। ਡੁੱਡੇ ਨੇ ਵੀ ਵਿਹੜੇ ਵਿਚ ਖਲੋ ਕੇ ਧਾਹੀਂ ਮਾਰੀਆਂ, ਪਰ ਉਹਦਾ ਰੋਣਾ ਸਿਰਫ਼ ਰਸਮੀ ਸੀ। ਮਾਂ ਮਰੀ ਸੀ ਗੀਲੋ ਦੀ। ਤੇ ਉਹ ਠੀਕ ਹੀ ਸੱਚੇ ਦਿਲੋਂ ਰੋ ਰਹੀ ਸੀ।

ਭਾਗੋ ਨੂੰ ਕਬਰ ਵਿਚ ਸੁਆ ਕੇ ਰਾਤ ਨੂੰ ਡੁੱਡੇ ਦੇ ਨਾਲ ਗੀਲੋ ਵੀ ਸਰਦਾਰਾਂ ਦੀ ਹਵੇਲੀ ਵਿਚ ਆ ਗਈ।

ਸਭ ਤੋਂ ਦੁੱਖ ਭਰੀ ਸੀ ਸੂਬੇ ਦੀ ਮੌਤ। ਸਮੁੰਦ ਸਿਘ ਕੋਲੋਂ ਵਾਪਸ ਆ ਕੇ ਪੰਜਵੇਂ ਦਿਨ ਉਹਨੇ ਪਰਾਣ ਦੇ ਦਿੱਤੇ। ਪਿਛੇ ਉਹ ਇਕ ਵਿਧਵਾ ਤੇ ਪੰਜ ਬਾਲ ਛੱਡ ਗਿਆ, ਜਿਨ੍ਹਾਂ ਵਿਚੋਂ ਅਜੇ ਹਲ ਦੀ ਜੰਘੀ ਫੜਨ ਜੋਗਾ ਕੋਈ ਨਹੀਂ ਸੀ। ਕਿਆਸ ਕਰਨਾ ਵੀ ਔਖਾ ਹੈ ਕਿ ਉਹਨਾਂ ਦਾ ਜੀਵਨ-ਨਿਰਬਾਹ ਕਿਵੇਂ ਹੋਵੇਗਾ ?

ਛੋਟੇ ਜੇਹੇ ਪਿੰਡ ਵਿਚ ਹੁਣ ਤੱਕ ਸਤਾਈ ਮੌਤਾਂ ਹੋ ਚੁੱਕੀਆਂ ਸਨ। ਪੁੱਜਦੇ ਘਰਾਂ ਵਿਚ ਭਾਜੜ ਪੈ ਗਈ। ਪਿੰਡ ਦੀਆਂ ਗਲੀਆਂ ਵਿਚੋਂ ਦਿਨੇ ਹੀ ਡਰ ਆਉਣ ਲੱਗ ਪਿਆ ਸੀ। ਅਰਜਨ ਸਿਘ ਤੇ ਨੰਬਰਦਾਰ ਦੋਹਾਂ ਭਰਾਵਾਂ ਨੇ ਆਪਣੇ ਪਰਵਾਰ ਉਹਨਾਂ ਰਿਸ਼ਤੇਦਾਰਾਂ ਕੋਲ ਭੇਜ ਦਿੱਤੇ ਜਿਥੇ ਅਜੇ ਬੀਮਾਰੀ ਤੋਂ ਆਰਾਮ ਸੀ। ਲੱਖਾ ਸਿੰਘ ਨੇ ਵੀ ਬਸੰਤ ਕੌਰ ਨੂੰ ਕਿਹਾ, "ਬਲਦੀ ਅੱਗ ਤੋਂ ਪਾਸੇ ਹੋ ਜਾਣਾ ਮਾੜਾ ਨਹੀਂ। ਤੂੰ ਤੇ ਸਵਰਨੀ ਬੱਚਿਆਂ ਨੂੰ ਲੈ ਕੇ ਸਮੁੰਦ ਸਿੰਘ ਕੋਲ ਚਲੀਆਂ ਜਾਵੋ।"

"ਸਵਰਨੀ ਨੂੰ ਘੱਲ ਦਿਹੋ। ਇਹ ਬਾਲਾਂ ਨੂੰ ਨਾਲ ਲੈ ਜਾਵੇ। ਮੈਂ ਨਹੀਂ ਜਾਣਾ।" ਬਸੰਤ ਕੌਰ ਨੇ ਬੜੀ ਦ੍ਰਿੜ੍ਹਤਾ ਨਾਲ ਕਿਹਾ।

"ਕਿਉਂ?"

"ਮੈਨੂੰ ਕੋਈ ਡਰ ਨਹੀਂ। ਮੌਤ ਉਹਨਾਂ ਨੂੰ ਔਂਦੀ ਏ, ਜਿਨ੍ਹਾਂ ਦੀ ਲੋੜ ਹੋਵੇ।"

"ਤੇਰੀ ਕਿਸੇ ਨੂੰ ਲੋੜ ਨਹੀਂ ? ਤੇਰੇ ਅੰਵਾਣਿਆਂ ਨੂੰ ਵੀ ਨਹੀਂ ?" ਲੱਖਾ ਸਿੰਘ ਨੇ ਕੁਝ ਮਰੋੜੇ ਨਾਲ ਕਿਹਾ।

"ਉਹਨਾਂ ਦੇ ਸਿਰ 'ਤੇ ਵੇਖਾਂ ਤੁਸੀਂ। ਬੱਚਿਆਂ ਦਾ ਪਿਉ ਜਿਉਂਦਾ ਰਹੇ।"

"ਜ਼ਿੱਦ ਨਹੀਂ ਕਰੀਦੀ। ਸਵਰਨੀ ਦੇ ਨਾਲ ਚਲੀ ਜਾਹ।" ਲੱਖਾ ਸਿਘ ਨੇ ਜ਼ੋਰ ਦੇ ਕੇ ਕਿਹਾ।

"ਮੈਂ ਤੁਹਾਡਾ ਆਖਿਆ ਕਦੇ ਨਹੀਂ ਮੋੜਿਆ, ਪਰ ਤੁਹਾਡੀ ਇਹ ਗੱਲ ਮੈਂ ਨਹੀਂ ਜੇ ਮੰਨਣੀ। ਮੈਂ ਜਾਣਾ ਨਹੀਂ।"

"ਕਿਉਂ ਪਰ ?"

"ਸੱਚੀ ਪੁੱਛਦੇ ਓ ? ਮੈਂ ਤੁਹਾਨੂੰ ਛੱਡ ਕੇ ਨਹੀਂ ਜਾ ਸਕਦੀ।" ਬਸੰਤ ਕੌਰ ਨੇ



WWW.SIKHBOOKCLUB.COM 

ਸਿਰ ਫੇਰਦਿਆਂ ਕਿਹਾ।

"ਉਂਵ ਤਾਂ ਮੈਨੂੰ ਛੱਡ ਛੱਡਿਆ ਈ।" ਲੱਖਾ ਸਿੰਘ ਨੇ ਬੜੀ ਰੁੱਖੀ ਟਕੋਰ ਲਾਈ।

ਬਸੰਤ ਕੌਰ ਨੇ ਲੱਖਾ ਸਿੰਘ ਦੀਆਂ ਅੱਖਾਂ ਵਿਚ ਤੱਕਿਆ ਤੇ ਚੋਖਾ ਚਿਰ ਤਕਦੀ ਰਹਿ ਗਈ। ਉਸ ਦੀ ਨਜ਼ਰ ਵਿਚ ਕੁਝ ਸੀ, ਜਿਸ ਦੀ ਸ਼ਬਦਾਂ ਰਾਹੀਂ ਵਿਆਖਿਆ ਨਹੀਂ ਕੀਤੀ ਜਾ ਸਕਦੀ। ਕੁਝ ਚਿਰ ਪਿੱਛੋਂ ਉਹਨੇ ਨੀਵੀਂ ਪਾ ਕੇ ਪਹਿਲਾਂ ਨਾਲੋਂ ਵੀ ਦੂਣੀ ਦ੍ਰਿੜ੍ਹਤਾ ਨਾਲ ਕਿਹਾ, "ਨਹੀਂ, ਮੈਂ ਤੁਹਾਨੂੰ 'ਕੱਲਿਆਂ ਨੂੰ ਛੱਡ ਕੇ ਨਹੀਂ ਜਾ ਸਕਦੀ।"

ਸਵਰਨੀ ਤਿੰਨਾਂ ਬੱਚਿਆਂ ਨੂੰ ਨਾਲ ਲੈ ਕੇ ਪੇਕੇ ਚਲੀ ਗਈ। ਬਸੰਤ ਕੌਰ ਲੱਖਾ ਸਿੰਘ ਦੀ ਸੇਵਾ ਵਾਸਤੇ ਘਰ ਰਹਿ ਗਈ ਪਰ ਉਹਨੇ ਸਵਰਨੀ ਦੀ ਗ਼ੈਰ ਹਾਜ਼ਰੀ ਵਿਚ ਵੀ ਪਤੀ ਨਾਲ ਬਹੁਤਾ ਨੇੜ ਵਧਾਉਣ ਦਾ ਯਤਨ ਨਾ ਕੀਤਾ। ਉਹ ਸੱਚੇ ਦਿਲ ਨਾਲ ਸੇਵਾ ਕਰ ਰਹੀ ਸੀ। ਡਾਕਟਰ ਦੇ ਦੱਸੇ ਅਨੁਸਾਰ ਉਹ ਨਲਕੇ ਦਾ ਪਾਣੀ ਉਬਾਲ ਕੇ ਪੀਂਦੀ ਤੇ ਪਤੀ ਨੂੰ ਦੇਂਦੀ। ਰੋਟੀ ਤੇ ਦਾਲ ਭਾਜੀ ਗਰਮ-ਗਰਮ ਖੁਆਉਂਦੀ। ਘਰ ਵਿਚ ਉਹ ਅੱਗੇ ਨਾਲੋਂ ਵੀ ਵਧੇਰੇ ਸਫ਼ਾਈ ਰੱਖਦੀ ਤੇ ਦੋਵੇਂ ਵੇਲੇ ਲਾਲ ਦਵਾਈ ਦਾ ਸਾਰੇ ਵਿਹੜੇ ਵਿਚ ਛਿੜਕਾ ਕਰਦੀ। ਰਾਤ ਨੂੰ ਗਰਮ-ਗਰਮ ਦੁੱਧ ਅਖਾਂ ਦੇ ਸਾਹਮਣੇ ਪਤੀ ਨੂੰ ਪਿਆ ਕੇ ਮੁੜਦੀ। ਲੱਖਾ ਸਿੰਘ ਦਾ ਮੰਜਾ ਕੋਠੇ ਉੱਤੇ, ਚੁਬਾਰੇ ਦੇ ਬੂਹੇ ਅੱਗੇ ਹੁੰਦਾ ਤੇ ਬਸੰਤ ਕੌਰ ਵਸੋਂ ਵਾਲੇ ਕਮਰੇ ਦੇ ਸਾਹਮਣੇ ਵਿਹੜੇ ਵਿਚ ਸੌਂਦੀ।

ਇਕ ਰਾਤ ਬਸੰਤ ਕੌਰ ਦੁੱਧ ਪਿਆਉਣ ਗਈ ਤਾਂ ਲੱਖਾ ਸਿੰਘ ਸੌਣ ਦਾ ਬਹਾਨਾ ਕਰਕੇ ਘੇਸਲ ਵੱਟ ਕੇ ਪਿਆ ਰਿਹਾ।

"ਲਉ, ਦੁੱਧ ਪੀ ਲੌ।" ਬਸੰਤ ਕੌਰ ਨੇ ਨਿੱਤ ਵਾਂਗ ਕਿਹਾ।

ਲੱਖਾ ਸਿੰਘ ਬਿਨਾਂ ਹਿੱਲਿਆਂ-ਜੁੱਲਿਆਂ ਪਿਆ ਰਿਹਾ, ਜਿਵੇਂ ਉਹਨੇ ਨੀਂਦ ਵਿਚ ਸੁਣਿਆ ਹੀ ਨਾ ਹੋਵੇ।

"ਦੁਧ ਠੰਢਾ ਹੋ ਜੈਗਾ, ਪੀ ਲੌ ਉਠ ਕੇ।" ਬਸੰਤ ਕੌਰ ਨੇ ਜ਼ਰਾ ਉੱਚੀ ਕਿਹਾ। ਉਹ ਸਮਝ ਗਈ ਸੀ ਕਿ ਲੱਖਾ ਸਿੰਘ ਸੁੱਤਾ ਹੋਇਆ ਨਹੀਂ, ਸੌਣ ਦਾ ਬਹਾਨਾ ਕਰ ਰਿਹਾ ਹੈ।

ਮਜਬੂਰ ਹੋ ਕੇ ਲੱਖਾ ਸਿੰਘ ਖੰਘੂਰਾ ਮਾਰ ਕੇ ਉਠ ਬੈਠਾ। ਉਹਨੇ ਦੁੱਧ ਦਾ ਗਲਾਸ ਫੜ ਲਿਆ। ਦੂਜੇ ਹੱਥ ਨਾਲ ਉਹਨੇ ਬਸੰਤ ਕੌਰ ਦਾ ਹੱਥ ਫੜ ਕੇ ਕਿਹਾ, "ਨ੍ਹਾਮੇ ਦੀ ਮਾਂ! ਕੀ ਤੂੰ ਸਾਰੀ ਉਮਰ ਮੈਨੂੰ ਮਾਫ਼ ਨਹੀਂ ਕਰੇਂਗੀ ?" ਕਿਹਾ ਨਹੀਂ ਜਾ ਸਕਦਾ ਕਿ ਇਹ ਸ਼ਬਦ ਲੱਖਾ ਸਿੰਘ ਨੇ ਸੱਚੇ ਦਿਲੋਂ ਕਹੇ ਸਨ ਜਾਂ ਉਹਦੇ ਅੰਦਰੋਂ ਵੀ ਉਹ ਮਰਦ ਬੋਲ ਰਿਹਾ ਸੀ, ਜੋ ਜੁੱਗਾਂ ਤੋਂ ਏਹੋ ਜਹੇ ਸ਼ਬਦਾਂ ਨਾਲ ਇਸਤਰੀ ਨੂੰ ਧੋਖਾ

ਦੇਂਦਾ ਆਇਆ ਹੈ।

"ਤੁਹਾਡੇ ਨਾਲ ਮੈਨੂੰ ਕੋਈ ਗਿਲਾ ਨਹੀਂ। ਮੈਂ ਨਰਾਜ਼ ਈ ਨਹੀਂ ਤਾਂ ਮਾਫ਼ੀ ਕਿਸ ਗੱਲ ਦੀ ? ਤੁਹਾਨੂੰ ਮੇਰੇ 'ਤੇ ਕੁਝ ਤਰਸ ਔਂਦਾ ਏ ਤਾਂ ਮੈਨੂੰ ਮੇਰੇ ਹਾਲ 'ਤੇ ਰਹਿਣ ਦਿਓ। ਦੱਬੀ ਅੱਗ ਨੂੰ ਨਾ ਫੋਲੋ। ਹੋਰ ਦਸਾਂ ਦਿਨਾਂ ਨੂੰ ਸਵਰਨੀ ਆ ਈ ਜਾਇਗੀ। ਮੈਂ ਜਿਵੇਂ ਹਾਂ, ਖ਼ੁਸ਼ ਆਂ। ਤੁਸੀ ਮੇਰੀਆਂ ਅੱਖਾਂ ਸਾਹਮਣੇ ਜਿਊਂਦੇ ਰਹੋ, ਬੱਸ, ਦੀਹਦੇ ਰਹੋ।"

ਬਸੰਤ ਕੌਰ ਨੇ ਏਨੀ ਗੰਭੀਰਤਾ ਨਾਲ ਇਹ ਵਾਕ ਕਹੇ ਕਿ ਲੱਖਾ ਸਿੰਘ ਤੋਂ ਅੱਗੋਂ ਕੁਝ ਕਿਹਾ ਨਾ ਗਿਆ। ਉਹਨੇ ਬਸੰਤ ਕੌਰ ਦਾ ਹੱਥ ਛੱਡ ਦਿੱਤਾ। ਕਿੰਨਾ ਚਿਰ ਉਹ ਗਲਾਸ ਵੱਲ ਵਿਹੰਦਾ ਰਿਹਾ।

"ਪੀ ਲਵੋ। ਠੰਢਾ ਹੋ ਜਾਵੇਗਾ। ਡਾਕਟਰ ਆਹੰਦਾ ਸੀ, ਕੋਈ ਚੀਜ਼ ਠੰਢੀ ਕਰਕੇ ਨਹੀਂ ਖਾਣੀ ਪੀਣੀ।"

ਲੱਖਾ ਸਿੰਘ ਨੇ ਦੁੱਧ ਪੀ ਲਿਆ। ਗਲਾਸ ਫੜਾਉਂਦਿਆਂ ਉਹਨੇ ਉਸੇ ਤਰ੍ਹਾਂ ਨੀਵੀਂ ਪਾਈ ਕਿਹਾ, "ਅੱਜ ਐਥੇ ਬਿਸਤਰਾ ਲੈ ਆ।" ਉਹਦੇ ਵਿਚ ਹਿੰਮਤ ਨਹੀਂ ਸੀ ਕਿ ਉਹ ਬਸੰਤ ਕੌਰ ਦੀਆਂ ਅੱਖਾਂ ਵਿਚ ਦੁਬਾਰਾ ਤੱਕ ਸਕੇ।

"ਮੇਰੇ ਮੂੰਹੋਂ ਨਾਂਹ ਨਾ ਕਢਾਓ। ਜਿੱਦਣ ਮੇਰਾ ਦਿਲ ਮੰਨੇਗਾ, ਮੈਂ ਆਪੇ ਆ ਜਾਵਾਂਗੀ।" ਬਸੰਤ ਕੌਰ ਦੀ ਅਵਾਜ਼ ਡਾਢੇ ਗ਼ਮ ਵਿਚ ਡੁੱਬੀ ਹੋਈ ਸੀ।

"ਮਰਜ਼ੀ ਤੇਰੀ।" ਆਖ ਕੇ ਲੱਖਾ ਸਿੰਘ ਲੰਮਾ ਪੈ ਗਿਆ।

ਬਸੰਤ ਕੌਰ ਫਿਰ ਵੀ ਉਸੇ ਤਰ੍ਹਾਂ ਅਹਿੱਲ ਖੜੀ ਰਹੀ। ਉਹ ਕੁਝ ਕਹਿਣਾ ਚਾਹੁੰਦੀ ਸੀ, ਪਰ ਗੱਲ ਉਹਦੇ ਬੁੱਲ੍ਹਾਂ 'ਤੇ ਆ ਕੇ ਰੁਕ ਜਾਂਦੀ ਸੀ।

"ਹਾਂ, ਸੰਗਦੀ ਕਿਹੜੀ ਗੱਲੋਂ ਏਂ। ਆਖ ਜੋ ਕੁਝ ਤੇਰੇ ਦਿਲ ਵਿਚ ਏ।"

ਲੱਖਾ ਸਿੰਘ ਉਹਦੇ ਦਿਲ ਦੀ ਨਹੀਂ ਸੀ ਸਮਝ ਸਕਿਆ, ਪਰ ਉਹਨੇ ਕਹਿਣ ਵਾਸਤੇ ਉਸ ਨੂੰ ਉਤਸ਼ਾਹ ਜ਼ਰੂਰ ਦਿੱਤਾ।

"ਵੇਖੋ ਨਾ! ਸੂਬਾ ਸਾਰੀ ਉਮਰ ਆਪਣੇ ਘਰ ਕਮੌਂਦਾ ਮਰ ਗਿਆ ਏ। ਲੱਛੋ ਦਾ ਬੁਰਾ ਹਾਲ ਏ। ਘਰ ਖਾਣ ਨੂੰ ਨਹੀਂ ਡੰਗ ਦਾ। ਇਕ ਤਾਂ ਉਹਨੂੰ ਬੁਲਾ ਕੇ ਮਣ ਦਾਣੇ ਦੇ ਦਿਹੋ ਤੇ....।" ਬਸੰਤ ਕੌਰ ਕਹਿੰਦੀ-ਕਹਿੰਦੀ ਕੁਝ ਸੋਚ ਕੇ ਰੁਕ ਗਈ।

"ਚੁੱਪ ਕਿਉਂ ਕਰ ਗਈ ਏਂ। ਸਾਰੀ ਗੱਲ ਕਹਿ ਦੇ। ਇਹ ਓਪਰਿਆਂ ਵਾਲਾ ਵਰਤਾਉ ਮੈਨੂੰ ਪਸੰਦ ਨਹੀਂ।"

"ਸੂਬੇ ਨੂੰ ਪਿਛਲਾ ਖਾਧਾ ਪੀਤਾ ਬਖ਼ਸ਼ ਦਿਹੋ ਤੇ ਅਗ੍ਹਾਂ ਉਹਦਾ ਮੁੰਡਾ ਵਾਗੀ ਰੱਖ ਲਵੋ। ਉਹਨੂੰ ਹਰ ਮਹੀਨੇ ਮਣ ਪੱਕੇ ਦਾਣੇ ਦੇ ਦਿਆ ਕਰਿਓ।" ਬਸੰਤ ਕੌਰ ਨੂੰ ਡਰ ਸੀ ਕਿ ਉਹਦਾ ਪਤੀ ਕਿਤੇ ਸੂਬੇ ਦਾ ਕਰਜ਼ਾ ਉਹਦੇ ਪੁੱਤਰਾਂ ਤੋਂ ਵੀ ਨਾ ਵਸੂਲਦਾ ਰਹੇ।

"ਮਣ ਪੱਕੇ ਮਹੀਨੇ ਦੇ ਬਹੁਤੇ ਨਹੀਂ ?" ਲੱਖਾ ਸਿੰਘ ਸਮਝਦਾ ਸੀ ਕਿ ਹੋਰ ਵਾਗੀ ਇਸ ਤੋਂ ਅੱਧਿਆਂ 'ਤੇ ਵੀ ਮਿਲ ਸਕਦਾ ਹੈ।

"ਕੋਈ ਬਹੁਤੇ ਨਹੀਂ। ਤੁਹਾਡਾ ਪੁੰਨ ਹੋਵੇਗਾ। ਆਪਣੇ ਸਿਰ ਸਦਕਾ।"

"ਹੱਛਾ, ਆਪੇ ਬੁਲਾ ਕੇ ਉਹਨੂੰ ਦੇ ਦੇਵੀਂ।" ਲੱਖਾ ਸਿੰਘ ਨੇ ਉਹਦਾ ਮਾਣ ਰੱਖਣ ਵਾਸਤੇ ਮਨਜ਼ੂਰੀ ਦੇ ਦਿੱਤੀ।

"ਨਹੀਂ। ਤੁਹਾਡੇ ਹੱਥੋਂ ਦੁਐਣੇ ਨੇ। ਕਾਲਕਦਾਸਣੀ ਅਸੀਸਾਂ ਦੇਵੇਗੀ।"

"ਚੰਗਾ, ਜਿਵੇਂ ਤੇਰੀ ਮਰਜ਼ੀ।"

ਬਸੰਤ ਕੌਰ ਫੇਰ ਵੀ ਉਵੇਂ ਖੜੀ ਰਹੀ। ਦੋਹਾਂ ਹੱਥਾਂ ਵਿਚ ਉਹ ਖ਼ਾਲੀ ਗਲਾਸ ਨੂੰ ਪਲੋਸ ਰਹੀ ਸੀ।

"ਹੋਰ ਕੁਝ ਕਹਿਣਾ ਏਂ ?"

"ਹਾਂ।"

"ਫਿਰ ਤੂੰ ਸੰਗਦੀ ਕਿਹੜੀ ਗੱਲੋਂ ਏਂ। ਮੈਂ ਹੁਣ ਓਪਰਾ ਤਾਂ ਨਹੀਂ ਹੋ ਗਿਆ।" ਲੱਖਾ ਸਿੰਘ ਨੇ ਬੜੇ ਮਰੋੜੇ ਨਾਲ ਕਿਹਾ।

"ਵੇਖੋ ਨਾ। ਮੇਰਾ ਦਿਲ ਬੜਾ ਡਰਿਆ ਹੋਇਆ ਏ। ਪਿੰਡ 'ਤੇ ਜਿਹੜੀ ਹਨੇਰੀ ਝੁੱਲੀ ਹੋਈ ਏ, ਗੁਰੂ ਮਹਾਰਾਜ ਮਿਹਰ ਕਰਨ। ਮੇਰੇ ਕੋਲ ਸੌ ਰੁਪਇਆ ਪਿਆ ਏ। ਏਹਾ ਤੁਹਾਡੇ ਦਿੱਤੇ ਈ ਇਕ-ਇਕ, ਦੋ-ਦੋ ਕਰਕੇ ਜੋੜੇ ਨੇ। ਉਹ ਲੈ ਜੋ ਭਲਕੇ। ਇਕ ਤਾਂ ਡਾਕਦਾਰ ਨੂੰ ਲਿਆ ਕੇ ਸਾਰੇ ਪਿੰਡ ਨੂੰ ਟੀਕੇ ਕਰਾ ਦਿਹੋ ਤੇ ਦੂਜੇ ਜੀਹਨਾਂ ਦੇ ਹੱਥ ਪੱਲੇ ਕੁਝ ਨਹੀਂ, ਉਹਨਾਂ ਨੂੰ ਦਵਾਈ ਮੁਫ਼ਤ ਲਿਆ ਦਿਹੋ। ਏਨੇ ਨਾਲ ਨਾ ਸਰੇ ਤਾਂ ਕੁਝ ਪੱਲਿਓਂ ਪਾ ਦਿਓ। ਤੁਹਾਡਾ ਪੁੰਨ ਹੋਵੇਗਾ।"

"ਫੇਰ ਤੂੰ ਖ਼ੁਸ਼ ਏਂ ?"

"ਹਾਂ।" ਬਸੰਤ ਕੌਰ ਨੇ ਅਭੋਲ ਬਾਲਕ ਵਾਂਗ ਛੋਟਾ ਜੇਹਾ ਉੱਤਰ ਦਿੱਤਾ।

"ਹੱਛਾ। ਸਵੇਰੇ ਸਭ ਕੁਝ ਹੋ ਜਾਵੇਗਾ।"

ਬਸੰਤ ਕੌਰ ਨੇ ਝੁਕ ਕੇ ਪਤੀ ਦੇ ਪੈਰੀਂ ਹੱਥ ਲਾਇਆ ਤੇ ਸਹਿਜ-ਸਹਿਜ ਪਿਛਾਂਹ ਮੁੜ ਪਈ। ਉਸ ਵੇਲੇ ਉਹਦੀਆਂ ਅੱਖਾਂ ਵਿਚੋਂ ਹੰਝੂ ਪਰਲ-ਪਰਲ ਵਹਿ ਰਹੇ ਸਨ, ਪਰ ਉਹਦਾ ਮਨ ਸ਼ਾਂਤ ਸੀ।

ਇਕ ਵਾਰ ਲੱਖਾ ਸਿੰਘ ਦੇ ਦਿਲ ਵਿਚ ਆਈ ਕਿ ਉਹ ਬਸੰਤ ਕੌਰ ਨੂੰ ਬਾਹੋਂ ਫੜ ਕੇ ਬਹਾ ਲਵੇ, ਜਾਣ ਨਾ ਦੇਵੇ, ਪਰ ਫਿਰ ਉਹਦੇ ਮਰਦਊਪੁਣੇ ਨੇ ਉਹਨੂੰ ਰੋਕ ਦਿੱਤਾ, 'ਕਾਹਲਾ ਨਾ ਪਉ। ਅੱਜ ਉਹ ਆਪੇ ਆਵੇਗੀ।'

ਸਾਰੀ ਰਾਤ ਲੱਖਾ ਸਿੰਘ ਬਸੰਤ ਕੌਰ ਦੀ ਉਡੀਕ ਵਿਚ ਜਾਗਦਾ ਰਿਹਾ, ਪਰ ਉਹ ਨਾ ਆਈ।



WWW.SIKHBOOKCLUB.COM 

ਸੁੱਤੀ ਬਸੰਤ ਕੌਰ ਵੀ ਨਹੀਂ। ਉਹਦੀ ਸਾਰੀ ਰਾਤ ਗੁਰੂ ਮਹਾਰਾਜ ਅੱਗੇ ਅਰਦਾਸਾਂ ਕਰਦਿਆਂ ਲੰਘ ਗਈ।

ਸਵੇਰੇ ਉਠਦਿਆਂ ਬਸੰਤ ਕੌਰ ਨੇ ਡੁੱਡੇ ਨੂੰ ਭੇਜਿਆ, "ਜਾਹ ਵੇ! ਲੱਛੋ ਨੂੰ ਸੱਦ ਕੇ ਲਿਆ। ਉਸ ਨੂੰ ਆਖੀਂ ਲੀੜਾ ਲਈ ਆਵੇ। ਦਾਣੇ ਲੈ ਜਾਵੇ।"

ਸਹਿਮੀ-ਸਹਿਮੀ ਲੱਛੋ ਆਈ। 'ਖੌਰੇ ਸਰਦਾਰ ਕੀ ਆਖੇਗਾ? ਮਰਨ ਵਾਲਾ ਉਹਦਾ ਕਰਜ਼ਾ ਲੈ ਕੇ ਮਰ ਗਿਆ ਏ। ਸਰਦਾਰ ਹੁਣ ਸਾਡੇ ਅੰਗੂਠੇ ਲੁਆਏਗਾ।' ਸਾਰੇ ਰਾਹ ਉਹ ਏਹਾ ਸੋਚਦੀ ਆਈ।

ਬਸੰਤ ਕੌਰ ਨੇ ਪਹਿਲਾਂ ਹੀ ਜਾਂਚ ਕੇ ਮਣ ਕੁ ਪੱਕੇ ਦਾਣੇ ਇਕ ਚਾਦਰ 'ਚ ਪਾ ਛੱਡੇ ਸੀ। ਉਹਨੇ ਜਾਣ ਕੇ ਨਹੀਂ ਸਨ ਤੋਲੇ। ਉਹਦੇ ਖ਼ਿਆਲ ਵਿਚ ਪੁੰਨ-ਦਾਨ ਤੋਲ ਕੇ ਨਹੀਂ ਕਰਨਾ ਚਾਹੀਦਾ।

"ਖ਼ੈਰ ਹੋਵੇ, ਸਰਦਾਰ!" ਲੱਛੋ ਅਸੀਸ ਦੇ ਕੇ ਵਿਹੜੇ ਦੇ ਵਿਚ ਭੋਇੰ 'ਤੇ ਬਹਿ ਗਈ। ਲੱਖਾ ਸਿੰਘ ਸਾਹਮਣੇ ਮੰਜੇ 'ਤੇ ਬੈਠਾ ਸੀ।

"ਆਓ, ਉਠੋ। ਆਪਣੇ ਹੱਥੀਂ ਇਹਦੀ ਝੋਲੀ ਵਿਚ ਪਾ ਦਿਓ।" ਬਸੰਤ ਕੌਰ ਪੁੰਨ ਦਾਨ ਮਾਲਕ ਦੇ ਹੱਥੋਂ ਕਰਵਾਉਣਾ ਚਾਹੁੰਦੀ ਸੀ।

ਲੱਖਾ ਸਿੰਘ ਉਠਿਆ। ਉਹਨੇ ਦਾਣੇ ਚੁੱਕ ਕੇ ਲੱਛੋ ਦੇ ਲੀੜੇ ਵਿਚ ਪਲਟ ਦਿੱਤੇ।

"ਸਰਦਾਰ! ਰੱਬ ਤੈਨੂੰ ਏਦੋਂ ਵੀ ਬਹੁਤਾ ਭਾਗ ਲਾਵੇ। ਸੁਖੀ ਵਸੇਂ। ਰੱਬ ਕਰੇ ਤੇਰੇ ਪਰਵਾਰ ਨੂੰ ਤੱਤੀ ਵਾ ਨਾ ਲੱਗੇ।"

ਖ਼ਾਲੀ ਚਾਦਰ ਲੱਖਾ ਸਿੰਘ ਪਿਛਾਂਹ ਮੰਜੇ 'ਤੇ ਰੱਖਣ ਲੱਗਾ ਸੀ ਜਾਂ ਬਸੰਤ ਕੌਰ ਨੇ ਫਿਰ ਕਿਹਾ, "ਇਹ ਵੀ ਏਸੇ ਨੂੰ ਦੇ ਦਿਹੋ। ਨਾਲੇ ਬਾਕੀ ਗੱਲ ਵੀ ਕਹਿ ਦਿਓ ਸੂ।"

"ਲੱਛੋ! ਜਾਣਦੀ ਏਂ, ਸੂਬੇ ਸਿਰ ਕਿੰਨਾ ਕਰਜ਼ਾ ਸੀ?" ਮਾਫ਼ੀ ਦੇਣ ਲੱਗਿਆਂ ਵੀ ਲੱਖਾ ਸਿੰਘ ਨੇ ਅਹਿਸਾਨ ਜਤਾਉਣਾ ਜ਼ਰੂਰੀ ਸਮਝਿਆ।

"ਮ....ਮ...ਮ।" ਲੱਛੋ ਦਾ ਸੁਣ ਕੇ ਤ੍ਰਾਹ ਨਿਕਲ ਗਿਆ। ਉਹਦੇ ਦਿਲ ਦੀ ਧੜਕਣ ਦੂਣੀ ਹੋ ਗਈ ਤੇ ਹੱਥ ਪੈਰ ਕੰਬਣ ਲੱਗ ਪਏ। 'ਓਹਾ ਹੋਈ, ਜੋ ਮੈਂ ਸੋਚਦੀ ਆਉਂਦੀ ਸੀ।'

"ਸਭ ਮਾਫ਼।" ਲੱਖਾ ਸਿੰਘ ਨੇ ਖੱਬਾ ਹੱਥ ਇਉਂ ਛਿਣਕਿਆ, ਜਿਵੇਂ ਕੁਝ ਨਾਲੋਂ ਝਾੜ ਕੇ ਹੇਠਾਂ ਸੁੱਟੀਦਾ ਹੈ।

"ਮ..ਮਾਫ਼?" ਹੈਰਾਨੀ ਨਾਲ ਲੱਛੋ ਦਾ ਮੂੰਹ ਅੱਡਿਆ ਰਹਿ ਗਿਆ।

"ਹਾਂ। ਸਭ ਸੂਬੇ ਦੇ ਨਾਲ ਗਿਆ। ਅਖੇ, ਜਿਧਰ ਗਈਆਂ ਬੇੜੀਆਂ, ਉਧਰੇ

ਗਏ ਮਲਾਹ। ਆ ਲੈ ਉਹਦਾ ਕਾਗਤ।" ਜੇਬ ਵਿਚੋਂ ਕਾਗਜ਼ ਕੱਢ ਕੇ ਲੱਖਾ ਸਿੰਘ ਨੇ ਲੱਛੋ ਦੇ ਸਾਹਮਣੇ ਸੁੱਟ ਦਿੱਤਾ। ਬਸੰਤ ਕੌਰ ਦੇ ਜ਼ੋਰ ਦੇਣ ਉੱਤੇ ਉਹਨੇ ਉਹ ਕਾਗਜ਼ ਛਾਂਟ ਕੇ ਕੱਢ ਰੱਖਿਆ ਸੀ। "ਬੇਕੇ ਸ਼ਾਹ ਤੋਂ ਪੜ੍ਹਾ ਕੇ ਵੇਖ ਲਈਂ ਤੇ ਫਿਰ ਘਰ ਜਾ ਕੇ ਸਾੜ ਦੇਈਂ।"

"ਸਰਦਾਰਾ! ਤੇਰਾ ਭਲਾ ਹੋਵੇ। ਤੂੰ....ਤੂੰ।" ਲੱਛੋ ਨੂੰ ਸੁੱਝਦਾ ਨਹੀਂ ਸੀ ਕਿ ਉਹ ਕਿਨ੍ਹਾਂ ਸ਼ਬਦਾਂ ਰਾਹੀਂ ਸਰਦਾਰ ਨੂੰ ਅਸੀਸਾਂ ਦੇਵੇ। ਉਹਦੀਆਂ ਅੱਖਾਂ ਵਿਚੋਂ ਬੇ-ਮੁਹਾਰੇ ਹੰਝੂ ਵਹੇ ਜਾ ਰਹੇ ਸਨ। ਅੰਤ ਉਹਨੇ ਸ਼ਰਧਾ ਵਜੋਂ ਸਰਦਾਰ ਵੱਲ ਮੂੰਹ ਕਰਕੇ ਧਰਤੀ 'ਤੇ ਮੱਥਾ ਟੇਕ ਦਿੱਤਾ। "ਜੁਗ-ਜੁਗ ਜੀਵੇਂ, ਸਰਦਾਰ! ਰੱਬ ਪੋਤਰਿਆਂ ਦੇ ਭਾਗ ਲਾਵੇ। ਤੂੰ....ਤੂੰ ਕੋਈ ਸਤਜੁਗੀ ਜੀਅ ਜੰਮਿਆ ਏਂ ਸਰਦਾਰ ਬੱਗਾ ਸੂੰਹ ਦੇ ਘਰ। ਮੇਰੇ ਭੁੱਖੇ ਬੱਚੇ ਤੈਨੂੰ ਅਸੀਸਾਂ ਦੇਣਗੇ। ਇਕ ਕਾਲਕਦਾਸਣੀ 'ਤੇ ਰਹਿਮ ਕੀਤਾ ਈ ਸਰਦਾਰਾ! ਰੱਬ ਤੇਰੇ 'ਤੇ ਰਹਿਮ ਕਰੇ। ਤੈਨੂੰ ਤੱਤੀ ਵਾਅ ਨਾ ਲੱਗੇ।"

"ਹੱਛਾ, ਹੋਰ ਸੁਣ। ਬਹਾਲੀ ਨੂੰ ਸਾਡੇ ਡੰਗਰਾਂ ਮਗਰ ਲਾ ਦੇ। ਹਰ ਮਹੀਨੇ ਉਹਦੇ ਬਦਲੇ ਤੈਨੂੰ ਮਣ ਦਾਣੇ ਮਿਲ ਜਾਇਆ ਕਰਨਗੇ। ਬਾਕੀ ਉਹਦੇ ਹਾਣੀਆਂ ਨੂੰ ਤਾਂ ਲੋਕ ਵੀਹ ਸੇਰ ਦੇਂਦੇ ਨੇ, ਪਰ ਤੇਰੇ ਲਿਹਾਜ ਕਰਕੇ ਤੈਨੂੰ ਮਣ ਪੱਕੇ ਮਹੀਨਾ। ਤੇਰੇ ਉੱਤੇ ਤੇਰੀ ਸਰਦਾਰਨੀ ਦਿਆਲ ਏ।" ਆਖ਼ਰੀ ਵਾਕ ਲੱਖਾ ਸਿੰਘ ਨੇ ਬਸੰਤ ਕੌਰ ਨੂੰ ਖ਼ੁਸ਼ ਕਰਨ ਵਾਸਤੇ ਕਿਹਾ।

"ਸਰਦਾਰਨੀ ਸਾਡੀ ਤਾਂ ਸਵੇਰ ਦੇ ਨਾਂ ਲੈਣ ਵਾਲੀ ਏ। ਰੱਬ ਇਹਦਾ ਸੁਹਾਗ ਸਹੀ ਸਲਾਮਤ ਰੱਖੇ।" ਲੱਛੋ ਦੇ ਧੁਰ ਹਿਰਦਿਓਂ ਅਸੀਸਾਂ ਨਿਕਲ ਰਹੀਆਂ ਸਨ।

"ਛੂੰਡਿਆ! ਬੰਨ੍ਹ ਕੇ ਚੁਕਾ ਦੇ ਵੇ!" ਬਸੰਤ ਕੌਰ ਨੇ ਹੁਕਮ ਕੀਤਾ।

"ਅੰਮਾ! ਮੈਂ ਛੱਡ ਆਵਾਂ?" ਛੂੰਡੇ ਨੇ ਦਾਣਿਆਂ ਦੀ ਪੰਡ ਬਨ੍ਹਾਉਂਦਿਆਂ ਕਿਹਾ।

"ਨਹੀਂ ਪੁੱਤ, ਤੂੰ ਮੇਰੇ ਸਿਰ 'ਤੇ ਧਰ ਦਿਹ।"

ਕਿਹਾ ਨਹੀਂ ਜਾ ਸਕਦਾ ਕਿ ਬਸੰਤ ਕੌਰ ਦੇ ਦਿਲ ਵਿਚ ਕੀ ਆਈ? ਲੱਛੋ ਪੰਡ ਚੁੱਕ ਕੇ ਤੁਰਨ ਲੱਗੀ ਤਾਂ ਬਸੰਤ ਕੌਰ ਨੇ ਅੱਗੇ ਵੱਧ ਕੇ ਲੱਛੋ ਦੇ ਪੈਰੀਂ ਹੱਥ ਲਾ ਦਿੱਤਾ।

"ਸਰਦਾਰਨੀ! ਤੂੰ ਇਹ ਕੀ ਕੀਤਾ?" ਲੱਛੋ ਤ੍ਰਭਕ ਕੇ ਪਿਛਾਂਹ ਹੱਟ ਗਈ। "ਮੇਰੇ ਗਰੀਬਣੀ ਦੇ ਸਿਰ ਐਨਾ ਭਾਰ ਚਾੜ੍ਹ ਦਿੱਤਾ ਈ ? ਮੈਂ ਤਾਂ ਤੇਰੇ ਪੈਰਾਂ ਦੀ ਧੂੜ ਆਂ, ਤੇਰਾ ਗੋਹਾ ਕੂੜਾ ਕਰਨ ਵਾਲੀ।"

"ਲੱਛੋ! ਤੂੰ ਵੀ ਰੱਬ ਦਾ ਰੂਪ ਏਂ। ਆਹੰਦੇ ਨੇ : ਗਰੀਬਾਂ ਦੀ ਰੱਬ ਛੇਤੀ ਸੁਣਦਾ ਏ। ਮੈਨੂੰ ਅਸੀਸ ਦਿਹ। ਮੈਂ ਇਹਨਾਂ ਦੇ ਹੱਥਾਂ ਵਿਚ ਜਾਵਾਂ। ਇਹਨਾਂ ਦੀ ਵੱਡੀ ਉਮਰ



WWW.SIKHBOOKCLUB.COM 

ਹੋਵੇ। ਇਹ ਪੁੱਤਾਂ ਪੋਤਰਿਆਂ ਦੀਆਂ ਖ਼ੁਸ਼ੀਆਂ ਵੇਖਣ।" ਬਸੰਤ ਕੌਰ ਸੱਚੇ ਦਿਲੋਂ ਪਤੀ ਦਾ ਸੁੱਖ ਲੋਚਦੀ ਸੀ।

ਲੱਛੋ ਅਸੀਸਾਂ ਦੇਂਦੀ ਤੁਰ ਗਈ ਤੇ ਬਸੰਤ ਕੌਰ ਅੰਦਰ ਮੰਜੇ 'ਤੇ ਮੂਧੇ ਮੂੰਹ ਪੈ ਕੇ ਰੋਣ ਲੱਗ ਪਈ। ਉਹਦੇ ਹੰਝੂ ਪਰਨਾਲੇ ਵਾਂਗ ਵਹਿ ਰਹੇ ਸਨ। ਹਉਕੇਰਿਆਂ ਨਾਲ ਉਹਦੀ ਪੱਲ ਵਿਚ ਸਾਹ ਨਹੀਂ ਸੀ ਮਿਉਂਦਾ।

ਲੱਖਾ ਸਿੰਘ ਵੇਖ ਕੇ ਹੈਰਾਨ ਰਹਿ ਗਿਆ। ਉਹ ਸਮਝ ਨਾ ਸਕਿਆ ਕਿ ਬਸੰਤ ਕੌਰ ਦੇ ਦਿਲ ਵਿਚ ਕੀ ਆਈ ਹੈ। ਸ਼ਾਇਦ ਬਸੰਤ. ਕੌਰ ਆਪ ਵੀ ਇਸ ਦਾ ਸਹੀ ਉੱਤਰ ਨਾ ਦੇ ਸਕਦੀ। ਲੱਖਾ ਸਿੰਘ ਮਗਰੇ ਗਿਆ। ਉਹਨੇ ਦੋਹਾਂ ਬਾਹੀਂ ਤੋਂ ਫੜ ਕੇ ਬਸੰਤ ਕੌਰ ਨੂੰ ਉਠਾਉਣ ਦਾ ਯਤਨ ਕਰਦਿਆਂ ਕਿਹਾ, "ਸਮਝ ਨਹੀਂ ਪੈਂਦੀ, ਤੈਨੂੰ ਅੱਜ ਕੀ ਹੋ ਗਿਆ ਏ ? ਉਠ ਕੇ ਦੱਸ ਖਾਂ।"

"ਮੈਨੂੰ ਕੁਝ ਨਾ ਕਹੋ। ਮੇਰਾ ਦਿਲ ਹੌਲਾ ਹੋ ਲੈਣ ਦਿਹੋ। ਤੁਸੀਂ ਜਾ ਕੇ ਡਾਕਦਾਰ ਲਿਆਓ। ਤੇ ਉਥੋਂ ਖਾਣਾ ਪੀਣਾ ਕੁਝ ਨਹੀਂ।" ਬਸੰਤ ਕੌਰ ਦੇ ਦਿਲ ਵਿਚ ਪਤੀ ਦੀ ਚਿੰਤਾ ਵਧੇਰੇ ਸੀ।

ਲਾਚਾਰ ਲੱਖਾ ਸਿੰਘ ਬਸੰਤ ਕੌਰ ਨੂੰ ਉਵੇਂ ਪਈ ਛੱਡ ਕੇ ਤੁਰ ਗਿਆ। ਸਾਰੇ ਰਾਹ ਉਹ ਓਸੇ ਬਾਰੇ ਸੋਚਦਾ ਰਿਹਾ। ਅੱਜ ਪਹਿਲੇ ਦਿਨ ਉਹਨੇ ਸਵਰਨੀ ਤੇ ਬਸੰਤ ਕੌਰ ਦੇ ਪਿਆਰ ਦਾ ਮੁਕਾਬਲਾ ਕੀਤਾ। ਆਪਣੇ ਵਿਚ ਹਰ ਪੱਖ ਤੋਂ ਬਹਿਸ ਕਰਕੇ ਉਹ ਇਸ ਸਿੱਟੇ 'ਤੇ ਪੁੱਜਾ ਕਿ ਦੂਸਰਾ ਵਿਆਹ ਕਰਨ ਦੀ ਉਹਨੇ ਗ਼ਲਤੀ ਕੀਤੀ ਹੈ। ਵੇਖੀਏ, ਉਹਦੇ ਇਹ ਵਿਚਾਰ ਕਿੰਨਾ ਚਿਰ ਥਿਰ ਰਹਿੰਦੇ ਹਨ।

ਦਸ ਵਜਦੇ ਤੱਕ ਲੱਖਾ ਸਿੰਘ ਡਾਕਦਾਰ ਨੂੰ ਲੈ ਕੇ ਆ ਗਿਆ। ਉਹਦੇ ਹੁਕਮ ਅਨੁਸਾਰ ਚੌਕੀਦਾਰ ਨੇ ਘਰ-ਘਰ ਜਾ ਕੇ ਲੋਕਾਂ ਨੂੰ ਸੁਣਾ ਦਿੱਤਾ, "ਵੇਖੋ ਭਈ! ਸਾਰੇ ਧਿਆਨ ਨਾਲ ਸੁਣ ਲਵੋ। ਸਰਦਾਰ ਲੱਖਾ ਸੁੰਹ ਨੇ ਡਾਕਦਾਰ ਲਿਆਂਦਾ ਏ। ਸਾਰੇ ਜੀਅ ਉਹਦੀ ਬੈਠਕ ਵਿਚ ਜਾ ਕੇ ਟੀਕੇ ਲੁਆ ਲੌ। ਕਿਸੇ ਦਾ ਕੋਈ ਪਾਈ ਪੈਸਾ ਨਹੀਂ ਲੱਗੇਗਾ। ਟੀਕਾ ਵੀ ਮੁਖ਼ਤ, ਤੇ ਦਵਾਈ ਵੀ ਮੁਖ਼ਤ। ਦਵਾਈਆਂ ਦਾ ਮੁੱਲ ਤੇ ਡਾਕਦਾਰ ਦੀ ਫ਼ੀਸ, ਸਭ ਖ਼ਰਚ ਸਰਦਾਰ ਲੱਖਾ ਸੁੰਹ ਸ਼ਾਹ ਆਪਣੇ ਪੱਲਿਉਂ ਦੇਵੇਗਾ।"

ਸਾਰੇ ਪਿੰਡ ਦੇ ਲੋਕਾਂ ਨੇ ਟੀਕੇ ਲੁਆਏ। ਸਾਰਾ ਦਿਨ ਲੱਖਾ ਸਿੰਘ ਦੀ ਬੈਠਕ ਅੱਗੇ ਭੀੜ ਲੱਗੀ ਰਹੀ। ਡਾਕਟਰ ਟੀਕਾ ਲਾ ਕੇ ਕੁਝ ਹਦਾਇਤਾਂ ਕਰਦਾ ਤੇ ਨਾਲ ਦਵਾਈਆਂ ਦੀਆਂ ਪੁੜੀਆਂ ਦਿੱਤੀ ਜਾਂਦਾ। ਸਾਰੇ ਪਿੰਡ ਵਿਚ ਲੱਖਾ ਸਿੰਘ ਦੀ ਜੈ ਜੈ ਹੋ ਗਈ। ਗ਼ਰੀਬਾਂ ਦਾ ਮੂੰਹ ਥੱਕਦਾ ਨਹੀਂ ਸੀ ਅਸੀਸਾਂ ਦੇਂਦਿਆਂ ਦਾ। ਸਿਰਫ਼ ਦੋ ਤਿੰਨ ਜੱਟ ਟੀਕਾ ਲੁਆਉਣ ਨਾ ਆਏ। ਉਹਨਾਂ ਦੇ ਅੰਦਰ ਇਕ ਕਿਸਮ ਦਾ ਰੰਘੜਊ ਸੀ ਕਿ ਅਸੀਂ ਸ਼ਰੀਕ ਦਾ ਅਹਿਸਾਨ ਕਿਉਂ ਝੱਲੀਏ?

ਤੇ ਬਸੰਤ ਕੌਰ। ਉਹ ਸਾਰਾ ਦਿਨ ਆਪਣੇ ਅੰਦਰ ਬੈਠੀ ਹੱਥ ਜੋੜ ਕੇ ਅਰਦਾਸਾਂ ਕਰਦੀ ਰਹੀ।

ਸਹਿਜ-ਸਹਿਜ ਬੀਮਾਰੀ ਦੀ ਕਰੋਪੀ ਖ਼ਤਮ ਹੋ ਗਈ, ਪਰ ਇਕ ਮਹੀਨੇ ਵਿਚ ਗਿਆਰਾਂ ਸੌ ਦੀ ਵਸੋਂ ਵਾਲੇ ਛੋਟੇ ਜੇਹੇ ਪਿੰਡ ਵਿਚੋਂ ਨਿੱਕੇ ਵੱਡੇ ਬਾਹਟ ਜੀਅ ਤੁਰ ਗਏ।

## ੧੬

ਜ਼ਿੰਦਗੀ ਦਾ ਨਾਟਕ ਚੱਲ ਰਿਹਾ ਸੀ। ਕੋਈ ਪਾਤਰ ਸਟੇਜ ਤੋਂ ਪਾਸੇ ਹੋ ਜਾਂਦਾ ਤਾਂ ਉਹਦੀ ਥਾਂ ਨਵਾਂ ਲੇ ਲੈਂਦਾ। ਸੂਬਾ ਗਿਆ, ਉਹਦੀ ਥਾਂ ਹਲ ਦੀ ਜੰਘੀ ਛੁੱਡੇ ਨੇ ਫੜ ਲਈ। ਪਹਿਲਾਂ ਸੂਬਾ ਅਗਲਾ ਹਾਲੀ ਹੁੰਦਾ ਸੀ ਤੇ ਕੱਥੂ ਮਗਰਲਾ। ਹੁਣ ਕੱਥੂ ਤਰੱਕੀ ਕਰਕੇ ਅਗਲਾ ਹਾਲੀ ਬਣ ਗਿਆ ਤੇ ਛੁੱਡੇ ਨੇ ਉਹਦੀ ਥਾਂ ਸੰਭਾਲ ਲਈ।

ਸੂਬੇ ਦਾ ਵੱਡਾ ਪੁੱਤਰ ਬਹਾਲੀ ਮਹੀਂ ਦਾ ਛੇੜੂ ਬਣ ਗਿਆ। ਵਾਹੀ ਦਾ ਕੰਮ ਉਵੇਂ ਚਲਦਾ ਰਿਹਾ।

-0-

ਬਸੰਤ ਕੌਰ ਦੇ ਸੁਭਾਅ ਵਿਚ ਕੋਈ ਫ਼ਰਕ ਨਹੀਂ ਸੀ ਪਿਆ। ਉਸ ਨੂੰ ਸਮਝਣਾ ਬੜਾ ਔਖਾ ਕੰਮ ਸੀ। ਹਰ ਕਿਸੇ ਨਾਲ ਗੱਲਾਂ ਕਰਦੀ ਉਹ ਖਿੜੇ ਮੱਥੇ ਤੇ ਹੰਸੂ ਹੰਸੂ ਕਰਦੀ ਨਜ਼ਰ ਆਉਂਦੀ। ਉਹ ਉਸ ਦਾ ਬਨਾਉਟੀ ਰੂਪ ਹੁੰਦਾ ਜਾਂ ਇਉਂ ਕਹੋ, ਉਸ ਨੂੰ ਮਜਬੂਰ ਹੋ ਕੇ ਇਹ ਸਾਂਗ ਉਤਾਰਨਾ ਪੈਂਦਾ। ਪਰ ਉਹਨੂੰ ਇਕੱਲੀ ਨੂੰ ਵੇਖੋ ਤਾਂ ਉਹ ਬੜੀ ਗੰਭੀਰ ਤੇ ਅਥਾਹ ਗ਼ਮ ਦੇ ਸਮੁੰਦਰ ਵਿਚ ਡੁੱਬੀ ਹੁੰਦੀ। ਉਹ ਦਿਲ ਦੀ ਹਵਾੜ ਕਿਸੇ ਅੱਗੇ ਨਾ ਕੱਢਦੀ, ਪਰ ਉਹਦੇ ਅੰਦਰ ਬਲਦੀ ਚਿਹਰੇ ਤੋਂ ਕੁਝ ਪ੍ਰਗਟ ਹੋ ਹੀ ਜਾਂਦੀ। ਕਿੰਨਾ ਔਖਾ ਸੀ ਇਹ ਜ਼ਿੰਦਗੀ ਦਾ ਨਾਟਕ : ਅੰਦਰੋਂ ਸੜਨਾ ਤੇ ਬਾਹਰੋਂ ਮੁਸਕਰਾਉਣਾ।

-0-

ਸਵਰਨੀ ਆਪਣੇ ਕਾਕੇ ਸਰਵਣ ਨਾਲ ਪਰਚੀ ਹੋਈ ਸੀ। ਸਰਵਣ ਇਸ ਵੇਲੇ ਪੰਜ ਸਾਲ ਦਾ ਹੋ ਗਿਆ ਸੀ। ਸਵੇਰੇ ਉਠ ਕੇ ਸਵਰਨੀ ਉਹਨੂੰ ਕੁਤਕੁਤਾੜੀਆਂ ਕੱਢ ਕੱਢ ਜਗਾਉਂਦੀ। ਉਹਦਾ ਮੂੰਹ ਧੁਆਉਂਦੀ, ਪਿੰਡੇ ਨੁਹਾਉਂਦੀ, ਚੰਗੇ ਕੱਪੜੇ ਪੁਆਉਂਦੀ, ਜੂੜਾ ਕਰਦੀ ਤੇ ਫਿਰ ਗੋਦ ਵਿਚ ਲੈ ਕੇ ਹੱਥੀਂ ਬੁਰਕੀਆਂ ਦੇ ਕੇ ਖੁਆਉਂਦੀ। ਚੰਗੇ ਕੱਪੜੇ ਤੇ ਸੀਤੇ ਹੋਏ ਬਸਤੇ ਵਿਚ ਉਹਦਾ ਕਾਇਦਾ ਪਾ ਕੇ ਉਹਦੇ ਮੋਢੇ ਉੱਤੇ ਲਟਕਾ ਦੇਂਦੀ। ਸਰਵਣ ਸੱਜੇ ਹੱਥ ਵਿਚ ਫੱਟੀ ਫੜ ਲੈਂਦਾ ਤੇ ਖੱਬੇ ਹੱਥ ਨਾਲ ਮਾਂ ਦੀ ਉਂਗਲ। ਬਾਹਰਲੀ ਹਵੇਲੀ ਦੇ ਬੂਹੇ ਤੱਕ ਸਵਰਨੀ ਉਹਨੂੰ ਤੋਰਨ ਜਾਂਦੀ। ਅੱਗੇ ਉਹ ਸ਼ਾਮੋ ਦੀ



WWW.SIKHBOOKCLUB.COM 

ਉਂਗਲ ਫੜ ਕੇ ਤੁਰ ਪੈਂਦਾ।

ਰਾਤ ਨੂੰ ਸਵਰਨੀ ਨੂੰ ਲੱਖਾ ਸਿੰਘ ਦੇ ਸਾਹਮਣੇ ਪਿਆਰ ਦਾ ਸਾਂਗ ਭਰਨਾ ਪੈਂਦਾ। ਸਿਰਫ਼ ਸਾਂਗ। ਇਹ ਲੱਖਾ ਸਿੰਘ ਵੀ ਸਮਝਦਾ ਸੀ ਕਿ ਸਵਰਨੀ ਉਹਨੂੰ ਸੱਚੇ ਦਿਲੋਂ ਪਿਆਰ ਨਹੀਂ ਕਰਦੀ, ਪਰ ਉਹ ਏਸ ਭੁਲੇਖੇ ਵਿਚੋਂ ਨਿਕਲਣਾ ਵੀ ਨਹੀਂ ਸੀ ਚਾਹੁੰਦਾ। 'ਜੇ ਸਵਰਨੀ ਮੂੰਹ ਚੜ੍ਹ ਬੋਲੀ ਤਾਂ ਉਹ ਕੀ ਕਰ ਲਵੇਗਾ ?' ਇਸ ਭੈਅ ਥੱਲੇ ਲੱਖਾ ਸਿੰਘ ਉਹਦੇ ਝੂਠੇ ਪਿਆਰ ਨੂੰ ਹੀ ਸੱਚਾ ਮੰਨ ਕੇ ਆਪਣੇ ਆਪ ਨੂੰ ਧੋਖਾ ਦੇਈ ਚਲਿਆ ਜਾ ਰਿਹਾ ਸੀ।

ਵਿਹਲੇ ਵੇਲੇ ਸਵਰਨੀ ਬਸੰਤ ਕੌਰ ਕੋਲ ਕੰਮ ਵੀ ਆ ਕਰਦੀ। ਬਸੰਤ ਕੌਰ ਨੇ ਉਹਨੂੰ ਕਦੇ ਸੁੱਤੀ ਨੂੰ ਅਵਾਜ਼ ਨਹੀਂ ਸੀ ਮਾਰੀ, ਪਰ ਬਸੰਤ ਕੌਰ ਦੀ ਨਿੱਤ ਨਿਘਰਦੀ ਹਾਲਤ ਵੇਖ ਕੇ ਉਹਨੂੰ ਤਰਸ ਆ ਜਾਂਦਾ ਸੀ। ਕਿਸੇ-ਕਿਸੇ ਵੇਲੇ ਜਦ ਉਹ ਦੋਵੇਂ ਇਕੱਲੀਆਂ ਬੈਠੀਆਂ ਹੁੰਦੀਆਂ ਤਾਂ ਸਵਰਨੀ ਬਸੰਤ ਕੌਰ ਦਾ ਹੱਥ ਫੜ ਕੇ ਕਹਿੰਦੀ, "ਭੈਣ! ਤੂੰ ਕਦੇ ਵੀ ਮੈਨੂੰ ਮਾਫ਼ ਨਹੀਂ ਕਰੇਂਗੀ ?"

"ਸਵਰਨੀ!" ਬਸੰਤ ਕੌਰ ਨੇ ਸਦਾ ਹੱਸ ਕੇ ਕਹਿਣਾ, "ਤੇਰੇ ਮਨ ਵਿਚ ਇਹ ਸ਼ੱਕ ਕਿਵੇਂ ਹੋਇਆ ਕਿ ਮੈਂ ਤੇਰੇ ਨਾਲ ਗੁੱਸੇ ਆਂ। ਤੈਨੂੰ ਯਾਦ ਨਹੀਂ, ਮੈਂ ਭਾਊ ਨਾਲ ਕੀ ਵਾਹਦਾ ਕਰਕੇ ਤੇਰਾ ਸਾਕ ਲਿਆਂਦਾ ਸੀ ?"

"ਜੇ ਮੇਰੇ ਨਾਲ ਗੁੱਸੇ ਨਹੀਂ ਤਾਂ ਫਿਰ ਤੂੰ ਮੈਨੂੰ ਕਿਸੇ ਗੱਲੋਂ ਝਿੜਕਦੀ ਵਰਜਦੀ ਕਿਉਂ ਨਹੀਂ ? ਮੇਰਾ ਦਿਲ ਚਾਹੁੰਦੈ ਕਿ ਤੂੰ ਮੈਨੂੰ ਕਦੇ ਝਿੜਕੇਂ, ਤਾੜੇਂ, ਮਾਰੇਂ।"

"ਝਲੀ ਕੁੜੀ। ਛੋਟੀਆਂ ਭੈਣਾਂ ਨੂੰ ਝਿੜਕੀਦਾ ਮਾਰੀਦਾ ਏ ?"

"ਸੱਚੀਂ ਭੈਣ। ਮੈਨੂੰ ਬੜੀ ਰੀਝ ਏ ਕਿ ਤੂੰ ਕਿਸੇ ਦਿਨ ਮੈਨੂੰ ਮਾਰੇਂ ਕੁੱਟੇਂ। ਭਾਵੇਂ ਪੋਲਾ ਜੇਹਾ ਧੱਫਾ ਈ।" ਸਵਰਨੀ ਨੇ ਬੜਾ ਮਾਸੂਮ ਜੇਹਾ ਮੂੰਹ ਬਣਾ ਕੇ ਕਹਿਣਾ।

"ਲੈ ਫੜ।" ਬਸੰਤ ਕੌਰ ਨੇ ਪੋਲੀਆਂ ਜੇਹੀਆਂ ਦੋ ਉਂਗਲਾਂ ਉਹਦੀ ਕੋਮਲ ਗੱਲ੍ਹ 'ਤੇ ਲਾ ਦੇਣੀਆਂ।

"ਉਂ ਉਂ। ਮੈਂ ਭਾਈਏ ਆਏ ਦੱਸਾਂਗੀ।"

ਤੇ ਦੋਹਾਂ ਨੇ ਖਿੜ-ਖਿੜਾ ਕੇ ਹੱਸ ਪੈਣਾ। ਕੌਣ ਜਾਣੇ, ਇਹਨਾਂ ਹਾਸਿਆਂ ਦੇ ਥੱਲੇ ਦੋ ਛਾਤੀਆਂ ਵਿਚ ਲਾਵਾ ਉਬਲ ਰਿਹਾ ਸੀ। ਪਰ ਉਹ ਲਾਵਾ ਬਾਹਰ ਨਿਕਲ ਕੇ ਲੋਕਾਂ ਨੂੰ ਤਮਾਸ਼ਾ ਨਹੀਂ ਸੀ ਵਿਖਾਉਣਾ ਚਾਹੁੰਦਾ।

-0-

ਹਰਨਾਮ ਨੇ ਪਿਛਲੇ ਸਾਲ ਚੌਥੀ ਪਾਸ ਕਰ ਲਈ ਸੀ, ਕਿਉਂਕਿ ਮੁਣਸ਼ੀ ਵਾਸਤੇ ਲਾਜ਼ਮੀ ਸੀ ਕਿ ਸਰਦਾਰ ਲੱਖਾ ਸਿੰਘ ਦਾ ਲੜਕਾ ਪਾਸ ਹੋਵੇ। ਅਗਲੇ ਸਾਲ ਉਹ ਕਸੂਰ ਪੰਜਵੀਂ ਵਿਚ ਦਾਖ਼ਲ ਹੋਇਆ। ਲੱਖਾ ਸਿੰਘ ਨੇ ਛੋਟੀ ਜੇਹੀ ਘੋੜੀ ਲੈ

ਦਿੱਤੀ ਉਹਦੇ ਜਾਣ ਵਾਸਤੇ। ਘਰੋਂ ਉਸ ਨੂੰ ਘੋੜੀ 'ਤੇ ਚੜ੍ਹਾ ਦੇਂਦੇ। ਉਹ ਆਪਣੀ ਮਸਤ ਚਾਲੇ ਤੁਰੀ ਜਾਂਦੀ। ਧੰਨੇ ਸ਼ਾਹ ਦੀ ਆੜ੍ਹਤ ਉੱਤੇ ਨੌਕਰ ਘੋੜੀ ਬੰਨ੍ਹ ਲੈਂਦੇ ਤੇ ਹਰਨਾਮਾ ਸਕੂਲੇ ਤੁਰ ਜਾਂਦਾ। ਸ਼ਾਮ ਨੂੰ ਨੌਕਰ ਘੋੜੀ ਕੱਸ ਕੇ ਉਹਨੂੰ ਕਾਠੀ ਉੱਤੇ ਬਹਾ ਦੇਂਦੇ ਤੇ ਉਹ ਘਰ ਆ ਉਤਰਦਾ। ਏਨੀ ਸਹੂਲਤ ਹੁੰਦਿਆਂ ਹੋਇਆਂ ਵੀ ਹਰਨਾਮ ਪੜ੍ਹ ਨਾ ਸਕਿਆ। ਉਹਦੀ ਪੜ੍ਹਨ ਵਿਚ ਰੁਚੀ ਹੀ ਨਹੀਂ ਸੀ। ਸਾਲਾਨਾ ਇਮਤਿਹਾਨ ਵਿਚੋਂ ਉਹ ਸਾਰੇ ਮਜ਼ਮੂਨਾਂ ਵਿਚ ਫੇਲ੍ਹ ਹੋ ਗਿਆ। ਅਗਲੇ ਸਾਲ ਉਹਨੂੰ ਦਾਖ਼ਲ ਹੋਣ ਵਾਸਤੇ ਕਿਹਾ ਤਾਂ ਉਹਨੇ ਸਾਫ਼ ਜਵਾਬ ਦੇ ਦਿੱਤਾ, "ਬਾਪੂ! ਭਾਵੇਂ ਵੀਹ ਸਾਲ ਪੜ੍ਹਾਈ ਚਲੇ, ਪਰ ਮੈਨੂੰ ਅੰਗਰੇਜ਼ੀ ਨਹੀਂ ਜੇ ਔਣ ਲੱਗੀ। ਸਕੂਲੇ ਪੜ੍ਹੀ ਘਰ ਔਂਦਿਆਂ ਤੱਕ ਭੁੱਲ ਜਾਂਦੀ ਜੇ, ਤੇ ਘਰ ਦੀ ਪੜ੍ਹੀ ਸਕੂਲੇ ਜਾਂਦਿਆਂ ਤੱਕ। ਇਹ ਪੁੱਠਾ ਇਲਮ ਪੜ੍ਹਨਾ ਮੇਰੇ ਵੱਸ ਦੀ ਗੱਲ ਨਹੀਂ। ਬੜਾ ਕੁੱਤਾ ਕੰਮ ਏ ਅੰਗਰੇਜ਼ੀ ਪੜ੍ਹਨਾ। ਆਖੋ ਤਾਂ ਮੈਂ ਮਹੀਂ ਚਾਰ ਲਿਆਇਆ ਕਰਾਂਗਾ।"

"ਪੁੱਤ! ਤੇਰੇ ਵੱਸ ਨਹੀਂ। ਇਹ ਆਪਣੇ ਖਣਵਾਦੇ ਦਾ ਪਿਤਾ-ਪੁਰਖੀ ਸੁਭਾਅ ਚਲਿਆ ਔਂਦਾ ਏ। ਮੈਂ ਵੀ ਅੰਗਰੇਜ਼ੀ ਦੇ ਦੁੱਖੋਂ ਈ ਪੜ੍ਹਨੋਂ ਉਠਿਆ ਸਾਂ। ਹੱਛਾ, ਕੋਈ ਹੋਰ ਵਿਉਂਤ ਸੋਚਦੇ ਆਂ। ਤੈਨੂੰ ਘਰ ਦੇ ਹਸਾਬ ਕਤਾਬ ਜੋਗਾ ਜ਼ਰੂਰ ਹੋ ਜਾਣਾ ਚਾਹੀਦਾ ਏ। ਮੇਰੇ ਪਿਛੋਂ ਸ਼ਾਹੂਕਾਰਾ ਵੀ ਤਾਂ ਤੈਨੂੰ ਈ ਸੰਭਾਲਣਾ ਪੈਣਾ ਏ।" ਤੇ ਲੱਖਾ ਸਿੰਘ ਨੇ ਵਿਉਂਤ ਸੋਚ ਲਈ।

ਅਗਲੇ ਦਿਨ ਲੱਖਾ ਸਿੰਘ ਨੇ ਸਕੂਲ ਦੇ ਮੁਣਸ਼ੀ ਨੂੰ ਘਰ ਬੁਲਾ ਕੇ ਕਿਹਾ, "ਮੁਣਸ਼ੀ ਜੀ! ਨ੍ਹਾਮਾ ਕਸੂਰ ਪੜ੍ਹਨੋਂ ਵਿਹਰ ਗਿਆ ਏ। ਆਹੰਦਾ ਏ, ਅੰਗਰੇਜ਼ੀ ਨਹੀਂ ਔਂਦੀ। ਸ਼ਾਮੋ ਨੇ ਚਾਰ ਜਮਾਤਾਂ ਪਾਸ ਕਰ ਲਈਆਂ ਨੇ। ਅਗ੍ਹਾਂ ਬਾਹਰ ਕਿਸੇ ਸਕੂਲ 'ਕੱਲੀ ਕੁੜੀ ਨੂੰ ਘੱਲਿਆ ਨਹੀਂ ਜਾ ਸਕਦਾ। ਛੋਟਾ ਸਰਵਣ ਵੀ ਭੈਣ ਦੇ ਨਾਲ ਚਲਿਆ ਜਾਂਦਾ ਏ, 'ਕੱਲੇ ਉਹਨੇ ਵੀ ਨਹੀਂ ਜਾਇਆ ਕਰਨਾ। ਸਮਝ ਨਹੀਂ ਪੈਂਦੀ ਕੀ ਕੀਤਾ ਜਾਵੇ ?"

"ਸਰਦਾਰ ਸਾਹਿਬ! ਜੋ ਮੈਂ ਕਰ ਸਕਦਾ ਹਾਂ, ਹੁਕਮ ਕਰੋ। ਮੈਂ ਤਾਂ ਜਨਾਬ ਦਾ ਖ਼ਾਦਮ ਹਾਂ।" ਮੁਣਸ਼ੀ ਨੇ ਬੜੇ ਖ਼ੁਸ਼ਾਮਦੀ ਢੰਗ ਨਾਲ ਕਿਹਾ। ਉਹ ਜਾਣਦਾ ਸੀ ਕਿ ਪਿੰਡ ਵਿਚ ਲੱਖਾ ਸਿੰਘ ਦੀ ਕਿੰਨੀ ਤਾਕਤ ਹੈ।

"ਤੁਸੀਂ ਗੁਰਮੁਖੀ ਵੀ ਜਾਣਦੇ ਹੋ ਥੋੜ੍ਹੀ ਬਹੁਤੀ ?" ਲੱਖਾ ਸਿੰਘ ਨੇ ਨਵਾਂ ਸਵਾਲ ਕੀਤਾ।

"ਹਾਂ....ਹਾਂ ਜਨਾਬ।" ਝਿਜਕ-ਝਿਜਕ ਕੇ ਮੁਣਸ਼ੀ ਨੇ 'ਹਾਂ' ਕਰ ਦਿੱਤੀ। ਉਹਨੇ ਸੱਤਵੀਂ ਅੱਠਵੀਂ ਵਿਚ ਅਖ਼ਤਿਆਰੀ ਮਜ਼ਮੂਨ ਵਜੋਂ ਸੰਸਕ੍ਰਿਤ ਪੜ੍ਹੀ ਸੀ। ਦੋ ਸਾਲਾਂ ਵਿਚ ਸੰਸਕ੍ਰਿਤ ਤਾਂ ਕਿੰਨੀ ਕੁ ਆ ਜਾਣੀ ਸੀ, ਪਰ ਲਿੱਪੀ ਇਕੋ ਹੋਣ ਕਰਕੇ



WWW.SIKHBOOKCLUB.COM 

ਉਹ ਹਿੰਦੀ ਚੰਗੀ ਲਿਖ ਪੜ੍ਹ ਲੈਂਦਾ ਸੀ। ਇਕ ਵਾਰ ਸ਼ੌਕ ਵਜੋਂ ਉਹਨੇ ਗੁਰਮੁਖੀ ਦੀ ਪੈਂਤੀ ਵੀ ਯਾਦ ਕੀਤੀ ਸੀ। ਉਹ ਹਿੰਦੀ ਦੀ ਦੇਵਨਾਗਰੀ ਲਿਪੀ ਨਾਲ ਬਹੁਤ ਮਿਲਦੀ ਸੀ, ਸਗੋਂ ਉਸ ਨਾਲੋਂ ਸੌਖੀ ਵੀ ਸੀ। ਉਹਨੂੰ ਆਪਣੇ ਆਪ 'ਤੇ ਭਰੋਸਾ ਸੀ ਕਿ ਪੰਜ-ਦਸ ਦਿਨ ਮਿਹਨਤ ਕਰਕੇ ਉਹ ਬੱਚਿਆਂ ਨੂੰ ਪੜ੍ਹਾਉਣ ਜੋਗੀ ਗੁਰਮੁਖੀ ਸਿੱਖ ਲਵੇਗਾ। ਇਸ ਵਾਸਤੇ ਉਹਨੇ ਸਰਦਾਰ ਸਾਹਮਣੇ 'ਹਾਂ' ਕਰ ਦਿੱਤੀ।

"ਠੀਕ ਏ।" ਲੱਖਾ ਸਿੰਘ ਨੇ ਤਸੱਲੀ ਪ੍ਰਗਟ ਕਰਦਿਆਂ ਕਿਹਾ, "ਮੇਰੀ ਸਲਾਹ ਏ, ਵੱਡੇ ਦੋਵੇਂ ਭੈਣ ਭਰਾ ਤੁਹਾਡੇ ਕੋਲ ਬਕਾਇਦਾ ਸਕੂਲੇ ਜਾਇਆ ਕਰਨਗੇ। ਇਕ ਤਾਂ ਤੁਸੀਂ ਇਹਨਾਂ ਨੂੰ ਗੁਜ਼ਾਰੇ ਜੋਗੀ ਗੁਰਮੁਖੀ ਪੜ੍ਹਾ ਦਿਓ। ਆਪਣੇ ਧਰਮ ਬਾਰੇ ਕੁਝ ਸਮਝਣ ਜੋਗੇ ਹੋ ਜਾਣ। ਅਸੀਂ ਤਾਂ ਜਪੁਜੀ ਸਾਹਿਬ ਵੀ ਉਰਦੂ ਅੱਖਰਾਂ 'ਚ ਪੜ੍ਹਨਾ ਹੋਇਆ। ਪਾਠ ਕੁਝ ਹੋਰ ਹੁੰਦਾ ਏ, ਤੇ ਪੜ੍ਹਿਆ ਕੁਝ ਹੋਰ ਈ ਜਾਂਦਾ ਏ। ਇਹਨਾਂ ਨੂੰ ਗੁਰੂ ਘਰ ਦੀ ਕੁਝ ਸੋਝੀ ਆ ਜਾਵੇ। ਦੂਸਰੇ ਉਰਦੂ ਤੇ ਹਿਸਾਬ ਕੁਝ ਹੋਰ ਪੜ੍ਹਾ ਦਿਹੋ ਇਹਨਾਂ ਨੂੰ। ਘਰ ਦੇ ਲੇਖੇ ਪੱਤੇ ਜੋਗੇ ਹੋ ਜਾਣ। ਬੇਸ਼ੱਕ ਏਸ ਕੰਮ 'ਤੇ ਦੋ ਤਿੰਨ ਸਾਲ ਵੀ ਲੱਗ ਜਾਣ।"

"ਜਨਾਬ! ਦੋ ਚਾਰ ਮਹੀਨੇ ਦਾ ਤਾਂ ਇਹ ਕੰਮ ਵੀ ਨਹੀਂ।"

"ਮਖ਼: ਵਕਤ ਦੀ ਕਾਹਲੀ ਨਹੀਂ ਕੋਈ। ਬੱਸ, ਇਹ ਤਾਕ ਹੋ ਜਾਣ ਤੇ ਇਸ ਬਦਲੇ ਅਸੀਂ ਸੇਵਾ ਵੀ, ਜੋ ਕਹੋਗੇ ਕਰ ਦਿਆ ਕਰਾਂਗੇ।"

"ਲੌ ਖਾਂ! ਸਰਦਾਰ ਸਾਹਿਬ! ਇਹ ਵੀ ਕੋਈ ਗੱਲ ਏ ? ਅੱਗੇ ਕੀਹਦਾ ਖਾਈਦਾ ਏ।" ਮੁਣਸ਼ੀ ਨੇ ਬੜੀ ਆਜਜ਼ੀ ਨਾਲ ਕਿਹਾ।

"ਵੇਖੋ ਮੁਣਸ਼ੀ ਜੀ! ਇਹਦੇ ਵਿਚ ਸੰਗਣ ਵਾਲੀ ਕਿਹੜੀ ਗੱਲ ਏ। ਪੈਸੇ ਬਿਨਾਂ ਸਰਦਾ ਨਹੀਂ ਕਿਸੇ ਦਾ। ਹਰ ਇਕ ਦਾ ਢਿੱਡ ਪੋਲਾ ਏ। ਸਰਕਾਰੋਂ ਕਿੰਨੀ ਤਨਖ਼ਾਹ ਮਿਲਦੀ ਏ ਤੁਹਾਨੂੰ ?"

"ਜਨਾਬ! ਹੁਣ ਤਰੱਕੀ ਪਾ ਕੇ ਬੱਤੀ ਰੁਪੈ ਮਿਲਦੇ ਨੇ।" ਮੁਣਸ਼ੀ ਨੇ ਨੀਵੀਂ ਪਾ ਕੇ ਕਿਹਾ। ਥੋੜ੍ਹੀ ਤਨਖ਼ਾਹ ਦੱਸਦਿਆਂ ਉਹ ਸ਼ਰਮ ਮਹਿਸੂਸ ਕਰ ਰਿਹਾ ਸੀ। ਕਹਿਣ ਨੂੰ ਬੜੀ ਥੋੜ੍ਹੀ ਰਕਮ ਜਾਪਦੀ ਹੈ, ਕੇਵਲ ਬੱਤੀ ਰੁਪੈ, ਪਰ ਅੱਜ ਦੇ ਬੀ. ਏ., ਬੀ. ਐੱਡ ਦੀ ਤਨਖ਼ਾਹ ਨਾਲੋਂ ਉਸ ਵੇਲੇ ਦੇ ਬੱਤੀ ਰੁਪੈ ਦੀ ਬਜ਼ਾਰੀ ਕੀਮਤ ਵਧੇਰੇ ਸੀ।

"ਹੱਛਾ, ਪੰਜ ਰੁਪੈ ਮਹੀਨਾ ਤੁਹਾਨੂੰ ਅਸੀਂ ਦੇ ਛੱਡਿਆ ਕਰਾਂਗੇ।" ਲੱਖਾ ਸਿੰਘ ਨੇ ਜੇਬ ਵਿਚੋਂ ਪੰਜਾਂ ਦਾ ਨੋਟ ਕੱਢਦਿਆਂ ਕਿਹਾ।

"ਜਨਾਬ। ਆਪ ਕਿਹੜੇ ਤਕੱਲਫ਼ ਵਿੱਚ ਪੈ ਗਏ ਓ। ਤੁਹਾਥੋਂ ਪੈਸੇ ਲਵਾਂ ? ਆਪ ਮੇਰੇ ਬਜ਼ੁਰਗ ਓ। ਆਪ ਤੋਂ ਫ਼ੀਸ ਲੈਂਦਾ ਮੈਂ ਚੰਗਾ ਲਗਦਾਂ ?" ਮੁਣਸ਼ੀ ਨੇ ਨਾਂਹ

ਵਿੱਚ ਹੱਥ ਹਿਲਾਉਂਦਿਆਂ ਕਿਹਾ।

"ਮੈਨੂੰ ਬਜ਼ੁਰਗ ਸਮਝਦੇ ਓ ਤਾਂ ਬਜ਼ੁਰਗਾਂ ਦਾ ਦਿੱਤਾ ਮੋੜੀਦਾ ਨਹੀਂ। ਇਹ ਦੋਵੇਂ ਭੈਣ ਭਰਾ ਭਲਕ ਤੋਂ ਆਇਆ ਕਰਨਗੇ।" ਲੱਖਾ ਸਿੰਘ ਨੇ ਪੰਜ ਰੁਪੈ ਮੁਣਸ਼ੀ ਦੀ ਜੇਬ ਵਿਚ ਪਾ ਦਿੱਤੇ।

ਏਸ ਤਰ੍ਹਾਂ ਤਿੰਨ ਸਾਲ ਵਾਸਤੇ ਦੋਹਾਂ ਭੈਣ-ਭਰਾਵਾਂ ਦੀ ਪੜ੍ਹਾਈ ਦਾ ਪ੍ਰਬੰਧ ਹੋ ਗਿਆ।

—o—

ਅਮਲੀ ਨੱਥਾ ਸਿੰਘ ਨੇ ਇਕ ਲੜਕੀ ਹੋਰ ਵਿਆਹ ਦਿੱਤੀ। ਉਹਦਾ ਵਿਚੋਲਾ ਬਣਿਆ ਲੱਖਾ ਸਿੰਘ। ਇਸ ਵਿੱਚ ਵੀ ਭੇਤ ਸੀ। ਅਗਲਾ ਘਰ ਅਮਲੀ ਨਾਲੋਂ ਕੁਝ ਸਹਿੰਦਾ ਸੀ। ਉਹਨਾਂ ਦੀਆਂ ਮੰਗਾਂ ਪੂਰੀਆਂ ਕਰਨ ਵਾਸਤੇ ਅਮਲੀ ਨੂੰ ਆਪਣੇ ਵਿਤੋਂ ਵੱਧ ਭਾਰ ਸਹਿਣਾ ਪਿਆ, ਪਰ ਉਹ ਮਜਬੂਰ ਸੀ। ਲੱਖਾ ਸਿੰਘ ਦੀ ਕੀਤੀ ਉਹ ਉਥੱਲ ਨਹੀਂ ਸੀ ਸਕਦਾ। ਫਿਰ ਵੇਲੇ ਸਿਰ ਖ਼ਰਚ ਭੁਗਤਾਉਣਾ ਸਾਰਾ ਲੱਖਾ ਸਿੰਘ ਦੇ ਜ਼ਿੰਮੇਂ ਸੀ। ਜੰਞ ਦੀ ਸੇਵਾ ਬੜੇ ਖੁੱਲ੍ਹੇ ਦਿਲ ਕੀਤੀ ਤੇ ਦਿੱਤ ਦਾਜ ਵੀ ਕਿਆਸੋਂ ਬਾਹਰਾ ਦਿੱਤਾ। ਸਾਰੇ ਪਿੰਡ ਵਿੱਚ ਅਮਲੀ ਦੀ ਭੱਲ-ਭੱਲ ਹੋ ਗਈ। ਪਿੰਡ ਦੀਆਂ ਜ਼ਨਾਨੀਆਂ ਮੂੰਹ ਜੋੜ-ਜੋੜ ਗੱਲਾਂ ਕਰਦੀਆਂ, 'ਲਊ ਨੀ! ਇਹ ਤਾਂ ਵੱਡੀਆਂ ਦੋਹਾਂ ਨਾਲੋਂ ਵੱਧ ਗਈ।' 'ਬੇਬੇ! ਆਪੋ ਆਪਣੇ ਭਾਗ ਨੇ।' 'ਇਹ ਸ਼ਾਹ ਦੀ ਸਹੇਤ ਏ ਨਾਂ।' 'ਫਿਰ ਸ਼ਾਹ ਨੇ ਵਰ ਘਰ ਤਾਂ ਚੰਗਾ ਲੱਭਾ ਏ।' 'ਪਰ ਅਮਲੀ ਦੀ ਖੂਹ ਵਾਲੀ ਸੱਤੇ ਘੁਮਾਂ ਤਾਂ ਗਈ ਏ ਨਾ।'

ਹਾਂ, ਅਮਲੀ ਨੇ ਖੂਹ ਵਾਲੀ ਸੱਤੇ ਘੁਮਾਂ ਬੈ ਕਰ ਦਿੱਤੀ। ਲੱਖਾ ਸਿੰਘ ਨੇ ਜਿੰਨੀ ਰਕਮ ਕੁੱਲ ਦਿੱਤੀ, ਉਸ ਤੋਂ ਦੂਣੀ ਰਜਿਸਟਰੀ ਵਿੱਚ ਲਿਖਵਾਈ। ਸਰਕਾਰੀ ਫ਼ੀਸ ਵੱਧ ਭਰ ਦਿੱਤੀ, ਪਰ ਕੰਮ ਪੱਕਾ ਕਰਵਾ ਲਿਆ। ਭਲਕੇ ਕੋਈ ਹੱਕ-ਸੁਫ਼ਾ ਕਰਨ ਦੀ ਵਿਉਂਤ ਬਣਾਵੇਗਾ ਵੀ, ਤਾਂ ਕੁਝ ਸੋਚ ਕੇ ਕਦਮ ਚੁੱਕੇਗਾ। ਬੈ ਦੀ ਰਜਿਸਟਰੀ ਉਹਨੇ ਆਪਣੇ ਨਾਂ ਕਰਵਾਈ। ਪਹਿਲਾਂ ਗਹਿਣੇ ਦੀ ਰਜਿਸਟਰੀ ਬਸੰਤ ਕੌਰ ਦੇ ਨਾਮ ਸੀ। ਇਹ ਸਭ ਤੋਂ ਵੱਡੀ ਰੋਕ ਸੀ ਹੱਕ ਸ਼ੁਫ਼ੇ ਦੇ ਵਿਰੁੱਧ। ਹੱਕ ਸ਼ੁਫ਼ਾ ਕਰਨ ਵਾਲਾ ਗਹਿਣੇ ਤੋਂ ਵਾਧੂ ਸਾਰੀ ਰਕਮ ਹੁਣ ਤਾਰੇ, ਤੇ ਜ਼ਮੀਨ ਉਹਨੂੰ ਮਿਲੇਗੀ ਗਹਿਣੇ ਦੀ ਮਿਆਦ ਪੂਰੀ ਹੋਣ ਪਿਛੋਂ। ਇਹ ਸੌਦਾ ਬੜਾ ਮਹਿੰਗਾ ਸੀ।

"ਕਿਉਂ! ਸੁਣਾ! ਨਿਕਲ ਗਿਆ ਨਾ ਅਮਲੀ ਨੱਥਾ ਸੰਹ ਖੂਹ ਤੋਂ। ਐਓਂ ਖੋਹੀਦੀ ਉ ਮਾੜੇ ਜੱਟ ਤੋਂ ਜ਼ਮੀਨ। ਹੁਣ ਪੀਰ ਮੁਰਸ਼ਦ ਅੱਗੇ ਨਜ਼ਰਾਨਾ ਰੱਖ ਕੋਈ। ਮੂੰਹ ਮਿੱਠਾ ਕਰਾ ਬਜ਼ੁਰਗਾਂ ਦਾ।" ਧੰਨੇ ਸ਼ਾਹ ਨੇ ਖੂਹ ਉੱਤੇ ਖਲੋ ਕੇ ਤੜ੍ਹ ਮਾਰਦਿਆਂ

ਕਿਹਾ। ਉਹ ਸਮਝਦਾ ਸੀ ਕਿ ਇਹ ਸਭ ਉਸੇ ਦੀ ਨਸੀਹਤ ਦਾ ਫਲ ਹੈ।

"ਧੰਨੇ ਸ਼ਾਹ! ਮਿੱਠਾ ਛੱਡਿਆ, ਕੌੜਾ ਕਰਾ ਦੇਂਦੇ ਆਂ। ਤੂੰ ਜੱਟ ਨੂੰ ਕੀ ਸਮਝ ਛੱਡਿਆ ਏ ?" ਤੇ ਉਹ ਦੋਵੇਂ ਬੈਠਕ ਵਿੱਚ ਆ ਕੇ ਛਕਣ ਛਕਾਉਣ ਬਹਿ ਗਏ।

## ੧੭

ਲੱਖਾ ਸਿੰਘ ਤੇ ਸਮੁੰਦ ਸਿੰਘ ਦਾ ਆਪਸ ਵਿੱਚ ਬਹੁਤ ਨੇੜ ਹੋ ਗਿਆ ਸੀ। ਉਹ ਸਾਲੇ ਭਣਵਈਏ ਤੋਂ ਵਧ ਕੇ ਲੰਗੋਟੀਏ ਯਾਰ ਬਣ ਗਏ ਸਨ। ਆਪਸ ਵਿੱਚ ਉਹਨਾਂ ਦਾ ਕੋਈ ਪੜਦਾ ਨਹੀਂ ਸੀ ਰਿਹਾ। ਦੋਹਾਂ ਨੇ ਆਪਣੇ ਭੇਤ ਸਾਂਝੇ ਕਰ ਲਏ ਸਨ।

ਸਮੁੰਦ ਸਿੰਘ ਦਾ ਘਰ ਬੜਾ ਛੋਟਾ ਸੀ। ਉੱਥੇ ਹੀ ਦੋਹਾਂ ਭਰਾਵਾਂ ਦੀ ਵੱਸੋਂ ਤੇ ਓਥੇ ਹੀ ਮਾਲ ਡੰਗਰ, ਘਰ ਦੀ ਬਹੁਤੀ ਸਫ਼ਾਈ ਨਹੀਂ ਸੀ ਹੋ ਸਕਦੀ। ਲੱਖਾ ਸਿੰਘ ਦੇ ਉਪਦੇਸ਼ ਨਾਲ ਸਮੁੰਦ ਸਿੰਘ ਨੇ ਮਾਲ ਡੰਗਰ ਵਾਸਤੇ ਬਾਹਰ ਹਵੇਲੀ ਵੱਲ ਲਈ। ਉਹ ਵਸੋਂ ਵਾਲੇ ਘਰ ਤੋਂ ਪੰਜਾਂ-ਸੱਤਾਂ ਘਰਾਂ ਦੀ ਵਿੱਥ ਉੱਤੇ ਸੀ। ਹਵੇਲੀ ਵਿੱਚ ਉਹਨੇ ਚਾਰ ਕੁ ਮੰਜਿਆਂ ਦੀ ਇਕ ਸਾਫ਼ ਸੁਥਰੀ ਬੈਠਕ ਪਾ ਲਈ। ਉਸ ਵਿੱਚ ਦੋ ਕੁਰਸੀਆਂ ਤੇ ਇਕ ਛੋਟਾ ਜਿਹਾ ਮੇਜ਼ ਵੀ ਆ ਗਿਆ। ਲਾਗੇ ਦੋ ਕੋਠੇ ਕੱਚੇ ਛੱਤੇ ਗਏ, ਇਕ ਮਾਲ ਬੰਨ੍ਹਣ ਵਾਸਤੇ, ਇਕ ਤੂੜੀ ਵਾਸਤੇ। ਬੈਠਕ ਤੇ ਕੋਠਿਆਂ ਦੇ ਸੰਨ੍ਹ ਵਿੱਚ ਇਕ ਬਰਾਂਡਾ ਸੀ, ਜੋ ਟੋਕੇਆਣੀ ਵਜੋਂ ਵਰਤਿਆ ਜਾਂਦਾ ਸੀ। ਹਵੇਲੀ ਦੇ ਉਦਾਲੇ ਛੇ-ਛੇ ਫੁੱਟ ਉੱਚੀ ਕੰਧ ਕਰ ਦਿੱਤੀ ਸੀ। ਇਕ ਗੁੱਠ ਵਿੱਚ ਅੰਦਰੇ ਹੀ ਰੂੜੀ ਤੇ ਪਥਕਣ ਸੀ।

"ਲੈ, ਸਮੁੰਦਿਆ! ਹੁਣ ਈ ਸੁਆਦ ਖਾਣ ਪੀਣ ਦਾ। ਘਰ ਵਿੱਚ ਤਾਂ ਹਰ ਵੇਲੇ ਜ਼ਨਾਨੀਆਂ ਸਿਰ 'ਤੇ ਸਵਾਰ ਰਹਿੰਦੀਆਂ ਸਨ। ਐਥੇ ਇਕਲਵਾਂਜੇ ਜੋ ਮਰਜ਼ੀ ਏ, ਕਰੋ ਪਏ, ਖਾਉ, ਪੀਉ, ਮੌਜਾਂ ਲੁੱਟੋ, ਕੋਈ ਹਟਕਣ ਵਰਜਣ ਵਾਲਾ ਨਹੀਂ। ਆਹ ਰਾਹ ਵੱਲ ਦਾ ਬੂਹਾ ਬੰਦ ਕਰ ਲਈਏ ਤਾਂ ਸਮਝੋ, ਸਾਰੇ ਪਿੰਡ ਵੱਲੋਂ ਉਹਲਾ ਹੋ ਜਾਂਦਾ ਏ। ਬੱਸ, ਨਾ ਕੁੱਤੀ ਭੌਂਕੇ, ਨਾ ਗੁਆਂਢੀ ਜਾਗੇ।"

ਲੱਖਾ ਸਿੰਘ ਲਾਡ ਨਾਲ ਸਮੁੰਦ ਸਿੰਘ ਦਾ ਅੱਧਾ ਨਾਂ ਸੱਦ ਲਿਆ ਕਰਦਾ ਸੀ। ਪਰ ਸਮੁੰਦ ਸਿੰਘ ਨੇ ਏਸ ਖੁੱਲ੍ਹ ਦੀ ਵਰਤੋਂ ਕਦੇ ਨਹੀਂ ਸੀ ਕੀਤੀ। ਲੱਖਾ ਸਿੰਘ ਉਮਰ ਵਿੱਚ ਉਸ ਨਾਲੋਂ ਵੱਡਾ ਸੀ। ਫਿਰ ਰਿਸ਼ਤਾ ਵੀ ਐਹੋ ਜੇਹਾ ਸੀ। ਸੋ ਸਮੁੰਦ ਸਿੰਘ ਸਦਾ ਲੱਖਾ ਸਿੰਘ ਦਾ ਪੂਰਾ ਨਾਂ ਸੱਦਿਆ ਕਰਦਾ।

ਦੋਵੇਂ ਸਮੁੰਦ ਸਿੰਘ ਦੀ ਬੈਠਕ ਵਿੱਚ ਬੈਠੇ ਸ਼ਰਾਬ ਪੀ ਰਹੇ ਸਨ। ਠੇਕੇ ਦੀ



WWW.SIKHBOOKCLUB.COM 

ਬੋਤਲ, ਅੰਬ ਦਾ ਆਚਾਰ ਤੇ ਉਬਲੇ ਹੋਏ ਆਂਡੇ ਉਹਨਾਂ ਦੇ ਸਾਹਮਣੇ ਮੇਜ਼ ਉੱਤੇ ਪਏ ਸਨ। ਅੱਧੀ ਬੋਤਲ ਦੋਹਾਂ ਨੇ ਖ਼ਤਮ ਕਰ ਦਿੱਤੀ ਸੀ। ਸਮੁੰਦ ਸਿੰਘ ਨੂੰ ਵਾਹਵਾ ਨਸ਼ਾ ਆ ਗਿਆ ਸੀ।

"ਭਾਈਆ। ਨਾ ਸੱਚ ਭਾਈਆ ਜੀ! ਇਹ ਸਭ ਤੇਰੇ ਪੈਰਾਂ ਦੀ ਖ਼ੈਰੈਤ ਏ। ਸਭ ਤੇਰਾ ਉੱਦਮ ਏ। ਤੇਰੇ ਕਹਿਣ ਵਾਂਗ ਏਥੇ ਮੌਜ ਬੜੀ ਏ। ਪਿੰਡ ਦਾ ਮੁਹਾੜ ਏ ਦੂਜੇ ਪਾਸੇ। ਬਿਨਾਂ ਕੰਮ ਤੋਂ ਏਧਰ ਕੋਈ ਨਹੀਂ ਔਂਦਾ। ਬੱਸ, ਬਾਹਰ ਦਾ ਬੂਹਾ ਮਾਰ ਕੇ ਅੰਦਰ ਜੋ ਮਰਜੀ ਏ ਪਏ ਕਰੋ। ਮਖ: ਕੁਝ ਨਾ ਪੁੱਛ, ਮੌਜ ਬਣੀ ਹੋਈ ਏ।" ਸਮੁੰਦ ਸਿੰਘ ਨੇ ਮਸਤੀ ਵਿੱਚ ਸਿਰ ਹਿਲਾਉਂਦਿਆਂ ਕਿਹਾ।

"ਕਿਉਂ ? ਹੈ ਕੋਈ ਹਣੇ ਹੇਠ ਜੀਰਾ ?" ਲੱਖਾ ਸਿੰਘ ਨੇ ਗੱਲਾਂ ਦਾ ਸੁਆਦ ਲੈਣ ਦੇ ਇਰਾਦੇ ਨਾਲ ਕਿਹਾ।

"ਤੇਨੂੰ ਦੱਸਿਆ ਜੁ ਏ, ਪਈ ਕੁਝ ਨਾ ਪੁੱਛ। ਕਬੂਤਰੀ ਏ ਨਿਰੀ, ਚੀਨੀ ਕਬੂਤਰੀ।"

ਅਗ੍ਹਾਂ ਜੋ ਗੱਲਾਂ ਉਨ੍ਹਾਂ ਵਿੱਚ ਸ਼ੁਰੂ ਹੋ ਗਈਆਂ, ਉਹ ਕਿਹਾਂ ਬਿਨਾਂ ਹੀ ਸਮਝੀਆਂ ਜਾ ਸਕਦੀਆਂ ਹਨ। ਏਹੋ ਜੇਹੀਆਂ ਗੱਲਾਂ ਏਹੋ ਜੇਹੇ ਲੰਗੋਟੀਏ ਯਾਰ ਕਰਿਆ ਕਰਦੇ ਹਨ। ਉਸ ਵੇਲੇ ਵਾਰਸ ਸ਼ਾਹ ਤੇ ਫ਼ਜ਼ਲ ਸ਼ਾਹ ਵੀ ਉਹਨਾਂ ਦੇ ਕਲਾਮ ਦੇ ਸਾਹਮਣੇ ਪਛੜੇ ਹੋਏ ਜਾਪਦੇ ਹਨ। ਪਲ-ਪਲ ਪਿੱਛੋਂ ਸਮੁੰਦ ਸਿੰਘ ਕੰਨ 'ਤੇ ਹੱਥ ਧਰ ਕੇ ਸੁਰ ਚੁੱਕ ਲੈਂਦਾ :

'ਸੈਹਬਾਂ ਕਹਿੰਦੀ ਮਿਰਜ਼ਿਆ!'

'ਨਹੀਂ,

'ਮਿਰਜ਼ਾ ਕਹਿੰਦਾ ਸੈਹਬਾਂ!'

ਕਦੇ ਸਾਹਿਬਾਂ ਮਿਰਜ਼ੇ ਨੂੰ ਤੇ ਕਦੇ ਮਿਰਜ਼ਾ ਸਾਹਿਬਾਂ ਨੂੰ ਆਖਣ ਲੱਗ ਪੈਂਦਾ। ਪਰ ਉਹ ਆਹੰਦੇ ਕੀ ? ਇਸ ਗੱਲ ਦਾ ਨਿਰਨਾ ਸਮੁੰਦ ਸਿੰਘ ਕੋਈ ਨਾ ਕਰਦਾ। ਇਕ ਦੋ ਵਾਰ ਉੱਚੀ ਸੁਰ ਚੁੱਕ ਕੇ ਉਹ ਫਿਰ ਆਪਣੀ ਸੁਭਾਵਕ ਅਵਾਜ਼ 'ਤੇ ਆ ਜਾਂਦਾ। ਉਹ ਲੱਖਾ ਸਿੰਘ ਦਾ ਹੱਥ ਫੜ ਕੇ ਕਹਿੰਦਾ, "ਭਾਈਆ! ਉਇ ਭਾਈਆ ਲੱਖਾ ਸਿਹਾਂ। ਕੀ ਦੱਸਾਂ ਤੈਨੂੰ। ਧਰਮ ਨਾਲ, ਸਹੁੰ ਪਿਉ ਦੀ, ਬੱਸ, ਪਟੋਲਾ ਏ, ਪਟੋਲਾ, ਨਿਰੀ ਸੁਰਗਾਂ ਦੀ 'ਪੱਛਰਾਂ। ਉਹਦਾ ਕੱਦ, ਉਹਦੀ ਧੌਣ, ਉਹਦੀਆਂ ਅੱਖਾਂ, ਉਹਦਾ ਨੱਕ, ਉਇ ਹੋਇ ਮਾਰ ਘੱਤਿਆ ਈ ਉਇ।" ਤੇ ਫਿਰ ਚੋਖਾ ਚਿਰ ਉਹ ਮਸਤੀ ਵਿੱਚ ਝੂਮਦਾ ਰਿਹਾ।

ਹਵੇਲੀ ਦਾ ਵੱਡਾ ਬੂਹਾ ਗੱਡ ਲੰਘਣ ਜੋਗਾ ਸੀ। ਕਿੱਕਰ ਦੇ ਫੱਟਿਆਂ ਦੇ ਵੱਡੇ-



WWW.SIKHBOOKCLUB.COM 

ਵੱਡੇ ਤਖ਼ਤੇ ਲੱਗੇ ਹੋਏ ਸਨ ਉਹਨੂੰ। ਇਕ ਤਖ਼ਤੇ ਵਿਚ ਛੋਟੀ ਬਾਰੀ ਰੱਖੀ ਹੋਈ ਸੀ, ਜਿਸ ਵਿੱਚ ਦੀ ਨਿਉਂ ਕੇ ਆਦਮੀ ਲੰਘ ਸਕਦਾ ਸੀ। ਵੱਡਾ ਬੂਹਾ ਆਮ ਕਰਕੇ ਢੱਜਾ ਰਹਿੰਦਾ ਸੀ। ਬਾਰੀ ਦਾ ਦਿਨੇ ਕੁੰਡਾ ਖੁੱਲ੍ਹਾ ਰਹਿੰਦਾ, ਪਰ ਤਖ਼ਤਾ ਢੋਇਆ ਹੁੰਦਾ। ਬਾਰੀ ਦਾ ਤਖ਼ਤਾ ਖੁੱਲ੍ਹਾ ਤੇ ਸਾਢੇ ਪੰਜ ਫੁੱਟ ਕੱਦ ਦੀ ਇਕ ਪਤਲੀ ਜੇਹੀ ਮੁਟਿਆਰ ਅੰਦਰ ਦਾਖ਼ਲ ਹੋਈ। ਬੈਠਕ ਵੱਲ ਭੇਤ-ਭਰੀ ਝਾਤੀ ਮਾਰ ਕੇ ਉਹ ਰਵਾਂ-ਰਵੀਂ ਮਾਲ ਵਾਲੇ ਅੰਦਰ ਵੱਲ ਵੱਧ ਗਈ।

"ਆ ਗਈ ? ਵਾਹ ਓ ਪੱਠੀਏ।" ਕਹਿੰਦਾ ਹੋਇਆ ਸਮੁੰਦ ਸਿੰਘ ਉਠ ਕੇ ਉਸ ਪਾਸੇ ਅਹੁਲਿਆ।

"ਉਇ! ਇਹ ਕੌਣ ਈ, ਉਇ।" ਲੱਖਾ ਸਿੰਘ ਨੇ ਉਹਦਾ ਹੱਥ ਫੜ ਕੇ ਅਟਕਾਅ ਲਿਆ।

"ਠਹਿਰ ਜਾ। ਆ ਕੇ ਦੱਸਦਾਂ।" ਓਸੇ ਤਰ੍ਹਾਂ ਨਸ਼ੇ ਵਿਚ ਝੂਮਦਾ ਸਮੁੰਦ ਸਿੰਘ ਮੁਟਿਆਰ ਦੇ ਮਗਰੇ ਤੁਰ ਪਿਆ।

ਦੋ ਮਿੰਟ ਪਿਛੋਂ ਹੀ ਉਹ ਪਰਤ ਆਇਆ। ਆਉਂਦਾ ਉਹ ਕੁਰਸੀ ਉੱਤੇ ਧੜੰਮ ਕਰਦਾ ਡਿੱਗ ਪਿਆ। "ਗੱਲ ਈ ਵਿਗੜ ਗਈ। ਹਰਾਮਦੀ ਨੇ ਔਂਦੀ ਨੇ ਗੋਹੇ ਵਿਚ ਹੱਥ ਲਬੇੜ ਲਏ।" ਉਹਨੇ ਕੁਝ ਅਫ਼ਸੋਸ ਵਿਚ ਸਿਰ ਹਿਲਾ ਕੇ ਕਿਹਾ।

"ਗੋਹੇ 'ਚ ਹੱਥ ਲਬੇੜ ਲਏ ?" ਲੱਖਾ ਸਿੰਘ ਨੇ ਓਹਾ ਸ਼ਬਦ ਦੁਹਰਾ ਕੇ ਪੁੱਛਿਆ, "ਪਰ ਇਹ ਹੈ ਕੌਣ ?"

"ਕੁਝ ਨਾ ਪੁੱਛ। ਸਾਡੇ ਤਾਂ ਤੂੰ ਅੱਜ ਠੂਠੇ 'ਤੇ ਡਾਂਗ ਮਾਰੀ ਏ। ਗਿਆ ਨਾਲ ਤਕਦੀਰ ਦੇ ਭੱਜ ਠੂਠਾ, ਸਾਥੋਂ ਕੀਮਤ ਲੈ ਲੈ ਮੱਟ ਦੀ ਵੇ–ਏ।" ਸਮੁੰਦ ਸਿੰਘ ਨੇ ਕੰਨ 'ਤੇ ਹੱਥ ਰੱਖ ਕੇ ਸੁਰ ਲਾਈ।

"ਓ, ਪਰ ਇਹ ਹੈ ਕੌਣ ?" ਲੱਖਾ ਸਿੰਘ ਨੇ ਫਿਰ ਆਪਣਾ ਸਵਾਲ ਦੁਹਰਾਇਆ।

"ਮੈਂ ਆਖਿਆ, ਮੈਨੂੰ ਕੁਆ ਨਾ। ਮੈਂ ਬੜਾ ਗ਼ੁੱਸੇ ਈ ਤੇਰੇ 'ਤੇ।"

"ਮੇਰੇ 'ਤੇ ਗ਼ੁੱਸੇ ?"

"ਹੋਰ ਤੇਰੇ ਫ਼ਰਿਸ਼ਤਿਆਂ 'ਤੇ ? ਅੱਜ ਉਹ ਪੂਰੀ ਠਾਠ ਨਾਲ ਬਣ-ਠਣ ਕੇ ਆਈ ਸੀ। ਤੈਥੋਂ ਸੰਗਦੀ ਨੇ ਤੋੜ ਕੇ ਜਵਾਬ ਦੇ ਦਿੱਤਾ।"

"ਭਲਾ ਮੈਥੋਂ ਕੇਹੀ ਸੰਗਾ। ਜਾਹੋ, ਮੌਜ ਲੁੱਟੋ।" ਲੱਖਾ ਸਿੰਘ ਨੇ ਬੜੇ ਖੁੱਲ੍ਹੇ ਦਿਲ ਨਾਲ ਆਗਿਆ ਦੇ ਦਿੱਤੀ।

"ਨਹੀਂ। ਹੁਣ ਭਲਕ 'ਤੇ ਗੱਲ ਜਾ ਪਈ।"



WWW.SIKHBOOKCLUB.COM 

"ਪਰ ਇਹ ਹੈ ਕੌਣ ?"

"ਪਿੱਛੇ ਆਪਣਾ ਕਾਮਾ ਹੁੰਦਾ ਸੀ ਨਾ ਘੁੱਦੂ। ਇਹ ਉਹਦੀ ਧੀ ਏ।"

"ਧਰਮ ਨਾਲ!" ਲੱਖਾ ਸਿੰਘ ਨੇ ਹੈਰਾਨੀ ਨਾਲ ਕਿਹਾ।

"ਇਹਦੇ ਵਿੱਚ ਵੀ ਕੋਈ ਝੂਠ ਏ ?"

"ਮੰਨਣ 'ਚ ਨਹੀਂ ਔਂਦੀ ਕਿ ਇਹ ਘੁੱਦੂ ਭੰਗੀ ਦੀ ਧੀ ਏ। ਇਹ ਤਾਂ ਸੁਨਿਆਰੀਆਂ ਨੂੰ ਪਰ੍ਹਾਂ ਕਰਦੀ ਏ ਪਈ।"

"ਵੇਖ ਲੈ ਰੱਬ ਦੇ ਰੰਗ। ਹੈ-ਕੁ ਨਹੀਂ ਚਿੱਕੜ ਵਿੱਚ ਕੌਲ ਫੁੱਲ ਵਾਲੀ ਮਸਾਲ। ਸਾਡੇ ਪਿੰਡ ਦੀ ਜੱਟੀ ਨਹੀਂ ਕੋਈ ਇਹਦੇ ਵਰਗੀ।" ਸਮੁੰਦ ਸਿੰਘ ਨੇ ਉਸ ਦੀ ਤਾਰੀਫ਼ ਕਰਦਿਆਂ ਕਿਹਾ।

"ਜੱਟੀ ਛੱਡਿਆ, ਕਸੂਰ ਦੀਆਂ ਖੋਜਣਾਂ ਨੂੰ ਮਾਤ ਪੌਂਦੀ ਏ ਪਈ।" ਉਸ ਵੇਲੇ ਲੱਖਾ ਸਿੰਘ ਵੇਖੀਆਂ ਹੋਈਆਂ ਸੁੰਦਰ ਇਸਤਰੀਆਂ ਨਾਲ ਉਸ ਦੀ ਤੁਲਨਾ ਕਰ ਰਿਹਾ ਸੀ। "ਵੇਖ ਕੇ ਜਕੀਨ ਕਰੇਗਾ ਕੋਈ ਕਿ ਇਹ ਘੁੱਦੂ ਦੀ ਧੀ ਏ ?"

"ਵਿਚਲੀ ਗੱਲ ਪੁੱਛਦਾ ਏਂ ਤਾਂ ਘੁੱਦੂ ਦਾ ਵੀ ਐਵੇਂ ਨਾਂ ਈ ਏ। ਕੁੜੀ ਤਾਂ ਹੈਗੀ ਏ ਸ਼ੰਗਾਰੇ ਦੀ।"

"ਸ਼ੰਗਾਰਾ ਕੌਣ ?" ਲੱਖਾ ਸਿੰਘ ਉਹਦੇ ਸਾਰੇ ਉੱਢ-ਮੁੱਢ ਦੀ ਪੜਤਾਲ ਕਰਨਾ ਚਾਹੁੰਦਾ ਸੀ।

"ਸੁਣ ਫਿਰ, ਤੂੰ ਸਾਰੀ ਕਹਾਣੀ ਸੁਣ ਕੇ ਈ ਰਹਿਣਾ ਏਂ ਤਾਂ। ਇਹਦੀ ਮਾਂ ਵਾਹਵਾ ਸੋਹਣੀ ਏ। ਇਹਦੇ ਵਰਗੀ ਤਾਂ ਨਹੀਂ, ਪਰ ਜੁਆਨੀ ਵਾਰੇ ਵਾਹਵਾ ਈ ਹੁੰਦੀ ਹੋਵੇਗੀ। ਪੇਕੇ ਘਰ ਈ ਉਹਦੀ ਸੇਪੀਆਂ ਦੇ ਮੁੰਡੇ ਸ਼ੰਗਾਰੇ ਨਾਲ ਗੱਲ-ਬਾਤ ਹੋ ਗਈ। ਸ਼ੰਗਾਰਾ ਓਦੋਂ ਘੁਲਦਾ ਹੁੰਦਾ ਸੀ। ਮੱਖ : ਜਵਾਨ ਸੀ ਕਿ ਵੇਖਿਆਂ ਭੁੱਖ ਲਹਿੰਦੀ ਸੀ। ਏਸ ਕਮਜਾਤ ਨੇ ਜੋਕ ਵਾਂਗ ਨਚੋੜ ਲਿਆ ਉਹਨੂੰ। ਉਹਦੀ ਭਲਵਾਨੀ ਮਿਲ ਗਈ ਘੱਟੇ ਵਿੱਚ ਤੇ ਰਹਿ ਗਿਆ ਸੰਢਿਆਂ ਦੇ ਖੁੱਡੇ ਸੇਕਣ ਜੋਗਾ। ਇਹ ਕੁੜੀ ਨਿਰੀ ਪੁਰੀ ਸ਼ੰਗਾਰੇ 'ਤੇ ਈ।" ਸਮੁੰਦ ਸਿੰਘ ਨੇ ਸਾਰਾ ਇਤਿਹਾਸ ਕਹਿ ਸੁਣਾਇਆ।

"ਤੇ ਤੂੰ ਇਹ ਕਦੋਂ-ਕੁ ਦੀ ਫਾਹ ਲਈ ਏ ?"

"ਅੱਖ-ਮਟੱਕਾ ਤਾਂ ਵਾਹਵਾ ਚਿਰ ਦਾ ਸੀ, ਪਰ ਛੇ ਕੁ ਮਹੀਨਿਆਂ ਦੀ ਆਪਣੀ ਹੋ ਗਈ ਏ। ਸਾਰੇ ਪਿੰਡ ਦੇ ਮੁੰਡੇ ਇਹਦੇ ਮਗਰ ਫਿਰਦੇ ਸੀ। ਸ਼ੇਰ ਦੀ ਬੱਚੀ ਨੇ ਨੇੜੇ ਨਹੀਂ ਢੁਹਣ ਦਿੱਤਾ ਕਿਸੇ ਨੂੰ।"

"ਤੇਰੇ ਕਾਬੂ ਕਿਵੇਂ ਆ ਗਈ ਫਿਰ ?"

"ਓ ਮੈਂ ਇਕ ਗ਼ਲਤੀ ਕਰ ਬੈਠਾ। ਇਕ ਦਿਨ ਹੱਸਦਿਆਂ-ਹੱਸਦਿਆਂ ਮੈਂ



WWW.SIKHBOOKCLUB.COM 

ਆਖਿਆ, "ਰਾਜੋ। ਕਿਸੇ ਜੱਟ ਦੇ ਘਰ ਬਹਿ ਜਾ, ਛੰਗੀਆਂ ਘਰ ਨਹੀਂ ਤੂੰ ਫੱਬਦੀ।" ਅੱਗੋਂ ਆਖਣ ਲੱਗੀ : ਮੂੰਹੋਂ ਗੱਲ ਕੱਢੀ ਊ ਤਾਂ ਫੜ ਮੇਰੀ ਬਾਂਹ। ਪਰ ਮਰਦ ਬਣੀਂ, ਪਿੱਛੋਂ ਨਗੌਲਿਆਂ ਵਾਲੀ ਨਾ ਕਰੀਂ।' ਹੋਣੀ ਸ਼ਾਮਤ ਨੂੰ, ਮੈਂ ਤਿੜੇ-ਤਿੜੇ ਇਹਦੀ ਬਾਂਹ ਫੜ ਲਈ। ਓਸੇ ਦਿਨ ਲੌਢੇ ਵੇਲੇ ਇਹ ਨ੍ਹਾ ਧੋ ਕੇ ਐਥੇ ਮੇਰੇ ਕੋਲ ਆ ਗਈ। ਅਗ੍ਹਾਂ ਤੂੰ ਆਪ ਈ ਸਮਝ ਲੈ। ਹੁਣ ਇਹ ਮੇਰੇ ਮਗਰ ਪਈ ਹੋਈ ਏ, ਅਖੇ : ਮੈਨੂੰ ਖੁੱਲ੍ਹ-ਮ-ਖੁੱਲ੍ਹਾ ਆਪਣੇ ਘਰ ਪਾ ਲੈ। ਦੱਸ, ਮੈਂ ਹੁਣ ਕੀ ਕਰਾਂ ? ਇਕ ਤਾਂ ਪਿੰਡ ਦੀ ਕੁੜੀ, ਦੂਜੀ ਜਾਤੋਂ ਕੁਜਾਤ।"

"ਫੇਰ ਹੁਣ ਸਿੱਧਾ ਹੋ ਕੇ ਸੀਸ ਦਿਹ। ਭੱਜਦਾ ਕਿਉਂ ਏਂ ?"

"ਓ ਯਾਰ, ਸੱਪ ਦੇ ਮੂੰਹ ਕੋਹੜ-ਕਿਰਲੀ ਵਾਲੀ ਗੱਲ ਬਣ ਗਈ ਏ। ਜ਼ਨਾਨੀ ਬੜੀ ਵਧੀਆ ਏ। ਛੱਡਣ ਨੂੰ ਵੀ ਜੀਅ ਨਹੀਂ ਕਰਦਾ, ਤੇ ਉਹਦੀ ਸ਼ਰਤ ਮੰਨਣੀ ਵੀ ਔਖੀ ਏ। ਸੁੱਝਦਾ ਕੁਝ ਨਹੀਂ।"

"ਵੇਖ ਸਮੁੰਦਿਆਂ! ਸਿਆਣਿਆਂ ਆਖਿਆ ਏ, ਸਾਰਾ ਧਨ ਜਾਂਦਾ ਵੇਖੀਏ, ਅੱਧਾ ਦੇਈਏ ਵੰਡ। ਸਾਂਝ ਖ਼ਿਆਲੀ ਮੰਨ ਲੈ ਤੇ ਤੇਰੀ ਮੁਸ਼ਕਲ ਹੱਲ ਕਰ ਦੇਂਦੇ ਆਂ।" ਲੱਖਾ ਸਿੰਘ ਨੇ ਸ਼ਕਾਰੀਆਂ ਵਾਲਾ ਹਾਸਾ ਹੱਸਦਿਆਂ ਕਿਹਾ।

"ਵੇਖ ਉਇ ਸ਼ਾਹ!" ਸਮੁੰਦ ਸਿੰਘ ਨੇ ਬਨਾਉਟੀ ਗੁੱਸੇ ਨਾਲ ਮੱਥੇ ਉੱਤੇ ਵੱਟ ਪਾ ਕੇ ਕਿਹਾ, "ਤੈਨੂੰ ਇਕ ਦਿੱਤੀ ਏ ਕਿ ਸਾਰੇ ਪਿੰਡ ਦੀਆਂ ਕੁੜੀਆਂ ਤਕੌਣ ਦੀ ਖੁੱਲ੍ਹ ਦੇ ਦਿੱਤੀ ਏ ?"

"ਤੇ ਤੈਨੂੰ ਪਿੰਡ ਦੀਆਂ ਕੁੜੀਆਂ ਤਕੌਣ ਦੀ ਖੁੱਲ੍ਹ ਏ ?" ਲੱਖਾ ਸਿੰਘ ਨੇ ਓਸੇ ਤਰ੍ਹਾਂ ਅੱਗੋਂ ਨਹਿਲੇ 'ਤੇ ਦਹਿਲਾ ਮਾਰਿਆ। "ਵੇਖ, ਉਸਤਾਦਾਂ ਨਾਲ ਹੇਰਾ-ਫੇਰੀਆਂ ਨਹੀਂ ਚਲਦੀਆਂ ਹੁੰਦੀਆਂ। ਤੂੰ ਇਹਨੂੰ ਆਪਣੇ ਘਰ ਪਾ ਲੈ। ਫੇਰ ਜੇ ਆਪਾਂ ਅੱਖ ਪੁੱਟ ਕੇ ਵੇਖ ਜਾਈਏ ਤਾਂ ਉਲਾਹਮਾਂ ਦੇਈਂ। ਕਿਸੇ ਸੱਜਣ-ਮਿੱਤਰ ਦੇ ਘਰ ਆਪਾਂ ਕਦੇ ਉੱਚੀ ਅੱਖ ਝਾਕੇ ਤੱਕ ਨਹੀਂ। ਏਸ ਗੱਲੋਂ ਆਪਾਂ ਦੁੱਧ ਧੋਤੇ ਆਂ। ਤੇ ਏਹੋ ਜੇਹਾ ਮਾਲ ਤਾਂ ਆਪਸ ਵਿੱਚ ਵੰਡ-ਵਰਤਿਆਂ ਈਂ ਪਰਦਾ ਏ।"

"ਮੇਰੀ ਆਖਣ ਦੀ ਥਾਂ ਨਹੀਂ, ਤੇ ਮੂੰਹ ਆਈ ਰਹਿੰਦੀ ਵੀ ਨਹੀਂ। ਦੋਹ ਨਾਲ ਤੇਰਾ ਮਨ ਨਹੀਂ ਭਰਿਆ ? ਹੁਣ ਹਰਿਆਲ ਪਸ਼ੂ ਵਾਂਗ ਆਸੇ ਪਾਸੇ ਮੂੰਹ ਮਾਰਨ ਨੂੰ ਲਲਚੌਂਦਾ ਏਂ ਪਿਆ।"

"ਓ ਕਮਲਿਆ! ਘਰ ਦੀਆਂ ਦੋ ਛੱਡ ਕੇ ਭਾਵੇਂ ਚਾਰ ਹੋਣ। ਉਹ ਤਾਂ ਬੱਚੇ ਜਣਨ ਵਾਸਤੇ ਹੁੰਦੀਆਂ ਨੇ। ਸ਼ੌਕੀ ਬੰਦੇ ਦਾ ਮਨ ਤਾਂ ਓਪਰੀ ਨਾਲ ਈ ਪਰਚਦਾ ਏ।" ਲੱਖਾ ਸਿੰਘ ਨੇ ਆਪ ਹੀ ਆਪਣੇ ਚਲਨ ਦੀ ਵਿਆਖਿਆ ਕਰ ਦਿੱਤੀ।

"ਇਹ ਸੋਚ, ਭਲਕੇ ਮਾਪਿਆਂ ਵਿਆਹ ਕੇ ਕਿਸੇ ਹੋਰ ਪਿੰਡ ਤੋਰ ਦਿੱਤੀ ਤਾਂ ਫੇਰ ਕੀ ਕਰੇਂਗਾ?"

"ਏਹਾ ਫ਼ਿਕਰ ਤਾਂ ਖਾਈ ਜਾ ਰਿਹਾ ਏ। ਘੁੱਦੂ ਇਹਦੇ ਵਾਸਤੇ ਘਰ ਲੱਭਦਾ ਫਿਰਦਾ ਏ। ਆਪਣਾ ਕਾਮਾ ਏਂ ਨਾ ਲੱਭੂ। ਘੁੱਦੂ ਇਹਦਾ ਪਿਉ ਏ। ਪੁੰਨ ਦਾ ਸਾਕ ਲੱਭੂ ਵਾਸਤੇ ਲੱਭਦਾ ਨਹੀਂ। ਅੱਖੋਂ ਕਾਣਾ ਜੁ ਹੋਇਆ। ਘੁੱਦੂ ਚਾਹੁੰਦਾ ਏ, ਕਿਤੇ ਵੱਟੇ ਦਾ ਸੂਤਰ ਬਣ ਜਾਵੇ।"

"ਫੇਰ ? ਜਿਹੜੇ ਵੱਟੇ 'ਤੇ ਵਿਆਹ ਕੇ ਲਜਾਣਗੇ, ਉਹ ਇਹਨੂੰ ਏਥੇ ਔਣ ਦਿਆ ਕਰਨਗੇ ? ਤੂੰ ਮਗਰ ਜਾਏਂਗਾ ਤਾਂ ਅਗਲੇ ਮੌਰਾਂ ਸੇਕਣਗੇ। ਏਥੇ ਤਾਂ ਸੋਚ ਸਮਝ ਕੇ ਚਾਲ ਚੱਲਣ ਦੀ ਲੋੜ ਏ। ਜਿਸ ਨਾਲ ਸੱਪ ਵੀ ਮਰ ਜਾਏ ਤੇ ਸੋਟੇ ਦਾ ਵੀ ਕੁਝ ਨਾ ਵਿਗੜੇ।"

"ਫੇਰ ਤੂੰਹੇਂ ਸੋਚ ਕੁਝ।"

"ਆਪਾਂ ਸੋਚ ਲਿਆ ਏ।"

"ਦੱਸ ਫਿਰ।"

"ਮੁਫ਼ਤੋ ਮੁਫ਼ਤ ?" ਆਪਾਂ ਧੰਨੇ ਸ਼ਾਹ ਦੇ ਯਾਰ ਆਂ। ਮੁਫ਼ਤ ਕਿਸੇ ਦਾ ਭਲਾ ਕਰਨਾ ਸਾਡੇ ਸੁਭਾਅ ਦੇ ਉਲਟ ਏ। ਸਾਂਝ-ਖ਼ਿਆਲੀ ਮੰਨ ਲੈ, ਤੇ ਆਪਾਂ ਐਨੇ ਵਿਚ ਸਭ ਕੰਮ ਟਿਚਨ ਕਰ ਦੇਂਦੇ ਆਂ।" ਲੱਖਾ ਸਿੰਘ ਨੇ ਸੱਜੇ ਹੱਥ ਨਾਲ ਚੁਟਕੀ ਵਜਾਉਂਦਿਆਂ ਕਿਹਾ।

"ਉਇ, ਯਾਰਾਂ ਤੋਂ ਵੀ ਵੱਢੀਆਂ ?"

"ਇਹ ਕੋਈ ਅਲੋਕਾਰ ਗੱਲ ਏ ? ਸੁਨਿਆਰੇ ਨੇ ਮਾਂ ਦੇ ਹੱਸ ਵਿਚੋਂ ਸੋਨਾ ਕੱਢ ਲਿਆ ਸੀ।" ਆਪਣੇ ਪੱਖ ਦੀਆਂ ਦਲੀਲਾਂ ਦੇਣੀਆਂ ਲੱਖਾ ਸਿੰਘ ਬਹੁਤ ਜਾਣਦਾ ਸੀ।

"ਹੱਛਾ, ਮਨਜ਼ੂਰ ਭਈ। ਤੂੰ ਆਪਣੀ ਚਾਲ ਦੱਸ।" ਸਮੁੰਦ ਸਿੰਘ ਨੇ ਹਾਰ ਮੰਨ ਲਈ।

"ਝੂਠੀ ਗੱਲ। ਆਪਾਂ ਕੱਚੀਆਂ ਗੋਲੀਆਂ ਨਹੀਂ ਖੇਡੇ ਹੋਏ। ਪਹਿਲਾਂ ਗੱਲ ਬਾਤ ਕਰਾ, ਤੇ ਪੱਕੀ ਗੱਲ-ਬਾਤ। ਫ਼ਿਰ ਆਪਾਂ ਸਭ ਕੁਝ ਦੱਸ ਦਿਆਂਗੇ। ਦੱਸਣ ਦੀ ਕੀ ਗੱਲ, ਸਭ ਕੁਝ ਠੀਕ ਕਰ ਦਿਆਂਗੇ। ਜਦੋਂ ਤੂੰ ਚਾਹਵੇਂ, ਇਹ ਦੋ ਚਾਰ ਦਿਨ ਤੇਰੇ ਕੋਲ ਆ ਜਾਇਆ ਕਰੇਗੀ। ਤੇ ਜਦੋਂ ਤੇਰਾ ਦਿਲ ਕਰੇ, ਭਾਵੇਂ ਤੂੰ ਮਹੀਨਾ ਭਰ ਇਹਦੇ ਕੋਲ ਰਹਿ ਆਇਆ ਕਰੀਂ। ਲੈ, ਮੇਰੇ ਵਲੋਂ ਪੱਕੀ ਊ। ਮੈਂ ਸਭ ਕੁਝ ਸੋਚ ਲਿਆ ਏ।" ਠੀਕ ਹੀ ਲੱਖਾ ਸਿੰਘ ਨੇ ਵਿਉਂਤ ਸੋਚ ਲਈ ਸੀ।

ਦੋਹਾਂ ਯਾਰਾਂ ਵਿੱਚ ਗੱਲ ਪੱਕੀ ਹੋ ਗਈ। ਸਮੁੰਦ ਸਿੰਘ ਬੜੇ ਉਤਸ਼ਾਹ ਨਾਲ ਉੱਠ ਕੇ ਰਾਜੋ ਵੱਲ ਤੁਰ ਪਿਆ। ਅੱਧਾ ਘੰਟਾ ਲਾਇਆ ਉਹਨੇ ਰਾਜੋ ਨੂੰ ਸਮਝਾਉਣ ਵਿਚ। ਅਖ਼ੀਰ ਉਹਨੇ ਏਸ ਗੱਲ 'ਤੇ ਜ਼ੋਰ ਦੇ ਕੇ ਕਿਹਾ, "ਤੂੰ ਭਾਈਏ ਨਾਲ ਗੱਲ ਤਾਂ ਕਰ ਚੱਲ ਕੇ। ਆਪਣੀ ਗੱਲ-ਬਾਤ ਦਾ ਉਹਨੂੰ ਸਾਰਾ ਪਤਾ ਏ। ਜਦ ਉਸ ਤੋਂ ਲੁੱਕਿਆ ਕੁਝ ਨਹੀਂ ਤਾਂ ਫਿਰ ਸੰਗ ਕੇਹੀ। ਵੇਖ, ਉਹਦੀ ਸ਼ਰਤ ਮੰਨ ਲਵੇਂ ਤਾਂ ਆਪਾਂ ਸਾਰੀ ਉਮਰ ਮਿਲਦੇ ਰਹਿ ਸਕਦੇ ਆਂ। ਆ ਤੂੰ। ਉਹ ਤੈਨੂੰ ਮੂੰਹ 'ਚ ਨਹੀਂ ਪਾ ਲੈਂਦਾ। ਉਹਦੀ ਗੱਲ ਸੁਣ। ਅਗ੍ਹਾਂ ਤੇਰਾ ਦਿਲ ਕਰੇਗਾ ਤਾਂ ਮੰਨੀਂ।"

ਬਹੁਤ ਕੁਝ ਸੋਚਣ ਦੇ ਬਾਅਦ ਰਾਜੋ ਬੈਠਕ ਵਿੱਚ ਆ ਗਈ। ਗੋਹੇ ਦਾ ਕੰਮ ਨਿਬੇੜ ਕੇ ਉਹ ਨਲਕੇ ਤੋਂ ਹੱਥ ਮੂੰਹ ਧੋ ਆਈ ਸੀ। ਉਹ ਬੂਹੇ ਦੇ ਅੰਦਰ ਵਾਰ ਤਖ਼ਤੇ ਨੂੰ ਹੱਥ ਪਾ ਕੇ ਖਲੋ ਗਈ।

"ਰਾਜੋ। ਕਿਵੇਂ ਓਪਰਿਆਂ ਵਾਂਗ ਪਿਛਾਂਹ ਈ ਖਲੋ ਗਈ ਏਂ, ਅਗ੍ਹਾਂ ਕੁਰਸੀ 'ਤੇ ਬਹਿ ਜਾਹ।" ਲੱਖਾ ਸਿੰਘ ਨੇ ਪਹਿਲਾਂ ਹੀ ਕੁਰਸੀ ਖ਼ਾਲੀ ਕਰ ਛੱਡੀ ਸੀ। ਆਪ ਉਹ ਲਾਗੇ ਵਿਛੇ ਹੋਏ ਮੰਜੇ ਉੱਤੇ ਬਹਿ ਗਿਆ ਸੀ। "ਸਾਲੀ ਭਣਵੱਈਏ ਦਾ ਤਾਂ ਬੜਾ ਗੂੜ੍ਹਾ ਰਿਸ਼ਤਾ ਹੁੰਦਾ ਏ। ਸਾਲੀ ਅੱਧੋ ਘਰ ਵਾਲੀ ਆਂਹਦੇ ਹੁੰਦੇ ਨੇ।"

"ਸਭ ਝੂਠ। ਗ਼ਰੀਬਾਂ ਨਾਲ ਵੀ ਕਦੇ ਕਿਸੇ ਰਿਸ਼ਤੇ ਨਭਾਏ ਨੇ ?" ਰਾਜੋ ਦੀ ਗੱਲ ਵਿੱਚ ਬੜੀ ਨਿੱਗਰ ਸੱਚਾਈ ਸੀ।

"ਇਕ ਵਾਰ ਅਜ਼ਮਾ ਕੇ ਵੇਖ ਲੈ।" ਲੱਖਾ ਸਿੰਘ ਨੇ ਆਪਣੇ ਸ਼ਬਦਾਂ 'ਤੇ ਜ਼ਰਾ ਜ਼ੋਰ ਦੇ ਕੇ ਕਿਹਾ।

"ਅੱਗੇ ਸਾਲੇ ਨੂੰ ਜੁ ਅਜ਼ਮਾ ਲਿਆ ਏ। ਭਣਵੱਈਆ ਪਿੱਛੇ ਰਹਿ ਗਿਆ ?" ਰਾਜੋ ਦੀ ਅਵਾਜ਼ ਵਿਚ ਬੜਾ ਨਿਹੋਰਾ ਸੀ।

ਸੁਣ ਕੇ ਸਮੁੰਦ ਸਿੰਘ ਨੇ ਨੀਵੀਂ ਪਾ ਲਈ। ਉਹਦੇ ਵਿਚ ਹਿੰਮਤ ਨਹੀਂ ਸੀ ਕਿ ਰਾਜੋ ਦੀ ਗੱਲ ਦਾ ਉੱਤਰ ਦੇ ਸਕਦਾ।

"ਇਹ ਕਮਲਾ ਸੀ। ਇਹਨੇ ਉਹ ਵਾਅਦਾ ਕਰ ਲਿਆ, ਜਿਹੜਾ ਇਹ ਨਿਭਾਅ ਨਹੀਂ ਸੀ ਸਕਦਾ। ਲੱਖਾ ਸੁੰਹ ਜੋ ਮੂੰਹੋਂ ਕੱਢੇਗਾ, ਸਿਰ ਨਾਲ ਨਿਭਾਅ ਦੇਵੇਗਾ। ਤੂੰ ਬਹਿ ਕੇ ਗੱਲ ਸੁਣ। ਦਿਲ ਮੰਨੇਗਾ ਤਾਂ ਮੰਨੀਂ, ਨਹੀਂ ਤਾਂ ਮੈਂ ਤੇਰਾ ਕੁਝ ਲਾਹ ਨਹੀਂ ਲੈਣ ਲੱਗਾ।"

ਲੱਖਾ ਸਿੰਘ ਦੇ ਇਸ਼ਾਰਾ ਕਰਨ ਉੱਤੇ ਰਾਜੋ ਅੱਗੇ ਵੱਧ ਕੇ ਕੁਰਸੀ 'ਤੇ ਬਹਿ ਗਈ।

"ਵੇਖ।" ਲੱਖਾ ਸਿੰਘ ਨੇ ਗੱਲ ਜਾਰੀ ਰੱਖੀ। "ਤੈਨੂੰ ਐਨੀ ਛੋਟੀ ਸਿੱਧਾ ਭੰਗਣੋਂ



WWW.SIKHBOOKCLUB.COM 

ਜੱਟੀ ਕੋਈ ਨਹੀਂ ਉਂ ਬਣਾ ਸਕਦਾ। ਕੋਈ ਜੱਟ ਤੈਨੂੰ ਘਰ ਪੌਣਾ ਮੰਨ ਵੀ ਜਾਵੇ ਤਾਂ ਉਹ ਨਿਰਾ ਭੁੱਖਾ ਨੰਗਾ ਈ ਮੰਨੇਗਾ। ਓਥੇ ਤੂੰ ਸਰਦਾਰਨੀ ਤਾਂ ਕੀ ਬਣਨਾ ਏਂ, ਸਾਰੀ ਉਮਰ ਭੁੱਖੀ ਜ਼ਰੂਰ ਮਰੇਂਗੀ। ਮੇਰੀ ਸ਼ਰਤ ਮੰਨ ਲਵੇਂ ਤਾਂ ਇਕ ਤਾਂ ਤੇਰੀ ਤੇ ਸਮੁੰਦੇ ਦੀ ਦੋਸਤੀ ਬਣੀ ਰਹੇਗੀ। ਦੂਜੇ ਖ਼ਾਣ ਹੰਢੌਣ ਦੀ ਕੋਈ ਭੁੱਖ ਨਹੀਂ ਰਹੇਗੀ। ਗੋਹੇ ਤੋਂ ਤੈਨੂੰ ਬਚਾਅ ਲਵਾਂਗਾ। ਨਾਂ ਨੂੰ ਤੂੰ ਸਰਦਾਰਨੀ ਨਹੀਂ ਬਣ ਸਕੇਂਗੀ, ਪਰ ਸਰਦਾਰਨੀਆਂ ਵਾਲੇ ਸੁੱਖ ਸਾਰੇ ਮਾਣੇਂ ਪਈ। ਵੱਸੇਂਗੀ ਤੂੰ ਮੇਰੇ ਘਰ, ਐਵੇਂ ਨਾਂ ਭਾਵੇਂ ਕਿਸੇ ਹੋਰ ਦਾ ਹੋਵੇ। ਨਾ ਤੈਨੂੰ ਮਾਪਿਆਂ ਨਾਲੋਂ ਈ ਟੁੱਟਣਾ ਪਵੇਗਾ। ਮੈਂ ਬਾਂਹ ਫੜੀ ਦੀ ਲਾਜ ਸਿਰ ਨਾਲ ਨਿਭਾਅ ਦਿਆਂਗਾ। ਕਦੇ ਸਮਾਂ ਆ ਜਾਵੇ ਤਾਂ ਵੱਡੀ ਗੱਲ ਨਹੀਂ, ਤੂੰ ਜੱਟੀ ਵੀ ਬਣ ਜਾਵੇਂ। ਸੁਣਿਆ ਏ, ਉਰਾੜੇ ਦੇ ਅਕਾਲੀਆਂ ਨੇ ਇਕ ਮਜ਼ੁਬਣ ਨੂੰ ਸਿੰਘਣੀ ਸਜਾ ਲਿਆ ਏ। ਉਹ ਹੁਣ ਸਾਰੀਆਂ ਜੱਟੀਆਂ ਨਾਲ ਬਰਾਬਰ ਦਾ ਵਰਤਦੀ ਏ। ਤੂੰ ਸੋਚ ਲੈ ਦਿਲ ਵਿਚ। ਸੱਚੀ ਪੁੱਛਦੀ ਏਂ ਤਾਂ ਮੇਰਾ ਦਿਲ ਤੇਰੇ 'ਤੇ ਆ ਗਿਆ ਏ। ਜੋ ਬੱਤੀਆਂ ਦੰਦਾਂ 'ਚੋਂ ਮੰਗੇਂਗੀ, ਪੂਰਾ ਕਰਾਂਗਾ। ਆ ਲੈ, ਨਵਾਂ ਸੂਟ ਬਣਾ ਲੈ। ਵਿਹੰਦੀ ਕੀ ਏਂ, ਜੱਟੀਓ ਹੀਰਾ ਬਣਾ ਦਿਆਂਗਾ।" ਦੱਸਾਂ ਦਾ ਨੋਟ ਉਹਨੇ ਸਾਹਮਣੇ ਮੇਜ਼ 'ਤੇ ਰੱਖ ਦਿੱਤਾ।

ਕਿੰਨਾ ਚਿਰ ਰਾਜੋ ਨੀਵੀਂ ਪਾਈ ਸੋਚਦੀ ਰਹੀ। ਅੰਤ ਬਿਨਾਂ ਉੱਤਰ ਦਿੱਤੇ ਉਹ ਉਠ ਕੇ ਬਾਹਰ ਨੂੰ ਤੁਰ ਪਈ। ਨੋਟ ਉਹਨੇ ਓਸੇ ਤਰ੍ਹਾਂ ਮੇਜ਼ 'ਤੇ ਪਿਆ ਰਹਿਣ ਦਿੱਤਾ। ਉਹ ਪਥਕਣ ਵੱਲ ਹੋ ਤੁਰੀ। ਉਹਨੇ ਸੁੱਕੀਆਂ ਪਾਥੀਆਂ ਘਰ ਲੈ ਜਾ ਕੇ ਦੇਣੀਆਂ ਸਨ। ਉਹਦੀ ਮਾਂ ਵਾਂਢੇ ਗਈ ਹੋਈ ਸੀ। ਤੀਜੇ ਦਿਨ ਦੀ ਉਹ ਇਕੱਲੀ ਗੋਹਾ ਕੂੜਾ ਕਰਨ ਆਉਂਦੀ ਸੀ।

ਲੱਖਾ ਸਿੰਘ ਦਾ ਇਸ਼ਾਰਾ ਪਾ ਕੇ ਸਮੁੰਦ ਸਿੰਘ ਉਹਦੇ ਮਗਰੇ ਗਿਆ। ਉਹਨੇ ਮੱਲੋ-ਮੱਲੀ ਨੋਟ ਰਾਜੋ ਦੇ ਹੱਥ ਵਿੱਚ ਦੇ ਦਿੱਤਾ। "ਵੇਖ ਰਾਜੋ! ਤੇਰਾ ਕੁਝ ਵਿਗੜ ਨਹੀਂ ਚੱਲਿਆ। ਭਾਈਆ ਰਾਜਾ ਜੱਟ ਏ। ਆਪਾਂ ਉਹਨੂੰ ਨਰਾਜ਼ ਨਹੀਂ ਕਰਨਾ। ਤੂੰ ਅੱਜ ਦਾ ਦਿਨ ਸੋਚ ਲੈ। ਜੇ ਤੇਰੇ ਦਿਲ ਆਵੇ, ਭਲਕੇ ਦੱਸ ਦੇਈਂ।" ਸਮੁੰਦ ਸਿੰਘ ਉਹਨੂੰ ਪੱਕੀਆਂ ਕਰਦਾ ਮੁੜ ਆਇਆ।

ਸਾਰੀ ਰਾਤ ਰਾਜੋ ਸੋਚਦੀ ਰਹੀ। 'ਉਰਾੜੇ ਦੀ ਭੰਗਣ, ਜੱਟਾਂ ਨੇ ਅੰਮ੍ਰਿਤ ਛਕਾ ਕੇ ਜੱਟੀ ਬਣਾ ਲਈ। ਹੁਣ ਉਹ ਇਕ ਜੱਟ ਦੇ ਘਰ ਵੱਸਦੀ ਏ। ਸਾਰੇ ਜੱਟ ਉਹਦੇ ਹੱਥਾਂ ਦਾ ਖਾਂਦੇ ਪੀਂਦੇ ਨੇ। ਖਵਰੇ.....ਖਵਰੇ.....ਕਿਸੇ ਦਿਨ.....ਭਾਗ ਜਾਗਣ, ਤਾਂ ਮੈਂ ਵੀ.....ਮੈਨੂੰ ਵੀ ਲੱਖਾ ਸੁਹ.....ਪੁੱਜਦੇ ਬੰਦੇ ਅੱਗੇ ਕੀ ਗੱਲ ਏ। ਭਾਵੇਂ ਦਸ ਦਿਨ ਈ ਸਰਦਾਰਨੀ ਬਣ ਕੇ ਵੇਖ ਲਈਏ। ਆਹ ਰੂਪ.....ਆਹ ਜੁਆਨੀ।' ਤੇ ਉਹਨੇ ਫ਼ੈਸਲਾ

ਕਰ ਲਿਆ। ਅਗਲੇ ਦਿਨ ਉਹਨੇ ਆਪਣਾ ਆਪ ਲੱਖਾ ਸਿੰਘ ਦੇ ਹਵਾਲੇ ਕਰ ਦਿੱਤਾ।

## ੧੮

"ਲੈ ਉਇ ਛੁੱਡਿਆ! ਅੱਜ ਈ ਵਾਹੀ ਦਾ ਸੁਆਦ!" ਕੱਥੂ ਨੇ ਗੱਲ ਸ਼ੁਰੂ ਕਰਨ ਵਜੋਂ ਕਿਹਾ।

"ਫ਼ਿਕਰ ਨਾ ਕਰ। ਆਪਾਂ ਡੋਲਦੇ ਨਹੀਂ।" ਛੁੱਡੇ ਨੇ ਅੱਗੋਂ ਬੜੇ ਹੌਸਲੇ ਨਾਲ ਉੱਤਰ ਦਿੱਤਾ।

ਮਾਘ ਦਾ ਪਹਿਲਾ ਪੱਖ ਸੀ। ਸਰਦੀ ਆਪਣੇ ਭਰ ਜੋਬਨ 'ਤੇ ਸੀ। ਮੀਂਹ ਪੈ ਰਿਹਾ ਸੀ। ਬੜਾ ਤੇਜ਼ ਠੱਕਾ ਵਗ ਰਿਹਾ ਸੀ। ਪਤਲੇ ਬਿਰਛ ਝੁਕ-ਝੁਕ ਕੇ ਧਰਤੀ ਨੂੰ ਨਮਸਕਾਰ ਕਰ ਰਹੇ ਸਨ। ਸਾਹਮਣੇ ਆਕੜਨ ਵਾਲੇ ਰੁੱਖਾਂ ਦੇ ਟਾਹਣ ਟੁੱਟ-ਟੁੱਟ ਕੇ ਡਿੱਗ ਰਹੇ ਸਨ। ਕਈ ਮੁੱਢੋਂ ਉਖੜ ਕੇ ਧਰਤੀ 'ਤੇ ਆ ਪਏ ਸਨ। ਬੱਦਲਾਂ ਨੇ ਹਨੇਰੀ ਰਾਤ ਨੂੰ ਹੋਰ ਡਰਾਉਣੀ ਬਣਾ ਦਿੱਤਾ ਸੀ। ਅਜੇਹੇ ਭਿਆਨਕ ਸਮੇਂ ਕੱਥੂ ਤੇ ਛੁੱਡਾ ਖੇਤ ਨੂੰ ਤੁਰੇ ਜਾ ਰਹੇ ਸਨ। ਕੱਥੂ ਦੇ ਹੱਥ ਵਿੱਚ ਜਗਦੀ ਲਾਲਟੈਣ ਸੀ। ਹਵਾ ਦੇ ਬੁੱਲੇ ਨਾਲ ਸ਼ੀਸ਼ੇ ਦੇ ਪਰਦੇ ਅੰਦਰ ਵੀ ਉਹਦੀ ਲੋਅ ਕੰਬ ਰਹੀ ਸੀ। ਕਦੇ ਉਹਦਾ ਚਾਨਣ ਡੰਡੀ 'ਤੇ ਪੈਂਦਾ ਤੇ ਕਦੇ ਸਗੋਂ ਹੋਰ ਹਨੇਰੇ ਨੂੰ ਗੂੜ੍ਹਾ ਕਰ ਦੇਂਦਾ। ਚਾਨਣ ਪਿਛੋਂ ਹਨੇਰਾ ਸਦਾ ਸੰਘਣਾ ਹੋਇਆ ਕਰਦਾ ਹੈ।

ਤੇ ਦੋਵੇਂ ਕਾਮੇ ਠੇਡੇ ਖਾਂਦੇ, ਸੰਭਲਦੇ, ਵੱਟਾਂ ਤੋਂ ਬਚਦੇ ਤੁਰੇ ਜਾ ਰਹੇ ਸਨ। ਅਜੇਹੇ ਸਮੇਂ ਅੰਦਰ ਗਰਮ ਸੇਤਾਂ ਵਿੱਚ ਸੁੱਤੇ ਹੋਏ ਲੋਕ ਬੁੱਕਲ 'ਚੋਂ ਬਾਹਰ ਮੂੰਹ ਕੱਢਣ ਦਾ ਹੀਆ ਨਹੀਂ ਸਨ ਕਰ ਸਕਦੇ। ਪਾਲਾ ਆਹੰਦਾ ਸੀ, ਮੈਂ ਅੱਜੇ ਹੀ ਹਾਂ। ਮਾਘ, ਮੀਂਹ ਤੇ ਠੱਕਾ, ਪੰਜਾਬ ਦੇ ਮੈਦਾਨ ਹਿਮਾਲੇ ਦੀ ਚੋਟੀ ਬਣੇ ਹੋਏ ਸਨ। ਉਹ ਦੋਵੇਂ ਫਿਰ ਵੀ ਤੁਰੇ ਜਾ ਰਹੇ ਸਨ। ਦੋਹਾਂ ਨੇ ਤੂੜੀ ਢੋਣ ਵਾਲੇ ਭੂਰਿਆਂ ਦੇ ਝੁੰਬ ਮਾਰੇ ਹੋਏ ਸਨ। ਦੋਹਾਂ ਦੇ ਹੱਥਾਂ ਵਿੱਚ ਛੇ-ਛੇ ਫੁੱਟ ਲੰਮੀਆਂ ਡਾਂਗਾਂ ਤੇ ਮੋਢਿਆਂ ਉੱਤੇ ਕਹੀਆਂ ਸਨ। ਕੱਥੂ ਦੇ ਪੈਰੀਂ ਠਿਬਕਣੀ ਜੁੱਤੀ ਸੀ, ਜਿਸ ਨੂੰ ਕਈ ਥਾਵਾਂ 'ਤੇ ਗੰਢ ਲੱਗੇ ਹੋਏ ਸਨ। ਉਹ ਇਤਿਹਾਸਕ ਜੁੱਤੀ ਵਾਰ-ਵਾਰ ਮੋਚੀ ਦੀ ਸੇਵਾ ਪ੍ਰਾਪਤ ਕਰਦੀ ਹੋਈ ਵੀ ਕਿਤੋਂ ਨਾ ਕਿਤੋਂ ਟੁੱਟੀ ਹੀ ਰਹਿੰਦੀ ਸੀ। ਛੁੱਡੇ ਦੀ ਜੁੱਤੀ ਕੁਝ ਖਾਸ ਨਮੂਨੇ ਦੀ ਹੁੰਦੀ ਸੀ। ਉਹ ਨਵੀਂ ਤੇ ਪੁਰਾਣੀ ਇਕੋ ਜੇਹੀ ਹੀ ਜਾਪਦੀ ਸੀ। ਸਭ ਤੋਂ ਵੱਡਾ ਸੁੱਖ ਉਹਦਾ ਇਹ ਸੀ ਕਿ ਉਹਦੇ ਚੁਰਾਏ ਜਾਣ ਦਾ ਕੋਈ ਖ਼ਤਰਾ ਨਹੀਂ ਸੀ। ਉਹ ਭਾਵੇਂ ਦਸ ਦਿਨ ਸੁੰਞੀ

ਪਈ ਰਹੇ, ਕੋਈ ਦੁੱਧ ਪੁੱਤ ਵਾਲਾ ਉਹਦੇ ਵੱਲ ਬੁਰੀ ਨਜ਼ਰ ਨਾਲ ਵੇਖਣ ਦਾ ਹੀਆ ਨਾ ਕਰਦਾ। ਇਹ ਵੀ ਇਕ ਵਿਸ਼ੇਸ਼ਤਾ ਹੈ।

ਦੋਵੇਂ ਤੁਰੇ ਜਾ ਰਹੇ ਸਨ, ਕਿਉਂਕਿ ਅੱਜ ਉਹਨਾਂ ਦੇ ਪਾਣੀ ਦੀ ਵਾਰੀ ਸੀ। ਹਾਂ, ਪਾਣੀ ਦੀ ਵਾਰੀ ਉਹਨਾਂ ਦੀ ਸੀ, ਭਾਵੇਂ ਪਾਣੀ ਨਾਲ ਪੈਦਾ ਹੋਣ ਵਾਲੇ ਅਨਾਜ ਦਾ ਮਾਲਕ ਲੱਖਾ ਸਿੰਘ ਸੀ। ਨਹਿਰੀ ਪਾਣੀ ਦੀਆਂ ਵਾਰੀਆਂ ਪੱਕੀਆਂ ਬੱਝੀਆਂ ਹੋਈਆਂ ਸਨ। ਵੰਡ ਇਹ ਸੀ ਕਿ ਹਰ ਘਰ ਦੀ ਵਾਰੀ ਆਪਸ ਵਿਚ ਦਿਨ ਰਾਤ ਬਦਲ ਕੇ ਆਇਆ ਕਰਦੀ। ਲੱਖਾ ਸਿੰਘ ਤੇ ਨੰਬਰਦਾਰ ਇਕੋ ਘਰਾਣਾ ਸਨ। ਦੋਹਾਂ ਘਰਾਂ ਦੀ ਵਾਰੀ ਸਾਂਝੀ ਸੀ। ਪਿਛਲੀ ਵਾਰੀ ਲੱਖਾ ਸਿੰਘ ਦੀ ਦਿਨੇ ਆਈ ਸੀ। ਇਹ ਵਾਰੀ ਉਹਨਾਂ ਰਾਤ ਦੇ ਦਸ ਵਜੇ ਤੋਂ ਲਾਉਣੀ ਸੀ। ਵਾਰਾ-ਬੰਦੀ ਦਾ ਸਹਿਕਵਾਂ ਪਾਣੀ ਛੱਡਿਆ ਨਹੀਂ ਸੀ ਜਾ ਸਕਦਾ। ਦਰਿਆ ਵਿਚ ਪਾਣੀ ਘੱਟ ਹੋਣ ਕਰਕੇ ਮਹੀਨੇ ਵਿਚ ਸਿਰਫ਼ ਚੌਦਾਂ ਦਿਨ ਨਹਿਰ ਵੱਗਦੀ ਸੀ। ਜਿਹੜੀਆਂ ਕਣਕਾਂ ਇਸ ਵਾਰੀ ਤਰ ਗਈਆਂ, ਉਹ ਕੁਝ ਦੇ ਜਾਣਗੀਆਂ, ਬਾਕੀਆਂ ਨੇ ਮਾਮਲਾ ਵੀ ਪੂਰਾ ਨਹੀਂ ਕਰਨਾ। ਅਨੋਖਾ ਵਪਾਰ ਹੈ ਵਾਹੀ ਵੀ। ਕੁਝ ਰੱਬ ਦੇ ਆਸਰੇ, ਕੁਝ ਹਾਕਮਾਂ ਦੇ ਆਸਰੇ। ਕਿਸੇ ਲਾਗਤ-ਬਾਜ਼ੀ ਜਾਂ ਅਣਗਿਹਲੀ ਦੇ ਕਾਰਨ ਹਾਕਮ ਸੂਏ ਦੇ ਦਹਾਨੇ ਵਿੱਚ ਕੜੀਆਂ ਵੱਧ ਸੁੱਟ ਦੇਣ ਤਾਂ ਜ਼ਿਮੀਂਦਾਰ ਦੇ ਭਾਅ ਦਾ ਬਿਨਾਂ ਬੱਦਲੋਂ ਗੜਾ ਪੈ ਗਿਆ। ਇਸ ਵਾਸਤੇ ਨਹਿਰੀ ਕਰਮਚਾਰੀਆਂ ਦੀ ਪੂਜਾ ਜੱਟ ਨੂੰ ਇੰਦਰ ਦੇਵਤਾ ਸਮਝ ਕੇ ਕਰਨੀ ਪੈਂਦੀ ਹੈ।

"ਹੈਂ ? ਏਧਰ ਕਿਧਰ ਤੁਰ ਪਿਆ ਏਂ ਰਾਹ ਛੱਡ ਕੇ।" ਡੁੱਡੇ ਨੇ ਅਗਲੇ ਸਾਥੀ ਤੋਂ ਕੁਝ ਹੈਰਾਨ ਹੋ ਕੇ ਪੁੱਛਿਆ।

"ਸਹੁਰੀ ਦਿਆ! ਸਾਹਮਣੇ ਫਰਾਂਹ ਨਹੀਂ ਦੀਹਦੇ ? ਹਨ੍ਹੇਰੀ ਦੇ ਬੁੱਲ੍ਹੇ ਨਾਲ ਕੋਈ ਉੱਤੇ ਆ ਪਿਆ ਤਾਂ ਦਿਨ ਚੜ੍ਹਦੇ ਨੂੰ ਅੱਧੀ-ਅੱਧੀ ਲੋਥ ਗਿਦੜਾਂ ਖਾ ਜਾਣੀ ਏਂ। ਫਰਾਂਹ ਦੇ ਥੱਬੇ-ਥੱਬੇ ਜਿੱਡੇ ਟਾਹਣ ਮਾੜੇ ਜੇਹੇ ਬੁੱਲ੍ਹੇ ਨਾਲ ਕੜੱਕ ਕਰਕੇ ਆ ਪੈਂਦੇ ਨੇ। ਤੇ ਐਸ ਹਨ੍ਹੇਰੀ ਅੱਗੇ ਤਾਂ ਪਹਾੜ ਨਹੀਂ ਠੰਗ ਸਕਦੇ। ਐਹੋ ਜੇਹੇ ਵੇਲੇ ਸਾਂਮ੍ਹੀ ਨੇ ਆਖਿਆ ਸੀ, 'ਜਾਟ ਕੀ ਜੂਨ ਨਾ ਪਾਇਓ ਰੇ, ਜਾਟ ਕੀ ਜੂਨ ਬੁਰੀ।' ਤੂੰ ਅੱਜ ਬਚ ਗਿਓਂ ਤਾਂ ਫੇਰ ਨਹੀਂ ਲਈਦਾ।"

ਕੱਥੂ ਡੁੱਡੇ ਨਾਲੋਂ ਉਮਰੋਂ ਵੱਡਾ ਸੀ। ਉਹਦਾ ਰੁਤਬਾ ਵੀ ਉਚੇਰਾ ਸੀ। ਉਹ ਅਗਲਾ ਹਾਲੀ ਸੀ ਤੇ ਡੁੱਡਾ ਪਿਛਲਾ। ਫਿਰ ਕੱਥੂ ਨੂੰ ਤੇਰਾਂ ਸਾਲ ਹੋ ਗਏ ਸਨ ਹਲ ਵਾਹੁੰਦਿਆਂ, ਤੇ ਡੁੱਡੇ ਨੂੰ ਅਜੇ ਦਸਵਾਂ ਜਾ ਰਿਹਾ ਸੀ। ਇਸ ਵਾਸਤੇ ਕੱਥੂ ਡੁੱਡੇ ਨੂੰ



WWW.SIKHBOOKCLUB.COM 

ਚੰਗੀ ਮਾੜੀ ਆਖ ਲੈਣਾ ਆਪਣਾ ਹੱਕ ਸਮਝਦਾ ਸੀ। ਡੁੱਡਾ ਉਸ ਦੇ ਇਸ ਅਧਿਕਾਰ ਉੱਤੇ ਕੋਈ ਇਤਰਾਜ਼ ਵੀ ਨਹੀਂ ਸੀ ਕਰਦਾ।

ਫਰਾਹਵਾਂ ਤੋਂ ਡਰਦੇ ਉਹ ਸੱਜੇ ਹੱਥ ਹੋ ਕੇ ਖਲੋਤੀ ਫ਼ਸਲ ਵਿੱਚ ਦੀ ਲੰਘੇ। ਤਿੰਨ ਪੈਲੀਆਂ ਡਾਂਡੇ-ਮੀਂਡੇ ਜਾ ਕੇ ਉਹ ਫਿਰ ਰਾਹੇ ਪੈ ਗਏ। ਪੈਰ-ਪੈਰ 'ਤੇ ਖ਼ਤਰਾ ਮਹਿਸੂਸ ਕਰਕੇ ਉਹਨਾਂ ਦੇ ਦਿਲ ਧੜਕ ਰਹੇ ਸਨ, ਪਰ ਉਹ ਤੁਰਨੋਂ ਰੁਕ ਨਹੀਂ ਸਨ ਸਕਦੇ।

ਇਕੋ ਵਾਰ ਬੱਦਲ ਗੜ੍ਹਕਿਆ ਤੇ ਬੇਰਾਂ ਜਿੱਡੇ ਮੋਟੇ ਗੜਿਆਂ ਦਾ ਸੰਘਣਾ ਛਾਣਾ ਆਇਆ।

"ਲੈ ਉਇ ਡੁੱਡਿਆ! ਅੱਜ ਮੋਏ ਆਪਾਂ ਕੁੱਤੇ ਦੀ ਮੌਤੇ।" ਕੱਥੂ ਨੇ ਮੌਤ ਦਾ ਭੈਅ ਮਹਿਸੂਸ ਕਰਦਿਆਂ ਕਿਹਾ।

"ਏਡਿਆਂ-ਏਡਿਆਂ ਨਾਲ ਆਪਾਂ ਨਹੀਂ ਮਰਦੇ, ਮੋਟੇ ਨਾ ਹੋ ਜਾਣ। ਸੁਣਿਆਂ ਏਂ, ਪਿਛਲੇ ਮਹੀਨੇ ਮੁਕਸਰ ਵੱਲ ਰੋਟੀ ਦੇ ਪੇੜੇ-ਪੇੜੇ ਜਿੱਡੇ ਪਏ ਨੇ।" ਸੇਉ ਬੇਰ ਜਿੱਡੇ ਗੜੇ ਵੇਖਣ ਵਾਲੇ ਨੇ ਉਹਨਾਂ ਨੂੰ ਕੁਕੜੀ ਦੇ ਆਂਡਿਆਂ ਜਿੱਡੇ ਬਣਾ ਦਿੱਤਾ ਸੀ। ਡੁੱਡੇ ਨੇ ਅਗ੍ਹਾਂ ਉਹਨਾਂ ਨੂੰ ਰੋਟੀ ਦੇ ਪੇੜੇ ਜਿੱਡੇ ਆਖ ਦਿੱਤਾ।

"ਕਹੀ ਰੱਖ ਲੈ ਉਇ, ਸਿਰ 'ਤੇ, ਨਹੀਂ ਤਾਂ ਟੋਟਣ ਵਿੱਚ ਮੋਰੀ ਹੋ ਜਾਊਗੀ।" ਕੱਥੂ ਨੇ ਬਚਾਉ ਦੀ ਵਿਉਂਤ ਸੋਚ ਲਈ।

"ਮੇਰੀ ਕੋਈ ਗੱਲ ਨਹੀਂ। ਤੂੰ ਆਪਣਾ ਬਚਾਅ ਕਰ। ਜੀਹਦੀ ਨੱਥ-ਵਾਲੀ ਨੇ ਪਿਛੋਂ 'ਹੈ ਵੇ ਲਾੜਿਆ' ਆਖ ਕੇ ਰੋਣਾ ਏਂ।" ਕਿਸੇ-ਕਿਸੇ ਵੇਲੇ ਡੁੱਡਾ ਵੀ ਆਏ ਵੱਤਰ 'ਤੇ ਟਕੋਰ ਕਰ ਲਿਆ ਕਰਦਾ ਸੀ।

"ਫ਼ਿਕਰ ਨਾ ਕਰ ਪੁੱਤਰਾ। ਐਸ ਹਾੜ੍ਹੀ ਤੋਂ ਸਰਦਾਰ ਤੇਰਾ ਵੀ ਤੋੜਾ ਭਰ ਦੇਵੇਗਾ। ਉਹ ਤੋਪੇ ਭਰਨ ਨੂੰ ਤਕੜਾ ਏ। ਇਕੋ ਗੱਲ ਏ ਕਿ ਜਿਉਂਦੇ-ਜੀ ਉਹਦਾ ਕਰਜ਼ਾ ਨਹੀਂ ਸਿਰੋਂ ਲਹਿੰਦਾ। ਸੂਬੇ ਵਾਂਗ ਮਰਨ ਪਿਛੋਂ ਈ ਖਲਾਸੀ ਹੁੰਦੀ ਏ। ਸੁਣਿਆ ਏਂ, ਉਹ ਵੀ ਸਰਦਾਰਨੀ ਦੇ ਮੇਹਰ ਪਈ ਏ। ਜੇ ਸਰਦਾਰ ਸੂਬੇ ਦੀ ਥਾਂ ਬਹਾਲੀ ਦਾ ਅੰਗੂਠਾ ਲੁਆ ਲੈਂਦਾ ਤਾਂ ਕਰਜ਼ਾ ਉਸ ਤੋਂ ਵੀ ਨਹੀਂ ਸੀ ਲਹਿਣਾ।" ਕੱਥੂ ਨੇ ਕੁਝ ਉਦਾਸ ਸੁਰ ਵਿਚ ਕਿਹਾ। ਉਹਦੇ ਵਿਆਹ ਦਾ ਕਰਜ਼ਾ ਵੀ ਹਰ ਸਾਲ ਕੁਝ ਵੱਧ ਹੀ ਰਿਹਾ ਸੀ।

"ਆਪਾਂ ਕਦੇ ਹਸਾਬ ਈ ਨਹੀਂ ਕੀਤਾ। ਯਾਰਾਂ ਦੇ ਮੰਨੀਆਂ ਈ ਖਾਣੀਆਂ ਨੇ। ਹੋਰ ਕਿਹੜਾ ਗਰੀਬਾਂ ਧਨ ਜੋੜਨਾ ਏਂ। ਤੇ ਜਿੰਨਾ ਚਿਰ ਚਾਚੀ ਜਿਉਂਦੀ ਏ, ਰੋਟੀ ਤੋਂ

ਨਹੀਂ ਮਰਨ ਦੇਂਦੀ। ਲੀੜੇ ਲੱਤੇ ਦਾ ਉਂਞ ਕੋਈ ਫ਼ਿਕਰ ਨਹੀਂ। ਨ੍ਹਾਮੇ ਦਾ ਉਤਾਰ ਮੇਰੇ ਜੋਗਾ ਤੇ ਸ਼ਾਮੋ ਦਾ ਗੀਲ੍ਹੋ ਤੋਂ ਨਹੀਂ ਮੁਕਦਾ।" ਛੱਡੇ ਨੇ ਪੂਰੀ ਬੇਫ਼ਿਕਰੀ ਨਾਲ ਸਿਰ ਹਿਲਾਉਂਦਿਆਂ ਕਿਹਾ।

"ਹਰਾਮੀਆਂ। ਸਾਡੇ ਤਾਂ ਨਵਿਆਂ ਨਾਲੋਂ ਤੇਰੇ ਪੁਰਾਣੇ ਚੰਗੇ ਹੁੰਦੇ ਨੇ। ਕਿਤੇ ਝੁੱਲਾ ਚੁੱਕਾ ਵਿਹੜੇ ਵਿੱਚ ਧੂੰਏਂ 'ਤੇ ਆ ਬਹੇ, ਤਾਂ ਸਾਡੇ ਵਿੱਚ ਬੈਠਾ ਤੂੰ ਸਰਦਾਰ ਜਾਪਦਾ ਏਂ। ਇਕ ਪੈਰਾਂ ਦੀ ਕਜ ਤੈਨੂੰ ਲਈ ਜਾਂਦੀ ਏ।" ਭਾਵੇਂ ਸਰਦਾਰਾਂ ਦਾ ਉਤਾਰ ਹੀ ਸਨ, ਫਿਰ ਵੀ ਛੱਡੇ ਦੇ ਲੀੜਿਆਂ ਵੱਲ ਵੇਖ ਕੇ ਕੱਥੂ ਆਪਣੇ ਅੰਦਰ ਈਰਖਾ ਮਹਿਸੂਸ ਕਰ ਰਿਹਾ ਸੀ।

"ਨਾ, ਉਂਞ ਤਾਂ ਆਪਾਂ—ਤੇਰੇ ਆਖਣ ਵਾਂਗ—ਚੰਦ ਵਰਗੇ ਆਂ। ਆਹ ਐਵੇਂ ਪੈਰਾਂ ਦੀ ਕਜ ਏ ਮਾੜੀ ਜੇਹੀ, ਨਹੀਂ ਤਾਂ ਚਾਲ ਮੋਰ ਵਰਗੀ ਤੁਰਦੇ ਆਂ। ਮਾੜੀ ਜੇਹੀ ਅੱਖ ਟੀਰੀ ਏ, ਜਾਂ ਮੂੰਹ ਚਿੱਥਾ ਏ, ਨਹੀਂ ਤਾਂ ਆਪਾਂ ਕਿਹੜੇ ਸ਼ਾਹ ਬੰਗ੍ਰਮ ਨਾਲੋਂ ਘੱਟ ਆਂ।" ਜੋ ਕਿਸੇ ਨੇ ਵਿਅੰਗ ਕੱਸਣਾ ਸੀ, ਛੱਡੇ ਨੇ ਆਪਣੇ ਆਪ ਹੀ ਕਹਿ ਦਿੱਤਾ।

"ਹਰਾਮੀ ਨੂੰ ਕਿੰਨੀਆਂ ਗੱਲਾਂ ਔਣ ਲੱਗ ਪਈਆਂ ਨੇ। ਢਿੱਡ ਭਰਨ ਲੱਗ ਪਿਆ ਏ ਨਾਂ।" ਕੱਥੂ ਨੇ ਕੁਝ ਹੱਸਦਿਆਂ-ਹੱਸਦਿਆਂ ਕਿਹਾ।

"ਫਿਰ ਤੂੰ ਸਿਆਣਾ ਏਂ ਨਾ। ਉਦਣ ਉਹ ਬੋਹੜ ਹੇਠਾਂ ਗਾਉਂਦਾ ਸੀ, ਰੱਜ ਖਾਣ ਦੀਆਂ ਸਭੇ ਮਸਤੀਆਂ ਨੇ।" ਛੱਡੇ ਨੇ ਸੁਣੀ-ਸੁਣਾਈ ਅੱਧੀ ਪੰਗਤੀ ਦੁਹਰਾਈ। "ਅਗ੍ਹਾਂ ਪੈਰ ਵੀ ਪੁੱਟੀ ਚੱਲ, ਕਿ ਰਾਹ ਵਿੱਚ ਈ ਦਸ ਵਜਾ ਦੇਣੇ ਈਂ।"

ਪੰਜ ਕੁ ਮਿੰਟ ਵਹ੍ਹ ਕੇ ਗੜੇ ਖਲੋ ਗਏ, ਪਰ ਉਹ ਨਹੀਂ ਖਲੋਤੇ। ਵਾਹੀਵਾਨ ਕਾਮਾ ਕਿਵੇਂ ਰੁਕ ਸਕਦਾ ਹੈ ? ਰੁਕਣਾ, ਖਲੋਣਾ ਜਾਂ ਸਾਹ ਲੈਣਾ ਉਹਦੇ ਭਾਗਾਂ ਵਿੱਚ ਨਹੀਂ।

ਸਵੇਰੇ ਉਠਦਿਆਂ ਪਹਿਲਾਂ ਦੋਹਾਂ ਨੇ ਪੱਠੇ ਵੱਢੇ ਸਨ। ਤਰੇਲ ਨਾਲ ਗੜੁੱਚ ਹੋਈ ਸੇਂਜੀ ਤੇ ਮੇਣਾ, ਵੱਢਦਿਆਂ ਪਾਲੇ ਨਾਲ ਹੱਥ ਸੌਂ-ਸੌਂ ਜਾਂਦੇ ਸਨ। ਹਵਾ ਵਗਣ ਦੇ ਕਾਰਨ ਕੁਝ ਦਿਨਾਂ ਤੋਂ ਸਰਦੀ ਬਹੁਤ ਵੱਧ ਗਈ ਸੀ। ਤਿੰਨ ਚਾਰ ਦਿਨ ਤੋਂ ਖਾਲਾਂ ਵਿੱਚ ਖਲੋਤੇ ਪਾਣੀ ਉੱਤੇ ਦੋ-ਦੋ ਸੂਤ ਮੋਟੀ ਬਰਫ਼ ਜੰਮ ਜਾਂਦੀ ਸੀ। ਫ਼ਸਲਾਂ ਸਾਰੀਆਂ ਸਵੇਰੇ ਕੋਰੇ ਨਾਲ ਚਿੱਟੀਆਂ ਹੋਈਆਂ ਹੁੰਦੀਆਂ ਸਨ। ਰੂੜੀਆਂ ਤੇ ਰਾਹਾਂ ਵਿੱਚ ਪਏ ਕੱਖਾਂ ਉੱਤੇ ਜਿਵੇਂ ਕਿਸੇ ਆਟਾ ਧੂੜਿਆ ਹੁੰਦਾ ਸੀ। ਪੁੱਜਦੇ ਲੋਕ ਦਸ ਵਜੇ ਤੱਕ ਰਜ਼ਾਈਆਂ ਵਿਚੋਂ ਬਾਹਰ ਪੈਰ ਨਹੀਂ ਸਨ ਕੱਢਦੇ। ਏਹੋ ਜੇਹੇ ਮੌਸਮ ਵਿੱਚ ਉਹਨਾਂ ਦੋਹਾਂ ਨੇ ਦਸਾਂ ਪਸ਼ੂਆਂ ਜੋਗੇ ਪੱਠੇ ਵੱਢੇ ਸਨ। ਉਹਨਾਂ ਗੱਢ ਲੱਦ ਕੇ ਹਵੇਲੀ ਵਿੱਚ ਲਿਆ ਖਲ੍ਹਾਰੀ।

"ਉਇ, ਬਹਾਲੀ ਦੇ ਬੱਚੇ। ਅੱਗ ਬਾਲ ਉਇ, ਨਹੀਂ ਤਾਂ ਅਸੀਂ ਗਿਓ ਈ।" ਕੱਥੂ ਨੇ ਖੜਕਵੀਂ ਸੁਰ ਵਿੱਚ ਹੁਕਮ ਕੀਤਾ ਸੀ। ਹਰ ਵੱਡਾ ਆਪ ਤੋਂ ਛੋਟੇ ਉੱਤੇ ਹੁਕਮ ਚਲਾਉਣਾ ਆਪਣਾ ਜਮਾਂਦਰੂ ਹੱਕ ਸਮਝਦਾ ਹੈ।

ਇਹ ਉਹਨਾਂ ਦੀ ਮੁਸ਼ੱਕਤ ਦਾ ਆਰੰਭ ਸੀ। ਰੋਟੀ ਖਾ ਕੇ ਫਿਰ ਦੋਹਾਂ ਨੇ ਓਸ ਕਣਕ ਉੱਤੇ ਕੱਲਰ ਦਾ ਛੱਟਾ ਮਾਰਿਆ ਸੀ, ਜਿਸ ਨੂੰ ਅੱਜ ਪਾਣੀ ਲਾਉਣਾ ਸੀ। ਅੱਜ ਵਰਗੀਆਂ ਰਸਾਇਣਕ ਖਾਦਾਂ ਅਜੇ ਨਹੀਂ ਸਨ ਨਿਕਲੀਆਂ। ਫਿਰ ਵੀ ਮਿਹਨਤੀ ਜੱਟ ਫ਼ਸਲਾਂ ਤੋਂ ਵਧੇਰੇ ਝਾੜ ਲੈਣ ਵਾਸਤੇ ਬਥੇਰਾ ਕੁਝ ਕਰਦੇ ਸਨ। ਪਸ਼ੂਆਂ ਦੀ ਰੂੜੀ ਪਾ ਕੇ ਦਸ-ਦਸ ਸੀਆਂ ਲਾਉਣੀਆਂ ਪੈਲੀ ਨੂੰ। ਲਹੂ ਪਾਣੀ ਇਕ ਹੋ ਜਾਣਾ। ਲੱਖਾ ਸਿੰਘ ਨੇ ਨਸੀਹਤ ਵਜੋਂ ਕਾਮਿਆਂ ਨੂੰ ਕਹਿਣਾ, 'ਬਾਪੂ ਹੁਰੀ ਆਹੰਦੇ ਹੁੰਦੇ ਸਨ : ਧਰਤੀ ਮਾਤਾ ਕੋਲੋਂ ਕੁਝ ਲੈਣਾ ਚਾਹੁੰਦੇ ਓ ਤਾਂ ਘੱਟ ਤੋਂ ਘੱਟ ਦਸ ਸੀਆਂ ਜ਼ਰੂਰ ਲਾਓ, ਤੇ ਪੰਜ ਛੇ ਵਾਰ ਸੁਹਾਗਾ ਫੇਰੋ। ਸਿਆਣਿਆਂ ਆਖਿਆ ਏ, ਸੌ ਸੀਂ ਤੇ ਇਕ ਸੁਹਾਗਾ। ਕੰਨ ਉੱਤੇ ਬੇਲ ਕਰਕੇ ਦੂਹਰਾ ਸੁਹਾਗਾ ਮਾਰੋ। ਮਿੱਟੀ ਮੈਦੇ ਵਰਗੀ ਕਰ ਦਿਹੋ। ਡਲੀ ਦਾ ਕਿਤੇ ਨਸ਼ਾਨ ਨਾ ਰਹੇ। ਇਕ ਬੰਨੇ ਤੋਂ ਦੂਜੀ ਵੱਟ ਤੱਕ ਧੂੰਧਲ ਸੁਹਾਗੇ ਦੇ ਅੱਗੇ ਭੱਜੀ ਜਾਏ। ਕਿਸੇ ਆਖਿਆ ਸੀ, ਖਲੋ ਖਲੋਤੇ ਸਿਰ ਤੋਂ ਪਾਣੀ ਦਾ ਭਰਿਆ ਮੱਘਾ ਵਾਹਣ ਵਿੱਚ ਸੁੱਟ ਦਿਹੋ। ਪਾਣੀ ਛੁਲਕ ਕੇ ਬਾਹਰ ਨਾ ਨਿਕਲੇ ਤਾਂ ਸਮਝੋ ਪੈਲੀ ਬਣੀ ਏਂ ਕਣਕ ਬੀਜਣ ਵਾਲੀ। ਪਰ ਸਭ ਤੋਂ ਪਹਿਲਾਂ ਗੱਫ ਕਨਾਲ ਦੀ ਰੂੜੀ ਜ਼ਰੂਰੀ ਪਾਈ ਹੋਵੇ। ਫਿਰ ਪੁੱਜ ਆਵੇ ਤਾਂ ਤਰੇਲੀ ਹੋਈ ਗਿਠ-ਗਿਠ ਜਿੱਡੀ ਕਣਕ ਉੱਤੇ ਕੱਲਰ ਦਾ ਛਾਣਾ ਮਾਰ ਦਿਹੋ। ਫਿਰ ਭਲਾ ਝਾੜ ਕਿਵੇਂ ਨਾ ਦੇਵੇ ? ਦਾਨਾਵਾਂ ਦਾ ਕੌਲ ਏ : 'ਕਿਸਮਤ ਜਾਏ, ਪਰ ਵਾਹ ਨਾ ਜਾਏ।'

ਤੇ ਲੱਖਾ ਸਿੰਘ ਦਾਨਾਵਾਂ ਦੇ ਇਹਨਾਂ ਉਪਦੇਸ਼ਾਂ ਉੱਤੇ ਪੂਰੀ ਤਰ੍ਹਾਂ ਅਮਲ ਕਰਨ ਦਾ ਯਤਨ ਕਰਦਾ ਸੀ। ਸਭ ਤੋਂ ਪਹਿਲਾਂ ਮਸਲਾ ਸੀ ਰੂੜੀ ਦਾ। ਆਪੋ ਆਪਣੇ ਪਸ਼ੂਆਂ ਦੀ ਰੂੜੀ ਸਾਰੇ ਖੇਤਾਂ ਨੂੰ ਪੂਰੀ ਨਹੀਂ ਸੀ ਆਉਂਦੀ। ਲੱਖਾ ਸਿੰਘ ਨੇ ਇਕ ਹੋਰ ਤਜਵੀਜ਼ ਸੋਚ ਲਈ। ਗ਼ਰੀਬਾਂ ਦੇ ਘਰਾਂ ਦੀ ਸਾਂਝੀ ਰੂੜੀ ਉਹ ਠੇਕੇ 'ਤੇ ਲੈ ਲੈਂਦਾ। ਗ਼ਰੀਬਾਂ ਦੇ ਸਾਰੇ ਹੀ ਘਰ ਦਿਹ-ਸ਼ਾਮਲਾਤ ਵਿੱਚ ਸਨ। ਉਹਨਾਂ ਨੂੰ ਆਪਣੇ ਘਰਾਂ ਵਿੱਚ ਸਿਰਫ਼ ਵੱਸਣ ਦਾ ਹੱਕ ਹਾਸਲ ਸੀ। ਥਾਂ ਦੇ ਅਸਲੀ ਮਾਲਕ ਪਿੰਡ ਦੇ ਜ਼ਿਮੀਂਦਾਰ ਸਨ। ਗ਼ਰੀਬਾਂ ਦੇ ਘਰਾਂ ਵਿੱਚ ਉੱਗੇ ਦਰੱਖ਼ਤਾਂ ਤੇ ਰੂੜੀ ਘੱਟੇ ਉੱਤੇ ਜ਼ਿਮੀਦਾਰਾਂ ਦਾ ਹੀ ਹੱਕ ਸੀ। ਸਾਂਝੀ ਰੂੜੀ ਦਾ ਠੇਕਾ ਹੁੰਦਾ ਤਾਂ ਉਸ ਰਕਮ ਦੇ ਮਾਲਕ ਵੀ ਪਿੰਡ ਦੇ ਜ਼ਿਮੀਂਦਾਰ ਹੁੰਦੇ।

ਵਾਹੀ ਵਿੱਚ ਰੂੜੀ ਢੋਣਾ ਵੀ ਬੜਾ ਕਠਨ ਕੰਮ ਹੁੰਦਾ ਹੈ। ਭਾਦਰੋਂ ਦਾ ਹੁੱਸੜ ਤੇ



WWW.SIKHBOOKCLUB.COM 

ਸਾਰੀ-ਸਾਰੀ ਰਾਤ ਰੂੜੀ ਢੋਂਦਿਆਂ ਲੰਘ ਜਾਣੀ। ਦੱਬੀ ਹੋਈ ਰੂੜ੍ਹੀ—ਖ਼ਾਸ ਕਰ ਜੇ ਚੰਗੇ ਗੋਹੇ ਦੀ ਹੋਵੇ—ਫੋਲਣ ਨਾਲ ਵਿੱਚੋਂ ਟਾਟਾ ਦੀਆਂ ਲੋਹੇ ਦੀਆਂ ਭੱਠੀਆਂ ਵਰਗਾ ਸੇਕ ਆਉਂਦਾ ਹੈ। ਕਿਸੇ ਬਦਕਿਸਮਤ ਨੂੰ ਰੂੜ੍ਹੀ ਦਾ ਤਾਅ ਲੱਗ ਜਾਏ ਤਾਂ ਉਸ ਰੋਗ ਦਾ ਸਾਰੀ ਉਮਰ ਕੋਈ ਦਾਰੂ ਨਹੀਂ। ਬਾਕੀ ਗੱਲ ਰਹੀ ਰੂੜ੍ਹੀ ਚੁੱਕਦਿਆਂ ਮੁੜ੍ਹਕਾ ਲਿਆਉਣਾ, ਪਿੰਡੇ ਉੱਤੇ ਸਿਰ ਤੋਂ ਪੈਰਾਂ ਤੱਕ ਉਸ ਦਾ 'ਪਾਊਡਰ' ਪੈਣਾ ਤੇ ਫਿਰ ਦੱਬੀ ਹੋਈ ਰੂੜੀ ਵਿੱਚੋਂ ਉੱਠਣ ਵਾਲੀ ਦਮਾਗ਼ ਨੂੰ ਮਦਹੋਸ਼ ਕਰਨ ਵਾਲੀ 'ਸੁਗੰਧੀ', ਇਹਨਾਂ ਗੱਲਾਂ ਨੂੰ ਉਹ ਕਾਮੇ ਮਹਿਸੂਸ ਹੀ ਨਹੀਂ ਸਨ ਕਰਦੇ।

ਕੱਥੂ ਤੇ ਡੁੱਡੇ ਨੇ ਇਹ ਸਾਰੀਆਂ ਮਨਜ਼ਲਾਂ ਤੈ ਕੀਤੀਆਂ ਸਨ। ਉਹਨਾਂ ਦੀ ਅਗੇਤਰੀ ਕਣਕ ਇਸ ਵੇਲੇ ਗਿੱਠ-ਗਿੱਠ ਹੋਈ ਖੜੀ ਸੀ।

"ਪੁੱਤਰੋ। ਬੇਹ 'ਤੋਂ ਕੱਲਰ ਲਿਆ ਕੇ ਮਾੜਾ ਜੇਹਾ ਛਾਣਾ ਮਾਰ ਦਿਹੋ ਤਾਂ ਕਣਕ ਸਵਾਈ ਹੋ ਜਾਏ।" ਲੱਖਾ ਸਿੰਘ ਨੇ ਹਦਾਇਤ ਕੀਤੀ ਸੀ।

ਪਿੱਛਲੇ ਦਿਨ ਉਹ ਬੇਹ ਤੋਂ ਕੱਲਰ ਦੀ ਗੱਡ ਲੱਦ ਕੇ ਲਿਆਏ ਸਨ। ਪੱਠੇ ਵੱਢਣ ਤੋਂ ਪਿੱਛੋਂ ਦੋਹਾਂ ਨੇ ਕਣਕ ਉੱਤੇ ਕੱਲਰ ਦਾ ਛਾਣਾ ਮਾਰਿਆ ਸੀ। ਗੋਡਿਆਂ ਤੱਕ ਉਹਨਾਂ ਦੀਆਂ ਲੱਤਾਂ ਤਰੇਲ ਨਾਲ ਭਿੱਜ ਕੇ ਸੌਂ ਗਈਆਂ ਸਨ।

ਡੁੱਡਿਆ, ਅੱਗ ਬਾਲ ਉਇ। ਮੈਂ ਗਿਓ ਈ।" ਕੱਥੂ ਨੇ ਵੱਟ 'ਤੇ ਬਹਿ ਕੇ ਪੈਰਾਂ ਨੂੰ ਹੱਥਾਂ ਨਾਲ ਮਲਦਿਆਂ ਕਿਹਾ ਸੀ। ਉਹਦੇ ਪੈਰ ਅਸਲੋਂ ਸੁੰਨ ਹੋ ਗਏ ਸਨ।

"ਡੁੱਡੇ ਨੇ ਮੱਛੀਆਂ ਪਾਈਆਂ ਹੋਈਆਂ ਨੇ ? ਮੇਰੇ ਪੈਰ ਨਹੀਂ ਠਰੇ ?" 'ਜੁਰਾਬਾਂ' ਤਾਂ ਪੜ੍ਹਿਆਂ ਲਿਖਿਆਂ ਦਾ ਸ਼ਬਦ ਹੈ। ਅਨਪੜ੍ਹ ਪੇਂਡੂ 'ਮੱਛੀਆਂ' ਹੀ ਆਖਦੇ ਸਨ।

"ਹਰਾਮੀਆਂ। ਤੇਰੇ ਪੈਰ ਤਾਂ ਪੱਥਰ ਦੇ ਨੇ। ਨਾ ਇਹ ਠਰਨ ਨਾ ਸੜਨ, ਛੇਤੀ ਕਰ।"

ਡੁੱਡਾ ਹੁਣ ਬਰਾਬਰ ਦਾ ਹਾਲੀ ਸੀ। ਕਿਸੇ ਕੰਮੋਂ ਉਹ ਕੱਥੂ ਵਲੋਂ ਮਾੜਾ ਨਹੀਂ ਸੀ। ਇਸ ਕਰਕੇ ਹੁਣ ਉਹ ਅੱਗੋਂ ਗੱਲਾਂ ਕਰਨ ਦਾ ਹੌਸਲਾ ਕਰ ਲੈਂਦਾ ਸੀ, ਪਰ ਕੰਮ ਕਰਨੋਂ ਨਾਂਹ ਕਦੇ ਨਹੀਂ ਸੀ ਕਰਦਾ।

ਡੁੱਡੇ ਨੇ ਅੱਗ ਬਾਲੀ। ਦੋਹਾਂ ਨੇ ਹੱਥ ਪੈਰ ਸੇਕੇ ਤਾਂ ਕੁਝ ਜਾਨ ਵਿੱਚ ਜਾਨ ਆਈ। ਦਿਨ ਦੇ ਬਾਰਾਂ ਵੱਜ ਗਏ ਸਨ, ਪਰ ਉਹਨਾਂ ਦਾ ਕੰਮ ਅਜੇ ਮੁੱਕਿਆ ਨਹੀਂ ਸੀ। ਦੋ ਘੜੀਆਂ ਲੰਮੇ ਪੈ ਕੇ ਲੱਕ ਸਿੱਧਿ ਕਰਨ ਦਾ ਉਹਨਾਂ ਕੋਲ ਸਮਾਂ ਨਹੀਂ ਸੀ। ਫੇਰ ਉਹ ਕਹੀਆਂ ਫੜ ਕੇ ਮੂੰਹੋਂ ਬੰਨ੍ਹਣ ਤੁਰ ਗਏ।

ਨੰਬਰਦਾਰਾਂ ਦਾ ਪਾਣੀ ਅਗਲੇ ਖੇਤ ਲੱਗਾ ਹੋਇਆ ਸੀ। ਉਹ ਖੇਤ ਪਿੰਡ ਤੋਂ

ਲਗਭਗ ਦੋ ਮੀਲ ਦੂਰ ਸੀ। ਓਥੋਂ ਲੈ ਕੇ ਆਪਣੇ ਛੰਭ ਵਾਲੇ ਖੇਤ ਤੱਕ ਉਹਨਾਂ ਸਾਰੇ ਮੂੰਹੇ ਬੰਨ੍ਹਣੇ ਸਨ। ਇਹ ਕੰਮ ਸੰਭਾਲਦਿਆਂ ਉਹਨਾਂ ਨੂੰ ਬਾਹਰ ਹੀ ਦਿਨ ਛਿਪ ਗਿਆ। ਸੂਰਜ ਨੇ ਭਾਵੇਂ ਦਸ ਘੰਟਿਆਂ ਵਿੱਚ ਦਿਨ ਦਾ ਸਫ਼ਰ ਮੁਕਾ ਲਿਆ ਸੀ, ਪਰ ਕੱਖੂ ਤੇ ਛੁੱਡੇ ਨੂੰ ਕਾਰੇ ਲੱਗਿਆਂ ਬਾਰਾਂ ਘੰਟੇ ਹੋ ਗਏ ਸਨ।

ਹੁਣ ਉਹਨਾਂ ਦੀ ਰਾਤ ਦੀ ਸ਼ਿਫਟ ਸ਼ੁਰੂ ਹੋ ਗਈ। ਸ਼ਿਫਟ ਬਦਲ ਗਈ, ਪਰ ਕਾਮੇ ਉਹਾ ਰਹੇ। ਪਹਿਲਾਂ ਉਹਨਾਂ ਖੁਰਲੀਆਂ ਵਿੱਚ ਪੱਠੇ ਪਾ ਕੇ ਪਸ਼ੂ ਅੰਦਰ ਬੰਧੇ ਤੇ ਫੇਰ ਰੋਟੀ ਖਾ ਕੇ ਖੇਤ ਨੂੰ ਤੁਰ ਪਏ।

ਛੁੱਡਾ ਵਾਗੀ ਹੁੰਦਾ ਸੀ, ਤਾਂ ਏਹੋ ਜਿਹਾ ਉਤਲਾ ਪੁਤਲਾ ਸਾਰਾ ਕੰਮ ਕਰ ਛੱਡਿਆ ਕਰਦਾ ਸੀ, ਪਰ ਬਹਾਲੀ ਖਚਰੇਟ ਸੀ, ਉਹ ਮਾਲ ਛੱਡਣ ਵੇਲੇ ਘਰੋਂ ਆਉਂਦਾ ਤੇ ਸ਼ਾਮ ਨੂੰ ਪਸ਼ੂਆਂ ਨੂੰ ਕਿੱਲਿਆਂ 'ਤੇ ਅੜਾਅ ਕੇ ਖਿਸਕਣ ਦੀ ਕਰਦਾ। ਰਾਤ ਦੀ ਰੋਟੀ ਵੀ ਉਹਦੀ ਮਾਂ ਲੈਣ ਆਉਂਦੀ।

ਰਾਤ ਦੇ ਦਸ ਵਜੇ ਉਹਨਾਂ ਵਰ੍ਹਦੇ ਮੀਂਹ ਵਿੱਚ ਜਾ ਪਾਣੀ ਬੱਧਾ। ਆਪਣੇ ਪਾਸੇ ਮੂੰਹਾਂ ਵੱਢ ਕੇ ਦੂਜੇ ਪਾਸੇ ਬੰਦੀ ਪਾਉਂਦਿਆਂ ਉਹ ਪੂਰੀ ਤਰ੍ਹਾਂ ਪਾਣੀ ਵਿੱਚ ਗੜੁੱਚ ਹੋ ਗਏ। ਏਸ ਗੱਲ ਨਾਲ ਉਹਨਾਂ ਨੂੰ ਬਹੁਤ ਫ਼ਰਕ ਨਾ ਪਿਆ। ਮੀਂਹ ਨੇ ਹੀ ਉਹਨਾਂ ਦਾ ਕੋਈ ਲੀੜਾ ਸੁੱਕਾ ਨਹੀਂ ਸੀ ਰਹਿਣ ਦਿੱਤਾ। ਮੀਂਹ ਤੋਂ ਬਚਾਉਣ ਵਾਸਤੇ ਲਏ ਹੋਏ ਬੂਰੇ ਹੁਣ ਸਿਰ 'ਤੇ ਭਾਰ ਬਣ ਗਏ ਸਨ, ਪਰ ਉਹ ਲਾਹ ਕੇ ਕਿਤੇ ਸੁੱਟੇ ਵੀ ਨਹੀਂ ਸਨ ਜਾ ਸਕਦੇ।

"ਲੈ ਭਈ ਛੁੱਡਿਆ! ਪਿਛਾਂਹ ਮੋਘੇ ਤੱਕ ਫੇਰਾ ਮਾਰ ਆ। ਦਹਾਨੇ ਵਿੱਚ ਸੋਟਾ ਫੇਰ ਕੇ ਵੇਖੀਂ ਚੰਗੀ ਤਰ੍ਹਾਂ। ਇਕ ਵੇਰਾਂ ਅਰਜਣ ਸੂੰਹ ਦੀ ਵਾਰੀ, ਕਿਤੇ ਰੁੜ੍ਹਦਾ ਬੂਝਾ ਆ ਕੇ ਮੋਘੇ ਵਿੱਚ ਫਸ ਗਿਆ, ਤੇ ਉਹਦੇ ਕਾਮੇ ਸੂਆ ਸੁੱਕ ਗਿਆ ਸਮਝ ਕੇ ਵੱਟ 'ਤੇ ਸਿਰ ਧਰ ਕੇ ਸੌਂ ਗਏ। ਦਿਨੇ ਸਾਰਾ ਪਿੰਡ ਉਹਨਾਂ ਨੂੰ ਟਿਚਰਾਂ ਕਰੇ। ਤੂੰ ਵੀ ਉਹਨਾਂ ਵਾਲੀ ਨਾ ਕਰੀਂ। ਧੁਰ ਮੋਘੇ ਤੱਕ ਅਪੜੀਂ। ਜਾਹ, ਬੀਬਾ ਪੁੱਤ ਛਾਲ ਮਾਰ ਕੇ।" ਕੱਖੂ ਨੇ ਭੇਡ ਵਜੋਂ ਕਿਹਾ, ਨਹੀਂ ਤਾਂ ਬਰਾਦਰੀ ਦੇ ਪੱਖੋਂ ਉਹ ਦੋਵੇਂ ਭਰਾ ਲੱਗਦੇ ਸਨ।

ਛੁੱਡਾ ਪਿਛਾਂਹ ਮੋਘੇ ਵੱਲ ਤੁਰ ਗਿਆ ਤੇ ਕੱਖੂ ਪਾਣੀ ਦੇ ਨਾਲ-ਨਾਲ ਖੇਤ ਵੱਲ। ਪਾਣੀ ਦੇ ਨਕਾਸ ਦੇ ਨਾਲ ਅੱਗੇ-ਅੱਗੇ ਲੱਗ ਕੇ ਨਸਣ ਵਾਲੇ ਕੱਖ ਇਕੱਠੇ ਹੋ ਕੇ ਕਈ ਥਾਈਂ ਅੜਿੱਕਾ ਖੜਾ ਕਰ ਦੇਂਦੇ। ਕੱਖੂ ਸੋਟੇ ਦੇ ਆਸਰੇ ਨਾਲ ਉਹ ਅੜਾਣੇ ਖਾਲ ਵਿੱਚੋਂ ਬਾਹਰ ਕੱਢਦਾ ਜਾਂਦਾ। ਪੂਰਾ ਇਕ ਘੰਟਾ ਲੱਗ ਗਿਆ ਪਾਣੀ ਨੂੰ ਛੰਭ ਵਾਲੇ ਖੇਤ ਤੱਕ ਪਹੁੰਚਦਿਆਂ। ਬੰਧਿਆਂ ਮੂੰਹਿਆਂ 'ਤੇ ਪਾਣੀ ਪੈਲੀ ਵਿੱਚ ਆ ਪਿਆ। ਖਾਲ ਭਰ ਗਿਆ ਤਾਂ ਕੱਖੂ ਨੇ ਸਾਹਮਣੇ ਮੱਥੇ ਦੀ ਬੰਦੀ ਦੇ ਦੂਸਰੇ ਪਾਸੇ ਲਾਲਟੈਣ

ਨੀਂਵੀਂ ਕਰਕੇ ਝਾਤੀ ਮਾਰੀ। ਨਵੀਂ ਬੱਧੀ ਬੰਦੀ ਵਿਚਦੀ ਦੋ ਥਾਵਾਂ ਤੋਂ ਸੀਰ ਪੈ ਰਹੀ ਸੀ। ਕੱਥੂ ਨੇ ਸਿਰ ਦਾ ਭੂਰਾ ਲਾਹ ਕੇ ਰੱਖ ਦਿੱਤਾ ਤੇ ਜੁੱਤੀ ਲਾਹ ਕੇ ਪਾਣੀ ਵਿੱਚ ਉਤਰ ਗਿਆ। ਉਹਨੇ ਅੰਦਰੋਂ ਪੈਰਾਂ ਨਾਲ ਨੱਪ-ਨੱਪ ਕੇ ਫਿਰ ਪੁੱਠੀ ਕਹੀ ਨਾਲ ਸਾਰੀ ਬੰਦੀ ਸੁਆਰ ਕੇ ਪੋਚ ਦਿੱਤੀ।

"ਹੁਣ ਪਲ ਦਾ ਪਲ ਅੱਗ ਸੇਕਣ ਨੂੰ ਮਿਲ ਜਾਂਦੀ ਤਾਂ।" ਕੱਥੂ ਨੇ ਪਾਣੀ ਚੋਂ ਬਾਹਰ ਨਿਕਲ ਕੇ ਆਪਣੇ ਆਪ ਨੂੰ ਕਿਹਾ। ਕੋਲ ਸਾਥ ਨਾ ਹੋਵੇ ਤਾਂ ਕਈ ਵਾਰ ਆਦਮੀ ਆਪਣੇ ਆਪ ਨਾਲ ਗੱਲਾਂ ਕਰਕੇ ਹੀ ਮਨ ਨੂੰ ਢਾਰਸ ਦੇ ਲੈਂਦਾ ਹੈ।

"ਮੀਂਹ ਵਾਲੇ ਵੀ ਅੱਜ ਰੜਖੇਡ ਬਣਾ ਛੱਡੀ ਏ। ਐਵੇਂ ਚੋਆ-ਚੋਆ ਮੂਤਣ ਛਿਹਾ ਹੋਇਆ ਏ, ਜਿਵੇਂ ਦਖੂਤਰਾ ਲੱਗਾ ਹੋਵੇ। ਜਾਂ ਖੁੱਲ੍ਹ ਕੇ ਵਰ, ਜਾਂ ਬੱਸ ਕਰ ਜਾਹ। ਮਗਰੋਂ ਲਹੇ, ਕਿਤੇ ਅੱਗ ਬਾਲ ਕੇ ਸੇਕੀਏ।" ਇਹ ਜਾਣਦਿਆਂ ਹੋਇਆਂ ਵੀ, ਕਿ ਕਿਤੋਂ ਸੁੱਕਾ ਕੱਖ ਨਹੀਂ ਮਿਲਣਾ, ਕੱਥੂ ਅੱਗ ਸੇਕਣ ਦੀ ਲਾਲਸਾ ਕਰ ਰਿਹਾ ਸੀ।

ਉਹਨਾਂ ਦੋਹਾਂ ਕਾਮਿਆਂ ਦੀ ਰਾਤ ਕਿਵੇਂ ਬੀਤੀ ਤੇ ਉਹ ਕਿੰਨੀ ਕੁ ਔਖੀ ਸੀ, ਕੋਈ 'ਅਨੁਭਵ' ਇਸ ਦਾ ਉੱਤਰ ਨਹੀਂ ਦੇ ਸਕਦਾ। ਕੇਵਲ ਓਹਾ ਅੰਦਾਜ਼ਾ ਲਾ ਸਕਦਾ ਹੈ, ਜਿਸ ਨੇ ਆਪ ਇਹ ਜੀਵਨ ਜਿਉਂ ਕੇ ਵੇਖਿਆ ਹੋਵੇ। ਮੀਂਹ ਵਧੇਰੇ ਨਹੀਂ ਸੀ ਪਿਆ, ਪਰ ਕਿਣਮਿਣ ਸਾਰੀ ਰਾਤ ਹੁੰਦੀ ਰਹੀ। ਗੜਾ ਇਕ ਦੋ ਵਾਰ ਛੱਰ੍ਹਾਟੇ ਵਾਂਗ ਲਹਿ ਕੇ ਹਟ ਗਿਆ। ਏਨੇ ਨਾਲ ਸਰਦੀ ਵਿੱਚ ਹੋਰ ਵਾਧਾ ਹੋ ਗਿਆ। ਤੇਜ਼ ਹਵਾ ਸਾਰੀ ਰਾਤ ਇਕ ਸਾਰ ਰਹੀ। ਹਵਾ ਕਾਹਦੀ, ਝੱਖੜ ਜਾਂ ਹਨ੍ਹੇਰੀ ਕਹਿਣਾ ਹੀ ਫਬਦਾ ਹੈ। ਘੁਲਿਆ ਹੋਇਆ ਬੱਦਲ ਸਾਰੇ ਅੰਬਰ ਨੂੰ ਢੱਕੀ ਬੈਠਾ ਸੀ। ਕਾਲੀ ਰਾਤ ਇਸ ਨਾਲ ਹੋਰ ਡਰਾਉਣੀ ਹੋ ਗਈ ਸੀ। ਗੋਡਿਆਂ ਤੱਕ ਪੈਰ ਸੁੰਨ ਹੋ ਗਏ ਸਨ। ਬਾਹਰਲੇ ਪਾਸੇ ਮਾੜੀ ਮੋਟੀ ਚੂੰਢੀ ਵੱਢਿਆਂ ਪਤਾ ਨਹੀਂ ਸੀ ਲੱਗਦਾ। ਇਉਂ ਭਾਸਦਾ ਸੀ, ਜਿਵੇਂ ਰਗਾਂ ਵਿੱਚ ਵਗਦਾ ਗਰਮ ਲਹੂ ਜੰਮ ਕੇ ਬਰਫ਼ ਬਣ ਗਿਆ ਹੋਵੇ। ਫਿਰ ਪਾਣੀ ਤੋਂ ਬਾਹਰ ਪੈਰ ਕੱਢਿਆਂ ਵਧੇਰੇ ਤਕਲੀਫ਼ ਹੁੰਦੀ ਸੀ। ਵੱਗਦਾ ਪਾਣੀ ਬਾਹਰ ਦੀ ਹਵਾ ਨਾਲੋਂ ਕੁਝ ਗਰਮ ਜਾਪਦਾ ਸੀ। ਬਾਹਰ ਨਿਕਲ ਕੇ ਸੁੱਕੀ ਥਾਂ 'ਤੇ ਤੁਰਨ ਨਾਲ ਇਉਂ ਲੱਗਦਾ ਸੀ, ਜਿਵੇਂ ਥੱਲਿਓਂ ਪੈਰਾਂ ਵਿੱਚ ਕੱਚ ਦੀਆਂ ਕੰਕਰਾਂ ਚੁੱਭ ਰਹੀਆਂ ਹੋਣ। ਇਹ ਕਸ਼ਟ ਪਾਂਡਵਾਂ ਦੇ ਹਿਮਾਲਾ ਦੀ ਬਰਫ਼ ਵਿੱਚ ਜਿਉਂਦੇ ਗਲਨ ਨਾਲੋਂ ਘੱਟ ਨਹੀਂ ਸੀ। ਏਸੇ ਵਾਸਤੇ ਵਾਹੀਵਾਨ ਨੂੰ ਸੰਸਾਰ ਦਾ 'ਅੰਨ-ਦਾਤਾ' ਕਿਹਾ ਜਾਂਦਾ ਹੈ, ਆਪ ਭਾਵੇਂ ਉਹ ਭੁੱਖਾ ਹੀ ਰਹੇ।

ਦਿਨ ਚੜ੍ਹਦੇ ਨਾਲ ਹਵਾ ਤੇ ਹਨ੍ਹੇਰੀ ਦੋਵੇਂ ਰੁਕ ਗਈਆਂ। ਧੋਤੇ ਹੋਏ ਅੰਬਰ ਦੀ ਕੁੱਖ ਵਿੱਚੋਂ ਸੂਰਜ ਦੇਵਤਾ ਜਨਮਿਆ। ਉਸ ਦੀਆਂ ਟੇਢੀਆਂ ਕਿਰਨਾਂ ਨ੍ਹਾ-ਧੋ


WWW.SIKHBOOKCLUB.COM

ਬੈਠੀਆਂ ਫ਼ਸਲਾਂ ਨਾਲ ਖੇਡਣ ਲੱਗੀਆਂ। ਮਿੱਠੀ-ਮਿੱਠੀ ਨਿੱਘ ਸਰਦੀ ਦਾ ਟਾਕਰਾ ਕਰਨ ਲੱਗੀ। ਆਹਲਣਿਆਂ 'ਚੋਂ ਨਿਕਲ ਕੇ ਪੰਛੀ ਵੀ ਚਹਿਕਣ ਲੱਗੇ। ਉੱਦਮੀ ਤੇ ਆਲਸੀ, ਸਾਰੇ ਹੀ ਜੁੱਲਿਆਂ 'ਚੋਂ ਬਾਹਰ ਆ ਗਏ।

ਬਸੰਤ ਕੌਰ ਨਿੱਤ ਵਾਂਗ ਅੱਜ ਵੀ ਪਹਿਰ ਦੇ ਤੜਕੇ ਉੱਠੀ ਸੀ। ਪਹਿਲਾਂ ਉਹਨੇ ਦੁੱਧ ਰਿੜਕਿਆ। ਫਿਰ ਉਹਨੇ ਗੀਲੋ ਦੀ ਮਦਦ ਨਾਲ ਲਵੇਰੀਆਂ ਚੋਈਆਂ। ਚਾਹ ਦਾ ਅਜੇ ਨਵਾਂ-ਨਵਾਂ ਰਵਾਜ ਪੈ ਰਿਹਾ ਸੀ। ਇਸ ਨੂੰ ਸਰਦੀ ਤੋਂ ਬਚਣ ਦਾ ਇਕ ਸਾਧਨ ਸਮਝਿਆ ਜਾਂਦਾ ਸੀ। ਬਸੰਤ ਕੌਰ ਨੇ ਕਾਮਿਆਂ ਵਾਸਤੇ ਚਾਹ ਬਣਾਈ ਤੇ ਨਾਲੇ ਰੋਟੀਆਂ। ਫਿਰ ਉਹਨੇ ਗੀਲੋ ਨੂੰ ਫੁਲਾਉਂਟੀ ਦੇਂਦਿਆਂ ਕਿਹਾ, "ਬੀਬੀ ਧੀ। ਜਾਹ, ਭੱਜ ਕੇ ਚਾਹ ਤੇ ਰੋਟੀ ਫੜਾ ਆ ਭਰਾਵਾਂ ਨੂੰ। ਵਚਾਰੇ ਸਾਰੀ ਰਾਤ ਪਾਲੇ ਨਾਲ ਸੁੰਗੜ ਗਏ ਹੋਣਗੇ।"

ਗੀਲੋ ਕਿਸੇ ਦਾ ਗੋਹਾ ਕੂੜਾ ਨਹੀਂ ਸੀ ਕਰਦੀ। ਉਹ ਕੰਮ ਉਹਦੀ ਮਾਂ ਦੇ ਨਾਲ ਹੀ ਮੁੱਕ ਗਿਆ ਸੀ। ਲੱਖਾ ਸਿੰਘ ਦਾ ਗੋਹਾ ਵੀ ਸੂਬੇ ਦੇ ਘਰ ਵਾਲੀ ਸੁੱਟਦੀ ਸੀ। ਗੀਲੋ ਰਾਤ ਦਿਨੇ ਲੱਖਾ ਸਿੰਘ ਦੀ ਹਵੇਲੀ ਵਿੱਚ ਹੀ ਛੁੱਡੇ ਦੇ ਨਾਲ ਰਹਿੰਦੀ ਸੀ। ਉਹਦਾ ਕੰਮ ਸੀ ਬਸੰਤ ਕੌਰ ਨਾਲ ਥੋੜ੍ਹਾ ਬਹੁਤਾ ਹੱਥ ਵਟਾਉਣਾ। ਓਨਾ ਉਹ ਬੜੀ ਖ਼ੁਸ਼ੀ ਨਾਲ ਕਰਦੀ। ਰੋਟੀ ਤੇ ਕੱਪੜੇ ਦੀ ਮੁਥਾਜੀ ਵਾਸਤੇ ਓਨਾ ਉਹਨੂੰ ਕਰਨਾ ਹੀ ਪੈਂਦਾ।

ਰੋਟੀਆਂ ਨਾਲ ਚਾਹ ਲੈ ਕੇ ਗੀਲੋ ਛੰਭ ਵਾਲੇ ਖੇਤ ਜਾ ਪਹੁੰਚੀ।

"ਤੂੰ ਆਈ ਏਂ, ਬਹਾਲੀ ਦਾ ਪੁੱਤਰ ਅਜੇ ਨਹੀਂ ਸੀ ਮਰਿਆ ?" ਛੁੱਡੇ ਨੇ ਕੁਝ ਗੁੱਸਾ ਪਰਗਟ ਕਰਦਿਆਂ ਕਿਹਾ। ਉਹ ਅਠਾਰਾਂ ਉੱਨੀ ਸਾਲ ਦਾ ਹੋ ਗਿਆ ਸੀ। ਮੁਟਿਆਰ ਭੈਣ ਦਾ ਇਕੱਲੀ ਖੇਤਾਂ ਵਿੱਚ ਆਉਣਾ ਉਹਨੂੰ ਪਸੰਦ ਨਹੀਂ ਸੀ।

"ਬਹਾਲੀ ਨਖਾਫਣਾ ਅਜੇ ਕਿੱਥੇ ਆਇਆ ਸੀ। ਉਹ ਤਾਂ ਮਾਲ ਛੱਡਣ ਵੇਲੇ ਔਂਦਾ ਏ ਮਸ੍ਹਾਂ। ਚਾਚੀ ਨੇ ਆਖਿਆ, ਤੇਰੇ ਵੀਰ ਭੁੱਖੇ ਹੋਣਗੇ, ਲੈ ਜਾ। ਉਹਦਾ ਆਖਿਆ ਮੈਂ ਕਿਵੇਂ ਮੋੜਦੀ ?" ਭਰਾ ਦੇ ਗ਼ੁੱਸੇ ਨੂੰ ਸਮਝ ਕੇ ਗੀਲੋ ਨੇ ਅੱਗੋਂ ਉਚਰ ਪੇਸ਼ ਕੀਤਾ।

"ਚਾਚੀ ਤਾਂ ਸਵੇਰ ਦੇ ਨਾਂ ਵਾਲੀ ਏ। ਉਹਦਾ ਕੀਤਾ ਪੁੰਨ ਦਾਨ ਈ ਘਰ ਦੀ ਗੁੱਡੀ ਚੜ੍ਹਾਈ ਜਾਂਦਾ ਏ।" ਕੱਥੂ ਨੇ ਸੱਚੇ ਦਿਲੋਂ ਬਸੰਤ ਕੌਰ ਦੀ ਤਾਰੀਫ਼ ਕੀਤੀ।

"ਹੱਛਾ, ਭੱਜ ਚੱਲ ਤੂੰ ਘਰ ਨੂੰ। ਅਸੀਂ ਆਪੇ ਭਾਂਡੇ ਲਈ ਆਵਾਂਗੇ।" ਛੁੱਡੇ ਨੇ ਹੁਕਮੀ ਲਹਿਜੇ ਵਿੱਚ ਕਿਹਾ।

ਗੀਲੋ ਭਾਵੇਂ ਛੁੱਡੇ ਨਾਲੋਂ ਵੱਡੀ ਸੀ, ਪਰ ਮਰਦ ਹੋਣ ਦੀ ਹੈਸੀਅਤ ਵਿੱਚ ਛੁੱਡਾ

ਵੱਡੀ ਭੈਣ ਉੱਤੇ ਹੁਕਮ ਚਲਾਉਣਾ ਆਪਣਾ ਜਮਾਂਦਰੂ ਹੱਕ ਸਮਝਦਾ ਸੀ।

ਪਾਣੀ ਤੋਂ ਵਿਹਲੇ ਹੋ ਕੇ ਦੋ ਵਜੇ ਕਾਮੇ ਘਰ ਪਰਤੇ। ਆਰਾਮ ਕਰਨਾ ਉਨ੍ਹਾਂ ਦੇ ਭਾਗਾਂ ਵਿੱਚ ਨਹੀਂ ਸੀ। ਪੱਠੇ ਵੱਢ ਕੇ ਲਿਆਉਣੇ ਜ਼ਰੂਰੀ ਸਨ।

"ਵੇ ਮੁੰਡਿਓ! ਅੱਜ ਤਾਂ ਬੜਾ ਕਸ਼ਟ ਝੱਲਿਆ ਏ ਤੁਸਾਂ। ਨਲਕੇ ਤੋਂ ਮੂੰਹ ਹੱਥ ਧੋ ਲਵੋ ਤੇ ਲਉ ਘੁੱਟ-ਘੁੱਟ ਦੁੱਧ ਪੀ ਲੈ ਗਰਮ-ਗਰਮ।" ਬਸੰਤ ਕੌਰ ਨੇ ਹਮਦਰਦੀ ਨਾਲ ਕਿਹਾ।

"ਚਾਚੀ! ਸੱਚੀ ਪੁੱਛਦੀ ਏਂ ਤਾਂ ਤੇਰੇ ਸਹਾਰੇ....ਕੀ ਆਹੰਦੇ ਨੇ....ਬੱਸ ਤੇਰੇ ਆਸਰੇ ਤੁਰੇ ਫਿਰਦੇ ਆਂ। ਸਾਡੀਆਂ ਆਂਦਰਾਂ ਤੋਂ ਪੁੱਛ। ਤੂੰ ਸਾਡੀ ਧਰਮ ਦੀ ਮਾਂ ਏਂ, ਧਰਮ ਦੀ। ਤੇਰਾ ਖਾ ਕੇ ਵੀ ਜਿਹੜਾ ਹਰਾਮ ਕਰੇ, ਉਹ ਪਿਉ ਦਾ ਨਹੀਂ।" ਕੱਥੂ ਨੇ ਆਪਣੇ ਸ਼ਬਦਾਂ ਵਿੱਚ ਸ਼ਰਧਾ ਪਰਗਟ ਕੀਤੀ। ਜਿੰਨਾ ਉਹਨੇ ਮੂੰਹੋਂ ਕਿਹਾ ਸੀ, ਉਸ ਤੋਂ ਕਿਤੇ ਵਧੇਰੇ ਉਹਦੇ ਦਿਲ ਵਿੱਚ ਸੀ।

ਕਾੜ੍ਹਨੀ ਦਾ ਕੜ੍ਹਿਆ ਦੁੱਧ ਪੀ ਕੇ ਉਹ ਪੱਠਿਆਂ ਨੂੰ ਤੁਰ ਗਏ। ਰਾਤ ਨੂੰ ਮਾਲ ਅੰਦਰ ਬੰਨ੍ਹ ਕੇ ਉਹ ਜਾਣ ਲੱਗੇ ਤਾਂ ਬਸੰਤ ਕੌਰ ਨੇ ਹੁਕਮ ਕੀਤਾ, "ਅੱਜ ਰੋਟੀ ਐਥੇ ਬਹਿ ਕੇ ਖਾਣੀ ਪਵੇਗੀ।"

"ਨਹੀਂ, ਚਾਚੀ! ਘਰ ਜਾ ਕੇ ਰਮਾਨ ਨਾਲ ਖਾਵਾਂਗਾ।" ਕੱਥੂ ਨੇ ਬਹਾਨੇ ਵਜੋਂ ਕਿਹਾ। ਉਸ ਵੇਲੇ ਉਸ ਦੀਆਂ ਅੱਖਾਂ ਸਾਹਮਣੇ ਘਰ ਵਾਲੀ ਤੇ ਦੋ ਅੰਞਾਣੇ ਫਿਰ ਰਹੇ ਸਨ, ਜੋ ਉਹਦੀ ਰੋਟੀ ਦੀ ਉਡੀਕ ਵਿੱਚ ਬੈਠੇ ਸਨ।

"ਮੈਂ ਸਭ ਕੁਝ ਜਾਣਦੀ ਆਂ। ਤੂੰ ਢਿੱਡ ਭਰ ਕੇ ਖਾਹ। ਘਰ ਵਾਲਿਆਂ ਵਾਸਤੇ ਵੀ ਮਿਲ ਜਾਵੇਗੀ।" ਬਸੰਤ ਕੌਰ ਨੇ ਚਾਰ-ਚਾਰ ਰੋਟੀਆਂ ਤੇ ਪਾ-ਪਾ ਗੁੜ ਦੋਹਾਂ ਦੀਆਂ ਥਾਲੀਆਂ ਵਿੱਚ ਧਰ ਦਿੱਤਾ। ਕੌਲਿਆਂ ਵਿੱਚ ਉਹਨੇ ਸਬਜ਼ੀ ਪਾ ਦਿੱਤੀ। ਨਾਲ ਹੀ ਹੁਕਮ ਕੀਤਾ, "ਇਹ ਸਾਰੀਆਂ ਖਾਣੀਆਂ ਪੈਣਗੀਆਂ। ਜਿੰਨ੍ਹੇ ਨਾ ਖਾਧੀਆਂ, ਕੰਨ ਪੁੱਟਾਂਗੀ।"

"ਸੁਣ ਲੈ ਡੁੱਡੇ ਦਿਆ ਪੁੱਤਰਾ! ਅੱਗੇ ਤੇਰਾ ਮੂੰਹ ਟੀਨ ਦੇ ਪਨਾਲੇ ਵਰਗਾ ਏ, ਉਤੋਂ ਚਾਚੀ ਕੰਨ ਦੋਹ ਦੇ ਚਾਰ ਬਣਾ ਦੇਵੇਗੀ।" ਕੱਥੂ ਨੇ ਸਾਰੀ ਗੱਲ ਆਪ ਤੋਂ ਛੋਟੇ ਵੱਲ ਟਾਲ ਦਿੱਤੀ।

"ਆਪਾਂ ਤਾਂ ਕੁਸਕਣ ਨਹੀਂ ਦੇਂਦੇ। ਤੂੰ ਆਪਣੀ ਸੋਚ ਲੈ।" ਡੁੱਡੇ ਨੇ ਪੂਰੇ ਹੌਸਲੇ ਨਾਲ ਕਿਹਾ।

ਦਿਨ ਭਰ ਦੇ ਥੱਕਿਆਂ ਕਾਮਿਆਂ ਨੂੰ ਬਸੰਤ ਕੌਰ ਨੇ ਸਾਹਮਣੇ ਬਹਾ ਕੇ ਰੋਟੀ ਖੁਆਈ। ਇਸ ਤਰ੍ਹਾਂ ਉਹ ਮਨ ਵਿੱਚ ਬੜੀ ਤਸੱਲੀ ਮਹਿਸੂਸ ਕਰ ਰਹੀ ਸੀ।



WWW.SIKHBOOKCLUB.COM 

ਤੁਰਨ ਲਗਿਆਂ ਕੱਥੂ ਦੀ ਥਾਲੀ ਵਿੱਚ ਉਹਨੇ ਤਿੰਨ ਰੋਟੀਆਂ ਹੋਰ ਧਰ ਦਿੱਤੀਆਂ ਤੇ ਕੌਲ ਵਿੱਚ ਸਬਜ਼ੀ ਪਾ ਦਿੱਤੀ।

"ਚਾਚੀ! ਤੈਨੂੰ ਚਾਚੀ ਆਖਿਆ ਕਰੀਏ ਕਿ ਮਾਂ ਆਖਿਆ ਕਰੀਏ?" ਕੱਥੂ ਦੀ ਇਸ ਪੁੱਛ ਵਿੱਚ ਅਥਾਹ ਸ਼ਰਧਾ ਲੁਕੀ ਹੋਈ ਸੀ।

"ਤੇ ਚਾਚੀ! ਮੈਨੂੰ ਕੁਝ ਵੀ ਨਾ ? ਉਹ ਵਧੇਰੇ ਕਹੀ ਮਾਰਦਾ ਰਿਹਾ ਏ ?" ਡੁੱਡੇ ਨੇ ਠੱਠੇ ਨਾਲ ਕਿਹਾ।

"ਤੂੰ ਕੀਹਦੇ ਵਾਸਤੇ ਲਜਾਣੀ ਏਂ, ਵੇ। ਗੀਲ੍ਹੋ ਤਾਂ ਖਾ ਗਈ ਏ। ਜਾਓ ਵਧੋ ਫੁੱਲੋ।" ਬਸੰਤ ਕੌਰ ਨੇ ਅਸੀਸ ਵਜੋਂ ਕਿਹਾ।

ਇਹ ਸੀ ਵਾਹੀਵਾਨ ਕਾਮੇ ਦੀ ਇਕ ਸ਼ਿਫਟ, ਸਿਰਫ਼ ਛੱਤੀ ਘੰਟਿਆਂ ਦੀ।

## ੧੯

"ਕੁੜੇ ਗੀਲ੍ਹੋ। ਔਸ ਅੰਦਰੋਂ ਕਲੀ ਲੈ ਕੇ ਆਪਣੇ ਕੋਠੇ ਨੂੰ ਅੰਦਰ ਬਾਹਰ ਫੇਰ ਦੇ। ਤਿੰਨਾਂ ਚੌਹ ਦਿਨਾਂ ਨੂੰ ਕਿਸੇ ਤੇਰੇ ਭਰਾ ਨੂੰ ਵੇਖਣ ਔਣਾ ਏਂ। ਭਾਂਡਾ-ਟੀਂਡਾ ਵੀ ਜ਼ਰਾ ਠੀਕ ਕਰ ਛੱਡੀਂ। ਸਮਝ ਲਿਆ ?"

"ਸੱਚ ਚਾਚੀ ?" ਗੀਲ੍ਹੋ ਨੇ ਹੈਰਾਨੀ ਭਰੀ ਖ਼ੁਸ਼ੀ ਨਾਲ ਕਿਹਾ, "ਮੇਰੇ ਡੁੱਡੇ ਦਾ ਵਿਆਹ ਹੋਵੇਗਾ ? ਮੇਰੀ ਭਾਬੀ ਆਵੇਗੀ ? ਮੈਂ...ਮੈਂ।" ਅਮਿਣਵੀਂ ਖ਼ੁਸ਼ੀ ਗੀਲ੍ਹੋ ਨੂੰ ਪਾਗਲ ਬਣਾ ਰਹੀ ਸੀ।

"ਕਿਤੇ ਖ਼ੁਸ਼ੀ ਨਾਲ ਨਾ ਮਰ ਜਾਈਂ।" ਬਸੰਤ ਕੌਰ ਨੇ ਗੀਲ੍ਹੋ ਦੀ ਹਾਲਤ ਵੇਖ ਕੇ ਹੱਸਦਿਆਂ ਕਿਹਾ।

"ਤੂੰ ਪੇਕਿਆਂ ਤੋਂ ਲਿਆਵੇਂਗੀ, ਚਾਚੀ। ਸੱਚ ਆਹਨੀ ਏਂ ?" ਗੀਲ੍ਹੋ ਨੂੰ ਯਕੀਨ ਨਹੀਂ ਸੀ ਆ ਰਿਹਾ।

"ਕਿੰਨਾ ਪੁੱਛਿੜਿਕਾ ਲੱਗਾ ਏ ਏਸ ਕੁੜੀ ਨੂੰ। ਤੂੰ ਜਾ ਕੇ ਕੰਮ ਕਰ, ਜੋ ਤੈਨੂੰ ਦੱਸਿਆ ਏ।" ਬਸੰਤ ਕੌਰ ਨੇ ਹੱਥ ਦੇ ਇਸ਼ਾਰੇ ਨਾਲ ਕਿਹਾ।

ਡੁੱਡਾ ਪੱਕੇ ਤੌਰ 'ਤੇ ਲੱਖਾ ਸਿੰਘ ਦੀ ਹਵੇਲੀ ਵਿੱਚ ਹੀ ਰਹਿੰਦਾ ਸੀ। ਲੱਖਾ ਸਿੰਘ ਨੇ ਉਹਦੇ ਵਾਸਤੇ ਇਕ ਉਚੇਚਾ ਕੋਠਾ ਛੱਤ ਦਿੱਤਾ ਸੀ। ਉਹ ਪੱਕੀਆਂ ਇੱਟਾਂ ਦਾ ਸੀ ਤੇ ਅੰਦਰੋਂ ਬਾਹਰੋਂ ਸੀਮਿੰਟ ਦੀ ਟੀਪ ਹੋਈ ਸੀ। ਇਸ ਪਰਉਪਕਾਰ ਵਿੱਚ ਵੀ ਲੱਖਾ ਸਿੰਘ ਦਾ ਫ਼ਾਇਦਾ ਸੀ। ਇਕ ਤਾਂ ਏਸ ਤਰ੍ਹਾਂ ਡੁੱਡਾ ਚੌਵੀ ਘੰਟੇ ਦਾ ਨੌਕਰ ਹੋ ਗਿਆ, ਦੂਸਰੇ ਬਾਹਰਲੀ ਹਵੇਲੀ ਦੀ ਰਾਖੀ ਦਾ ਫ਼ਿਕਰ ਨਾ ਰਿਹਾ। ਪੁੰਨ-ਦਾਨ ਕਰਨ ਨੂੰ ਬਸੰਤ ਕੌਰ ਸੀ। ਲੱਖਾ ਸਿੰਘ ਹਰ ਕੰਮ ਵਿੱਚ ਆਪਣਾ ਫ਼ਾਇਦਾ ਪਹਿਲਾਂ



WWW.SIKHBOOKCLUB.COM 

ਸੋਚਦਾ ਸੀ। ਏਸ ਗੁਣ ਤੋਂ ਬਿਨਾਂ 'ਸ਼ਾਹ' ਨਹੀਂ ਬਣਿਆ ਜਾਂਦਾ।

ਚਾਈਂ-ਚਾਈਂ ਗੀਲੋ ਨੇ ਅੰਦਰੋਂ ਬਾਹਰੋਂ ਕਮਰਾ ਕਲੀ ਕੀਤਾ। ਹੇਠਾਂ ਫ਼ਰਸ਼ ਕੱਚਾ ਹੀ ਸੀ। ਰੋਹੀ ਤੋਂ ਚੀਕਣੀ ਮਿੱਟੀ ਲਿਆ ਕੇ ਉਹਨੇ ਫ਼ਰਸ਼ ਲਿੰਬ ਪੋਚ ਕੇ ਲਿਸ਼ਕਾ ਦਿੱਤਾ। ਪਿਛਲੇ ਮਹੀਨੇ ਬਸੰਤ ਕੌਰ ਦੇ ਕਹਿਣ ਉੱਤੇ ਉਹਨੇ ਕੋਠੇ ਦੇ ਅੱਗੇ ਇਕ ਪਾਸੇ ਛੋਟਾ ਜੇਹਾ ਚੌਕਾ ਚੁੱਲ੍ਹਾ ਵੀ ਬਣਾ ਲਿਆ ਸੀ। ਭਾਵੇਂ ਉਹਦੀ ਉਹਨੂੰ ਲੋੜ ਨਹੀਂ ਪੈਂਦੀ। ਉਹ ਦੋਵੇਂ ਭੈਣ ਭਰਾ ਬਸੰਤ ਕੌਰ ਕੋਲੋਂ ਪੱਕੀ ਪਕਾਈ ਖਾਂਦੇ ਸਨ। ਗੀਲੋ ਨੇ ਚੌਕੇ ਚੁੱਲ੍ਹੇ ਨੂੰ ਵੀ ਪੋਚਾ ਫੇਰ ਦਿੱਤਾ। ਭਰਾਵਾਂ ਦੇ ਵਿਆਹ ਦਾ ਕਿੰਨਾ ਚਾਅ ਹੁੰਦਾ ਹੈ।

ਗੀਲੋ ਏਨਾ ਹੀ ਸਮਝਦੀ ਸੀ ਕਿ ਕਿਸੇ ਨੇ ਉਹਦੇ ਭਰਾ ਨੂੰ ਵੇਖਣ ਆਉਣਾ ਹੈ। ਉਹ ਨਹੀਂ ਸੀ ਜਾਣਦੀ, ਕਿ ਆਉਣ ਵਾਲੇ ਨੇ ਉਹਨੂੰ ਵੀ ਵੇਖਣਾ ਹੈ। ਉਹ ਖ਼ੁਸ਼ ਸੀ, ਬਹੁਤ ਖ਼ੁਸ਼। ਉਹ ਔਂਸੀਆਂ ਪਾਉਂਦੀ ਤੇ ਬਨੇਰੇ ਉਤੋਂ ਕਾਂ ਉਡਾਉਂਦੀ, 'ਉਡ ਖਾਂ ਕਾਵਾਂ! ਸਾਡੇ ਘਰ ਕੋਈ ਔਂਦਾ ਏ।'

ਲੱਖਾ ਸਿੰਘ ਦੀ ਵਿਉਂਤ ਅਨੁਸਾਰ ਸਮੁੰਦ ਸਿੰਘ ਘੁੱਦੂ ਨੂੰ ਨਾਲ ਲੈ ਕੇ ਆਇਆ। ਬਸੰਤ ਕੌਰ ਨੂੰ ਉਹਨਾਂ ਦੇ ਆਉਣ ਦੇ ਸਮੇਂ ਦਾ ਪਤਾ ਸੀ। ਉਹਨੇ ਸ਼ਾਮੋ ਦਾ ਅੱਧੋਰਾਣਾ ਸੂਟ ਦੇਂਦਿਆਂ ਗੀਲੋ ਨੂੰ ਕਿਹਾ, 'ਲੈ, ਆਹ ਪਾ ਲੈ ਨੀ! ਉਹਨਾਂ ਅੱਜ ਔਣਾ ਏਂ।'

ਸ਼ਾਮੋ ਉਮਰ ਵਿੱਚ ਗੀਲੋ ਨਾਲੋਂ ਪੰਜ-ਛੇ ਸਾਲ ਛੋਟੀ ਸੀ, ਪਰ ਕੱਦ ਵਿੱਚ ਉਹਦੇ ਬਰਾਬਰ। ਉਹਦਾ ਸੂਟ ਗੀਲੋ ਨੂੰ ਠੀਕ ਆਉਂਦਾ ਸੀ।

ਗੀਲੋ ਦਾ ਰੰਗ ਤਾਂ ਜੇਹੋ ਜੇਹਾ ਸੀ, ਬਦਲ ਨਹੀਂ ਸੀ ਚੱਲਿਆ, ਪਰ ਵਧੀਆ ਸੂਟ ਵਿੱਚ ਉਹ ਮਾੜੀ ਨਹੀਂ ਸੀ ਫੱਬਦੀ। ਜਵਾਨੀ ਹਰ ਰੰਗ ਵਿੱਚ ਜਵਾਨੀ ਹੈ, ਭਾਵੇਂ ਕਾਲੀ ਲੈਲਾ ਉੱਤੇ ਹੀ ਹੋਵੇ।

ਘੁੱਦੂ ਦੀ ਸਭ ਤੋਂ ਪਹਿਲਾਂ ਗੀਲੋ ਉੱਤੇ ਨਜ਼ਰ ਪਈ। ਉਹ ਚੋਖਾ ਚਿਰ ਇਕ ਟਕ ਉਸ ਵੱਲ ਵਿਹੰਦਾ ਰਿਹਾ। ਉਸ ਦੀ ਘੋਖਵੀਂ ਨਜ਼ਰ ਤੋਂ ਤੰਗ ਆ ਕੇ ਗੀਲੋ ਅੰਦਰ ਜਾ ਵੜੀ। ਅਸਲੀ ਭੇਤ ਨਾ ਸਮਝਦਿਆਂ ਹੋਇਆਂ ਵੀ ਚੋਖਾ ਚਿਰ ਉਹਦੀ ਛਾਤੀ ਧੜਕਦੀ ਰਹੀ।

ਹਵੇਲੀ ਵਿੱਚ ਡੱਠੇ ਮੰਜੇ 'ਤੇ ਘੁੱਦੂ ਨੂੰ ਬਹਾ ਕੇ ਸਮੁੰਦ ਸਿੰਘ ਭੈਣਾਂ ਨੂੰ ਮਿਲਣ ਵਾਸਤੇ ਅੰਦਰ ਚਲਾ ਗਿਆ। ਘੁੱਦੂ ਬੈਠਾ ਸੋਚੀ ਜਾ ਰਿਹਾ ਸੀ, 'ਕੁੜੀ ਸਾਡੀ ਰਾਜੋ ਵਰਗੀ ਸੋਹਣੀ ਨਹੀਂ, ਪਰ ਮੁੰਡੇ ਨਾਲੋਂ ਮਾੜੀ ਵੀ ਨਹੀਂ। ਹੋਰ ਕਿਤੇ ਭੰਗੀਆਂ ਦੀਆਂ ਧੀਆਂ ਕੇਹੋ ਜੇਹੀਆਂ ਹੁੰਦੀਆਂ ਨੇ। ਉਂਞ ਸਿਆਣੀ ਜਾਪਦੀ ਏ। ਵੇਖੋ, ਘਰ ਬੂਹਾ



WWW.SIKHBOOKCLUB.COM 

ਕਿਵੇਂ ਲਿੰਬ ਪੋਚ ਕੇ ਲਸ਼ਕਾਇਆ ਸੂ। ਨਾਲੇ ਆਪਣਾ ਘਰ ਵੀ ਤਾਂ ਵੇਖਣਾ ਹੋਇਆ। ਲੱਭੂ ਮਾੜਾ ਨਹੀਂ ਸੀ, ਪਰ ਕਮਲੀ ਦਾ ਗੁੱਲੀਡੰਡਾ ਖੇਡਦਾ ਇਕ ਅੱਖ ਈ ਦੇ ਬੈਠਾ। ਡੇਲਾ ਨਿਕਲ ਆਇਆ ਤੇ ਅਸਲੋਂ ਖੋਲਾ ਹੀ ਹੋ ਗਈ। ਸਾਡੀ ਰਾਜੋ, ਕੀ ਆਖੀਏ ? ਭਾਵੇਂ ਕਿੰਨਾ ਵੀ ਰੂਪ ਰੰਗ ਹੋਵੇ, ਗ਼ਰੀਬਾਂ ਦੀਆਂ ਧੀਆਂ ਨੂੰ ਏਹੋ ਜੇਹਾ ਵਰ ਈ ਮਿਲਨਾ ਹੋਇਆ। ਹੱਛਾ, ਜੋ ਮਾਲਕ ਨੂੰ ਮਨਜ਼ੂਰ। ਅਸਾਂ ਤਾਂ ਆਪਣੇ ਸਰਦਾਰ ਨੇ ਖ਼ੁਸ਼ ਰੱਖਣਾ ਹੋਇਆ।'

ਫੁੱਫਾ ਅਜੇ ਖੇਤੋਂ ਨਹੀਂ ਸੀ ਆਇਆ। ਉਹਦੇ ਆਉਣ ਤੋਂ ਪਹਿਲਾਂ-ਪਹਿਲਾਂ ਸਮੁੰਦ ਸਿੰਘ ਘੁੱਦੂ ਦੇ ਦਿਲ 'ਤੇ ਪੂਰਾ ਪ੍ਰਭਾਵ ਜਮਾ ਦੇਣਾ ਚਾਹੁੰਦਾ ਸੀ। ਪਹਿਲਾਂ ਤਾਂ ਉਹਨੂੰ ਖੰਡ ਵਾਲੇ ਦੁੱਧ ਦਾ ਛੰਨਾ ਪਿਆਇਆ। ਫਿਰ ਸਮੁੰਦ ਸਿੰਘ ਨੇ ਨਾਲ ਫਿਰ ਕੇ ਸਾਰਾ ਘਰ ਵਿਖਾਇਆ।

"ਬਾਬਾ ਘੁੱਦੂ! ਕੀ ਪੁੱਛਦਾ ਏਂ। ਆਪਣਾ 'ਸ਼ਾਹ' ਰਾਜਾ ਜੱਟ ਏ। ਆਪਣੇ ਸਾਰੇ ਪਿੰਡ ਵਿੱਚ ਹੈ ਕਿਸੇ ਜੱਟ ਦਾ ਐਹੋ ਜਿਹਾ ਘਰ ? ਰੱਬ ਨੇ ਦਿਲ ਵੀ ਓਹਾ ਜੇਹਾ ਬਖ਼ਸ਼ਿਆ ਏ। ਸ਼ਾਹੀ ਖ਼ਰਚ ਹੈ। ਕੋਈ ਲੇਖੇ ਨੇ ? ਫਿਰ ਗ਼ਰੀਬ 'ਤੇ 'ਹਾਇ' ਕਰਨ ਵਾਲਾ ਏ। ਸਾਰੇ ਪਿੰਡ ਦੇ ਕੰਮੀ ਗੁਣ ਗੌਂਦੇ ਨਹੀਂ ਥੱਕਦੇ। ਤੇ ਇਹ ਫੁੱਫਾ। ਮਮੂਲੀ ਜਿਹਾ ਪੈਰ ਵਿੰਗਾ ਹੋਣ ਕਰਕੇ ਲੋਕਾਂ ਦੀ ਜ਼ਬਾਨ 'ਤੇ ਫੁੱਫਾ ਚੜ੍ਹ ਗਿਆ ਏ, ਨਹੀਂ ਤਾਂ ਨਾਂ ਇਹਦਾ ਦਰਸ਼ਣ ਏਂ। ਖ਼ੈਰ, ਨਾਂ ਨਾਲ ਕੀ ਫ਼ਰਕ ਪੈਂਦਾ ਏ। ਕਾਮਾ ਬੜਾ ਸੁੱਚਾ ਏ। ਇਹ ਛੋਟਾ ਜਿਹਾ ਹੀ ਸਰਦਾਰ ਨੇ ਪਾਲਿਆ ਏ। ਪਿੱਛੇ ਹੈਜ਼ੇ ਦੀ ਬੀਮਾਰੀ ਵਿੱਚ ਇਹਦਾ ਮਾਂ ਪਿਓ ਮਰ ਗਿਆ। ਮਰਦੀ ਹੋਈ ਮਾਂ ਕੁੜੀ ਦੀ ਬਾਂਹ ਵੀ ਆਪਣੇ ਸਰਦਾਰ ਦੇ ਹੱਥ ਫੜਾ ਗਈ। ਫਿਰ ਕੁੜੀ ਵੀ ਮਰਨੀ ਬੜੀ ਸਿਆਣੀ ਏ। ਭੈਣ ਸੰਤੀ ਨੂੰ ਜਾਣਦਾ ਈ ਏਂ। ਉਹ ਆਪਣੇ ਬੱਚਿਆਂ ਵਾਂਗ ਸਮਝਦੀ ਏ ਦੋਹਾਂ ਨੂੰ। ਉਸ ਨੇ ਸਿਊਣਾ ਪਰੋਣਾ, ਚੁੱਲ੍ਹਾ ਚੌਂਕਾ, ਘਰ ਦੇ ਹਰ ਕੰਮ ਵਿੱਚ ਏਸ ਕੁੜੀ ਨੂੰ ਤਾਕ ਕਰ ਛੱਡਿਆ ਏ। ਸਾਰੀਆਂ ਗੱਲਾਂ ਸੋਚ ਲੈ। ਇਹ ਵੇਲਾ ਫੇਰ ਹੱਥ ਨਹੀਂ ਔਣਾ। ਤੇ ਸ਼ਾਹ ਤਾਂ ਪੁੱਜਦਾ ਏ। ਉਹ ਹੋਰ ਘਰ ਵੀ ਲੱਭ ਸਕੇਗਾ। ਅੱਗੇ ਦੂਜੇ ਕਾਮੇ ਵਾਸਤੇ ਵੀ ਉਹਨੇ ਆਪ ਈ ਸਭ ਕੁਝ ਕੀਤਾ ਸੀ। ਆਪਣੇ ਜ਼ਿਲੇ ਵਿੱਚ ਕੋਈ ਉਹਦੀ ਆਖੀ ਮੋੜ ਨਹੀਂ ਸਕਦਾ। ਫਿਰ ਲੱਭੂ ਦੀ ਕਜ ਬਾਰੇ ਵੀ ਸੋਚ ਲੈ।" ਸਮੁੰਦ ਸਿੰਘ ਨੇ ਕਾਫ਼ੀ ਲੰਮਾ ਲੈਕਚਰ ਝਾੜਿਆ।

"ਸਰਦਾਰ! ਮੈਂ ਕੀ ਸੋਚਣਾ ਏਂ ? ਸਾਡੀ ਤਕਦੀਰ ਤੁਹਾਡੇ ਹੱਥ ਹੁੰਦੀ ਏ। ਸਾਡੇ ਘਰੀਂ ਜੰਮਣ ਵਾਲੇ ਮੁੰਡੇ ਵੀ ਤੁਹਾਡੇ ਤੇ ਕੁੜੀਆਂ ਵੀ ਤੁਹਾਡੀਆਂ।"

ਘੁੱਦੂ ਨੇ ਇਹ ਗੱਲ ਸੁਭਾਵਕ ਕਹੀ ਸੀ, ਪਰ ਸਮੁੰਦ ਸਿੰਘ ਉੱਤੇ ਬੜੀ ਭਰਵੀਂ



WWW.SIKHBOOKCLUB.COM 

ਚੋਟ ਪਈ। ਉਹਨੇ ਮਨ ਵਿੱਚ ਘੁੱਦੂ ਨੂੰ ਪੰਜਾਹ ਗਾਲ੍ਹਾਂ ਕੱਢੀਆਂ। ਉਸ ਵੇਲੇ ਉਸ ਦੀਆਂ ਅੱਖਾਂ ਅੱਗੇ ਰਾਜੋ ਲੱਕ ਨੂੰ ਮਰੋੜੇ ਦੇਂਦੀ ਫਿਰ ਰਹੀ ਸੀ।

ਸ਼ਾਮ ਨੂੰ ਲੱਖਾ ਸਿੰਘ ਵੀ ਸ਼ਹਿਰੋਂ ਮੁੜ ਆਇਆ। ਘੁੱਦੂ ਨੇ ਮੰਜੇ ਤੋਂ ਉਠ ਕੇ ਮੱਥੇ ਤੱਕ ਹੱਥ ਲੈ ਜਾ ਕੇ ਸਤਿ ਸ੍ਰੀ ਅਕਾਲ ਕਹੀ। ਅੱਗੋਂ ਲੱਖਾ ਸਿੰਘ ਨੇ ਪ੍ਰਵਾਨਗੀ ਵਜੋਂ ਥੋੜ੍ਹਾ ਜੇਹਾ ਸਿਰ ਨੁਆ ਕੇ ਕਿਹਾ, "ਆ ਭਈ ਚੌਧਰੀ। ਸੁਣਾ ਰਾਜ਼ੀ ਖ਼ੁਸ਼ੀ ਏਂ ? ਬਾਲ ਬੱਚੇ ਰਾਜ਼ੀ ਨੇ ?"

"ਤੇਰੇ ਪੈਰਾਂ ਦੀ ਖ਼ੈਰੀਅਤ, ਸਰਦਾਰ। ਸਭ ਰਾਜ਼ੀ ਖ਼ੁਸ਼ੀ ਨੇ। ਤੁਹਾਡੀ ਨਿਗ੍ਹਾ ਸਵੱਲੀ ਚਾਹੀਦੀ ਏ।" ਘੁੱਦੂ ਨੇ ਸਤਕਾਰ ਵਜੋਂ ਇਕ ਵਾਰ ਫਿਰ ਸਿਰ ਨੁਆਇਆ ਤੇ ਆਪਣੀ ਥਾਂ 'ਤੇ ਬਹਿ ਗਿਆ।

ਸ਼ਾਮ ਨੂੰ ਡੂਡਾ ਤੇ ਲੱਖੂ ਵੀ ਆ ਗਏ। ਡੂਡੇ ਦੇ ਗਲ੍ਹ ਨ੍ਹਾਮੇ ਦਾ ਉਤਾਰ ਸੀ। ਅੱਜ ਉਹ ਆਪਣੇ ਵੱਲੋਂ ਪੂਰੀ ਤਰ੍ਹਾਂ ਫੱਬਿਆ ਹੋਇਆ ਸੀ। ਘੁੱਦੂ ਨੇ ਬੜੇ ਧਿਆਨ ਨਾਲ ਉਹਦੇ ਵੱਲ ਵੇਖਿਆ। ਰੰਗ-ਰੂਪ ਵੱਲੋਂ ਡੂੱਡਾ ਕਿਸੇ ਪੱਖੋਂ ਵੀ ਸਲਾਹੁਣਯੋਗ ਨਹੀਂ ਸੀ। ਘੁੱਦੂ ਨੇ ਆਪਣੇ ਖ਼ਿਆਲ ਵਿੱਚ ਰਾਜੋ ਤੇ ਡੂਡੇ ਨੂੰ ਬਰਾਬਰ ਖਲ੍ਹਾਰ ਕੇ ਤਕਿਆ ਤਾਂ ਉਹ ਸਿਰ ਤੋਂ ਪੈਰਾਂ ਤੱਕ ਕੰਬ ਗਿਆ। ਉਹਨੇ ਅੱਖਾਂ ਨੀਵੀਆਂ ਕਰ ਲਈਆਂ। ਕਿੰਨਾ ਚਿਰ ਉਹ ਧਰਤੀ 'ਤੇ ਨਜ਼ਰ ਟਿਕਾਈ ਸੋਚਦਾ ਰਿਹਾ। ਹੌਸਲਾ ਕਰਕੇ ਉਹਨੇ ਫੇਰ ਡੂੱਡੇ ਵੱਲ ਤਕਿਆ। ਇਸ ਵਾਰ ਉਹਨੇ ਡੂੱਡੇ ਦੇ ਬਰਾਬਰ ਆਪਣੇ ਪੁੱਤਰ ਲੱਖੂ ਨੂੰ ਖੜਾ ਵੇਖਿਆ। 'ਠੀਕ ਏ। ਸੌਦਾ ਤਾਂ ਦੋਹਾਂ ਮੁੰਡਿਆਂ ਦਾ ਏ। ਕੁੜੀਆਂ ਦੀ ਕੀ ਕੀਮਤ ? ਉਹ ਤਾਂ ਕੁਰਬਾਨੀ ਦੇ ਬੱਕਰੇ ਨੇ। ਦੋਹਾਂ ਵਿੱਚੋਂ ਕੋਈ ਨਿੰਦਣ ਸਲੋਹਣ ਵਾਲਾ ਨਹੀਂ। ਇਕ ਡੂੱਡਾ ਤੇ ਇਕ ਕਾਣਾ। ਰੰਗ ਨੂੰ ਮਾਰੋ ਗੋਲੀ। ਰੰਗ ਦੀ ਕਿਹੜਾ ਛਾਂਵੇਂ ਬਹਿਣਾ ਏਂ। ਤੇ ਬਹੁਤਾ ਫ਼ਰਕ ਵੀ ਨਹੀਂ। ਉਂਵ ਦੋਵੇਂ ਇਕੋ ਨਮੂਨਾ ਏ। ਪੁੰਨ ਦਾ ਸਾਕ ਦੋਹਾਂ 'ਚੋਂ ਕਿਸੇ ਨੂੰ ਨਹੀਂ ਮਿਲਣਾ। ਉਂਵ ਏਥੇ ਰਾਜੋ ਰਹੇਗੀ ਸੁੱਖੀ। ਸਮਝੋ, ਸਰਦਾਰ ਲੱਖਾ ਸੁੰਹ ਈ ਸਭ-ਕੁਝ ਏ। ਲੋਕਾਂ ਦੇ ਆਖਣ ਦਾ ਕੀ ਏ ? ਭੌਂਕਦੀ ਰਹੇ ਦੁਨੀਆਂ।....ਨਾਲੇ ਗ਼ਰੀਬਾਂ ਦੀ ਇੱਜ਼ਤ ਪਤ ਹੁੰਦੀ ਈ ਕਿੱਥੇ ਏ ? ਰਾਜੋ ਦੀ ਮਾਂ ਕਿਹੜੀ ਹੱਲ 'ਤੇ ਨ੍ਹਾਤੀ ਹੋਈ ਸੀ। ਗ਼ਰੀਬ ਇਹਨਾਂ ਗੱਲਾਂ ਬਾਰੇ ਸੋਚਣ ਤਾਂ ਜਿਊਂਦੀ ਜਾਨ ਮਰ ਜਾਣ। ਤੇ ਸਗੋਂ ਚੰਗਾ ਹੋਇਆ। ਰੂੜੀ ਦਾ ਕੂੜਾ ਰੂੜੀ ਉੱਤੇ। ਰਾਜੋ ਜੱਟਾਂ ਦੀ ਧੀ ਤੇ ਜੱਟਾਂ ਦੇ ਘਰ ਆ ਜਾਇਗੀ। ਸੋਚਣ ਤਾਂ ਸ਼ਰਮ ਤਾਂ ਸਗੋਂ ਸਰਦਾਰਾਂ ਨੂੰ ਕਰਨੀ ਚਾਹੀਦੀ ਏ। ਸਰਦਾਰਾਂ ਨੂੰ ਵੀ ਕਾਹਦੀ ਸ਼ਰਮ। ਸ਼ਰਮ ਨਾ ਤਕੜੇ ਨੂੰ, ਨਾ ਮਾੜੇ ਨੂੰ। ਸ਼ਰਮ ਵਿੱਚ ਡੁੱਬ ਕੇ ਮਰਦਾ ਏ ਵਿਚਲਾ ਮੇਲ। ਪਰ ਮੈਂ ਏਸ ਪਾਸੇ ਸੋਚਾਂ ਈ ਕਿਉਂ ? ਸਾਡੀ ਜਾਨ ਤਾਂ ਹੋਈ ਸਰਦਾਰਾਂ ਦੇ ਹੱਥ। ਜਿਵੇਂ ਉਹ ਦੋਵੇਂ ਖ਼ੁਸ਼ ਮਨਾ! ਓਵੇਂ ਤੂੰ ਖ਼ੁਸ਼ ਹੋ ਰਹੋ।' ਘੁੱਦੂ ਨੇ ਸੋਚਣਾ ਬੰਦ ਕਰ ਦਿੱਤਾ।

ਲੱਖਾ ਸਿੰਘ ਨੇ ਘੁੱਦੂ ਦੀ ਬੜੀ ਸੇਵਾ ਕੀਤੀ। ਰਾਤ ਨੂੰ ਉਹਨੂੰ ਸ਼ਰਾਬ ਵੀ ਪਿਆਈ। ਅਗਲੇ ਦਿਨ ਲੱਖਾ ਸਿੰਘ ਨੇ ਕਿਹਾ, "ਸੁਣਾ ਭਈ ਚੌਧਰੀ। ਸਭ ਕੁਝ ਤੇਰੇ ਸਾਮ੍ਹਣੇ ਆ। ਮੁੰਡਾ ਵੀ ਕੁੜੀ ਵੀ। ਬਾਕੀ ਗੱਲ ਬਾਤ ਸਾਰੀ ਤੈਨੂੰ ਸਮੁੰਦ ਸੁੰਹ ਨੇ ਦੱਸ ਈ ਦਿੱਤੀ ਹੋਈ ਏ। ਇਸ ਦੇ ਦਰਸ਼ੂ ਦਾ ਕੋਠਾ ਇਹਨਾਂ ਦੇ ਵਿਹੜੇ ਵਿੱਚ ਵੀ ਹੈਗਾ ਏ। ਓਥੇ ਇਹਦਾ ਮਾਂ ਪਿਉ ਰਹਿੰਦਾ ਸੀ। ਤੇ ਦਰਸ਼ੂ ਤਾਂ ਪਲਿਆ ਈ ਸਾਡੇ ਕੋਲ ਆ। ਮਾਂ ਪਿਉ ਮਰ ਗਿਆ, ਤਾਂ ਅਸਾਂ ਕੱਲ੍ਹੀ ਕੁੜੀ ਨੂੰ ਵੀ ਏਥੇ ਈ ਲੈ ਆਂਦਾ। ਇਹ ਕੋਠਾ ਛੌਤਿਆ ਈ ਇਹਦੇ ਨੌਂਗੇ ਦਾ ਏ। ਏਥੇ ਕਰਨ ਤੇ ਏਥੇ ਖਾਣ ? ਕੀ ਲੈਣਾ ਨੇ ਓਧਰ ਖੱਪ-ਖਾਨੇ 'ਚ ਜਾ ਕੇ ? ਹੁਣ ਤੂੰ ਆਪਣਾ ਪੜ੍ਹਿਆ ਵਚਾਰਨਾ ਏਂ। ਤੈਨੂੰ ਪਸੰਦ ਆ ਜਾਏ ਤਾਂ ਤੁਹਾਡਾ ਰੱਤਾ ਪੈਸਾ ਖ਼ਰਚ ਨਹੀਂ ਆਵੇਗਾ। ਅਸੀਂ ਪੰਜ-ਸੱਤ ਬੰਦੇ ਜਾਵਾਂਗੇ ਤੇ ਰੋਟੀ ਪਾਣੀ ਦਾ ਫ਼ਿਕਰ ਆਪੇ ਸਮੁੰਦ ਸੁੰਹ ਕਰੇਗਾ। ਅਗਲੇ ਦਿਨ ਤੁਸੀਂ ਪੰਜ-ਸਤ ਬੰਦੇ ਆ ਜਾਇਓ। ਏਥੇ ਅਸੀਂ ਜਾਣੀਏਂ। ਤੁਹਾਡਾ ਨਾ ਏਥੇ ਖ਼ਰਚ, ਨਾ ਓਥੇ। ਸਲਾਹ ਕਰ ਲੈ ਆਵਦੇ ਸਰਦਾਰ ਨਾਲ।"

"ਤੂੰ ਨਹੀਂ ਸਾਡਾ ਸਰਦਾਰ ? ਸਾਡੇ ਵਾਸਤੇ ਤਾਂ ਤੁਸੀਂ ਦੋਵੇਂ ਸੈਹਬ ਜੇ। ਜੋ ਤੁਸੀਂ ਦੋਵੇਂ ਭਰਾ ਕਰੋ, ਮੇਰੀ ਕੋਈ ਨਾਬਰੀ ਏ ?" ਘੁੱਦੂ ਨੇ ਇਕ ਢੰਗ ਨਾਲ ਰਜ਼ਾਮੰਦੀ ਪ੍ਰਗਟ ਕਰ ਦਿੱਤੀ।

"ਨਾਬਰੀ ਦਾ ਸਵਾਲ ਨਹੀਂ, ਤੂੰ ਆਪਣੇ ਦਿਲ ਦੀ ਦੱਸ। ਘਰ ਗਿਆਂ ਲੱਭੂ ਦੀ ਮਾਂ ਇੜ-ਵਿੜੀਆਂ ਕਰਨ ਲੱਗ ਪਈ, ਤਾਂ........।" ਕੋਲੋਂ ਸਮੁੰਦ ਸਿੰਘ ਨੇ ਘੁੱਦੂ ਨੂੰ ਹੋਰ ਪੱਕਿਆਂ ਕਰਨ ਵਾਸਤੇ ਕਿਹਾ।

"ਵਾਹ ਸਰਦਾਰਾ! ਉਹਦੀ ਮਜਾਲ ਏ ਆਪਣੇ ਬੈਠਿਆਂ ? ਤੁਸੀਂ ਭਾਵੇਂ ਜੁੱਤੀਆਂ ਮਾਰ ਲੋ, ਪਰ ਜ਼ਨਾਨੀ ਦੀ ਕੀ ਮਜਾਲ ਸਾਹਮਣੇ ਕੁਸਕ ਜਾਏ।" ਘੁੱਦੂ ਨੇ ਆਪਣੇ ਮਰਦਊਪੁਣੇ ਦੀ ਤੜ੍ਹ ਮਾਰੀ।

"ਨਹੀਂ, ਚੌਧਰੀ। ਇਹ ਗੱਲ ਮਾੜੀ ਨਹੀਂ। ਮੈਂ ਔਂਦਾਂ ਪੰਜਾਂ ਮਿੰਟਾਂ ਤੱਕ। ਤੂੰ ਆਵਦੇ ਸਰਦਾਰ ਨਾਲ ਸਲਾਹ ਕਰ ਲੈ। ਮੇਰੇ ਆਖੇ ਲਗੋਂ ਤਾਂ ਜਾ ਕੇ ਘਰ ਦੇ ਬਾਕੀ ਜੀਆਂ ਨਾਲ ਵੀ ਸਲਾਹ ਕਰ ਆ।" ਲੱਖਾ ਸਿੰਘ ਨੇ ਉਹਨੂੰ ਹੋਰ ਪੱਕਿਆਂ ਕਰਨ ਵਾਸਤੇ ਕਿਹਾ।

"ਹੋਰ ਕਿਸੇ ਦੀ ਸਲਾਹ ਦੀ ਕੋਈ ਲੋੜ ਨਹੀਂ। ਤੁਸੀਂ ਦੋਵੇਂ ਭਰਾ ਜੋ ਕਰੋ, ਮਨਜ਼ੂਰ।" ਘੁੱਦੂ ਨੇ ਫ਼ੈਸਲਾ ਕਰ ਦਿੱਤਾ।

"ਰੱਖ ਫਿਰ ਮੁੰਡੇ ਦੇ ਹੱਥ 'ਤੇ ਰੁਪਈਆ।" ਕੋਲੋਂ ਸਮੁੰਦ ਸਿੰਘ ਨੇ ਹੁਕਮੀ ਲਹਿਜੇ ਵਿੱਚ ਕਿਹਾ।

"ਸੱਦੋ ਮੁੰਡੇ ਨੂੰ। ਲਵੇ ਰੱਬ ਦਾ ਨਾਂ।" ਘੁੱਦੂ ਨੇ ਅੰਦਰਲੀ ਕੁੜਤੀ ਦੀ ਜੇਬ ਵਿੱਚੋਂ ਚਾਂਦੀ ਦਾ ਰੁਪਇਆ ਕੱਢਦਿਆਂ ਕਿਹਾ।

ਲੱਖਾ ਸਿੰਘ ਨੇ ਛੁੱਡੇ ਨੂੰ ਬੁਲਾ ਲਿਆ। ਨਾਲ ਹੀ ਉਹਨੇ ਬਸੰਤ ਕੌਰ ਤੇ ਸਵਰਨੀ ਨੂੰ ਵੀ ਸੱਦ ਲਿਆ। ਘੁੱਦੂ ਨੇ ਛੁੱਡੇ ਦੇ ਹੱਥ ਉੱਤੇ ਰੁਪਇਆ ਧਰ ਦਿੱਤਾ। ਕੋਲੋਂ ਬਸੰਤ ਕੌਰ ਨੇ ਉਹਨੂੰ ਦੋ ਰੁਪੈ ਦੇਂਦਿਆਂ ਕਿਹਾ, "ਦੱਸ ਵੇ, ਤੈਨੂੰ ਵਧਾਈ ਦਿਆਂ ਕਿ ਤੇਰੇ ਮਾਂ ਪਿਉ ਨੂੰ ? ਵਚਾਰਿਆਂ ਦਾ ਸੁਰਗਾਂ 'ਚ ਵਾਸਾ ਹੋਵੇ ਨੇ।"

"ਚਾਚੀ ! ਤੂੰ ਆਪਣੇ ਆਪ ਨੂੰ ਈ ਵਧਾਈ ਦੇ ਲੈ। ਮੇਰੀ ਮਾਂ ਤੂੰ ਈ ਏਂ।" ਛੁੱਡੇ ਨੇ ਅੱਗੋਂ ਸ਼ਰਧਾ ਵਜੋਂ ਕਿਹਾ।

"ਠੀਕ ਆਖਿਆ ਈ ਭਈ ! ਸਿਆਣਿਆਂ ਆਖਿਆ ਏ : ਖਾਈ ਭਲੀ ਕਿ ਮਾਈ। ਜੀਹਦਾ ਖਾਈਏ, ਓਸੇ ਦਾ ਗਾਈਏ। ਆਪਣੇ ਅਸਲੀ ਮਾਪੇ ਤਾਂ ਹੁੰਦੇ ਈ ਏਹਾ ਨੇ, ਜਿਨ੍ਹਾਂ ਦੇ ਘਰਾਂ ਤੋਂ ਖਾ ਕੇ ਆਪਾਂ ਪਲਦੇ ਆਂ।" ਘੁੱਦੂ ਛੁੱਡੇ ਦੀ ਗੱਲ ਉੱਤੇ ਖ਼ੁਸ਼ ਹੋ ਗਿਆ ਸੀ।

"ਲੈ ਬਾਬਾ ! ਆਹ ਤੇਰੇ ਵਾਸਤੇ ! ਤੂੰ ਪਹਿਲੀ ਵਾਰ ਮੇਰੇ ਘਰ ਆਇਆ ਏਂ।" ਸਵਰਨੀ ਨੇ ਪੰਜ ਰੁਪੈ ਤੇ ਖੱਦਰ ਦਾ ਰੇਜਾ ਘੁੱਦੂ ਦੇ ਸਾਹਮਣੇ ਰੱਖਦਿਆਂ ਕਿਹਾ।

"ਨਾ ਬੀਬੀ। ਧੀਆਂ ਦੇ ਘਰੋਂ ਲੈਣਾ ਨਹੀਂ ਬਣਦਾ।" ਘੁੱਦੂ ਨੇ ਰੇਜਾ ਪਿਛਾਂਹ ਸਰਕਾਉਂਦਿਆਂ ਕਿਹਾ।

"ਤੇਰਾ ਨਹੀਂ ਬਣਦਾ ਤਾਂ ਮੇਰੇ ਵੱਲੋਂ ਰਾਜੋ ਵਾਸਤੇ ਲੈ ਜਾਹ। ਉਹਦਾ ਤਾਂ ਬਣਦਾ ਏ ਨਾ ! ਮੈਂ ਮੋੜ ਕੇ ਨਹੀਂ ਲਜਾਣੇ !" ਸਵਰਨੋ ਨੇ ਘੁੱਦੂ ਦੀ ਮੁਸ਼ਕਲ ਹੱਲ ਕਰ ਦਿੱਤੀ।

ਦਿਨ ਪੱਕਾ ਹੋ ਗਿਆ। ਰੋਟੀ ਖਾ ਕੇ ਘੁੱਦੂ ਤੇ ਸਮੁੰਦ ਸਿੰਘ ਪਰਤ ਗਏ।

ਹਾੜ੍ਹੀ ਦੀ ਫ਼ਸਲ ਪਿੱਛੋਂ ਵਿਆਹ ਦੀ ਤਿਆਰੀ ਹੋਣ ਲੱਗੀ।

ਹੁਣ ਗੀਲੋ ਨੂੰ ਸਾਰੀ ਗੱਲ ਦਾ ਪਤਾ ਲੱਗ ਗਿਆ ਸੀ। ਬਸੰਤ ਕੌਰ ਨੇ ਸਭ ਕੁਝ ਸਮਝਾ ਦਿੱਤਾ ਸੀ। ਗੀਲੋ ਉਪਰੋਂ-ਉਪਰੋਂ ਸ਼ਰਮ ਮਹਿਸੂਸ ਕਰਦੀ ਤੇ ਅੰਦਰੋਂ ਖ਼ੁਸ਼ ਵੀ ਹੁੰਦੀ। ਉਹ ਬਾਈ ਸਾਲ ਦੀ ਹੋ ਗਈ ਸੀ। ਉਸ ਦੀਆਂ ਬਹੁਤੀਆਂ ਹਾਨਣਾਂ ਦੇ ਵਿਆਹ ਹੋ ਚੁੱਕੇ ਸਨ। ਕਈਆਂ ਦੇ ਕੁੱਛੜ ਇਸ ਵੇਲੇ ਬਾਲ ਵੀ ਸਨ। ਗੀਲੋ ਵੀ ਅਜੇਹੇ ਮਿੱਠੇ ਸੁਪਨੇ ਵੇਖਿਆ ਕਰਦੀ ਸੀ। ਹੁਣ ਉਹਦੇ ਸੁਪਨੇ ਸੱਚ ਹੋਣ ਦਾ ਸਮਾਂ ਆ ਗਿਆ ਸੀ। ਉਹ ਦੂਹਰੇ ਚਾਵਾਂ ਨਾਲ ਅੰਦਰ ਬਾਹਰ ਭੰਬੀਰੀ ਵਾਂਗ ਭੱਜੀ ਫਿਰਦੀ। ਕਦੇ-ਕਦੇ ਉਹ ਬਚਪਨ ਦੇ ਗੀਤ ਵੀ ਨਿੰਮ੍ਹੀ-ਨਿੰਮ੍ਹੀ ਸੁਰ ਵਿੱਚ ਦੁਹਰਾਉਣ ਲੱਗ ਪੈਂਦੀ :

'ਬਾਪੂ ਜੀ! ਮੈਂ ਉਡਦੀ ਜਾਵਾਂ।
ਬੱਲੇ ਨੀ, ਭੰਬੀਰੀਏ।'

ਡੁੱਡੇ ਦੀ ਜੰਞ ਚੜ੍ਹੀ। ਭੈਣ ਨੇ ਵਾਗ ਗੁੰਦੀ, ਵੀਰੇ ਦੇ ਸ਼ਗਨ ਮਨਾਏ।

ਜੰਞ ਵਾਸਤੇ ਲੱਖਾ ਸਿੰਘ ਨੇ ਘੋੜੀਆਂ ਦਾ ਪ੍ਰਬੰਧ ਕੀਤਾ ਹੋਇਆ ਸੀ। ਸਣੇ ਲਾੜੇ ਸਭੋ ਦਸ ਆਦਮੀ ਸਨ। ਘੋੜਿਆਂ ਦੇ ਪੰਧ ਨੇੜੇ। ਐਧਰੋਂ ਜੰਞ ਚੜ੍ਹੀ ਤੇ ਔਧਰ ਜਾ ਢੁੱਕੀ। ਹਵਾਈਆਂ ਤੇ ਅਸਮਾਨੀ ਗੋਲੇ ਚੱਲੇ। ਸਾਰੇ ਪਿੰਡ ਵਿੱਚ ਖ਼ਬਰ ਹੋ ਗਈ। ਜੰਞ ਦੇ ਸਵਾਗਤ ਵਾਸਤੇ ਅੱਗੇ ਘੁੱਦੂ ਦੀ ਸਾਰੀ ਬਰਾਦਰੀ ਜੁੜੀ ਖੜੀ ਸੀ। ਉਹਨਾਂ ਨਾਲ ਦਸ ਬਾਰਾਂ ਜ਼ਿਮੀਂਦਾਰ ਸਰਦਾਰ ਵੀ ਖੜੇ ਸਨ। ਸੱਚ ਹੈ, ਕਿ ਉਹ ਡੁੱਡੇ ਦੇ ਸਵਾਗਤ ਵਾਸਤੇ ਨਹੀਂ, ਸਰਦਾਰ ਲੱਖਾ ਸਿੰਘ ਦੀ ਹਾਜ਼ਰੀ ਵਾਸਤੇ ਸਨ। ਸਭ ਤੋਂ ਪਹਿਲਾਂ ਅੱਗੇ ਵੱਧ ਕੇ ਸਮੁੰਦ ਸਿੰਘ ਨੇ ਲੱਖਾ ਸਿੰਘ ਦੀ ਘੋੜੀ ਦੀ ਵਾਗ ਫੜੀ। ਘੁੱਦੂ ਦੀ ਬਰਾਦਰੀ ਨੇ ਬਾਕੀ ਘੋੜੀਆਂ ਫੜ ਲਈਆਂ। ਸਾਰਿਆਂ ਤੋਂ ਪਿੱਛੋਂ ਸਵਰਨੀ ਦੀ ਘੋੜੀ ਸੀ। ਮੁਕੰਦ ਸਿੰਘ ਨੇ ਕੋਲ ਪਹੁੰਚ ਕੇ ਭੈਣ ਨੂੰ ਘੋੜੀ ਤੋਂ ਉਤਾਰਿਆ ਤੇ ਭਣੇਵੇਂ ਨੂੰ ਕੁੱਛੜ ਚੁੱਕ ਲਿਆ। ਵਾਗੀ ਮੁੰਡੇ ਨੇ ਸਵਰਨੀ ਦੀ ਗੰਢੜੀ ਫੜ ਲਈ। ਉਹ ਚਾਰੇ ਅੰਦਰਲੇ ਘਰ ਨੂੰ ਤੁਰ ਪਏ।

ਜੰਞ ਦਾ ਉਤਾਰਾ ਸਮੁੰਦ ਸਿੰਘ ਦੀ ਹਵੇਲੀ ਵਿੱਚ ਸੀ। ਉਹਨਾਂ ਦੇ ਅੰਨ ਪਾਣੀ ਦਾ ਪ੍ਰਬੰਧ ਵੀ ਸਮੁੰਦ ਸਿੰਘ ਵੱਲੋਂ ਹੀ ਸੀ। ਸਹੀ ਅਰਥਾਂ ਵਿੱਚ ਇਹ ਸਭ ਖ਼ਾਤਰਦਾਰੀ ਲੱਖਾ ਸਿੰਘ ਦੀ ਹੀ ਸੀ। ਬਾਕੀ ਜਾਂਞੀਆਂ ਨੂੰ ਤਾਂ ਭੋਨੇ ਦੇ ਪੱਜ ਛੀਲੇ ਨੂੰ ਪਾਣੀ ਆ ਰਿਹਾ ਸੀ। ਘੁੱਦੂ ਖ਼ੁਸ਼ ਸੀ, ਕਿ ਉਹ ਖ਼ਰਚ ਤੋਂ ਬਚ ਗਿਆ ਸੀ।

ਓਸ ਪਿੰਡ ਵਿੱਚ ਕੁਝ ਘਰ ਤਿਆਰ-ਬਰ-ਤਿਆਰ ਮਜ਼੍ਹਬੀ ਸਿੱਖਾਂ ਦੇ ਵੀ ਸਨ। ਉਹ ਅੰਮ੍ਰਿਤਧਾਰੀ ਸਨ, ਪਰ ਆਪਣੇ ਚੌਕੇ ਉੱਤੇ ਬੇ-ਅੰਮ੍ਰਿਤੀ ਸਰਦਾਰ ਉਹਨਾਂ ਨੂੰ ਚੜ੍ਹਨ ਨਹੀਂ ਸਨ ਦੇਂਦੇ। ਹਾਂ, ਅਕਾਲੀ ਲਹਿਰ ਦਾ ਅਸਰ, ਕਿਸੇ ਦਿਨ ਦਿਹਾਰ ਦੇ ਸਮੇਂ ਉਹ ਮਜ਼੍ਹਬੀ ਸਿੱਖ ਗੁਰਦੁਆਰੇ ਵਿੱਚ ਬਰਾਬਰ ਬੈਠ ਸਕਦੇ ਸਨ। ਨਾ ਹੀ ਪਰਸਾਦਿ ਵਰਤਣ ਵੇਲੇ ਉਹਨਾਂ ਮਜ਼੍ਹਬੀ ਸਿੱਖਾਂ ਨੂੰ ਵਿਚੋਂ ਉਠਾਇਆ ਜਾਂਦਾ ਸੀ। ਏਨੀ ਰਿਆਇਤ ਵੀ ਜੱਟ ਸਰਦਾਰ ਆਪਣੀ ਖੁੱਲ੍ਹ-ਦਿਲੀ ਦੇ ਕਾਰਨ ਦੇਣੀ ਮੰਨੇ ਸਨ। ਪਰਚਾਰਕ ਲੱਖ ਟਾਹਰਾਂ ਪਏ ਮਾਰਨ ਕਿ ਗੁਰੂ ਸਾਹਿਬ ਦਾ ਵਰ ਹੈ : ਰੰਘਰੇਟੇ, ਗੁਰੂ ਕੇ ਬੇਟੇ, ਪਰ ਸਿੱਖੀ ਦੇ ਠੇਕੇਦਾਰ ਏਸ ਵਰ ਦੀ ਪਰਵਾਹ ਨਹੀਂ ਸਨ ਕਰਦੇ। ਮਾਲੀ ਨਾ-ਬਰਾਬਰੀ ਸਮਾਜਕ ਨਾ-ਬਰਾਬਰੀ ਦੀ ਜੜ੍ਹ ਹੈ। ਨਿਰਧਨ ਨੂੰ ਕੌਣ ਬਰਾਬਰ ਦਾ ਦਰਜਾ ਦੇਂਦਾ ਹੈ। ਆਦਿ ਧਰਮੀ ਜਾਂ ਮਜ਼੍ਹਬੀ ਤਾਂ ਪੁਰਾਣੇ ਸ਼ਬਦ ਹਨ, ਅੱਜ ਦਾ ਨਵਾਂ ਖ਼ਿਤਾਬ 'ਹਰੀਜਨ' ਵੀ ਸਮਾਜਕ ਵਿਤਕਰੇ ਨੂੰ ਦੂਰ ਨਹੀਂ ਕਰ ਸਕਿਆ।

ਆਪਣੀ ਬਰਾਦਰੀ ਵਿੱਚ ਸਜੇ ਹੋਏ ਮਜ਼੍ਹਬੀ ਸਿੱਖਾਂ ਦਾ ਜ਼ਰੂਰ ਕੁਝ ਅਸਰ ਸੀ। ਉਹਨਾਂ ਦੀ ਸਲਾਹ ਹੋਈ ਕਿ ਵਿਆਹ ਦੀ ਰਸਮ ਗੁਰਮਤ ਅਨੁਸਾਰ ਕੀਤੀ ਜਾਵੇ। ਸਮੁੰਦ ਸਿੰਘ ਜਾਂ ਲੱਖਾ ਸਿੰਘ ਨੂੰ ਏਸ ਗੱਲ 'ਤੇ ਕੋਈ ਇਤਰਾਜ਼ ਨਹੀਂ ਸੀ।

ਘੁੱਦੂ ਦਾ ਘਰ ਸਾਫ਼ ਸੁਥਰਾ ਨਹੀਂ ਸੀ। ਇਸ ਲਈ ਫੇਰੇ ਦੇਣ ਵਾਸਤੇ ਵੀ ਸਮੁੰਦ ਸਿੰਘ ਦੀ ਹਵੇਲੀ ਵਿਚ ਹੀ ਪ੍ਰਬੰਧ ਕੀਤਾ ਗਿਆ। ਉਸ ਦੀ ਬੈਠਕ ਵਿੱਚ ਪ੍ਰਕਾਸ਼ ਕਰਕੇ ਗ੍ਰੰਥੀ ਨੇ ਗ਼ਰੀਬੀ ਦਾਵੇ ਦੀ ਰਸਮ ਭੁਗਤਾ ਦਿੱਤੀ। ਹਾਂ, ਗ਼ਰੀਬੀ ਦ੍ਹਾਵੇ ਦੀ। ਅਮੀਰ ਤੇ ਗ਼ਰੀਬ ਦੀਆਂ ਰਸਮਾਂ ਵਿੱਚ ਵੀ ਫ਼ਰਕ ਹੁੰਦਾ ਹੈ। ਪੁਜਾਰੀ ਦੋਹੀਂ ਥਾਂਈਂ ਓਹਾ ਹੁੰਦਾ ਹੈ, ਪਰ ਰਸਮ ਦਾ ਨਿਰਭਰ ਤਾਂ ਪੂਜਾ ਦੀ ਰਕਮ ਉੱਤੇ ਹੁੰਦਾ ਹੈ।

ਗ੍ਰੰਥੀ ਨੇ ਲਾਵਾਂ ਪੜ੍ਹੀਆਂ, ਡ੍ਹੱਡੇ ਦਾ ਪੱਲਾ ਫੜ ਕੇ ਰਾਜੋ ਨੇ, ਉਦਾਲੇ ਚਾਰ ਭੁਆਟਣੀਆਂ ਲਈਆਂ, ਗ੍ਰੰਥੀ ਨੇ ਅਨੰਦ ਸਾਹਿਬ ਦੀਆਂ ਛੇ ਪਉੜੀਆਂ ਕਾਹਲੀ-ਕਾਹਲੀ ਪੜ੍ਹੀਆਂ ਤੇ ਅਰਦਾਸਾ ਸੋਧ ਕੇ ਕੰਮ ਮੁਕਾਉਣ ਦੀ ਕੀਤੀ।

ਗ੍ਰੰਥੀ ਐਵੇਂ ਹੀ ਘਬਰਾ ਗਿਆ ਸੀ। ਪੂਜਾ ਦੇ ਪੈਸੇ ਗਿਣਨ ਉੱਤੇ ਬਾਰਾਂ ਰੁਪੈ ਦਸ ਆਨੇ ਪੁੱਜੇ। ਪੰਜ ਰੁਪਏ ਤਾਂ ਲੱਖਾ ਸਿੰਘ ਨੇ ਹੀ ਮੱਥਾ ਟੇਕਿਆ ਸੀ। ਭਾਵੇਂ ਉਹਨੇ ਗੁਰੂ ਮਹਾਰਾਜ ਦੀ ਥਾਂ ਆਪਣੀ ਸਰਦਾਰੀ ਨੂੰ ਮੁੱਖ ਰੱਖ ਕੇ ਹੀ ਇਹ ਖ਼ਰਚ ਕੀਤਾ ਸੀ। ਗ੍ਰੰਥੀ ਜੇਬ ਵਿੱਚ ਪੈਸੇ ਪਾਉਣ ਲੱਗਾ ਖ਼ੁਸ਼ ਨਜ਼ਰ ਆ ਰਿਹਾ ਸੀ। ਉਸ ਸਮੇਂ ਦੇ ਬਾਰਾਂ ਅੱਜ ਦੇ ਡੇਢ ਸੌ ਨਾਲੋਂ ਵਧੇਰੇ ਕੀਮਤ ਰੱਖਦੇ ਸਨ।

ਫਿਰ ਵਾਰੀ ਆਈ ਪਰਸਾਦਿ ਵਰਤਾਉਣ ਦੀ। ਗ੍ਰੰਥੀ ਪਰਸਾਦਿ ਸਮੁੰਦ ਸਿੰਘ ਦੇ ਘਰੋਂ ਆਪ ਕਰਕੇ ਲਿਆਇਆ ਸੀ। ਪੰਜਾਂ ਪਿਆਰਿਆਂ ਦਾ ਪਰਸਾਦਿ ਉਹਨੇ ਲੱਖਾ ਸਿੰਘ, ਸਮੁੰਦ ਸਿੰਘ ਤੇ ਮੁਕੰਦ ਸਿੰਘ ਪਿੱਛੋਂ ਦੋ ਮਜ਼੍ਹਬੀ ਸਿੱਖਾਂ ਨੂੰ ਵੀ ਦਿੱਤਾ। ਇਹ ਉਸ ਦੀ ਦਲੇਰੀ ਹੀ ਸਮਝਣੀ ਚਾਹੀਦੀ ਹੈ। ਫੇਰ ਉਹਨੇ ਸਮੁੱਚਾ ਪਰਸਾਦਿ ਵਰਤਾਉਣ ਲੱਗਿਆਂ ਪਹਿਲ ਵਿਆਹ ਵਾਲੇ ਕੁੜੀ ਮੁੰਡੇ ਤੋਂ ਕੀਤੀ। ਝੱਟ ਹੀ ਚੇਤਾ ਆ ਗਿਆ ਤਾਂ ਉਹ ਫਿਰ ਸਰਦਾਰਾਂ ਵੱਲ ਮੁੜ ਪਿਆ। ਪਹਿਲਾਂ ਉਹਨੇ ਸਰਦਾਰਾਂ ਨੂੰ, ਫਿਰ ਮਜ਼੍ਹਬੀ ਸਿੱਖਾਂ ਨੂੰ ਤੇ ਫਿਰ ਆਮ ਜੁੜੀ ਸੰਗਤ ਨੂੰ ਵਰਤਾਇਆ।

ਪਰਸਾਦਿ ਲੈ ਕੇ ਲੱਖਾ ਸਿੰਘ ਤੇ ਸਮੁੰਦ ਸਿੰਘ ਬੈਠਕੋਂ ਬਾਹਰ ਨਿਕਲੇ। ਅੱਗੇ ਘੁੱਦੂ ਦੀ ਬਰਾਦਰੀ ਦੀਆਂ ਢੇਰ ਸਾਰੀਆਂ ਜ਼ਨਾਨੀਆਂ ਜੁੜੀਆਂ ਖੜ੍ਹੀਆਂ ਸਨ। ਪਿੰਡ ਦਾ ਜਵਾਈ ਹੋਣ ਕਰਕੇ ਲੱਖਾ ਸਿੰਘ ਨਾਲ ਉਹ ਮਾੜਾ ਮੋਟਾ ਹਾਸਾ ਠੱਠਾ ਕਰ ਲੈਣਾ ਆਪਣਾ ਹੱਕ ਸਮਝਦੀਆਂ ਸਨ। ਇਕ ਅੱਧਖੜ ਸੁਕੜੋ ਜੇਹੀ ਨੇ ਲੱਖਾ ਸਿੰਘ ਦੇ ਚਿਹਰੇ ਵੱਲ ਤਕਦਿਆਂ ਕਿਹਾ, "ਸਰਦਾਰ ਜਵਾਤਰਿਆ! ਆਹ ਤਾਂ ਕਾਂ ਦੇ ਗਲ

ਕੂੰਜ ਨਰੜ ਦਿੱਤੀ ਊ। ਇਹਦੇ ਨਾਲੋਂ ਤਾਂ ਆਪ ਵਿਆਹ ਲਜਾਂਦੋਂ ਤਾਂ ਚੰਗਾ ਸੀ।"

"ਤੂੰ ਹੁਣ ਵੀ ਏਹਾ ਸਮਝ ਖਾਂ ਕਿ ਮੈਂ ਆਪ ਹੀ ਵਿਆਹ ਲਚੱਲਿਆ ਆਂ।" ਲੱਖਾ ਸਿੰਘ ਨੇ ਮੁੱਛ ਉੱਤੇ ਹੱਥ ਫੇਰਦਿਆਂ ਕਿਹਾ। ਹਾਸੇ ਦੇ ਰੌ ਵਿੱਚ ਉਹਦੇ ਮੂੰਹੋਂ ਸੱਚੀ ਗੱਲ ਨਿਕਲ ਗਈ।

"ਵਾਹ, ਸਰਦਾਰਾ! ਫਿਰ ਜੂਠੀ ਪੱਤਲ ਚੱਟਣ ਦਾ ਈ ਚਾਅ ਸੀ ?" ਪਹਿਲੀ ਨਾਲੋਂ ਦੂਸਰੀ ਨੇ ਵਧੇਰੇ ਤੇਜ਼-ਧਾਰ ਸ਼ਬਦਾਂ ਨਾਲ ਹਮਲਾ ਕੀਤਾ।

"ਬਕ ਨਹੀਂ ਕੁੱਤੀਏ!" ਸਮੁੰਦ ਸਿੰਘ ਨੇ ਸਰਦਾਰੀ ਰੁਹਬ ਨਾਲ ਕੜਕ ਕੇ ਕਿਹਾ, "ਕਮਜਾਤ ਨੂੰ ਬੋਲਣ ਦੀ ਜਾਚ ਨਹੀਂ। ਪਹਿਲਾਂ ਆਪਣੇ ਮੁੰਡੇ ਵੱਲੇ ਵੀ ਝਾਤੀ ਮਾਰ ਲਵੇ। ਇਕ ਪਾਸੇ ਦਾ ਲੈਂਪ ਈ ਬੁਝਿਆ ਹੋਇਆ ਏ। ਘੁੱਦੂ ਕਮਲਾ ਨਹੀਂ ਸੀ। ਉਹਨੇ ਸਭ ਕੁਝ ਵੇਖ ਕੇ ਤੇ ਸੋਚ ਸਮਝ ਕੇ ਕੀਤਾ ਏ। ਉਹ ਵੀ ਗੁਹਲ ਵਰਗੀ ਕੁੜੀ ਏ, ਜਿਹੜੀ ਤੁਹਾਡੇ ਪੰਜ-ਅੱਖੇ ਨੇ ਲੈ ਔਣੀ ਏ।"

"ਜਾਣ ਦੇ ਸਰਦਾਰ ਸਮੁੰਦ ਸਿਹਾਂ! ਜ਼ਨਾਨੀਆਂ ਨੂੰ ਬੋਲਣ ਦੀ ਜਾਚ ਹੋਵੇ ਤਾਂ ਫੇਰ ਰੋਣਾ ਕਾਹਦਾ ? ਇਹਨਾਂ ਦਾ ਗੁੱਸਾ ਨਹੀਂ ਕਰੀਦਾ।" ਕੋਲੋਂ ਚਤਰ ਸਿੰਘ ਮਜ਼੍ਹਬੀ ਨੇ ਉਹਨੂੰ ਠੰਢਿਆਂ ਕਰਨ ਦੇ ਇਰਾਦੇ ਨਾਲ ਕਿਹਾ।

"ਗੁੱਸਾ ਕੀ ਕਰਨਾ ਏ, ਕਈਆਂ ਦਾ ਮੂੰਹ ਈ ਆਪਣਾ ਨਹੀਂ ਹੁੰਦਾ।" ਸਮੇਂ ਦੀ ਨਜ਼ਾਕਤ ਵੇਖ ਕੇ ਸਮੁੰਦ ਸਿੰਘ ਚੁੱਪ ਕਰ ਗਿਆ। ਵੈਸੇ ਉਹਨਾਂ ਦੋਹਾਂ ਸਾਲੇ ਭਣਵੱਈਏ ਵਾਸਤੇ ਚੋਟ ਬੜੀ ਅਸਹਿ ਸੀ। ਚੋਖਾ ਚਿਰ ਉਹ ਅੰਦਰੋ-ਅੰਦਰ ਵਿੱਸ ਘੋਲਦੇ ਰਹੇ।

ਚਲੋ, ਤਮਾਸ਼ਾ ਖ਼ਤਮ ਹੋਇਆ। ਅਗਲੇ ਦਿਨ ਘੁੱਦੂ ਕੇ ਗਏ ਤੇ ਉਹ ਗੀਲ੍ਹੋ ਨੂੰ ਵਿਆਹ ਕੇ ਲੈ ਆਏ। ਇਕ ਹਫ਼ਤੇ ਪਿਛੋਂ ਦੋਹਾਂ ਦੇ ਮੁਕਲਾਵੇ ਵੀ ਹੋ ਗਏ। ਇਹ ਫ਼ੈਸਲਾ ਦੇਣਾ ਔਖਾ ਹੈ ਕਿ ਦੋਹਾਂ ਵਿਚੋਂ ਨਫ਼ੇ ਵਿੱਚ ਕੌਣ ਰਿਹਾ। ਡੁੱਡੇ ਨੂੰ ਹੁਸਨ ਬਾਨੋ ਮਿਲ ਗਈ ਤਾਂ ਲੱਖੂ ਨੂੰ ਕੁਆਰ ਕੰਨਿਆਂ। ਗੀਲ੍ਹੋ ਬਾਈ ਸਾਲ ਦੀ ਹੁੰਦੀ ਹੋਈ ਵੀ ਕੁਆਰੀ ਸੀ ਤੇ ਰਾਜੋ ਅਠਾਰਾਂ ਸਾਲ ਦੀ....। ਛੱਡੋ ਜੀ! ਰਾਜੋ ਦੀ ਵਰੀ ਗੀਲ੍ਹੋ ਨਾਲੋਂ ਸੋਹਣੀ ਸੀ। ਉਹਨੂੰ ਤਿੰਨ ਟੂੰਬਾਂ ਸੋਨੇ ਦੀਆਂ ਵੀ ਪੈ ਗਈਆਂ ਸਨ। ਦੋ ਸੂਟ ਤਾਂ ਸਵਰਨੀ ਉਹਦੇ ਵਾਸਤੇ ਲਗਈ ਸੀ। ਦੋ ਸੂਟ ਸਮੁੰਦ ਸਿੰਘ ਨੇ ਦਿੱਤੇ ਸਨ। ਲੱਖਾ ਸਿੰਘ ? ਉਹ ਤਾਂ ਰਾਜਾ ਜੱਟ ਹੈ, ਉਹਦੀ ਕੀ ਗੱਲ ਕਰਨੀ ?

ਦੋਵੇਂ ਕੁੜੀਆਂ ਤੋਂ ਵਹੁਟੀਆਂ ਬਣ ਗਈਆਂ ਤੇ ਆਪੋ ਆਪਣੇ ਘਰ ਸੰਭਾਲ ਬੈਠੀਆਂ।

# ੨੦

"ਭੈਣ! ਜਾਣਦੀ ਏਂ। ਆਪਣੀ ਇਕ ਸੌਕਣ ਹੋਰ ਆ ਗਈ ਏ।" ਸਵਰਨੀ ਨੇ ਉਦਾਸ ਚਿਹਰੇ ਨਾਲ ਕਿਹਾ।

ਦੋ ਮਹੀਨਿਆਂ ਵਿੱਚ ਹੀ ਸਵਰਨੀ ਨੂੰ ਸਾਰਾ ਚਾਨਣ ਹੋ ਗਿਆ ਸੀ। ਸਮੁੰਦ ਸਿੰਘ ਦਾ ਦਸਾਂ ਪੰਦਰਾਂ ਦਿਨਾਂ ਪਿਛੋਂ ਫੇਰਾ ਤੇ ਲੱਖਾ ਸਿੰਘ ਦਾ ਅੱਧੀ-ਅੱਧੀ ਰਾਤ ਤੱਕ ਬਾਹਰਲੀ ਬੈਠਕ ਵਿੱਚ ਪਏ ਰਹਿਣਾ। ਫਿਰ ਰਾਜੋ ਦਾ ਸਰਦਾਰਨੀ ਰਾਜ ਕੌਰ ਬਣ ਕੇ ਅੱਖਾਂ ਮਟਕਾਅ-ਮਟਕਾਅ ਕੇ ਹੱਸਣਾ। ਸਵਰਨੀ ਤੋਂ ਕੁਝ ਵੀ ਲੁਕਿਆ ਨਾ ਰਿਹਾ।

"ਜਾਣਦੀ ਆਂ। ਸਵਰਨੋ! ਸਭ ਕੁਝ ਜਾਣਦੀ ਆਂ।" ਬਸੰਤ ਕੌਰ ਦੇ ਅੰਦਰੋਂ ਇਕ ਠੰਢਾ ਸਾਹ ਨਿਕਲ ਗਿਆ।

ਉਹ ਦੋਵੇਂ ਡਿਉਢੀ ਵਿੱਚ ਬੈਠੀਆਂ ਹਰਨਾਮੇ ਦੀ ਵਹੁਟੀ ਵਾਸਤੇ ਬਾਗ਼ ਕੱਢ ਰਹੀਆਂ ਸਨ। ਹਰਨਾਮ ਸਤਾਰਾਂ ਸਾਲ ਦਾ ਹੋ ਗਿਆ ਸੀ। ਉਹਦਾ ਵਿਆਹ ਅੱਸੂ ਦੇ ਨੌਰਾਤਿਆਂ ਦਾ ਪੱਕਾ ਹੋ ਚੁੱਕਾ ਸੀ।

"ਕਿਸੇ ਕਿਸੇ ਵੇਲੇ ਮੈਂ ਆਪਣੇ ਆਪ ਵਿੱਚ ਬੜੀ ਝੂਰਦੀ ਆਂ।" ਸਵਰਨੀ ਨੇ ਕਸੀਦੇ ਉੱਤੇ ਨਿਗਾਹ ਟਿਕਾਈ ਕਿਹਾ। "ਮੈਂ ਤੇਰਾ ਸੁਹਾਗ ਵੀ ਖੋਹਿਆ ਤੇ ਆਪ ਵੀ......।"

"ਸਵਰਨੀ! ਤੇਰੇ ਦਿਲੋਂ ਇਹ ਵਹਿਮ ਕਦੋਂ ਨਿਕਲੇਗਾ ? ਮੇਰਾ ਸੁਹਾਗ ਕਿਸੇ ਨਹੀਂ ਖੋਹਿਆ। ਉਹਨਾਂ ਦਾ ਦਿਲ ਭਰ ਗਿਆ ਸੀ ਮੈਥੋਂ। ਤੂੰ ਨਾ ਔਂਦੀ ਤਾਂ ਕੋਈ ਹੋਰ ਆ ਜਾਂਦੀ। ਉਹ ਸੌਤ ਗੁੱਤ ਨੂੰ ਵਲਾਵਾਂ ਦੇ ਕੇ ਮੈਨੂੰ ਘਰੋਂ ਈ ਬਾਹਰ ਕਰਦੀ। ਤੂੰ ਮੇਰਾ ਕੁਝ ਨਹੀਂ ਖੋਹਿਆ, ਉਲਟਾ ਮੈਨੂੰ ਤੇਰੇ ਉੱਤੇ ਤਰਸ ਔਂਦਾ ਏ। ਮੇਰੇ ਨਾਲੋਂ ਵਧੇਰੇ ਧੱਕਾ ਤੇਰੇ ਨਾਲ ਹੋਇਆ ਏ। ਮੈਂ ਤਾਂ ਫੇਰ ਵੀ ਦਸ ਵਰ੍ਹੇ ਹਾਣ ਮਾਣਿਆਂ ਏਂ, ਤੇ ਤੂੰ......। ਮਰਦ ਸਮਝਦੇ ਨੇ, ਚੰਗੇ ਕੱਪੜੇ ਤੇ ਸੋਨੇ ਦੀਆਂ ਚਾਰ ਟੂੰਬਾਂ ਨਾਲ ਜਨਾਨੀ ਦਾ ਮਨ ਖ਼ੁਸ਼ ਹੋ ਜਾਂਦਾ ਏ, ਪਰ ਉਹਨਾਂ ਨੂੰ ਕੌਣ ਸਮਝਾਵੇ ਕਿ ਹਾਣ-ਪਰਵਾਣ ਵਰ ਦੀ ਘਾਟ ਕੋਈ ਚੀਜ਼ ਵੀ ਪੂਰੀ ਨਹੀਂ ਕਰਦੀ। ਸਵਰਨੀ! ਆਪਣੇ ਨਾਲੋਂ ਮੈਨੂੰ ਤੇਰਾ ਦੁੱਖ ਵਧੇਰੇ ਏ।" ਸਾਲਾਂ ਦੇ ਅੰਦਰ ਰੋਕੇ ਹੋਏ ਹਉਕੇ ਬਸੰਤ ਕੌਰ ਦੇ ਮੂੰਹੋਂ ਅੱਜ ਮੱਲੋ-ਮੱਲੀ ਬਾਹਰ ਆ ਰਹੇ ਸਨ।

"ਭੈਣ! ਮੇਰੇ ਅੰਦਰ ਦਾ ਦੁੱਖ ਵੀ ਕੋਈ ਨਹੀਂ ਜਾਣਦਾ। ਕਿਸੇ ਨੂੰ ਵੀ ਪਤਾ ਨਹੀਂ। ਨਾ ਮੈਂ ਦੱਸ ਈ ਸਕਦੀ ਆਂ।" ਸਵਰਨੀ ਨੇ ਸਿਰ ਦੇ ਪੱਲੇ ਨਾਲ ਅੱਖਾਂ ਪੂੰਝ ਲਈਆਂ।

"ਕਮਲੀ ਕੁੜੀ।" ਬਸੰਤ ਕੌਰ ਦੀ ਨਜ਼ਰ ਵਿੱਚ ਉਹ ਅਜੇ ਕੁੜੀ ਹੀ ਸੀ। "ਤੂੰ ਸਮਝਦੀ ਏਂ, ਮੈਨੂੰ ਕੋਈ ਪਤਾ ਨਹੀਂ ? ਸਾਰਾ ਪਤਾ ਏ। ਸਭ ਨੂੰ ਪਤਾ ਏ। ਤੇਰੇ ਭਰਾਵਾਂ ਨੂੰ, ਤੇਰੀ ਮਾਂ ਨੂੰ, ਸੱਚੀ ਪੁੱਛੇਂ ਤਾਂ ਨ੍ਹਾਮੇ ਦੇ ਬਾਪੂ ਨੂੰ ਵੀ ਪਤਾ ਏ। ਅਸੀਂ ਸਿਰਫ਼ ਆਪਣੀ ਕਮਜ਼ੋਰੀ ਤੋਂ ਡਰਦੇ ਮੂੰਹੋਂ ਗੱਲ ਕੱਢਣ ਦੀ ਹਿੰਮਤ ਨਹੀਂ ਕਰਦੇ।"

"ਮਰ ਗਈ ਮੈਂ! ਉਹਨਾਂ ਨੂੰ ਵੀ ਪਤਾ ਏ ?" ਸਵਰਨੀ ਦੇ ਕੰਮ ਕਰਦੇ ਹੱਥ ਰੁਕ ਗਏ। ਉਹਦੀ ਪਰੇਸ਼ਾਨ ਨਜ਼ਰ ਬਸੰਤ ਕੌਰ ਦੇ ਚਿਹਰੇ ਉੱਤੇ ਟਿਕੀ ਹੋਈ ਸੀ।

"ਹਾਂ। ਉਹਨਾਂ ਨੂੰ ਪਤਾ ਏ।" ਬਸੰਤ ਕੌਰ ਨੇ ਓਸੇ ਤਰ੍ਹਾਂ ਸ਼ਾਂਤ ਸੁਰ ਵਿੱਚ ਕਿਹਾ, "ਤੂੰ ਸਮਝਦੀ ਨਹੀਂ ? ਉਸ ਤੋਂ ਪਿੱਛੋਂ ਉਹਨਾਂ ਕਦੇ ਤੈਨੂੰ ਬੀਬੀ ਆਸੋ ਕੋਲ ਨਹੀਂ ਜਾਣ ਦਿੱਤਾ। ਇਸ ਗੱਲ ਦਾ ਭਾਅ ਸਮੁੰਦ ਸੁੰਹ ਨੂੰ ਵੀ ਪਤਾ ਏ। ਇਹਨਾਂ ਦੋਹਾਂ ਦਾ ਕੋਈ ਭੇਤ ਆਪਸ ਵਿੱਚ ਗੁੱਝਾ ਨਹੀਂ। ਸਭ ਪੜਦੇ ਸਾਂਝੇ ਨੇ।"

"ਫਿਰ ਹੁਣ ਕੀ ਬਣੇਗਾ ?" ਸਰਵਨੀ ਦਾ ਰੰਗ ਉੱਡ ਗਿਆ। ਇਹ ਸਭ ਦੂਸਰੇ ਮੂੰਹੋਂ ਸੁਣੇ ਸ਼ਬਦਾਂ ਦਾ ਅਸਰ ਸੀ। ਇਹ ਉਹ ਚੰਗੇਰਕਣਾ ਜਾਣਦੀ ਸੀ ਕਿ ਉਸ ਦੇ ਭੇਤ ਦਾ ਸਭ ਨੂੰ ਪਤਾ ਹੈ। ਸਰਵਣ ਉਹਦੇ ਗੁੱਝੇ ਭੇਤ ਦਾ ਪ੍ਰਤੱਖ ਸਬੂਤ ਸੀ।

ਇਨਸਾਨ ਦੇ ਮਨ ਦੀ ਅਵਸਥਾ ਦਾ ਆਰ-ਪਾਰ ਨਹੀਂ ਪਾਇਆ ਜਾ ਸਕਦਾ। ਕਦੇ ਸਵਰਨੀ ਆਪ ਚਾਹੁੰਦੀ ਸੀ ਕਿ ਲੱਖਾ ਸਿੰਘ ਉਸ ਦੇ ਉੱਤੇ ਇਹ ਇਲਜ਼ਾਮ ਲਗਾਵੇ ਤੇ ਉਹ ਛਾਤੀ ਤਾਣ ਕੇ ਆਖੇ, ਹਾਂ, ਮੈਂ ਇਹ ਕੁਝ ਕੀਤਾ ਏ।' ਅੱਜ ਅਚਨਚੇਤ ਬਸੰਤ ਕੌਰ ਦੇ ਮੂੰਹੋਂ ਓਹਾ ਸ਼ਬਦ ਸੁਣ ਕੇ ਸਵਰਨੀ ਘਬਰਾ ਗਈ ਸੀ।

"ਬਣਨਾ ਕੀ ਏ ? ਕੁਝ ਵੀ ਨਾ। ਕਈ ਵਾਰ ਮਰਦ ਆਪਣੀ ਬਦਨਾਮੀ ਤੋਂ ਡਰਦਾ, ਜ਼ਨਾਨੀ ਦੇ ਔਗੁਣਾਂ ਨੂੰ ਲੋਕਾਂ ਵਿੱਚ ਨਸ਼ਰ ਨਹੀਂ ਕਰਦਾ। ਸਭ ਕੁੜੱਤਣ ਕਸੀਸ ਵੱਟ ਕੇ ਪੀ ਜਾਂਦਾ ਏ। ਪਰ ਜਿਹੜੀ ਗੱਲ ਅਸੀਂ ਲੁਕੋਣਾ ਚੋਂਹਦੇ ਆਂ, ਉਹ ਸਾਰੇ ਪਹਿਲਾਂ ਈ ਜਾਣਦੇ ਹੁੰਦੇ ਨੇ। ਓਦਣ ਦਾ ਚੇਤਾ ਈ ? ਸਰਵਣ ਵੱਲ ਵੇਖ ਕੇ ਬੇਬੇ ਲੰਬਰਦਾਰਨੀ ਨੇ ਆਖਿਆ ਸੀ, 'ਵੇ ਦਿਉਰਾ! ਮੁੰਡਾ ਕੀਹਦੇ ਵਰਗਾ ਈ ?' ਕੋਈ ਕਸਰ ਸੀ ਏਸ ਗੱਲ ਵਿੱਚ ? ਕੋਈ ਓਹਲਾ ਸੀ ?"

"ਭੈਣ! ਭੈਣ! ਮੈਂ.....ਮੈਥੋਂ....ਕੁਝ ਮੱਤ ਵਿੱਚ.....।" ਸਵਰਨੀ ਵਾਕ ਪੂਰਾ ਨਾ ਕਰ ਸਕੀ। ਉਹ ਗੋਡੇ ਉੱਤੇ ਸਿਰ ਰੱਖ ਕੇ ਬੁਸਕਣ ਲੱਗ ਪਈ। ਉਹਦਾ ਦਿਲ ਅੱਜ ਬਹੁਤਾ ਹੀ ਡੋਲ੍ਹਿਆ ਹੋਇਆ ਸੀ।

"ਰੋ ਨਾ ਸਵਰਨੋ! ਰੋਇਆਂ ਕੁਝ ਨਹੀਂ ਬਣਦਾ। ਕਲੇਜੇ ਦੇ ਸੱਲ ਹੱਸ ਕੇ ਜਰੀਦੇ ਨੇ। ਮੈਨੂੰ ਕਦੇ ਹੰਝੂ ਕੇਰਦਿਆਂ ਵੇਖਿਆ ਈ ? ਵੇਖ ਲੈ, ਮੈਂ ਹਰ ਵੇਲੇ ਹੱਸਦੀ ਰਹਿੰਦੀ ਆਂ।" ਬਸੰਤ ਕੌਰ ਦਾ ਹੌਸਲਾ ਅਥਾਹ ਸੀ।

"ਭੈਣ! ਇਹ ਤੂੰ ਸੱਚੇ ਦਿਲੋਂ ਹੱਸਦੀ ਏਂ ? ਤੂੰ ਦੁੱਖੀ ਨਹੀਂ ?" ਸਵਰਨੀ ਨੇ ਹੰਝੂ ਭਰੀਆਂ ਅੱਖਾਂ ਨਾਲ ਬਸੰਤ ਕੌਰ ਵੱਲ ਤਕਦਿਆਂ ਪੁੱਛਿਆ।

"ਦੁੱਖੀ ਆਂ। ਬਹੁਤ ਦੁੱਖੀ ਆਂ। ਤੂੰ ਵੀ ਦੁੱਖੀ ਏਂ। ਉਹ ਆਪ ਵੀ ਦੁੱਖੀ ਨੇ। ਸੱਚੀ ਪੁੱਛਦੀ ਏਂ ਤਾਂ ਸਭ ਨਾਲੋਂ ਵਧੇਰੇ ਉਹ ਦੁੱਖੀ ਨੇ। ਮੈਨੂੰ ਉਹਨਾਂ ਦੀ ਹਾਲਤ ਉੱਤੇ ਬਹੁਤ ਤਰਸ ਔਂਦਾ ਏ।" ਬਸੰਤ ਕੌਰ ਹਰ ਰੰਗ ਵਿੱਚ ਪਤੀ ਦਾ ਸੁੱਖ ਲੋਚਦੀ ਸੀ, ਪਰ ਪਤੀ ਨੇ ਆਪ ਆਪਣੇ ਸੁੱਖਾਂ ਦੀ ਹੋਲੀ ਬਾਲ ਲਈ ਸੀ।

"ਉਹ ਕਿਹੜੀ ਗੱਲੋਂ ਦੁੱਖੀ ਨੇ ? ਤੈਥੋਂ ਮਨ ਭਰ ਗਿਆ ਤਾਂ ਮੈਂ ਆ ਗਈ। ਮੈਥੋਂ ਅੱਕ ਗਏ ਤਾਂ ਰਾਜੋ ਆ ਗਈ। ਰਾਜੋ ਮਨੋਂ ਲਹਿ ਜਾਵੇਗੀ ਤਾਂ ਕੋਈ ਹੋਰ ਆ ਜਾਵੇਗੀ। ਬੰਦੇ ਨੂੰ ਕਿਸ ਗੱਲ ਦਾ ਦੁੱਖ ?" ਸਵਰਨੀ ਦੀ ਸੋਚ ਇਸ ਤੋਂ ਅੱਗੇ ਨਹੀਂ ਸੀ ਪਹੁੰਚ ਸਕਦੀ।

"ਉਹ ਵੀ ਦੁੱਖੀ ਨੇ। ਉਹਨਾਂ ਦੇ ਅੰਦਰ ਵੜ ਕੇ ਕੋਈ ਨਹੀਂ ਵਿਹੰਦਾ। ਸਿਰਫ਼ ਮਰਦ-ਹੱਠ ਕਰਕੇ ਉਹ ਸਾਰੀਆਂ ਪੀੜਾਂ ਵਿੱਚੇ ਵਿੱਚ ਪੀ ਰਹੇ ਨੇ। ਸੱਚੀ ਪੁੱਛਦੀ ਏਂ ਤਾਂ ਅੱਜ ਅਸੀਂ ਦੋਵੇਂ ਇਕ ਦੂਜੀ ਅੱਗੇ ਦਿਲ ਫੋਲਣ ਵਾਸਤੇ ਬੇ-ਵੱਸ ਆਂ। ਇਸ ਵਾਸਤੇ ਕਿ ਅਸੀਂ ਦੋਵੇਂ ਦੁੱਖੀ ਆਂ। ਤੂੰ ਸੁੱਖੀ ਹੁੰਦੀ ਤਾਂ ਮੈਂ ਕਦੇ ਤੇਰੇ ਅੱਗੇ ਅੰਦਰ ਦੀ ਹਵਾੜ੍ਹ ਤੱਕ ਨਾ ਕੱਢਦੀ। ਸੁਖੀ ਦੇ ਸਾਮ੍ਹਣੇ ਕਦੇ ਆਪਣਾ ਦੁੱਖ ਰੋਣਾ ਵੀ ਨਹੀਂ ਚਾਹੀਦਾ। ਉਹ ਸੁਣ ਕੇ—ਮੂੰਹ 'ਤੇ ਨਹੀਂ, ਤਾਂ ਕੰਡ ਉਹਲੇ—ਜ਼ਰੂਰ ਹੱਸੇਗਾ। ਦੂਜੇ ਦਾ ਦੁੱਖ ਕੋਈ ਤਦ ਈ ਮਸੂਸ ਕਰਦਾ ਏ, ਜਦੋਂ ਆਪਣੇ ਤਨ ਨੂੰ ਲੱਗੇ।"

"ਪਰ ਮੈਂ ਪੁੱਛਦੀ ਆਂ, ਉਹ ਕਿਹੜੀ ਗੱਲੋਂ ਦੁੱਖੀ ਨੇ। ਆਪਣੇ ਦੁੱਖਾਂ ਦੀ ਛੱਡ ਤੂੰ।" ਸਵਰਨੀ ਨੇ ਬਸੰਤ ਕੌਰ ਦੀ ਗੱਲ ਰਾਹੋਂ ਟੋਕ ਕੇ ਪੁੱਛਿਆ।

"ਉਹ ? ਸੁਣ ਲੈ। ਅੱਜ ਤੈਥੋਂ ਕੁਝ ਨਹੀਂ ਲੁਕੋਂਦੀ। ਸਾਨੂੰ ਅਜੇ ਦੁਨੀਆਂਦਾਰੀ ਦੀ ਕੋਈ ਸਮਝ ਨਹੀਂ ਸੀ, ਜਾਂ ਸਾਡਾ ਵਿਆਹ ਹੋਇਆ। ਮੈਂ ਤਾਂ ਅਸਲੋਂ ਬੇਸਮਝ ਸਾਂ। ਨਾ ਮੈਂ ਕਦੇ ਸਹੇਲੀਆਂ ਵਿੱਚ ਬੈਠੀ ਸਾਂ, ਨਾ ਉਹਨਾਂ ਦੀਆਂ ਮਿੱਠੀਆਂ ਸਲੂਣੀਆਂ ਸੁਣੀਆਂ ਮਨ। ਵਿਆਹ ਹੋ ਗਿਆ। ਸਾਡਾ ਪਿਆਰ ਪੈ ਗਿਆ, ਜਿਵੇਂ ਕੋਰੇ ਕੱਪੜੇ ਉੱਤੇ ਰੰਗ ਚੰਗਾ ਚੜ੍ਹਦਾ ਏ। ਮੇਰਾ ਦਿਲ ਸ਼ਾਹਦੀ ਦੇਂਦਾ ਏ, ਓਦੋਂ ਉਹਨਾਂ ਦਾ ਪਿਆਰ ਸੱਚਾ ਸੀ। ਪਤਾ ਨਹੀਂ, ਲੇਖਾਂ ਵਿੱਚ ਕੀ ਵਿਘਨ ਪੈ ਗਿਆ ? ਉਹਨਾਂ ਦਾ ਮਨ ਕਿਉਂ ਬਦਲ ਗਿਆ ? ਅਜੇ ਤੱਕ ਮੈਂ ਏਸ ਗੱਲ ਨੂੰ ਪੂਰੀ ਤਰ੍ਹਾਂ ਸਮਝ ਨਹੀਂ ਸਕੀ। ਅਸੀਂ ਮੁਕੰਦੇ ਦੇ ਵਿਆਹ 'ਤੇ ਗਏ। ਓਦੋਂ ਪਿਛੋਂ ਈ ਸਾਰੀ ਖੇਡ ਵਿਗੜ ਗਈ। ਉਹ.....।" ਬਸੰਤ ਕੌਰ ਕਹਿੰਦੀ-ਕਹਿੰਦੀ ਰੁਕ ਗਈ।

"ਫਿਰ ਮੈਂ ਈ ਗੁਨਾਹੀ ਹੋਈ ਨਾਂ! ਮੈਨੂੰ ਵੇਖ ਕੇ ਉਹਨਾਂ ਦਾ ਮਨ ਭਰਮ ਪਿਆ।" ਸਵਰਨੀ ਨੇ ਬਸੰਤ ਕੌਰ ਦੇ ਦਿਲ ਦੀ ਕਹਿ ਦਿੱਤੀ।

"ਨਹੀਂ, ਤੇਰਾ ਕੋਈ ਕਸੂਰ ਨਹੀਂ। ਆਦਮੀ ਦਾ ਦਿਲ ਡੋਲ ਜਾਏ ਤਾਂ ਉਹਦੇ ਭਰਮਣ ਵਾਸਤੇ ਬਥੇਰੇ ਥਾਂ ਹੁੰਦੇ ਨੇ।"

"ਚਲੋ, ਏਸ ਗੱਲ ਨੂੰ ਛੱਡੋ ਕਿ ਕਸੂਰ ਕੀਹਦਾ ਸੀ ? ਜੋ ਉਹਨਾਂ ਚਾਹਿਆ, ਉਹਨਾਂ ਨੂੰ ਮਿਲ ਗਿਆ। ਫੇਰ ਕਿਹੜੀ ਗੱਲੋਂ ਦੁਖੀ ਨੇ ?" ਸਵਰਨੀ ਨੇ ਫਿਰ ਆਪਣੀ ਗੱਲ ਉੱਤੇ ਜ਼ੋਰ ਦੇ ਕੇ ਕਿਹਾ।

"ਫੇਰ ? ਉਹ ਬਾਹਰ ਦੀ ਚਮੜੀ ਉੱਤੇ ਭੁੱਲੇ ਸਨ, ਪਰ ਉਹਨਾਂ ਏਸ ਸੌਦੇ ਵਿੱਚ ਸੱਚਾ ਪਿਆਰ ਗੁਆ ਲਿਆ। ਸਦਾ ਵਾਸਤੇ ਗੁਆ ਲਿਆ। ਕੀ ਤੂੰ ਇਕ ਦਿਨ ਵੀ ਸੱਚੇ ਦਿਲੋਂ ਪਿਆਰ ਕੀਤਾ ਏ ਉਹਨਾਂ ਨੂੰ ? ਨਹੀਂ। ਤੂੰ ਪਿਆਰ ਕਰ ਵੀ ਨਹੀਂ ਸੀ ਸਕਦੀ। ਏਸ ਗੱਲ ਦੀ ਉਹਨਾਂ ਨੂੰ ਆਸ ਈ ਨਹੀਂ ਸੀ ਰੱਖਣੀ ਚਾਹੀਦੀ। ਇਹਦੇ ਵਿੱਚ ਤੇਰਾ ਕਸੂਰ ਨਹੀਂ ਮੰਨਦੀ ਮੈਂ। ਉਹਨਾਂ ਤੇਰੇ ਪਿਆਰ ਵਿੱਚ ਲੱਤ ਮਾਰੀ ਸੀ। ਮੈਂ ਆਹੰਨੀ ਆਂ, ਉਹਨਾਂ ਤੇਰੇ ਨਾਲ ਪਾਪ ਕੀਤਾ ਸੀ। ਫਿਰ ਪਾਪ ਦਾ ਫਲ ਚੰਗਾ ਕਿਵੇਂ ਹੁੰਦਾ। ਤੁਸੀਂ ਦੋਵੇਂ ਈ ਪਿਆਰ ਤੋਂ ਵਾਂਜੇ ਗਏ। ਉਹ ਹੋ!" ਬਸੰਤ ਕੌਰ ਨੇ ਲੰਮਾ ਸਾਰਾ ਹਉਕਾ ਲਿਆ।

ਅੱਜ ਉਹ ਬਹੁਤ ਭਾਵਕ ਹੋ ਰਹੀ ਸੀ। ਉਹ ਪੜ੍ਹੀ ਲਿਖੀ ਨਹੀਂ ਸੀ, ਪਰ ਉਹ ਸੂਝਵਾਨ ਬਹੁਤ ਸੀ। ਉਹ ਹਰ ਮਸਲੇ ਨੂੰ ਸਮਝਦੀ ਸੀ। ਉਹਦੀ ਤਹਿ ਤੱਕ ਪਹੁੰਚਣ ਦਾ ਗੁਣ ਸੀ ਉਹਦੇ ਵਿੱਚ। ਥੁੜ੍ਹ ਸੀ ਤਾਂ ਕੇਵਲ ਸ਼ਬਦਾਂ ਦੀ। ਉਹ ਖ਼ਿਆਲਾਂ ਨੂੰ ਅੱਖਰੀ ਰੂਪ ਨਹੀਂ ਸੀ ਦੇ ਸਕਦੀ।

"ਚਲੋ, ਜੋ ਹੋਇਆ, ਸੋ ਹੋ ਗਿਆ। ਹੁਣ ਰਾਜੋ ਤਾਂ ਉਹਨਾਂ ਨੂੰ ਸੱਚੇ ਦਿਲੋਂ ਪਿਆਰ ਕਰੇਗੀ ਨਾਂ। ਉਹ ਉਹਦੇ ਪਿਆਰ ਵਿੱਚ ਸਾਰੇ ਦੁੱਖ ਭੁੱਲ ਜਾਣਗੇ।"

"ਉਹ! ਕਮਲੀ! ਰਾਜੋ ਉਹਨਾਂ ਪਿਆਰ ਵਾਸਤੇ ਨਹੀਂ ਆਂਦੀ, ਸਿਰਫ਼ ਜੀ ਪਰਚੌਣ ਵਾਸਤੇ ਆਂਦੀ ਏ। ਬਾਲ ਦੇ ਮੂੰਹੋਂ ਮਾਂ ਦਾ ਮੰਮਾ ਨਿਕਲ ਜਾਏ ਤਾਂ ਉਹ ਰੱਬੜ ਦੀ ਚੂਪਣੀ ਮੂੰਹ ਵਿੱਚ ਪਾ ਕੇ ਚੁੱਪ ਕਰ ਜਾਂਦਾ ਏ। ਏਹਾ ਹਾਲਤ ਏ ਉਹਨਾਂ ਦੀ ਇਸ ਵੇਲੇ। ਏਸੇ ਗੱਲੋਂ ਮੈਨੂੰ ਉਹਨਾਂ ਉੱਤੇ ਤਰਸ ਔਂਦਾ ਏ।" ਬਸੰਤ ਕੌਰ ਦਾ ਚਿਹਰਾ ਬਹੁਤ ਹੀ ਉਦਾਸ ਹੋ ਗਿਆ ਸੀ।

"ਸੱਚੀ ਗੱਲ ਏ, ਮੈਨੂੰ ਤਾਂ—ਭੈਣ!—ਕੋਈ ਤਰਸ ਨਹੀਂ ਉਂ ਔਂਦਾ।" ਸੱਚਮੁੱਚ ਹੀ ਸਵਰਨੀ ਨੂੰ ਲੱਖਾ ਸਿੰਘ ਨਾਲ ਕੋਈ ਹਮਦਰਦੀ ਨਹੀਂ ਸੀ।

"ਤੈਨੂੰ ਤਰਸ ਔਣਾ ਵੀ ਨਹੀਂ ਚਾਹੀਦਾ। ਤਰਸ ਉਹਦੇ ਉੱਤੇ ਔਂਦਾ ਏ, ਜਿਸ

ਨੂੰ ਅਸਾਂ ਕਦੇ ਪਿਆਰ ਕੀਤਾ ਹੋਵੇ। ਤੁਹਾਡੇ ਵਿੱਚ ਉਹ ਸਾਂਝ ਕਦੇ ਬਣੀ ਹੀ ਨਹੀਂ ਸੀ। ਫਿਰ ਤਰਸ ਦਾ ਕੀ ਸੁਆਲ ?" ਬਸੰਤ ਕੌਰ ਨੇ ਕਿਸੇ ਸੁਲਝੇ ਹੋਏ ਦਾਰਸ਼ਨਿਕ ਵਾਂਗ ਕਿਹਾ। ਇਹ ਕੋਈ ਹੈਰਾਨੀ ਵਾਲੀ ਗੱਲ ਵੀ ਨਹੀਂ। ਉਹ ਅਨਪੜ੍ਹ ਠੀਕ ਸੀ, ਪਰ ਜੀਵਨ ਦਾ ਤਜਰਬਾ ਸੀ ਉਸ ਨੂੰ।

"ਛੱਡੋ ਠਾਂਹ। ਪਾਣੀ ਰਿੜਕ ਕੇ ਕੀ ਲੈਣਾ ਏ। ਰਾਜੋ ਬੁੱਲ੍ਹੇ ਲੁੱਟ ਲਵੇ। ਦੋਵੇਂ ਮੌਜਾਂ ਮਾਣ ਲੈਣ। ਸਾਨੂੰ ਛੁੱਟੀ ਹੋਈ। ਮੇਰੇ ਔਣ ਉੱਤੇ ਤੂੰ ਛੁੱਟੀ ਕਰ ਦਿੱਤੀ ਸੀ। ਰਾਜੋ ਦੇ ਔਣ ਉੱਤੇ ਮੈਂ ਛੁੱਟੀ ਕਰ ਦਿੱਤੀ।"

"ਨਾ ਸਵਰਨੀ! ਮੂੰਹੋਂ ਕੋਈ ਐਸੀ ਗੱਲ ਨਾ ਕੱਢ ਲਈਂ। ਇਹ ਸਿਰੜ ਬਹੁਤ ਔਖਾ ਈ। ਮੇਰੀ ਗੱਲ ਹੋਰ ਏ। ਪਰ ਤੂੰ.....। ਨਹੀਂ। ਤੂੰ ਕੋਈ ਐਹੋ ਜੇਹੀ ਗੱਲ ਨਾ ਕਰੀਂ। ਉੱਖਲੀ 'ਚ ਸਿਰ ਦੇ ਲਿਆ ਤਾਂ ਫਿਰ ਮੂਹਲੀਆਂ ਤੋਂ ਕੀ ਡਰਨਾ ? ਜਿਵੇਂ ਨਿਭਦੀ ਏ, ਨਿਭਾਈ ਚੱਲ। ਉਹ ਸੁੱਖੀ ਰਹਿਣ। ਉਹਨਾਂ ਦਾ ਹੱਥ ਨ੍ਹਾਮੇ ਤੇ ਸਰਵਣ ਦੇ ਸਿਰ 'ਤੇ ਰਹੇ, ਹੋਰ ਅਸਾਂ ਕੀ ਲੈਣਾ ਏਂ ?"

ਬਸੰਤ ਕੌਰ ਉੱਠ ਕੇ ਅੰਦਰ ਚਲੀ ਗਈ। ਪੰਜ ਮਿੰਟ ਪਿੱਛੋਂ ਫੇਰ ਆਈ ਤਾਂ ਉਹ ਨਿੱਤ ਵਾਂਗ ਹੱਸ-ਹੱਸ ਗੱਲਾਂ ਕਰ ਰਹੀ ਸੀ। ਉਸ ਦੇ ਹੌਸਲੇ ਦਾ ਅੰਦਾਜ਼ਾ ਲਾਉਣਾ ਬਹੁਤਾ ਔਖਾ ਹੈ।

੨੫

ਹਰਨਾਮੇ ਦੇ ਵਿਆਹ ਵਾਸਤੇ ਲੱਖਾ ਸਿਘ ਨੇ ਬਸੰਤ ਕੌਰ ਤੇ ਸਵਰਨੀ ਦੇ ਕੱਪੜੇ ਇਕੋ ਜੇਹੇ ਬਣਾਏ। ਉਹਨੇ ਸੋਚਿਆ ਕਿ ਦੋਹਾਂ ਵਿੱਚੋਂ ਕੋਈ ਆਪਣੇ ਨਾਲ ਵਿਤਕਰਾ ਨਾ ਸਮਝੇ। ਰਾਜੋ ਨੇ ਜ਼ਿੱਦ ਕਰਕੇ ਉਹਨਾਂ ਵਰਗੇ ਕੱਪੜੇ ਬਣਵਾਏ ਤੇ ਲੱਖਾ ਸਿਘ ਨੂੰ ਉਹਦੀ ਜ਼ਿੱਦ ਪੂਰੀ ਕਰਨੀ ਪਈ। ਬਸੰਤ ਕੌਰ ਨੇ ਇਸ ਗੱਲ ਵੱਲ ਉੱਕਾ ਧਿਆਨ ਨਾ ਦਿੱਤਾ, ਪਰ ਸਵਰਨੀ ਵੇਖ ਕੇ ਸਹਾਰ ਨਾ ਸਕੀ। ਉਹ ਵਿੱਚੋ-ਵਿੱਚ ਸੜ ਭੁੱਜ ਗਈ। ਇਹ ਗੱਲ ਸੀ ਵੀ ਸੁਭਾਵਕ ਹੀ। ਬਸੰਤ ਕੌਰ ਨਾਲ ਉਹਨੂੰ ਕੋਈ ਜ਼ਿੱਦ, ਕੋਈ ਈਰਖਾ ਨਹੀਂ ਸੀ। ਆਪਣੇ ਨਾਲੋਂ ਉਹ ਬਸੰਤ ਕੌਰ ਦਾ ਵਧੇਰੇ ਹੱਕ ਸਮਝਦੀ ਸੀ, ਪਰ ਰਾਜੋ ਨੂੰ ਉਹਨਾਂ ਦੇ ਬਰਾਬਰ ਸਮਝਿਆ ਜਾਵੇ, ਇਹ ਬਰਦਾਸ਼ਤ ਕਰਨਾ ਸਵਰਨੀ ਦੀ ਤਾਕਤ ਤੋਂ ਬਾਹਰ ਸੀ।

ਉਹ ਗੁੱਸੇ ਨੂੰ ਲੁਕਾ ਵੀ ਨਾ ਸਕੀ, ਸਗੋਂ ਕਹਿਣਾ ਚਾਹੀਦਾ ਹੈ ਕਿ ਉਹਨੇ ਆਪਣੇ ਗੁੱਸੇ ਦਾ ਪੂਰੀ ਤਾਕਤ ਨਾਲ ਪ੍ਰਗਟਾਵਾ ਕੀਤਾ। ਬਸੰਤ ਕੌਰ ਹਮੇਸ਼ਾ ਵਾਂਗ ਵੱਸੋਂ ਵਾਲੇ ਕਮਰੇ ਦੇ ਸਾਹਮਣੇ ਵਿਹੜੇ ਵਿੱਚ ਸਵਿਆਂ ਕਰਦੀ ਸੀ। ਉਹਦੇ ਇਕ

ਪਾਸੇ ਸ਼ਾਮੋ ਤੇ ਇਕ ਪਾਸੇ ਹਰਨਾਮ ਦੇ ਮੰਜੇ ਹੁੰਦੇ। ਸਵਰਨੀ ਤੇ ਲੱਖਾ ਸਿੰਘ ਦੇ ਮੰਜੇ ਚੁਬਾਰੇ ਦੇ ਸਾਹਮਣੇ ਮਾਲ ਵਾਲੇ ਕੋਠੇ ਉੱਤੇ ਹੁੰਦੇ। ਸਵਰਨੀ ਦੇ ਨਾਲ ਲਗਵੀਂ ਸਰਵਣ ਦੀ ਮੰਜੀ ਹੁੰਦੀ।

ਦੋ ਦਿਨ ਤੋਂ ਲਾਵਾ ਪਹਾੜ ਦੀ ਛਾਤੀ ਵਿੱਚ ਉਬਲ ਰਿਹਾ ਸੀ। ਤੀਸਰੀ ਰਾਤ ਮੌਕਾ ਮਿਲਣ ਉੱਤੇ ਉਹ ਇਕੋ ਵਾਰ ਫਟ ਪਿਆ। ਲੱਖਾ ਸਿੰਘ ਨੇ ਉਸ ਤੂਫ਼ਾਨ ਨੂੰ ਟਾਲਣਾ ਚਾਹਿਆ, ਪਰ ਉਹ ਟਾਲ ਨਾ ਸਕਿਆ। ਉਹਨੇ ਸਮਝੌਤੇ ਦਾ ਰਾਹ ਕੱਢਣ ਵਾਸਤੇ ਗੱਲ ਸ਼ੁਰੂ ਕੀਤੀ, "ਅੱਜ ਸ਼ਹਿਰ ਸਮੁੰਦ ਸੁਹ ਮਿਲਿਆ ਸੀ।" ਦੋ ਦਿਨ ਤੋਂ ਉਹ ਆਪਸ ਵਿੱਚ ਚੁੱਪ-ਚੁੱਪ ਫਿਰ ਰਹੇ ਸਨ।

"ਹੁਣ ਸਮੁੰਦ ਸੁਹ ਗੌਂਚਰੀ ਤੁਹਾਨੂੰ ਕੀ ਲੋੜ ਪੈ ਗਈ ?" ਸਵਰਨੀ ਨੇ ਬੜੀ ਰੁੱਖੀ ਸੁਰ ਵਿੱਚ ਕਿਹਾ, "ਉਹਦੀ ਛੋਟੀ ਭੈਣ ਤਾਂ ਹੋਰ ਹੈ ਕੋਈ ਨਹੀਂ।"

"ਕੀ ਮਤਲਬ ?" ਲੱਖਾ ਸਿੰਘ ਨੇ ਆਪਣੇ ਆਪ ਉੱਤੇ ਕਾਬੂ ਰੱਖਦਿਆਂ ਕਿਹਾ।

"ਮਤਬਲ ਕਾਹਦਾ ? ਮੇਰਾ ਪਿਉ ਵੀ ਹੈ ਨਹੀਂ। ਇਸ ਵਾਸਤੇ ਹੋਰ ਭੈਣ ਹੋਣ ਦੀ ਆਸ ਕੋਈ ਨਹੀਂ। ਹਾਂ, ਰਾਜੋ ਵਾਂਗ ਭੈਂਗੀਆਂ ਦੀ ਕੋਈ ਕੁੜੀ ਉਹ ਤੁਹਾਨੂੰ ਲੱਭ ਹੀ ਦੇਵੇਗਾ। ਵਿਆਹ ਉਹਦਾ ਬਹਾਲੀ ਨਾਲ ਕਰ ਦੇਉ, ਤੇ ਕੰਮ ਤੁਹਾਡੇ ਆਵੇਗੀ।"

"ਸਵਰਨੀ!" ਲੱਖਾ ਸਿੰਘ ਨੇ ਕੁਝ ਤਿੱਖੀ ਸੁਰ ਵਿੱਚ ਕਿਹਾ, ਪਰ ਏਨਾ ਖ਼ਿਆਲ ਰੱਖ ਕੇ, ਕਿ ਅਵਾਜ਼ ਦੂਰ ਨਾ ਜਾਵੇ। ਨਾਲ ਹੀ ਉਹ ਗੁੱਸੇ ਦਾ ਭਰਿਆ ਉਠ ਕੇ ਬਹਿ ਗਿਆ। ਉਹਨੂੰ ਸੁਪਨੇ ਵਿੱਚ ਵੀ ਇਹ ਆਸ ਨਹੀਂ ਸੀ ਕਿ ਸਵਰਨੀ ਉਹਦੇ ਸਾਹਮਣੇ ਏਸ ਤਰ੍ਹਾਂ ਜ਼ਬਾਨ ਖੋਲ੍ਹੇਗੀ।

"ਸੱਚੀ ਗੱਲ ਸੁਣ ਕੇ ਮਿਰਚਾਂ ਕਿਉਂ ਲੱਗੀਆਂ ਨੇ ?" ਸਵਰਨੀ ਨੇ ਮਾਲਕ ਦੇ ਗ਼ੁੱਸੇ ਦੀ ਪਰਵਾਹ ਨਾ ਕਰਦਿਆਂ ਕਿਹਾ।

"ਮੈਂ ਆਖਿਆ, ਮੂੰਹ ਬੰਦ ਕਰ।" ਲੱਖਾ ਸਿੰਘ ਕਰੋਧ ਵਿੱਚ ਪਾਗ਼ਲ ਹੋ ਰਿਹਾ ਸੀ।

"ਕਿਉਂ ? ਕੋਈ ਝੂਠ ਏ ? ਠੀਕ ਆਖਿਆ ਸੀ ਭਾਨੋ ਨੇ। ਤੁਹਾਨੂੰ ਜੂਠੀ ਪੱਤਲ ਚੱਟਣ ਦਾ........।"

ਵਾਕ ਅਜੇ ਪੂਰਾ ਨਹੀਂ ਸੀ ਹੋਇਆ, ਜਾਂ ਕਾੜ ਕਰਦੀ ਚੁਪੇੜ ਸਵਰਨੀ ਦੇ ਮੂੰਹ 'ਤੇ ਆ ਵੱਜੀ।

ਸਵਰਨੀ ਹੱਕੀ-ਬੱਕੀ ਰਹਿ ਗਈ। ਉਹਨੂੰ ਇਹ ਆਸ ਨਹੀਂ ਸੀ ਕਿ ਲੱਖਾ ਸਿੰਘ ਉਹਦੇ ਉੱਤੇ ਹੱਥ ਉਠਾਵੇਗਾ।

ਲੱਖਾ ਸਿੰਘ ਨੇ ਵੀ ਐਸਾ ਕਦੇ ਨਹੀਂ ਸੀ ਸੋਚਿਆ। ਉਸ ਤੋਂ ਵੀ ਇਹ ਹਰਕਤ ਪਾਗ਼ਲਪੁਣੇ ਵਿੱਚ ਹੋ ਗਈ ਸੀ। ਜ਼ਨਾਨੀ ਉੱਤੇ ਹੱਥ ਚੁੱਕਣਾ ਉਹ ਆਪਣੀ ਸ਼ਾਨ ਦੇ ਉਲਟ ਸਮਝਦਾ ਸੀ, ਪਰ ਉਹ ਗੁੱਸੇ 'ਤੇ ਕਾਬੂ ਨਾ ਪਾ ਸਕਿਆ। ਉਹਦੀ ਦੁਖਦੀ ਰਗ ਨੂੰ ਛੇੜਿਆ ਗਿਆ ਸੀ। ਰਾਜੋ ਦੇ ਵਿਆਹ ਵੇਲੇ ਭਾਨੋ ਭੰਗਣ ਨੇ ਇਹ ਨਸ਼ਤਰ ਲਾਈ ਸੀ। ਸੱਚ-ਮੁੱਚ ਹੀ ਉਹਦਾ ਉਹ ਮਾਰੂ ਵਾਕ ਲੱਖਾ ਸਿੰਘ ਦੀ ਛਾਤੀ ਵਿੱਚ ਨਸ਼ਤਰ ਵਾਂਗ ਸਦਾ ਰੜਕਦਾ ਰਹਿੰਦਾ ਸੀ। ਸਵਰਨੀ ਨੇ ਉਸ ਨਸ਼ਤਰ ਨੂੰ ਨਵੇਂ ਸਿਰਿਓਂ ਫੜ ਕੇ ਹੋਰ ਡੂੰਘਾ ਕਰ ਦਿੱਤਾ। ਲੱਖਾ ਸਿੰਘ ਪੀੜ ਨੂੰ ਸਹਾਰ ਨਾ ਸਕਿਆ। ਨਵੇਂ ਥਾਂ ਫੱਟ ਲੱਗਣ ਨਾਲੋਂ ਪੁਰਾਣੇ ਜ਼ਖ਼ਮ ਵਿੱਚ ਨਸ਼ਤਰ ਦਾ ਵੱਜਣਾ ਸੱਚਮੁੱਚ ਅਸਹਿ ਹੁੰਦਾ ਹੈ।

ਫਿਰ ਸਾਰੀ ਰਾਤ ਲੱਖਾ ਸਿੰਘ ਸੌਂ ਨਾ ਸਕਿਆ। ਉਹ ਦੂਜੇ ਪਾਸੇ ਮੂੰਹ ਕਰਕੇ ਪਿਆ ਇਕੋ ਗੱਲ ਸੋਚੀ ਜਾ ਰਿਹਾ ਸੀ, 'ਸਵਰਨੀ ਦੀ ਇਹ ਹਿੰਮਤ ? ਅੱਜ ਉਹ ਮੇਰੇ ਇਕੱਲੇ ਦੇ ਸਾਹਮਣੇ ਬੋਲੀ ਏ, ਕੱਲ੍ਹ ਨੂੰ ਦਸਾਂ ਬੰਦਿਆਂ ਵਿੱਚ ਵੀ ਮੇਰੇ ਮੂੰਹ 'ਤੇ ਮਾਰ ਸਕਦੀ ਏ। ਸਿਆਣਿਆਂ ਆਖਿਆ ਏ, ਮਾਰਦੇ ਦਾ ਤਾਂ ਬੰਦਾ ਹੱਥ ਫੜ ਲਵੇਗਾ, ਆਖਦੇ ਦਾ ਮੂੰਹ ਫੜ ਲਵੇਗਾ ? ਫਿਰ ਜ਼ਨਾਨੀ ਦਾ ਮੂੰਹ ? ਇਹ ਬੰਦ ਹੀ ਰਹੇ ਤਾਂ ਖ਼ੈਰ ਏ। ਇਕ ਵਾਰ ਜ਼ਬਾਨ ਖੁੱਲ੍ਹ ਜਾਵੇ, ਫਿਰ ਇਹ ਈਰ ਦੀ ਨਾ ਪੀਰ ਦੀ। ਇਕ ਵਾਰ ਲੱਜ ਲਹਿ ਜਾਏ, ਫੇਰ ਇਹ ਕਿਸੇ ਦੀ ਪਰਵਾਹ ਨਹੀਂ ਕਰਦੀ। ਜਣਦਿਆਂ ਸਹੇੜਦਿਆਂ ਸਭ ਦੀ ਪਤ ਲਾਹ ਛੱਡਦੀ ਏ। ਸਵਰਨੀ ਤੋਂ ਇਹ ਆਸ ਨਹੀਂ ਸੀ। ਖੇਖਣਹਾਰੀ! ਉੱਝ ਤਤਾਲ ਕਿੰਨੇ ਕਰਦੀ ਹੁੰਦੀ ਸੀ। ਪਿਆਰ ਦਾ ਸਾਂਗ, ਸਭ ਝੂਠੇ ਚਲਿੱਤਰ। ਮੈਨੂੰ ਮੇਹਣਾ ਦੇਂਦਿਆਂ ਸ਼ਰਮ ਨਾ ਆਈ ਇਹਨੂੰ ? ਮਰਦ ਤਾਂ—ਸਿਆਣਿਆਂ ਆਖਿਆ ਏ—ਅਣਨ੍ਹਾਤਾ ਘੋੜਾ ਏ। ਉਹ ਆਪਣੀ ਪੀੜ੍ਹੀ ਹੇਠ ਸੋਟਾ ਫੇਰ ਕੇ ਵੇਖੇ। ਇਹ ਤਾਂ ਉਹ ਗੱਲ ਹੋਈ, ਅਖੇ : ਲੱਜ ਮਰੇਂਦਾ ਅੰਦਰ ਵੜਿਆ, ਮੂਰਖ ਆਖੇ ਮੈਥੋਂ ਡਰਿਆ। ਪਰ ਦੁੱਖ ਤਾਂ ਇਹ ਏ ਕਿ ਝੱਗਾ ਚੁੱਕਿਆਂ ਆਪਣਾ ਈ ਢਿੱਡ ਨੰਗਾ ਹੁੰਦਾ ਏ। ਨਹੀਂ ਤਾਂ ਹੁਣੇ ਗੁੱਤ ਨੂੰ ਵਲਾਵਾਂ ਦੇ ਕੇ ਪੇਕਿਆਂ ਦੇ ਰਾਹ ਪਾਵਾਂ, ਪਰ ਸ਼ਰਮ ਤਾਂ ਮਾਰਦੀ ਏ ਲੋਕਾਂ ਦੀ। ਪਿੰਡ ਵਾਲੇ ਕੀ ਆਖਣਗੇ। ਜ਼ਨਾਨੀ ਨੂੰ ਇਹ ਲੱਜ ਸ਼ਰਮ ਤਾਂ ਹੋਈ ਨਾ। ਬੰਦਾ ਪੁੱਛੇ : ਤੇਰਾ ਕੀ ਵਿਗੜਦਾ ਏ ? ਤੈਨੂੰ ਖਾਣ ਦੀ ਨਹੀਂ, ਹੰਢੌਣ ਦੀ ਨਹੀਂ। ਤੂੰ ਮੌਜ ਲੁੱਟ। ਰਾਜੋ ਨੂੰ ਲੀੜੇ ਬਣਾ ਦਿੱਤੇ ਨੇ ਤਾਂ ਤੇਰੇ ਢਿੱਡ ਪੀੜ ਕਿਉਂ ਹੋਈ ? ਤੇਰੇ ਪਿਉ ਭਰਾ ਦੀ ਖੱਟੀ ਏ ? ਜਿਹੜਾ ਕਮੌਂਦਾ ਏ, ਉਹਨੂੰ ਐਸ਼ ਕਰਨ ਦਾ ਵੀ ਹੱਕ ਏ। ਕਿਹੜਾ ਪੁੱਜਦਾ ਆਦਮੀ ਏਂ, ਜੀਹਦੇ ਵਿੱਚ ਇਹ ਐਬ ਨਹੀਂ। ਤੂੰ ਮਸਤ ਰਹੋ। ਐਵੇਂ ਖਾਂਦੀ ਪੀਂਦੀ ਢਿੱਡ-ਅੜੀਆਂ ਲੈਂਦੀ ਏਂ ?

ਪਰ.....ਪਰ..... ਜੋ ਹੋਇਆ ਏ। ਆਸ ਦੇ ਉਲਟ ਹੋਇਆ ਏ, ਮੈਨੂੰ ਹੱਥ ਨਹੀਂ ਸੀ ਚੁੱਕਣਾ ਚਾਹੀਦਾ। ਉਹਨੂੰ ਵੀ ਮੇਰੇ ਸਾਹਮਣੇ ਜ਼ਬਾਨ ਨਹੀਂ ਸੀ ਖੋਲ੍ਹਣੀ ਚਾਹੀਦੀ। ਦੋਹਾਂ ਤੋਂ ਗਲਤੀ ਹੋਈ ਏ। ਲੋਕਾਂ ਵਿੱਚ ਬੂਅ ਉੱਡ ਜਾਏ ਤਾਂ ਉਮਰ ਭਰ ਦੀ ਰੱਖੀ ਰਖਾਈ ਮਿੱਟੀ ਵਿੱਚ ਮਿਲ ਜਾਏ। ਟਕੇ-ਟਕੇ ਦਾ ਆਦਮੀ ਮੂੰਹ ਮਰੋੜ-ਮਰੋੜ ਗੱਲਾਂ ਕਰੇ। ਹੋਰ ਤਾਂ ਹੋਰ, ਸਾਡੀ ਲੰਬਰਦਾਰਨੀ ਈ ਮਾਣ ਨਹੀਂ। ਬੜੀਆਂ ਘਰੋੜ-ਘਰੋੜ ਗੱਲਾਂ ਕਰੇਗੀ। 'ਵੇ ਦਿਉਰਾ! ਮੁੰਡੇ ਦਾ ਮੁਹਾਂਦਰਾਂ ਕੀਹਦੇ 'ਤੇ ਈ ?' ਬੜੀ ਮੂੰਹ ਫੱਟ ਜ਼ਨਾਨੀ ਏ। ਠੀਕ ਆਹੰਦੇ ਨੇ : ਜ਼ਨਾਨੀ ਤਾਂ ਸਿਵੇ ਵਿੱਚ ਪਈ ਵੀ ਬੰਦੇ ਦੀ ਪਤ ਲਾਹ ਛੱਡੇ ਤਾਂ ਵੱਡੀ ਗੱਲ ਨਹੀਂ। ਜ਼ਨਾਨੀ....ਜ਼ਨਾਨੀ। ਹਾਂ ਬੜਾ ਫ਼ਰਕ ਹੁੰਦਾ ਏ। ਇਕ ਬਸੰਤ ਕੌਰ ਏ, ਹਰ ਚੰਗੀ ਮਾੜੀ ਵੇਖ ਕੇ ਅਣਡਿੱਠ ਕਰ ਛੱਡੇਗੀ। ਕਦੇ ਦਿਲ 'ਤੇ ਨਹੀਂ ਲਿਆਵੇਗੀ। ਤੇ ਇਕ ਇਹ ਸਵਰਨੀ : ਮੈਨੂੰ ਇਸ ਤੋਂ ਇਹ ਆਸ ਨਹੀਂ ਸੀ। ਹੱਛਾ, ਅਗ੍ਹਾਂ ਜ਼ਰਾ ਸੰਭਲ ਕੇ ਚੱਲਣ ਦੀ ਲੋੜ ਏ।'

ਸੁੱਤੀ ਰਾਤ ਭਰ ਸਵਰਨੀ ਵੀ ਨਹੀਂ। ਦੋ ਦਿਨਾਂ ਤੋਂ ਉਹ ਲੜਾਈ ਦੀ ਤਿਆਰੀ ਕਰ ਰਹੀ ਸੀ। ਉਹ ਸੋਚਦੀ ਰਹੀ ਸੀ। ਮੈਂ ਆਖਾਂਗੀ...ਮੈਂ ਮੂੰਹ 'ਤੇ ਕਹਿ ਦੇਣਾ ਏਂ, ਗੋਹਾ ਸੁੱਟਣ ਵਾਲਿਆਂ ਦੀ ਧੀ ਨੂੰ ਸਾਡੇ ਸਿਰ 'ਤੇ ਚੜ੍ਹਾਈ ਚਲੇ ਜਾ ਰਹੇ ਜੇ ? ਉਹ ਮੇਰੇ ਨਾਲੋਂ ਚੰਗੀ ਸੀ ਤਾਂ ਪਹਿਲਾਂ ਈ ਉਹਨੂੰ ਵਿਆਹ ਲਿਆਵੇ ਆ। ਓਦੋਂ ਨਹੀਂ, ਤਾਂ ਹੁਣ ਈ ਸਿੱਧੀ ਆਪ ਵਿਆਹ ਲਵੇ ਆ। ਵਿੱਚ ਡੁੱਡੇ ਦਾ ਓਹਲਾ ਰੱਖਣ ਦੀ ਕੀ ਲੋੜ ਸੀ ? ਫਿਰ ਸਾਡੇ ਬਰਾਬਰ ਦੇ ਲੀੜੇ ਬਣਾ ਕੇ ਦਿੱਤੇ ਜੇ ਉਹਨੂੰ ਤਾਂ ਸਾਡੇ ਜਿੰਨੀਆਂ ਟੂੰਬਾਂ ਵੀ ਪਾਵੇ ਸੂ। ਉਹਨੂੰ ਆਪਣੇ ਚੌਂਕੇ 'ਚ ਵਾੜੋ। ਉਹ ਪਕਾਵੇ ਤੇ ਤੁਸੀਂ ਖਾਓ। ਸਾਡੀ ਪੱਕੀ ਤਾਂ ਮੂੰਹੋਂ ਲਹਿ ਗਈ ਏ, ਹੁਣ ਉਹਦੀਆਂ ਪੱਕੀਆਂ ਦਾ ਸੁਆਦ ਲੈ ਲਵੋ ਦਸ ਦਿਨ। ਫਿਰ ਭਲਕੇ ਉਹਦੇ ਘਰ ਕੋਈ ਧੀ ਪੁੱਤਰ ਹੋਇਆ ਤਾਂ ਉਹ ਵੀ ਆਪਣਾ ਲਖਾਇਓ। ਖ਼ਾਸ ਕਰਕੇ ਜੇ ਧੀ ਹੋ ਪਈ ਤਾਂ ਫੇਰ ਕੀ ਕਰੋਗੇ। ਆਵਦੀ ਧੀ ਭੰਗੀਆਂ ਦੇ ਘਰ ਦਿਹੋਗੇ ? ਏਸ ਤਰ੍ਹਾਂ ਸਰਦਾਰੀ ਰਹਿ ਜਾਵੇਗੀ ? ਮੈਂ.....ਮੈਂ ਸਾਫ਼ ਕਹਿ ਦੇਣਾ ਏਂ। ਪਿੱਛੋਂ ਜੋ ਹੋਵੇ, ਸੋ ਹੋਵੇ। ਬੇਸ਼ੱਕ ਮੈਨੂੰ ਗੁੱਤੋਂ ਫੜ ਕੇ ਘਰੋਂ ਕੱਢ ਦੇਣ। ਮੈਨੂੰ ਕੋਈ ਹੋਰ ਟਕਾਣਾ ਝੱਲੂ ਨਾ ? ਮਾਂ, ਭਰਾ ਮੈਨੂੰ ਰੋਟੀ ਨਾ ਦੇਣਗੇ ? ਮੈਂ ਭਰਜਾਈ ਦੇ ਜੂਠੇ ਭਾਂਡੇ ਮਾਂਜ ਕੇ ਦਿਨ ਕਟ ਲਵਾਂਗੀ। ਪਰ ਮੈਥੋਂ ਇਹ ਨਹੀਂ ਝੱਲਿਆ ਜਾਂਦਾ। ਉਹ ਰਾਜੋ ਨੂੰ ਈ....ਰਾਜੋ ਨੂੰ ਈ—।

ਅਜੇਹਾ ਬਹੁਤ ਕੁਝ ਉਹਨੇ ਕਈ ਵਾਰ ਸੋਚਿਆ ਸੀ। ਸੋਲਾਂ ਪਹਿਰ ਉਹ ਏਸੇ ਘੁਮਣਘੇਰ ਵਿੱਚ ਗੋਤੇ ਖਾਂਦੀ ਰਹੀ ਸੀ। ਪਰ ਵੇਲਾ ਆਇਆ ਤਾਂ ਉਹ ਕੁਝ ਵੀ ਨਾ ਕਹਿ ਸਕੀ। ਲੜਾਈ ਪੈਂਦੀ ਸੱਟੇ ਗਰਮ ਹੋ ਗਈ ਤੇ ਛੇਤੀ ਹੀ ਇਕ ਧਮਾਕੇ ਨਾਲ ਬੰਦ ਵੀ ਹੋ ਗਈ।

ਸਵਰਨੀ ਨੇ ਇਹ ਕਦੇ ਸੋਚਿਆ ਵੀ ਨਹੀਂ ਸੀ ਕਿ ਉਹਨੂੰ ਚੁਪੇੜ ਵੀ ਵੱਜ ਸਕਦੀ ਹੈ। ਉਹ ਸਮਝਦੀ ਸੀ ਕਿ ਉਹਨੇ ਲੱਖਾ ਸਿੰਘ ਉੱਤੇ ਪੂਰੀ ਤਰ੍ਹਾਂ ਕਾਠੀ ਪਾ ਲਈ ਹੈ। ਇਹ ਗੱਲ ਕਿਸੇ ਹੱਦ ਤੱਕ ਠੀਕ ਵੀ ਸੀ। ਲੱਖਾ ਸਿੰਘ ਓਸ ਹੱਦ ਤੱਕ ਉਹਦਾ ਗ਼ੁਲਾਮ ਹੋ ਚੁੱਕਾ ਸੀ, ਜਿੰਨਾ ਕੁ ਉਹ ਉਮਰ ਵਿੱਚ ਵੱਡਾ ਸੀ। ਉਹ ਹੋਰ ਵਡੇਰੀ ਉਮਰ ਦਾ ਹੁੰਦਾ ਤਾਂ ਉਹਨੂੰ ਇਸ ਨਾਲੋਂ ਵੀ ਵਧੇਰੇ ਗ਼ੁਲਾਮ ਹੋਣਾ ਪੈਂਦਾ। ਵਡੇਰੀ ਉਮਰ ਵਿੱਚ ਕਿਸੇ ਮੁਟਿਆਰ ਨਾਲ ਵਿਆਹ ਕਰਾਉਣਾ ਮਰਦ ਦੀ ਵੱਡੀ ਮੂਰਖਤਾ ਹੈ। ਲੱਖਾ ਸਿੰਘ ਦੀ ਜਿੰਨੀ ਕੁ ਮੂਰਖਤਾ ਸੀ, ਓਨਾ ਕੁ ਉਹ ਪਛਤਾ ਰਿਹਾ ਸੀ।

ਲੰਮੀ ਪਈ ਸਵਰਨੀ ਦੀ ਗੱਲ੍ਹ ਉਤੇ ਚੁਪੇੜ ਪਈ ਸੀ, ਤ੍ਰਭਕ ਕੇ ਉਹਨੇ ਗੱਲ੍ਹ ਉਤੇ ਹੱਥ ਰੱਖ ਲਿਆ। ਕਿੰਨਾ ਚਿਰ ਉਹ ਸੋਚ ਵੀ ਨਾ ਸਕੀ ਕਿ ਇਹ ਕੀ ਹੋ ਗਿਆ ਹੈ? ਅਚਨਚੇਤ ਵਾਪਰੀ ਅਣਕਿਆਸੀ ਘਟਨਾ ਇਨਸਾਨ ਨੂੰ ਕੁਝ ਸਮੇਂ ਵਾਸਤੇ ਨਿਰ-ਸੋਚ ਕਰ ਦੇਂਦੀ ਹੈ। ਪਲ ਦਾ ਪਲ ਉਹਦੇ ਭੁਰਨੇ ਵੀ ਰੁੱਕ ਜਾਂਦੇ ਹਨ। ਏਹਾ ਹਾਲਤ ਸਵਰਨੀ ਦੀ ਹੋਈ। ਸਹਿਜ-ਸਹਿਜ ਉਹਦੇ ਅੰਦਰ ਸੋਚਾਂ ਸਿਰ ਉਠਾਉਣ ਲੱਗੀਆਂ। ਹੈਂ? ਇਹ ਕੀ ਹੋ ਗਿਆ? ਡੁੱਡੇ ਦੀ ਧਗਾਲ ਓਸ ਭੰਗਾਣ ਤੋਂ ਚਿੜ ਕੇ ਮੈਨੂੰ ਮਾਰਿਆ? ਫਿਰ ਮੈਂ ਕੀ ਹੋਈ? ਮੇਰੀ ਕੀ ਇੱਜ਼ਤ ਹੋਈ? ਤੇ ਜੇ ਓਸ ਕਮਜਾਤ ਨੂੰ ਪਤਾ ਲੱਗ ਜਾਵੇ ਕਿ ਮੈਨੂੰ ਉਹਦੇ ਚਿੜ ਕੇ ਪਈਆਂ ਨੇ ਤਾਂ ਫੇਰ ਕੀ ਬਣੇ? ਏਥੇ ਲੰਬਰਦਾਰਨੀ ਨੂੰ ਪਤਾ ਲੱਗ ਜਾਵੇ ਤਾਂ ਉਹ ਸੌ ਸ਼ਰੀਕਣੀਆਂ ਦੇ ਖੜਿਆਂ ਮੂੰਹ 'ਤੇ ਮਾਰਨੋਂ ਨਾ ਟਲੇ। ਉਹ ਦਿਉਰ ਨੂੰ ਠੰਡਾ ਕਰਨ ਦੇ ਬਹਾਨੇ ਸਾਰਿਆਂ ਦੀ ਮਿੱਟੀ ਬਾਲ ਦੇਵੇ। ਹੈ ਵੇ! ਡੁੱਡੇ ਦੀ ਵਹੁਟੀ ਤੋਂ ਚਿੜ ਕੇ ਸਵਰਨ ਕੌਰ ਨੂੰ ਮਾਰਦਿਆਂ ਤੈਨੂੰ ਸ਼ਰਮ ਨਾ ਆਈ? ਇਹ ਕਮੀਣਾਂ ਦੀ ਧੀ ਸੀ? ਉਹ ਕੁੱਛੜ ਬਹਾ ਕੇ ਦਾੜ੍ਹੀ ਮੁੰਨਣ ਵਾਲੀਆਂ ਵਿੱਚੋਂ ਏ। ਬੜੀਆਂ ਘਰੋੜ-ਘਰੋੜ ਗੱਲਾਂ ਕਰੇਗੀ। ਗੱਲ ਉਹ ਲਾਵੇਗੀ ਕਿ ਅਗਲੇ ਦੇ ਮੱਥੀ ਕੱਪੜੀਂ ਅੱਗ ਲੱਗ ਜਾਵੇ। ਉਤੋਂ ਹੇਜ ਜ਼ਾਹਰ ਕਰੇਗੀ, ਤੇ ਹੇਠੋਂ ਪੈਰਾਂ ਨੂੰ ਵਾਹੇਗੀ। ਪਰ ਆਪ ਕਰਾਈਏ, ਤਾਂ ਲੋਕ ਗੱਲਾਂ ਕਰਦੇ ਨੇ ਨਾਂ। ਨਾਮੇ ਦੇ ਬਾਪੂ ਤੋਂ ਇਹ ਕੀ ਸਰੀ? ਤੇ ਮੇਰੀ ਕੀ ਰਹੀ? ਮੈਂ ਹੁਣ ਏਸ ਘਰ ਵਿੱਚ ਕਿਵੇਂ ਰਹਿ ਸਕਦੀ ਆਂ? ਭਲਕੇ ਲਾਗੀ ਨੂੰ ਨਾਲ ਲੈ ਕੇ ਪੇਕੇ ਨਾ ਚਲੀ ਜਾਵਾਂ? ਭਾਊ ਨੂੰ ਵੀ ਪਤਾ ਲੱਗ ਜਾਵੇ। ਯਾਰ ਭਣਵੱਈਆ ਉਹਦੀ ਭੈਣ ਦੀ ਕਿੰਨੀ ਕੁ ਇੱਜ਼ਤ ਕਰਦਾ ਏ। ਪਰ ਜੇ ਭਾਊ ਨੇ ਵੀ ਮੈਨੂੰ ਈ ਬੁਰੀ ਆਖਿਆ ਤਾਂ। ਪਹਿਲਾਂ ਰਾਜੋ ਦੀ ਓਸੇ ਨਾਲ ਸੀ। ਭਾਬੀ ਨੂੰ ਵੀ ਏਸ ਗੱਲ ਦਾ ਪਤਾ ਸੀ, ਪਰ ਉਸ

ਵਿਚਾਰੀ ਦੀ ਕੀ ਮਜਾਲ ਕਿ ਸਾਹਮਣੇ ਉਭਾਸਰ ਵੀ ਸਕੇ। ਭਾਊ ਨੇ ਈ ਇਹ ਬਲਾਮਤ ਸਾਨੂੰ ਚੰਬੇੜੀ ਏ। ਓਹਨਾਂ ਦੋਹਾਂ ਦੀ ਕਰਨੀ ਏ।.....ਆਹੰਦੇ ਨੇ : ਜ਼ਨਾਨੀ ਦੀ ਖੁਰੀ 'ਚ ਮੱਤ ਹੁੰਦੀ ਏ। ਪਰ ਮਰਦਾਂ ਦੀ ਮੱਤ ਨੂੰ ਕੋਈ ਕੀ ਆਖੇ। ਘਰ ਦੀ ਚੋਪੜੀ ਛੱਡ ਕੇ ਇਹਨਾਂ ਨੂੰ ਬਗਾਨੀ ਜੂਠੀ ਚੰਗੀ ਲੱਗਦੀ ਏ। ਓਹਾ ਗੱਲ; ਬਗਾਨੀ ਖੁਰਲੀ ਦੀ ਓਖਰ ਮਿੱਠੀ। ਪਰ.....ਪਰ.....ਮੈਂ ਹੁਣ ਕੀ ਕਰਾਂ ? ਕੀਹਦੇ ਨਾਲ ਸਲਾਹ ਕਰਾਂ ? ਕੀਹਦੇ ਅੱਗੇ ਰੋਵਾਂ ? ਕੀ ਕਰਨਾ ਚਾਹੀਦਾ ਏ ਮੈਨੂੰ ? ਕੁਝ.....ਕੁਝ ਸੁੱਝਦਾ ਨਹੀਂ। ਸੱਚ ਹੀ ਸਵਰਨੀ ਨੂੰ ਕੁਝ ਨਹੀਂ ਸੀ ਸੁੱਝ ਰਿਹਾ। ਹੋਏ ਅਪਮਾਨ ਨਾਲ ਉਹਦਾ ਸ੍ਵੈ-ਮਾਣ ਕੁਚਲਿਆ ਗਿਆ ਸੀ। ਸਾਰੀ ਰਾਤ ਉਹਨੇ ਇਹਨਾਂ ਹੀ ਸੋਚਾਂ ਵਿੱਚ ਗੁਜ਼ਾਰ ਦਿੱਤੀ।

ਸੂਰਜ ਚੜ੍ਹਨ ਤੋਂ ਘੰਟਾ ਕੁ ਪਹਿਲਾਂ ਲੱਖਾ ਸਿੰਘ ਬਾਹਰ ਨੂੰ ਤੁਰ ਗਿਆ। ਰਾਤ ਬੇਚੈਨੀ ਵਿੱਚ ਗੁਜ਼ਾਰਨ ਕਰਕੇ ਉਹ ਨਿਤ ਨਾਲੋਂ ਕੁਝ ਪਹਿਲਾਂ ਹੀ ਚਲਾ ਗਿਆ। ਦਸ ਮਿੰਟ ਪਿਛੋਂ ਸਵਰਨੀ ਵੀ ਉਠ ਕੇ ਹੌਲੀ-ਹੌਲੀ ਪੌੜੀਆਂ ਉਤਰੀ।

ਨੀਂਦ ਰਾਤ ਬਸੰਤ ਕੌਰ ਨੂੰ ਵੀ ਨਹੀਂ ਸੀ ਆਈ। ਭਰਵੀਂ ਨੀਂਦ ਸੌਣਾ ਤਾਂ ਉਹਦੇ ਭਾਗਾਂ ਵਿੱਚ ਚਰੋਕਾ ਮੁੱਕ ਗਿਆ ਸੀ। ਰਾਤ ਉਹ ਆਪਣੀਆਂ ਸੋਚਾਂ ਵਿੱਚ ਗੁਜ਼ਾਰ ਦੇਂਦੀ ਤੇ ਦਿਨੇ ਲੋਕਾਂ ਨਾਲ ਹੱਸ-ਹੱਸ ਗੱਲਾਂ ਕਰਨ ਦਾ ਸਾਂਗ ਭਰਦਿਆਂ। ਅੱਜ ਨੀਂਦ ਨਾ ਆਉਣ ਦਾ ਕਾਰਨ ਸੀ ਸਵਰਨੀ। ਦੋ ਦਿਨ ਤੋਂ ਉਹ ਸਵਰਨੀ ਦਾ ਰੰਗ ਢੰਗ ਵੇਖ ਰਹੀ ਸੀ। ਤੇ ਰਾਤ ਉਹਨੂੰ ਚਪੇੜ ਵੱਜਣ ਦਾ ਖੜਾਕ ਬਸੰਤ ਕੌਰ ਦੇ ਕੰਨਾਂ ਤੱਕ ਵੀ ਪਹੁੰਚ ਗਿਆ। ਉਹ ਇਕੇ ਵਾਰ ਤ੍ਰਭਕ ਉਠੀ, ਪਰ ਉਹਨੇ ਆਪਣੇ ਸੁਭਾਅ ਅਨੁਸਾਰ ਸਭ ਕੁਝ ਅੰਦਰੋ-ਅੰਦਰ ਜਰ ਲਿਆ। ਉਹ ਵੱਡੀ ਤੋਂ ਵੱਡੀ ਚੋਟ ਸਹਿਣੀ ਸਿੱਖ ਗਈ ਸੀ। 'ਇਹ ਕੀ ਹੋ ਗਿਆ ? ਗੱਲ ਏਥੋਂ ਤੱਕ ਕਿਉਂ ਵੱਧ ਗਈ ? ਇਹ ਚੰਗਾ ਨਹੀਂ ਹੋਇਆ।.......ਚੰਗਾ ਨਹੀਂ ਹੋਇਆ।' ਸਾਰੀ ਰਾਤ ਬਸੰਤ ਕੌਰ ਏਸੇ ਚੱਕਰ ਵਿੱਚ ਪਈ ਰਹੀ।

ਉਹ ਨਿਤ ਨਾਲੋਂ ਕੁਝ ਸੁਵੱਖਤੇ ਉਠ ਬੈਠੀ। ਦੁੱਧ ਰਿੜਕ ਕੇ ਉਹ ਅੰਦਰ ਮੰਜੇ ਉੱਤੇ ਲੰਮੀ ਜਾ ਪਈ। ਉਹਦਾ ਸਾਰਾ ਸਰੀਰ ਟੁੱਟਾ ਭੱਜਾ ਪ੍ਰਤੀਤ ਹੋ ਰਿਹਾ ਸੀ। ਮਨ ਠੀਕ ਨਾ ਹੋਵੇ ਤਾਂ ਉਹਦਾ ਸਰੀਰ 'ਤੇ ਵੀ ਅਸਰ ਪੈ ਜਾਂਦਾ ਹੈ।

ਪਹਿਲਾਂ ਬਸੰਤ ਕੌਰ ਦੇ ਕੰਨਾਂ ਵਿੱਚ ਲੱਖਾ ਸਿੰਘ ਦੇ ਪੈਰਾਂ ਦਾ ਖੜਾਕ ਆਇਆ। ਉਹ ਪੌੜੀਆਂ ਉਤਰਿਆ ਤੇ ਬਿਨਾਂ ਖੰਘੂਰਾ ਮਾਰਿਆਂ ਹੀ ਡਿਉਢੀ ਦਾ ਬੂਹਾ ਲਾਹ ਕੇ ਬਾਹਰ ਨਿਕਲ ਗਿਆ। ਕੁਝ ਮਿੰਟਾਂ ਪਿੱਛੋਂ ਸਵਰਨੀ ਦੇ ਉਤਰਨ ਦੀ ਅਵਾਜ਼ ਆਈ। ਉਹ ਕੁਝ ਦੱਬੇ ਪੈਰੀਂ ਆ ਰਹੀ ਸੀ। ਸ਼ਾਇਦ ਉਹ ਡਰਦੀ ਸੀ ਕਿ ਕਿਤੇ ਹਰਨਾਮ ਜਾਂ ਸ਼ਾਮੋ ਨਾ ਜਾਗ ਪੈਣ। ਬਸੰਤ ਕੌਰ ਦਾ ਮੰਜਾ ਖਾਲੀ ਪਿਆ ਵੇਖ ਕੇ

ਉਹ ਪਲ ਦਾ ਪਲ ਠਠੰਬਰ ਕੇ ਖਲੋ ਗਈ। ਇਹ ਉਹ ਜਾਣਦੀ ਸੀ ਕਿ ਦੁੱਧ ਰਿੜਕ ਕੇ ਬਸੰਤ ਕੌਰ ਲੱਕ ਸਿੱਧਾ ਕਰਨ ਵਾਸਤੇ ਲੰਮੀ ਪੈ ਗਈ ਹੋਵੇਗੀ। ਪਰ ਕਿੱਥੇ ? ਦੱਬੇ ਪੈਰੀਂ ਸਵਰਨੀ ਵੱਸੋਂ ਵਾਲੇ ਅੰਦਰ ਵੜੀ। ਅੱਗੇ ਬਸੰਤ ਕੌਰ ਮੰਜੇ ਉੱਤੇ ਕੰਡ ਪਰਨੇ ਸਿੱਧੀ ਲੇਟੀ ਹੋਈ ਸੀ। ਸੱਜਾ ਹੱਥ ਉਹਨੇ ਆਪਣੀਆਂ ਅੱਖਾਂ ਉੱਤੇ ਦਿੱਤਾ ਹੋਇਆ ਸੀ।

ਸਵਰਨੀ ਦੇ ਸਬਰ ਦਾ ਬੰਨ੍ਹ ਟੁੱਟ ਗਿਆ। ਉਹ ਬਸੰਤ ਕੌਰ ਦੀ ਹਿੱਕ ਉੱਤੇ ਡਿਗ ਕੇ ਹੁਬਕੀਂ-ਹੁਬਕੀਂ ਰੋਣ ਲਗ ਪਈ। ਉਹਦੇ ਅੰਦਰ ਸਾਹ ਨਹੀਂ ਸੀ ਮਿਉਂ ਰਿਹਾ, ਛਾਤੀ ਲੁਹਾਰ ਦੀਆਂ ਖੱਲਾਂ ਵਾਂਗ ਵੱਜ ਰਹੀ ਸੀ।

"ਚੁੱਪ, ਚੁੱਪ। ਮੇਰੀ ਬੀਬੀ ਭੈਣ। ਦੂਜੇ ਕੰਨ ਕਿਤੇ ਭਿਣਕ ਨਾ ਪੈ ਜਾਵੇ। ਵਿੱਚੇ-ਵਿੱਚ ਜਰ ਜਾਹ ਸਾਰੀਆਂ ਪੀੜਾਂ। ਚੁੱਪ।" ਬਸੰਤ ਕੌਰ ਨੇ ਸਵਰਨੀ ਦਾ ਸਿਰ ਆਪਣੀ ਛਾਤੀ ਨਾਲ ਘੁੱਟ ਲਿਆ।

"ਭੈਣ! ਹੁਣ ਨਹੀਂ ਜਰਿਆ ਜਾਂਦਾ, ਨਹੀਂ ਜਰਿਆ ਜਾਂਦਾ।" ਸਵਰਨੀ ਦੀ ਅਵਾਜ਼ ਕੁਝ ਉਚੇਰੀ ਹੋ ਗਈ। ਉਹਦਾ ਆਪਣੇ ਆਪ 'ਤੇ ਕਾਬੂ ਢਿੱਲਾ ਪੈਂਦਾ ਜਾ ਰਿਹਾ ਸੀ।

"ਨਹੀਂ ਸਵਰਨੋ! ਜਰਨਾ ਪਏਗਾ। ਸਭ ਕੁਝ ਜਰਨਾ ਪਏਗਾ। ਅਸੀਂ ਵੱਡੇ ਘਰ ਦੀਆਂ ਸੁਆਣੀਆਂ ਆਂ। ਇਸ ਵਾਸਤੇ ਸਭ ਕੁਝ ਵਿੱਚੇ-ਵਿੱਚ ਜਰਨਾ ਪਵੇਗਾ। ਉੱਚੀ ਰੋ ਚੀਕ ਕੇ ਅਸੀਂ ਲੋਕਾਂ ਨੂੰ ਤਮਾਸ਼ਾ ਨਹੀਂ ਵਖਾ ਸਕਦੀਆਂ। ਨਹੀਂ। ਅਸੀਂ ਉੱਚੀ ਨਹੀਂ ਰੋ ਸਕਦੀਆਂ।" ਸਵਰਨੀ ਨੂੰ ਚੁੱਪ ਕਰਾਉਂਦਿਆਂ ਬਸੰਤ ਕੌਰ ਦੇ ਆਪਣੇ ਨੇਤਰ ਵੀ ਵਹਿਣ ਲੱਗ ਪਏ।

ਬਸੰਤ ਕੌਰ ਉਠ ਕੇ ਬਹਿ ਗਈ। ਸਵਰਨੀ ਦਾ ਸਿਰ ਉਹਨੇ ਬੱਚਿਆਂ ਵਾਂਗ ਆਪਣੀ ਗੋਦੀ ਵਿੱਚ ਲੈ ਲਿਆ।

"ਚੁੱਪ, ਚੁੱਪ।" ਬਸੰਤ ਕੌਰ ਨੇ ਸਵਰਨੀ ਨੂੰ ਬਾਲਾਂ ਵਾਂਗ ਥਾਪੜਦਿਆਂ ਕਿਹਾ।

"ਭੈਣ! ਸੁਣ ਤਾਂ ਸਹੀ, ਮੇਰੇ ਨਾਲ ਕੀ ਵਾਪਰੀ ਏ ?" ਸਵਰਨੀ ਨੇ ਕੁਝ ਭਾਰ ਸਿਰ ਹੁੰਦਿਆਂ ਕਿਹਾ।

"ਮੈਂ ਸਭ ਕੁਝ ਜਾਣਦੀ ਆਂ, ਸਭ ਕੁਝ। ਫੇਰ ਵੀ ਤੂੰ ਕਹਿ ਲੈ। ਦਿਲ ਹੌਲਾ ਹੋ ਜਾਏਗਾ।" ਬਸੰਤ ਕੌਰ ਨੇ ਪੂਰੀ ਹਮਦਰਦੀ ਨਾਲ ਕਿਹਾ।

ਸਵਰਨੀ ਨੇ ਹੋਈ ਵਾਪਰੀ ਸਭ ਕਹਿ ਸੁਣਾਈ। ਉਹਦੇ ਅੰਦਰ ਦਾ ਗ਼ੁਬਾਰ ਕੁਝ ਮੱਠਾ ਪੈ ਗਿਆ। ਇਸ ਗੱਲ 'ਤੇ ਉਹਦੇ ਮਨ ਨੂੰ ਕੁਝ ਸ਼ਾਂਤੀ ਵੀ ਮਿਲੀ ਕਿ ਉਹਦਾ ਦੁੱਖ ਸੁਣਨ ਵਾਲਾ ਕੋਈ ਹੈ। "ਭੈਣ!" ਉਹਨੇ ਬਸੰਤ ਕੌਰ ਦੇ ਦੋਹਾਂ ਮੋਢਿਆਂ 'ਤੇ ਹੱਥ ਧਰ ਕੇ ਹਿਲਾਉਂਦਿਆਂ ਕਿਹਾ, "ਦੱਸ, ਹੁਣ ਮੈਨੂੰ ਕੀ ਕਰਨਾ ਚਾਹੀਦਾ ਏ ?



WWW.SIKHBOOKCLUB.COM 

ਕਿਧਰ ਜਾਵਾਂ ਮੈਂ ? ਮੇਰੇ ਜਿਊਣ ਦਾ ਕੋਈ ਹੱਜ ਏ ?"

"ਸ਼ਾਂਤ ਹੋ, ਸਵਰਨੀ! ਕੁਝ ਨਹੀਂ ਕਰਨਾ। ਕਿਤੇ ਨਹੀਂ ਜਾਣਾ। ਜ਼ਨਾਨੀ ਦੀ ਜੂਨ ਪਾਇਆ ਏ ਨਾਂ ਰੱਬ ਨੇ। ਸਭ ਕੁਝ ਜਰਨਾ ਪਵੇਗਾ। ਹਰ ਹਾਲ ਜਿਊਣਾ ਪਵੇਗਾ। ਹੌਸਲਾ ਕਰ।" ਬਸੰਤ ਕੌਰ ਨੇ ਉਹਨੂੰ ਹੌਸਲਾ ਦੇਂਦਿਆਂ ਕਿਹਾ।

"ਨਹੀਂ। ਮੈਂ ਇਹ ਬੇਇੱਜ਼ਤੀ ਨਹੀਂ ਸਹਿ ਸਕਦੀ। ਇਕ ਜੀਅ ਕਰਦਾ ਏ ਅੱਜੇ ਪੇਕਿਆਂ ਨੂੰ ਤੁਰ ਜਾਵਾਂ। ਫਿਰ ਸੋਚਦੀ ਆਂ, ਓਥੇ ਜਾ ਕੇ ਵੀ ਕੀ ਲੈਣਾ ਏ ? ਉਹਨਾਂ ਕਿਹੜਾ ਸਾਡਾ ਨਿਆਂ ਨਬੇੜ ਦੇਣਾ ਏ ? ਬੱਸ, ਇਕੋ ਰਾਹ ਏ। ਕਿਸੇ ਖੂਹ ਟੋਭੇ ਪੈ ਜਾਵਾਂ। ਸਾਰੇ ਦੁੱਖ ਕਲੇਸ਼ ਮੁੱਕ ਜਾਣ।" ਸਵਰਨੀ ਨੇ ਨਿਰਾਸਤਾ ਵਿੱਚ ਸਿਰ ਫੇਰਦਿਆਂ ਕਿਹਾ।

"ਊਂਹ, ਕਮਲੀ।" ਬਸੰਤ ਕੌਰ ਨੇ ਬੜੀ ਉਦਾਸ, ਮਗਰ ਦ੍ਰਿੜ੍ਹ ਸੁਰ ਵਿੱਚ ਕਿਹਾ, "ਨਾ ਤੂੰ ਪੇਕੇ ਜਾ ਸਕਦੀ ਏਂ, ਨਾ ਡੁੱਬ ਕੇ ਛੁਟਕਾਰਾ ਪਾ ਸਕਦੀ ਏਂ। ਕੀ ਤੂੰ ਚੋਹੁੰਦੀ ਏ ਕਿ ਮਰੀ ਪਿੱਛੋਂ ਵੀ ਤੇਰੀ ਬਦਨਾਮੀ ਹੋਵੇ ? ਸੁਣਨ ਵਾਲੇ ਆਖਣਗੇ, ਓਸੇ ਵਿੱਚ ਕੋਈ ਭੈੜ ਹੋਵੇਗਾ, ਜਿਹੜੀ ਡੁੱਬ ਕੇ ਮਰ ਗਈ ਏ। ਨਹੀਂ, ਤੂੰ ਕੁਝ ਨਹੀਂ ਕਰ ਸਕਦੀ।"

"ਪਰ ਏਸ ਹਾਲ ਕੱਟਾਂ ਵੀ ਕਿਵੇਂ ? ਮੈਥੋਂ ਨਹੀਂ ਜਰਿਆ ਜਾਂਦਾ।" ਸਵਰਨੀ ਨੇ ਆਪਣੇ ਸ਼ਬਦਾਂ 'ਤੇ ਜ਼ੋਰ ਦੇਂਦਿਆਂ ਕਿਹਾ।

"ਜਰਨਾ ਪਵੇਗਾ। ਮੇਰੇ ਵਾਂਗ ਬੱਸ, ਪੱਥਰ ਹੋ ਜਾ। ਕੰਨਾਂ ਵਿੱਚ ਬੁੱਜੇ ਦੇ ਲੈ। ਅੱਖਾਂ ਉੱਤੇ ਪੱਟੀ ਬੰਨ ਲੈ। ਨਾ ਕਿਸੇ ਦੀ ਸੁਣ, ਨਾ ਕਿਸੇ ਵੱਲ ਵੇਖ। ਜੋ ਹੁੰਦਾ ਏ, ਸਾਡੀ ਬਲਾਅ ਤੋਂ। ਆਪਣੇ ਸਰਵਣ ਨੂੰ ਪਾਲ। ਬੱਸ।" ਬਸੰਤ ਕੌਰ ਨੇ ਜਿਵੇਂ ਆਖ਼ਰੀ ਫ਼ੈਸਲਾ ਦੇ ਦਿੱਤਾ।

"ਮੰਨ ਲੈਂਦੀ ਆਂ। ਮੈਂ ਤੇਰੀ ਮੋੜ ਨਹੀਂ ਸਕਦੀ। ਇਕ ਤੂੰ ਈ ਮੇਰੀ ਦਰਦਣ ਏਂ। ਮਾਂ, ਭੈਣ, ਸਹੇਲੀ, ਸਭ ਕੁਝ ਤੂੰ ਈ ਏਂ। ਪਰ ਹੁਣ ਮੈਂ ਐਥੇ ਤੇਰੇ ਕੋਲ ਸਵਿਆਂ ਕਰਾਂਗੀ। ਇਹ ਮੇਰਾ ਆਖ਼ਰੀ ਫ਼ੈਸਲਾ ਏ। ਤੇਰੇ ਵਾਂਗ ਮੇਰੀ ਵੀ ਅੱਜ ਤੋਂ ਬੱਸ।" ਸਵਰਨੀ ਨੇ ਪੁੱਠਾ ਹੱਥ ਦੇਂਦਿਆਂ ਕਿਹਾ, ਜਿਵੇਂ ਉਹ ਕਿਸੇ ਨੂੰ ਵਿਦਿਆ ਕਰ ਰਹੀ ਹੋਵੇ, ਸਗੋਂ 'ਮਗਰੋਂ ਲਹੇਂ' ਕਹਿ ਰਹੀ ਹੋਵੇ।

"ਨਹੀਂ, ਸਵਰਨੀ। ਤੂੰ ਇਹ ਵੀ ਨਹੀਂ ਕਰ ਸਕਦੀ। ਇਸ ਦਾ ਸਿੱਟਾ ਹੋਰ ਵੀ ਭੈੜਾ ਨਿਕਲੇਗਾ। ਮੇਰੀ ਗੱਲ ਹੋਰ ਸੀ। ਮੈਂ ਮਾਲਕ ਆਪਣੀ ਭੈਣ ਨੂੰ ਸੌਂਪਿਆ ਸੀ। ਮੈਂ ਤੈਨੂੰ ਆਪਣੀ ਬੰਤੀ ਸਮਝਿਆ ਏ ਤੇ ਮਰਦੇ ਦਮ ਤੱਕ ਸਮਝਦੀ ਰਹਾਂਗੀ। ਪਰ ਤੂੰ ਦੱਸ, ਤੂੰ ਉਹਨਾਂ ਨੂੰ ਕੀਹਦੇ ਹਵਾਲੇ ਕਰਕੇ ਪਾਸੇ ਹੋਵੇਂਗੀ ? ਰਾਜੋ ਦੇ ? ਇਕ ਰਾਜੋ



WWW.SIKHBOOKCLUB.COM 

ਨਹੀਂ, ਓਸ ਤਰ੍ਹਾਂ ਕਈ ਰਾਜੋ ਏਸ ਘਰ ਵਿੱਚ ਆ ਜਾਣਗੀਆਂ। ਉਹ ਪੁੱਜਦੇ ਜੁ ਹੋਏ। ਕੋਈ ਘਾਟਾ ਨਹੀਂ।" ਬਸੰਤ ਕੌਰ ਨੇ ਸਿਰ ਹਿਲਾ ਕੇ ਕਿਹਾ, "ਤੂੰ ਐਸਾ ਨਹੀਂ ਕਰ ਸਕਦੀ। ਤੂੰ ਸਮਝ, ਕੁਝ ਹੋਇਆ ਈ ਨਹੀਂ। ਸਭ ਕੁਝ ਭੁੱਲ ਜਾਹ।"

"ਪਰ ਕਿਵੇਂ ਭੁੱਲ ਜਾਵਾਂ ? ਮੇਰੀ ਥੋੜ੍ਹੀ ਬੇਇੱਜ਼ਤੀ ਹੋਈ ਏ ?"

"ਕੋਈ ਗੱਲ ਨਹੀਂ। ਸਭ ਕੁਝ ਭੁੱਲ ਜਾ। ਮੇਰੇ ਬਦਲੇ, ਆਪਣੇ ਮਾਪਿਆਂ ਦੀ ਲੱਜ ਬਦਲੇ, ਆਪਣੇ ਸਰਵਣ ਬਦਲੇ। ਚਲ ਉੱਠ। ਅੱਜ ਰੋਟੀ ਟੁਕ ਤੂੰ ਕਰ। ਮੈਂ ਤੈਨੂੰ ਕਦੇ ਨਹੀਂ ਆਖਿਆ, ਪਰ ਅੱਜ ਮੇਰਾ ਸਰੀਰ ਕਿਹਾ ਨਹੀਂ ਮੰਨਦਾ। ਮਹੀਂ ਮੈਂ ਚੋਅ ਦਿਆਂਗੀ।"

ਬਸੰਤ ਕੌਰ ਨੇ ਸੋਚਿਆ, ਇਸ ਤਰ੍ਹਾਂ ਕੰਮ ਲੱਗੀ ਸਵਰਨੋ ਕੁਝ ਪਰਚ ਜਾਇਗੀ। ਉਹ ਉਹਨੂੰ ਉਠਾ ਕੇ ਰਸੋਈ ਵਿੱਚ ਲੈ ਗਈ।

ਸਾਰਾ ਦਿਨ ਬਸੰਤ ਕੌਰ ਹਰ ਇਕ ਨਾਲ ਇਉਂ ਪੇਸ਼ ਆਉਂਦੀ ਰਹੀ, ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਲੱਖਾ ਸਿੰਘ ਨਾਲ ਵੀ ਉਹ ਨਿਤ ਵਾਂਗ ਹੱਸ-ਹੱਸ ਗੱਲਾਂ ਕਰਦੀ ਰਹੀ। ਉਹਨੇ ਇਹ ਪ੍ਰਗਟ ਨਾ ਹੋਣ ਦਿੱਤਾ, ਕਿ ਉਹਨੂੰ ਕਿਸੇ ਗੱਲ ਦਾ ਪਤਾ ਹੈ। ਪਰ ਲੱਖਾ ਸਿੰਘ ਅੰਦਰੋ-ਅੰਦਰ ਡਰ ਰਿਹਾ ਸੀ ਕਿ ਸਵਰਨੀ ਨੇ ਸਭ ਕੁਝ ਬਸੰਤ ਕੌਰ ਨੂੰ ਜ਼ਰੂਰ ਦੱਸ ਦਿੱਤਾ ਹੋਵੇਗਾ। ਸੱਚੀ ਗੱਲ ਹੈ ਕਿ ਲੱਖਾ ਸਿੰਘ ਬਸੰਤ ਕੌਰ ਕੋਲੋਂ ਕੁਝ ਭੈਅ ਖਾਣ ਲੱਗ ਪਿਆ ਸੀ। ਇਹ ਬਸੰਤ ਕੌਰ ਦੇ ਧਰਤੀ ਵਰਗੇ ਧੀਰਜ ਦਾ ਅਸਰ ਸੀ।

ਲੱਖਾ ਸਿੰਘ ਢੇਰ ਰਾਤ ਗਈ ਤੱਕ ਬੈਠਕ ਵਿੱਚ ਇਕੱਲਾ ਬੈਠਾ ਪੀਂਦਾ ਰਿਹਾ। ਅੱਜ ਪਹਿਲੇ ਦਿਨ ਉਹਨੇ ਇਕੱਲੇ ਪੀਤੀ ਸੀ। ਉਹ ਨਿੱਤ ਦਾ ਪਿਆਕ ਨਹੀਂ ਸੀ। ਕਿਸੇ ਸੱਜਣ ਮਿੱਤਰ ਨਾਲ ਬਹਿ ਕੇ ਉਹ ਜ਼ਰੂਰ ਪੀ ਲੈਂਦਾ ਸੀ, ਪਰ ਅੱਜ ਉਹ ਬਹੁਤ ਉਦਾਸ ਸੀ। ਉਹ ਸਮਝ ਰਿਹਾ ਸੀ ਕਿ ਸਾਰੇ ਸੰਸਾਰ ਵਿੱਚ ਉਹ ਇਕੱਲਾ ਹੈ, ਬਿਨਾਂ ਕਿਸੇ ਸੰਗੀ ਸਾਥੀ ਦੇ, ਮਾਰੂਥਲ ਵਿੱਚ ਘੁੱਸੇ ਹੋਏ ਰਾਹੀ ਵਾਂਗ ਇਕੱਲਾ। ਹਰਨਾਮਾ ਉਹਦੀ ਰੋਟੀ ਬੈਠਕ ਵਿੱਚ ਹੀ ਲੈ ਗਿਆ। ਉਹਨੇ ਹਰਨਾਮ ਨੂੰ ਨਾਲ ਬਹਿ ਕੇ ਥੋੜ੍ਹੀ ਜੇਹੀ ਪੀਣ ਵਾਸਤੇ ਕਿਹਾ, ਪਰ ਹਰਨਾਮ ਨੇ ਅੱਗੋਂ ਨਾਂਹ ਕਰ ਦਿੱਤੀ। ਕਿੰਨਾ ਚਿਰ ਲੱਖਾ ਸਿੰਘ ਪੁੱਤਰ ਦੇ ਮੂੰਹ ਵੱਲ ਵਿਹੰਦਾ ਰਿਹਾ। ਪੁੱਤਰ ਦਾ ਉਤਰਿਆ ਹੋਇਆ, ਉਦਾਸ ਚਿਹਰਾ। ਲੱਖਾ ਸਿੰਘ ਤੋਂ ਰਿਹਾ ਨਾ ਗਿਆ। ਉਹਨੇ ਬੜਾ ਔਖ ਮਹਿਸੂਸ ਕਰਦਿਆਂ ਕਿਹਾ, "ਹਰਨਾਮ ਪੁੱਤ! ਤੂੰ ਵੀ ਮੈਥੋਂ ਦੂਰ ਹੋ ਗਿਆ ਏਂ ?"

"ਬਾਪੂ! ਇਹ ਤੇਰੇ ਦਿਲ ਵਿੱਚ ਕਿਵੇਂ ਆਈ ? ਮੈਂ ਤੈਥੋਂ ਦੂਰ ਹੋ ਗਿਆ ਹਾਂ ? ਤੈਨੂੰ ਨਸ਼ਾ ਚੜ੍ਹ ਰਿਹਾ ਏ। ਰੋਟੀ ਖਾ ਲੈ ਤੇ ਚੱਲ, ਚੱਲ ਕੇ ਸੌਂ। ਦਿਨ ਨੂੰ ਸਭ ਕੁਝ

ਠੀਕ ਹੋ ਜਾਵੇਗਾ।" ਹਰਨਾਮ ਹੁਣ ਸਤਾਰਾਂ ਸਾਲ ਦਾ ਜਵਾਨ ਸੀ। ਉਹ ਸਾਰੀ ਗੱਲ ਸਮਝਦਾ ਸੀ, ਪਰ ਇਹ ਝਗੜਾ ਅਜੇਹਾ ਸੀ, ਜਿਸ ਵਿੱਚ ਉਹ ਕੋਈ ਦਖ਼ਲ ਨਹੀਂ ਸੀ ਦੇ ਸਕਦਾ।

"ਭੈਣ! ਅੱਜ ਦੀ ਰਾਤ ਈ ਮੈਨੂੰ ਏਥੇ ਆਵਦੇ ਕੋਲ ਸੌਂ ਜਾਣ ਦੇ।" ਸਵਰਨੀ ਨੇ ਤਰਲਾ ਲੈ ਕੇ ਕਿਹਾ।

"ਸਵਰਨੀ! ਕਮਲ ਨਹੀਂ ਮਾਰੀਦਾ। ਸਰਵਣ ਹੁਣ ਸਿਆਣਾ ਹੋ ਗਿਆ ਏ। ਉਹ ਸਾਰੀ ਗੱਲ ਸਮਝਦਾ ਏ। ਚੱਲ ਉੱਠ, ਤੈਨੂੰ ਛੱਡ ਆਵਾਂ।" ਬਸੰਤ ਕੌਰ ਨੇ ਉਹਨੂੰ ਹੱਥ ਨਾਲ ਉੱਠਣ ਦਾ ਇਸ਼ਾਰਾ ਕਰਦਿਆਂ ਕਿਹਾ।

"ਸੱਚੀਂ, ਸੌਂਹ ਆਪਣੀ, ਮੇਰਾ ਵੌਂਢਿਆ ਰੂਹ ਨਹੀਂ ਕਰਦਾ।" ਸਵਰਨੀ ਨੇ ਮਾਸੂਮ ਜੇਹਾ ਮੂੰਹ ਬਣਾ ਕੇ ਕਿਹਾ।

"ਜ਼ਨਾਨੀ ਦੇ ਰੂਹ ਨੂੰ ਕੌਣ ਪੁੱਛਦਾ ਏ ? ਏਥੇ ਵਹੁਟੀ ਬਣ ਕੇ ਔਣ ਨੂੰ ਤੇਰਾ ਦਿਲ ਕਰਦਾ ਸੀ ? ਨਹੀਂ। ਫਿਰ ? ਸਾਨੂੰ ਆਪਣੇ ਦਿਲ ਦੀ ਕਦੇ ਨਹੀਂ ਸੁਣਨੀ ਚਾਹੀਦੀ। ਬੱਸ ਅੰਨ੍ਹੀ ਬੋਲੀ ਹੋ ਕੇ ਚੱਕੀ ਪੀਸੀ ਚੱਲ। ਵੇਖ ਕੇ ਅਣਡਿੱਠ ਕੀਤਿਆਂ ਹੀ ਨਿਭਦੀ ਏ। ਚੱਲ।" ਬਸੰਤ ਕੌਰ ਨੇ ਹੁਕਮੀ ਲਹਿਜੇ ਵਿੱਚ ਕਿਹਾ।

"ਭੈਣ ਇਕ ਗੱਲ ਪੁੱਛਦੀ ਆਂ, ਸੱਚ-ਸੱਚ ਦੱਸੀਂ।" ਸਵਰਨੀ ਨੇ ਅੱਗੇ ਲੱਗ ਕੇ ਤੁਰਦਿਆਂ ਕਿਹਾ, "ਹਾਂ ਤਾਂ ਮੈਂ ਤੇਰੀ ਸੌਂਕਣ ਈ ਨਾਂ! ਫਿਰ ਤੂੰ ਮੈਨੂੰ ਐਨਾ ਪਿਆਰ ਕਿਉਂ ਕਰਦੀ ਏਂ ?"

"ਦੋਵੇਂ ਦੁੱਖੀ ਜੋ ਹੋਈਆਂ। ਆਪਸ ਵਿੱਚ ਵੀ ਪਿਆਰ ਨਾ ਕਰੀਏ ਤਾਂ ਮਰ ਜਾਈਏ ?" ਬਸੰਤ ਕੌਰ ਨੇ ਥੋੜ੍ਹਾ ਜੇਹਾ ਮੁਸਕਰਾਉਂਦਿਆਂ ਕਿਹਾ, "ਨਾਲੇ ਮੈਂ ਤੈਨੂੰ ਸੌਂਕਣ ਸਮਝਿਆ ਈ ਨਹੀਂ।"

ਬਸੰਤ ਕੌਰ ਸਵਰਨੀ ਨੂੰ ਉਹਦੇ ਮੰਜੇ ਉੱਤੇ ਛੱਡ ਆਈ। ਲਾਗੇ ਟੇਢਾ ਕੀਤਾ ਮੰਜਾ ਉਹਨੇ ਲੱਖਾ ਸਿੰਘ ਵਾਸਤੇ ਡਾਹ ਕੇ ਵਿਛਾ ਦਿੱਤਾ। ਅੱਗੇ ਸਵਰਨੀ ਵਿਛਾਇਆ ਕਰਦੀ ਸੀ। "ਬੱਸ, ਸਭ ਕੁਝ ਭੁੱਲ ਜਾਹ। ਇਉਂ ਸਮਝ, ਜਿਵੇਂ ਕੁਝ ਹੋਇਆ ਈ ਨਹੀਂ।"

ਲੱਖਾ ਸਿੰਘ ਰੋਟੀ ਖਾ ਕੇ ਓਥੇ ਹੀ ਲੰਮਾ ਪੈ ਗਿਆ। ਹਰਨਾਮ ਮੱਲੋ-ਮੱਲੀ ਉਹਨੂੰ ਓਥੋਂ ਉਠਾ ਕੇ ਲੈ ਆਇਆ। ਪੌੜੀਆਂ ਤੱਕ ਉਹ ਪਿਉ ਦੀ ਬਾਂਹ ਫੜੀ ਨਾਲ ਆਇਆ। "ਬੱਸ, ਹੁਣ ਮੈਂ ਆਪੇ ਚਲਾ ਜਾਂਗਾ। ਤੂੰ ਸੌਂ।"

ਇਕ ਪੌੜੀ ਚੜ੍ਹ ਕੇ ਲੱਖਾ ਸਿੰਘ ਫਿਰ ਖਲੋ ਗਿਆ। ਪਿਛਾਂਹ ਮੂੰਹ ਕਰਕੇ ਉਹਨੇ ਅਵਾਜ਼ ਮਾਰੀ, "ਹਰਨਾਮ!"

"ਦੱਸ, ਬਾਪੂ! ਮੈਂ ਤਾਂ ਤੇਰੇ ਕੋਲ ਖੜਾ ਆਂ।" ਹਰਨਾਮ ਅਜੇ ਪੌੜੀਆਂ ਦੀ ਥੰਨੀ ਨੂੰ ਹੱਥ ਪਾਈ ਖੜਾ ਸੀ।

"ਨਹੀਂ। ਕੁਝ ਨਹੀਂ। ਸੌਂ ਜਾਹ ਤੂੰ।" ਲੱਖਾ ਸਿਘ ਹੌਲੀ-ਹੌਲੀ ਪੌੜੀਆਂ ਚੜ੍ਹਨ ਲੱਗ ਪਿਆ। ਉਹਦੇ ਦਿਲ ਵਿੱਚ ਆਈ ਸੀ, ਕਿ ਉਹ ਪੁੱਤਰ ਸਾਹਮਣੇ ਮੰਨ ਲਵੇ, ਮੈਥੋਂ ਗ਼ਲਤੀ ਹੋ ਗਈ ਏ, ਪਰ ਉਹਨੇ ਕੁਝ ਸੋਚ ਕੇ ਇਸ ਵਿਚਾਰ ਨੂੰ ਜੰਮਦਿਆਂ ਦਥਾਅ ਦਿੱਤਾ। ਉਹ ਜਾ ਕੇ ਸਵਰਨੀ ਦੇ ਲਾਗੇ ਡੱਠੇ ਮੰਜੇ ਉੱਤੇ ਦੂਸਰੇ ਪਾਸੇ ਮੂੰਹ ਕਰਕੇ ਸੌਂ ਗਿਆ। ਤੂਫ਼ਾਨ ਤੋਂ ਅਗਲੀ ਰਾਤ ਅਮਨ ਦੀ ਲੰਘ ਗਈ।

ਉਪਰੋਂ-ਉਪਰੋਂ ਸਭ ਕੁਝ ਠੀਕ ਹੋ ਗਿਆ, ਪਰ ਸਵਰਨੀ ਦੇ ਵਰਤਾਉ ਵਿੱਚ ਬਹੁਤ ਫ਼ਰਕ ਆ ਗਿਆ। ਉਹਨੇ ਪਿਆਰ ਦਾ ਸਾਂਗ ਭਰਨਾ ਛੱਡ ਦਿੱਤਾ। ਉਹਨੇ ਬਸੰਤ ਕੌਰ ਨੂੰ ਆਪਣਾ ਮੁਰਸ਼ਦ ਮੰਨ ਕੇ ਅੱਧ-ਪਚੱਧ ਉਹਦੇ ਪੂਰਨਿਆਂ ਉੱਤੇ ਚੱਲਣ ਦਾ ਯਤਨ ਕਰਨਾ ਸ਼ੁਰੂ ਕਰ ਦਿੱਤਾ।

## ੨੨

ਹਰਨਾਮ ਸਿੰਘ ਦਾ ਵਿਆਹ ਹੋ ਗਿਆ। ਦੋਵੇਂ ਘਰ ਬਰਾਬਰ ਦੇ ਪਾਹਣੇ ਦੇ ਸਨ। ਵਿਆਹ ਬੜੀ ਸ਼ਾਨ ਨਾਲ ਹੋਇਆ। ਅਗਲਿਆਂ ਨੇ ਦੋ ਮਹੀਂ ਤੇ ਇਕ ਘੋੜੀ ਦਿੱਤੀ। ਮੁੰਡੇ ਨੂੰ ਕੈਂਠਾ, ਕੁੜਮ ਨੂੰ ਸੋਨੇ ਦਾ ਕੜਾ, ਕੁੜਮਣੀ ਨੂੰ ਬੁਤਕੀਆਂ ਤੇ ਪੰਝੀ ਤੋਲੇ ਸੋਨਾ ਧੀ ਨੂੰ ਪਾਇਆ। ਕੁੜਮ ਨੂੰ ਗਰਮ ਕੰਬਲ ਤੇ ਦੋ ਤਿਉਰ ਕੁੜਮਣੀ ਨੂੰ ਦਿੱਤੇ। ਉਹਨਾਂ ਸਵਰਨੀ ਨਾਲ ਵੀ ਵਿਤਕਰਾ ਨਹੀਂ ਕੀਤਾ। ਉਹਨੂੰ ਵੀ ਦੋ ਤਿਉਰ ਤੇ ਬੁਤਕੀਆਂ ਪਾਈਆਂ। ਸ਼ਾਮੋ ਤੇ ਸਰਵਣ ਦੇ ਸਾਰੇ ਲੀੜੇ ਦਿੱਤੇ। ਫਿਰ ਮਿਲਨੀ 'ਤੇ ਵੀ ਵਿਆਹ ਵਰਗਾ ਹੀ ਕੀਤਾ।

ਪਿੰਡ ਦੀਆਂ ਸ਼ਰੀਕਣੀਆਂ ਮੂੰਹ ਜੋੜ-ਜੋੜ ਗੱਲਾਂ ਕਰਦੀਆਂ, "ਲੈ ਕੁੜੇ ਬੇਬੇ! ਰੱਬ ਵੀ ਭਰੇ ਥਾਂ ਭਰਦਾ ਏ। ਅਗਲਿਆਂ ਨੇ ਦਿੱਤ-ਦਾਜ ਨਾਲ ਬਸੰਤ ਕੌਰ ਦਾ ਘਰ ਭਰ ਦਿੱਤਾ ਏ। ਅੱਗੇ ਪਿੰਡ ਵਿੱਚ ਐਨਾ ਦਾਜ ਕਿਸੇ ਦਾ ਨਹੀਂ ਆਇਆ।.....ਭੈਣਾਂ! ਗ਼ਰੀਬ ਦਾ ਨਿੰਦਣਾ ਕੀ ਤੇ ਅਮੀਰ ਦਾ ਸਲੌਹਣਾ ਕੀ। ਸ਼ਾਹ ਨਾਲ ਰੀਸ ਏ ਕਿਸੇ ਦੀ ? ਸਾਰੇ ਪਿੰਡ 'ਚੋਂ ਮੋਹਰੀ ਘਰ ਏ।.....ਫਿਰ ਅਗਲਾ ਘਰ ਵੀ ਉਹੋ ਜਿਹਾ ਮਿਲਿਆ ਨਾਂ। ਐਵੇਂ ਤਾਂ ਨਹੀਂ ਸਿਆਣਿਆਂ ਆਖਿਆ : ਰਾਠਾਂ ਦੇ ਰਾਠ ਪਰੌਹਣੇ, ਝਰੌਕਾਂ ਦੇ ਝਰੌਕ; ਰਾਠਾਂ ਰਿੱਧੇ ਬੱਕਰੇ, ਝਰੌਕਾਂ ਰਿੱਧੇ ਮੋਠ। .....ਭਈ ਸ਼ਾਹ ਨੇ ਵੀ ਖ਼ਰਚ ਵੱਲੋਂ ਹੱਦ ਕਰ ਦਿੱਤੀ ਏ। ਕਿਸੇ ਗੱਲੋਂ ਝਿੱਸੀ ਨਹੀਂ ਵੱਟੀ। ਜਿੱਥੇ ਪੰਜ ਲਗਣੇ ਸੀ, ਦਸ ਲਾਏ ਸੂ। ..... ਫਿਰ ਜਾਣਦੀ ਏਂ, ਹੋਏ ਦਾ ਹਿੱਦੂ ਏ। ਹੋਰ, ਰੱਜੀ ਨੇ ਨ੍ਹੌਣਾ

ਕੀ ਤੇ ਨਚੋੜਨਾ ਕੀ।......ਨੀ, ਕਈ ਹੋਏ ਤੋਂ ਵੀ ਪਿਛਾਂਹ ਹੀ ਵਜ਼ਦੇ ਨੇ। ਪੈਸਾ ਖ਼ਰਚਦਿਆਂ ਉਹਨਾਂ ਦੀ ਜਾਨ ਨਿਕਲਦੀ ਏ। .....ਦੂਰ ਕੀ ਜਾਂਦੀ ਏਂ, ਪਿਛਲੇ ਸਾਲ ਮੇਰੇ ਜੇਠ ਨੇ ਨਹੀਂ ਪੁੱਤ ਵਿਆਹਿਆ ? ਮੇਲ ਐਨਾ ਸੱਦ ਲਿਆ ਤੇ ਪਿੱਛੋਂ ਰੋਟੀ ਵਾਰੀ ਥੰਗ-ਥੰਗ ਭੁੱਖ-ਨੰਗ। .......ਤੂੰ ਉਹਨਾਂ ਦਾ ਕੀ ਨਾਂ ਲੈਂਦੀ ਏਂ। ਉਹ ਤਾਂ ਦੋਵੇਂ ਜੀਅ ਪੁੱਜ ਕੇ ਮੌਜੀ ਨੇ, ਕੰਜੂਸ ਮੱਖੀ ਚੂਸ।.......ਤੇ ਏਥੇ ਦੋਵੇਂ ਸ਼ਾਹ-ਦਿਲ ਹੋਏ। ਸ਼ਾਹ ਦੀ ਗੱਲ ਕਰਦੀਆਂ ਜੇ, ਬਸੰਤ ਕੌਰ ਤਾਂ ਉਸ ਨਾਲੋਂ ਵੀ ਦਰਿਆ-ਦਿਲ ਏ।.....ਲੈਖ੍ਹਾਂ, ਬਸੰਤ ਕੌਰ ਵਰਗੀ ਕਿਸੇ ਹੋ ਪੈਣਾ ਏ ? ਉਹਦੀ ਰਾਤ ਓਹਾ ਜੰਮੀ ਏ। ਸਵੇਰੇ ਨਾਂ ਲਿਆ ਸਭ ਮਰਾਦਾਂ ਪੂਰੀਆਂ ਹੁੰਦੀਆਂ ਨੇ।......ਦੇਵੀ ਏ ਕਿਸੇ ਜਰਮ ਦੀ, ਦੇਵੀ। ਜਿਵੇਂ ਸ਼ਾਹ ਨੇ ਉਹਦੀ ਹਿੱਕ 'ਤੇ ਸੌਕਣ ਲਿਆ ਬਹਾਈ ਸੀ, ਹੋਰ ਕੋਈ ਜ਼ਨਾਨੀ ਹੁੰਦੀ ਤਾਂ ਘਰ ਨੂੰ ਨਰਕ ਬਣਾ ਦੇਂਦੀ। ਕਰਮਾਂ ਵਾਲੀ ਨੇ ਮੱਥੇ ਵੱਟ ਨਹੀਂ ਪਾਇਆ। ਸਕੀਆਂ ਭੈਣਾਂ ਵਾਂਗ ਰੱਖਿਆ ਸੁ।......ਫਿਰ ਲੋਕੀਂ ਘਰਾਣੇ ਟਕਾਣੇ ਕਿਹੜੀ ਗੱਲੋਂ ਵੇਖਿਆ ਕਰਦੇ ਸਨ। ਏਹਾ ਤਾਂ ਪਰਖ ਏ।.....ਬੇਬੇ! ਦੋਹੀਂ ਹੱਥੀਂ ਤੋੜੀ ਵੱਜਦੀ ਏ। ਬਸੰਤ ਕੌਰ ਚੰਗੀ ਏ, ਤਾਂ ਨਿੱਕੀ ਦਾ ਵੀ ਕੋਈ ਮੁੱਲ ਨਹੀਂ। ਰੱਖੇ ਧਰੇ, ਦੇਵੇ ਲਵੇ, ਸਭ ਕੁਝ ਬਸੰਤ ਕੌਰ ਦੇ ਹੱਥ ਵੱਸ ਏ। ਨਿੱਕੀ ਨੇ ਕਦੇ ਪੁੱਛਿਆ ਦੱਸਿਆ ਤੱਕ ਨਹੀਂ।..... ਫਿਰ ਦੋਵੇਂ ਚੰਗਿਆਂ ਘਰਾਂ ਦੀਆਂ ਜੁ ਹੋਈਆਂ। ਦੋਹਾਂ ਨੂੰ ਮਾਪਿਆਂ ਪੇਕਿਆਂ ਦੀ ਲੱਜ ਹੋਈ। ਚੰਗੀਆਂ ਰਹਿੰਦੀਆਂ ਨੇ, ਤਾਂ ਸ਼ਰੀਕੇ ਵਿੱਚ ਸ਼ੋਭਾ ਵੀ ਲਈ ਹੋਈ ਨੇ।......ਨੀ, ਉਹਨਾਂ ਦੋਹਾਂ ਦੀ ਛੱਡੋ। ਕੀ ਗੱਲ ਕਰਨੀ ਅਨਪੜ੍ਹ ਜੱਟਾਂ ਦੀਆਂ ਧੀਆਂ ਦੀ। ਤੁਸੀਂ ਤੀਜੀ ਦੀ ਗੱਲ ਕਰੋ, ਜਿਹੜੀ ਰਾਜਪੂਤਾਂ ਦੀ ਆਈ ਏ।.....ਉਇ ਹੋਇ! ਉਹਨੇ ਕੋਈ ਕਸਰ ਛੱਡੀ ਏ ਵਿਆਹ ਵਿੱਚ ? ਜਾਤ ਕੁਜਾਤ ਗੁੱਝੀ ਕਿੱਥੇ ਰਹੇ।.....ਉਹਦਾ ਵੱਸ ਚਲਦਾ ਤਾਂ ਬਸੰਤ ਕੌਰ ਨੂੰ ਉਠਾ ਕੇ ਆਪ ਚੌਕਾ ਮੱਲ ਬਹਿੰਦੀ।......ਸਭ ਤੋਂ ਪਹਿਲਾਂ ਤੁਹਾਨੂੰ ਈ ਖਾਣੀਆਂ ਪੈਣੀਆਂ ਸਨ ਉਹਦੇ ਹੱਥਾਂ ਦੀਆਂ। ਸਕੀਆਂ ਜੁ ਤੁਸੀਂ ਈ ਹੋਈਆਂ।......ਭੈਣਾਂ, ਮੈਨੂੰ ਤਾਂ ਕੋਈ ਨਿੰਦ ਵਚਾਰ ਨਹੀਂ। ਮੈਂ ਤਾਂ ਆਖਣਾ ਏਂ ਸ਼ਾਹ ਨੂੰ, ਅੰਬਰਸਰੋਂ ਜਾ ਕੇ ਅਕਾਲਣ ਸਜਾ ਲਿਆਵੇ। ਸਾਡੇ ਨਾਲੋਂ ਤਾਂ ਉਹ ਸੋਹਣੀ ਏਂ। ਉੱਞ ਵੇਖਣ ਨੂੰ ਉਹਨੂੰ ਮਜ੍ਹਬਣ ਕੋਈ ਨਹੀਂ ਆਹੰਦਾ।......ਨੀ, ਛੱਡੋ ਪਰ੍ਹਾਂ, ਕੀ ਲੱਗੀਆਂ ਹੋਈਆਂ ਜੇ ਖੁੰਦੋ ਫੋਲਣ। ਤੁਸੀਂ ਨਵੀਂ ਵਹੁਟੀ ਦੀ ਗੱਲ ਕਰੋ।......ਨਵੀਂ ਵਹੁਟੀ ? ਕਿਸੇ ਗੱਲੋਂ ਘੁੱਸੀ ਹੋਈ ਨਹੀਂ। ਰੱਬ ਨੇ ਜੋੜੀ ਬੜੀ ਵਧੀਆ ਰਲਾਈ ਏ। .....ਮੱਖ : ਇਕੋ ਹਾਣ, ਇਕੋ ਕੱਦ, ਇਕੋ ਸ਼ਾਨ, ਇਕੋ ਰੰਗ ਰੂਪ, ਮੂੰਹ ਮੱਥਾ, ਕਿਸੇ ਪਾਸਿਉਂ ਘੱਟ ਨਹੀਂ। ਰੱਬ ਜੋੜੀ ਨੂੰ ਉਮਰ ਮਾਨਣੀ ਦੇਵੇ।.......ਨੌਂਹ ਵੇਖ ਕੇ ਬਸੰਤ ਕੌਰ ਇਉਂ ਖਿੜ ਗਈ ਸੀ, ਜਿਵੇਂ ਉਹਦੇ ਉੱਤੇ ਨਵੀਂ



WWW.SIKHBOOKCLUB.COM 

ਜਵਾਨੀ ਆ ਗਈ ਹੋਵੇ।.....ਇਹ ਖ਼ੁਸ਼ੀ ਘੱਟ ਵੀ ਨਹੀਂ ਹੁੰਦੀ। ਹੱਛਾ, ਜਿਊਂਦੇ ਰਹਿਣ।"

ਪਿੰਡ ਵਿੱਚ ਕਈ ਦਿਨ ਇਹ ਚਰਚਾ ਹੁੰਦੀ ਰਹੀ। ਬੜੀ ਬੇ-ਲਾਗ ਤੇ ਖਰੀ-ਖਰੀ ਹੁੰਦੀ ਹੈ ਇਹ ਟੀਕਾ-ਟਿੱਪਣੀ। ਸਭ ਤੋਂ ਵਧੇਰੇ ਚਰਚਾ ਹੋਈ ਰਾਜੋ ਦੀ। ਉਹ ਵਿਆਹ ਵਿੱਚ ਇਉਂ ਫਿਰਦੀ ਰਹੀ, ਕਿ 'ਸੱਦੀ ਨਾ ਬੁਲਾਈ, ਮੈਂ ਮੁੰਡੇ ਦੀ ਤਾਈ' ਵਾਲੀ ਕਹਾਵਤ ਉਹਨੇ ਝੂਠੀ ਸਾਬਤ ਕਰ ਦਿੱਤੀ। ਉਹ ਸਾਰੇ ਘਰ ਵਿੱਚ ਅੰਦਰ ਬਾਹਰ ਇਉਂ ਭੱਜੀ ਫਿਰੇ, ਜਿਵੇਂ ਉਹ ਬਸੰਤ ਕੌਰ ਦੀ ਸਕੀ ਭੈਣ ਹੋਵੇ। ਕਿਸੇ ਨੂੰ ਮੰਜਾ, ਕਿਸੇ ਨੂੰ ਬਿਸਤਰਾ, ਕਿਸੇ ਦੀ ਗੰਢੜੀ ਸੰਭਾਲ, ਕਿਸੇ ਦਾ ਕੁਝ ਸੁਆਰ, ਇਉਂ ਜਾਪੇ, ਜਿਵੇਂ ਮੇਲ ਦਾ ਸਾਰਾ ਫ਼ਿਕਰ ਉਸੇ ਨੂੰ ਹੁੰਦਾ ਹੋਵੇ। ਸੱਚਮੁੱਚ ਹੀ ਉਹਦੀ ਪੇਸ਼ ਜਾਂਦੀ ਤਾਂ ਉਹ ਆਏ ਮੇਲ ਨੂੰ ਅੰਨ ਪਾਣੀ ਖੁਆਉਂਦੀ ਵੀ ਥੱਕਦੀ ਨਾ। ਨ੍ਹਾਮਾ, ਸ਼ਾਮੋ ਤੇ ਸਰਵਣ ਉਹਨੂੰ ਮਾਸੀ ਆਖਦੇ ਸਨ। ਉਹ ਮਾਸੀ ਅਖਵਾ ਕੇ ਖ਼ੁਸ਼ ਵੀ ਸੀ। ਨ੍ਹਾਮੇ ਹੋਰਾਂ ਦੀ ਰੀਸ ਨਾਲ ਪਿੰਡ ਦੇ ਕੁਝ ਗੱਭਰੂ ਵੀ ਹਾਸੇ ਠੱਠੇ ਨਾਲ ਉਹਨੂੰ ਮਾਸੀ ਆਖਣ ਲੱਗ ਪਏ।

"ਮਾਸੀ! ਐਧਰ ਅਵਾਜ਼ ਦੇਈਂ ਕਿਸੇ ਕਾਮੇ ਨੂੰ ਬਾਲਣ ਦੀ ਪੰਡ ਸੱਟੇ।.....ਮਾਸੀ! ਮਾਛਣ ਨੂੰ ਸੱਦੀਂ, ਅੱਗ ਡਾਹਵੇ।......ਮਾਸੀ! ਪੈਂਚ ਨੂੰ ਬੁਲਾਵੀਂ ਜ਼ਰਾ, ਦੇਗ ਵਿੱਚ ਹੱਥ ਫੇਰ ਦੇਵੇ।......ਤੇ ਮੁੰਡੇ ਦੀ ਮਾਸੀ ਨੂੰ ਈ ਆਖੇ ਖਾਂ, ਹੱਥ ਫੇਰ ਦੇਵੇ।"

ਤੇ ਮੁੰਡੇ ਦੀ ਮਾਸੀ ਕਿਸੇ ਗੱਲੋਂ ਭੈੜੀ ਨਾ ਪੈਂਦੀ। ਉਹ ਭੰਬੀਰੀ ਵਾਂਗ ਅੰਦਰ ਬਾਹਰ ਭੱਜੀ ਫਿਰਦੀ। ਹਰ ਇਕ ਦੀ ਟਿਚਕਰ ਦਾ ਉਹ ਹੱਸ ਕੇ ਉੱਤਰ ਦੇਂਦੀ। ਉਹ ਅੱਗੋਂ ਖੜਕ ਕੇ ਕਹਿੰਦੀ, "ਇਹ ਕੋਈ ਲਾਅ ਨਹੀਂ ਲੱਗਾ ਹੋਇਆ। ਮੈਂ ਮੁੰਡੇ ਦੀ ਮਾਸੀ। ਸਰਵਣ ਕੀ ਤੇ ਹਰਨਾਮ ਕੀ। ਮੈਨੂੰ ਦੋਵੇਂ ਇਕੋ ਜੇਹੇ ਨੇ। ਅੱਜ ਮੈਂ ਬਹੁਤ ਖ਼ੁਸ਼ ਆਂ। ਮੇਰੇ ਭਣੇਵੇਂ ਦਾ ਵਿਆਹ ਏ। ਵਿਆਹ ਵਿੱਚ ਹਾਸਾ ਠੱਠਾ ਹੋਵੇ ਕਿਸੇ ਭਾਗਾਂ ਵਾਲੀ ਨਾਲ। ਵਿਆਹ ਸਾਰਥ 'ਤੇ ਕਿਸੇ ਦਾ ਗੁੱਸਾ ਕੀ ਕਰਨਾ। ਮੈਂ ਮੁੰਡੇ ਦੀ ਮਾਸੀ।"

"ਤੇ ਰਾਜੋ! ਸ਼ਾਹ ਦੀ ਕੀ ਲੱਗਦੀ ਏਂ ਤੂੰ ? ਆਹ ਮੁੰਡੇ ਪੁੱਛਦੇ ਨੇ।"

"ਮੁੰਡਿਆਂ ਦਾ ਪੱਜ ਕੀ ਲੈਂਦਾ ਏਂ। ਸਿੱਧਾ ਆਪ ਪੁੱਛ ਲੈ। ਮੈਂ ਲੱਗਦੀ ਆਂ ਸ਼ਾਹ ਦੀ ਸਾਲੀ ਤੇ ਅੱਧੋ ਘਰ ਵਾਲੀ। ਹੋਰ ਕੁਝ ਪੁੱਛਣਾ ਈ। ਕੁਝ ਹੋਰ ਆਖੇਂ ਤਾਂ ਮੈਂ ਸ਼ਾਹ ਦੀ ਉਹ ਵੀ ਲਗਦੀ ਆਂ। ਤੂੰ ਆਪਣੀ ਵਿੰਗੇ ਨੱਕ ਵਾਲੀ ਦਾ ਧਿਆਨ ਰੱਖ। ਵੱਡੇ ਘੁੰਡ ਵਾਲੀਆਂ ਮੂੰਹ-ਸੀਤੀਆਂ ਰਾਜੋ ਨਾਲੋਂ ਦਸ ਗੁਣਾ ਵੱਧ ਹੁੰਦੀਆਂ ਨੇ। ਮੈਂ ਸਭ ਨੂੰ ਜਾਣਦੀ ਆਂ!" ਰਾਜੋ ਕਿਸੇ ਗੱਲ ਦਾ ਵੀ ਲੁਕਾਅ ਨਹੀਂ ਸੀ ਰੱਖਦੀ।

"ਰਾਜੋ! ਜਾਹ ਤੂੰ ਆਪਣਾ ਕੰਮ ਕਰ। ਇਹ ਤਾਂ ਲੁੱਚ-ਮੰਡਲੀ ਰਲੀ ਹੋਈ ਏ। ਐਵੇਂ ਚਿੱਘਾਂ ਕਰਦੇ ਨੇ ਤੇਨੂੰ।"

"ਕਰਦੇ ਰਹਿਣ। ਆਵਦੇ ਮੂੰਹ ਨਾਲ ਕਰਦੇ ਨੇ। ਮੇਰਾ ਕੀ ਲੈਂਦੇ ਨੇ।"

"ਓ, ਚੰਗਾ ਨਹੀਂ ਨਾਂ ਹੁੰਦਾ। ਕਈ ਵਾਰ ਐਵੇਂ ਹਾਸੇ ਤੋਂ ਮਤ਼ਾਸਾ ਹੋ ਜਾਂਦਾ ਏ।"

"ਇਹ ਗੱਲਾਂ ਸੁੱਕਣੇ ਪਾ ਛੱਡੋ। ਝਾੜ ਕੂਲੇ ਹੁੰਦੇ ਤਾਂ ਗਿੱਦੜ ਕਦੇ ਦੇ ਖਾ ਜਾਂਦੇ। ਸ਼ਾਹ ਮੇਰਾ ਭਣਵੱਈਆ ਏ। ਉਹਦਾ ਮੈਂ ਗੁੱਸਾ ਨਹੀਂ ਕਰਦੀ। ਹੋਰ ਕਿਸੇ ਦੀ ਮਜਾਲ ਏ ਕਿ ਰਾਜੋ ਵੱਲ ਉਂਗਲ ਵੀ ਕਰ ਜਾਏ।"

ਗੱਲ ਵੀ ਠੀਕ ਸੀ। ਉਹਨੂੰ ਇਕੱਲੀ ਵੇਖ ਕੇ ਕੋਈ ਸਦਾ-ਬਹਾਰ ਮਜਨੂੰ ਮਸ਼ਕਰੀ ਕਰਦਾ ਤਾਂ ਉਹ ਝਾੜ ਕੇ ਪੱਲੇ ਬਨ੍ਹਾ ਦੇਂਦੀ। ਮੁੜ ਕੇ ਕਦੇ ਬੁਲਾਉਣ ਦੀ ਉਹਨੂੰ ਹਿੰਮਤ ਨਾ ਪੈਂਦੀ।

ਪਿੰਡ ਦੀਆਂ ਭੰਗਣਾਂ ਵੀ ਰੋਟੀ ਲੈਣ ਆਈਆਂ। ਵਿਚੋਂ ਇਕ ਸ਼ੋਖ਼ ਜੇਹੀ ਨੇ ਰਾਜੋ ਨੂੰ ਮਸ਼ਕਰੀ ਕੀਤੀ। ਉਹਦਾ ਕਹਿਣ-ਢੰਗ ਸੁਖਾਵਾਂ ਨਹੀਂ, ਬੜਾ ਚੁੱਭਵਾਂ ਸੀ। ਰਾਜੋ ਨੇ ਅੱਗੋਂ ਕੜਕ ਕੇ ਕਿਹਾ, "ਮੂੰਹ ਬੰਦ ਕਰ ਨੀ! ਮੈਂ ਤੈਨੂੰ ਵੀ ਜਾਣਦੀ ਆਂ ਵੱਡੀ ਨੇਕ ਪਾਕ ਨੂੰ। ਮੇਰੀ ਗੱਲ-ਬਾਤ ਹੈਗੀ ਏ, ਤਾਂ ਇਕ ਮੰਨੇ-ਪਰਮੰਨੇ ਸਰਦਾਰ ਨਾਲ, ਸਾਰੇ ਪਿੰਡ ਦੇ ਮੁਖੀਏ ਨਾਲ। ਤੇਰੇ ਵਾਂਗ ਰਾਜੋ ਜਣੇ-ਖਣੇ ਅੱਗੇ......।" ਅੱਗੋਂ ਜੋ ਕੁਝ ਉਸਨੇ ਕਿਹਾ, ਦੁਹਰਾਇਆ ਨਹੀਂ ਜਾ ਸਕਦਾ।

ਰਾਜੋ ਸਰਦਾਰ ਦੀ ਦੋਸਤੀ ਨੂੰ ਬਿਲਕੁਲ ਨਹੀਂ ਸੀ ਲੁਕਾਉਂਦੀ। ਉਹ ਇਸ ਵਿੱਚ ਆਪਣੀ ਜਿੱਤ ਸਮਝਦੀ ਸੀ, ਵਡਿਆਈ ਸਮਝਦੀ ਸੀ, ਬਦਨਾਮੀ ਨਹੀਂ। ਇਹ ਸੋਚਣਾ ਸਰਦਾਰ ਲੱਖਾ ਸਿੰਘ ਦਾ ਕੰਮ ਸੀ ਕਿ ਉਹ ਇਸ ਨੂੰ ਆਪਣੀ ਸ਼ਾਨ ਸਮਝਦਾ ਸੀ, ਜਾਂ ਹੇਠੀ।

ਵਿਆਹ ਵਿੱਚ ਇਕ ਗੱਲ ਅਣ-ਸੁਖਾਵੀਂ ਹੋ ਚੱਲੀ ਸੀ। ਬਸੰਤ ਕੌਰ ਨੇ ਤਾਂ ਹੱਥ ਭਰੇ ਦੇ ਕੱਪੜੇ ਪਾਏ ਹੋਏ ਸਨ। ਬੜਾ ਪੁਰਾਣਾ ਰਵਾਜ, ਇਕ ਖ਼ਾਸ ਰੰਗ ਦਾ ਗੁਲਾਬੀ-ਤਰਬੂਜ਼ੀ ਸੂਟ, ਜਿਸ ਨਾਲ ਬਿਨਾਂ ਪੁੱਛਿਆਂ ਪਛਾਣੀ ਜਾਵੇ ਕਿ ਇਹ ਲਾੜੇ ਦੀ ਮਾਂ ਹੈ। ਸਵਰਨੀ ਦਾ ਦਰਜਾ ਵੀ ਮਾਂ ਦੇ ਬਰਾਬਰ ਹੀ ਸੀ। ਹਰਨਾਮ ਤੇ ਸ਼ਾਮੋ ਉਹਨੂੰ ਮਾਸੀ ਕਹਿੰਦੇ ਸਨ। ਸਵਰਨੀ ਨੂੰ ਅਜੇ ਆਪਣੀ ਜਵਾਨੀ ਦਾ ਵੀ ਮਾਣ ਸੀ। ਵਿਆਹ ਵਿੱਚ ਉਹ ਦਿਹਾੜੀ ਦੇ ਦੋ ਸੂਟ ਬਦਲਦੀ।

ਸਵਰਨੀ ਰਾਜੋ ਨੂੰ ਬਹੁਤ ਘਿਰਣਾ ਕਰਦੀ ਸੀ। ਇਸ ਦਾ ਸਿੱਟਾ, ਰਾਜੋ ਦੇ ਦਿਲ ਵਿੱਚ ਵੀ ਸਵਰਨੀ ਵਾਸਤੇ ਇਕ ਖ਼ਾਸ ਕਿਸਮ ਦੀ ਚਿੜ ਹੋ ਗਈ ਸੀ। ਉਹ



WWW.SIKHBOOKCLUB.COM 

ਬਿਦ ਕੇ ਅਜਿਹਾ ਕੰਮ ਕਰਦੀ, ਜਿਸ ਤੋਂ ਸਵਰਨੀ ਦੇ ਮਨ 'ਤੇ ਚੋਟ ਲੱਗੇ। ਜੇਹੋ ਜੇਹਾ ਸੂਟ ਸਵਰਨੀ ਪਾਉਂਦੀ, ਪੰਜਾਂ ਮਿੰਟਾਂ ਪਿੱਛੋਂ ਰਾਜੋ ਵੀ ਓਹੋ ਜਿਹਾ ਪਾ ਕੇ ਉਹਦੇ ਸਾਹਮਣੇ ਆਉਂਦੀ। ਸੱਕ ਸੁਰਮੇ ਨਾਲ ਸੱਜੀ ਹੋਈ ਉਹ ਸਾਰੀਆਂ ਮੇਲਣਾਂ ਨੂੰ ਮਾਤ ਪਾ ਰਹੀ ਸੀ। ਫਿਰ ਹਰ ਗੱਲ ਨਾਲ ਉਹ ਜਤਾਉਂਦੀ ਕਿ ਉਹ ਮੁੰਡੇ ਦੀ ਮਾਸੀ ਹੈ। ਉਸ ਦੀਆਂ ਇਹ ਹਰਕਤਾਂ ਵੇਖ ਕੇ ਸਵਰਨੀ ਵਿੱਚੋ-ਵਿੱਚ ਸੜ ਭੁੱਜ ਰਹੀ ਸੀ।

"ਹੈਂ ਨੀ ਸਵਰਨੋ। ਇਹ ਮੁੰਡੇ ਦੀ ਮਾਸੀ ਕਿਹੜੇ ਸਾਕੋਂ ਲੱਗਦੀ ਏ ?" ਸਵਰਨੀ ਦੀ ਬਿਰਧ ਮਾਸੀ ਨੇ ਬੜੇ ਵਿਅੰਗ ਨਾਲ ਪੁੱਛਿਆ। ਉਹਨੂੰ ਬਲਦੀ ਉੱਤੇ ਤੇਲ ਪਾਉਣ ਦੀ ਆਦਤ ਸੀ।

"ਮਾਸੀ ਲੱਗਦੀ ਏ ਮੇਰੇ ਪਿਉ ਦੇ ਸੱਜੇ ਪੱਟੋਂ ਕੱਢੀ ਹੋਈ। ਅਖੇ : ਲਾਹ ਲਈ ਲੋਈ ਤਾਂ ਕੀ ਕਰੇਗਾ ਕੋਈ। ਇਹ ਨ੍ਹਾਮੇ ਦੇ ਬਾਪੂ ਦੀ......।"

"ਐਧਰ ਆ ਤੂੰ। ਦਿਨ ਤਾਂ ਗਿਆ ਤੇ ਅਜੇ ਆਪਣੇ ਵੀਹ ਕੰਮ ਪਏ ਨੇ ਕਰਨ ਵਾਲੇ।" ਹੱਸਦੀ-ਹੱਸਦੀ ਬਸੰਤ ਕੌਰ ਸਵਰਨੀ ਨੂੰ ਬਾਂਹੋਂ ਫੜ ਕੇ ਅੰਦਰ ਲੈ ਗਈ। ਉਸ ਦੀਆਂ ਦੋਹਾਂ ਗੱਲ੍ਹਾਂ ਨੂੰ ਆਪਣੇ ਹੱਥਾਂ ਵਿੱਚ ਘੁੱਟ ਕੇ ਉਸ ਦੀਆਂ ਅੱਖਾਂ ਵਿੱਚ ਤੱਕਦਿਆਂ ਬਸੰਤ ਕੌਰ ਨੇ ਕਿਹਾ, "ਸਵਰਨੀ! ਤੂੰ ਮੇਰੀ ਨਿੱਕੀ ਭੈਣ ਏਂ, ਹਰਨਾਮ ਦੀ ਮਾਸੀ। ਬੱਸ, ਮੇਰੇ ਬਦਲੇ, ਆਪਣੇ ਹਰਨਾਮ ਬਦਲੇ, ਵਿਆਹ ਵਿੱਚ ਨਹੀਂ ਬੋਲਣਾ। ਨਾਲੇ ਚੇਤੇ ਰੱਖ, ਆਪ ਤੋਂ ਨੀਵੇ ਨਾਲ ਕਦੇ ਕੌੜਾ ਨਾ ਬੋਲੀਏ। ਏਸ ਜਾਤ ਦੇ ਮੂੰਹ ਨਹੀਂ ਔਣਾ ਚਾਹੀਦਾ। ਲੈ ਤੂੰ ਬਹਿ ਕੇ ਟਰੰਕ ਵਿੱਚ ਵਰੀ ਜੋੜ। ਟੂੰਬਾਂ ਰਾਜੇ ਨੂੰ ਵਖਾ ਕੇ ਧਰੀਂ।" ਸਿਆਣੀ ਬਸੰਤ ਕੌਰ ਨੇ ਢੰਗ ਨਾਲ ਸਾਰੀ ਗੱਲ ਨਜਿੱਠ ਲਈ।

"ਰਾਜੋ। ਕੱਥੂ ਨੂੰ ਆਖ, ਬਹਿਲ ਤਿਆਰ ਕਰਨ। ਰਾਜਾ ਤੇ ਮੀਰਜਾਦਾ ਬਹਿਲ ਵਿੱਚ ਬਹਿ ਜਾਣਗੇ।" ਬਸੰਤ ਕੌਰ ਨੇ ਰਾਜੋ ਨੂੰ ਵੀ ਕੰਮ ਦੱਸ ਕੇ ਓਥੋਂ ਤੋਰ ਦਿੱਤਾ। ਬਸੰਤ ਕੌਰ ਦਾ ਮੁਸਕਰਾਉਂਦਾ ਚਿਹਰਾ ਵੇਖ ਕੇ ਰਾਜੋ ਵੀ ਅੰਦਰ ਦਾ ਗੁੱਸਾ ਅੰਦਰੇ ਪੀ ਗਈ। ਸਵਰਨੀ ਦੀ ਟਕੋਰ ਸੁਣ ਕੇ ਉਹ ਬਹੁਤ ਔਖੀ ਸੀ।

ਮੰਨਣਾ ਪਵੇਗਾ, ਬਸੰਤ ਕੌਰ ਦਾ ਸਾਰੇ ਪਰਵਾਰ ਉੱਤੇ ਕੁਝ ਅਨੋਖਾ ਪ੍ਰਭਾਵ ਸੀ। ਉਹ ਕਿਸੇ ਨੂੰ ਕੌੜਾ ਨਹੀਂ ਸੀ ਬੋਲਦੀ, ਮੱਥੇ ਵੱਟ ਨਹੀਂ ਸੀ ਪਾਉਂਦੀ। ਫਿਰ ਵੀ ਸਾਰੇ ਉਹਦਾ ਭੈਅ ਮੰਨਦੇ ਸਨ। ਇਹ ਫਲ ਸੀ ਉਹਦੇ ਸਬਰ, ਉਹਦੇ ਧੀਰਜ, ਉਹਦੇ ਤਿਆਗ ਦਾ।

ਹਰਨਾਮ ਦਾ ਵਿਆਹ ਹੋ ਗਿਆ, ਮੁਕਲਾਵਾ ਹੋ ਗਿਆ। ਦੋ ਮਹੀਨੇ ਪਿੱਛੋਂ ਅਗਲਿਆਂ ਤਿਰਾਜਵਾਂ ਵੀ ਤੋਰ ਦਿੱਤਾ। ਸੁਖਬੀਰ ਆਪਣੇ ਘਰ ਆ ਕੇ ਰਹਿਣ ਲੱਗੀ। ਬਸੰਤ ਕੌਰ ਦਾ ਅੰਦਰਲਾ ਸੁੰਞਾ-ਪਨ ਕੁਝ ਘੱਟ ਗਿਆ ਮਾਲੂਮ ਹੋਣ ਲੱਗਾ। ਸਾਰਾ ਦਿਨ ਉਹ ਨੌਂਹ ਨੂੰ ਗੁੱਡੀ ਵਾਂਗ ਸਜਾਉਂਦੀ ਰਹਿੰਦੀ। ਏਸ ਤਰ੍ਹਾਂ ਉਹਦਾ ਮਨ ਪਰਚਿਆ ਰਹਿੰਦਾ।

## ੨੩

ਵਿਆਹ ਤੋਂ ਦੋ ਵਰ੍ਹੇ ਬਾਅਦ ਰਾਜੋ ਦੇ ਘਰ ਮੁੰਡਾ ਹੋਇਆ। ਲੱਖਾ ਸਿੰਘ ਨਹੀਂ ਸੀ ਚਾਹੁੰਦਾ ਕਿ ਰਾਜੋ ਮਾਂ ਬਣੇ। ਉਹਦੀ ਇੱਛਿਆ ਸੀ ਕਿ ਮਾਂ ਬਣਨ ਤੋਂ ਪਹਿਲਾਂ-ਪਹਿਲਾਂ ਜਿੰਨਾ ਚਿਰ ਜੋਬਨ ਮਾਣਿਆ ਜਾ ਸਕੇ, ਲਾਹੇ ਦਾ ਹੈ। ਉਹਨੇ ਵੱਡੇ ਦਾਈ ਨਾਲ ਮਿਲ ਕੇ ਚਾਰਾ ਵੀ ਬਥੇਰਾ ਕੀਤਾ ਪਰ ਆਉਣ ਵਾਲਾ ਕਿਸੇ ਦਾ ਰੋਕਿਆ ਨਾ ਰੁਕਿਆ। ਲੜਕਾ ਹੋਇਆ। ਉਹਦੇ ਸਭ ਨੈਣ ਨਕਸ਼, ਰੰਗ ਰੂਪ ਲੱਖਾ ਸਿੰਘ ਵਰਗਾ ਸੀ। ਪਰਦਾ ਪਾਉਣ ਦੇ ਇਰਾਦੇ ਨਾਲ ਜ਼ਨਾਨੀਆਂ ਕਹਿੰਦੀਆਂ, ਕਾਕਾ ਹਰਨਾਮ ਵਰਗਾ ਹੈ। ਹਰਨਾਮ ਦਾ ਮੁਹਾਂਦਰਾ ਵੀ ਤਾਂ ਨਿਰਾ-ਪੁਰਾ ਪਿਉ ਵਰਗਾ ਸੀ।

ਕਾਕੇ ਦਾ ਨਾਂ ਰਾਜੋ ਨੇ ਜਰਨੈਲ ਰੱਖਿਆ। ਉਹਨੇ ਚੌਕੀਦਾਰ ਨੂੰ ਪੱਕੀ ਕੀਤੀ, "ਚੌਕੀਦਾਰਾ! ਮੇਰੇ ਮੁੰਡੇ ਦਾ ਪੂਰਾ ਨਾਂ ਲਖਾਵੀਂ। ਜਰਨੈਲ ਸੁੰਹ, ਪੁੱਤਰ ਦਰਸ਼ਨ ਸੁੰਹ, ਮਜ਼੍ਹਬੀ ਸਿੱਖ। ਮੇਰੇ ਮਾਪੇ ਸਾਰੇ ਮਜ਼੍ਹਬੀ ਸਿੱਖ ਨੇ। ਹੋਰ ਕੁਝ ਨਾਂ ਲਖਾਵੀਂ।" ਨਾਲ ਹੀ ਉਹ ਲੱਖਾ ਸਿੰਘ ਵੱਲ ਵੇਖ ਕੇ ਮੁਸਕਰਾ ਪਈ।

ਚੌਕੀਦਾਰ ਚਲਾ ਗਿਆ, ਤਾਂ ਉਹਨੇ ਹਵੇਲੀ 'ਚ ਫਿਰਦੇ ਲੱਖਾ ਸਿੰਘ ਨੂੰ ਸੁਣਾ ਕੇ ਕਿਹਾ, "ਵੇਖੋ ਨਾਂ! ਮੈਥੋਂ ਗ਼ਲਤੀ ਹੋ ਗਈ। ਮੈਂ ਲਖੌਣਾ ਸੀ ਜਰਨੈਲ ਸੁੰਹ, ਪੁੱਤਰ ਸਰਦਾਰ ਲੱਖਾ ਸੁੰਹ ਦਾ, ਵਿਰਕ ਜੱਟ। ਠੀਕ ਏ ਨਾਂ।"

"ਹੁਣ ਛੱਜ 'ਚ ਪਾ ਕੇ ਛੱਟ, ਕਸਰ ਨਾ ਛੱਡੀਂ, ਸਾਰੇ ਪਿੰਡ ਵਿੱਚ ਢੰਡੀ ਪਿੱਟ।" ਲੱਖਾ ਸਿੰਘ ਨੇ ਸ਼ਰਮਿੰਦਿਆਂ ਵਾਲਾ ਹਾਸਾ ਹੱਸਦਿਆਂ ਕਿਹਾ।

"ਸਰਦਾਰ ਜੀ! ਲੱਖ ਵੱਟੋ, ਪੁੱਤਰ ਹੋਇਆ ਜੇ। ਧੀ ਹੋ ਪੈਂਦੀ ਤਾਂ ਉਹਨੂੰ ਕਿੱਧਰ ਸੁੱਟਦਿਓਂ। ਇਹ ਤਾਂ ਸਾਰਾ ਜੱਗ ਜਾਣਦਾ ਏ, ਜੋ ਵੀ ਹੈ, ਤੁਹਾਡਾ ਏ। ਨਿੱਕੀਆਂ ਹੁੰਦੀਆਂ ਗੌਂਦੀਆਂ ਹੁੰਦੀਆਂ ਸਾਂ, ਹੁਣ ਤਾਂ ਪੂਰਾ ਯਾਦ ਵੀ ਨਹੀਂ ਰਿਹਾ। ਅਖੇ : ਕਾਲਿਆ ਹਰਨਾ, ਚਰੇਂ ਅੰਗੂਰੀ, ਮੌਜਾਂ ਮਾਣੇ, ਹੁਣ ਕਿਉਂ ਨੱਸੇਂ ਵੇ ਗਲ੍ਹ ਫਾਹੀਆਂ ਪਈਆਂ। ਹੁਣ ਤਾਂ ਨੱਸਣਾ ਵੀ ਚਾਹੇ ਤਾਂ ਮੈਂ ਅਦਾਲਤੇ ਜਾ ਕੇ ਹਿੱਸਾ ਵੰਡਾ ਲਾਂਗੀ। ਕੋਈ ਮੰਨੇਗਾ ਕਿ ਇਹ ਸਰਦਾਰ ਪੁੱਤਰ ਛੁੱਡੇ ਦਾ ਏ।" ਰਾਜੋ ਨੇ ਅੱਖਾਂ ਮਟਕਾ ਕੇ ਕਿਹਾ।

ਲੱਖਾ ਸਿੰਘ ਕਈ ਦਿਨ ਸੋਚਾਂ ਵਿੱਚ ਡੁੱਬਾ ਰਿਹਾ, 'ਇਹ ਕੀ ਬਣਿਆ। ਮੁੰਡਾ ਮੇਰੇ ਵਰਗਾ ਈ ਕਿਉਂ ਹੋਇਆ ? ਇਹ ਛੁੱਡੇ ਵਰਗਾ ਕਿਉਂ ਨਾ ਹੋਇਆ ? ਸਮੁੰਦੇ ਵਰਗਾ ਈ ਹੋ ਪੈਂਦਾ। ਇਹ ਹੋਇਆ ਨਿਰਾ-ਪੁਰਾ ਮੇਰੇ ਵਰਗਾ। ਉੱਨੀ ਇੱਕੀ ਦਾ ਵੀ

ਫ਼ਰਕ ਨਹੀਂ। ਹੂ-ਬ-ਹੂ ਮੇਰੇ ਵਰਗਾ। ਹਰਨਾਮ ਵੀ ਮੇਰੇ ਵਰਗਾ ਏ। ਪਰ ਉਹਦੇ ਉੱਤੇ ਤਾਂ ਮੈਨੂੰ ਮਾਣ ਏ। ਵੇਖਣ ਵਾਲਾ ਬਿਨਾਂ ਪੁੱਛਿਆਂ ਦੱਸਿਆਂ ਪਛਾਣ ਲੈਂਦਾ ਏ, ਇਹ ਸ਼ਾਹ ਦਾ ਪੁੱਤਰ ਏ। ਉਹ ਮੇਰਾ ਏ। ਮੈਂ ਸੌ-ਜੁੜੀ 'ਚ ਆਖ ਸਕਦਾਂ, ਇਹ ਪੁੱਤਰ ਮੇਰਾ ਏ। ਆਹ ਇਹਦੀ ਮਾਂ ਏ। ਆਹ ਇਹਦੇ ਮਾਮੇ ਨੇ। ਫਲਾਨੀ ਥਾਂ ਇਹਦੇ ਨਾਨਕੇ ਨੇ। ਭੁੱਲਰਾਂ ਦਾ ਦੋਹਤਰਾ ਏ, ਭੁੱਲਰਾਂ ਦਾ। ਪਰ ਇਹਦੀ ਬਾਬਤ ਕੀ ਦੱਸਾਂਗਾ ? ਹਵੇਲੀ ਵਿੱਚ ਖੇਡਦਾ ਵੇਖ ਕੇ ਕੋਈ ਪੁੱਛੇਗਾ, ਸ਼ਾਹ! ਆਹ ਸਗੋਂ ਤੇਰਾ ਕਾਕਾ ਏ ? ਤਾਂ ਮੈਂ ਕੀ ਦੱਸਾਂਗਾ। ਬੜੇ ਕੁਥਾਂ ਫਸੇ। ਬਹੁਤ ਵੱਡੀ ਬਦਨਾਮੀ। ਅਜੇ—ਜਿਵੇਂ ਉਹਨੇ ਆਖਿਆ ਸੀ—ਕੁੜੀ ਹੋ ਪੈਂਦੀ ਤਾਂ ਫੇਰ ਕੀ ਬਣਦਾ। ਲੋਕਾਂ ਨੇ ਆਖਣੀ ਉਹ ਵੀ ਮੇਰੀ ਈ ਸੀ। ਉਹਦੇ ਆਖਣ ਵਾਂਗ, ਫੇਰ ਮੈਂ ਉਹਨੂੰ ਕਿੱਧਰ ਸੁੱਟਦਾ।.....ਹੁਣ ਨਹੀਂ ਹੋਈ ਤਾਂ ਅਗਾਂਹ ਹੋ ਪਵੇਗੀ। ਹੋਵੇਗੀ ਉਹ ਵੀ ਮੇਰੇ ਵਰਗੀ ਈ। ਨਾ-ਮੁਰਾਦ ਪਿਆਰ ਵੀ ਸਿਰਫ਼ ਮੈਨੂੰ ਈ ਕਰਦੀ ਏ। ਛੱਡੋ ਦਾ ਤਾਂ ਐਵੇਂ ਨਾਂ ਈ ਏ। ਸਮੁੰਦਾ ? ਉਹ ਵੀ ਉਹਦੇ ਮਨੋਂ ਲਹਿ ਗਿਆ ਏ। ਓਦਣ ਆਹੰਦੀ ਸੀ ਨਾਂ। ਹੁਣ ਤਾਂ ਐਵੇਂ ਤੁਹਾਡੇ ਲਿਹਾਜ਼ ਕਰਕੇ ਆ, ਨਹੀਂ ਤਾਂ ਸਮੁੰਦੇ ਦੇ ਮੱਥੇ ਲੱਗਣ 'ਤੇ ਵੱਢਿਆਂ ਰੂਹ ਨਹੀਂ ਕਰਦਾ। ਉਹਨੇ ਮੇਰੇ ਨਾਲ ਧੋਖਾ ਕੀਤਾ ਏ। ਹੁਣ ਮੈਂ ਪਿਛਾਂਹ ਹੱਟਿਆ ਤਾਂ ਮੈਨੂੰ ਵੀ ਓਹਾ ਉਲਾਹਮਾ ਦੇਵੇਗੀ। ਪਹਿਲੇ ਦਿਨ ਈ ਸ਼ਰਤ ਮਨਾ ਲਈ ਸੁ : ਮੇਰੇ ਨਾਲ ਮਰਦਾਂ ਵਾਂਗ ਨਭਾਵੀਂ, ਨਗੌਲਿਆਂ ਵਾਲ਼ੀ ਨਾ ਕਰੀਂ, ਨਹੀਂ ਤਾਂ ਸਾਰੇ ਜਹਾਨ ਵਿੱਚ ਗੁੱਡਾ ਬੰਨ੍ਹਾਂਗੀ। ਇਹਥੋਂ ਇਹ ਵੀ ਸੱਚ ਏ। ਸਾਰੇ ਪਿੰਡ ਵਿੱਚ ਭੰਡੀ ਪਿੱਟਦੀ ਫਿਰੇਗੀ। ਉਹ ਹੁਣ ਪੱਲਾ ਨਹੀਂ ਛਿਉਂਦੀ। ਓਦਣ ਸਾਰੀਆਂ ਵਿਹੜੇ ਵਾਲੀਆਂ ਵਿੱਚ ਆਖ ਦਿੱਤਾ ਸਾਸੁ : ਮੇਰੀ ਗੱਲ ਬਾਤ ਹੈਗੀ ਏ, ਤਾਂ ਪਿੰਡ ਦੇ ਸਰਦਾਰ ਨਾਲ, ਤੁਹਾਡੇ ਵਾਂਗ ਕਮੀਣਾਂ-ਕਾਂਦੂਆਂ ਨਾਲ ਨਹੀਂ।........ਉਂਞ ਹੈ ਬੜੀ ਵਧੀਆ। ਛੱਡੀ ਵੀ ਨਹੀਂ ਜਾਂਦੀ। ਨਾਲੇ ਉਹਦੇ ਸਾਹਮਣੇ ਨਗੌਲਾ ਕਿਵੇਂ ਬਣਾਂ ? ਆਹੰਦੇ ਹੁੰਦੇ ਨੇ : ਮਹੀਂ ਨੂੰ ਡੁੱਬਣਾ ਮਿਹਣਾ, ਮਰਦਾਂ ਨੂੰ ਭੱਜਣਾ ਲਾਜ। ਹੁਣ ਫਸੀ ਨੂੰ ਫਟਕਣ ਕੇਹਾ। ਉਹ ਤਾਂ ਪਰ੍ਹੇ ਵਿੱਚ ਖਲੋ ਕੇ ਆਖ ਦੇਵੇਗੀ, ਸਰਦਾਰਾ! ਨਗੌਲਾ ਬਣ ਗਿਆ ਏਂ, ਤਾਂ ਮੇਰੀ ਲੱਤ ਹੇਠ ਦੀ ਲੰਘ ਜਾਹ। ਸਮੁੰਦੇ ਬਾਰੇ ਨਹੀਂ ਸੀ ਆਹੰਦੀ ? ਅਖੇ : ਮਾਪਿਆਂ ਦੀ ਲੱਜ ਮਾਰ ਗਈ, ਨਹੀਂ ਤਾਂ ਮੈਂ ਸੌ ਜੁੜੀ ਵਿੱਚ ਲੱਤ ਹੇਠ ਦੀ ਲੰਘਾ ਕੇ ਛੱਡਣਾ ਸੀ। ਏਸ ਕੌਮ ਤੋਂ ਸਭ ਸੱਚ। ਯਾਰਾ! ਗ਼ਲਤੀ ਹੋ ਗਈ ਪਰ ਹੁਣ ਤਾਂ ਗਲ਼ ਪਿਆ ਢੋਲ ਵਜੌਣਾ ਈ ਪਵੇਗਾ। ਹਾਂ, ਏਸ ਗੱਲ ਦਾ ਜ਼ਰੂਰ ਕੋਈ ਪ੍ਰਬੰਧ ਕਰਨਾ ਪਵੇਗਾ ਕਿ ਇਹਦੇ ਘਰ ਹੋਰ ਅੰਞਾਣਾ ਨਾ ਹੋਵੇ। ਕਿਤੇ ਕੁੜੀ ਹੋ ਪਈ ਤਾਂ! ਭਲਕੇ ਈ ਫੱਤੋ ਨੂੰ ਆਹੰਦੇ ਆਂ। ਭਾਵੇਂ ਕਿਥੋਂ ਤੱਕ ਭੱਜਣਾ ਪਵੇ, ਕਿੰਨਾ ਵੀ ਖ਼ਰਚ ਹੋ ਜਾਵੇ, ਪਰ ਇਹ ਡਰ ਸਦਾ ਵਾਸਤੇ ਮਿਟ ਜਾਵੇ।

ਲੱਖਾ ਸਿੰਘ ਨੇ ਏਸ ਡਰ ਦਾ ਪ੍ਰਬੰਧ ਕਰ ਲਿਆ। ਰਾਜੋ ਨੂੰ ਏਸ ਕੰਮ ਲਈ ਮਨਾ ਲਿਆ। ਰਾਜੋ ਕਈ ਈਨਾਂ ਮਨਾ ਕੇ ਏਸ ਕਾਰਜ ਲਈ ਰਜ਼ਾਮੰਦ ਹੋਈ। ਲੱਖਾ ਸਿੰਘ ਨੇ ਉਹਨੂੰ ਫੱਤੋ ਦਾਈ ਨਾਲ ਲਾਹੌਰ ਭੇਜਿਆ। ਓਥੇ ਇਕ ਪ੍ਰਸਿੱਧ ਇਸਤਰੀ-ਡਾਕਟਰ ਸੀ। ਉਹਦੇ ਇਲਾਜ ਨਾਲ ਇਹ ਖ਼ਤਰਾ ਹਮੇਸ਼ਾ ਵਾਸਤੇ ਟਲ ਗਿਆ। ਰਾਜੋ ਦੁਬਾਰਾ ਮਾਂ ਨਾ ਬਣ ਸਕੀ।

## ੨੪

ਜੀਵਨ ਦਾ ਰਥ ਤੁਰਿਆ ਜਾ ਰਿਹਾ ਸੀ, ਦਰਿਆ ਦੇ ਪ੍ਰਵਾਹ ਵਾਂਗ। ਰੁੱਕਣਾ ਇਹ ਜਾਣਦਾ ਨਹੀਂ। ਤੁਰੇ ਰਹਿਣਾ ਇਹਦੀ ਸ਼ਾਨ ਹੈ।

ਜ਼ਿੰਦਗੀ ਵੀ ਇਕ ਨਾਟਕ ਹੈ। ਪਾਤਰ ਹੀ ਇਸ ਦੇ ਦਰਸ਼ਕ ਹਨ। ਖੇਲ ਵੇਖਣ ਨਾਲੋਂ ਵਿਖਾਉਣ ਵਿੱਚ ਵਧੇਰੇ ਸੁਆਦ ਹੈ। ਪਰ ਕੁਦਰਤ ਦਾ ਅਟੱਲ ਨੇਮ ਹੈ, ਸਮੇਂ ਸਿਰ ਹਰ ਪਾਤਰ ਨੂੰ ਆਪਣਾ ਸਥਾਨ ਬਦਲਣਾ ਪੈਂਦਾ ਹੈ। ਕਦੇ ਦਰਸ਼ਕ ਖਿਲਾੜੀ ਬਣ ਜਾਂਦਾ ਹੈ, ਕਦੇ ਖਿਲਾੜੀ ਦਰਸ਼ਕ।

ਨਾਟਕ ਚੱਲ ਰਿਹਾ ਸੀ। ਇਉਂ ਸਮਝੋ, ਉਸ ਦਾ ਮੱਧ ਆ ਗਿਆ ਸੀ। ਹੋ ਸਕਦਾ ਹੈ, ਪਿਛਲਾ ਅੱਧ, ਪਹਿਲੇ ਅੱਧ ਨਾਲੋਂ ਛੋਟਾ ਹੋਵੇ। ਇਹ ਵੀ ਹੋ ਸਕਦਾ ਹੈ, ਮਗਰਲਾ ਅੱਧ ਵਧੇਰੇ ਲੰਮਾ ਹੋ ਜਾਵੇ। ਚੱਲ ਰਹੇ ਨਾਟਕ ਬਾਰੇ ਅਗੇਤਰਾ ਕੁਝ ਨਹੀਂ ਕਿਹਾ ਜਾ ਸਕਦਾ। ਜੀਵਨ ਇਕ ਅਜੇਹਾ ਨਾਟਕ ਹੈ, ਜਿਸ ਦੀ ਗੋਂਦ ਪਹਿਲਾਂ ਹੀ ਸੰਪੂਰਨ ਕਰ ਲੈਣ ਵਿੱਚ ਕਦੇ ਕੋਈ ਸਮਰੱਥ ਨਹੀਂ ਹੋ ਸਕਦਾ। ਏਥੇ ਅਣਪੁੱਛੇ ਸਾਹੇ ਪੈ ਜਾਂਦੇ ਹਨ, ਅਣਮਿੱਥੀਆਂ ਤੇ ਅਣ-ਕਿਆਸੀਆਂ ਘਟਨਾਵਾਂ ਘੱਟ ਜਾਂਦੀਆਂ ਹਨ। ਕਈ ਵਾਰ ਅਣ-ਹੋਈਆਂ ਹੋ ਜਾਂਦੀਆਂ ਹਨ।

ਹਾਂ, ਨਾਟਕ ਚੱਲ ਰਿਹਾ ਸੀ। ਕਈ ਪਾਤਰ ਪਿੜ ਛੱਡ ਕੇ ਪਾਸੇ ਹੋ ਗਏ। ਉਹਨਾਂ ਨਵੇਂ ਅਖਾੜੇ ਜਾ ਮੱਲੇ। ਕਈਆਂ ਨੇ ਆਪਣੇ ਸਥਾਨ ਬਦਲ ਲਏ। ਉਹਨਾਂ ਦੀ ਥਾਂ ਨਵਿਆਂ ਨੇ ਸਾਂਭ ਲਈ।

ਬਹਾਲੀ ਜਵਾਨ ਹੋ ਗਿਆ। ਉਹਨੇ ਕਿਸੇ ਹੋਰ ਜ਼ਿਮੀਂਦਾਰ ਦਾ ਹਲ ਸੰਭਾਲ ਲਿਆ। ਉਹਦੀ ਥਾਂ ਛੋਟੇ ਭਰਾ ਵੀਰੂ ਨੇ ਲੈ ਲਈ। ਉਹ ਲੱਖਾ ਸਿੰਘ ਦੇ ਮਾਲ ਦਾ ਵਾਗੀ ਲੱਗ ਗਿਆ।

ਵਾਹੀ ਦਾ ਸਾਰਾ ਕੰਮ ਹਰਨਾਮ ਸਿੰਘ ਨੇ ਸੰਭਾਲ ਲਿਆ। ਉਹ ਹੱਥੀਂ ਕੁਝ ਨਹੀਂ ਸੀ ਕਰਦਾ। ਹੱਥੀਂ ਕੰਮ ਕਰਨਾ ਸ਼ਾਇਦ ਸ਼ਾਨ ਦੇ ਉਲਟ ਸਮਝਿਆ ਜਾਂਦਾ। ਪਰ



WWW.SIKHBOOKCLUB.COM 

ਕਾਮਿਆਂ ਦੇ ਸਿਰ 'ਤੇ ਖਲੋ ਕੇ ਕਰਾਉਣਾ ਵੀ ਤਾਂ ਇਕ ਕੰਮ ਹੈ। ਸਵੇਰੇ ਉਠ ਕੇ ਉਹ ਖੂਹ ਵਾਲੀ ਪੈਲੀ 'ਤੇ ਫੇਰਾ ਮਾਰਦਾ। ਫਿਰ ਘੋੜੀ 'ਤੇ ਚੜ੍ਹ ਕੇ ਕਾਮਿਆਂ ਦੀ ਰੋਟੀ ਲੈ ਕੇ ਜਾਂਦਾ। ਦੁਪਹਿਰਾ ਉਹ ਖੇਤ ਵਿੱਚ ਹੀ ਕੱਟਦਾ। ਵਾਹੀ ਦੇ ਨਿੱਕੇ-ਨਿੱਕੇ ਕੰਮ ਦੀ ਉਹ ਪੂਰੀ ਦੇਖਭਾਲ ਰੱਖਦਾ। ਜੋ ਕਰਨਾ ਹੁੰਦਾ, ਉਹ ਸਮੇਂ ਸਿਰ ਹੁਕਮ ਦੇ ਕੇ ਕਰਵਾ ਲੈਂਦਾ। ਦੂਜੇ ਤੀਜੇ ਦਿਨ ਉਹ ਉਹਨਾਂ ਪੈਲੀਆਂ ਵੱਲ ਵੀ ਫੇਰਾ ਮਾਰਦਾ ਰਹਿੰਦਾ, ਜੋ ਮੁਜ਼ਾਰਿਆਂ ਨੂੰ ਹਿੱਸੇ 'ਤੇ ਦਿੱਤੀਆਂ ਹੋਈਆਂ ਸਨ। ਕਈ ਵਾਰ ਉਹ ਕਾਮਿਆਂ ਦੇ ਨਾਲ ਘਰ ਪਰਤਦਾ ਤੇ ਕਈ ਵਾਰ ਉਹਨਾਂ ਤੋਂ ਵੀ ਪਿੱਛੋਂ। ਲੋਕਾਂ ਦੀਆਂ ਪੈਲੀਆਂ ਵਿੱਚ ਪਸ਼ੂ ਛੱਡ ਕੇ ਰਜਾਉਣ ਵਾਲਿਆਂ ਵਾਗੀਆਂ ਨੂੰ ਉਹਨਾਂ ਦੇ ਖੇਤ ਦੇ ਨੇੜੇ ਢੁੱਕਦਿਆਂ ਹੀ ਧੁੜਕੂ ਰਹਿੰਦਾ ਕਿ ਕਿਸੇ ਨਾ ਕਿਸੇ ਪਾਸਿਓਂ ਹਰਨਾਮ ਸਿੰਘ ਨਾ ਆ ਨਿਕਲਦਾ ਹੋਵੇ। ਉਹ ਕਿਸੇ ਨਾਲ ਲੜਾਈ ਝਗੜਾ ਵੀ ਨਾ ਕਰਦਾ, ਪਰ ਹਰ ਇਕ ਨੂੰ ਇਹ ਜਤਾ ਦੇਂਦਾ ਕਿ ਖੇਤਾਂ ਦਾ ਰਾਖਾ ਜਾਗਦਾ ਹੈ। ਇਸ ਮਿਹਨਤ ਦਾ ਸਿੱਟਾ, ਉਹਦੇ ਖੇਤਾਂ ਦੀ ਉਪਜ ਪਹਿਲਾਂ ਨਾਲੋਂ ਵੱਧ ਗਈ।

ਸਰਵਣ ਚਾਰ ਜਮਾਤਾਂ ਪੜ੍ਹ ਕੇ ਹਟ ਗਿਆ ਸੀ। ਲੱਖਾ ਸਿੰਘ ਨੇ ਬੜਾ ਜ਼ੋਰ ਲਾਇਆ ਕਿ ਉਹ ਅਗ੍ਹਾਂ ਕਸੂਰ ਪੜ੍ਹਨ ਚਲਾ ਜਾਇਆ ਕਰੇ, ਉਹ ਉਹਦੇ ਵਾਸਤੇ ਵੱਖਰੀ ਘੋੜੀ ਲੈ ਦੇਵੇਗਾ। ਉਹ ਏਥੋਂ ਤੱਕ ਵੀ ਕਹਿ ਰਿਹਾ ਕਿ ਸਰਵਣ ਰੋਜ਼ ਆਉਣ ਜਾਣ ਦੀ ਖੇਚਲ ਤੋਂ ਡਰਦਾ ਹੈ ਤਾਂ ਉਹਨੂੰ ਬੋਰਡਿੰਗ ਵਿੱਚ ਦਾਖ਼ਲ ਕਰਾ ਦੇਂਦਾ ਹਾਂ। ਇਸ ਦਾ ਜਵਾਬ ਸਵਰਨੀ ਵੱਲੋਂ ਮਿਲਿਆ, 'ਮੈਂ ਸਭ ਕੁਝ ਸਮਝਦੀ ਆਂ। ਇਹ ਮੇਰਾ ਏ ਨਾਂ। ਏਸ ਬਹਾਨੇ ਤੁਸੀਂ ਇਹਨੂੰ ਮੇਰੀਆਂ ਅੱਖਾਂ ਤੋਂ ਦੂਰ ਕਰਨਾ ਚੋਹੁੰਦੇ ਓ।' ਅਨਪੜ੍ਹ ਮਾਂ ਦੇ ਹੇਜ ਨੇ ਪੁੱਤਰ ਨੂੰ ਅਗ੍ਹਾਂ ਪੜ੍ਹਨ ਨਾ ਦਿੱਤਾ। ਅਸਲ ਵਿੱਚ ਸਵਰਨੀ ਦੇ ਬੇ-ਅਰਥ ਲਾਡ ਪਿਆਰ ਨੇ ਸਰਵਣ ਨੂੰ ਵਿਗਾੜ ਦਿੱਤਾ ਸੀ। ਘਰ ਦਾ ਉਹ ਕੱਖ ਭੰਨ ਕੇ ਦੂਹਰਾ ਨਹੀਂ ਸੀ ਕਰਦਾ। ਕੋਈ ਭੁੱਲਿਆ ਚੁੱਕਿਆ ਕੰਮ ਦੱਸੋ ਵੀ ਤਾਂ ਉਹ ਘੇਸਲ ਵੱਟ ਕੇ ਘਰੋਂ ਬਾਹਰ ਖਿਸਕ ਜਾਂਦਾ। ਉਹਦਾ ਕੰਮ ਸੀ ਪਿੰਡ ਦੇ ਨਿਕੰਮੇ ਮੁੰਡਿਆਂ ਨਾਲ ਸਾਰਾ ਦਿਨ ਤਖ਼ਤਪੋਸ਼ਾਂ 'ਤੇ ਬੈਠੇ ਤਾਸ਼ ਖੇਡਦੇ ਰਹਿਣਾ।

ਸਵਰਨੀ ਦਿਨੋਂ ਦਿਨ ਲੱਖਾ ਸਿੰਘ ਤੋਂ ਦੂਰ ਹੁੰਦੀ ਜਾ ਰਹੀ ਸੀ। ਮੰਜਾ ਉਹਦਾ ਹੁਣ ਵੀ ਲੱਖਾ ਸਿੰਘ ਦੇ ਕੋਲ ਹੁੰਦਾ, ਪਰ ਉਹ ਕੋਲ ਹੁੰਦੀ ਹੋਈ ਵੀ ਦੂਰ ਹੋ ਰਹੀ ਸੀ। ਬਸੰਤ ਕੌਰ ਵਰਗਾ ਜੇਰਾ ਉਸ ਵਿੱਚ ਨਹੀਂ ਸੀ। ਉਹ ਸਰੀਰ ਕਰਕੇ ਪਤੀ ਨੂੰ ਤਿਆਗ ਨਹੀਂ ਸੀ ਸਕਦੀ, ਪਰ ਸਰੀਰਕ ਸੰਬੰਧ ਹੁੰਦਿਆਂ ਹੋਇਆਂ ਵੀ ਉਹ ਦਿਲੋਂ ਦੂਰ ਹੋ ਗਈ ਸੀ। ਜਦੋਂ ਕਿਤੇ ਰਾਜੇ ਜਾਂ ਰਾਜੋ ਦੇ ਪੁੱਤਰ ਦਾ ਜ਼ਿਕਰ ਚੱਲਦਾ, ਸਵਰਨੀ

ਮਿਹਣਾ ਮਾਰਨੋ ਨਾ ਉੱਕਦੀ। ਫਿਰ ਉਹਦੀ ਗੱਲ ਬੜੀ ਵਾਢਵੀਂ ਹੁੰਦੀ। ਲੱਖਾ ਸਿੰਘ ਦੇ ਕਲੇਜੇ ਵਿੱਚ ਤੀਰ ਵਾਂਗ ਚੁੱਭ ਜਾਂਦੀ, ਪਰ ਉਹਨੂੰ ਸਭ ਕੁਝ ਸਹਿਣਾ ਪੈਂਦਾ। ਦੁੱਖੀ ਹੋ ਕੇ ਉਹ ਆਪਣੀ ਭੁੱਲ ਨੂੰ ਮੰਨਣ ਲੱਗ ਪਿਆ ਸੀ, ਪਰ ਹੁਣ ਪਛਤਾਇਆਂ ਕੀ ਬਣਦਾ ਸੀ।

ਸਵਰਨੀ ਦੇ ਅੰਦਰ ਇਕ ਹੋਰ ਰੋਹ ਜਾਗ ਪਿਆ ਸੀ, ਬੜਾ ਅਨੋਖੀ ਕਿਸਮ ਦਾ। ਜਦ ਵੀ ਉਹਨੂੰ ਕਦੇ ਆਪਣੇ ਸਰੀਰ ਵਿੱਚ ਨਵੇਂ ਜੀਵ ਦੀ ਹੋਂਦ ਦਾ ਸ਼ੱਕ ਪੈਂਦਾ, ਉਹ ਦਾਈ ਦੀ ਮਦਦ ਨਾਲ ਸਭ ਕੁਝ ਖ਼ਤਮ ਕਰ ਦੇਂਦੀ। ਉਹਨੇ ਜਿਵੇਂ ਦਿਲ ਵਿੱਚ ਸੌਂਹ ਖਾ ਲਈ ਸੀ ਕਿ ਉਹ ਲੱਖਾ ਸਿੰਘ ਦੇ ਧੀ ਪੁੱਤਰ ਦੀ ਮਾਂ ਨਹੀਂ ਬਣੇਗੀ।

ਹਾਂ, ਬਸੰਤ ਕੌਰ ਨਾਲ ਉਹਦਾ ਵਰਤਾਉ ਦਿਨੋ ਦਿਨ ਹੋਰ ਮਿੱਠਾ ਤੇ ਨਿੱਘਾ ਹੁੰਦਾ ਜਾ ਰਿਹਾ ਸੀ। ਉਹਦੇ ਦਿਲ ਵਿੱਚ ਬਸੰਤ ਕੌਰ ਵਾਸਤੇ ਪਿਆਰ ਮਿਲਵੀਂ ਸ਼ਰਧਾ ਸੀ। ਬਸੰਤ ਕੌਰ ਉਸ ਕੋਲੋਂ ਘਰ ਦਾ ਸਾਰਾ ਕੰਮ ਕਰਾਉਣ ਲੱਗ ਪਈ ਸੀ, ਤੇ ਕਰਦੀ ਵੀ ਖ਼ੁਸ਼ੀ ਨਾਲ। ਫਿਰ ਉਹ ਨਵੀਂ ਆਈ ਨੌਂਹ ਨੂੰ ਵੀ ਪਿਆਰ ਕਰਦੀ ਸੀ। ਸੁਖਬੀਰ ਦੀ ਸ਼ਖ਼ਸੀਅਤ ਵੀ ਐਹੋ ਜੇਹੀ ਸੀ ਕਿ ਹਰ ਕਿਸੇ ਕੋਲੋਂ ਉਹ ਪਿਆਰ ਪ੍ਰਾਪਤ ਕਰ ਸਕਦੀ ਸੀ।

ਬਸੰਤ ਕੌਰ ਦੇ ਸੁਭਾਅ ਵਿੱਚ ਕੋਈ ਫ਼ਰਕ ਨਹੀਂ ਸੀ ਪਿਆ। ਉਹ ਕਲੇਜੇ ਦੇ ਜ਼ਖ਼ਮ ਸੰਭਾਲੀ ਵੀ ਹਰ ਇਕ ਨਾਲ ਹੱਸ-ਹੱਸ ਗੱਲਾਂ ਕਰਦੀ ਰਹਿੰਦੀ। ਉਹ ਹਰ ਇਕ ਦੀ ਲੋੜ ਦਾ ਪਤਾ ਰੱਖਦੀ ਤੇ ਲਗਦੇ ਵੱਸ ਉਸ ਨੂੰ ਪੂਰਾ ਕਰਨ ਦਾ ਯਤਨ ਕਰਦੀ। ਘਰ ਦਾ ਅੰਦਰ ਦਾ ਪ੍ਰਬੰਧ ਸਾਰਾ ਓਸੇ ਦੇ ਹੱਥ ਵੱਸ ਸੀ। ਲੱਖਾ ਸਿੰਘ ਬਾਹਰੋਂ ਆਈ ਰਕਮ ਓਸੇ ਦੇ ਹਵਾਲੇ ਕਰਦਾ ਤੇ ਲੋੜ ਵੇਲੇ ਓਸੇ ਕੋਲੋਂ ਮੰਗਦਾ। ਬਸੰਤ ਕੌਰ ਪਤੀ ਤੋਂ ਪੁੱਛੇ ਬਿਨਾਂ ਕਿਤੇ ਖ਼ਰਚ ਨਾ ਕਰਦੀ। ਕਦੇ ਉਹ ਪੁੱਛਦੀ ਵੀ ਤਾਂ ਲੱਖਾ ਸਿੰਘ ਦਾ ਹਮੇਸ਼ਾ ਅੱਗੋਂ ਇਕੋ ਉੱਤਰ ਹੁੰਦਾ, 'ਨ੍ਹਾਮੇ ਦੀ ਮਾਂ! ਛੋਟੀ-ਛੋਟੀ ਗੱਲ ਬਦਲੇ ਤੇਰਾ ਇਉਂ ਬਿਗਾਨਿਆਂ ਵਾਂਗ ਪੁੱਛਣਾ, ਮੈਨੂੰ ਚੰਗਾ ਨਹੀਂ ਲੱਗਦਾ। ਘਰ ਤੇਰਾ ਏ। ਜਿਵੇਂ ਠੀਕ ਸਮਝੇਂ, ਕਰ ਲਿਆ ਕਰ।' ਬਸੰਤ ਕੌਰ ਚੁੱਪ ਕਰ ਰਹਿੰਦੀ। ਬਹਿਸ ਕਰਨ ਦੀ ਉਹਨੂੰ ਆਦਤ ਨਹੀਂ ਸੀ। ਇਕ ਵਾਰ ਉਹਨੇ ਸਵਰਨੀ ਨੂੰ ਕਿਹਾ, 'ਸਵਰਨੀ! ਇਹ ਪੈਸਾ ਟਕਾ ਰੱਖਣਾ ਰਖੋਣਾ ਹੁਣ ਤੂੰ ਸੰਭਾਲ ਲੈ। ਮੇਰੇ ਸਿਰੋਂ ਭਾਰ ਲਹੇ। ਮੈਂ ਤਾਂ ਬੱਸ......।' 'ਨਾ ਭੈਣ!' ਸਵਰਨੀ ਨੇ ਦੋਵੇਂ ਹੱਥ ਨਾਂਹ ਵਿੱਚ ਫੇਰਦਿਆਂ ਕਿਹਾ ਸੀ, 'ਸਾਥੋਂ ਨਹੀਂ ਇਹ ਭਾਰ ਚੁੱਕਿਆ ਜਾਂਦਾ। ਇਹ ਤੇਰਾ ਕੰਮ ਏਂ, ਤੂਹੋਂ ਸੰਭਾਲੀ ਰੱਖ। ਤੇਰੇ ਅੱਗੇ ਹੱਥ ਕਰਕੇ ਪੈਸਾ ਮੰਗਣ ਵਿੱਚ ਜੋ ਸੁਆਦ ਏ, ਆਪਾਂ ਉਹ ਛੱਡਣ ਨੂੰ ਤਿਆਰ ਨਹੀਂ।'



WWW.SIKHBOOKCLUB.COM 

ਬਸੰਤ ਕੌਰ ਨਾਲ ਸਾਰੇ ਖ਼ੁਸ਼ ਸਨ। ਉਹ ਵੀ ਸਾਰਿਆਂ ਨਾਲ ਖ਼ੁਸ਼ ਸੀ। ਸੱਚੇ ਦਿਲੋਂ ਉਹ ਪਤੀ ਨਾਲ ਵੀ ਨਾਰਾਜ਼ ਨਹੀਂ ਸੀ। ਉਹ ਜਰਨਾ ਜਾਣਦੀ ਸੀ, ਕਿਸੇ ਦੁੱਖ ਦਾ ਗਿਲ੍ਹਾ ਕਰਨਾ ਨਹੀਂ। ਉਹ ਰਾਜੋ ਨਾਲ ਵੀ ਨਾਰਾਜ਼ ਨਹੀਂ ਸੀ। ਉਹ ਕਦੇ ਵੀ ਕੋਈ ਗੱਲ ਉਸ ਨੂੰ ਲਾ ਕੇ ਨਾ ਆਖਦੀ। ਉਹ ਇਉਂ ਪ੍ਰਗਟ ਕਰਦੀ, ਜਿਵੇਂ ਉਸ ਨੂੰ ਕਿਸੇ ਗੱਲ ਦਾ ਪਤਾ ਹੀ ਨਹੀਂ ਹੁੰਦਾ। ਵੇਖ ਕੇ ਅਣ-ਡਿੱਠੇ ਕਰ ਛੱਡਣ ਦਾ ਉਸ ਵਿੱਚ ਮਹਾਨ ਗੁਣ ਸੀ। ਕਿਸੇ ਵੇਲੇ ਅੰਦਰ ਕੋਈ ਝੁਰਨਾ ਸਿਰ ਉਠਾਉਂਦਾ ਵੀ ਤਾਂ ਉਹ ਆਪਣੇ ਮਨ ਨੂੰ ਸਮਝਾਉਣ ਵਾਸਤੇ ਕਹਿ ਛੱਡਦੀ, 'ਮੇਰਾ ਸੁੱਖ ਉਹਨਾਂ ਦੇ ਸੁੱਖ ਵਿੱਚ ਹੈ। ਉਹ ਰਾਜੋ ਨਾਲ ਖ਼ੁਸ਼ ਨੇ ਤਾਂ ਮੈਨੂੰ ਬੁਰਾ ਨਹੀਂ ਮਨੌਣਾ ਚਾਹੀਦਾ। ਪਰ ਸਵਰਨੀ ਵੇਖ ਕੇ ਨਹੀਂ ਸੀ ਜਰ ਸਕਦੀ। ਉਹਨਾਂ ਨੂੰ ਸਵਰਨੀ ਦਾ ਖ਼ਿਆਲ ਜ਼ਰੂਰ ਰੱਖਣਾ ਚਾਹੀਦਾ ਏ।

ਜਿਹੜੇ ਫਰਮ ਨਾਸੂਰ ਬਣ ਜਾਂਦੇ ਹਨ, ਉਹਨਾਂ ਉੱਤੇ ਕਿੰਨੇ ਵੀ ਠੰਢੇ ਫਹੇ ਲਾਈਏ, ਉਹ ਅੰਦਰੋਂ ਰਿੱਸਦੇ ਹੀ ਰਹਿੰਦੇ ਸਨ। ਸੁਖਬੀਰ ਨੇ ਸੱਸ ਦੇ ਜ਼ਖ਼ਮਾਂ ਉੱਤੇ ਆਪਣੇ ਪਿਆਰ ਤੇ ਸ਼ਰਧਾ ਦਾ ਠੰਢਾ ਫਹਿਆ ਧਰ ਦਿੱਤਾ ਸੀ। ਇਸ ਤੋਂ ਵੱਧ ਉਹ ਕੀ ਕਰ ਸਕਦੀ ਸੀ ? ਬਸੰਤ ਕੌਰ ਏਨਾ ਕੁ ਸੁੱਖ ਪ੍ਰਾਪਤ ਕਰਕੇ ਫੁੱਲੀ ਨਹੀਂ ਸੀ ਸਮਾਉਂਦੀ। ਉਹ ਨੌਂਹ ਨੂੰ ਧੀ ਵਾਂਗ ਪਿਆਰ ਕਰਦੀ ਸੀ, ਤੇ ਓਸੇ ਤਰ੍ਹਾਂ ਉਹਦੀ ਹਰ ਲੋੜ ਦਾ ਧਿਆਨ ਰੱਖਦੀ। ਉਹ ਨੌਂਹ ਪੁੱਤ ਵੱਲੋਂ ਬਹੁਤ ਸੁੱਖੀ ਸੀ।

ਘਰ ਦੇ ਕਾਮਿਆਂ ਨਾਲ ਉਹਦਾ ਮਾਂ ਵਰਗਾ ਵਰਤਾਉ ਸੀ। ਕਾਮੇ ਵੀ ਉਹਨੂੰ 'ਧਰਮ ਦੀ ਮਾਂ' ਹੀ ਸਮਝਦੇ ਸਨ। ਕਾਮਿਆਂ ਦੀ ਰੋਟੀ ਉਹਦੇ ਹੱਥ ਸੀ। ਉਹਨਾਂ ਨਾਲ ਉਹ ਕਿਸੇ ਕਿਸਮ ਦਾ ਵਿਤਕਰਾ ਨਾ ਕਰਦੀ, ਸਗੋਂ ਹਰ ਇਕ ਦੀ ਕੁੱਖ ਦਾ ਪੂਰਾ ਖ਼ਿਆਲ ਰੱਖਦੀ। ਸਰਦਾਰ ਨਾਲ ਦਿਲੋਂ ਨਾਰਾਜ਼ ਹੁੰਦਿਆਂ ਹੋਇਆਂ ਵੀ ਕਾਮੇ ਬਸੰਤ ਕੌਰ ਦੀ ਰੋਟੀ ਦੇ ਲੱਥ ਨੂੰ ਨਾਲ ਤੁਰੇ ਰਹਿੰਦੇ। ਅਨਪੜ੍ਹ ਕਾਮਿਆਂ ਕੋਲ ਸ਼ਬਦ ਨਹੀਂ ਸਨ, ਨਹੀਂ ਤਾਂ ਉਹ ਉਹਨੂੰ 'ਮਾਤਾ ਅੰਨ-ਪੂਰਨਾ' ਦਾ ਖ਼ਿਤਾਬ ਦੇ ਦੇਂਦੇ।

ਗ਼ਰੀਬ ਉੱਤੇ ਹਾਇ ਕਰਨਾ ਬਸੰਤ ਕੌਰ ਦੇ ਖ਼ਮੀਰ ਵਿੱਚ ਰਚਿਆ ਹੋਇਆ ਸੀ। ਉਹ ਹੁੰਦੇ ਤਾਣ ਕਿਸੇ ਅਰਥਈਏ ਦੀ ਮਦਦ ਵੀ ਕਰ ਦੇਂਦੀ, ਪਰ ਪਤੀ ਤੋਂ ਚੋਰੀ ਨਹੀਂ। ਤੇ ਲੱਖਾ ਸਿੰਘ ਬਸੰਤ ਕੌਰ ਦੇ ਦਿੱਤੇ ਦਾਨ ਨੂੰ ਕਰਜ਼ ਵਿੱਚ ਤਾਂ ਨਾ ਬਦਲਦਾ, ਪਰ ਲੋੜ ਪਈ 'ਤੇ ਅਗਲੇ ਨੂੰ ਜਤਾ ਕੇ ਉਸ ਦਾ ਫ਼ਾਇਦਾ ਜ਼ਰੂਰ ਉਠਾ ਲੈਂਦਾ।

ਸ਼ਾਮੋਂ ਹਰਨਾਮ ਨਾਲੋਂ ਦੋ ਸਾਲ ਛੋਟੀ ਸੀ। ਭਰਾ ਨਾਲੋਂ ਦੋ ਸਾਲ ਪਿੱਛੋਂ ਹੀ ਉਹਦਾ ਵਿਆਹ ਹੋ ਗਿਆ। ਉਹ ਆਪਣੇ ਘਰ ਸੁੱਖੀ ਸੀ।

ਸੁਖਬੀਰ ਬੜੇ ਸਾਊ ਸੁਭਾਅ ਦੀ ਮਾਲਕ ਸੀ। ਉਹ ਹੱਦ ਦਰਜੇ ਦੀ ਮਿਲਾਪੜੀ



WWW.SIKHBOOKCLUB.COM 

ਤੇ ਹੱਸਮੁੱਖ ਸੀ। ਉਹਨੇ ਸਾਰੇ ਪਰਵਾਰ ਦੇ ਮਨਾਂ ਵਿੱਚ ਆਪਣੇ ਵਾਸਤੇ ਥਾਂ ਬਣਾ ਲਈ ਸੀ। ਸਾਰੇ ਉਹਨੂੰ ਪਿਆਰ ਕਰਦੇ ਸਨ। ਸ਼ਾਮੋ ਨਾਲ ਤਾਂ ਉਹ ਬਹੁਤ ਹੀ ਘਿਉ-ਖਿਚੜੀ ਸੀ। ਉਹਦੀ ਵੱਡੀ ਭੈਣ ਨੇ ਵਿਆਹ ਉੱਤੇ ਉਹਨੂੰ ਸੋਨੇ ਦੀ ਛਾਪ ਪਾਈ ਸੀ। ਸੁਖਬੀਰ ਨੇ ਸ਼ਾਮੋ ਦਾ ਹੱਥ ਫੜ ਕੇ ਓਹਾ ਛਾਪ ਉਹਦੀ ਚੀਚੀ ਨਾਲ ਦੀ ਉਂਗਲ ਵਿੱਚ ਪਾਉਂਦਿਆਂ ਕਿਹਾ ਸੀ, 'ਇਹ ਮੇਰੀ ਵੱਡੀ ਭੈਣ ਦੀ ਨਸ਼ਾਨੀ ਏਂ, ਭੈਣ ਦਾ ਪਿਆਰ। ਜਦੋਂ ਇਹਦੇ ਉੱਤੇ ਤੇਰੀ ਨਿਗ੍ਹਾ ਪਵੇ, ਮੈਨੂੰ ਵੱਡੀ ਭੈਣ ਸਮਝ ਯਾਦ ਕਰਿਆ ਕਰੀਂ, ਭਰਜਾਈ ਸਮਝ ਕੇ ਨਹੀਂ। ਨਨਾਣ ਭਰਜਾਈ ਦਾ ਤਾਂ ਘੜੇ ਵੱਟੇ ਦਾ ਸਾਕ ਹੁੰਦਾ ਏ। ਤੂੰ ਮੇਰੀ ਛੋਟੀ ਭੈਣ ਏਂ, ਘਰ ਜਾ ਕੇ ਭੁੱਲ ਨਾ ਜਾਵੀਂ।'

ਸੁਖਬੀਰ ਸਮੇਂ ਦੇ ਰਵਾਜ ਮੁਤਾਬਕ ਸ਼ਾਮੋ ਨੂੰ ਬੀਬੀ ਜੀ, ਸੱਸ ਨੂੰ ਮਾਂ ਜੀ ਤੇ ਲੱਖਾ ਸਿੰਘ ਨੂੰ ਬਾਪੂ ਜੀ ਕਹਿੰਦੀ ਸੀ। ਇਕ ਦਿਨ ਉਹਨੇ ਹੱਸਦਿਆਂ-ਹੱਸਦਿਆਂ ਰਾਜੋ ਨੂੰ ਕਿਹਾ, ਮਾਸੀ ਜੀ ਦੇ ਤੇ ਤੁਹਾਡੇ ਪੇਕੇ ਇਕੋ ਥਾਂ ਨੇ। ਤੁਸੀਂ ਨਰਾਜ਼ ਨਾ ਹੋਵੋ, ਤਾਂ ਮੈਂ ਤੁਹਾਨੂੰ ਵੀ ਮਾਸੀ ਜੀ ਕਹਿ ਲਿਆ ਕਰਾਂ ?" ਅਗੋਂ ਉੱਤਰ ਮਿਲਿਆ, 'ਨੋਂਹ ਰਾਣੀ! ਤੇਰੇ ਨਾਲ ਨਰਾਜ਼ ਹੋਣਾ ਏਂ ? ਪਰ ਤੂੰ ਮੈਨੂੰ ਨਿਰਾ ਮਾਸੀ ਆਖਿਆ ਕਰ, ਜੀ ਨਹੀਂ।' 'ਇਹ ਹੁਣ ਮੇਰੀ ਮਰਜ਼ੀ। ਤੁਹਾਡੇ ਵੱਲੋਂ ਮਨਜ਼ੂਰੀ ਮਿਲ ਗਈ। ਮੈਥੋਂ ਨਿਰਾ ਮਾਸੀ ਆਖਿਆ ਨਹੀਂ ਜਾਣਾ। ਮਾਪਿਆਂ ਨੇ ਐਸਾ ਸਿਖਾਇਆ ਈ ਨਹੀਂ।' ਸੁਖਬੀਰ ਨੇ ਓਸੇ ਤਰ੍ਹਾਂ ਹੱਸਦਿਆਂ-ਹੱਸਦਿਆਂ ਉੱਤਰ ਦਿੱਤਾ। ਗੱਲ ਕਰਦਿਆਂ ਨਿੰਮ੍ਹਾ-ਨਿੰਮ੍ਹਾ ਮੁਸਕਰਾਉਂਦਿਆਂ ਰਹਿਣਾ ਉਹਦੇ ਸੁਭਾਅ ਦਾ ਹਿੱਸਾ ਸੀ।

ਸੁਖਬੀਰ ਨੇ ਚੌਂਕੇ ਦਾ ਲਗਭਗ ਸਾਰਾ ਕੰਮ ਸੰਭਾਲ ਲਿਆ ਸੀ। ਸਵਰਨੀ ਉਹਦੇ ਨਾਲ ਜ਼ਰੂਰ ਥੋੜ੍ਹਾ ਬਹੁਤਾ ਕਰਦੀ ਕਰਾਉਂਦੀ। ਉਹਦੇ ਸਾਥ ਵਿਚੋਂ ਸਵਰਨੀ ਨੂੰ ਸੁੱਖ ਮਹਿਸੂਸ ਹੁੰਦਾ ਸੀ। ਉਸੇ ਸੁੱਖ ਦੇ ਲਾਲਚ ਨੂੰ ਉਹ ਨਾਲ ਆ ਲੱਗਦੀ, ਨਹੀਂ ਤਾਂ ਸੁਖਬੀਰ ਕਦੇ ਕਿਸੇ ਨੂੰ ਕਿਸੇ ਕੰਮ ਦਾ ਸਵਾਲ ਨਾ ਪਾਉਂਦੀ। ਹਾਂ, ਬਸੰਤ ਕੌਰ ਨੂੰ ਉਹ ਕੰਮ ਨਾ ਕਰਨ ਦੇਂਦੀ। ਪਰ ਉਹ ਏਨੇ ਪਿਆਰ ਤੇ ਨਮਰਤਾ ਨਾਲ ਆਪਣਾ ਹੇਮਾ ਪ੍ਰਗਟ ਕਰਦੀ ਕਿ ਬਸੰਤ ਕੌਰ ਖ਼ੁਸ਼ੀ ਨਾਲ ਜਾਮੇ ਅੰਦਰ ਨਾ ਸਮਾਉਂਦੀ।

ਸੁਖਬੀਰ ਨਾਲ ਲੱਖਾ ਸਿੰਘ ਵੀ ਬਹੁਤ ਖ਼ੁਸ਼ ਸੀ। ਉਹ ਕਈ ਵਾਰ ਲੰਮਾ ਪਿਆ ਸੋਚਿਆ ਕਰਦਾ, 'ਨ੍ਹਾਮੇ ਦੀ ਮਾਂ ਵੀ ਸ਼ੁਰੂ ਵਿੱਚ ਏਸੇ ਤਰ੍ਹਾਂ ਦੀ ਸੀ। ਜਾਪਦਾ ਏ, ਜਿਵੇਂ ਇਹ ਪਿਛਲੇ ਜਨਮ ਦੀਆਂ ਮਾਂਵਾਂ ਧੀਆਂ ਹੋਣ। ਉਹਦੇ ਵਾਲੇ ਸਾਰੇ ਗੁਣ ਸੁਖਬੀਰ ਵਿੱਚ ਮੌਜੂਦ ਨੇ। ਨ੍ਹਾਮਾ ਬੜਾ ਸੁਖੀ ਏ। ਮੈਂ ਵੀ ਆਪਣੇ ਸੁੱਖਾਂ ਨੂੰ ਆਪ ਹੀ ਲੱਤ ਮਾਰ ਲਈ। ਕੀ ਆਹੰਦੇ ਹੁੰਦੇ ਨੇ : ਮ੍ਰਿਗ-ਤ੍ਰਿਸ਼ਨਾ ? ਓਹਾ ਹਾਲਤ ਹੋਈ ਮੇਰੀ। ਮੈਂ ਸਵਰਨੀ ਦਾ ਰੂਪ ਵੇਖ ਕੇ ਭੁੱਲ ਗਿਆ। ਉਹਨੀ ਦਿਨੀਂ ਮੈਂ ਹਵਾ ਦੇ ਘੋੜੇ 'ਤੇ

ਅਸਵਾਰ ਸਾਂ। ਵਿਸ਼ੇ ਵਾਸ਼ਨਾ ਵਿੱਚ ਬੰਦਾ ਅੰਨ੍ਹਾ ਹੋ ਜਾਂਦਾ ਏ। ਹੁਣ ਭਾਵੇਂ ਕਈ ਸਵਰਨੀਆਂ ਤੇ ਕਈ ਰਾਜੋ ਵਰਗੀਆਂ ਮਿਲ ਜਾਣ, ਪਰ ਨ੍ਹਾਮੋ ਦੀ ਮਾਂ ਵਰਗਾ ਪਿਆਰ ਮੈਨੂੰ ਕਿਤੋਂ ਨਸੀਬ ਨਹੀਂ ਹੋਵੇਗਾ। ਹੁਣ........ਹੁਣ.........., ਨਹੀਂ, ਉਹਦਾ ਪਿਆਰ ਮੈਨੂੰ ਦੁਬਾਰਾ ਨਹੀਂ ਮਿਲ ਸਕਦਾ। ਕੋਲ ਹੁੰਦਿਆਂ ਵੀ ਉਹ ਮੈਥੋਂ ਦੂਰ ਹੋ ਗਈ ਏ। ਸੱਚੀ ਗੱਲ ਏ, ਉਹਦੇ ਸਾਹਮਣੇ ਹਿੰਮਤ ਜਵਾਬ ਦੇ ਜਾਂਦੀ ਏ। ਮੂੰਹੋਂ ਭਾਵੇਂ ਨਾ ਮੰਨਾਂ, ਪਰ ਦਿਲੋਂ ਮੈਂ ਉਹਦਾ ਭੈਅ ਮੰਨਣ ਲੱਗ ਪਿਆ ਆਂ। ਧੰਨ ਜੇਰਾ ਏ ਜੱਟਾਂ ਦਾ। ਮੈਂ ਉਹਤੋਂ ਮਾਫ਼ੀ ਵੀ ਮੰਗਾਂ, ਤਾਂ ਕਿਹੜੇ ਮੂੰਹ ਨਾਲ। ਹੁਣ ਏਸ ਅੱਗ ਵਿੱਚ ਸੜਦੇ ਰਹਿਣ ਤੋਂ ਬਿਨਾਂ ਕੋਈ ਚਾਰਾ ਨਹੀਂ। ਬੱਸ, ਜ਼ਹਿਰ ਪੀਓ, ਅੱਗ ਫੱਕੋ ਤੇ ਜ਼ਿੰਦਗੀ ਨੂੰ ਧੱਕਾ ਦੇਂਦੇ ਚੱਲੋ।'

ਪਰ ਇਹ ਵਿਚਾਰ ਲੱਖਾ ਸਿੰਘ ਨੂੰ ਕਦੇ-ਕਦੇ ਹੀ ਸਤਾਉਂਦੇ। ਉਹ ਵਿਹਾਰੀ ਬੰਦਾ ਸੀ। ਧੰਨੇ ਸ਼ਾਹ ਦੀ ਸੰਗਤ ਨੇ ਬਹੁਤ ਹੱਦ ਤੱਕ ਉਹਨੂੰ ਆਪਣੇ ਵਰਗਾ ਬਣਾ ਲਿਆ ਸੀ, ਪਰ ਹਰ ਗੱਲ ਵਿੱਚ ਨਹੀਂ। ਪੂਰੀ ਤਰ੍ਹਾਂ ਉਹ ਧੰਨੇ ਸ਼ਾਹ ਬਣ ਵੀ ਨਹੀਂ ਸੀ ਸਕਦਾ। ਆਖ਼ਰ ਹੈ ਤਾਂ ਉਹ ਜੱਟ ਹੀ ਸੀ। ਖ਼ਾਨਦਾਨੀ ਖ਼ੂਨ ਛੇਤੀ ਨਹੀਂ ਬਦਲਦਾ।

ਇਸ ਵੇਲੇ ਲੱਖਾ ਸਿੰਘ ਦਾ ਸਾਰਾ ਧਿਆਨ ਅਮਲੀ ਨੱਥਾ ਸਿੰਘ ਦੇ ਘਰੋਗੀ ਮਸਲਿਆਂ ਵੱਲ ਸੀ। ਪਹਿਲੋਂ ਦੀ ਨਜ਼ਰ ਮਗਰਲੇ ਦੀ ਛੱਭ ਵਾਲੀ ਪੈਲੀ ਉੱਤੇ ਸੀ।

ਨੱਥਾ ਸਿੰਘ ਦੀ ਹਾਲਤ ਦਿਨੋਂ-ਦਿਨ ਨਿਘਰਦੀ ਜਾ ਰਹੀ ਸੀ। ਉਹਦੀ ਉਮਰ ਸੱਠ-ਸੱਤਰ ਸਾਲ ਦੇ ਵਿਚਕਾਰ ਪਹੁੰਚ ਗਈ ਸੀ। ਉਤੋਂ ਨਸ਼ੇ ਦਾ ਰੋਗ, ਕਈ-ਕਈ ਦਿਨ ਉਹ ਬਾਹਰ ਪੈਲੀ 'ਤੇ ਫੇਰਾ ਮਾਰਨ ਵੀ ਨਾ ਜਾ ਸਕਦਾ। ਭੰਗ ਤੇ ਅਫ਼ੀਮ ਨੇ ਉਹਨੂੰ ਪੂਰੀ ਤਰ੍ਹਾਂ ਆਲਸੀ ਬਣਾ ਦਿੱਤਾ ਸੀ। ਕਿੱਲਿਓਂ ਕੱਟੀ ਖੁੱਲ੍ਹ ਜਾਏ ਤਾਂ ਉਹ ਘਰ ਦੇ ਇਕ-ਇਕ ਜੀਅ ਦਾ ਨਾਮ ਲੈ ਕੇ ਅਵਾਜ਼ਾਂ ਮਾਰਨ ਲੱਗ ਪੈਂਦਾ, ਪਰ ਆਪ ਉਠ ਕੇ ਬੰਨ੍ਹਣ ਦਾ ਸਾਹਸ ਨਾ ਕਰਦਾ। ਅਮਲੀ ਤੇ ਆਲਸੀ, ਕਿੰਨੇ ਢੁੱਕਵੇਂ ਸ਼ਬਦ ਹਨ।

ਅਮਲੀ ਦਾ ਇਕੋ ਇਕ ਪੁੱਤਰ ਕੁਲਤਾਰ, ਨਿਰਾ 'ਕੁਲ-ਤਾਰ' ਹੀ ਸਾਬਤ ਹੋਇਆ। ਭੰਗ ਤੇ ਅਫ਼ੀਮ ਛਕਣੀ ਉਹਨੇ ਪਿਉ ਕੋਲੋਂ ਸਿੱਖ ਲਈ। ਇਹ ਪਾਪ ਅਮਲੀ ਤੋਂ ਅਭੋਲ ਹੀ ਹੋ ਗਿਆ। ਤੇ ਕੁਲਤਾਰ ਨੂੰ ਸ਼ਰਾਬ ਪੀਣ ਦੀ ਆਦਤ ਲੱਖਾ ਸਿੰਘ ਨੇ ਪਾ ਦਿੱਤੀ। ਇਹ ਉਹਦੀ ਗਿਣੀ ਮਿਥੀ ਗੋਂਦ ਅਨੁਸਾਰ ਸੀ। ਕੁਲਤਾਰ ਛੋਟੀ ਉਮਰ ਤੋਂ ਹੀ ਸ਼ਰਾਬੀਆਂ ਦੀ ਢਾਣੀ ਵਿੱਚ ਬਹਿਣ ਲੱਗ ਪਿਆ। ਕੰਮ ਨੂੰ ਉਹ ਸੌਂਹ ਖਾਣ ਨੂੰ ਹੱਥ ਨਾ ਲਾਉਂਦਾ। ਕਿਤੇ ਭੁੱਲੇ ਚੁੱਕੇ ਮਾਂ ਪਿਉ ਆਖਦੇ ਵੀ ਤਾਂ ਉਹ ਅੱਗੋਂ ਘੜਿਆ ਘੜਾਇਆ ਜਵਾਬ ਦੇਂਦਾ, 'ਕੰਮ ਕਰਨਾ ਸੀ ਤਾਂ ਤੁਹਾਡੇ ਘਰ ਈ

ਜੰਮਣਾ ਸੀ ? ਰੰਡੇ ਮਜ਼੍ਹਬੀ ਘਰ ਨਹੀਂ ਸੀ ਜੰਮ ਪਈਦਾ ? ਪੈਸੇ ਰੱਖੋ, ਮੈਂ ਸ਼ਹਿਰ ਚੱਲਿਆ ਆਂ। ਨਹੀਂ ਤਾਂ ਯਾਦ ਰੱਖੋ, ਮੈਂ ਓਥੋਂ ਈ ਕਿੱਧਰੇ ਮੂੰਹ ਕਾਲਾ ਕਰ ਜਾਵਾਂਗਾ। ਫਿਰ ਔਂਸੀਆਂ ਪਾ-ਪਾ ਰੋਵੋਗੇ ਪਏ।'

ਲਾਡਲੇ ਪੁੱਤਰ ਦੀ ਏਸ ਧਮਕੀ ਅੱਗੇ ਝੁੱਕਣ ਤੋਂ ਬਿਨਾਂ ਮਾਪਿਆਂ ਕੋਲ ਕੋਈ ਚਾਰਾ ਨਹੀਂ ਸੀ। ਉਹ ਕਰਜ਼ਾ ਲੈ-ਲੈ ਕੇ ਨਖੱਟੂ ਪੁੱਤਰ ਦੀਆਂ ਉਚਾਬਤਾਂ ਪੂਰੀਆਂ ਕਰਦੇ। ਉੱਤੋਂ ਚੌਥੀ ਕੁੜੀ ਦਾ ਵਿਆਹ ਸਿਰ 'ਤੇ ਆ ਗਿਆ। ਉਹ ਫ਼ਰਜ਼ ਪੂਰਾ ਕਰਨਾ ਵੀ ਜ਼ਰੂਰੀ ਸੀ। ਖ਼ੈਰ, ਲੱਖਾ ਸਿਘ ਦੀ 'ਕਿਰਪਾ' ਨਾਲ ਉਹ ਭਾਰ ਸਿਰੋਂ ਲਹਿ ਗਿਆ, ਕੰਨਿਆ-ਦਾਨ ਹੋ ਗਿਆ, ਪਰ ਅਮਲੀ ਦੀ ਛੰਭ ਵਾਲੀ ਪੈਲੀ ਦਾ ਕੁਝ ਹਿੱਸਾ ਗਹਿਣੇ ਪੈ ਗਿਆ। ਲੱਖਾ ਸਿਘ ਖ਼ੁਸ਼ ਸੀ। ਉਹ ਸਹਿਜ-ਸਹਿਜ ਆਪਣੀ ਮੰਜ਼ਿਲ ਵੱਲ ਵਧ ਰਿਹਾ ਸੀ। ਉਹਨੂੰ ਪੂਰੀ ਆਸ ਸੀ ਕਿ ਬਾਕੀ ਦੋ ਕੁੜੀਆਂ ਦੇ ਵਿਆਹ ਹੁੰਦਿਆਂ ਤੱਕ ਅਮਲੀ ਦਾ ਛੰਭ ਵਾਲਾ ਸਾਰਾ ਖੇਤ ਓਸੇ ਦਾ ਹੋ ਜਾਵੇਗਾ।

ਰਾਜੋ ਆਪਣੇ ਥਾਂ ਖ਼ੁਸ਼ ਸੀ ਤੇ ਕਿਸੇ ਹੱਦ ਤੱਕ ਸੰਤੁਸ਼ਟ ਵੀ। ਉਹ ਆਖਣ ਨੂੰ ਸਰਦਾਰਨੀ ਨਹੀਂ ਸੀ ਬਣ ਸਕੀ, ਪਰ ਜ਼ਿੰਦਗੀ ਦੀਆਂ ਸਹੂਲਤਾਂ ਕਾਫ਼ੀ ਮਿਲ ਗਈਆਂ ਸਨ। ਉਹ ਸਰਦਾਰਨੀਆਂ ਵਰਗਾ ਪਹਿਨਦੀ ਤੇ ਚੰਗਾ ਖਾਂਦੀ। ਉਹਦੇ ਇਹ ਸਾਰੇ ਖ਼ਰਚ ਲੱਖਾ ਸਿਘ ਨੂੰ ਪੂਰੇ ਕਰਨੇ ਪੈਂਦੇ। ਆਪਣੀ ਰੋਟੀ ਪਕਾਉਣ ਤੋਂ ਬਿਨਾਂ ਉਹਨੂੰ ਹੋਰ ਕੋਈ ਕੰਮ ਨਹੀਂ ਸੀ ਕਰਨਾ ਪੈਂਦਾ। ਡੁੱਡੇ ਦੀ ਰੋਟੀ ਬਸੰਤ ਕੌਰ ਦੇ ਜ਼ਿੰਮੇਂ ਸੀ। ਰਾਜੋ ਦੀ ਜ਼ਿੰਮੇਂਵਾਰੀ ਸੀ, ਦਿਨ ਭਰ ਆਪਣੇ ਪੁੱਤਰ ਨਾਲ ਖੇਡਣਾ ਤੇ ਅੱਧੀ ਰਾਤ ਤੱਕ ਬੈਠਕ ਵਿੱਚ ਲੱਖਾ ਸਿਘ ਦਾ ਦਿਲ ਪਰਚਾਉਣਾ।

ਲੱਖਾ ਸਿਘ ਦੀ ਦੋਸਤੀ ਨੂੰ ਰਾਜੋ ਲੁਕਾਉਂਦੀ ਨਹੀਂ ਸੀ। ਉਹ ਲੁਕਾਉਣਾ ਚਾਹੁੰਦੀ ਵੀ ਨਹੀਂ ਸੀ। ਉਸ ਵਿੱਚ ਉਹ ਆਪਣੀ ਹੇਠੀ ਨਹੀਂ ਸੀ ਸਮਝਦੀ, ਉਲਟਾ ਮਾਣ ਸਮਝਦੀ ਸੀ।

ਬਸੰਤ ਕੌਰ ਦੇ ਸਾਹਮਣੇ ਉਹ ਸਦਾ ਨਿਮਾਣੀ ਜੇਹੀ ਬਣ ਕੇ ਪੇਸ਼ ਆਉਂਦੀ। ਉਹ ਉਹਨੂੰ 'ਸਰਦਾਰਨੀ' ਕਹਿ ਕੇ ਬੁਲਾਉਂਦੀ। ਇਕ ਦੋ ਵਾਰ ਬਸੰਤ ਕੌਰ ਨੇ ਕਿਹਾ ਵੀ, 'ਰਾਜੋ! ਤੂੰ ਮੈਨੂੰ ਭੈਣ ਜਾਂ ਬੇਬੇ ਆਖ ਛੱਡਿਆ ਕਰ।' ਸਰਦਾਰਨੀ ਆਖਣ ਦਾ ਉਚੇਚ ਨਾ ਕਰਿਆ ਕਰ।' ਰਾਜੋ ਨੇ ਅੱਗੋਂ ਧਰਤੀ 'ਤੇ ਨਿਗ੍ਹਾ ਟਿਕਾਈ ਜਵਾਬ ਦਿੱਤਾ ਸੀ, 'ਮੈਥੋਂ ਇਹ ਨਹੀਂ ਹੋ ਸਕਦਾ। ਤੇਰੀ ਬਰਾਬਰੀ ਕਰਨ ਦੀ ਮੇਰੇ ਵਿੱਚ ਹਿੰਮਤ ਨਹੀਂ। ਤੂੰ ਮੇਰੀ ਸਰਦਾਰਨੀ ਈ ਏਂ। ਹਾਂ, ਛੋਟੀ ਨੂੰ ਸਰਦਾਰਨੀ ਕਦੇ ਨਹੀਂ ਕਹਾਂਗੀ। ਉਹ ਮੈਥੋਂ ਸੜਦੀ ਏ। ਉਹ ਇਹ ਨਹੀਂ ਸੋਚਦੀ ਕਿ ਗੁਨਾਹ ਮੇਰਾ ਨਹੀਂ, ਉਹਦੇ ਭਰਾ ਤੇ ਮਾਲਕ ਦਾ ਏ। ਤੇ ਤੂੰ ਸਰਦਾਰਨੀ! ਦੇਵੀ ਏਂ। ਨਹੀਂ, ਮੈਂ ਤੇਰੀ ਭੈਣ



WWW.SIKHBOOKCLUB.COM 

ਬਣਨ ਜੋਗ ਨਹੀਂ। ਮੈਂ ਤਾਂ ਤੇਰੇ ਪੈਰ ਦੀ ਜੁੱਤੀ ਵਰਗੀ ਵੀ ਨਹੀਂ। ਮੈਨੂੰ ਪੈਰੀਂ ਹੱਥ ਲੈਣੋਂ ਨਾ ਰੋਕਿਆ ਕਰ।' ਇਕ ਦਿਨ ਬਸੰਤ ਕੌਰ ਦੇ ਪੈਰਾਂ 'ਤੇ ਡਿਗ ਕੇ ਰਾਜੋ ਰੋ ਵੀ ਪਈ ਸੀ।

ਸਵਰਨੀ ਨੂੰ ਰਾਜੋ ਸਦਾ ਭੈਣ ਕਹਿ ਕੇ ਬੁਲਾਉਂਦੀ। ਇਹ ਜਾਣਦਿਆਂ ਹੋਇਆਂ ਵੀ ਕਿ ਭੈਣ ਆਖਣ ਨਾਲ ਸਵਰਨੀ ਸੜਦੀ ਹੈ, ਉਹ ਉਹਨੂੰ ਚਿੜ੍ਹਾਉਣ ਬਦਲੇ ਭੈਣ ਸ਼ਬਦ ਉੱਤੇ ਉਚੇਚਾ ਜ਼ੋਰ ਦੇ ਕੇ ਕਹਿੰਦੀ। ਉਹ ਸਮਝਦੀ ਸੀ ਕਿ ਸਵਰਨੀ ਉਹਦਾ ਕੁਝ ਵਿਗਾੜ ਨਹੀਂ ਸੀ ਸਕਦੀ। ਜਿਨ੍ਹਾਂ ਕੋਲ ਸਵਰਨੀ ਨੇ ਸ਼ਕਾਇਤ ਕਰਨੀ ਸੀ, ਉਹਦਾ ਭਰਾ, ਉਹਦਾ ਪਤੀ, ਉਹ ਦੋਵੇਂ ਰਾਜੋ ਦੀਆਂ ਉਂਗਲੀਆਂ 'ਤੇ ਨਾਚ ਕਰਦੇ ਸਨ।

ਰਾਜੋ ਨੇ ਬੁੱਢੇ ਨੂੰ ਵੀ ਸਮਝਾ ਲਿਆ। ਤੇ ਬੁੱਢਾ ਭੋਰਨ ਸਭ ਕੁਝ ਸਮਝ ਗਿਆ। ਉਹਨੇ ਟੀਰੀ ਅੱਖ ਨਾਲ ਰਾਜੋ ਵੱਲੇ ਵਿਹੰਦਿਆਂ ਮੁਸਕਰਾ ਕੇ ਕਿਹਾ, "ਸਰਦਾਰਨੀ! ਆਹ ਵੇਖ।" ਉਹਨੇ ਆਪਣੀਆਂ ਅੱਖਾਂ ਉੱਤੇ ਹੱਥ ਧਰ ਲਿਆ, 'ਅੱਖਾਂ ਬੰਦ।' ਤੇ ਫਿਰ ਉਹਨੇ ਦੋਹਾਂ ਕੰਨਾਂ ਵਿੱਚ ਉਂਗਲੀਆਂ ਦੇ ਕੇ ਕਿਹਾ, 'ਕੰਨ ਵੀ ਬੰਦ। ਦੱਸ, ਹੋਰ ਮੈਨੂੰ ਕੀ ਸਮਝੌਣਾ ਈ ?'

"ਸੱਚੀਂ! ਮੈਨੂੰ ਤੇਰੇ ਉੱਤੇ ਬੜਾ ਤਰਸ ਔਂਦਾ ਏ, ਬਹੁਤ ਜਾਦਾ। ਏਸੇ ਤਰਸ ਦੀ ਬੱਧੀ ਮੈਂ ਤੇਰੇ ਨਾਲ ਨਰੜ ਹੋਈ ਬੈਠੀ ਆਂ। ਤੂੰ ਕਦੇ ਭੁੱਲ ਭੁਲੇਖੇ ਵੀ ਛੜ ਮਾਰੀ ਤਾਂ ਮੈਂ ਸਾਰੇ ਨਰੜ-ਛਰੜ ਤੋੜ ਕੇ ਅਹੁ ਮਾਰਾਂਗੀ। ਬੀਬਾ ਬਣ ਕੇ ਤੁਰਿਆ ਚੱਲੇਂਗਾ ਤਾਂ ਆਪਣਾ ਜਰਨੈਲ ਪੜ੍ਹ ਜਾਏਗਾ। ਪੜ੍ਹਾਵੇਗਾ ਸਰਦਾਰ ਆਪਣੀ ਕਨੋੜ ਨੂੰ। ਆਖਰ ਉਹਦਾ ਲਹੂ ਏ। ਪਰ ਜਰਨੈਲ ਪੜ੍ਹ ਲਿਖ ਕੇ ਕੁਝ ਬਣ ਗਿਆ, ਜਿਵੇਂ ਸਰਦਾਰ ਆਹੰਦਾ ਏ, ਉਹ ਇਹਨੂੰ ਸਰਕਾਰੀ ਨੌਕਰੀ ਲੈ ਦੇਵੇਗਾ, ਤਾਂ ਇਹਨੇ ਪੁੱਤਰ ਤਾਂ ਤੇਰਾ ਈ ਅਖਵੌਣਾ ਏਂ। ਸਰਦਾਰ ਦਰਸ਼ਨ ਸਿੰਘ ਦਾ ਪੁੱਤਰ ਸਰਦਾਰ ਜਰਨੈਲ ਸਿੰਘ। ਠੀਕ ਏ ਨਾਂ! ਸੋਚ ਜ਼ਰਾ। ਝਾਤੀ ਮਾਰ ਦਿਲ ਵਿੱਚ। ਓਦੋਂ ਤੱਕ ਮੇਰਾ ਵੀ ਜੋਬਨ ਢਲ਼ ਜਾਏਗਾ। ਫਿਰ ਮੈਂ ਤੇਰੀ ਤੇ ਤੂੰ ਮੇਰਾ। ਬੁੱਢੇ ਵਾਰੇ ਪੁੱਤਰ ਦੇ ਸਿਰ 'ਤੇ ਰਾਜ ਕਰਾਂਗੇ।" ਰਾਜੋ ਬਹੁਤ ਦੂਰ ਦੀਆਂ ਆਸਾਂ ਲਾਈ ਬੈਠੀ ਸੀ।

"ਮੈਨੂੰ ਮਨਜ਼ੂਰ ਏ। ਪਰ ਜਿੰਨਾ ਕੁ ਹੱਕ ਮੈਨੂੰ ਹੁਣ ਦਿੱਤਾ ਹੋਇਆ ਈ, ਉਹ ਵੀ ਨਾ ਖੋਹ ਲਵੀਂ।"

"ਮੈਨੂੰ ਮਨਜ਼ੂਰ ਏ। ਪਰ ਮੇਰੀ ਆਗਿਆ ਵਿੱਚ ਰਹਿਣਾ ਹੋਵੇਗਾ।" ਪਰਵਾਨਗੀ ਦੇ ਨਾਲ ਰਾਜੋ ਨੇ ਇਕ ਸ਼ਰਤ ਵੀ ਲਾ ਦਿੱਤੀ।

"ਮਖ : ਇਹ ਗਊ ਦਾ ਜਾਇਆ ਕੰਨ ਨਹੀਂ ਹਲੌਂਦਾ।" ਤੇ ਸੱਚ-ਮੁੱਚ ਹੀ



WWW.SIKHBOOKCLUB.COM 

ਭੁੱਡੇ ਨੇ ਕਦੇ ਕੰਨ ਨਹੀਂ ਸੀ ਹਿਲਾਇਆ।

ਰਾਜੋ ਨੇ ਭੁੱਡੇ ਉੱਤੇ ਇਕ ਹੋਰ 'ਫ਼ੁਰਮਾਨ' ਲਾਗੂ ਕਰ ਦਿੱਤਾ। "ਵੇਖੋਂ ਨਾਂ, ਜਰਨੈਲ ਪੰਜਾਂ ਵਰ੍ਹਿਆਂ ਦਾ ਹੋ ਗਿਆ ਏ। ਅੱਜ ਮੈਂ ਉਹਨੂੰ ਸਕੂਲ ਦਾਖ਼ਲ ਕਰਾ ਆਈ ਆਂ। ਨਾਂ ਪਤਾ ਈ ਕੀ ਲਖਾਇਆ ਏ ? ਸਰਦਾਰ ਜਰਨੈਲ ਸਿੰਘ, ਪੁੱਤਰ ਸਰਦਾਰ ਦਰਸ਼ਨ ਸਿੰਘ ਦਾ। ਇਹ ਤੱਪੜ ਉੱਤੇ ਫੱਬ ਕੇ ਦੂਜਿਆਂ ਦੇ ਨਾਲ ਜਾ ਬੈਠਾ। ਸੱਚੀਂ ਕੇਸ ਵਾਹੇ ਹੋਏ, ਜੂੜੇ ਉੱਤੇ ਰੁਮਾਲ ਬੱਧਾ ਹੋਇਆ, ਨਵੇਂ ਕੱਪੜੇ ਪਾਏ ਹੋਏ, ਐਨ ਪੂਰਾ ਸਰਦਾਰ ਲੱਗਦਾ ਸੀ। ਪਰ ਕੱਲ੍ਹ ਨੂੰ ਇਹ ਕੋਈ ਅਫ਼ਸਰ ਬਣ ਗਿਆ ਤਾਂ ਤੂੰ ਘੋਨਾ ਮੋਨਾ ਇਹਦੇ ਕੋਲ ਬੈਠਾ ਫੱਬੇਂਗਾ ? ਬੱਸ, ਮੇਰਾ ਹੁਕਮ ਏ ਅੱਜ ਤੋਂ ਤੂੰ ਮੂੰਹ ਸਿਰ ਨਹੀਂ ਮਨੋਣਾ। ਸੁਣ ਲਿਆ ?"

"ਸੁਣ ਲਿਆ ਜੀ! ਸਰਦਾਰਨੀ ਦਾ ਹੁਕਮ ਨਾ ਮੰਨ ਕੇ ਪਿੰਡੋਂ ਨਿਕਲਣਾ ਏ?" ਉਸੇ ਦਿਨ ਤੋਂ ਭੁੱਡੇ ਨੇ ਦਾੜ੍ਹੀ ਕੇਸ ਕਟਵਾਉਣੇ ਛੱਡ ਦਿੱਤੇ।

ਸੱਚ-ਮੁੱਚ ਹੀ ਭੁੱਡਾ 'ਗਊ ਦਾ ਜਾਇਆ' ਬਣ ਕੇ ਤੁਰਿਆ ਜਾ ਰਿਹਾ ਸੀ। ਉਹਨੇ ਜ਼ਿੰਦਗੀ ਦਾ ਇਕ ਨਿਸ਼ਾਨਾ ਬਣਾ ਲਿਆ ਸੀ : ਰੋਟੀ ਖਾਣੀ ਤੇ ਕੰਮ ਕਰੀ ਜਾਣਾ। ਇਸ ਤੋਂ ਵੱਧ ਉਹਨੇ ਸਾਰੇ ਫ਼ਿਕਰ ਲਾਹ ਛੱਡੇ ਸਨ।

ਇਕ ਵਾਰ ਕੱਥੂ ਦਾ ਹਿਸਾਬ ਕਰਨ ਪਿੱਛੋਂ ਲੱਖਾ ਸਿੰਘ ਨੇ ਭੁੱਡੇ ਨੂੰ ਕਿਹਾ ਸੀ 'ਆ ਭਈ! ਤੂੰ ਵੀ ਹਸਾਬ ਕਰ ਲੈ।'

"ਸਰਦਾਰ! ਕਾਹਦਾ ਹਸਾਬ ? ਮੁੜ ਕੇ ਮੈਨੂੰ ਇਹ ਗੱਲ ਨਾ ਆਖੀਂ। ਮੈਨੂੰ ਉਹ ਦਿਨ ਨਹੀਂ ਭੁੱਲੇ, ਜਦ ਬੂਹੇ-ਬੂਹੇ 'ਤੇ ਟੁੱਕੜੇ ਮੰਗ ਕੇ ਖਾਂਦਾ ਫਿਰਦਾ ਸਾਂ। ਘਰ ਬਾਹਰ ਕੁੱਤਿਆਂ ਵਾਲੀ ਬਾਬ ਹੁੰਦੀ ਸੀ ਮੇਰੀ। ਤੂੰ ਮੈਨੂੰ ਰੋਟੀ ਦਿੱਤੀ ਏ, ਰੱਜਵੀਂ ਰੋਟੀ। ਤੇ ਮੈਂ ? ਦਿਲ ਵਿੱਚ ਧਾਰ ਲਈ ਏ, ਰੋਟੀ ਖਾਣੀ ਤੇ ਕੰਮ ਕਰੀ ਜਾਣਾ। ਰੱਬ ਵੱਡੀ ਸਰਦਾਰਨੀ ਦੀ ਲੰਮੀ ਉਮਰ ਕਰੇ, ਜਿੰਨਾ ਚਿਰ ਉਹ ਸਾਡੇ ਸਿਰ 'ਤੇ ਬੈਠੀ ਏ, ਭੁੱਖਿਆਂ ਨਹੀਂ ਮਰਨ ਦੇਂਦੀ। ਫਿਰ ਮੈਂ ਹਸਾਬ ਕਰਕੇ ਕੀ ਲੈਣਾ ਏਂ ?" ਭੁੱਡੇ ਨੇ ਸਦਾ ਵਾਸਤੇ ਫ਼ੈਸਲਾ ਕਰ ਦਿੱਤਾ।

"ਫਿਰ ਵੀ ਭਈ! ਅੱਗੇ ਹੋਰ ਗੱਲ ਸੀ। ਹੁਣ ਤੂੰ ਬਾਲ ਬੱਚੇਦਾਰ ਬਣਿਓਂ। ਕੁਝ ਹਸਾਬ ਕਤਾਬ ਹੋਣਾ ਈ ਚਾਹੀਦਾ ਏ।" ਲੱਖਾ ਸਿੰਘ ਨੇ ਫਿਰ ਦੁਹਰਾਇਆ।

"ਸਰਦਾਰ! ਮੇਰਾ ਫਿਰ ਵੀ ਓਹਾ ਜਵਾਬ ਏ। ਸੁਣ, ਮੈਂ ਵੀ ਤੇਰਾ, ਮੁੰਡਾ ਵੀ ਤੇਰਾ, ਰਾਜੋ ਵੀ ਤੇਰੀ। ਤੇ ਹਸਾਬ ਕੇਹਾ ? ਮੇਰੀ ਸਿਰਫ਼ ਇਕ ਮਿਨਤ ਏ ਕਿ ਜਿਊਂਦੇ-ਜੀਅ ਮੈਨੂੰ ਅਹਿਨਾਂ ਦਲ੍ਹੀਜਾਂ ਤੋਂ ਬਾਹਰ ਧੱਕਾ ਨਾ ਦੇਈਂ। ਮੈਂ ਉਸ ਦਿਨ

ਐਸ ਹਵੇਲੀ ਵਿਚੋਂ ਨਿਕਲਾਂ, ਜਿੱਦਣ ਸਿੱਧਾ ਸਿਵਿਆਂ ਵਿੱਚ ਪਹੁੰਚ ਜਾਵਾਂ।"

ਹਾਂ, ਕੱਥੂ ਹਰ ਛੇਮਾਹੀ ਹਿਸਾਬ ਕਰਿਆ ਕਰਦਾ ਸੀ। ਲੱਖਾ ਸਿੰਘ ਉਹਦੀ ਤਸੱਲੀ ਕਰਾ ਦੇਂਦਾ ਕਿ ਉਹਨੇ ਆਹ-ਆਹ ਰਕਮਾਂ ਕਿਸ ਵੇਲੇ ਤੇ ਕਿਸ ਲੋੜ ਵਾਸਤੇ ਲਈਆਂ ਸਨ। ਉਹ ਝੂਠੀ ਰਕਮ ਕੋਈ ਨਹੀਂ ਸੀ ਲਿਖਦਾ। ਪਰ ਹਰ ਛੇਮਾਹੀਂ ਦੇ ਹਿਸਾਬ ਵਿੱਚ ਉਹਦੀ ਟਕੇ ਰੁਪੈ ਸੂਦ ਵਾਲੀ ਸ਼ਰਤ ਕਾਮੇ ਨੂੰ ਉਠਣ ਨਹੀਂ ਸੀ ਦੇਂਦੀ। ਹਾੜ੍ਹੀ ਦੇ ਪਿੜ ਵਿੱਚੋਂ ਕਾਮੇ ਨੂੰ ਹਮੇਸ਼ਾ ਸੱਖਣੀ ਚਾਦਰ ਝਾੜ ਕੇ ਤੁਰਨਾ ਪੈਂਦਾ।

ਹਰ ਸਾਲ ਕੱਥੂ ਸੋਚਦਾ ਰਹਿੰਦਾ ਕਿ ਅਗਲੇ ਸਾਲ ਸਰਦਾਰ ਨਾਲ ਨਹੀਂ ਰਹਿਣਾ, ਪਰ ਹਿਸਾਬ ਕਰਨ ਪਿੱਛੋਂ ਬਚਿਆ ਕਰਜ਼ਾ ਵਾਪਸ ਕਰਨ ਦੀ ਉਸ ਵਿੱਚ ਹਿੰਮਤ ਨਹੀਂ ਸੀ। ਸੋ ਅਗਲੇ ਸਾਲ ਉਹਨੂੰ ਫੇਰ ਓਸੇ ਤਨਖ਼ਾਹ 'ਤੇ ਕੰਮ ਕਰਨ ਵਾਸਤੇ ਰਾਜ਼ੀ ਹੋਣਾ ਪੈਂਦਾ।

ਥੋੜ੍ਹਾ ਜੇਹਾ ਫ਼ਰਕ ਹੋਰ ਵੀ ਪੈ ਗਿਆ। ਨਿੱਕੇ ਹੁੰਦਿਆਂ ਛੱਡਾ ਲੱਖਾ ਸਿੰਘ ਨੂੰ ਚਾਚਾ ਕਿਹਾ ਕਰਦਾ ਸੀ। ਕੱਥੂ ਲੱਖਾ ਸਿੰਘ ਨੂੰ ਤਾਂ ਸਰਦਾਰ ਕਹਿੰਦਾ ਸੀ, ਪਰ ਬਸੰਤ ਕੌਰ ਨੂੰ ਚਾਚੀ। ਹੁਣ ਇਹ ਰਵਾਜ ਬਦਲ ਗਿਆ ਸੀ। ਲੱਖਾ ਸਿੰਘ ਕਾਮਿਆਂ ਕੋਲੋਂ ਚਾਚਾ ਅਖਵਾ ਕੇ ਖ਼ੁਸ਼ ਨਹੀਂ ਸੀ, ਖ਼ਾਸ ਕਰ ਡੁੱਡੇ ਕੋਲੋਂ। ਗ਼ਰੀਬ ਨੌਕਰਾਂ ਕੋਲੋਂ ਚਾਚਾ ਅਖਵਾਉਣ ਵਿੱਚ ਵੀ ਉਹ ਆਪਣੀ ਹੇਠੀ ਸਮਝਦਾ ਸੀ। ਹੁਣ ਡੁੱਡਾ ਤੇ ਕੱਥੂ ਲੱਖਾ ਸਿੰਘ ਨੂੰ ਸਰਦਾਰ, ਬਸੰਤ ਕੌਰ ਨੂੰ ਵੱਡੀ ਸਰਦਾਰਨੀ ਤੇ ਸਵਰਨ ਕੌਰ ਨੂੰ ਛੋਟੀ ਸਰਦਾਰਨੀ ਕਹਿੰਦੇ ਸਨ।

## ੨੫

ਜਰਨੈਲ ਬਹੁਤ ਸ਼ੈਤਾਨ ਨਿਕਲਿਆ। ਲੋਕ ਕਹਿੰਦੇ, ਇਹ ਤਾਂ ਸ਼ੈਤਾਨ ਦੀ ਟੂਟੀ ਏ। ਉਹ ਸਕੂਲੇ ਜਾਂਦਾ ਤਾਂ ਰੋਜ਼ ਕਿਸੇ ਨਾ ਕਿਸੇ ਨਾਲ ਲੜ ਕੇ ਆਉਂਦਾ। ਉਹ ਥੋੜ੍ਹੀ-ਥੋੜ੍ਹੀ ਗੱਲ ਤੋਂ ਚਿੜ੍ਹ ਜਾਂਦਾ ਤੇ ਗ਼ੁੱਸੇ ਵਿੱਚ ਆਇਆ ਆਪ ਨਾਲੋਂ ਤਕੜੇ ਦੇ ਗਲ਼ ਪੈਣੋਂ ਵੀ ਨਾ ਉਕਦਾ। ਮੁਣਸ਼ੀ ਉਹਨੂੰ ਤਾੜਦਾ ਤਾਂ ਉਹ ਅੱਗੋਂ ਬੋਲਦਾ ਤਾਂ ਨਾ, ਪਰ ਉਹਦੇ ਅੱਗੇ ਅੱਖਾਂ ਵੀ ਨੀਵੀਆਂ ਨਾ ਕਰਦਾ।

ਇਕ ਦਿਨ ਉਹਨੇ ਘਰ ਆ ਕੇ ਰਾਜੋ ਨੂੰ ਬੜੇ ਰੋਹ ਨਾਲ ਕਿਹਾ, "ਮਾਂ! ਮੈਂ ਨਹੀਂ ਏਥੇ ਪੜ੍ਹਨਾ। ਬਾਬੇ ਨੂੰ ਆਖ, ਮੈਨੂੰ ਕਸੂਰ ਪੜ੍ਹਨੇ ਪਾ ਦੇਵੇ।"

"ਕਿਉਂ ? ਏਥੇ ਕਿਉਂ ਨਹੀਂ ਪੜ੍ਹਨਾ ?" ਰਾਜੋ ਨੇ ਕੁਝ ਹੈਰਾਨ ਹੋ ਕੇ ਪੁੱਛਿਆ।

"ਤੈਨੂੰ ਆਖਿਆ ਜੁ ਏ, ਮੈਂ ਨਹੀਂ ਏਥੇ ਪੜ੍ਹਨਾ। ਮੈਨੂੰ ਮੁੰਡੇ ਛੇੜਦੇ ਰਹਿੰਦੇ ਨੇ।" ਜਰਨੈਲ ਨੇ ਮੋਢੇ ਤੋਂ ਬਸਤਾ ਲਾਹ ਕੇ ਮੰਜੇ ਉੱਤੇ ਭੂਆ ਕੇ ਮਾਰਿਆ। ਫੇਰ ਉਹ ਕਮਰੇ ਦੇ ਵਿਚਕਾਰ ਖਲੋਤਾ ਚੋਖਾ ਚਿਰ ਚੁਫੇਰੇ ਵੇਖਦਾ ਰਿਹਾ। ਸ਼ਾਇਦ ਉਹ ਸੋਚ ਰਿਹਾ ਸੀ ਕਿ ਉਹ ਮੰਜੇ ਉੱਤੇ ਬੈਠੇ ਜਾਂ ਨਾ।

"ਤਾਂ ਵੀ, ਕੀ ਛੇੜਦੇ ਨੇ ਤੈਨੂੰ। ਠੰਢਾ ਹੋ ਕੇ ਦੱਸ ਖਾਂ।" ਰਾਜੋ ਨੇ ਉਹਨੂੰ ਜੱਫੀ ਵਿੱਚ ਲੈ ਲਿਆ। ਉਹ ਅੰਦਰ ਪੀੜ੍ਹੀ 'ਤੇ ਬੈਠੀ ਬੁੱਢੇ ਦੇ ਕੁੜਤੇ ਦਾ ਲੰਗਾਰ ਭਰ ਰਹੀ ਸੀ।

"ਕੀ ਦੱਸਾਂ ਤੈਨੂੰ ? ਆਖਿਆ ਜੁ ਏ ਛੇੜਦੇ ਨੇ।" ਜਰਨੈਲ ਦੀਆਂ ਅੱਖਾਂ ਸਾਹਮਣੇ ਉਸ ਵੇਲੇ ਜਮਾਤ ਦੇ ਸਾਰੇ ਮੁੰਡੇ ਘੁੰਮ ਰਹੇ ਸਨ। ਅੱਧੀ ਛੁੱਟੀ ਦਾ ਵੇਲਾ ਸੀ। ਮਾਸਟਰ ਅੰਦਰ ਬੈਠਾ ਰੋਟੀ ਖਾ ਰਿਹਾ ਸੀ। ਮੁੰਡੇ ਬਾਹਰ ਤਖ਼ਤਪੋਸ਼ਾਂ ਉੱਤੇ ਭੂੜਕ ਰਹੇ ਸਨ। ਜਰਨੈਲ ਦੇ ਉਦਾਲੇ ਉਹਨਾਂ ਘੇਰਾ ਪਾਇਆ ਹੋਇਆ ਸੀ। ਇਕ ਉੱਚੀ ਸਾਰੀ ਆਖਦਾ, "ਟਰਜ਼ਾ ਉਇ, ਟਰਜ਼ਾ ਉਇ।"

"ਨਹੀਂ ਭਈ, ਦੋਗਲਾ ਆਖੋ, ਦੋਗਲਾ।" ਕੋਲੋਂ ਦੂਸਰਾ ਬਲਦੀ 'ਤੇ ਤੇਲ ਪਾ ਦੇਂਦਾ।

"ਤੂੰ ਟਰਜ਼ਾ ਹੋਵੇਂਗਾ। ਤੂੰ ਦੋਗਲਾ ਹੋਵੇਂਗਾ। ਤੇਰਾ ਪਿਉ ਦੋਗਲਾ ਹੋਵੇਗਾ।" ਜਰਨੈਲ ਅੱਗੋਂ ਚੀਕ-ਚੀਕ ਕੇ ਕਹਿੰਦਾ।

"ਬੱਸ ਉਇ ਮੁੰਡਿਓ। ਖਰਮਸਤੀ ਨਾ ਕਰੋ।" ਪਿੱਛੋਂ ਇਕ ਹੋਰ ਅੱਗੇ ਵੱਧ ਕੇ ਕਹਿੰਦਾ। ਬਹੁਤਿਆਂ ਨਾਲੋਂ ਕੁਝ ਵਡੇਰਾ ਹੋਣ ਕਰਕੇ ਉਹ ਬਜ਼ੁਰਗਾਂ ਵਾਂਗ ਮੱਥੇ 'ਤੇ ਬਨਾਉਟੀ ਤਿਊੜੀ ਪਾ ਕੇ ਕਹਿੰਦਾ, "ਨਾ ਇਹ ਟਰਜ਼ਾ ਏ, ਨਾ ਦੋਗਲਾ। ਇਹ ਹੈ ਅਸਤਰ।"

ਸਾਰੇ ਮੁੰਡੇ ਤਾੜੀ ਮਾਰ ਕੇ ਹੱਸ ਪੈਂਦੇ। ਨਾਲ ਹੀ 'ਅਸਤਰ ਉਇ, ਅਸਤਰ ਉਇ' ਦੀ ਉੱਚੀ ਅਵਾਜ਼ ਅੰਬਰ ਸਿਰ 'ਤੇ ਚੁੱਕ ਲੈਂਦੀ।

"ਤੂੰ ਅਸਤਰ, ਤੇਰਾ ਪਿਉ ਅਸਤਰ, ਤੁਸੀਂ ਸਾਰੇ ਅਸਤਰ।" ਜਰਨੈਲ ਸਾਰੇ ਜ਼ੋਰ ਨਾਲ ਚੀਕ ਕੇ ਕਹਿੰਦਾ।

"ਖਲੋ ਭਈ, ਖਲੋ। ਥੋੜ੍ਹੇ-ਥੋੜ੍ਹੇ ਪਿੱਛੇ ਹੱਟ ਜਾਓ ਸਾਰੇ।" ਇਕ ਹੋਰ ਵਿੱਚ-ਵਿੱਚਾਅ ਕਰਨ ਵਾਸਤੇ ਚੌਧਰੀ ਬਣ ਕੇ ਪਿੜ ਦੇ ਵਿੱਚ ਆ ਖਲੋਂਦਾ। "ਪਹਿਲਾਂ ਸਾਨੂੰ ਇਹ ਦੱਸ ਲੈ ਕਿ ਅਸਤਰ ਦੇ ਮਾਹਨੇ ਕੀ ਹੁੰਦੇ ਨੇ।"

"ਮਾਹਨੇ ? ਸੁਣੋ ਭਈ, ਸੁਣੋ। ਬੱਚਾ ਲੋਕ। ਥੋੜ੍ਹੇ-ਥੋੜ੍ਹੇ ਪਿੱਛੇ ਹੱਟ ਕੇ ਤਾੜੀ



WWW.SIKHBOOKCLUB.COM 

ਬਜਾਉ। ਜ਼ੋਰ ਸੇ, ਔਰ ਜ਼ੋਰ ਸੇ।" ਇਕ ਵਿੱਚੋਂ ਮਦਾਰੀ ਦੀ ਸਾਂਗ ਲਾਉਂਦਾ ਹੋਇਆ ਕਹਿੰਦਾ।

ਘੇਰਾ ਘੱਤੀ ਖੜੇ ਮੁੰਡੇ ਜ਼ੋਰ-ਜ਼ੋਰ ਦੀ ਤਾੜੀ ਵਜਾਉਂਦੇ। ਜਰਨੈਲ ਇਕ ਪਾਸੇ ਖੜਾ ਵਾਰੀ-ਵਾਰੀ ਸਭ ਵੱਲ ਲਹੂ-ਉਗਲਦੀਆਂ ਅੱਖਾਂ ਨਾਲ ਵੇਖਦਾ। ਉਹ ਪਿੜ ਛੱਡ ਕੇ ਘਰ ਨੂੰ ਵੀ ਨਾ ਨੱਸਦਾ। ਨੱਸ ਜਾਣ ਨੂੰ ਉਹ ਵੈਰੀ ਦੇ ਸਾਹਮਣੇ ਹਥਿਆਰ ਸੁੱਟਣੇ ਦੇ ਬਰਾਬਰ ਸਮਝਦਾ ਸੀ।

"ਤੁਸਾਂ ਕਦੇ ਖੱਚਰ ਵੇਖੀ ਏ ਨਾਂ।" ਮਦਾਰੀ ਸ਼ੁਰੂ ਕਰਦਾ।

"ਵੇਖੀ ਏ, ਵੇਖੀ ਏ।" ਉਦਾਲਿਓਂ ਕਈ ਅਵਾਜ਼ਾਂ ਆਉਂਦੀਆਂ।

"ਖੱਚਰ ਦੀ ਮਾਂ ਹੁੰਦੀ ਏ ਘੋੜੀ ਤੇ ਪਿਉ ਹੁੰਦਾ ਏ ਖੋਤਾ। ਸੁਣਿਆਂ ਬੱਚਾ ਜਮੂਰੇ!"

"ਸੁਣਿਆਂ।" ਉਦਾਲਿਓਂ ਕਈ ਅਵਾਜ਼ਾਂ ਆਉਂਦੀਆਂ।

"ਤੇ ਜਿਹੜਾ ਅਗ੍ਹਾਂ ਖੱਚਰ ਦੇ ਪੇਟੋਂ ਹੋਵੇ, ਉਹਨੂੰ ਆਹੰਦੇ ਨੇ ਅਸਤਰ।"

"ਤੂੰ ਅਸਤਰ, ਤੇਰਾ ਪਿਉ ਅਸਤਰ।"

ਜਰਨੈਲ ਰੋਣ-ਹਾਕਾ ਹੋ ਕੇ ਕਹਿੰਦਾ, ਪਰ ਉਹਦੀ ਅਵਾਜ਼ ਲੁੱਚ-ਮੰਡਲੀ ਦੀ ਗੜਗਿੱਲ੍ਹੀ ਥੱਲੇ ਦੱਬੀ ਜਾਂਦੀ।

"ਚੁੱਪ ਕਰੋ ਉਇ! ਕਿਉਂ ਛੇੜਨ ਡਹੇ ਹੋਏ ਜੇ ਓਸ ਵਚਾਰੇ ਨੂੰ।" ਇਕ ਹੋਰ ਅੱਗੇ ਵੱਧ ਕੇ ਹਮਦਰਦੀ ਜਤਾਉਂਦਾ ਹੋਇਆ ਕਹਿੰਦਾ, "ਨਹੀਂ ਤਾਂ ਉਹ ਜਾ ਕੇ ਆਵਦੇ ਪਿਉ ਨੂੰ ਦੱਸੇਗਾ।"

"ਕਿਹੜੇ ਪਿਉ ਨੂੰ ? ਅਸਲੀ ਨੂੰ, ਜਾਂ ਨਕਲੀ ਨੂੰ ?"

"ਬੱਤਮੀਜ਼! ਬਕੋ ਮਤ। ਜਿਹੜਾ ਉਹਦਾ ਅਸਲੀ ਪਿਉ ਹੈ, ਸਰਦਾਰ ਲੱਖਾ ਸੁਹ ਸ਼ਾਹ।"

"ਮੈਂ ਫੱਟੀ ਮਾਰ ਕੇ ਸਿਰ ਪਾੜ ਦੇਣਾ ਏਂ।"

"ਨਹੀਂ, ਨਹੀਂ, ਭਈ! ਤੇਰੀ ਇਹ ਗੱਲ ਮੰਨਣ 'ਚ ਨਹੀਂ ਆਈ। ਇਹ ਭਲਾ ਬਾਬੇ ਸ਼ਾਹ ਨੂੰ ਕਿਉਂ ਆਖੇਗਾ ? ਇਹ ਆਖੇਗਾ ਆਵਦੀ ਮਾਂ ਨੂੰ। ਤੇ ਉਹ ਅਗ੍ਹਾਂ ਸ਼ਾਹ ਨੂੰ ਆਖੇਗੀ, ਵੇਖੋ ਸਰਦਾਰ ਜੀ! ਤੁਹਾਡੇ ਸ਼ਹਿਜ਼ਾਦੇ ਨੂੰ ਕਮੀਣਾਂ ਕਾਂਢੂਆਂ ਦੇ ਮੁੰਡੇ ਛੇੜਦੇ ਜੇ।"

ਸੁਣ ਕੇ ਕਈ ਵਾਰ ਜਰਨੈਲ ਗ਼ੁੱਸੇ 'ਚ ਪਾਗਲ ਹੋ ਉਠਦਾ। ਇਕ ਦਿਨ ਉਹਨੇ ਸੱਚ-ਮੁੱਚ ਹੀ ਫੱਟੀ ਮਾਰ ਕੇ ਇਕ ਮੁੰਡੇ ਦਾ ਸਿਰ ਪਾੜ ਦਿੱਤਾ। ਸ਼ਕਾਇਤ



WWW.SIKHBOOKCLUB.COM 

ਮੁਣਸ਼ੀ ਤੱਕ ਪਹੁੰਚੀ। ਭਲੇ ਨੂੰ ਉਹ ਮੁੰਡਾ ਪਿੰਡ ਦੇ ਹਟਵਾਣੀਏਂ ਬੈਂਕੇ ਸ਼ਾਹ ਦਾ ਸੀ, ਜੀਹਦਾ ਸਿਰ ਪਾਟਾ ਸੀ। ਮੁਣਸ਼ੀ ਨੇ ਜਰਨੈਲ ਦੇ ਦੋ ਚੁਪੇੜਾਂ ਮਾਰ ਕੇ ਝਗੜਾ ਖ਼ਤਮ ਕਰ ਦਿੱਤਾ।

ਜਰਨੈਲ ਨੇ ਭਾਵੇਂ ਘਰ ਜਾ ਕੇ ਨਾ ਦੱਸਿਆ, ਪਰ ਮੁੰਡਿਆਂ ਰਾਹੀਂ ਗੱਲ ਰਾਜੋ ਤੱਕ ਤੇ ਰਾਜੋ ਰਾਹੀਂ ਲੱਖਾ ਸਿੰਘ ਕੋਲ ਆ ਪਹੁੰਚੀ।

ਉਹਨੇ ਪੱਜ ਬਹਾਨੇ ਮੁਣਸ਼ੀ ਨੂੰ ਸਮਝਾ ਦਿੱਤਾ ਕਿ ਉਹ ਫਿਰ ਕਦੇ ਜਰਨੈਲ ਨੂੰ ਕੁਝ ਨਾ ਆਖੇ। ਮੁਣਸ਼ੀ ਨੇ ਅੱਗੋਂ ਅਫ਼ਸੋਸ ਵਿੱਚ ਹੱਥ ਮਲਦਿਆਂ ਬੜੀ ਨਿਮਰਤਾ ਨਾਲ ਕਿਹਾ, "ਜਨਾਬ! ਮੈਂ ਭਲਾ ਸਮਝਦਾ ਨਹੀਂ ਕਿ ਇਹ ਆਪ ਜੀ ਦੇ ਨੌਕਰ ਦਾ ਲੜਕਾ ਹੈ ? ਮੈਂ ਤਾਂ ਪਹਿਲਾਂ ਹੀ ਇਹਦਾ ਬਹੁਤ ਖ਼ਿਆਲ ਰੱਖਦਾ ਹਾਂ ਪਰ ਇਹ ਹੈ ਬੜਾ ਸ਼ਰਾਰਤੀ। ਜਮਾਂਦਰੂ ਬਾਗ਼ੀ ਹੈ ਜਮਾਂਦਰੂ।"

"ਮੁਣਸ਼ੀ ਜੀ! ਗ਼ਰੀਬ ਦਾ ਬੱਚਾ ਏ। ਉਂਞ ਸਹੁਰੀ ਦਾ ਹੈ ਬੜਾ ਚੁਸਤ। ਹਾਇ ਔਂਦੀ ਏ ਵੇਖ ਕੇ। ਸੋਚਿਆ ਸੀ, ਚਾਰ ਅੱਖਰ ਪੜ੍ਹ ਜਾਵੇ ਤਾਂ ਕਿਤੇ ਤੁਹਾਡੇ ਵਾਂਗ ਮਾੜੀ ਮੋਟੀ ਨੌਕਰੀ ਲੈ ਦੇਈਏ ਸੁ। ਕੁਹਦਾ ਸੰਢਿਆਂ ਦੇ ਖੁੱਡੇ ਸੇਕਣੋ ਬਚ ਜਾਵੇ।" ਲੱਖਾ ਸਿੰਘ ਨੇ ਦਇਆ-ਭਾਵ ਪ੍ਰਗਟ ਕਰਦਿਆਂ ਕਿਹਾ।

"ਵੈਸੇ ਜੁਨਾਬ! ਪੜ੍ਹਨ ਨੂੰ ਬੜਾ ਹੁਸ਼ਿਆਰ ਏ। ਹੋ ਸਕਦਾ ਏ, ਚੌਥੀ ਵਿੱਚ ਵਜ਼ੀਫ਼ਾ ਲੈ ਜਾਵੇ।" ਸਰਦਾਰ ਦਾ ਰੁਖ਼ ਵੇਖ ਕੇ ਮੁਣਸ਼ੀ ਨੇ ਵੀ ਜਰਨੈਲ ਦੀ ਤਾਰੀਫ਼ ਕਰਨੀ ਜ਼ਰੂਰੀ ਸਮਝੀ।

ਓਹਾ ਬੀਰਬਲ ਵਾਲੀ ਗੱਲ : ਬਤਾਊਂ ਬੜੇ ਸੁੰਦਰ ਹਨ, ਸਭ ਸਬਜ਼ੀਆਂ ਦੇ ਸਰਤਾਜ, ਭਗਵਾਨ ਕ੍ਰਿਸ਼ਨ ਵਰਗਾ ਸਾਂਵਲਾ ਰੰਗ, ਸਿਰ 'ਤੇ ਰਾਜ-ਮੁਕਟ, ਕਿਸੇ ਮਹਾਨ ਤਪੱਸਵੀ ਵਾਂਗ ਧਰਤੀ ਤੇ ਅਕਾਸ਼ ਦੇ ਅੱਧ ਵਿੱਚ ਝੂਲਾ ਝੂਲ ਰਹੇ। ਅਗਲੇ ਦਿਨ ਹੀ ਬਤਾਊਂ ਸਭ ਤੋਂ ਨਖਿੱਧ ਵਸਤੂ, ਅੱਖਾਂ ਨੂੰ ਨਾ ਭਾਉਣ ਵਾਲਾ ਕਾਲਾ ਰੰਗ, ਸਿਰ 'ਤੇ ਕੰਡਿਆਂ ਵਾਲੀ ਟੋਪੀ, ਗੁਨਾਹਗਾਰ ਵਾਂਗ ਕੰਡਿਆਲੇ ਬੂਟੇ ਨਾਲ ਫਾਹੇ ਦਿੱਤਾ ਹੋਇਆ।

ਏਹਾ ਤਾਂ ਸਿਖਾਉਂਦੀ ਹੈ ਰਾਜਨੀਤੀ। ਬੀਰਬਲ ਬਤਾਊਂ ਦਾ ਨਹੀਂ, ਅਕਬਰ ਦਾ ਨੌਕਰ ਸੀ। ਪ੍ਰਾਇਮਰੀ ਸਕੂਲ ਦੇ ਗ਼ਰੀਬ ਮੁਣਸ਼ੀ ਵਾਸਤੇ ਵੀ ਸਰਦਾਰ ਲੱਖਾ ਸਿੰਘ ਸ਼ਾਹ ਅਕਬਰ ਦਾ ਦਰਜਾ ਰੱਖਦਾ ਸੀ। ਮੁਣਸ਼ੀ ਨੇ ਸਿਰਫ਼ ਜਰਨੈਲ ਦੀ ਤਾਰੀਫ਼ ਹੀ ਨਹੀਂ ਕੀਤੀ, ਸਕੂਲ ਵਿੱਚ ਉਹ ਉਹਦੀ ਹਮਾਇਤ ਵੀ ਕਰਨ ਲੱਗ ਪਿਆ।

ਪਰ ਹਨੂਮਾਨ ਦੀ ਸੈਨਾ ਨੂੰ ਕੌਣ ਕਾਬੂ ਰੱਖ ਸਕਦਾ ਹੈ। ਇਕ ਮੁੰਡਾ ਹੱਥ ਜੋੜ

ਕੇ ਬੜੀ ਹਲੀਮੀ ਨਾਲ ਕਹਿੰਦਾ, 'ਸਰਦਾਰ ਜੀ!' ਦੂਸਰਾ ਪਹਿਲੇ ਨੂੰ ਟੋਕਦਾ ਹੋਇਆ ਕਹਿੰਦਾ, 'ਓ ਨਾਮਾਕੂਲ! ਪੂਰੇ ਅਦਬ ਸੇ ਆਖੋ : ਸਰਦਾਰ ਸੈਹਬ ਜੀ!"

ਸ਼ਬਦ ਭਾਵੇਂ ਕਿੰਨਾ ਮਿੱਠਾ ਹੋਵੇ, ਉਹਦੇ ਅਰਥ ਕਿੰਨੇ ਹੀ ਸੁੰਦਰ ਹੋਣ, ਜੇ ਉਹਨੂੰ ਵਿਅੰਗ ਦਾ ਰੂਪ ਦੇ ਦੇਈਏ ਤਾਂ ਉਹ ਚੋਭ ਬਣ ਜਾਂਦੀ ਹੈ। ਸ਼ਾਬਾਸ਼ ਤੇ ਫਿੱਟੇ ਮੂੰਹ ਬਰਾਬਰ ਹੋ ਜਾਂਦੇ ਹਨ। ਮੁੰਡਿਆਂ ਦੇ ਮੂੰਹੋਂ ਨਿਕਲਿਆ ਸ਼ਬਦ 'ਸਰਦਾਰ ਜੀ' ਜਰਨੈਲ ਵਾਸਤੇ ਚੋਭ ਬਣ ਗਿਆ। ਜਿਉਂ-ਜਿਉਂ ਉਹ ਇਸ ਤੋਂ ਚਿੜਦਾ, ਮੁੰਡੇ ਸਗੋਂ ਜ਼ਿਦ ਕੇ ਕਹਿੰਦੇ। ਨਿਰਾ ਸਕੂਲ ਵਿੱਚ ਹੀ ਨਹੀਂ, ਜਰਨੈਲ ਦੇ ਸੁੱਤੇ ਪਏ ਦੇ ਮੱਥੇ ਤੋਂ ਵੀ ਤਿਊੜੀਆਂ ਨਾ ਲਹਿੰਦੀਆਂ। ਉਹ ਸੁਪਨੇ ਵਿੱਚ ਵੀ ਛੇੜਨ ਵਾਲਿਆਂ ਮੁੰਡਿਆਂ ਨਾਲ ਲੜਦਾ ਰਹਿੰਦਾ।

ਅੱਜ ਵੀ ਉਹ ਹਾਣੀਆਂ ਨਾਲ ਲੜ ਝਗੜ ਕੇ ਆਇਆ ਸੀ। ਸੁਰਜਣ ਨੇ ਸਦਾ ਲਈ ਉਹਨਾਂ ਦਾ ਝਗੜਾ ਨਿਬੇੜਨ ਵਾਸਤੇ ਕਿਹਾ ਸੀ, "ਬੱਸ ਭਈ! ਹੁਣ ਜੀਹਨੇ ਜਰਨੈਲ ਨੂੰ ਛੇੜਿਆ, ਮੈਥੋਂ ਬੁਰਾ ਕੋਈ ਨਹੀਂ। ਤੂੰ ਵੀ ਸੁਣ ਭਈ ਜਰਨੈਲ! ਹਰ ਗੱਲ 'ਤੇ ਐਵੇਂ ਚਿੜਿਆ ਨਾ ਕਰ। ਅੱਜ ਤੂੰ ਆਵਦੀ ਮਾਂ ਤੋਂ ਪੁਛ ਕੇ ਦੱਸੀਂ। ਤੂੰ ਛੱਡੇ ਦਾ ਪੁੱਤਰ ਏ, ਜਾਂ ਬਾਬੇ ਲੱਖਾ ਸੁੰਹ ਦਾ। ਅਸੀਂ ਉਸੇ ਦਾ ਸੱਦਿਆ ਕਰਾਂਗੇ।"

ਸਾਰੀ ਮੰਡਲੀ ਤਾੜੀ ਮਾਰ ਕੇ ਹੱਸ ਪਈ। ਜਰਨੈਲ ਨੇ ਬਲਦੀਆਂ ਅੱਖਾਂ ਨਾਲ ਸੁਰਜਣ ਵੱਲ ਵੇਖਿਆ। ਜਰਨੈਲ ਦੇ ਦਿਲ ਵਿੱਚ ਆਈ ਕਿ ਉਹਦੇ ਗਲ੍ਹ ਲੱਗ ਕੇ ਮਰ ਜਾਵੇ, ਪਰ ਸੁਰਜਣ ਉਸ ਨਾਲੋਂ ਦੂਣਾ ਵੱਡਾ ਸੀ। ਬੇ-ਵੱਸ ਜਰਨੈਲ ਸਾਰਾ ਗੁੱਸਾ ਵਿੱਚੋ-ਵਿੱਚ ਪੀ ਗਿਆ। ਪਰ ਉਹਨੇ ਮਨ ਨਾਲ ਫ਼ੈਸਲਾ ਕੀਤਾ ਕਿ ਉਹ ਏਸ ਸਕੂਲ ਵਿੱਚ ਅਗ੍ਹਾਂ ਨਹੀਂ ਪੜ੍ਹੇਗਾ। ਏਹਾ ਮੰਗ ਉਹਨੇ ਮਾਂ ਅੱਗੇ ਬੜੇ ਜ਼ੋਰ ਨਾਲ ਰੱਖੀ।

"ਕੋਈ ਨਹੀਂ ਪੁੱਤ! ਛੇੜਦੇ ਨੇ ਮੁੰਡੇ ਤਾਂ ਉਹਨਾਂ ਨੂੰ ਬਕਣ ਦਿਹ। ਤੂੰ ਚੁੱਪ ਕਰਕੇ ਪੜ੍ਹੀ ਜਾਹ। ਆਪਣਾ ਕੰਨ ਕਾਲਾ ਹੁੰਦਾ ਏ ਕਿਸੇ ਦੇ ਛੇੜਨ ਨਾਲ ? ਲੈ, ਤੂੰ ਦੁੱਧ ਪੀ। ਤੇਰੀ ਵੱਡੀ ਮਾਂ ਜੀ ਨੇ ਤੇਰੇ ਵਾਸਤੇ ਘੱਲਿਆ ਏ।" ਰਾਜੋ ਨੇ ਉਹਨੂੰ ਠੰਢਿਆਂ ਕਰਨ ਵਾਸਤੇ ਪਿਆਰ ਨਾਲ ਕਿਹਾ।

ਜਰਨੈਲ ਬਸੰਤ ਕੌਰ ਨੂੰ ਵੱਡੀ ਮਾਂ ਜੀ ਕਹਿੰਦਾ ਸੀ ਤੇ ਸਵਰਨੀ ਨੂੰ ਮਾਸੀ ਜੀ। ਪਰ ਸਵਰਨੀ ਮਾਸੀ ਅਖਵਾ ਕੇ ਖ਼ੁਸ਼ ਨਹੀਂ ਸੀ। ਉਹਦੇ ਮੱਥੇ 'ਤੇ ਤਿਊੜੀ ਪਈ ਵੇਖ ਕੇ ਜਰਨੈਲ ਵੀ ਲੱਗਦੀ ਵੱਸ ਉਸ ਤੋਂ ਦੂਰ ਹੀ ਰਹਿਣ ਦਾ ਯਤਨ ਕਰਦਾ।

"ਨਹੀਂ। ਮੈਨੂੰ ਕੁਝ ਨਹੀਂ ਚਾਹੀਦਾ। ਮੈਂ ਨਹੀਂ ਪੜ੍ਹਨਾ, ਨਹੀਂ, ਨਹੀਂ।" ਜਰਨੈਲ ਨੇ ਸਾਰੇ ਜ਼ੋਰ ਨਾਲ ਚੀਕ ਕੇ ਕਿਹਾ। ਉਹਦਾ ਚਿਹਰਾ ਗੁੱਸੇ ਨਾਲ ਭੱਖ ਰਿਹਾ ਸੀ।



WWW.SIKHBOOKCLUB.COM Page 211

ਉਹ ਮਾਂ ਦੀ ਜੱਫੀ ਵਿਚੋਂ ਨਿਕਲਣ ਵਾਸਤੇ ਉਹਦੀਆਂ ਬਾਂਹੀਂ ਪਾਸੇ ਕਰਨ ਦਾ ਯਤਨ ਕਰਨ ਲੱਗਾ।

"ਜਰਨੈਲ। ਪੁੱਤ ਪੜ੍ਹਨਾ ਨਹੀਂ ਤਾਂ ਹੋਰ ਕੀ ਕਰਨਾ ਏਂ ? ਸੋਚਦੀ ਸਾਂ, ਤੂੰ ਦਸ ਜਮਾਤਾਂ ਪੜ੍ਹ ਜਾਵੇਂ ਤਾਂ ਸਰਦਾਰ ਨੂੰ ਆਖ ਕੇ ਤੈਨੂੰ ਕੋਈ ਮਾੜੀ ਮੋਟੀ ਨੌਕਰੀ ਭਾਲ ਦੇਈਏ। ਤੂੰ ਜੱਟਾਂ ਦੇ ਹਲਾਂ ਦੀ ਮਾਰ ਤੋਂ ਬਚ ਜਾਵੇਂ।" ਰਾਜੋ ਦੇ ਦਿਲ ਵਿੱਚ ਵੀ ਜੱਟਾਂ ਵਾਸਤੇ ਨਫ਼ਰਤ ਸੀ।

"ਮੈਂ ਪੜ੍ਹਾਂਗਾ ਜ਼ਰੂਰ, ਪਰ ਏਥੇ ਨਹੀਂ ਪੜ੍ਹਾਂਗਾ।"

"ਤੇ ਤੇਰਾ ਖ਼ਰਚ ਕੌਣ ਦੇਵੇਗਾ ?" ਰਾਜੋ ਨੇ ਇਕ ਨਵੀਂ ਸਮੱਸਿਆ ਵੱਲ ਪੁੱਤਰ ਦਾ ਧਿਆਨ ਦੁਆਇਆ।

"ਜਿਹੜਾ ਤੈਨੂੰ ਆਹ ਵਧੀਆ-ਵਧੀਆ ਲੀੜੇ ਦੇਂਦਾ ਏ।"

ਪੁੱਤਰ ਦੇ ਮੂੰਹੋਂ ਇਹ ਮਿਹਣਾ ਸੁਣ ਕੇ ਰਾਜੋ ਸਿਰ ਤੋਂ ਪੈਰਾਂ ਤੱਕ ਕੰਬ ਉੱਠੀ। ਕਿੰਨਾ ਚਿਰ ਉਹ ਜਰਨੈਲ ਦੇ ਮੂੰਹ ਵੱਲ ਹੈਰਾਨ ਹੋਈ ਵੇਖਦੀ ਰਹੀ। ਉਹਦੀਆਂ ਬਾਂਹੀਂ ਆਪਣੇ ਆਪ ਢਿੱਲੀਆਂ ਹੋ ਗਈਆਂ। ਜਰਨੈਲ ਉਹਦੀ ਜੱਫੀ 'ਚੋਂ ਨਿਕਲ ਕੇ ਇਕ ਕਦਮ ਪਿੱਛੇ ਹਟ ਕੇ ਸਾਹਮਣੇ ਖਲੋ ਗਿਆ। ਉਸ ਅੱਠਾਂ ਵਰ੍ਹਿਆਂ ਦੇ ਬੱਚੇ ਦੇ ਚਿਹਰੇ ਉੱਤੇ ਕਰੋਧ ਨਾਲ ਤਿਊੜੀਆਂ ਪਈਆਂ ਹੋਈਆਂ ਸਨ। ਉਹਦੀਆਂ ਅੱਖਾਂ ਵਿਚੋਂ ਨਫ਼ਰਤ ਚੰਗਿਆੜੀਆਂ ਬਣ ਕੇ ਨਿਕਲ ਰਹੀ ਸੀ। ਰਾਜੋ ਬਹੁਤ ਚਿਰ ਪੁੱਤਰ ਦੀ ਇਸ ਤੱਕਣੀ ਦਾ ਟਾਕਰਾ ਨਾ ਕਰ ਸਕੀ। ਉਹਦੀਆਂ ਅੱਖਾਂ ਵਿੱਚ ਹੰਝੂ ਭਰ ਆਏ। ਉਹਨੇ ਹੇਠਾਂ ਮੂੰਹ ਕਰਕੇ ਸਿਰ ਦੇ ਲੀੜੇ ਨਾਲ ਉਹ ਦਗਦੇ ਅੰਗਿਆਰ ਮਿੱਧ ਸੁੱਟੇ।

"ਜਰਨੈਲ। ਮੈਨੂੰ ਇਹ ਆਸ ਨਹੀਂ ਸੀ ਕਿ ਤੂੰ ਪੁੱਤ ਹੋ ਕੇ ਵੀ ਮੈਨੂੰ ਮਿਹਣੇ ਦੇਵੇਂਗਾ।" ਰਾਜੋ ਨੇ ਪੱਲੇ ਨਾਲ ਸਾਰਾ ਮੂੰਹ ਲੁਕਾ ਲਿਆ।

"ਮਾਂ!" ਜਰਨੈਲ ਸਾਰੇ ਜ਼ੋਰ ਨਾਲ ਚੀਕਿਆ। ਉਹ ਸਿਰ ਤੋਂ ਪੈਰਾਂ ਤਕ ਇਉਂ ਕੰਬ ਰਿਹਾ ਸੀ, ਜਿਵੇਂ ਤੇਜ਼ ਬੁਖ਼ਾਰ ਦੇ ਕਾਰਨ ਸਰਸਾਮ ਦੀ ਹਾਲਤ ਵਿੱਚ ਹੋਵੇ।

ਰਾਜੋ ਨੇ ਅੱਖਾਂ ਤੋਂ ਪੱਲਾ ਹਟਾ ਕੇ ਡਰਦਿਆਂ ਡਰਦਿਆਂ ਜਰਨੈਲ ਦੇ ਮੂੰਹ ਵੱਲ ਤਕਿਆ। ਉਹ ਮੂੰਹੋਂ ਕੁਝ ਨਾ ਬੋਲ ਸਕੀ, ਪਰ ਉਹਦੀਆਂ ਅੱਖਾਂ ਕਹਿ ਰਹੀਆਂ ਸਨ : 'ਦਸ ਚੰਨਿਆ। ਕੀ ਪੁੱਛਦਾ ਏਂ।'

"ਸੱਚ-ਸੱਚ ਦਸ, ਮੈਂ ਕੀਹਦਾ ਪੁੱਤਰ ਆਂ?" ਜਰਨੈਲ ਨੇ ਬਿਨਾਂ ਨਜ਼ਰ ਝੁਕਾਏ ਪੁੱਛਿਆ।



WWW.SIKHBOOKCLUB.COM 

"ਜਰਨੈਲ! ਅੱਜ ਤੈਨੂੰ ਕੀ ਹੋ ਗਿਆ ਏ ? ਕਿਹੋ ਜੇਹੇ ਸਵਾਲ ਕਰਦਾ ਏਂ ਤੂੰ। ਮੁੰਡਿਆਂ ਜੁੜ ਜਾਣਿਆਂ ਤੈਨੂੰ ਕੀ ਭਿੱਤੀ ਪੜ੍ਹਾਈ ਏ। ਤੂੰ ਅਜੇ ਅੰਞਾਣਾ ਏਂ। ਤੈਨੂੰ ਇਹਨਾਂ ਗੱਲਾਂ ਦੀ ਕੀ ਸਮਝ ਏ ?"

"ਮੈਨੂੰ ਸਾਰੀ ਸਮਝ ਏ। ਮੈਂ ਤੀਸਰੀ 'ਚ ਪੜ੍ਹਦਾ ਆਂ। ਸਭ ਕੁਝ ਸਮਝਦਾਂ ਮੈਂ। ਮੈਨੂੰ ਸੱਚ-ਸੱਚ ਦੱਸ।"

"ਤੂੰ ਆਵਦੇ ਚਾਚੇ ਦਾ ਪੁੱਤ ਏਂ।"

ਜਰਨੈਲ ਛੁੱਡੇ ਨੂੰ ਚਾਚਾ ਤੇ ਲੱਖਾ ਸਿੰਘ ਨੂੰ ਬਾਬਾ ਕਹਿੰਦਾ ਸੀ।

"ਨਹੀਂ। ਚਾਚੇ ਦਾ ਪੁੱਤ ਨਹੀਂ ਮੈਂ। ਤੂੰ ਝੂਠ ਮਾਰਦੀ ਏਂ। ਸੱਚ-ਸੱਚ ਦੱਸ, ਨਹੀਂ ਤਾਂ.......।" ਛੋਟਾ ਜੇਹਾ ਜਰਨੈਲ, ਇਕ ਸੱਚ-ਮੁੱਚ ਦੇ ਫ਼ੌਜੀ ਜਰਨੈਲ ਵਾਂਗ ਸਾਹਮਣੇ ਛਾਤੀ ਤਾਣ ਕੇ ਖੜਾ ਧਮਕੀ ਦੇ ਰਿਹਾ ਸੀ।

ਜਰਨੈਲ ਨੂੰ ਪੂਰਾ ਵਿਸ਼ਵਾਸ ਸੀ ਕਿ ਉਹ ਛੁੱਡੇ ਦਾ ਪੁੱਤਰ ਨਹੀਂ। ਛੁੱਡੇ ਦਾ ਆਪਣਾ ਇਕਬਾਲ ਉਹਦੇ ਕੰਨਾਂ ਵਿੱਚ ਗੂੰਜ ਰਿਹਾ ਸੀ। ਬਿਨਾਂ ਖ਼ਾਸ ਕੰਮ ਛੁੱਡਾ ਪਰ੍ਹੇ ਪੰਚਾਇਤ ਵਿੱਚ ਕਦੇ ਨਹੀਂ ਸੀ ਜਾਂਦਾ। ਪਰ ਕਿਸੇ ਮਰਨੇ ਪਰਨੇ ਤਾਂ ਬਰਾਦਰੀ ਵਿੱਚ ਜਾਣਾ ਹੀ ਪੈਂਦਾ ਸੀ। ਕਹਿੰਦੇ ਹਨ : ਇਨਸਾਨ ਸਮਾਜਕ ਜਾਨਵਰ ਹੈ। ਬਰਾਦਰੀ ਤੋਂ ਵੱਖ ਹੋ ਕੇ ਇਹ ਨਹੀਂ ਜਿਉਂ ਸਕਦਾ। ਜਿਹੜੇ ਹੱਠ ਕਰਕੇ ਸਮਾਜ ਨੂੰ ਛੱਡ ਕੇ ਨੱਸਦੇ ਵੀ ਹਨ, ਉਹ ਆਪਣਾ ਨਵਾਂ ਸਮਾਜ, ਨਵਾਂ ਭਾਈਚਾਰਾ ਬਨਾਉਣ ਵਾਸਤੇ ਮਜਬੂਰ ਹੋ ਜਾਂਦੇ ਹਨ। ਉਹ ਹੁੰਦੀ ਹੈ ਭਗੌੜਿਆਂ ਦੀ ਬਰਾਦਰੀ।

ਬਰਾਦਰੀ ਵਿੱਚ ਵਿਆਹ ਸੀ। ਛੁੱਡੇ ਨੂੰ ਕੰਮ ਤੋਂ ਛੁੱਟੀ ਕਰਕੇ ਵਿਆਹ ਵਿੱਚ ਸ਼ਾਮਲ ਹੋਣਾ ਪਿਆ। ਹੁਣ ਛੁੱਡੇ ਦੇ ਸਿਰ 'ਤੇ ਲੰਮੇ ਕੇਸ ਤੇ ਮੂੰਹ 'ਤੇ ਭਰਵੀਂ ਦਾੜ੍ਹੀ ਸੀ। ਉਹਦੇ ਤੇੜ ਲੱਠੇ ਦੀ ਚਾਦਰ, ਗਲ ਟਵਿੱਲ ਦਾ ਚਿੱਟਾ ਕੁੜਤਾ, ਤੇ ਸਿਰ 'ਤੇ ਸੱਤਾਂ ਗਜ਼ਾਂ ਦੀ ਸਫ਼ੇਦ ਮਲਮਲ ਦੀ ਪੱਗ ਸੀ। ਬਦਕਿਸਮਤੀ ਨੂੰ ਜਰਨੈਲ ਵੀ ਮਾਂ ਦਾ ਧੱਕਿਆ ਧਕਾਇਆ ਉਹਦੇ ਨਾਲ ਚਲਾ ਗਿਆ। ਜਰਨੈਲ ਓਦੋਂ ਸੱਤ ਸਾਲ ਦਾ ਸੀ।

"ਔਧਰ ਵੇਖੋ! ਅੱਜ ਛੁੱਡਾ ਬਗਲਾ ਬਣਿਆ ਔਂਦਾ ਜੇ।" ਨਿਹਾਲੇ ਨੇ ਬਾਕੀਆਂ ਦਾ ਧਿਆਨ ਉਸ ਵੱਲ ਦੁਆਉਂਦਿਆਂ ਕਿਹਾ।

ਬਰਾਦਰੀ ਦੇ ਬਹੁਤ ਸਾਰੇ ਬੰਦੇ ਖੂਹੀ ਉੱਤੇ ਲਸੂੜੀ ਦੀ ਛਾਂਵੇਂ ਮੰਜੇ ਡਾਹੀ ਬੈਠੇ ਸਨ।

"ਉਇ ਛੁੱਡੇ ਦੀ ਕੋਈ ਰੀਸ ਏ ? ਅੱਜ ਵੀ ਉਹ ਬਗਲਾ ਨਾ ਬਣੇ ਤਾਂ ਕਦੋਂ ਬਣੇ।" ਕੋਲੋਂ ਘਸੀਟੇ ਨੇ ਨਿਹਾਲੇ ਦੀ ਪ੍ਰੋੜ੍ਹਤਾ ਕੀਤੀ।



WWW.SIKHBOOKCLUB.COM 

"ਆਓ ਸਰਦਾਰ ਜੀ। ਬੈਠੋ। ਜੀ ਆਇਆਂ ਨੂੰ। ਮੰਜਾ ਛੱਡੋ ਉਇ ਸਰਦਾਰ ਹੋਰਾਂ ਵਾਸਤੇ।" ਨਿਹਾਲੇ ਨੇ ਟਕੋਰ ਕਰਦਿਆਂ ਕਿਹਾ।

ਬੁੱਢਾ ਇਕ ਮੰਜੇ ਉੱਤੇ ਆ ਬੈਠਾ। ਜਰਨੈਲ ਉਹਦੇ ਨਾਲ ਜੁੜ ਕੇ ਬਹਿ ਗਿਆ।

"ਤੁਸੀਂ ਨਿੱਕੇ ਸਰਦਾਰ ਵੱਲ ਵੇਖੋ। ਤੇੜ ਪਜਾਮਾ, ਗਲ਼ ਬੂਟੀਆਂ ਵਾਲੀ ਕਮੀਜ਼, ਜੂੜੇ ਉੱਤੇ ਗੁਲਾਬੀ ਰੁਮਾਲ। ਹੈ ਕਿ ਨਹੀਂ ਜਿਵੇਂ ਸਰਦਾਰ ਹਰਨਾਮ ਸੂੰਹ ਦਾ ਛੋਟਾ ਭਰਾ ਹੋਵੇ।" ਮੱਲ੍ਹੀ ਨੇ ਮਿੱਠੇ ਸ਼ਬਦਾਂ ਵਿੱਚ ਭਰਵੀਂ ਟਕੋਰ ਕੀਤੀ।

"ਓ, ਸਭ ਰਾਜੋ, ਨਾ ਸੱਚ ਸਰਦਾਰਨੀ ਰਾਜ ਕੌਰ ਦੀਆਂ ਬਰਕਤਾਂ ਨੇ। ਕਿਤੇ ਪਿਛਲੇ ਜਨਮ ਸੋਨਾ ਪੁੰਨ ਕੀਤਾ ਏ ਬੁੱਢੇ ਨੇ। ਉਹਦਾ ਫਲ ਖਾ ਰਿਹਾ ਏ।" ਘਸੀਟੇ ਨੇ ਆਪਣੇ ਵੱਲੋਂ ਬੜੀ ਤਿੱਖੀ ਟਕੋਰ ਕੀਤੀ।

"ਉਇ ਘਸੀਟਿਆ। ਤੇਰੀ ਵੀ ਤੇ ਰਾਜੋ ਹੈਗੀ ਏ। ਉਹਦੇ ਮੂੰਹ 'ਤੇ ਗੇਰੀ ਤੇ ਆਟਾ ਮਲ ਕੇ ਸਰਦਾਰਨੀ ਗਰੇਜ ਕੌਰ ਬਣਾ ਲੈ। ਤੇ ਆਪ ਲੁੱਟ ਬੁੱਲੇ ਲਸੂੜੀ ਹੇਠ ਬਹਿ ਕੇ।" ਬੁੱਢੇ ਨੇ ਮੋੜਵਾਂ ਵਾਰ ਕੀਤਾ। ਕਦੇ ਉਹ ਭੁੱਲਾ ਚੁੱਕਾ ਆਪਣੀ ਬਰਾਦਰੀ ਵਿੱਚ ਆ ਬਹੇ ਤਾਂ ਉਹਦੇ ਨਾਲ ਬੜਾ ਖੁੱਲ੍ਹ ਕੇ ਹਾਸਾ ਠੱਠਾ ਹੁੰਦਾ ਸੀ। ਉਹ ਕਿਸੇ ਦਾ ਗੁੱਸਾ ਨਾ ਕਰਦਾ। ਹਰ ਇਕ ਦੀ ਮਸ਼ਕਰੀ ਦਾ ਉਹ ਹੱਸ-ਹੱਸ ਕੇ ਉੱਤਰ ਦੇਂਦਾ। ਵੱਤਰ ਆਏ 'ਤੇ ਉਹ ਮੋੜਵੀਂ ਟਕੋਰ ਕਰਨੋਂ ਵੀ ਨਾ ਉਕਦਾ।

"ਭਈ, ਸਾਡੇ ਐਡੇ ਭਾਗ ਕਿੱਥੋਂ।" ਗੁੱਸਾ ਕਰਨ ਦੀ ਥਾਂ ਘਸੀਟੇ ਨੇ ਉਲਟਾ ਅਫ਼ਸੋਸ ਕਰਦਿਆਂ ਕਿਹਾ, "ਸਾਡੀ ਤਾਂ ਆਟਾ ਮਲਨਾ ਛੱਡਿਆ, ਕਲੀ ਕੀਤਿਆਂ ਵੀ ਰਾਜੋ ਵਰਗੀ ਨਹੀਂ ਬਣਨੀ। ਫੇਰ ਕਿਹੜਾ ਸਰਦਾਰ ਉਹਦੇ 'ਤੇ ਡੁੱਲ੍ਹੇਗਾ ?"

"ਫਿਰ ਐਵੇਂ ਹੀ ਗਿੱਦੜ ਵਾਂਗ ਭੁੜਕਣ ਡਿਹਾ ਹੋਇਆ ਏਂ ? ਅਖੇ ਗਿੱਦੜ ਦਾਖ ਨਾ ਅੱਪੜੇ, ਆਖੇ ਥੂਹ ਕੌੜੀ। ਦੂਜਿਆਂ ਵੱਲ ਵੇਖ ਕੇ ਸੜਨ ਦੀ ਥਾਂ, ਪਹਿਲਾਂ ਕੋਈ ਚੱਜ ਦੀ ਵਿਓਹਣੀ ਸੀ। ਫੇਰ ਵਿਹੰਦੋਂ, ਇਕ ਸਰਦਾਰ ਛੱਡਿਆ, ਉਹਦੇ ਬੂਹੇ ਉੱਤੇ ਸਰਦਾਰਾਂ ਦੀਆਂ ਛੋਣੀਆਂ ਪਈਆਂ ਰਹਿੰਦੀਆਂ। ਇਕ ਜਰਨੈਲ ਛੱਡਿਆ, ਤੇਰੇ ਘਰ ਜਰਨੈਲ ਵਰਗਿਆਂ ਦੀ ਪਲਟਨ ਹੁੰਦੀ ਹੁਣ ਤਕ।"

"ਵਾਹ ਬੁੱਢਿਆ! ਖ਼ੁਸ਼ ਕੀਤਾ ਈ।" ਕੋਲੋਂ ਆਸੂ ਨੇ ਉਹਦੀ ਤਾਰੀਫ਼ ਕਰਦਿਆਂ ਕਿਹਾ, "ਘਸੀਟਾ ਵੀ ਸਵੇਰ ਦਾ ਕਿਸੇ ਨੂੰ ਕੂਣ ਨਹੀਂ ਸੀ ਦੇਂਦਾ। ਚੰਗਾ ਮੂੰਹ ਬੰਦ ਕੀਤਾ ਈ।..........ਹੁਣ ਬੋਲ।" ਆਖ਼ਰੀ ਵਾਕ ਉਹਨੇ ਘਸੀਟੇ ਨੂੰ ਸੰਬੋਧਨ ਕਰਕੇ ਕਿਹਾ।

"ਹੁਣ ਕੀ ਬੋਲਾਂ ? ਜਿਹੜਾ ਬਸ਼ਰਮੀ ਮੁੱਲ ਲਏ, ਉਹਦਾ ਕੀ ਅਲਾਜ।" ਘਸੀਟਾ ਕੁਝ ਛਿੱਥਾ ਪੈ ਗਿਆ ਸੀ। ਉਹਦੇ ਚਿਹਰੇ ਦਾ ਰੰਗ ਵੀ ਬਦਲ ਗਿਆ ਸੀ।

"ਪੁੱਤਰਾ! ਅਗਲੇ ਨੂੰ ਝੇਡਾਂ ਕਰਨੀਆਂ ਸੌਖੀਆਂ ਨੇ। ਆਪਣੇ 'ਤੇ ਚੋਟ ਪਵੇ ਤਾਂ ਬਿੱਲੀ ਵਾਂਗ ਬਗਲਾਂ ਝਾਕਣੀਆਂ। ਮਹਿੰ ਵਰਗਾ ਜੇਰਾ ਚੀਹਦਾ ਏ, ਮਸ਼ਕਰੀ ਕਰਨ ਕਰੌਣ ਵਾਲੇ ਦਾ।" ਛੂੱਡੇ ਨੇ ਜਿਵੇਂ ਪਰ੍ਹੇ ਵਿੱਚ ਤੜ੍ਹ ਮਾਰੀ। ਉਹ ਕਿਸੇ ਦੇ ਵੀ ਹਾਸੇ ਠੱਠੇ ਦਾ ਗੁੱਸਾ ਨਹੀਂ ਸੀ ਕਰਦਾ।

"ਤੌਬਾ ਮੇਰੀ। ਮੈਂ ਹਾਰਿਆ।" ਘਸੀਟੇ ਨੇ ਠੱਠੇ ਨਾਲ ਹੱਥ ਜੋੜਦਿਆਂ ਕਿਹਾ।

"ਕਿਉਂ ਬੱਸ ? ਐਵੇਂ ਸਿੰਙ ਅੜਾ ਬੈਠਾ ਸੈਂ ? ਹੁਣ ਸਿੱਧਾ ਹੋ ਕੇ ਸੀਸ ਦਿਹ।" ਕੋਲੋਂ ਨਿਹਾਲੇ ਨੇ ਉਹਦੀ ਅਣਖ ਨੂੰ ਟੁੰਬਣ ਦੇ ਇਰਾਦੇ ਨਾਲ ਕਿਹਾ।

"ਇਹਥੋਂ ਕੱਲ੍ਹੇ ਤੋਂ ਨਹੀਂ ਸਾਂ ਲਈਦਾ ਪਰ ਡਰ ਤਾਂ ਮਾਰਦਾ ਏ ਸਰਦਾਰਨੀ ਰਾਜ ਕੌਰ ਦਾ। ਉਹਨੇ ਸ਼ਾਹ ਕੋਲ ਜਾ ਸ਼ਕੈਤ ਲਾਈ ਤਾਂ ਫੇਰ ਕੌਣ ਛਡਾਵੇਗਾ ?" ਘਸੀਟਾ ਹਾਰਿਆ ਹੋਇਆ ਵੀ ਹਾਰ ਮੰਨਣ ਵਾਸਤੇ ਤਿਆਰ ਨਹੀਂ ਸੀ।

"ਫੇਰ ਗਰੇਜ ਕੌਰ ਨੂੰ ਘੱਲ ਦੇਈਂ ਰਾਤ ਨੂੰ। ਸ਼ਾਹ ਉਹਦਾ ਹੋਮਾ ਤਾਂ ਨਹੀਂ ਤੋੜਦਾ। ਨਾਲ ਤੇਰੀ ਠਾਹਰ ਬਣ ਜਾਵੇਗੀ ਹਮੇਸ਼ਾਂ ਵਾਸਤੇ।" ਛੂੱਡੇ ਨੇ ਸੁਝਾਉ ਪੇਸ਼ ਕੀਤਾ।

"ਕਿੱਥੇ ਰਾਮ-ਰਾਮ, ਕਿੱਥੇ ਟੈਂ-ਟੈਂ। ਰੋਜੋ ਵੱਲ ਵੇਖ ਕੇ ਤਾਂ ਦਿਨੇ ਡਰ ਔਂਦਾ ਏ, ਰਾਤ ਉਹਨੂੰ ਬੈਠਕ ਵਿੱਚ ਕੌਣ ਵੜਨ ਦੇਵੇਗਾ ? ਇਹ ਤਾਂ ਤੂੰ ਈ ਕਿਤੇ ਰੱਬ ਦੇ ਘਰ ਛੂੰਘੀ ਕਹੀ ਮਾਰ ਲਈ ਏ।" ਘਸੀਟਾ ਦਿਲੋਂ ਛੂੱਡੇ ਦੇ ਭਾਗਾਂ ਨਾਲ ਈਰਖਾ ਕਰ ਰਿਹਾ ਸੀ।

"ਤੂੰ ਆਪ ਨਾਲ ਚਲਾ ਜਾਈਂ। ਸਰਦਾਰ ਨਾਂਹ ਨੁੱਕਰ ਵੀ ਕਰੇਗਾ ਤਾਂ ਤੂੰ ਮੱਲੋ-ਮੱਲੀ ਇਹਨੂੰ ਬੈਠਕ ਵਿੱਚ ਧੱਕ ਦੇਈਂ।"

"ਅੱਜ ਤੈਨੂੰ ਛੂੱਡਾ ਨਹੀਂ ਉਠਣ ਦੇਂਦਾ, ਘਸੀਟਿਆ। ਖ਼ੁਸ਼ੀ ਕੱਧੀਂ ਪਲਾਹੀਂ ਹੱਥ ਮਾਰ।" ਕੋਲੋਂ ਮੱਲ੍ਹੀ ਨੇ ਰਾਏ ਪੇਸ਼ ਕੀਤੀ।

"ਮੈਂ ਤਾਂ ਪਹਿਲਾਂ ਈ ਹਾਰ ਮੰਨ ਚੁੱਕਾਂ, ਪਰ ਤੁਸੀਂ ਇਹਨੂੰ ਪੁੱਛੋ, ਆਹ ਮੁੰਡਾ ਕੀਹਦਾ ਏ ? ਧਰਮ ਨਾਂ ਆਖੇ, ਇਹਦਾ ਏ ?" ਡਿਗਦੇ ਡਿਗਦੇ ਘਸੀਟੇ ਨੇ ਨਵਾਂ ਵਾਰ ਕੀਤਾ।

"ਮੁੰਡਾ ਹੈਗਾ ਏ ਸਰਦਾਰ ਦਾ। ਦੀਹਦਾ ਨਹੀਂ ਤੈਨੂੰ ?" ਜੋ ਕਿਸੇ ਨੇ ਕਹਿਣਾ ਸੀ, ਛੂੱਡੇ ਨੇ ਆਪ ਹੀ ਕਹਿ ਦਿੱਤਾ। ਸਮਝੋ, ਗਵਾਹ ਦੀ ਜਿਰ੍ਹਾ ਤੋਂ ਪਹਿਲਾਂ ਹੀ ਛੂੱਡੇ

ਨੇ ਇਕਬਾਲ ਕਰ ਲਿਆ।

"ਤੇ ਰਾਜੋ ਕੀਹਦੀ ਏ ?" ਘਸੀਟਾ ਇਸ ਤੋਂ ਵੱਡੀ ਤੇ ਨੰਗੀ ਟਕੋਰ ਨਹੀਂ ਸੀ ਕਰ ਸਕਦਾ।

"ਉਹ ਵੀ ਸਰਦਾਰ ਦੀ। ਹੋਰ, ਤੈਨੂੰ ਮੈਨੂੰ ਓਹੋ ਜੇਹੀ ਕਦੋਂ ਪਸੰਦ ਕਰਦੀ ਏ। ਮੇਰੇ ਵਾਂਗ ਆਪਣਾ ਬੂਥਾ ਤਾਂ ਵੇਖ।"

"ਫਿਰ ਤੂੰ ਕੀ ਹੋਇਓਂ ?"

"ਹੜੇਲੂ-ਪਿੱਦਾ। ਆਪਣੀ ਤਾਂ ਝੋਨੇ ਦੇ ਪੱਜ ਛੀਲੇ ਨੂੰ ਪਾਣੀ ਮਿਲਣ ਵਾਲੀ ਗੱਲ ਏ। ਹੁਣ ਤੂੰ ਆਪਣੀ ਦੱਸ।" ਡੂੱਡੇ ਨੇ ਵਿਰੋਧੀ ਨੂੰ ਕੰਡ ਪਰਨੇ ਸੁੱਟ ਕੇ, ਮਾਨੋ ਉਹਦੀ ਹਿੱਕ ਉੱਤੇ ਪਲੋ ਕੇ ਵੰਗਾਰਿਆ।

"ਦੱਸਾਂ ਕੀ। ਦੱਸਣ ਵਾਲੀ ਗੱਲ ਈ ਕੋਈ ਨਹੀਂ ਰਹੀ।" ਘਸੀਟਾ ਪਿੜ ਛੱਡ ਕੇ ਨੱਸਣ ਲਈ ਸੋਚ ਰਿਹਾ ਸੀ।

"ਮੈਂ ਦਸਦਾਂ। ਗ਼ਰੀਬ ਦੀ ਇੱਜ਼ਤ ਨੂੰ ਹੱਥ ਪੌਣੋਂ ਢਿੱਲ ਕੌਣ ਕਰਦਾ ਏ। ਤੇ ਗ਼ਰੀਬ ਦੀ ਇੱਜ਼ਤ ਹੁੰਦੀ ਈ ਕਦੋਂ ਏ। ਜ਼ਰਾ ਮੂੰਹ ਮੱਥੇ ਲਗਦੀ ਹੋਈ, ਤਾਂ ਕਿਸੇ ਸਰਦਾਰ ਨੇ ਸੰਭਾਲ ਲਈ। ਘਟੀਆ ਮੇਲ ਹੋਇਆ; ਤਾਂ ਹੋਰ ਬਥੇਰੇ ਲਾਗੂ। ਤੂੰ, ਨਿਹਾਲਾ, ਮੱਲ੍ਹੀ, ਆਸੂ, ਮੇਰੇ ਸਾਹਮਣੇ ਬਾਂਹ ਕੱਢ ਕੇ ਆਖੇ ਕੋਈ, ਕੀਹਦੀ ਹੱਲ ਉੱਤੇ ਨ੍ਹਾਤੀ ਹੋਈ ਏ।" ਡੂੱਡਾ ਕੁਝ ਰੋਹ ਵਿੱਚ ਆ ਗਿਆ ਸੀ।

"ਓ, ਜਾਣ! ਜਾਣ ਵੀ ਦਿਹ ਹੁਣ।" ਘਸੀਟੇ ਨੇ ਹੱਥ ਜੋੜਦਿਆਂ ਕਿਹਾ।

"ਜਾਣ ਕਿਉਂ ਦਿਆਂ ? ਪਹਿਲਾਂ ਛੇੜ ਕੀਹਨੇ ਛੇੜੀ ਸੀ। ਹੁਣ ਰਗੜਾ ਸਹੁ ਜ਼ਰਾ। ਮੈਂ ਸਮਝਦਾਂ, ਰਾਜੋ ਵਰਗੀ ਕੋਈ ਵੀ ਨਹੀਂ। ਉਹਤੋਂ ਅੱਧੀ ਸੋਹਣੀ ਵੀ ਕਿਸੇ ਮੇਰੇ ਤੇਰੇ ਵਰਗੇ ਦੇ ਘਰ ਵੱਸਣ ਨੂੰ ਤਿਆਰ ਨਾ ਹੁੰਦੀ। ਉਹ ਸੱਚਮੁੱਚ ਸਰਦਾਰਨੀ ਏਂ। ਸਰਦਾਰ ਨੇ ਉਹ ਆਪਣੇ ਵਾਸਤੇ ਵਿਆਹੀ ਸੀ, ਮੇਰੇ ਵਾਸਤੇ ਨਹੀਂ। ਮੈਂ ਤਾਂ ਉਹਦਾ ਹਸਾਨ ਮੰਨਦਾਂ ਕਿ ਮੈਨੂੰ ਉਹ ਚੋਂਡਿਆਂ ਤੋਂ ਫੜ ਕੇ ਘਰੋਂ ਬਾਹਰ ਨਹੀਂ ਕੱਢਦੀ।"

"ਤੂੰ ਬੜਾ ਬਹਾਦਰ ਏਂ, ਡੂੱਡਿਆ! ਤੇਰੀਆਂ ਨਹੀਂ ਰੀਸਾਂ।" ਘਸੀਟੇ ਨੇ ਫਿਰ ਵਿਅੰਗ ਕੱਸਿਆ।

"ਏਸ ਗੱਲੋਂ ਤੂੰ ਵੀ ਘੱਟ ਬਹਾਦਰ ਨਹੀਂ। ਤੇਰੀ ਵੀ ਬੈਂਕੇ ਸ਼ਾਹ ਦੀਆਂ ਰਿਉੜੀਆਂ ਚੱਥਦੀ ਏ ਦਿਨ ਰਾਤ। ਤੇ ਤੈਨੂੰ ਏਸ ਗੱਲ ਦਾ ਪਤਾ ਏ। ਭੁੱਲ ਕੋਈ ਨਹੀਂ। ਸਭ ਲੀਰਾਂ ਦੇ ਖਿੱਦੋ ਨੇ। ਭਾਵੇਂ ਕਿਸੇ ਨੂੰ ਫੋਲ ਕੇ ਵੇਖ ਲੈ।" ਡੂੱਡਾ ਸਾਰਿਆਂ ਦੇ ਪੋਤੜੇ ਫੋਲਣ 'ਤੇ ਤੁੱਲਿਆ ਹੋਇਆ ਜਾਪਦਾ ਸੀ।

ਕੁਦਰਤੀ ਫੁੱਫੇ ਦੀ ਨਿਗ੍ਹਾ ਸਾਹਮਣੇ ਬੈਠੇ ਨਿਹਾਲੇ ਨਾਲ ਜਾ ਮਿਲੀ। ਨਿਹਾਲੇ ਨੇ ਝੱਟ ਅੱਖਾਂ ਨੀਵੀਆਂ ਕਰ ਲਈਆਂ। ਉਹਦੀ ਛਾਤੀ ਧੜਕਣ ਲੱਗ ਪਈ ਤੇ ਮੱਥੇ 'ਤੇ ਤਰੇਲੀ ਆ ਗਈ। ਉਹ ਆਪਣੇ ਪਾਲੇ ਤੋਂ ਕੰਬ ਰਿਹਾ ਸੀ। ਉਹਦੀ ਭੈਣ ਜ਼ਰਾ ਰੰਗ ਰੂਪ ਦੀ ਵਾਹਵਾ ਸੀ। ਸੱਤ ਸਾਲ ਹੋ ਗਏ ਨੇ, ਉਹ ਵਿਆਹ ਤੋਂ ਦਸ ਦਿਨ ਪਹਿਲਾਂ ਨੱਥੂਵਾਲੇ ਦੇ ਸਰੈਣੇ ਨਾਲ ਨੱਸ ਗਈ ਸੀ।

ਹਾਸਾ ਠੱਠਾ ਮੁੱਕ ਗਿਆ। ਫੁੱਫੇ ਦੇ ਸਾਰੇ ਵਿਰੋਧੀ ਘੇਸਲ ਵੱਟ ਗਏ। ਫਿਰ ਤਾਂ ਐਵੇਂ ਸਰਸਰੀ ਗੱਲਾਂ-ਬਾਤਾਂ ਹੁੰਦੀਆਂ ਰਹੀਆਂ।

ਇਸ ਦਾ ਸਭ ਤੋਂ ਬੁਰਾ ਅਸਰ ਪਿਆ ਜਰਨੈਲ ਦੇ ਮਨ ਉੱਤੇ। ਤੇ ਇਹ ਅਸਰ ਦੁਮੂੰਹੀਂ ਦੇ ਡੰਗੇ ਵਾਂਗ ਸਾਰੀ ਉਮਰ ਕਾਇਮ ਰਿਹਾ। ਚੋਖਾ ਚਿਰ ਉਹ ਕਸੀਸ ਵੱਟ ਕੇ ਨੀਵੀਂ ਪਾਈ ਬੈਠਾ ਰਿਹਾ, ਤੇ ਅੰਤ ਫੁੱਫੇ ਦੇ ਰੋਕਦਿਆਂ ਵਰਜਦਿਆਂ ਵੀ ਉਹ ਉਠ ਕੇ ਘਰ ਨੂੰ ਚਲਾ ਗਿਆ। ਸਾਰਾ ਦਿਨ ਨਾ ਉਹਨੇ ਕੁਝ ਖਾਧਾ ਪੀਤਾ ਤੇ ਨਾ ਹੀ ਕਿਸੇ ਨਾਲ ਬੋਲਿਆ।

ਮਾਂ ਕੋਲੋਂ ਇਹ ਸੁਣ ਕੇ, ਕਿ ਉਹ ਫੁੱਫੇ ਦਾ ਪੁੱਤਰ ਏ, ਉਹਨੂੰ ਬੀਤੀ ਘਟਨਾ ਯਾਦ ਆ ਗਈ ਸੀ। ਏਸੇ ਵਾਸਤੇ ਉਹਨੇ ਆਖਿਆ ਸੀ, "ਨਹੀਂ। ਚਾਚੇ ਦਾ ਪੁੱਤ ਨਹੀਂ ਮੈਂ। ਤੂੰ ਸੱਚ ਦੱਸ, ਮੈਂ ਕੀਹਦਾ ਪੁੱਤਰ ਆਂ ?"

"ਦੁਸ਼ਮਣਾ। ਕੀ ਦੱਸਾਂ ਮੈਂ। ਤੂੰ ਨਹੀਂ ਸਮਝਦਾ, ਤੂੰ ਕੀ ਪੁੱਛ ਰਿਹਾ ਏਂ। ਨਹੀਂ ਸਮਝਦਾ, ਤੂੰ ਨਹੀਂ ਸਮਝਦਾ।" ਰਾਜੋ ਦਾ ਆਪਣੇ ਆਪ 'ਤੇ ਕਾਬੂ ਨਾ ਰਿਹਾ। ਉਹ ਭੁੱਬਾਂ ਮਾਰ ਕੇ ਰੋ ਪਈ। ਕੋਈ ਵੀ ਇਸਤਰੀ ਇਹ ਨਹੀਂ ਚਾਹੁੰਦੀ ਕਿ ਉਹਦਾ ਪੁੱਤਰ ਉਹਦੀਆਂ ਕਮਜ਼ੋਰੀਆਂ ਤੋਂ ਜਾਣੂੰ ਹੋਵੇ।

ਬਸੰਤ ਕੌਰ ਡਿਉਢੀ ਵਿੱਚ ਡੱਠੇ ਹੋਏ ਮੰਜੇ ਉੱਤੇ ਲੰਮੀ ਪਈ ਹੋਈ ਸੀ। ਰਾਜੋ ਦਾ ਰੋਣਾ ਸੁਣ ਕੇ ਉਹ ਉਠ ਕੇ ਉਹਦੇ ਕਮਰੇ ਵੱਲ ਤੁਰ ਪਈ।

"ਕੁੜੇ, ਕੀ ਗੱਲ ਏ। ਕਿਹੜੀ ਗੱਲੋਂ ਲੱਗੇ ਹੋਏ ਜੇ ਦੋਵੇਂ ਮਾਂ ਪੁੱਤ ਭੁਸਕਣ।" ਬਸੰਤ ਕੌਰ ਦੀ ਅਵਾਜ਼ ਬੜੀ ਨਰਮ ਸੀ।

"ਸਰਦਾਰਨੀ। ਮੈਂ ਮਰ ਗਈ। ਆਹ ਵੀ ਪੁੱਛਦਾ ਏ : ਦੱਸ, ਮੈਂ ਕੀਹਦਾ ਪੁੱਤਰ ਆਂ। ਕੀ ਦੱਸਾਂ ਮੈਂ। ਮੈਂ ਕਿਸੇ ਥਾਂ ਜੋਗੀ ਨਾ ਰਹੀ। ਮੈਂ...........ਮੈਂ...........।" ਰਾਜੋ ਬਸੰਤ ਕੌਰ ਦੇ ਪੈਰਾਂ 'ਤੇ ਡਿੱਗ ਪਈ। ਉਹਦੀ ਘੱਲ ਵਿੱਚ ਸਾਹ ਨਹੀਂ ਸੀ ਮਿਉਂਦਾ। ਗਲੋਂ ਹੜਕੋਰੇ ਤੇ ਅੱਖਾਂ ਤੋਂ ਵਹਿੰਦਾ ਪਾਣੀ ਸਾਹ ਨਹੀਂ ਸੀ ਲੈਣ ਦੇਂਦਾ। ਉਹ ਲੱਜ ਸ਼ਰਮ ਦੇ ਭਾਰ ਥੱਲੇ ਦੱਬੀ ਹੀ ਜਾ ਰਹੀ ਸੀ। ਅੱਠਾਂ ਵਰ੍ਹਿਆਂ ਦੇ ਪੁੱਤਰ ਸਾਹਮਣੇ ਉਹ

ਆਪਣੇ ਆਪ ਨੂੰ ਨਿਰਲੱਜ ਤੇ ਗੁਨਾਹਗਾਰ ਮਹਿਸੂਸ ਕਰ ਰਹੀ ਸੀ।

"ਤੇ ਤੂੰ ਏਨੀ ਗੱਲ ਉੱਤੇ ਮਰਨ ਡਹੀ ਹੋਈ ਏਂ ? ਜਰਨੈਲ ਮੇਰਾ ਪੁੱਤਰ ਏ। ਆ ਖਾਂ ਮੇਰਾ ਬੀਬਾ ਪੁੱਤ।" ਬਸੰਤ ਕੌਰ ਨੇ ਜਰਨੈਲ ਨੂੰ ਚੁੱਕ ਕੇ ਛਾਤੀ ਨਾਲ ਘੁੱਟ ਲਿਆ।

"ਮਾਂ! ਵੱਡੀ ਮਾਂ!" ਜਰਨੈਲ ਬਸੰਤ ਕੌਰ ਦੇ ਗਲ੍ਹ ਵਿੱਚ ਬਾਂਹੀਂ ਪਾ ਕੇ ਰੋਣ ਲੱਗ ਪਿਆ।

"ਇਹ ਛੋਟੀ ਗੱਲ ਨਹੀਂ, ਸਰਦਾਰਨੀ! ਮੇਰਾ ਕਲੇਜਾ ਵਿੰਧਾ ਗਿਆ ਏ। ਇਹ ਖਰੂਦੀ ਰੋਜ਼ ਮੁੰਡਿਆਂ ਨਾਲ ਲੜ ਕੇ ਔਂਦਾ ਏ। ਅੱਜ ਪਤਾ ਨਹੀਂ ਕੀ ਗੱਲ ਹੋਈ, ਆਹੰਦਾ ਏ, ਮੈਂ ਨਹੀਂ ਏਥੇ ਪੜ੍ਹਨਾ, ਮੈਂ ਕਸੂਰ ਪੜ੍ਹਾਂਗਾ। ਮੈਂ ਆਖਿਆ, ਖ਼ਰਚ ਕੌਣ ਦੇਵੇਗਾ ਤਾਂ ਪੈਂਦਾ ਹੀ ਆਹੰਦਾ ਏ, ਜਿਹੜਾ ਤੈਨੂੰ ਨਵੇਂ-ਨਵੇਂ ਲੀੜੇ ਦੇਂਦਾ ਏ। ਕੀ ਦੱਸਾਂ ਸਰਦਾਰਨੀ! ਮੈਂ ਤਾਂ ਸ਼ਰਮ ਨਾਲ ਮਰਦੀ ਜਾਂਦੀ ਆਂ। ਅਜੇ ਜੰਮ ਮੁੱਕਿਆ ਨਹੀਂ ਤੇ ਕੁਨ੍ਹਾਂ ਕਿੰਨੀਆਂ ਕੱਢਦਾ ਏ। ਆਹੰਦਾ ਏ, ਮੈਂ ਛੁੱਡੇ ਦਾ ਪੁੱਤਰ ਨਹੀਂ, ਦੱਸ ਮੇਰਾ ਪਿਉ ਕਿਹੜਾ ਏ ? ਮੈਂ ਕਿਹੜਾ ਦੱਸਾਂ ? ਮੈਂ ਕਿਸੇ ਥਾਂ ਜੋਗੀ ਨਾ ਰਹੀ। ਰਾਜੋ ਕੁਲਹਿਣੀਏ! ਤੂੰ ਜੰਮਦੀ ਕਿਉਂ ਨਾ ਮਰ ਗਈਓਂ।" ਨਾਲ ਹੀ ਰਾਜੋ ਨੇ ਸਾਰੇ ਜ਼ੋਰ ਨਾਲ ਦੁਹੱਥੜ ਆਪਣੀ ਹਿੱਕ ਵਿੱਚ ਮਾਰੀ।

"ਸ਼ੁਦੈਣ ਹੋ ਗਈ ਏਂ? ਕੀ ਹੋਇਆ ਏ ਤੈਨੂੰ ? ਉਠ, ਮੰਜੇ 'ਤੇ ਬਹੁ।" ਬਸੰਤ ਕੌਰ ਨੇ ਸੱਜੇ ਹੱਥ ਨਾਲ ਉਹਦੀ ਵੀਣੀ ਫੜ ਕੇ ਖਿੱਚ ਕੇ ਉਠਾ ਲਿਆ। "ਮੁੰਡੇ ਨੂੰ ਵਰੋਣ ਦੀ ਥਾਂ, ਉਲਟਾ ਆਪ ਪਿੱਟਣ ਬਹਿ ਗਈ ਏਂ। ਕਬੁੱਧੀ ਕਿਸੇ ਥਾਂ ਦੀ।"

ਬਸੰਤ ਕੌਰ ਦੀ ਏਸ ਝਿੜਕ ਵਿੱਚ ਕਿੰਨੀ ਹਮਦਰਦੀ ਸੀ। ਰਾਜੋ ਮੰਜੇ 'ਤੇ ਬਹਿ ਕੇ ਆਪਣੇ ਆਪ 'ਤੇ ਕਾਬੂ ਪਾਉਣ ਦਾ ਯਤਨ ਕਰਨ ਲੱਗੀ।

"ਜਰਨੈਲ! ਚੁੱਪ ਬੇਟਾ।" ਬਸੰਤ ਕੌਰ ਨੇ ਮੋਢੇ ਲੱਗੇ ਜਰਨੈਲ ਦੀ ਕੰਡ ਪਲੋਸਦਿਆਂ ਕਿਹਾ, "ਸੁਣ, ਮੁੰਡੇ ਤੈਨੂੰ ਪੁੱਛਣ ਤਾਂ ਤੂੰ ਆਖੀਂ, ਮੈਂ ਵੱਡੀ ਮਾਂ ਦਾ ਪੁੱਤ ਆਂ। ਆਪੇ ਸਾਰੇ ਚੁੱਪ ਕਰ ਜਾਣਗੇ।"

"ਤੇ ਪਿਉ ਕਿਹੜਾ ਦੱਸਾਂ ?" ਜਰਨੈਲ ਨੇ ਛੇਤੀ ਨਾਲ ਬਸੰਤ ਕੌਰ ਦੇ ਚਿਹਰੇ ਵੱਲ ਤਕਦਿਆਂ ਕਿਹਾ।

"ਇਹ ਕਿਹੜੀ ਔਖੀ ਗੱਲ ਏ। ਮੈਂ ਤੇਰੀ ਮਾਂ ਤੇ ਨ੍ਹਾਮੇ ਦਾ ਬਾਪੂ ਤੇਰਾ ਪਿਉ। ਤੂੰ ਮੇਰਾ ਪੁੱਤ ਜੁ ਹੋਇਓਂ। ਮੈਂ ਭਲਕੇ ਆਪ ਤੇਰੇ ਨਾਲ ਚੱਲਾਂਗੀ। ਸਭ ਨੂੰ ਸਮਝਾ ਆਵਾਂਗੀ। ਤੈਨੂੰ ਕੋਈ ਨਹੀਂ ਛੇੜੇਗਾ। ਇਕ ਸਾਲ ਹੋਰ ਏਥੇ ਲਾ ਲੈ, ਫਿਰ ਤੈਨੂੰ ਕਸੂਰ

ਪੜ੍ਹਨੇ ਪਾ ਦਿਆਂਗੇ।" ਬਸੰਤ ਕੌਰ ਨੇ ਸਭ ਕੁਝ ਸੁਭਾਵਕ ਢੰਗ ਨਾਲ ਕਿਹਾ।

"ਤੇ ਖ਼ਰਚ।" ਜਰਨੈਲ ਨੇ ਸਭ ਤੋਂ ਵੱਡਾ ਤੌਖਲਾ ਪ੍ਰਗਟ ਕੀਤਾ।

"ਖ਼ਰਚ ਮੈਂ ਦਿਆਂਗੀ। ਤੂੰ ਮੇਰਾ-ਪੁੱਤ ਜੁ ਹੋਇਆ।" ਬਸੰਤ ਕੌਰ ਨੇ ਹਾਮੀ ਭਰ ਦਿੱਤੀ।

ਤੇ ਅਗਲੇ ਦਿਨ ਬਸੰਤ ਕੌਰ ਜਰਨੈਲ ਦੇ ਨਾਲ ਗਈ। ਉਹ ਜਾਣ ਬੁੱਝ ਕੇ ਉਸ ਵੇਲੇ ਸਕੂਲ ਪਹੁੰਚੀ ਜਦੋਂ ਸਾਰੇ ਬੱਚੇ ਆ ਚੁੱਕੇ ਸਨ। ਵਿਹੰਦਿਆਂ ਸਾਰ ਮੁਣਸ਼ੀ ਕੁਰਸੀ ਤੋਂ ਉਠ ਕੇ ਖਲੋ ਗਿਆ। ਉਹਨੇ ਹੁਕਮ ਦੇ ਕੇ ਸਾਰੀ ਜਮਾਤ ਨੂੰ ਵੀ ਖੜਾ ਕਰ ਦਿੱਤਾ। ਸਤਕਾਰ ਵਜੋਂ ਉਹਨੇ ਕੁਰਸੀ ਵੱਲ ਇਸ਼ਾਰਾ ਕਰਦਿਆਂ ਕਿਹਾ, "ਆਓ, ਮਾਂ ਜੀ! ਬੈਠੋ। ਤੁਸਾਂ ਆਪ ਖੇਚਲ ਕੀਤੀ। ਮੈਨੂੰ ਹੁਕਮ ਭੇਜ ਦੇਂਦੇ, ਮੈਂ ਆਪ ਹਾਜ਼ਰ ਹੋ ਜਾਂਦਾ।"

"ਕੋਈ ਨਹੀਂ ਮੁਣਸ਼ੀ ਜੀ! ਇਹ ਕਿਹੜਾ ਦੂਰ ਏ ?" ਬਸੰਤ ਕੌਰ ਨੇ ਕੁਰਸੀ [illegible] ਕਰਿਆ ਕਰਦਾ ਸੀ।

"ਕੋਈ ਨਹੀਂ, ਇਹਨਾਂ ਨੂੰ ਵੀ ਕਾਹਨੂੰ ਕੁਝ ਕਹਿਣਾ ਏਂ। ਮੈਂ ਸਾਰਿਆਂ ਦੀ ਤਸੱਲੀ ਕਰਨ ਵਾਸਤੇ ਆ ਗਈ ਆਂ। ਸੁਣੋ ਭਈ!" ਬਸੰਤ ਕੌਰ ਨੇ ਸਾਰੇ ਬੱਚਿਆਂ ਵੱਲ ਨਜ਼ਰ ਮਾਰਦਿਆਂ ਕਿਹਾ, "ਏਹਾ ਪੁੱਛਦੇ ਓ ਨਾ ਰੋਜ਼, ਕਿ ਇਹ ਕੀਹਦਾ ਪੁੱਤਰ ਏ। ਇਹ ਮੇਰਾ ਪੁੱਤਰ ਏ। ਮੈ ਇਹਨੂੰ ਆਪਣਾ ਪੁੱਤ ਬਣਾ ਲਿਆ ਏ। ਮੈਂ ਇਹਦੀ ਮਾਂ ਤੇ ਹਰਨਾਮ ਦਾ ਬਾਪੂ ਇਹਦਾ ਪਿਊ। ਹੁਣ ਇਹਨੂੰ ਛੇੜੋਗੇ ਤਾਂ ਮੈਂ ਤੁਹਾਡੇ ਨਾਲ ਗੁੱਸੇ ਹੋ ਜਾਵਾਂਗੀ। ਇਹ ਮੇਰਾ ਪੁੱਤਰ ਜੁ ਹੋਇਆ। ਅਸਲ ਵਿੱਚ ਮੈਂ ਇਉਂ ਸਮਝਦੀ ਆਂ, ਜਿਵੇਂ ਤੁਸੀਂ ਸਾਰੇ ਮੇਰੇ ਪੁੱਤਰ ਓ।" ਸੱਚਮੁੱਚ ਹੀ ਉਹ ਐਸਾ ਸਮਝ ਰਹੀ ਸੀ। ਰਚਨਹਾਰ ਨੇ ਬੜਾ ਵੱਡਾ ਦਿਲ ਬਖ਼ਸ਼ਿਆ ਸੀ ਉਹਨੂੰ।

"ਮੈਂ..........ਵੀ..........ਤੇਰਾ...........ਪੁੱਤ ਆਂ ?" ਪਿੱਛੇ ਬੈਠੇ ਚਾਰ ਕੁ



"ਮੈਂ..........ਵੀ..........ਤੇਰਾ...........ਪੁੱਤ ਆਂ ?" ਪਿੱਛੇ ਬੈਠੇ ਚਾਰ ਕੁ

218

ਸਾਲ ਦੇ ਤਾਰੇ ਨੇ ਰੁਕ-ਰੁਕ ਕੇ ਕਿਹਾ। ਉਹ ਸਕੂਲ ਵਿੱਚ ਦਾਖ਼ਲ ਨਹੀਂ ਸੀ, ਪਰ ਵੱਡੇ ਭਰਾ ਸ਼ੰਗਾਰੇ ਨਾਲ ਜਮਾਤ ਵਿੱਚ ਆ ਬੈਠਿਆ ਕਰਦਾ ਸੀ।

"ਹੋਰ ਤੂੰ ਕੀ ਏਂ ?" ਬਸੰਤ ਕੌਰ ਨੇ ਉਹਦਾ ਮਤਲਬ ਸਮਝਦਿਆਂ ਮੁਸਕੜੀਆਂ 'ਚੋ ਹੱਸਦਿਆਂ ਕਿਹਾ।

"ਮੇਰੀ.............ਮਾਂ ਆਹੰਦੀ ਸੀ, ਤੂੰ ਨ੍ਹਾਮੇ ਦੀ ਮਾਂ ਦਾ ਦਿਉਰ ਲੱਗਦਾ ਏਂ। ਉਹ ਤੇਰੀ.........ਭਾਬੀ ਲੱਗਦੀ ਏ।" ਤਾਰੇ ਨੇ ਬੜੇ ਭੋਲੇ ਭਾਅ ਗੋਲ-ਮਟੋਲ ਮੂੰਹ ਤੋਂ ਝਕਦਿਆਂ ਝਿਜਕਦਿਆਂ ਕਿਹਾ।

"ਆ ਉਰ੍ਹਾਂ।" ਬਸੰਤ ਕੌਰ ਨੇ ਦੋਵੇਂ ਬਾਂਹੀਂ ਫੈਲਾ ਕੇ ਪਿਆਰ ਨਾਲ ਕਿਹਾ। ਤਾਰਾ ਉਹਦੇ ਕੋਲ ਆ ਗਿਆ। ਬਸੰਤ ਕੌਰ ਨੇ ਉਹਨੂੰ ਚੁੱਕ ਕੇ ਆਪਣੀ ਗੋਦ ਵਿੱਚ ਬਿਠਾ ਲਿਆ। "ਆਪਣੀ ਮਾਂ ਨੂੰ ਆਖੀਂ, ਨ੍ਹਾਮੇ ਦੀ ਮਾਂ ਆਹੰਦੀ ਸੀ, ਛੋਟੇ ਦਿਉਰ ਵੀ ਪੁੱਤਰਾਂ ਵਰਗੇ ਹੁੰਦੇ ਨੇ, ਤੇ ਵੱਡੀਆਂ ਭਰਜਾਈਆਂ ਮਾਂਵਾਂ ਵਰਗੀਆਂ, ਸਮਝਿਆ ?"

"ਹਾਂ।" ਤਾਰੇ ਨੇ ਸਿਰ ਹਿਲਾ ਕੇ ਹਾਮੀ ਭਰੀ।

"ਕੀ ਸਮਝਿਆ।" ਬਸੰਤ ਕੌਰ ਨੇ ਐਵੇਂ ਹੁੰਗਾਰੇ ਵਜੋਂ ਸਵਾਲ ਕਰ ਦਿੱਤਾ।

"ਛੋਟੇ ਦਿਉਰ ਪੁੱਤਾਂ ਵਰਗੇ—ਏ—ਏ—ਪੁੱਤਾਂ ਵਰਗੇ ਹੁੰਦੇ ਨੇ, ਤੇ..........ਤੇ........ਵੱਡੀਆਂ ਭਾਬੀਆਂ............ਮਾਂਵਾਂ ਵਰਗੀਆਂ।" ਛੋਟੇ ਜੇਹੇ ਤਾਰੇ ਨੇ ਰਾਖਵੇਂ ਤੋਤੇ ਵਾਂਗ ਸਬਕ ਦੁਹਰਾ ਦਿੱਤਾ।

ਉਹਦੇ ਕਹਿਣ-ਢੰਗ 'ਤੇ ਸਾਰੀ ਜਮਾਤ ਖਿੜ-ਖਿੜਾ ਕੇ ਹੱਸ ਪਈ।

"ਹਾਂ—ਅ। ਬਹੁਤ ਬੀਬਾ। ਹੁਣ ਤੂੰ ਮੇਰਾ ਦਿਉਰ ਵੀ ਤੇ ਪੁੱਤ ਵੀ।" ਬਸੰਤ ਕੌਰ ਨੇ ਪਿਆਰ ਨਾਲ ਉਹਦਾ ਮੂੰਹ ਚੁੰਮ ਲਿਆ। ਉਹ ਸ਼ਰੀਕੇ ਵਿੱਚੋਂ ਦੂਰੋਂ ਨੇੜਿਓਂ ਉਹਦਾ ਦਿਉਰ ਲੱਗਦਾ ਸੀ। ਤਾਰੇ ਦੇ ਪਿਉ ਤੇ ਦਾਦੇ ਦੇ ਘਰ ਪਿਛਲੀ ਉਮਰੇ ਔਲਾਦ ਹੁੰਦੀ ਰਹੀ ਸੀ। ਇਸ ਵਾਸਤੇ ਪੀੜ੍ਹੀ 'ਚ ਫ਼ਰਕ ਪੈ ਗਿਆ। ਚਾਰ ਸਾਲ ਦਾ ਤਾਰਾ, ਇਕ ਪੋਤਰੇ ਦੀ ਦਾਦੀ ਬਸੰਤ ਕੌਰ ਦਾ ਦਿਉਰ ਲੱਗਦਾ ਸੀ।

ਹਰਨਾਮ ਸਿੰਘ ਦੇ ਘਰ ਛੇ ਮਹੀਨੇ ਦਾ ਪਲੇਠੀ ਦਾ ਕਾਕਾ ਸੀ। ਬਸੰਤ ਕੌਰ ਮਾਂ ਤੋਂ ਵੱਧ ਕੇ ਦਾਦੀ ਬਣ ਗਈ ਸੀ। ਪੋਤਰੇ ਨੂੰ ਗੋਦ ਵਿੱਚ ਲੈ ਕੇ ਉਹ ਆਪਣੇ ਆਪ ਨੂੰ ਬਹੁਤ ਵਡੇਰੀ ਉਮਰ ਦੀ ਮਹਿਸੂਸ ਕਰਦੀ। ਭਾਵੇਂ ਸਿਹਤ ਉਹਦੀ ਹੱਛੀ ਸੀ। ਪਲ ਦਾ ਪਲ ਉਹਨੇ ਸਾਰੀ ਉਮਰ ਉੱਤੇ ਝਾਤੀ ਮਾਰੀ। ਕਦੇ ਉਹ ਕੁੜੀ-ਚਿੜੀ ਹੁੰਦੀ ਸੀ। ਫਿਰ ਵਹੁਟੀ ਬਣ ਗਈ। 'ਕੁੜੇ! ਪੱਲਾ ਚੁੱਕ ਕੇ ਵਹੁਟੀ ਦਾ ਮੂੰਹ ਤਾਂ ਵੇਖੋ।' ਅਜੇ ਕੱਲ੍ਹ ਦੀਆਂ ਗੱਲਾਂ ਜਾਪਦੀਆਂ ਸਨ। ਫਿਰ ਉਹ ਚਾਚੀ ਬਣ ਗਈ, ਤਾਈ ਬਣ



WWW.SIKHBOOKCLUB.COM 

ਗਈ, ਮਾਂ ਬਣ ਗਈ। ਤੇ ਸੁੱਖੀ-ਲੱਧੇ ਪੋਤਰੇ ਦੇ ਆਉਣ ਨਾਲ ਉਹ ਬਣ ਗਈ ਦਾਦੀ, ਵੱਡੀ ਅੰਮਾਂ। ਉਹਨੂੰ ਨਿੱਕਿਆਂ ਹੁੰਦਿਆਂ ਦੀ ਸਹੇਲੀਆਂ ਦੀ ਲੜਾਈ ਯਾਦ ਆ ਗਈ। 'ਕਰਦੀ ਕੀ ਏ ਸਾਡੀ ਵੱਡੀ-ਅੰਮਾ।' ਹਾਂ, ਸੱਚਮੁੱਚ ਹੀ ਉਹ ਵੱਡੀ-ਅੰਮਾ ਬਣ ਗਈ ਸੀ। ਪਰ ਚਾਰ ਸਾਲਾ ਬਾਲਕ ਤਾਰੇ ਨੇ ਉਹਦਾ ਦਿਉਰ ਬਣ ਕੇ ਪਲ ਦਾ ਪਲ ਉਹਦੀ ਜਵਾਨੀ ਉਹਨੂੰ ਮੋੜ ਦਿੱਤੀ ਸੀ।

ਤਾਰੇ ਨੂੰ ਉਹਦੀ ਥਾਂ 'ਤੇ ਬਿਠਾ ਕੇ ਬਸੰਤ ਕੌਰ ਖ਼ੁਸ਼ੀ ਖ਼ੁਸ਼ੀ ਘਰ ਪਰਤੀ। ਉਹ ਆਪਣਾ ਆਪ ਬੜਾ ਹੌਲਾ ਮਹਿਸੂਸ ਕਰ ਰਹੀ ਸੀ।

## ੨੬

ਜਰਨੈਲ ਨੇ ਚੌਥੀ ਪਾਸ ਕਰ ਲਈ। ਨੰਬਰਾਂ ਦਾ ਪਤਾ ਕਰਕੇ ਮੁਣਸ਼ੀ ਨੇ ਦੱਸਿਆ ਕਿ ਜਰਨੈਲ ਵਜ਼ੀਫ਼ਾ ਲੈ ਜਾਵੇਗਾ। ਇਹ ਖ਼ੁਸ਼ਖ਼ਬਰੀ ਸੁਨਾਉਣ ਵਾਸਤੇ ਉਹ ਆਪ ਬਸੰਤ ਕੌਰ ਕੋਲ ਪੁੱਜਾ। "ਮਾਂ ਜੀ! ਮੁਬਾਰਕ ਹੋਵੇ! ਤੁਹਾਡਾ ਪੁੱਤਰ ਵਜ਼ੀਫ਼ਾ ਲੈ ਗਿਆ ਏ।" ਕੋਲ ਖੜੇ ਜਰਨੈਲ ਦੀ ਕੰਡ ਥਾਪੜਦਿਆਂ ਮੁਣਸ਼ੀ ਨੇ ਕਿਹਾ, "ਹੁਣ ਇਹਦੇ ਕਸੂਰ ਦਾਖ਼ਲ ਹੋਣ ਦਾ ਪ੍ਰਬੰਧ ਕਰ ਦਿਓ।"

"ਉਂਹ! ਤੁਹਾਡਾ ਪੁੱਤਰ। ਜਿਵੇਂ ਸੱਜੇ ਪੱਟੋਂ ਕੱਢਿਆ ਹੁੰਦਾ ਏ।" ਕੋਲ ਬੈਠੀ ਸਵਰਨੀ ਨੇ ਨੱਕ ਚੜ੍ਹਾਅ ਕੇ ਹੌਲੀ ਜੇਹੀ ਕਿਹਾ। ਉਹ ਜਰਨੈਲ ਨੂੰ ਬਹੁਤ ਨਫ਼ਰਤ ਕਰਦੀ ਸੀ। ਰਾਜੋ ਦੇ ਕਾਰਨ ਉਹ ਉਹਦੇ ਪੁੱਤਰ ਨੂੰ ਵੀ ਵੇਖ ਨਹੀਂ ਸੀ ਸੁਖਾਉਂਦੀ। ਈਰਖਾ ਮਾਰੀ ਉਹ ਕੋਲੋਂ ਉਠ ਕੇ ਅੰਦਰ ਚਲੀ ਗਈ।

ਸਵਰਨੀ ਦੀ ਗੱਲ ਸੁਣ ਕੇ ਵੀ ਸਾਰਿਆਂ ਨੇ ਅਣ-ਸੁਣੀ ਕਰ ਦਿੱਤੀ, ਪਰ ਜਰਨੈਲ ਦੇ ਮੱਥੇ 'ਤੇ ਤਿਊੜੀਆਂ ਪੈ ਗਈਆਂ। ਉਹਦੀ ਖ਼ੁਸ਼ੀ ਕਿਰਕਰੀ ਹੋ ਗਈ। ਉਹ ਸਾਰਾ ਗੁੱਸਾ ਵਿੱਚੇ ਵਿੱਚ ਪੀ ਗਿਆ।

"ਕਾਕਾ ਜੀ! ਤੁਹਾਨੂੰ ਈਂ ਮੁਬਾਰਕਾਂ ਨੇ। ਬੈਠੋ। ਜਰਨੈਲ, ਔਹ ਕੁਰਸੀ ਨੇੜੇ ਕਰ ਵੇ, ਆਵਦੇ ਮੁਣਸ਼ੀ ਹੋਰਾਂ ਵਾਸਤੇ।" ਬਸੰਤ ਕੌਰ ਨੇ ਹੱਥ ਦੇ ਇਸ਼ਾਰੇ ਨਾਲ ਕਿਹਾ। ਉਹ ਮੰਜੇ ਉੱਤੇ ਪੋਤਰੇ ਨੂੰ ਗੋਦੀ ਵਿੱਚ ਲਈ ਬੈਠੀ ਸੀ।

ਮੁਣਸ਼ੀ ਉਮਰ ਵਿੱਚ ਹਰਨਾਮ ਸਿੰਘ ਨਾਲੋਂ ਥੋੜ੍ਹਾ ਹੀ ਵੱਡਾ ਸੀ। ਪਰ ਇਕ ਉਹ ਸਰੀਰੋਂ ਮਧਰਾ ਤੇ ਪਤਲਾ ਜਿਹਾ ਸੀ, ਦੂਸਰੇ ਦਾੜ੍ਹੀ ਮੁੱਛ ਉਹ ਆਪਣੇ ਹੱਥਾਂ ਨਾਲ ਬਿਲੇ ਲਾਈ ਰੱਖਦਾ ਸੀ। ਸਿਰ 'ਤੇ ਅੱਧਾ-ਅੱਧਾ ਇੰਚ ਵਾਲ ਤੇ ਮੂੰਹ ਉਸਤਰੇ ਨਾਲ ਸਾਫ਼। ਵੇਖਣ ਵਾਲਾ ਉਹਨੂੰ ਹਰਨਾਮ ਸਿੰਘ ਨਾਲੋਂ ਦੋ-ਚਾਰ ਸਾਲ ਛੋਟਾ ਹੀ

ਕਹਿੰਦਾ। ਸਾਰੀਆਂ ਗੱਲਾਂ ਨੂੰ ਮੁੱਖ ਰੱਖ ਕੇ ਬਸੰਤ ਕੌਰ ਨੂੰ ਹੱਕ ਹਾਸਲ ਸੀ ਕਿ ਉਹ ਉਹਨੂੰ ਕਿਸੇ ਵੇਲੇ 'ਮੁਣਸ਼ੀ ਜੀ' ਦੀ ਥਾਂ 'ਕਾਕਾ ਜੀ' ਕਹਿਕੇ ਵੀ ਬੁਲਾ ਸਕੇ। ਉਹਦਾ ਇਉਂ ਬੁਲਾਉਣਾ ਵੀ ਮੁਣਸ਼ੀ ਨੂੰ ਚੰਗਾ ਲੱਗਦਾ ਸੀ।

"ਮਾਂ ਜੀ! ਮੈਂ ਡੀ. ਆਈ. ਦੇ ਦਫ਼ਤਰੋਂ ਆਪ ਜਾ ਕੇ ਪਤਾ ਕੀਤਾ ਸੀ। ਜਰਨੈਲ ਸਾਰੇ ਜ਼ਿਲ੍ਹੇ ਵਿੱਚੋਂ ਅੱਵਲ ਆਇਆ ਏ। ਇਹਨੂੰ ਲਾਜ਼ਮੀ ਤੌਰ 'ਤੇ ਵਜ਼ੀਫ਼ਾ ਮਿਲ ਜਾਵੇਗਾ। ਏਨੇ ਨਾਲ ਤੁਹਾਡੇ ਸਕੂਲ ਦਾ ਵੀ ਨਾਂ ਹੋ ਜਾਵੇਗਾ।" ਆਪਣਾ ਸਕੂਲ ਕਹਿਣ ਦੀ ਥਾਂ ਮੁਣਸ਼ੀ ਨੇ—ਬਸੰਤ ਕੌਰ ਦੇ ਸਤਕਾਰ ਵਜੋਂ—ਤੁਹਾਡਾ ਸਕੂਲ ਕਿਹਾ। ਜਰਨੈਲ ਦੇ ਅਵਲ ਆਉਣ ਉੱਤੇ ਉਹ ਬਹੁਤ ਖ਼ੁਸ਼ ਸੀ।

"ਇਹ ਸਭ ਤੁਹਾਡੀ ਮਿਹਨਤ ਦਾ ਫਲ ਏ। ਕੋਈ ਬੱਚਾ ਪੜ੍ਹ ਕੇ ਚੰਗਾ ਬਣ ਜਾਵੇਗਾ, ਤੁਹਾਨੂੰ ਸਾਰੀ ਉਮਰ ਅਸੀਸਾਂ ਦੇਵੇਗਾ।" ਬਸੰਤ ਕੌਰ ਨੇ ਉਸਤਾਦ ਦੀ ਵਡਿਆਈ ਕਰਨੀ ਵੀ ਜ਼ਰੂਰੀ ਸਮਝੀ।

ਗੱਲ ਹੈ ਵੀ ਠੀਕ। ਉਸਤਾਦ ਦੀ ਵਡਿਆਈ ਵੀ ਚੰਗੇ ਸ਼ਾਗਿਰਦ ਪੈਦਾ ਕਰਨ ਵਿੱਚ ਹੀ ਹੈ। ਉਸਤਾਦ ਆਪ ਭਾਵੇਂ ਕਿੰਨਾ ਵੀ ਲਾਇਕ ਹੋਵੇ, ਜੇ ਉਹ ਇਕ ਸ਼ਾਗਿਰਦ ਨੂੰ ਵੀ ਲਾਇਕ ਨਹੀਂ ਬਣਾ ਸਕਦਾ ਤਾਂ ਉਹਦੀ ਵਿਦਵਤਾ ਦੀ ਕੌਡੀ ਕੀਮਤ ਨਹੀਂ।

"ਹੁਣ ਤੁਸੀਂ ਇਹਦੇ ਹਾਈ ਸਕੂਲ ਵਿੱਚ ਦਾਖ਼ਲ ਹੋਣ ਦਾ ਪ੍ਰਬੰਧ ਕਰ ਦਿਹੋ, ਕਿਵੇਂ ਨਾ ਕਿਵੇਂ ?"

ਇਹ ਗੱਲ ਮੁਣਸ਼ੀ ਨੂੰ ਤਾਂ ਕਹਿਣੀ ਪਈ, ਕਿਉਂਕਿ ਅੰਤ ਜਰਨੈਲ ਇਕ ਮਜ਼੍ਹਬੀ ਨੌਕਰ ਨਾਲ ਵਿਆਹੀ ਹੋਈ ਰਾਜੋ ਦਾ ਪੁੱਤਰ ਸੀ। ਲੱਖਾ ਸਿੰਘ ਦਾ ਲਹੂ ਹੁੰਦਿਆਂ ਹੋਇਆਂ ਵੀ ਜਰਨੈਲ ਲੱਖਾ ਸਿੰਘ ਦਾ ਪੁੱਤਰ ਨਹੀਂ ਸੀ ਮੰਨਿਆਂ ਜਾ ਸਕਦਾ। ਇਸ ਮਸਲੇ ਵਿੱਚ ਨਾ ਕਾਨੂੰਨ ਜਰਨੈਲ ਦੀ ਮਦਦ ਕਰ ਸਕਦਾ ਸੀ, ਨਾ ਸਮਾਜ। ਸਮਾਜ ਨੂੰ ਚਲਾਉਣ ਵਾਲੇ ਸਦਾ ਵੱਡੇ ਬੰਦੇ ਹੁੰਦੇ ਹਨ।

"ਸਭ ਕੁਝ ਹੋ ਜਾਏਗਾ। ਮੈਂ ਹਰਨਾਮ ਦੇ ਬਾਪੂ ਨੂੰ ਆਖਾਂਗੀ। ਉਹ ਆਪ ਜਾ ਕੇ ਇਹਨੂੰ ਦਾਖ਼ਲ ਕਰਾ ਔਣਗੇ। ਮੈਂ ਇਹਦੇ ਨਾਲ ਬਚਨ ਕੀਤਾ ਹੋਇਆ ਏ। ਇਹ ਮੇਰਾ ਪੁੱਤਰ ਏ, ਤੇ ਪੜ੍ਹਾਈ ਦਾ ਖ਼ਰਚ ਮੈਂ ਦਿਆਂਗੀ।" ਬਸੰਤ ਕੌਰ ਆਪਣੇ ਅਧਿਕਾਰਾਂ ਨੂੰ ਸਮਝਦੀ ਸੀ। ਉਹਨੂੰ ਵਿਸ਼ਵਾਸ ਸੀ ਕਿ ਉਹਦੀ ਇਹ ਮੰਗ ਟਾਲੀ ਨਹੀਂ ਜਾ ਸਕਦੀ।

ਲੱਖਾ ਸਿੰਘ ਨੂੰ ਉਹਦੀ ਪੜ੍ਹਾਈ ਦਾ ਖ਼ਰਚ ਦੇਣਾ ਪੈਣਾ ਹੀ ਸੀ। ਬਸੰਤ ਕੌਰ

ਨਾ ਕਹਿੰਦੀ ਤਾਂ ਰਾਜੋ ਉਹਨੂੰ ਮਜਬੂਰ ਕਰ ਸਕਦੀ ਸੀ।

"ਸੁਖਵੀਰ!" ਬਸੰਤ ਕੌਰ ਨੇ ਵੱਸੋਂ ਵਾਲੇ ਅੰਦਰ ਨੂੰ ਮੂੰਹ ਕਰਕੇ ਜ਼ਰਾ ਉੱਚੀ ਅਵਾਜ਼ ਵਿੱਚ ਕਿਹਾ।

"ਆਈ ਮਾਂ ਜੀ!" ਅਵਾਜ਼ ਦੇ ਮਗਰੇ ਘੁੰਡ ਕੱਢੀ ਇਕ ਮਨੁੱਖੀ ਸਡੋਲ ਮੁਟਿਆਰ ਸਾਹਮਣੇ ਆ ਖਲੋਤੀ।

"ਜਾਹ, ਸੰਦੂਕ ਵਿੱਚੋਂ ਇਕ ਖੱਦਰ ਦਾ ਰੇਜਾ ਕੱਢ ਲਿਆ। ਨਾਲ ਪੰਜ ਰੁਪਈਏ ਤੇ ਗੁੜ ਦੀ ਥਾਲੀ ਭਰ ਲਿਆ।" ਬਸੰਤ ਕੌਰ ਨੇ ਹੁਕਮ ਕੀਤਾ।

ਇਕ ਮਿੰਟ ਵਿੱਚ ਹੀ ਸਭ ਕੁਝ ਉਹਦੇ ਸਾਹਮਣੇ ਆ ਗਿਆ। ਗੁੜ ਦੀ ਭਰੀ ਹੋਈ ਥਾਲੀ ਉੱਤੇ ਰੇਜਾ ਤੇ ਰੇਜੇ ਉੱਤੇ ਚਾਂਦੀ ਦੇ ਪੰਜ ਰੁਪੈ।

"ਲੌ, ਕਾਕਾ ਜੀ! ਇਹ ਤੁਹਾਡੀ ਨਜ਼ਰ।" ਬਸੰਤ ਕੌਰ ਨੇ ਸੱਜੇ ਹੱਥ ਨਾਲ ਸਭ ਕੁਝ ਚੁੱਕ ਕੇ ਮੁਣਸ਼ੀ ਵੱਲ ਵਧਾਅ ਦਿੱਤਾ।

"ਲੌ ਖਾਂ ਮਾਂ ਜੀ! ਇਹ ਤੁਸੀਂ ਕੀ ਖੇਚਲ ਕਰਨ ਲੱਗੇ ਜੇ। ਅੱਗੇ ਰੋਜ਼ ਤੁਹਾਡਾ ਈ ਖਾਈਦਾ ਏ ਨਾਂ।" ਮੁਣਸ਼ੀ ਨੇ ਅੱਗੋਂ ਸਤਕਾਰ ਵੱਜੋਂ ਹੱਥ ਜੋੜਦਿਆਂ ਕਿਹਾ।

"ਮਾਵਾਂ ਦਾ ਦਿੱਤਾ ਨਹੀਂ ਮੋੜੀਦਾ। ਔਗੁਣ ਹੁੰਦਾ ਏ। ਲੈ ਲੌ, ਮੇਰੇ ਪੋਤਰੇ ਪੋਤਰੀਆਂ ਮਠਿਆਈ ਖਾਣਗੇ।" ਬਸੰਤ ਕੌਰ ਨੇ ਥਾਲੀ ਮੁਣਸ਼ੀ ਦੇ ਗੋਡਿਆਂ 'ਤੇ ਧਰ ਦਿੱਤੀ।

ਮੁਣਸ਼ੀ ਨੇ ਰੁਪੈ ਜੇਬ ਵਿੱਚ ਪਾ ਲਏ ਤੇ ਰੇਜੇ ਪੱਲੇ ਗੁੜ ਬੰਨ੍ਹ ਕੇ ਕੋਲ ਖੜੇ ਜਰਨੈਲ ਨੂੰ ਚੁਕਾ ਲਿਆ। ਸਤਕਾਰ ਵਜੋਂ ਬਸੰਤ ਕੌਰ ਨੂੰ ਨਮਸਕਾਰ ਕਰਕੇ ਉਹ ਬਾਹਰ ਨੂੰ ਤੁਰ ਪਿਆ।

"ਜਰਨੈਲ! ਜਾਂਦਾ-ਜਾਂਦਾ ਰਾਜੋ ਨੂੰ ਘੱਲੀ ਜਾਈਂ ਮੇਰੇ ਵੱਲ।" ਬਸੰਤ ਕੌਰ ਨੇ ਹੁਕਮ ਕੀਤਾ। ਸੁਖਵਿੰਦਰ ਉਹਦੀ ਗੋਦ ਵਿੱਚ ਪਿਆ-ਪਿਆ ਸੌਂ ਗਿਆ ਸੀ। ਦਾਦੀ ਨੇ ਬੜੇ ਚਾਅ ਨਾਲ ਪੋਤਰੇ ਦਾ ਇਹ ਨਾਂ ਰੱਖਿਆ ਸੀ। 'ਮੇਰੀ ਨੌਂਹ ਰਾਣੀ ਸੁਖਵੀਰ ਤੇ ਇਹ ਮੇਰੀ ਸੁਖਬੀਰ ਦਾ ਸੁਖਵਿੰਦਰ।' ਪੋਤਰੇ ਨੂੰ ਤਾਂ ਸਾਰੀਆਂ ਦਾਦੀਆਂ ਪਿਆਰ ਕਰਦੀਆਂ ਨੇ, ਪਰ ਬਸੰਤ ਕੌਰ ਨੌਂਹ ਨੂੰ ਵੀ ਪਿਆਰ ਕਰਦੀ ਸੀ।

ਰਾਜੋ ਆਪਣੇ ਕਮਰੇ ਦੇ ਬੂਹੇ ਵਿੱਚ ਖੜੀ ਸਭ ਕੁਝ ਵੇਖ ਸੁਣ ਰਹੀ ਸੀ। ਜਰਨੈਲ ਦੇ ਸੁਨੇਹਾ ਦੇਣ ਤੋਂ ਪਹਿਲਾਂ ਹੀ ਉਹ ਬਸੰਤ ਕੌਰ ਵੱਲ ਤੁਰ ਪਈ।

"ਔਹ ਮੰਜਾ ਉਰ੍ਹਾਂ ਖਿਚ ਕੇ ਮੇਰੇ ਕੋਲ ਬਹਿ ਜਾ।" ਬਸੰਤ ਕੌਰ ਨੇ ਦੋ ਕਦਮ ਦੂਰ ਡੱਠੇ ਪਏ ਮੰਜੇ ਵੱਲ ਇਸ਼ਾਰਾ ਕਰਕੇ ਕਿਹਾ।

"ਨਹੀਂ, ਸਰਦਾਰਨੀ! ਮੈਂ ਤੇਰੇ ਪੈਰਾਂ ਵਿੱਚ ਈ ਠੀਕ ਆਂ।" ਵਰਜਦਿਆਂ-ਵਰਜਦਿਆਂ ਵੀ ਰਾਜੋ ਬਸੰਤ ਕੌਰ ਦੇ ਪੈਰਾਂ ਕੋਲ ਭੋਇੰ 'ਤੇ ਬਹਿ ਗਈ। ਸਰਦਾਰਨੀ ਦੇ ਪੈਰੀਂ ਹੱਥ ਲਾ ਕੇ ਉਹਨੇ ਆਪਣੇ ਮੱਥੇ ਨੂੰ ਛੁਹਾ ਲਏ।

"ਤੂੰ ਐਨਾ ਡਰਦੀ ਸੰਗਦੀ ਕਿਉਂ ਹੁੰਦੀ ਏਂ ? ਏਸ ਤਰ੍ਹਾਂ ਭੋਇੰ 'ਤੇ ਬੈਠੀ ਚੰਗੀ ਲਗਦੀ ਏਂ ? ਸੁਖਬੀਰ! ਹੇਠੋਂ ਪੀੜ੍ਹੀ ਲਿਆਵੀਂ।" ਬਸੰਤ ਕੌਰ ਨੇ ਜ਼ਰਾ ਉੱਚੀ ਕਿਹਾ।

"ਮੈਂ ਦਿਲ ਵਿਚ ਗੁਰੂਆਂ ਵਾਂਗ ਪੂਜਾ ਕਰਦੀਆਂ ਤੁਹਾਡੀ। ਤੁਹਾਡੇ ਬਰਾਬਰ ਮੈਂ ਕਦੇ ਨਹੀਂ ਬਹਿ ਸਕਦੀ, ਕਦੇ ਨਹੀਂ।" ਰਾਜੋ ਨੇ ਸਿਰ ਫੇਰਦਿਆਂ ਕਿਹਾ।

ਇਨਸਾਨ ਨੂੰ ਸਮਝਣਾ ਬੜਾ ਔਖਾ ਹੈ। ਸਵਰਨੀ ਰਾਜੋ ਨੂੰ ਬਹੁਤੀ ਘਿਰਣਾ ਕਰਦੀ ਸੀ। ਵੱਤਰ ਆਏ 'ਤੇ ਉਹ ਉਹਨੂੰ ਟਕੋਰ ਲਾਉਣੋਂ ਵੀ ਨਹੀਂ ਸੀ ਝਕਦੀ। ਉਹਦੇ ਅੱਗੇ ਰਾਜੋ ਛਾਤੀ ਤਾਣ ਕੇ ਤੁਰਦੀ ਸੀ। ਉਹ ਉਹਦੀ ਕੱਖ ਪਰਵਾਹ ਨਹੀਂ ਸੀ ਕਰਦੀ। ਉਹ ਖਚਰੀ ਜੇਹੀ ਹਾਸੀ ਹੱਸਦਿਆਂ ਉਹਨੂੰ 'ਭੈਣ ਜੀ' ਕਹਿ ਕੇ ਬੁਲਾਉਂਦੀ, ਤੇ ਉਹਦੇ ਬਰਾਬਰ ਮੰਜੇ 'ਤੇ ਬਹਿਣੋਂ ਵੀ ਨਾ ਝਿਜਕਦੀ। ਜਿੱਥੋਂ ਤਕ ਵੱਸ ਚਲਦਾ, ਉਹ ਸਵਰਨੀ ਨੂੰ ਚਿੜਾਉਣ ਵੱਲੋਂ ਫ਼ਰਕ ਨਾ ਛੱਡਦੀ। ਹੋ ਸਕਦਾ ਹੈ, ਉਹ ਦਿਲ ਵਿੱਚ ਏਥੋਂ ਤਕ ਵੀ ਕਹਿੰਦੀ ਹੋਵੇ, 'ਕੁੜੇ ਤੂੰ ਵੀ ਮੇਰੇ ਸਾਹਮਣੇ ਬੋਲਣ ਜੋਗੀ ਹੈਂ ? ਵੱਡੇ ਨਕਬੇ ਵਾਲੀਏ! ਤੇਰਾ ਸਰਦਾਰ ਮੇਰੀ ਪੈਂਦ ਵੱਲੇ ਆ ਆ ਬਹਿੰਦਾ ਈ। ਜ਼ੋਰ ਚਲਦਾ ਈ ਤਾਂ ਹਟਾ ਲੈ ਸੂ।"

ਬਸੰਤ ਕੌਰ ਰਾਜੋ ਨੂੰ ਕਦੇ ਵੀ ਮਾੜੀ ਨਜ਼ਰ ਨਾਲ ਨਹੀਂ ਸੀ ਵੇਖਦੀ। ਉਹ ਉਹਦਾ ਆਦਰ ਵੀ ਕਰਦੀ ਸੀ ਤੇ ਉਹਦੇ ਉੱਤੇ ਤਰਸ ਵੀ। ਉਹ ਆਪਣੇ ਆਪ ਨੂੰ ਇਹ ਕਹਿ ਕੇ ਸਮਝਾ ਲੈਂਦੀ, 'ਰਾਜੋ ਦਾ ਇਸ ਵਿੱਚ ਕੀ ਕਸੂਰ ? ਮੈਂ ਓਸ ਵਚਾਰੀ ਨਾਲ ਕਿਉਂ ਨਰਾਜ਼ ਹੋਵਾਂ ? ਜਿਸ ਨਾਲ ਉਹ ਖ਼ੁਸ਼ ਨੇ, ਮੈਨੂੰ ਵੀ ਖ਼ੁਸ਼ ਰਹਿਣਾ ਚਾਹੀਦਾ ਏ।' ਤੇ ਉਹ ਸੱਚੇ ਦਿਲੋਂ ਖ਼ੁਸ਼ ਰਹਿਣ ਦਾ ਯਤਨ ਕਰਦੀ ਸੀ। ਉਹਦੇ ਸਬਰ ਦੀ ਗਹਿਰਾਈ ਤਕ ਪਹੁੰਚਣਾ ਲਗਭਗ ਅਸੰਭਵ ਸੀ।

ਉਹਦੇ ਸਾਹਮਣੇ ਰਾਜੋ ਕਦੇ ਨਹੀਂ ਸੀ ਬੈਠਦੀ। ਉਹ ਆਪਣੇ ਆਪ ਨੂੰ ਤਾੜਨਾ ਕਰਦੀ ਕਹਿੰਦੀ, 'ਚੇਤੇ ਰੱਖ ਰਾਜੋ। ਤੂੰ ਇਸ ਦੇਵੀ ਦੇ ਪੈਰਾਂ ਦੀ ਜੁੱਤੀ ਵਰਗੀ ਵੀ ਨਹੀਂ। ਤੂੰ ਇਕ ਛੱਡ ਕੇ ਤਿੰਨਾਂ ਦੀ ਰਖੇਲ ਏਂ। ਹਾਂ, ਡੁੱਡੇ ਦੀ ਵੀ ਰਖੇਲ ਦੇ ਬਰਾਬਰ ਈ ਏਂ ਤੂੰ। ਤੂੰ ਕਦੇ ਵੀ ਸੱਚੇ ਦਿਲੋਂ ਉਹਨੂੰ ਆਪਣਾ ਪਤੀ ਨਹੀਂ ਮੰਨਿਆਂ। ਅਸਲ ਵਿੱਚ ਤੇਰਾ ਪਤੀ ਕੋਈ ਵੀ ਨਹੀਂ। ਤੂੰ ਸਭ ਦੀ ਰਖੇਲ ਏਂ। ਤੇ ਇਕ ਇਹ ਦੇਵੀ, ਸੀਤਾ ਵਰਗੀ ਸਤੀ, ਇਕ ਵਾਰ ਪਤੀ ਨੇ ਅੱਖਾਂ ਫੇਰੀਆਂ ਨੇ ਤਾਂ ਇਹਨੇ ਸਦਾ

ਵਾਸਤੇ ਉਹਦਾ ਮੋਹ ਤਿਆਗ ਦਿੱਤਾ ਏ। ਠੀਕ ਏ, ਅਣਖ ਵਾਲੀਆਂ ਕਿਸੇ ਦਾ ਜੂਠਾ ਕਦੋਂ ਖਾਂਦੀਆਂ ਨੇ। ਨਹੀਂ, ਮੈਂ ਇਹਦੇ ਬਰਾਬਰ ਨਹੀਂ ਹੋ ਸਕਦੀ। ਮੈਂ ਇਹਦੇ ਸਾਹਮਣੇ ਬਹੁਤ ਨੀਵੀਂ ਆਂ।'

"ਸੁਣਿਆ ਈ ? ਆਪਣਾ ਜਰਨੈਲ ਵਜ਼ੀਫਾ ਲੈ ਗਿਆ ਈ।" ਬਸੰਤ ਕੌਰ ਨੇ 'ਤੇਰਾ ਜਰਨੈਲ' ਕਹਿਣ ਦੀ ਥਾਂ 'ਆਪਣਾ' ਕਿਹਾ। ਇਸ ਵਿੱਚ ਵੀ ਰਾਜੋ ਦਾ ਆਦਰ ਮਾਣ ਕਰਨ ਦੀ ਭਾਵਨਾ ਸੀ।

"ਸਭ ਕੁਝ ਸੁਣਿਆ ਏ। ਮੇਰਾ ਨਹੀਂ, ਉਹ ਤੇਰਾ ਈ ਏ। ਤੂੰ ਹੀ ਉਹਦਾ ਮਾਂ ਪਿਉ ਏਂ, ਸਭ ਕੁਝ ਏਂ। ਰੱਬ ਤੇਰੇ ਹਰਨਾਮ ਨੂੰ, ਤੇਰੇ ਸੁਖਵਿੰਦਰ ਨੂੰ ਜੁੱਗਾਂ-ਜੁੱਗਾਂ ਤਕ ਰਾਜ਼ੀ ਖ਼ੁਸ਼ੀ ਰਖੇ। ਸਰਦਾਰਨੀ। ਸੁੱਤਿਆਂ ਜਾਗਦਿਆਂ ਹਰ ਵੇਲੇ ਮੈਂ ਗਰੀਬਣੀ ਦੇ ਅੰਦਰੋਂ ਤੇਰੇ ਵਾਸਤੇ ਅਸੀਸਾਂ ਨਿਕਲਦੀਆਂ ਰਹਿੰਦੀਆਂ ਨੇ। ਰੱਬ ਕਰੇ ਤੈਨੂੰ ਕਦੇ ਤੱਤੀ ਵਾਅ ਨਾ ਲੱਗੇ।" ਕਹਿੰਦੀ ਹੋਈ ਰਾਜੋ ਫਿਰ ਉਹਦੇ ਪੈਰਾਂ ਵੱਲ ਝੁਕ ਗਈ।

"ਹੱਛਾ, ਭਲਕੇ ਜਾਂ ਪਰਸੋਂ ਮੈਂ ਸ਼ਹਿਰ ਜਾਣਾ ਏਂ। ਤੂੰ ਮੇਰੇ ਨਾਲ ਚੱਲੀਂ। ਜਰਨੈਲ ਵਾਸਤੇ ਮਨ-ਮਰਜ਼ੀ ਦੇ ਲੀੜੇ ਬਣਾ ਲਿਆਵੀਂ। ਓਥੇ ਇਹਨੇ ਸ਼ਹਿਰੀਆਂ ਮੁੰਡਿਆਂ ਨਾਲ ਪੜ੍ਹਨਾ ਏਂ, ਜ਼ਰਾ ਲੀੜਾ ਕੱਪੜਾ ਚੰਗਾ ਈ ਚਾਹੀਦਾ ਏ।" ਬਸੰਤ ਕੌਰ ਨੇ ਰਾਜੋ ਦੀ ਨਿਮਰਤਾ 'ਤੇ ਪਸੀਜ ਕੇ ਕਿਹਾ।

"ਨਹੀਂ, ਮੈਂ ਨਹੀਂ ਜਾਣਾ। ਜਰਨੈਲ ਤੁਹਾਡਾ ਏ। ਤੁਸੀਂ ਆਪਣੀ ਮਰਜ਼ੀ ਦੇ ਬਣਾ ਲਿਔਣੇ। ਏਸ ਕੰਮ ਵਾਸਤੇ ਮੈਂ ਤੁਹਾਡੇ ਨਾਲ ਨਹੀਂ ਜਾ ਸਕਦੀ। ਹੋਰ ਕਿਸੇ ਕੰਮ ਦਾ ਹੁਕਮ ਕਰੋ, ਮੈਂ ਨੰਗੇ ਪੈਰੀਂ ਭੱਜੀ ਚੱਲਾਂਗੀ। ਮੈਂ.........ਮੈਂ..........। ਨਹੀਂ। ਤੁਸੀਂ ਨਹੀਂ ਜਾਣਦੇ, ਮੇਰੇ ਦਿਲ ਵਿੱਚ ਤੁਹਾਡੇ ਵਾਸਤੇ ਕਿੰਨਾ ਆਦਰ ਏ, ਮੈਂ ਨਹੀਂ ਦੱਸ ਸਕਦੀ।" ਰਾਜੋ ਦੀਆਂ ਅੱਖਾਂ ਵਿੱਚ ਹੰਝੂ ਭਰ ਆਏ, ਪਰ ਇਹ ਹੰਝੂ ਗ਼ੁੱਸੇ, ਦੁੱਖ ਜਾਂ ਕਿਸੇ ਅਨਾਦਰ ਕਰਕੇ ਨਹੀਂ, ਬਸੰਤ ਕੌਰ ਦੀ ਮਹਾਨ ਸ਼ਖ਼ਸੀਅਤ ਵਾਸਤੇ ਸ਼ਰਧਾ ਵਜੋਂ ਸਨ।

"ਰਾਜੋ। ਤੂੰ ਐਵੇਂ ਨਗੁਣੀ ਜੇਹੀ ਗੱਲੋਂ ਫਿੱਸ ਪੈਂਦੀ ਏਂ। ਨਾ ਮੈਂ ਤੈਨੂੰ ਬੁਰਾ ਸਮਝਦੀ ਆਂ, ਨਾ ਤੇਰਾ ਕੋਈ ਕਸੂਰ ਏ। ਮੈਂ ਤੈਨੂੰ ਆਪਣੀ ਛੋਟੀ ਭੈਣ ਵਾਂਗ ਸਮਝਦੀ ਆਂ। ਮੈਨੂੰ ਨਹੀਂ ਪਤਾ, ਤੂੰ ਆਪਣੇ ਆਪ ਨੂੰ ਐਨੀ ਨੀਵੀਂ ਕਿਉਂ ਸਮਝਦੀ ਏਂ।" ਬਸੰਤ ਕੌਰ ਨੇ ਉਹਦੇ ਅੰਦਰ ਦੀ ਪੀੜ ਨੂੰ ਮਹਿਸੂਸ ਕਰਦਿਆਂ ਕਿਹਾ।

"ਹੋਰ ਕਿਸੇ ਦੇ ਸਾਹਮਣੇ ਮੈਂ ਆਪਣੇ ਆਪ ਨੂੰ ਨੀਵੀਂ ਨਹੀਂ ਸਮਝਦੀ।" ਰਾਜੋ



WWW.SIKHBOOKCLUB.COM 

ਨੇ ਬਸੰਤ ਕੌਰ ਦੇ ਚਿਹਰੇ ਵੱਲ ਤਕਦਿਆਂ ਕਿਹਾ, "ਪਰ ਤੁਹਾਡੇ ਨਾਲ ਮੇਰੀ ਕੋਈ ਬਰਾਬਰੀ ਨਹੀਂ।" ਰਾਜੋ ਸੱਜੇ ਹੱਥ ਦੀ ਪਹਿਲੀ ਉਂਗਲ ਨਾਲ ਭੋਇੰ 'ਤੇ ਲਕੀਰਾਂ ਕੱਢਣ ਲੱਗ ਪਈ।

ਕਿੰਨਾ ਚਿਰ ਬਸੰਤ ਕੌਰ ਰਾਜੋ ਦੇ ਝੁਕੇ ਹੋਏ ਉਦਾਸ ਚਿਹਰੇ ਵੱਲ ਵਿੰਹਦੀ ਰਹੀ। ਉਹਨੂੰ ਉਸ ਮਿੱਧੀ ਹੋਈ ਜਵਾਨੀ ਉੱਤੇ ਤਰਸ ਆ ਰਿਹਾ ਸੀ। ਲੰਮਾ ਸਾਰਾ ਹਉਕਾ ਲੈਂਦਿਆਂ ਉਹ ਬੋਲੀ, "ਰਾਜੋ! ਮੈਂ ਤੇਰੇ ਦੁੱਖ ਨੂੰ ਸਮਝਦੀ ਆਂ। ਜਾਂ ਰੱਬ ਤੈਨੂੰ ਆਹ ਰੰਗ ਰੂਪ ਨਾ ਦੇਂਦਾ, ਜਾਂ ਚੰਗੇ ਘਰ ਕਿਸੇ ਸਰਦਾਰ ਦੇ ਜਨਮ ਦੇਂਦਾ। ਫਿਰ ਤੇਰਾ ਇਹ ਹਾਲ ਨਾ ਹੁੰਦਾ।"

ਰਾਜੋ ਨੇ ਅੱਗੋਂ ਕੋਈ ਹੁੰਗਾਰਾ ਨਾ ਭਰਿਆ। ਉਹ ਓਸ ਤਰ੍ਹਾਂ ਨੀਵੀਂ ਪਾਈ ਜ਼ਮੀਨ ਖੋਤਰਦੀ ਰਹੀ।

"ਹੱਛਾ, ਮੈਂ ਆਪੇ ਸਭ ਕੁਝ ਲੈ ਆਵਾਂਗੀ। ਜਿਊਂਦੀ ਰਹੀ ਤਾਂ ਮੈਂ ਜਰਨੈਲ ਨੂੰ ਦਸ ਜਮਾਤਾਂ ਤਕ ਪੜ੍ਹਾ ਦਿਆਂਗੀ। ਹਰਨਾਮ ਦੇ ਬਾਪੂ ਨੂੰ ਆਖ ਕੇ ਮੈਂ ਇਹਨੂੰ ਨੌਕਰੀ ਵੀ ਲੈ ਦਿਆਂਗੀ। ਏਸ ਗੱਲੋਂ ਉਹ ਚੰਗੇ ਨੇ। ਮੇਰੀ ਆਖੀ ਨਹੀਂ ਮੋੜਦੇ। ਇਹ ਸਾਰੀਆਂ ਗੱਲਾਂ ਤੂੰ ਮੇਰੇ 'ਤੇ ਰਹਿਣ ਦਿਹ। ਹੁਣ ਤੂੰ ਖ਼ੁਸ਼ ਹੋ ਜਾ। ਸੱਚੀਂ, ਤੇਰਾ ਉਤਰਿਆ ਚਿਹਰਾ ਵੇਖ ਕੇ ਮਰੇ ਕਲੇਜੇ ਨੂੰ ਰੁੱਗ ਭਰਿਆ ਜਾਂਦਾ ਏ। ਮੈਂ ਕਿਸੇ ਨੂੰ ਦੁੱਖੀ ਨਹੀਂ ਵੇਖ ਸਕਦੀ। ਹੱਛਾ, ਹੁਣ ਹੱਸ ਕੇ ਵਖਾ ਦਿਹ। ਅੱਜ ਤੈਨੂੰ ਉਦਾਸ ਨਹੀਂ ਹੋਣਾ ਚਾਹੀਦਾ।" ਬਸੰਤ ਕੌਰ ਨੇ ਪਿਆਰ ਨਾਲ ਇਉਂ ਕਿਹਾ, ਜਿਵੇਂ ਰਾਜੋ ਉਹਦੇ ਸਾਹਮਣੇ ਨਿੱਕੀ ਜੇਹੀ ਬਾਲੜੀ ਹੋਵੇ।

"ਸੁਖਬੀਰ! ਕਾਕਾ ਜਾਗ ਪਿਆ ਏ। ਲੈ ਫੜ ਦੁੱਧ ਪਿਆ ਸੁ।"

"ਲਿਆਓ, ਮੈਂ ਅੰਦਰ ਫੜਾ ਆਵਾਂ।" ਰਾਜੋ ਨੇ ਉਠ ਕੇ ਸੁਖਵਿੰਦਰ ਨੂੰ ਕੁੱਛੜ ਚੁੱਕ ਲਿਆ। ਏਨੇ ਤਕ ਸੁਖਬੀਰ ਆ ਪਹੁੰਚੀ। ਉਹ ਕਾਕੇ ਨੂੰ ਅੰਦਰ ਲੈ ਗਈ। ਰਾਜੋ ਆਪਣੇ ਕਮਰੇ ਵੱਲ ਚਲੀ ਗਈ।

ਫ਼ੈਸਲਾ ਹੋ ਗਿਆ। ਅਗਲੇਰੇ ਦਿਨ ਜਰਨੈਲ ਨੇ ਕਸੂਰ ਦਾਖ਼ਲ ਹੋਣ ਜਾਣਾ ਸੀ। ਉਸ ਵੇਲੇ ਉਹ ਸਾਢੇ ਨੌਂ ਸਾਲ ਦਾ ਸੀ। ਬੈਂਕੇ ਸ਼ਾਹ ਦਾ ਲੜਕਾ ਖ਼ੁਸ਼ੀਆ ਜਰਨੈਲ ਨਾਲੋਂ ਸਾਲ ਕੁ ਵੱਡਾ ਸੀ। ਉਹਨੇ ਵੀ ਕਸੂਰ ਦਾਖ਼ਲ ਹੋਣਾ ਸੀ। ਚੌਥੀ ਤੋਂ ਉੱਤੇ ਹੋਰ ਕੋਈ ਨੇੜੇ ਸਕੂਲ ਨਹੀਂ ਸੀ। ਕਸੂਰ ਵੀ ਵਰਨਾ ਤੋਂ ਚਾਰ ਮੀਲ ਸੀ। ਕੋਈ ਡਰ ਨਹੀਂ। ਦੋਵੇਂ ਗੱਲਾਂ-ਬਾਤਾਂ ਕਰਦੇ ਤੁਰੇ ਜਾਇਆ ਕਰਨਗੇ। ਦੋ ਚਾਰ ਦਿਨ ਥਕੇਵਾਂ ਹੋਵੇਗਾ, ਫੇਰ ਆਪੇ ਸੀੜ੍ਹ ਜਾਣਗੇ। ਨਾਲੇ ਏਸ ਉਮਰ ਥਕੇਵਾਂ ਕੀ ਆਖੇ ?


WWW.SIKHBOOKCLUB.COM 

ਚੌਂਕੜੀ ਦੇ ਮੇਲੇ ਵੇਲੇ ਇਹਨਾਂ ਤੋਂ ਛੋਟੇ-ਛੋਟੇ ਛਾਲਾਂ ਮਾਰਦੇ ਭੱਜੇ ਜਾਂਦੇ ਨੇ। ਸਵੇਰੇ ਘਰੋਂ ਖਾ ਕੇ ਜਾਣਗੇ, ਸਾਰਾ ਦਿਨ ਕਸੂਰ ਦੇ ਬਜ਼ਾਰਾਂ ਵਿੱਚ ਭੀੜ ਅੰਦਰ ਧੱਕੇ ਖਾਂਦੇ ਫਿਰਨਗੇ, ਪਹਿਰ ਰਾਤ ਗਈ ਘਰ ਮੁੜਨਗੇ ਤੇ ਆਖਣਗੇ, ਅੱਜ ਬੜਾ ਮੇਲਾ ਵੇਖਿਆ। ਇਹ ਵੀ ਚਲੇ ਜਾਇਆ ਕਰਨਗੇ।

"ਉਇ ਖੁਸ਼ੀਆ! ਐਧਰ ਆ।" ਜਰਨੈਲ ਨੇ ਬੜੇ ਰੁਹਬ ਨਾਲ ਕਿਹਾ।

ਦਿਨ ਛਿਪਣ 'ਤੇ ਗਿਆ ਹੋਇਆ ਸੀ। ਪਿੰਡ ਦੇ ਚੜ੍ਹਦੇ ਪਾਸੇ ਦੀ ਰੋੜ ਵਿੱਚ ਖੁਸ਼ੀਆ ਹਾਣੀਆਂ ਨਾਲ ਖੇਡ ਰਿਹਾ ਸੀ। ਜਰਨੈਲ ਦੀ ਅਵਾਜ਼ ਸੁਣ ਕੇ ਉਹ ਉਹਦੇ ਮਗਰ ਲੱਗ ਕੇ ਤੁਰ ਪਿਆ। ਮੁੰਡਿਆਂ ਤੋਂ ਦੋ ਪੈਲੀਆਂ ਦੂਰ ਜਾ ਕੇ ਜਰਨੈਲ ਖੁਸ਼ੀਏ ਦੇ ਸਾਹਮਣੇ ਛਾਤੀ ਤਾਣ ਕੇ ਖਲੋ ਗਿਆ। ਉਹਦੇ ਹੱਥ ਵਿੱਚ ਢਾਈ ਕੁ ਇੰਚ ਫਲ ਵਾਲਾ ਚਾਕੂ ਸੀ। ਆਮ ਮੁੰਡਿਆਂ ਕੋਲ ਕਲਮਾਂ ਘੜਨ ਵਾਸਤੇ ਹੁੰਦੇ ਹੀ ਹਨ।

"ਖੁਸ਼ੀਆ! ਤੈਨੂੰ ਚੇਤਾ ਏ, ਇਕ ਵਾਰ ਮੈਂ ਫੱਟੀ ਮਾਰ ਕੇ ਤੇਰਾ ਸਿਰ ਪਾੜਿਆ ਸੀ।" ਜਰਨੈਲ ਨੇ ਪੁਰਾਣੀ ਘਟਨਾ ਯਾਦ ਕਰਾਈ। ਉਸ ਵੇਲੇ ਉਹਦੇ ਮੱਥੇ ਉੱਤੇ ਕਿਸੇ ਫ਼ੌਜੀ ਜਰਨੈਲ ਵਾਂਗ ਤਿਊੜੀਆਂ ਪਈਆਂ ਹੋਈਆਂ ਸਨ।

"ਹਾਂ।" ਖੁਸ਼ੀਏ ਨੇ ਮਰੀ ਜੇਹੀ ਅਵਾਜ਼ ਵਿੱਚ ਹੁੰਗਾਰਾ ਭਰਿਆ। ਉਹਦੀ ਨਜ਼ਰ ਜਰਨੈਲ ਦੇ ਹੱਥ ਵਿੱਚ ਫੜੇ ਖੁੱਲ੍ਹੇ ਚਾਕੂ ਦੇ ਚਮਕਦੇ ਫਲ ਉੱਤੇ ਟਿਕੀ ਹੋਈ ਸੀ।

"ਹੁਣ ਮੈਂ ਤੇਰੇ ਵਾਸਤੇ ਆਹ ਖ਼ਰੀਦਿਆ ਏ।" ਜਰਨੈਲ ਨੇ ਚਾਕੂ ਵੱਲ ਤਕਦਿਆਂ ਬੜੀ ਗੰਭੀਰਤਾ ਨਾਲ ਕਿਹਾ।

"ਪਰ........ਪਰ.......ਓਦੋਂ ਪਿੱਛੋਂ ਮੈਂ ਤੈਨੂੰ ਕਦੇ ਛੇੜਿਆ ਏ ?" ਡਰ ਦੇ ਮਾਰੇ ਖੁਸ਼ੀਏ ਦੇ ਮੱਥੇ 'ਤੇ ਤਰੇਲੀ ਆ ਗਈ। ਉਹਦੀਆਂ ਲੱਤਾਂ ਕੰਬਣ ਲੱਗ ਪਈਆਂ।

"ਡਰ ਨਾ! ਮੈਂ ਵੀ ਤੈਨੂੰ ਕੁਝ ਨਹੀਂ ਆਖਣ ਲੱਗਾ। ਮੈਂ ਸਿਰਫ਼ ਦੋ ਗੱਲਾਂ ਕਰਨੀਆਂ ਨੇ ਤੇਰੇ ਨਾਲ।" ਜਰਨੈਲ ਨੇ ਚਾਕੂ ਇਕੱਠਾ ਕਰਕੇ ਪਾਸੇ ਦੀ ਜੇਬ ਵਿੱਚ ਪਾ ਲਿਆ।

"ਦੱਸ।" ਖੁਸ਼ੀਏ ਦੀ ਜਾਨ ਵਿੱਚ ਜਾਨ ਆਈ।

"ਆਪਾਂ ਦੋਹਾਂ ਪਰਸੋਂ ਤੋਂ ਕਸੂਰ ਪੜ੍ਹਨ ਜਾਣਾ ਏਂ। ਓਥੇ ਆਪਣੇ ਬਾਰੇ ਕੋਈ ਕੁਝ ਨਹੀਂ ਜਾਣਦਾ। ਜੇ ਤੂੰ ਓਥੇ ਮੇਰੇ ਬਾਰੇ ਕੋਈ ਐਸੀ ਵੈਸੀ ਗੱਲ ਕੀਤੀ ਤਾਂ ਧਰਮ ਨਾਲ ਮੈਂ ਇਹ ਕਾਚੂ ਤੇਰੇ ਢਿੱਡ ਵਿੱਚ ਮਾਰ ਦਿਆਂਗਾ।" ਜਰਨੈਲ ਨੇ ਪੂਰੀ ਦ੍ਰਿੜ੍ਹਤਾ ਨਾਲ ਕਿਹਾ।

"ਪਰ ਮੈਂ ਕੋਈ ਮਾੜੀ ਗੱਲ ਕਰਾਂਗਾ ਤਾਂ ਮਾਰੇਂਗਾ ਨਾਂ।" ਖੁਸ਼ੀਏ ਨੇ ਸ਼ੰਕਾ ਨਵਿਰਤ ਕਰਨ ਵਾਸਤੇ ਕਿਹਾ।



WWW.SIKHBOOKCLUB.COM 

"ਹਾਂ। ਐਵੇਂ ਨਹੀਂ!" ਜਰਨੈਲ ਅਜੇ ਵੀ ਉਹਦੀਆਂ ਅੱਖਾਂ ਵਿੱਚ ਤਕ ਰਿਹਾ ਸੀ।

"ਲਾਲੇ ਦੀ ਸਹੁੰ, ਜੇ ਮੈਂ ਤੇਰੀ ਮਰਜ਼ੀ ਦੇ ਉਲਟ ਇਕ ਲਫ਼ਜ਼ ਵੀ ਮੂੰਹੋਂ ਕੱਢਾਂ ਤਾਂ। ਹੋਰ ਦੱਸ।" ਖ਼ੁਸ਼ੀਆ ਹਰ ਕੀਮਤ ਉੱਤੇ ਲੜਾਈ ਤੋਂ ਬਚਣਾ ਚਾਹੁੰਦਾ ਸੀ।

"ਫੇਰ ਤੂੰ ਤੇ ਮੈਂ ਬੇਲੀ ਹੋਏ। ਮੇਰੇ ਹੁੰਦਿਆਂ ਮਜ਼ਾਲ ਏ ਕਿਸੇ ਦੀ ਤੇਰੀ ਵਾਅ ਵੱਲ ਵੀ ਵੇਖ ਜਾਏ। ਬੋਲ, ਮਨਜ਼ੂਰ ਏ ?" ਜਰਨੈਲ ਨੇ ਸੁਲਾਹਨਾਮਾ ਪੇਸ਼ ਕਰ ਦਿੱਤਾ।

"ਮਨਜ਼ੂਰ" ਖ਼ੁਸ਼ੀਏ ਨੇ ਸਭ ਸ਼ਰਤਾਂ ਪਰਵਾਨ ਕਰ ਲਈਆਂ।

"ਸੁੱਟ ਹੱਥ। ਆਪਾਂ ਅੱਜ ਤੋਂ ਪੱਕੇ ਬੇਲੀ।"

"ਹਾਂ, ਪੱਕੇ ਬੇਲੀ।" ਖ਼ੁਸ਼ੀਏ ਨੇ ਦੋਹਾਂ ਹੱਥਾਂ ਵਿੱਚ ਜਰਨੈਲ ਦਾ ਸੱਜਾ ਹੱਥ ਘੁਟਦਿਆਂ ਕਿਹਾ।

"ਜਾਹ, ਖੇਡ।" ਖ਼ੁਸ਼ੀਏ ਨੂੰ ਛੁੱਟੀ ਦੇ ਕੇ ਜਰਨੈਲ ਘਰ ਨੂੰ ਮੁੜ ਪਿਆ।

"ਨਹੀਂ, ਮੈਂ ਤੇਰੇ ਨਾਲ ਈ ਚਲਦਾਂ। ਐਵੇਂ ਮੁੰਡੇ ਪੁੱਛਣਗੇ, ਕੀ ਗੱਲਾਂ ਕਰਦੇ ਸੋ ? ਬੜੇ ਬਦਮਾਸ਼ ਨੇ।" ਖ਼ੁਸ਼ੀਆ ਉਹਦੇ ਨਾਲ ਤੁਰ ਪਿਆ। ਉਹਨੇ ਸ਼ੁਕਰ ਮਨਾਇਆ ਕਿ ਉਹ ਚਾਕੂ ਦੀ ਮਾਰ ਤੋਂ ਬਚ ਗਿਆ। ਦਿਲ ਵਿੱਚ ਉਹਨੇ ਪੰਜਾਹ ਸੌਹਾਂ ਖਾਧੀਆਂ ਕਿ ਜਰਨੈਲ ਨਾਲ ਹੋਇਆ ਸਮਝੌਤਾ ਕਦੇ ਨਹੀਂ ਤੋੜਨਾ।

ਅਗਲੇਰੇ ਦਿਨ ਤੋਂ ਦੋਵੇਂ ਗੌਰਮਿੰਟ ਹਾਈ ਸਕੂਲ ਕਸੂਰ ਦੀ ਪੰਜਵੀਂ ਜਮਾਤ ਵਿੱਚ ਦਾਖ਼ਲ ਹੋ ਗਏ।

## ੨੭

ਚੜ੍ਹਾਈ ਚੜ੍ਹਦਿਆਂ ਰੱਥ ਦੀ ਚਾਲ ਬਹੁਤ ਮੱਧਮ ਹੁੰਦੀ ਹੈ ਪਰ ਉਹ ਤੁਰਿਆ ਜਾਂਦਾ ਹੈ। ਉਹ ਤੁਰਦਾ ਰਹਿਣ ਵਾਸਤੇ ਮਜਬੂਰ ਹੁੰਦਾ ਹੈ। ਇਕ ਪਲ ਦੀ ਖਲਿਹਾਰ ਵੀ ਉਹਦੀ ਚੜ੍ਹਾਈ ਨੂੰ ਹੋਰ ਔਖੇਰਾ ਬਣਾ ਦੇਂਦੀ ਹੈ। ਅੱਗੇ ਵਧਦੇ ਰਹਿਣ ਵਿੱਚ ਹੀ ਭਲਾ ਹੁੰਦਾ ਹੈ।

ਸਿਖਰ ਟੱਪ ਕੇ ਉਤਰਾਈ ਸ਼ੁਰੂ ਹੁੰਦੀ, ਤਾਂ ਚਾਲ ਆਪਣੇ ਆਪ ਤੇਜ਼ ਹੋ ਜਾਂਦੀ ਹੈ। ਕਈ ਵਾਰ ਤਾਂ ਚਾਲ ਬੇਕਾਬੂ ਵੀ ਹੋ ਜਾਂਦੀ ਹੈ। ਰਥਵਾਨ ਸੰਭਲ-ਸੰਭਲ ਕੇ ਚੱਲਣ ਦਾ ਬੜਾ ਯਤਨ ਕਰਦਾ ਹੈ, ਫਿਰ ਵੀ ਕਈ ਵਾਰ ਸਭ ਕੁਝ ਉਹਦੀ

ਇੱਛਿਆ ਦੇ ਉਲਟ ਹੋ ਜਾਂਦਾ ਹੈ। ਉਹਦੇ ਸੰਭਲਣ ਦੇ ਪੂਰੇ ਯਤਨ ਦੇ ਬਾਵਜੂਦ ਰੱਥ ਉਲਟ ਜਾਂਦਾ ਹੈ, ਪਹੀਏ ਟੁੱਟ ਜਾਂਦੇ ਹਨ, ਢਾਂਚਾ ਵਿਗੜ ਜਾਂਦਾ ਹੈ, ਸਭ ਕੁਝ ਬੇਕਾਰ ਹੋ ਜਾਂਦਾ ਹੈ।

ਲੱਖਾ ਸਿੰਘ ਦਾ ਜੀਵਨ-ਰੱਥ ਸਿਖਰ ਟੱਪ ਕੇ ਉਤਰਾਈ ਵਾਲੇ ਪਾਸੇ ਰਿੜ੍ਹਨਾ ਸ਼ੁਰੂ ਹੋ ਗਿਆ ਸੀ, ਪਰ ਉਹ ਅਜੇ ਇਸ ਸਚਾਈ ਨੂੰ ਮੰਨਣ ਨੂੰ ਤਿਆਰ ਨਹੀਂ ਸੀ।

ਉਹਦਾ ਹਰਨਾਮ ਸਿੰਘ ਸੁਲੱਗ ਸੀ। ਨੌਂਹ ਪੁੱਤ, ਦੋਵੇਂ ਹੀ ਬੜੇ ਸਾਊ ਸਨ। ਉਹਨਾਂ ਆਪਣੀਆਂ ਜ਼ਿੰਮੇਵਾਰੀਆਂ ਸੰਭਾਲ ਲਈਆਂ ਸਨ। ਸੁਖਵੀਰ ਨੇ ਚੁੱਲ੍ਹਾ ਚੌਂਕਾ ਤੇ ਹਰਨਾਮ ਸਿੰਘ ਨੇ ਖੇਤੀ ਦਾ ਕੰਮ ਸੰਭਾਲ ਲਿਆ ਸੀ।

ਸਰਵਣ ਦਿਨੋ ਦਿਨ ਅਮੋੜ ਹੁੰਦਾ ਜਾਂਦਾ ਸੀ। ਉਹ ਮਾਂ, ਪਿਉ, ਭਰਾ, ਕਿਸੇ ਦੇ ਕਹੇ ਵਿੱਚ ਵੀ ਨਹੀਂ ਸੀ। ਉਹਦਾ ਕੰਮ ਸੀ ਸਾਰਾ ਦਿਨ ਤਾਸ਼ ਖੇਡਣਾ ਜਾਂ ਭਤੀਜੇ ਨੂੰ ਮੋਢੇ ਲਾ ਕੇ ਬਾਹਰ ਲੈ ਜਾਣਾ। ਹੁਣ ਉਹਨੇ ਢਾਣੀ ਵਿੱਚ ਬਹਿ ਕੇ ਸ਼ਰਾਬ ਪੀਣੀ ਵੀ ਸ਼ੁਰੂ ਕਰ ਦਿੱਤੀ ਸੀ। ਕੰਮ ਨੂੰ ਉਹ ਸੌਂਹ ਖਾਣ ਨੂੰ ਹੱਥ ਨਹੀਂ ਸੀ ਲਾਉਂਦਾ। ਉਹਦਾ ਘਰ ਨਾਲ ਵਾਸਤਾ ਸਿਰਫ਼ ਖ਼ਰਚਣ ਵਾਸਤੇ ਪੈਸੇ ਲੈਣ ਤਕ ਸੀ। ਉਹ ਵੀ ਉਹ ਲੱਖਾ ਸਿੰਘ ਕੋਲੋਂ ਕਦੇ ਨਾ ਮੰਗਦਾ। ਲੱਖਾ ਸਿੰਘ ਨਾਲ ਉਹ ਬਹੁਤ ਘੱਟ ਬੋਲਦਾ ਸੀ। ਆਪ ਬੁਲਾਉਣਾ ਇਕ ਪਾਸੇ ਰਿਹਾ, ਲੱਖਾ ਸਿੰਘ ਦੇ ਬੁਲਾਉਣ ਉੱਤੇ ਵੀ ਉਹ ਓਦੋਂ ਹਾਂ ਹੂੰ ਕਰਦਾ, ਜਦੋਂ ਏਨੇ ਜਵਾਬ ਬਿਨਾਂ ਸਰਦਾ ਨਾ। ਉਹਨੇ ਜੋ ਕੁਝ ਲੈਣਾ ਹੁੰਦਾ, ਸਿੱਧਾ ਸਵਰਨੀ ਕੋਲੋਂ ਮੰਗਦਾ। ਸਵਰਨੀ ਅਗ੍ਹਾਂ ਬਸੰਤ ਕੌਰ ਦੇ ਉਦਾਲੇ ਜਾ ਹੁੰਦੀ। ਬਸੰਤ ਕੌਰ ਉਹਦੇ ਮੂੰਹ ਮੰਗੇ ਪੈਸੇ ਦੇ ਦੇਂਦੀ, ਪਰ ਨਾਲ ਹੀ ਘਰ ਆਏ ਲੱਖਾ ਸਿੰਘ ਨੂੰ ਦੱਸ ਦੇਂਦੀ। ਲੱਖਾ ਸਿੰਘ ਵਿੱਚ-ਵਿੱਚ ਵਿੱਸ ਘੋਲ ਕੇ ਰਹਿ ਜਾਂਦਾ, ਪਰ ਕਰ ਕੁਝ ਨਾ ਸਕਦਾ। ਸਵਰਨੀ ਜਾਂ ਸਰਵਣ ਨੂੰ ਵਰਜਣ ਦੀ ਉਹਦੇ ਵਿੱਚ ਹਿੰਮਤ ਨਹੀਂ ਸੀ। ਸਰਵਣ ਬਾਰੇ ਪਿੰਡ ਦੇ ਲੋਕ ਚਿੱਘਾਂ ਕਰਦੇ ਰਹਿੰਦੇ : 'ਸਰਵਣ ਮਾਪਿਆਂ ਘਰ ਲਾਲ ਜੰਮਿਆਂ ਏਂ। ਇਹ ਸ਼ਾਹ ਦੀ ਜਮ੍ਹਾਂ ਕੀਤੀ ਨੂੰ ਵਾਅ ਲੁਆਵੇਗਾ।'

ਇਕ ਵਾਰ ਏਥੋਂ ਤਕ ਵੀ ਨੌਬਤ ਪਹੁੰਚ ਗਈ ਕਿ ਅਮਲੀ ਨੱਥਾ ਸਿੰਘ ਤੋਂ ਰਜਿਸਟਰੀ ਕਰਾਉਣੀ ਸੀ, ਪਰ ਘਰ ਲੋੜ ਜੋਗੇ ਪੈਸੇ ਨਹੀਂ ਸਨ। ਬਸੰਤ ਕੌਰ ਨੇ ਕੰਨਾਂ ਤੋਂ ਡੰਡੀਆਂ ਲਾਹ ਕੇ ਦੇਂਦਿਆਂ ਕਿਹਾ, "ਲਓ, ਵੇਚ ਕੇ ਵੇਲਾ ਸਾਰ ਲਓ। ਪਰ ਹੁਣ ਪੈਸਾ ਟਕਾ ਰੱਖਣ ਦਾ ਕੰਮ ਆਪ ਸੰਭਾਲ ਲਵੋ। ਮੈਂ ਸਵਰਨੀ ਨੂੰ ਨਾਂਹ ਨਹੀਂ ਕਰ ਸਕਦੀ, ਤੇ ਉਹਨੂੰ ਸਰਵਣ ਨਹੀਂ ਟਿਕਣ ਦੇਂਦਾ। ਹੁਣ ਮੈਂ ਪੈਸੇ ਨਹੀਂ ਜੇ ਵਜਣੇ।"

"ਹੂੰ!" ਇਸ ਤੋਂ ਵੱਧ ਲੱਖਾ ਸਿੰਘ ਕੁਝ ਨਾ ਕਹਿ ਸਕਿਆ।

ਸਵਰਨੀ ਲੱਖਾ ਸਿੰਘ ਤੋਂ ਬਹੁਤ ਦੂਰ ਹੋ ਗਈ ਸੀ। ਸਰੀਰ ਕਰਕੇ ਉਹ ਅਜੇ ਵੀ ਉਹਦੇ ਕੋਲ ਸੀ, ਪਰ ਦਿਲ ਕਰਕੇ ਕੋਹਾਂ ਦੂਰ। ਲੱਖਾ ਸਿੰਘ ਕੁਝ ਪੁੱਛਦਾ ਦੱਸਦਾ ਵੀ ਤਾਂ ਉਹ ਅੱਗੋਂ ਫਿੱਕਾ ਹੀ ਬੋਲਦੀ। ਮੌਕੇ ਬਣੇ 'ਤੇ ਉਹ ਕੋਈ ਤਿੱਖੀ ਟਕੋਰ ਕਰਨੋ ਵੀ ਨਾ ਉਕਦੀ। 'ਏਕ ਜੋਤਿ ਦੋਇ ਮੂਰਤੀ' ਵਾਲਾ ਰਿਸ਼ਤਾ ਉਹਨਾਂ ਵਿੱਚ ਕਦੇ ਵੀ ਨਹੀਂ ਸੀ ਬਣਿਆਂ, ਪਰ ਹੁਣ ਤਾਂ ਨਿਰਾ 'ਨਰੜ' ਹੀ ਰਹਿ ਗਿਆ ਸੀ। ਨਰੜ ਵੀ ਦੋ ਅਜੋੜ ਸੁਭਾਵਾਂ ਦਾ, ਜੋ ਇਕ ਦੂਜੇ ਦੀ ਵੱਖੀ ਵਿੱਚ ਚੂੰਡ ਮਾਰਨ ਦਾ ਵੇਲਾ ਤਾੜਦੇ ਰਹਿੰਦੇ।

ਅੱਜਕਲ੍ਹ ਸਵਰਨੀ ਬਹੁਤ ਬੇਚੈਨ ਸੀ। ਉਹ ਆਪਣੇ ਸਰੀਰ ਵਿੱਚ ਕਿਸੇ ਨਵੇਂ ਜੀਵ ਦੀ ਹੋਂਦ ਮਹਿਸੂਸ ਕਰ ਰਹੀ ਸੀ। ਉਹਦੇ ਅੰਦਰ ਇਕ ਅਨੋਖੀ ਕਿਸਮ ਦੀ ਜ਼ਿਦ ਪੈਦਾ ਹੋ ਗਈ ਸੀ। ਉਹ ਮਨ ਨਾਲ ਪੱਕਾ ਫ਼ੈਸਲਾ ਕਰ ਬੈਠੀ ਸੀ ਕਿ ਉਹ ਕਿਸੇ ਕੀਮਤ ਉੱਤੇ ਵੀ ਲੱਖਾ ਸਿੰਘ ਦੇ ਲਹੂ ਨੂੰ ਆਪਣੀ ਗੋਦ ਵਿੱਚ ਥਾਂ ਨਹੀਂ ਦੇਵੇਗੀ।

ਲੱਖਾ ਸਿੰਘ ਨਾਲ ਉਹਨੂੰ ਬਹੁਤ ਨਫ਼ਰਤ ਸੀ। ਉਹਦੇ ਪਿਆਰ ਵਿੱਚ ਭੰਗ ਪਾਉਣ ਦਾ ਜ਼ਿੰਮੇਵਾਰ ਉਹ ਲੱਖਾ ਸਿੰਘ ਨੂੰ ਹੀ ਸਮਝਦੀ ਸੀ। ਉਹਦਾ ਐਸਾ ਸੋਚਣਾ ਠੀਕ ਵੀ ਸੀ। ਉਹ ਆਸੋ ਦੇ ਦਿਉਰ ਨੂੰ ਪਿਆਰ ਕਰਦੀ ਸੀ। ਉਹ ਉਸ ਤੋਂ ਦੂਰ ਕਰ ਦਿੱਤੀ ਗਈ ਸੀ, ਉਹ ਉਹਨੂੰ ਭੁਲਾਅ ਨਹੀਂ ਸੀ ਸਕੀ। ਉਹਨੂੰ ਵਿਸ਼ਵਾਸ ਸੀ ਕਿ ਲੱਖਾ ਸਿੰਘ ਲੱਤ ਨਾ ਮਾਰਦਾ ਤਾਂ ਉਹਦਾ ਵਿਆਹ ਜ਼ਰੂਰ ਆਸੋ ਦੇ ਦਿਉਰ ਨਾਲ ਹੋ ਜਾਂਦਾ। ਲੱਖਾ ਸਿੰਘ ਨੇ ਉਹਦੇ ਚਾਅ, ਉਹਦੀਆਂ ਰੀਝਾਂ, ਉਹਦੀ ਜਵਾਨੀ, ਸਭ ਕੁਝ ਬਰਬਾਦ ਕਰ ਦਿੱਤਾ ਸੀ। ਏਹਾ ਕਾਰਨ ਸੀ ਕਿ ਉਹ ਲੱਖਾ ਸਿੰਘ ਦੀ ਔਲਾਦ ਦੀ ਮਾਂ ਬਣਨ ਨੂੰ ਤਿਆਰ ਨਹੀਂ ਸੀ। ਉਹ ਸਰਵਣ ਦਾ ਇਕ ਹੋਰ ਵੀਰ ਜ਼ਰੂਰ ਚਾਹੁੰਦੀ ਸੀ। ਇਸ ਗੱਲ ਦਾ ਉਹਦੇ ਅੰਦਰ ਝੋਰਾ ਵੀ ਸੀ, ਪਰ ਉਹ ਚਾਹੁੰਦੀ ਸੀ ਕਿ ਹੋਣ ਵਾਲਾ ਦੋਹਾਂ ਪੱਖਾਂ ਤੋਂ ਸਰਵਣ ਦਾ ਵੀਰ ਹੁੰਦਾ : ਮਾਂ ਵੱਲੋਂ ਵੀ, ਪਿਉ ਵੱਲੋਂ ਵੀ। ਧੱਕੇ ਨਾਲ ਬਣੇ ਮਾਲਕ ਤੇ ਸਖ਼ਤ ਸੁਭਾਅ ਭਰਾ ਦੀ ਕੈਦ ਨੇ ਉਹਦੀ ਇਹ ਰੀਝ ਕਦੇ ਪੂਰੀ ਨਾ ਹੋਣ ਦਿੱਤੀ। ਜ਼ਿੱਦ ਚੜ੍ਹੀ ਉਹ ਇਸ ਇਰਾਦੇ 'ਤੇ ਸਗੋਂ ਪੱਕੀ ਹੋ ਗਈ ਕਿ ਉਹ ਲੱਖਾ ਸਿੰਘ ਦੇ ਪੁਨ ਦੀ ਮਾਂ ਨਹੀਂ ਬਣੇਗੀ।

ਅੱਗੇ ਵੀ ਇਕ ਦੋ ਵਾਰ ਐਸੀ ਉਲਝਣ ਸਾਹਮਣੇ ਆਈ ਸੀ। ਉਹ ਦਾਈ ਫੱਤੋ ਦੀ ਮਦਦ ਨਾਲ ਦੂਰ ਹੋ ਗਈ ਸੀ। ਇਸ ਵਾਰ ਤਾਂ ਸ਼ਾਇਦ ਆਉਣ ਵਾਲਾ ਜੀਅ ਵੀ ਬਰਾਬਰ ਦੀ ਜ਼ਿੱਦ ਫੜ ਬੈਠਾ ਸੀ। ਫੱਤੋ ਆਪਣਾ ਸਾਰਾ ਉਹੜ ਪੁਹੜ ਕਰ

ਬੈਠੀ, ਸਾਰੀ ਵਾਹ ਲਾ ਥੱਕੀ, ਪਰ ਬਣਿਆ ਕੁਝ ਨਾ। ਏਸੇ ਤਰ੍ਹਾਂ ਛੇਵਾਂ ਮਹੀਨਾ ਸ਼ੁਰੂ ਹੋ ਗਿਆ। ਸਵਰਨੀ ਬਹੁਤ ਹੀ ਬੇਚੈਨ ਹੋ ਉਠੀ। ਸਾਰੀ ਸਾਰੀ ਰਾਤ ਉਹ ਸੋਚਾਂ ਵਿੱਚ ਡੁੱਬੀ ਗੁਜ਼ਾਰ ਦੇਂਦੀ। ਕਈ ਵਾਰ ਤਾਂ ਉਹ ਏਥੋਂ ਤਕ ਸੋਚਣ ਲੱਗ ਪੈਂਦੀ, ਕਿਉਂ ਨਾ ਮੈਂ ਖੂਹ ਵਿੱਚ ਛਾਲ ਮਾਰ ਕੇ ਸਭ ਕੁਝ ਖ਼ਤਮ ਕਰ ਦਿਆਂ। ਫਿਰ ਉਹ ਸੋਚਦੀ, 'ਇਸ ਤਰ੍ਹਾਂ ਲੋਕ ਕੀ ਆਖਣਗੇ। ਬੜੀ ਬਦਨਾਮੀ ਹੋਵੇਗੀ। ਨਹੀਂ, ਪਹਿਲਾ ਢੰਗ ਈ ਠੀਕ ਏ।'

ਇਕ ਦਿਨ ਉਹਨੇ ਫੱਤੋ ਨੂੰ ਬੁਲਾ ਕੇ ਕਿਹਾ, "ਸੁਣ ਬੇਬੇ! ਮੈਂ ਭਾਵੇਂ ਜੀਵਾਂ ਭਾਵੇਂ ਮਰਾਂ, ਪਰ ਮੈਂ ਇਹਨੂੰ ਦੁਨੀਆਂ ਦੀ ਖੁੱਲ੍ਹੀ ਵਾਅ ਵਿੱਚ ਸਾਹ ਨਹੀਂ ਲੈਣ ਦੇਣਾ। ਜਾਹ, ਕਿਸੇ ਸਿਆਣੇ ਕੋਲੋਂ ਦਵਾ ਲਿਆ। ਭਾਵੇਂ ਕਿੰਨਾ ਖ਼ਰਚ ਹੋ ਜਾਵੇ। ਭਾਵੇਂ ਕਿੰਨੀ ਔਖੀ ਹੋਵਾਂ, ਪਰ ਮੈਂ ਇਹ ਨਹੀਂ ਸਹਾਰ ਸਕਦੀ। ਜਿਵੇਂ ਵੀ ਹੋਵੇ, ਤੈਨੂੰ ਇਹ ਕਰਨਾ ਪਵੇਗਾ।"

ਇਕ ਦੋ ਵਾਰ ਦਾਈ ਨੇ ਉਹਨੂੰ ਸਮਝਾਉਣ ਦਾ ਯਤਨ ਕਰਦਿਆਂ ਕਿਹਾ, "ਪਰਭਾਣੀ! ਤੂੰ ਐਵੇਂ ਜ਼ਿੱਦੇ ਪੈ ਗਈ ਏਂ। ਅੱਲ੍ਹਾ ਦਾ ਕੋਈ ਸ਼ਰੀਕ ਨਹੀਂ। ਜਿਸ ਜੀਅ ਨੇ ਉਹਦੇ ਹੁਕਮ ਨਾਲ ਔਣਾ ਹੋਵੇ, ਉਹਨੂੰ ਕੌਣ ਰੋਕ ਸਕਦਾ ਏ। ਫਿਰ ਅੱਲ੍ਹਾ ਤੇਰਾ ਸੁਹਾਗ ਕਾਇਮ ਰੱਖੇ, ਤੈਨੂੰ ਉਲਾਹਮਾ ਵੀ ਕਿਹੜੀ ਗੱਲ ਦਾ ਏ ? ਖ਼ਵਰੇ ਮਾਲਕ ਕੋਈ ਚੰਗੀ ਚੀਜ਼ ਈ ਦੇ ਦੇਵੇ।"

"ਨਹੀਂ।" ਸਵਰਨੀ ਨੇ ਆਪਣੀ ਅਵਾਜ਼ 'ਤੇ ਜ਼ੋਰ ਦੇਂਦਿਆਂ ਕਿਹਾ, "ਮੈਂ ਇਹ ਨਹੀਂ ਸਹਿ ਸਕਦੀ। ਸੁੱਖ ਨਾਲ ਸੁਖਬੀਰ ਦੇ ਘਰ ਦੋ ਬਾਲ ਨੇ। ਨੂੰਹ ਵੀ ਕੁੱਛੜ ਬਾਲ ਲੈ ਕੇ ਬਹੇ, ਤੇ ਸੱਸ ਵੀ ? ਏਸ ਸ਼ਰਮ ਨਾਲੋਂ ਮਰ ਨਹੀਂ ਜਾਈਦਾ ?" ਇਹ ਇਕ ਬਹਾਨਾ ਸੀ, ਜੋ ਅਸਲੀਅਤ ਉੱਤੇ ਪਰਦਾ ਪਾਉਣ ਵਾਸਤੇ ਸਵਰਨੀ ਨੇ ਘੜ ਲਿਆ। "ਬੱਸ, ਤੈਨੂੰ ਇਹ ਕੁਝ ਕਰਨਾ ਈ ਪਵੇਗਾ। ਖ਼ਰਚ ਦਾ ਫ਼ਿਕਰ ਨਹੀਂ। ਲੈ ਫੜ।" ਉਹਨੇ ਫੱਤੋ ਦੇ ਹੱਥ ਉਤੇ ਦਸਾਂ-ਦਸਾਂ ਦੇ ਦੋ ਨੋਟ ਧਰਦਿਆਂ ਕਿਹਾ।

ਫੱਤੋ ਨੇ ਕਸੂਰ ਦੇ ਇਕ ਨੀਮ-ਹਕੀਮ ਦਾ ਆਸਰਾ ਲਿਆ। ਹਕੀਮ, ਜੀਹਦਾ ਕਰਮ ਆਪਣੇ ਧਰਮ ਦੇ ਉਲਟ ਸੀ। ਹਕੀਮ, ਵੈਦ, ਡਾਕਟਰ ਦਾ ਸੱਚਾ ਧਰਮ ਹੈ ਬੀਮਾਰ ਦੀ ਜਾਨ ਬਚਾਉਣਾ। ਪਰ ਫੱਤੋ ਦੇ ਪ੍ਰਸਿਧ ਹਕੀਮ ਦਾ ਕੰਮ ਸੀ ਜਾਨ ਲੈਣਾ। ਅੱਵਲ ਤਾਂ ਮਾਂ-ਬੱਚੇ ਦੋਹਾਂ ਦੀ, ਨਹੀਂ ਤਾਂ ਇਕ ਦੀ ਜਾਨ ਉਹ ਹਰ ਹਾਲ ਲੈ ਲਿਆ ਕਰਦਾ ਸੀ। ਉਹਨੇ ਕਾਲੇ ਜੇਹੇ ਰੰਗ ਦੀਆਂ ਚਾਰ ਗੋਲੀਆਂ ਫੱਤੋ ਦੇ ਹੱਥ 'ਤੇ ਧਰਦਿਆਂ ਬੜੇ ਮਾਣ ਨਾਲ ਕਿਹਾ, "ਮਾਈ ਫਾਤਮਾ। ਲੈ ਤੂੰ ਵੀ ਕੀ ਯਾਦ ਰਖੇਂਗੀ

? ਅੱਲ੍ਹਾ ਦੇ ਫ਼ਜ਼ਲ ਨਾਲ ਤੀਜੀ ਗੋਲੀ ਨਾਲ ਬੇੜਾ ਪਾਰ। ਦੋ ਪਹਿਰਾਂ ਵਿੱਚ ਗੱਲ ਹੰਨੇ ਜਾਂ ਬੰਨੇ। ਚੌਥੀ ਗੋਲੀ ਸੰਭਾਲ ਕੇ ਰੱਖ ਛੱਡਣੀ। ਦੋ ਤਿੰਨ ਦਿਨ ਉਡੀਕ ਕੇ, ਲੋੜ ਪਵੇ ਤਾਂ ਦੇਣੀ। ਰਾਤ ਨੂੰ ਸੌਣ ਲਗਿਆਂ ਸੌਂਫ ਦੇ ਕਾੜ੍ਹੇ ਨਾਲ ਇਕ ਗੋਲੀ ਰੋਜ਼। ਤੀਜੇ ਦਿਨ ਮੌਲਾ ਮੇਹਰ ਕਰ ਦੇਵੇਗਾ।"

ਸਵਰਨੀ ਨੂੰ ਦੂਜੀ ਗੋਲੀ ਨਾਲ ਹੀ 'ਮੌਲਾ ਦੀ ਮੇਹਰ' ਦਾ ਗਿਆਨ ਹੋ ਗਿਆ। ਸਾਰੀ ਰਾਤ ਉਹਨੇ ਤੜਫ-ਤੜਫ ਕੇ ਕੱਢੀ। ਪੇਟ ਦੇ ਹੇਠਲੇ ਹਿੱਸੇ ਵਿੱਚ ਉਹ ਇਉਂ ਮਹਿਸੂਸ ਕਰ ਰਹੀ ਸੀ, ਜਿਵੇਂ ਅੱਗ ਲੱਗੀ ਹੋਵੇ। ਸਾਰੀ ਰਾਤ ਉਹ ਪੀੜ ਨਾਲ ਇਉਂ ਵਿਲਕਦੀ ਰਹੀ, ਜਿਵੇਂ ਵੇਲਣੇ ਵਿੱਚ ਕਪਾਹ ਦੀਆਂ ਫੁੱਟੀਆਂ।

ਲੱਖਾ ਸਿੰਘ ਉਸ ਰਾਤ ਘਰ ਨਹੀਂ ਸੀ। ਸਵਰਨੀ ਆਪਣੇ ਚੁਬਾਰੇ ਵਿੱਚ ਇਕੱਲੀ ਸੀ। ਉਹਨੇ ਸਭ ਕੁਝ ਘਰਦਿਆਂ ਤੋਂ ਚੋਰੀ ਕੀਤਾ ਸੀ। ਇਸ ਵਾਸਤੇ ਨਾ ਉਹਨੇ ਕਿਸੇ ਅੱਗੇ ਆਪਣਾ ਦੁੱਖ ਪ੍ਰਗਟ ਕੀਤਾ ਤੇ ਨਾ ਕੋਈ ਸਾਰ ਲੈਣ ਵਾਸਤੇ ਆਇਆ।

ਦਾਈ ਨੂੰ ਫੇਰੇ ਮਾਰਦਿਆਂ ਵੇਖ ਕੇ ਇਕ ਦਿਨ ਬਸੰਤ ਕੌਰ ਨੇ ਹਮਦਰਦੀ ਨਾਲ ਕਿਹਾ ਸੀ, "ਸਵਰਨੀ! ਵੇਖੀਂ, ਅੱਗੇ ਵਾਂਗ ਕੋਈ ਕਮਲਪੁਣਾ ਨਾ ਕਰੀਂ। ਜੋ ਵਾਹਿਗੁਰੂ ਦੀ ਮਰਜ਼ੀ ਏ, ਸਹਿਜ ਸੁਭਾਅ ਹੋਣ ਦੇ। ਏਸ ਜ਼ਿੱਦ ਵਿੱਚ ਆਪਣੀ ਜਾਨ ਨਾ ਗੁਆ ਲਈਂ। ਮਾਣਸ-ਦੇਹੀ ਨਾ ਲੱਖੀਂ, ਨਾ ਹਜ਼ਾਰੀਂ।"

"ਨਹੀਂ, ਭੈਣ! ਐਵੇਂ ਧੁੰਨੀ ਥੱਲੇ ਦੋ ਕੁ ਦਿਨ ਪੀੜ ਹੋਈ ਸੀ, ਹੁਣ ਮਲਣ ਨਾਲ ਕੁਝ ਅਰਾਮ ਏ।" ਛੋਟਾ ਜੇਹਾ ਬਹਾਨਾ ਲਾ ਕੇ ਸਵਰਨੀ ਨੇ ਗੱਲ ਦਾ ਭੋਗ ਪਾ ਦਿੱਤਾ।

ਜਾਨ ਨੂੰ ਬਣੀ ਤਾਂ ਸਵਰਨੀ ਨੂੰ ਬਸੰਤ ਦੀ ਸਲਾਹ ਯਾਦ ਆਈ, ਪਰ ਹੁਣ ਬਹੁਤ ਦੇਰ ਹੋ ਚੁੱਕੀ ਸੀ। ਸਮਾਂ ਬੀਤ ਗਿਆ ਸੀ। ਪਹਿਰ ਕੁ ਦੇ ਤੜਕੇ ਉਹ ਦਰਦ ਨਾਲ ਬਹੁਤ ਨਿਢਾਲ ਹੋ ਗਈ। ਜੀ-ਭਿਆਣੀ ਨੇ ਉਹਨੇ ਇਕ ਹੋਰ ਗ਼ਲਤੀ ਕਰ ਲਈ। ਤੀਜੀ ਗੋਲੀ ਵੀ ਉਹਨੇ ਪਾਣੀ ਨਾਲ ਅੰਦਰ ਸੁੱਟ ਲਈ। 'ਇਹ ਪੀੜ ਨਹੀਂ ਸਹਾਰੀ ਜਾਂਦੀ। ਜਾਨ ਖ਼ਲਾਸੀ ਹੋਵੇ, ਜਾਂ ਹੰਨੇ, ਜਾਂ ਬੰਨੇ।' ਉਹਨੇ ਆਪਣੇ ਆਪ ਨੂੰ ਗ਼ੱਸੇ ਨਾਲ ਕਿਹਾ। ਇਸ ਵੇਲੇ ਉਹ ਸਭ ਨਾਲ ਗ਼ੁੱਸੇ ਸੀ, ਸਾਰੇ ਸੰਸਾਰ ਨਾਲ।

ਦਿਨ ਚੜ੍ਹਦੇ ਤਕ ਉਹਦੀ ਹਾਲਤ ਖ਼ਰਾਬ ਹੋ ਗਈ। ਫੱਤੋ ਆਈ ਤਾਂ ਸਵਰਨੀ ਮੰਜੇ ਉੱਤੇ ਤੜਫ ਰਹੀ ਸੀ। ਚੀਕਾਂ ਰੋਕਣ ਵਾਸਤੇ ਉਹਨੇ ਮੂੰਹ ਵਿੱਚ ਪੱਲਾ ਲਿਆ ਹੋਇਆ ਸੀ। ਫੱਤੋ ਵੇਖ ਕੇ ਘਬਰਾ ਗਈ। ਛੇਤੀ ਨਾਲ ਥੱਲੇ ਜਾ ਕੇ ਉਹਨੇ ਸਾਰੀ

ਗੱਲ ਬਸੰਤ ਕੌਰ ਨੂੰ ਕਹਿ ਸੁਣਾਈ। ਉਹ ਵੀ ਸੁਣ ਕੇ ਘਬਰਾ ਗਈ। ਹੱਥਲਾ ਕੰਮ ਵਿੱਚੇ ਛੱਡ ਕੇ ਉਹ ਚੁਬਾਰੇ ਵੱਲ ਉਠ ਭੱਜੀ।

"ਪਾਪਣੇ! ਤੂੰ ਇਹ ਕੀ ਕੀਤਾ?" ਬਸੰਤ ਕੌਰ ਨੇ ਸਵਰਨੀ ਨੂੰ ਬਾਂਹੀ ਵਿੱਚ ਲੈ ਕੇ ਕਿਹਾ, "ਮੈਨੂੰ ਵੀ ਤੂੰ ਆਪਣੀ ਦੁਸ਼ਮਣ ਸਮਝ ਲਿਆ ਸੀ ? ਤੂੰ ਇਹ ਕਾਰਾ ਕਿਉਂ ਕੀਤਾ ? ਤੈਨੂੰ ਆਪਣੀ ਜਵਾਨੀ 'ਤੇ ਵੀ ਤਰਸ ਨਾ ਆਇਆ ? ਫਿਰ ਗ਼ਲਤੀ ਕਰ ਈ ਬੈਠੀ ਸੈਂ, ਤਾਂ ਵੈਰਨੇ! ਵੇਲੇ ਸਿਰ ਮੈਨੂੰ ਦੱਸਦੀਓਂ। ਹੁਣ........ਹੁਣ ਮੈਂ ਕਿਧਰ ਜਾਵਾਂ। ਕੋਈ ਦੱਸੇ ਮੈਨੂੰ, ਮੈਂ ਕੀ ਕਰਾਂ। ਬਸੰਤ ਕੌਰ ਬਹੁਤ ਘਬਰਾ ਗਈ ਸੀ। ਉਹਦੀਆਂ ਅੱਖਾਂ ਵਿੱਚੋਂ ਆਪ-ਮੁਹਾਰੇ ਹੰਝੂ ਵਗੀ ਜਾ ਰਹੇ ਸਨ। "ਬੇਬੇ ਫੱਤੋ! ਤੂੰ ਵੀ ਮੈਥੋਂ ਲੁਕਾ ਰੱਖਿਆ ? ਇਹ ਸਾਰਾ ਦੋਸ਼ ਤੇਰਾ ਏ। ਤੁਸਾਂ ਮੈਥੋਂ ਚੋਰੀ-ਚੋਰੀ ਇਹ ਕੁਝ ਕਿਉਂ ਕੀਤਾ ? ਹੁਣ ਮੈਂ ਇਹਨੂੰ ਕਿਵੇਂ ਬਚਾਵਾਂ? ਆਪਣੀ ਵਾਹ ਲੌਣੀ ਹੀ ਪਵੇਗੀ। ਤੂੰ ਉਠ ਕੇ ਹਰਨਾਮ ਤੇ ਸਰਵਣ ਨੂੰ ਅਵਾਜ਼ ਮਾਰ।" ਆਖ਼ਰੀ ਗੱਲ ਉਹਨੇ ਫੱਤੋ ਨੂੰ ਕਹੀ।

"ਨਹੀਂ, ਭੈਣ! ਵੇਲਾ ਹੱਥੋਂ ਨਿਕਲ ਚੁੱਕਾ ਏ। ਹੁਣ ਕਿਸੇ ਨੂੰ ਵੀ ਅਵਾਜ਼ ਮਾਰਨ ਦੀ ਲੋੜ ਨਹੀਂ। ਮੇਰਾ ਸਿਰ ਆਪਣੀ ਗੋਦ ਵਿੱਚ ਰੱਖ ਲੈ। ਮੈਂ ਤੇਰੀ ਗੋਦ ਵਿੱਚ ਮਰਨਾ ਚਾਹੁੰਦੀ ਆਂ।" ਉਠਦੀਆਂ ਚੀਸਾਂ 'ਤੇ ਕਾਬੂ ਪਾਉਂਦਿਆਂ ਸਵਰਨੀ ਨੇ ਰੁੱਕ-ਰੁੱਕ ਕੇ ਕਿਹਾ।

"ਨਹੀਂ। ਮੈਂ ਹੁਣੇ ਤੈਨੂੰ ਸ਼ਹਿਰ ਲੈ ਕੇ ਚੱਲਾਂਗੀ। ਮੈਂ ਤੈਨੂੰ ਮਰਨ ਨਹੀਂ ਦਿਆਂਗੀ। ਤੂੰ ਮੇਰੇ ਕੋਲ ਰਾਮ ਸਮੁੰਦ ਸੁੰਹ ਦੀ ਅਮਾਨਤ ਏਂ। ਮੈਂ ਉਹਨੂੰ ਬਚਨ ਦਿੱਤਾ ਸੀ। ਤੂੰ ਮੇਰੀ ਛੋਟੀ ਭੈਣ ਏਂ। ਤੈਨੂੰ ਮੇਰੇ ਆਖੇ ਚੱਲਣਾ ਪਵੇਗਾ।" ਇਹ ਵਾਕ ਬਸੰਤ ਕੌਰ ਦਾ ਸੀਨਾ ਪਾੜ ਕੇ ਨਿਕਲੇ ਸਨ।

"ਨਹੀਂ, ਮੈਂ ਕਿਤੇ ਨਹੀਂ ਜਾਣਾ। ਕਿਹੜੇ ਜਿਉਣ ਪਿੱਛੇ। ਮੈਂ ਮਰਨਾ ਚੌਹੰਦੀ ਆਂ। ਹੁਣ ਮੈਨੂੰ ਕੋਈ ਨਹੀਂ ਰੋਕ ਸਕਦਾ। ਮਾਫ਼ ਕਰਨਾ, ਭੈਣ! ਮੈਂ ਤੇਰਾ ਹੁਕਮ ਮੋੜ ਰਹੀ ਆਂ। ਪਰ ਮੇਰਾ ਜ਼ਿੰਦਗੀ ਤੋਂ ਜੀਅ ਭਰ ਗਿਆ ਏ। ਬੇਬੇ ਫੱਤੋ ਵਚਾਰੀ ਦਾ ਕੋਈ ਦੋਸ਼ ਨਹੀਂ। ਜੋ ਕੁਝ ਕੀਤਾ ਏ; ਮੈਂ ਜਾਣ ਬੁਝ ਕੇ ਕੀਤਾ ਏ। ਤੈਥੋਂ ਸਿਰਫ਼ ਇਕ ਭਿੱਛਿਆ ਮੰਗਦੀ ਆਂ। ਤੈਨੂੰ ਸਾਰਾ ਪਤਾ ਏ, ਸਰਵਣ ਸਿਰਫ਼ ਮੇਰਾ ਏ, ਮੇਰਾ ਇਕੱਲੀ ਦਾ। ਅੱਜ ਤੋਂ ਉਹਦੀ ਸੌਂਪਣਾ ਤੈਨੂੰ ਈਂ। ਛੋਟੀ ਭੈਣ ਦੀ ਨਸ਼ਾਨੀ ਸਮਝ ਕੇ ਉਹਦੇ ਸਿਰ 'ਤੇ ਹੱਥ ਰੱਖੀਂ। ਉਹਦਾ ਵਿਆਹ ਕਰ ਜਾਂਦੀ ਤਾਂ ਚੰਗਾ ਸੀ, ਪਰ ਤੇਰੇ ਹੁੰਦਿਆਂ ਮੈਨੂੰ ਕੋਈ ਚਿੰਤਾ ਨਹੀਂ।"

"ਸਵਰਨੀ! ਕਿਉਂ ਏਹੋ ਜੇਹੀਆਂ ਗੱਲਾਂ ਕਰਕੇ ਮੈਨੂੰ ਮਾਰਦੀ ਏਂ। ਤੈਨੂੰ ਮੇਰੇ ਨਾਲ ਚਲਣਾ ਈ ਪਵੇਗਾ।" ਬਸੰਤ ਕੌਰ ਨੇ ਪੂਰੇ ਹੰਮੇ ਦਾਹਵੇ ਨਾਲ ਕਿਹਾ। "ਨਹੀਂ!" ਸਵਰਨੀ ਨੇ ਨਾਂਹ ਵਿੱਚ ਸਿਰ ਹਿਲਾਉਂਦਿਆਂ ਬੜੀ ਦ੍ਰਿੜ੍ਹਤਾ ਨਾਲ ਕਿਹਾ, "ਆਹ ਵੇਖ; ਮੇਰੇ ਹੱਥ ਜੋੜੇ ਨੇ। ਮੇਰਾ ਮੁਰਦਾ ਖ਼ਰਾਬ ਨਾ ਕਰ। ਹੁਣ ਮੈਂ ਬਚ ਨਹੀਂ ਸਕਦੀ। ਤੂੰ ਮਾਂ ਤੇ ਭਾਊ ਨੂੰ ਸੁਨੇਹਾ ਭੇਜ ਦਿਹ। ਦਵਾ ਦਾਰੂ ਦਾ ਵੇਲਾ ਬੀਤ ਗਿਆ ਏ।"

ਸੱਚ-ਮੁੱਚ ਹੀ ਸਮਾਂ ਬੀਤ ਗਿਆ ਸੀ। ਸਵਰਨੀ ਦੇ ਮਾੜਾ-ਮਾੜਾ ਖ਼ੂਨ ਸ਼ੁਰੂ ਹੋ ਗਿਆ ਸੀ। ਬਸੰਤ ਕੌਰ ਦੇ ਦਿਲ 'ਤੇ ਬਹੁਤ ਚੋਟ ਲੱਗੀ। ਫਿਰ ਵੀ ਉਹਨੇ ਹੌਸਲਾ ਨਾ ਹਾਰਿਆ। ਇਕ ਤਾਂ ਉਹਨੇ ਓਸੇ ਵੇਲੇ ਹਰਨਾਮ ਨੂੰ ਸ਼ਹਿਰ ਨੂੰ ਭਜਾ ਦਿੱਤਾ। ਲੱਖਾ ਸਿੰਘ ਰਾਤ ਕਸੂਰ ਹੀ ਸੀ। ਬਸੰਤ ਕੌਰ ਨੇ ਪੁੱਤਰ ਨੂੰ ਪੱਕ ਕੀਤੀ ਕਿ ਉਹ ਸਾਰੀ ਗੱਲ ਆਪਣੇ ਬਾਪੂ ਨੂੰ ਸਮਝਾ ਦੇਵੇ ਤੇ ਉਹ ਓਥੋਂ ਕਿਸੇ ਚੰਗੇ ਡਾਕਟਰ ਤੇ ਨਰਸ ਨੂੰ ਨਾਲ ਲੈ ਕੇ ਛੇਤੀ ਆਉਣ।

ਦਸ ਵਜੇ ਤਕ ਹਰਨਾਮ ਤੇ ਲੱਖਾ ਸਿੰਘ ਡਾਕਟਰ ਨੂੰ ਲੈ ਕੇ ਆ ਪਹੁੰਚੇ। ਉਹਦੇ ਨਾਲ ਇਕ ਸਿਆਣੀ ਨਰਸ ਵੀ ਸੀ। ਉਸ ਵੇਲੇ ਤਕ ਸਵਰਨੀ ਦੀ ਹਾਲਤ ਬਹੁਤ ਖ਼ਰਾਬ ਹੋ ਚੁੱਕੀ ਸੀ। ਡਾਕਟਰ ਤੇ ਨਰਸ ਨੇ ਪੂਰੀ ਪੜਤਾਲ ਕਰਨ ਦੇ ਬਾਅਦ ਲੱਖਾ ਸਿੰਘ ਨੂੰ ਵੱਖਰੇ ਲੈ ਜਾ ਕੇ ਦੱਸਿਆ, "ਵੇਖੋ ਸਰਦਾਰ ਸਾਹਿਬ! ਬੱਚਾ ਅੰਦਰ ਮਰ ਚੁੱਕਾ ਹੈ। ਓਸ ਨੂੰ ਮਰੇ ਨੂੰ ਪੰਜ ਛੇ ਘੰਟੇ ਹੋ ਚੁੱਕੇ ਨੇ। ਜ਼ਹਿਰ ਸਾਰੇ ਖ਼ੂਨ ਵਿੱਚ ਮਿਲ ਗਿਆ ਹੈ। ਹੁਣ ਤੋਂ ਛੇ-ਸੱਤ ਘੰਟੇ ਪਹਿਲਾਂ ਤੁਸੀਂ ਮਰੀਜ਼ ਨੂੰ ਹਸਪਤਾਲ ਪੁਚਾ ਦੇਂਦੇ ਤਾਂ ਉਪਰੇਸ਼ਨ ਕਰਕੇ ਜਾਨ ਬਚਾਈ ਜਾ ਸਕਦੀ ਸੀ। ਹੁਣ ਕੋਈ ਚਾਰਾ ਨਹੀਂ।"

"ਭੈਣ! ਡਾਕਟਰ ਕੀ ਆਹੰਦਾ ਏ ਨ੍ਹਾਮੇ ਦੇ ਬਾਪੂ ਨੂੰ ? ਉਹਨਾਂ ਦੋਹਾਂ ਨੂੰ ਮੇਰੇ ਕੋਲ ਬੁਲਾ।" ਸਵਰਨੀ ਨੇ ਤਰਲੇ ਭਰੀ ਸੁਰ ਵਿੱਚ ਬਸੰਤ ਕੌਰ ਨੂੰ ਕਿਹਾ।

ਬਸੰਤ ਕੌਰ ਦੇ ਬੁਲਾਉਣ ਉੱਤੇ ਦੋਵੇਂ ਮੁਜਰਮਾਂ ਵਾਂਗ ਸਵਰਨੀ ਦੇ ਸਾਹਮਣੇ ਆ ਖਲੋਤੇ। ਸਵਰਨੀ ਨੇ ਕਸੀਸ ਵੱਟ ਕੇ ਪੀੜਾਂ ਨੂੰ ਦਬਾਉਂਦਿਆਂ ਕਿਹਾ, "ਡਾਕਟਰ ਸਾਹਬ! ਨਾ ਮੈਂ ਕਿਤੇ ਜਾਣਾ ਏਂ, ਨਾ ਚੀਰ ਫਾੜ ਕਰੌਣਾ ਏਂ। ਸਿਰਫ਼ ਏਨਾ ਲਿਖ ਲਓ ਕਿ ਜੋ ਕੁਝ ਕੀਤਾ ਏ, ਮੈਂ ਆਪ ਜਾਣ ਬੁਝ ਕੇ ਕੀਤਾ ਏ। ਕਿਸੇ ਨੂੰ ਮੇਰੇ ਮਰਨ ਦਾ ਦੁੱਖ ਅਫ਼ਸੋਸ ਨਹੀਂ ਹੋਣਾ ਚਾਹੀਦਾ। ਬੱਸ। ਤੁਸੀਂ ਜਾਓ।"

"ਹਛਾ, ਬੀਬੀ ਜੀ! ਡਾਕਟਰ ਏਥੇ ਕਰ ਵੀ ਕੀ ਸਕਦਾ ਏ? ਮੈਂ ਇਕ ਟੀਕਾ ਕਰ ਦੇਂਦਾਂ, ਇਸ ਨਾਲ ਦਰਦਾਂ ਤੋਂ ਕੁਝ ਆਰਾਮ ਹੋ ਜਾਏਗਾ।"



WWW.SIKHBOOKCLUB.COM 

ਡਾਕਟਰ ਨੇ ਟੀਕਾ ਕੀਤਾ, ਕੁਝ ਗੋਲੀਆਂ ਦਿੱਤੀਆਂ ਤੇ ਫ਼ੀਸ ਲੈ ਕੇ ਵਾਪਸ ਮੁੜ ਗਿਆ। ਹਾਂ, ਨਰਸ ਨੂੰ ਲੱਖਾ ਸਿੰਘ ਨੇ ਅਟਕਾ ਲਿਆ।

"ਸਵਰਨੋ! ਤੂੰ ਇਹ ਕੀ ਕੀਤਾ ? ਇਹ ਸਭ ਕੁਝ ਮੇਰੇ ਸਿਰ ਚੜ੍ਹ ਕੇ ਕੀਤਾ ਈ ਨਾਂ!" ਲੱਖਾ ਸਿੰਘ ਨੇ ਕੁਝ ਨਿਹੋਰੇ ਨਾਲ ਕਿਹਾ।

"ਹਾਂ! ਮੁਕਰਦੀ ਨਹੀਂ ਮੈਂ। ਸਭ ਕੁਝ ਤੁਹਾਡੇ ਸਿਰ ਚੜ੍ਹ ਕੇ ਕੀਤਾ ਏ।" ਸਵਰਨੀ ਨੇ ਲੱਖਾ ਸਿੰਘ ਦੀਆਂ ਅੱਖਾਂ ਵਿੱਚ ਤਕਦਿਆਂ ਕਿਹਾ।

"ਇਹ ਮੈਥੋਂ ਕਿਹੜੇ ਜਨਮ ਦਾ ਬਦਲਾ ਲਿਆ ਈ ?" ਲੱਖਾ ਸਿੰਘ ਦੀ ਅਵਾਜ਼ ਵਿੱਚ ਅਫ਼ਸੋਸ ਤੇ ਪਛਤਾਵਾ ਸੀ।

"ਜਿਹੜੇ ਜਨਮ ਦਾ ਤੁਸਾਂ ਮੈਥੋਂ ਲਿਆ ਸੀ।" ਸਵਰਨੀ ਨੇ ਬਿਨਾਂ ਕਿਸੇ ਝਿਜਕ ਦੇ ਲੱਖਾ ਸਿੰਘ ਦੇ ਮੂੰਹ 'ਤੇ ਕਹਿ ਦਿੱਤਾ।

"ਏਨੀ ਗੱਲ ਕਹਿਣ ਦੀ ਕਸਰ ਰਹਿ ਗਈ ਸੀ।" ਲੱਖਾ ਸਿੰਘ ਨੇ ਮਰੋੜੇ ਨਾਲ ਕਿਹਾ।

"ਨਹੀਂ, ਅਜੇ ਹੋਰ ਵੀ ਕਹਿਣਾ ਏਂ।"

"ਸਵਰਨੀ! ਚੁੱਪ ਕਰ ਜਾਹ, ਮੇਰੀ ਭੈਣ। ਕੌੜੀ ਗੱਲ ਨਹੀਂ ਕੱਢੀਦੀ ਮੂੰਹੋਂ। ਮਨ ਨਾ ਡੁਲਾਅ, ਤੂੰ ਬਚ ਜਾਵੇਂਗੀ।" ਬਸੰਤ ਕੌਰ ਨੇ ਉਹਦੇ ਮੱਥੇ ਉੱਤੇ ਹਮਦਰਦੀ ਨਾਲ ਹੱਥ ਫੇਰਦਿਆਂ ਕਿਹਾ।

"ਨਹੀਂ, ਇਕ ਗੱਲ ਜ਼ਰੂਰ ਕਹਿਣੀ ਏਂ।" ਨਾਲ ਹੀ ਸਵਰਨੀ ਨੇ 'ਹਾਇ' ਕਹਿੰਦਿਆਂ ਮਰੋੜਾ ਖਾ ਕੇ ਪਾਸਾ ਪਰਤਿਆ। ਉਹਦਾ ਸਰੀਰ ਉੱਤੇ ਵੇਲੇ ਵੇਲਣੇ ਵਿਚਦੀ ਪੀੜਿਆ ਜਾ ਰਿਹਾ ਸੀ। ਪਲ ਕੁ ਪਿਛੋਂ ਸਾਹ ਲੈ ਕੇ ਸਵਰਨੀ ਨੇ ਫਿਰ ਕਿਹਾ, "ਨ੍ਹਾਮੇ ਦੇ ਬਾਪੂ! ਆਸੋ ਕੋਲੋਂ ਤਾਂ ਮੈਨੂੰ ਖੋਹ ਲਿਆਂਦਾ ਸੀ। ਸੁਆਦ ਤਾਂ ਏ, ਜੇ ਹੁਣ ਮੌਤ ਕੋਲੋਂ ਖੋਹ ਲਵੇ ਤਾਂ।"

"ਸਵਰਨੀ! ਮੇਰੀ ਸਹੁੰ ਈ ਤੈਨੂੰ, ਜੇ ਹੁਣ ਮੂੰਹੋਂ ਕੁਝ ਬੋਲੇਂ ਤਾਂ।" ਬਸੰਤ ਕੌਰ ਨੇ ਉਹਦੇ ਮੂੰਹ ਉੱਤੇ ਹੱਥ ਧਰਦਿਆਂ ਕਿਹਾ।

"ਨਹੀਂ। ਹੁਣ ਮੈਂ ਕੁਝ ਨਹੀਂ ਬੋਲਾਂਗੀ। ਬੱਸ। ਖੇਡ ਖ਼ਤਮ।" ਸਵਰਨੀ ਆਪਣੀ ਮੌਤ ਨੂੰ ਸਾਹਮਣੇ ਖੜੀ ਵੇਖ ਰਹੀ ਸੀ। ਜਿਸ ਹੌਸਲੇ ਨਾਲ ਉਹ ਪੀੜਾਂ ਨੂੰ ਜਰ ਰਹੀ ਸੀ, ਵੇਖਣ ਵਾਲੇ ਹੈਰਾਨ ਸਨ।

"ਹੱਛਾ, ਦਾਈ ਤੋਂ ਬਿਨਾਂ ਬਾਕੀ ਸਾਰੇ ਬਾਹਰ ਚਲੇ ਜਾਓ।" ਨਰਸ ਨੇ ਮਰੀਜ਼ ਦੀ ਵਿਗੜਦੀ ਹਾਲਤ ਵੇਖ ਕੇ ਕਿਹਾ।



WWW.SIKHBOOKCLUB.COM 

ਸਾਰੇ ਬਾਹਰ ਚਲੇ ਗਏ। ਦਾਈ ਨੇ ਚੁਬਾਰੇ ਦਾ ਬੂਹਾ ਅੰਦਰੋਂ ਬੰਦ ਕਰ ਲਿਆ। ਬਸੰਤ ਕੌਰ ਚੁਬਾਰੇ ਦੇ ਬੂਹੇ ਦੇ ਅੱਗੇ ਡੱਠੇ ਮੰਜੇ 'ਤੇ ਬਹਿ ਗਈ। ਲੱਖਾ ਸਿੰਘ ਹੇਠਾਂ ਵਿਹੜੇ ਵਿੱਚ ਜਾ ਬੈਠਾ। ਹਰਨਾਮ ਡਾਕਟਰ ਨੂੰ ਛੱਡਣ ਵਾਸਤੇ ਗਿਆ ਹੋਇਆ ਸੀ। ਸਰਵਣ ਵੀ ਕੰਧ ਵੱਲ ਮੂੰਹ ਕਰਕੇ ਇਕ ਮੰਜੇ ਦੀ ਪੈਂਦ ਉੱਤੇ ਬੈਠਾ ਹੋਇਆ ਸੀ। ਸੁਖਬੀਰ ਚੌਂਕੇ ਵਿੱਚ ਬਾਲਾਂ ਨੂੰ ਲਈ ਬੈਠੀ ਸੀ। ਉਹਦੇ ਸਾਹਮਣੇ ਰਾਜੋ ਭੁੰਏ 'ਤੇ ਬੈਠੀ ਉਂਗਲ ਨਾਲ ਧਰਤੀ ਖੁਰਚ ਰਹੀ ਸੀ। ਸਾਰੇ ਘਰ ਵਿੱਚ ਉਦਾਸੀ ਛਾਈ ਹੋਈ ਸੀ। ਕਮਰੇ ਦੇ ਬੰਦ ਬੂਹਿਆਂ ਦੇ ਅੰਦਰ ਵਾਰ ਤੜਫ ਰਹੀ ਸਵਰਨੀ ਹਰ ਇਕ ਦੀਆਂ ਨਜ਼ਰਾਂ ਦੇ ਸਾਹਮਣੇ ਸੀ। ਇਕ ਘੰਟਾ ਤੜਫਣ ਲੁਛਣ ਪਿੱਛੋਂ ਮਰੀ ਹੋਈ ਲੜਕੀ ਨੇ ਜਨਮ ਲਿਆ। ਦਾਈ ਨੇ ਓਸੇ ਵੇਲੇ ਬਸੰਤ ਕੌਰ ਨੂੰ ਅੰਦਰ ਬੁਲਾ ਲਿਆ।

"ਭੈਣ! ਐਥੇ ਮੇਰੇ ਸਾਹਮਣੇ ਬਹਿ ਜਾਹ। ਦੋ ਚਾਰ ਘੜੀ ਦਾ ਮੇਲਾ ਬਾਕੀ ਏ, ਮੇਰੇ ਕੋਲੋਂ ਉਠ ਕੇ ਨਾ ਜਾਵੀਂ।" ਸਵਰਨੀ ਨੇ ਬਸੰਤ ਕੌਰ ਦਾ ਹੱਥ ਫੜ ਕੇ ਤਰਲੇ ਨਾਲ ਕਿਹਾ।

"ਘਬਰਾਉ ਨਹੀਂ। ਬਾਲ ਹੋ ਪਿਆ ਏ। ਹੁਣ ਤੂੰ ਬਚ ਜਾਇੰਗੀ। ਮੈਨੂੰ ਕੱਲ੍ਹ ਹੀ ਬੁਲਾ ਲੈਂਦੇ ਤਾਂ ਤਕਲੀਫ਼ ਏਥੋਂ ਤਕ ਨਾ ਪਹੁੰਚਦੀ।" ਨਰਸ ਨੇ ਹੌਸਲਾ ਦੇਂਦਿਆਂ ਕਿਹਾ।

ਏਨੇ ਚਿਰ ਤਕ ਸਮੁੰਦ ਸਿੰਘ ਹੋਰੀਂ ਸਾਰਾ ਪਰਵਾਰ ਆ ਪਹੁੰਚੇ। ਅੰਨ੍ਹੀ ਹੋਈ ਮਾਂ ਧੀ ਦੇ ਕਮਰੇ ਵੱਲ ਧਾ ਕੇ ਗਈ। ਸਵਰਨੀ ਦਾ ਰੰਗ ਪੱਕੀ ਹੋਈ ਡੂਕ ਵਰਗਾ ਪੀਲਾ ਹੋਇਆ ਪਿਆ ਸੀ। ਮਾਂ ਦੀਆਂ ਵੇਖ ਕੇ ਧਾਂਹੀਂ ਨਿਕਲ ਗਈਆਂ। ਉਹ ਧੀ ਦੇ ਉੱਤੇ ਡਿਗਣ ਹੀ ਲੱਗੀ ਸੀ, ਜਾਂ ਬਸੰਤ ਕੌਰ ਨੇ ਉਹਨੂੰ ਸੰਭਾਲ ਲਿਆ।

"ਮਾਮੀ! ਹੌਸਲਾ ਕਰ। ਰੱਬ ਦੇ ਘਰ ਕਿਸੇ ਗੱਲ ਦੀ ਥੋੜ੍ਹ ਨਹੀਂ। ਸਵਰਨੀ ਬਚ ਜਾਵੇਗੀ।" ਬਸੰਤ ਕੌਰ ਨੇ ਬਿਰਧ ਮਾਂ ਨੂੰ ਹੌਸਲਾ ਦੇਂਦਿਆਂ ਕਿਹਾ। ਨਾਲ ਹੀ ਉਹਨੇ ਮਾਮੀ ਨੂੰ ਨਾਲ ਦੇ ਮੰਜੇ ਉੱਤੇ ਬਿਠਾ ਦਿੱਤਾ।

"ਮਾਂ! ਤੂੰ ਆ ਗਈ ? ਚੰਗਾ ਕੀਤਾ ਜੇ। ਭਾਬੀ, ਤੂੰ ਵੀ ਆਈ ਏਂ ? ਵੱਡਾ ਭਾਊ ਵੀ ਆਇਆ ਏ ?" ਸਵਰਨੀ ਨੇ ਵੱਡੀ ਭਰਜਾਈ ਵੱਲ ਵੇਖ ਕੇ ਪੁੱਛਿਆ।

"ਬੀਬੀ ਜੀ! ਸਾਰੇ ਆਏ ਨੇ। ਤੂੰ ਤਕੜੀ ਹੋ। ਤੇਰੇ ਦੋਵੇਂ ਵੀਰ ਬਾਹਰ ਬੈਠੇ ਨੇ।" ਸਵਰਨੀ ਦੇ ਮੱਥੇ 'ਤੇ ਹੱਥ ਫੇਰਦੀ ਹੋਈ ਭਰਜਾਈ ਸੱਸ ਦੀ ਪੈਂਦ ਵੱਲ ਬਹਿ ਗਈ।

"ਬੁਲਾ ਲਉ ਉਹਨਾਂ ਦੋਹਾਂ ਨੂੰ ਵੀ। ਜਾਂਦੀ ਵਾਰੀ ਦਾ ਮੂੰਹ ਵੇਖ ਲੈਣ।"

ਸਵਰਨੀ ਨੂੰ ਆਪਣੀ ਮੌਤ ਵਿੱਚ ਕੋਈ ਸ਼ੱਕ ਨਹੀਂ ਸੀ।

ਸ਼ੱਕ ਹੋਰ ਵੀ ਕਿਸੇ ਨੂੰ ਨਹੀਂ ਸੀ, ਪਰ ਹੋਰ ਕਿਸੇ ਦਾ ਏਨੀ ਗੱਲ ਕਹਿਣ ਦਾ ਹੌਸਲਾ ਨਹੀਂ ਸੀ ਪੈਂਦਾ।

ਅੱਗੇ-ਅੱਗੇ ਸਮੁੰਦ ਸਿੰਘ ਤੇ ਮਗਰ-ਮਗਰ ਮੁਕੰਦ ਸਿੰਘ ਕਮਰੇ ਵਿੱਚ ਦਾਖ਼ਲ ਹੋਏ। ਦੋਹਾਂ ਦੇ ਚਿਹਰੇ ਉਤਰੇ ਹੋਏ ਸਨ।

"ਭਾਊ! ਵੇਖ ਲਾ, ਮੈਂ ਕਿੰਨੀ ਸੁੱਖੀ ਆਂ। ਮੈਨੂੰ ਸੁੱਖੀ ਵੇਖਣ ਵਾਸਤੇ ਈ ਤੂੰ ਏਥੇ ਦਿੱਤਾ ਸੀ ਨਾਂ।" ਵੱਡੇ ਭਰਾ ਉੱਤੇ ਨਿਗ੍ਹਾ ਪੈਂਦਿਆਂ ਸਵਰਨੀ ਨੇ ਅੰਦਰ ਦੀ ਹਵਾੜ੍ਹ ਕੱਢੀ।

"ਸਵਰਨੀ।" ਇਸ ਤੋਂ ਅੱਗੇ ਸਮੁੰਦ ਸਿੰਘ ਕੁਝ ਨਾ ਬੋਲ ਸਕਿਆ। ਉਹਦਾ ਦਿਲ ਭਰ ਆਇਆ ਤੇ ਅੱਖਾਂ ਵਿੱਚ ਹੰਝੂ ਭਰ ਆਏ। ਅੰਤ ਭਰਾ ਸੀ। ਆਂਦਰਾਂ ਨੂੰ ਸੇਕ ਪੁੱਜਾ। ਪਹਿਲੀ ਵਾਰ ਉਹਨੇ ਆਪਣੀ ਗ਼ਲਤੀ ਮਹਿਸੂਸ ਕੀਤੀ।

"ਸਵਰਨੀ! ਤਕੜੀ ਹੋ ਖਾਂ। ਲਿਖੀ ਨੂੰ ਕੋਈ ਨਹੀਂ ਟਾਲ ਸਕਦਾ। ਭਾਊ ਨੂੰ ਦੋਸ਼ ਦਿੱਤਿਆਂ ਕੁਝ ਨਹੀਂ ਬਣਦਾ। ਰੱਬ ਅੱਗੇ ਹੱਥ ਜੋੜ, ਤੂੰ ਤਕੜੀ ਹੋ ਜਾਵੇਂ।" ਕੋਲੋਂ ਮੁਕੰਦ ਸਿੰਘ ਨੇ ਭੈਣ ਦਾ ਗ਼ੁੱਸਾ ਘੱਟ ਕਰਨ ਦੇ ਇਰਾਦੇ ਨਾਲ ਕਿਹਾ।

"ਸਵਰਨੀ! ਗੁਰੂ ਅੱਗੇ ਅਰਦਾਸ ਕਰ, ਤੂੰ ਬਚ ਜਾਵੇਂ। ਮੈਂ ਬਾਬੇ ਦਾ ਅਖੰਡ ਪਾਠ ਕਰਾਵਾਂਗੀ। ਤਕੜੀ ਹੋ ਕੇ ਭਰਾਵਾਂ ਨਾਲ ਰੱਜ ਕੇ ਲੜ ਲਈਂ, ਸਾਰੇ ਗ਼ੁੱਸੇ ਗਿਲ੍ਹੇ ਕੱਢ ਲਈਂ। ਹੁਣ ਏਸ ਤਰ੍ਹਾਂ ਦੀਆਂ ਗੱਲਾਂ ਨਾ ਕਰ। ਬੀਬੀ ਭੈਣ।" ਬਸੰਤ ਕੌਰ ਨੇ ਉਹਦੇ ਸਿਰ 'ਤੇ ਹੱਥ ਫੇਰਦਿਆਂ ਕਿਹਾ।

"ਮੈਂ ਲੜ ਹਟੀ, ਜੀਹਦੇ-ਜੀਹਦੇ ਨਾਲ ਲੜਨਾ ਸੀ। ਇਕ ਗੱਲ ਮੰਨ ਲਿਉ। ਮੈਨੂੰ ਰੋਇਓ ਨਾ। ਭਲਾ ਕੁੜੀਆਂ ਨੂੰ ਕੀ ਰੋਣਾ ? ਉਹ ਬਿਨਾਂ ਚਾਹਿਆਂ ਜੰਮਦੀਆਂ ਨੇ, ਬਿਨਾਂ ਅਫ਼ਸੋਸ ਮਰ ਜਾਂਦੀਆਂ ਨੇ।" ਸਵਰਨੀ ਦੀ ਅਵਾਜ਼ ਵਿੱਚ ਕਮਜ਼ੋਰੀ ਆਉਂਦੀ ਜਾ ਰਹੀ ਸੀ।

"ਮੇਰਾ ਆਖਿਆ ਤਾਂ ਸਵਰਨ! ਤੂੰ ਕਦੇ ਮੋੜਿਆ ਨਹੀਂ ਸੀ। ਅੱਜ ਕਿਉਂ ਅਮੋੜ ਹੋ ਰਹੀ ਏਂ ?" ਬਸੰਤ ਕੌਰ ਨੇ ਉਹਦੇ ਮੂੰਹ ਕੋਲ ਮੂੰਹ ਲੈ ਜਾ ਕੇ ਕਿਹਾ। ਉਹ ਉਹਦੇ ਸਿਰਹਾਣੇ ਬੈਠੀ ਸੀ।

"ਬੱਸ, ਇਕ ਗੱਲ ਹੋਰ ਕਰਨਾ ਦੀ ਇਜਾਜ਼ਤ ਦੇ ਦੇ। ਫੇਰ ਕਦੇ ਨਹੀਂ ਬੋਲਾਂਗੀ।" ਸਵਰਨੀ ਨੇ ਬਸੰਤ ਕੌਰ ਦਾ ਹੱਥ ਫੜ ਕੇ ਤਰਲਾ ਲਿਆ।

"ਗੱਲਾਂ ਚੰਗੀਆਂ ਕਰ ਨਾਂ ਫਿਰ।" ਬਸੰਤ ਕੌਰ ਨੇ ਆਗਿਆ ਦੇ ਦਿੱਤੀ।

"ਮਾਂ! ਆਸੋ ਦੇ ਬਾਲ ਬੱਚੇ ਰਾਜ਼ੀ ਨੇ?" ਸਵਰਨੀ ਨੇ ਮਾਂ ਵੱਲ ਮੂੰਹ ਕਰਕੇ ਪੁੱਛਿਆ।

"ਹੋਰ ਸਭ ਰਾਜ਼ੀ ਬਾਜ਼ੀ ਨੇ। ਇਕ ਤੂੰ ਰਾਜ਼ੀ ਹੋ।" ਮਾਂ ਨੇ ਪੱਲੇ ਨਾਲ ਅੱਖਾਂ ਪੂੰਝਦਿਆਂ ਕਿਹਾ।

"ਮੇਰੇ ਵੱਲੋਂ ਉਹਨਾਂ ਨੂੰ ਪਿਆਰ ਦੇਈਂ। ਤੇ ਆਸੋ ਨੂੰ ਪੱਕੀ ਕਰੀਂ, ਉਹ ਮੇਰੀ ਮਕਾਣ ਨਾ ਆਵੇ। ਏਥੇ ਉਹਦਾ ਕੋਈ ਕੰਮ ਨਹੀਂ।" ਸਵਰਨੀ ਨੇ ਅੱਖਾਂ ਮੀਟ ਕੇ ਕਿਹਾ।

"ਸਵਰਨੇ! ਸ਼ਾਂਤ ਹੋ ਖਾਂ। ਮੇਰੀ ਆਖੀ ਦਾ ਕੋਈ ਅਸਰ ਨਹੀਂ ?" ਬਸੰਤ ਕੌਰ ਦੀਆਂ ਅੱਖਾਂ ਵਿੱਚੋਂ ਤ੍ਰੱਪ-ਤ੍ਰੱਪ ਹੰਝੂ ਸਵਰਨੀ ਦੇ ਮੂੰਹ ਉੱਤੇ ਆ ਪਏ।

"ਬੱਸ। ਹੁਣ ਬੱਸ। ਬੋਲਿਆ ਚਲਿਆ ਮਾਫ਼।" ਸਵਰਨੀ ਨੇ ਦੋਵੇਂ ਹੱਥ ਜੋੜ ਕੇ ਜਿਵੇਂ ਸਾਰਿਆਂ ਤੋਂ ਮਾਫ਼ੀ ਮੰਗ ਲਈ।

ਸਾਰਿਆਂ ਉੱਤੇ ਮੌਤ ਵਰਗੀ ਚੁੱਪ ਛਾ ਗਈ।

ਸਵਰਨੀ ਦੀ ਮਾੜੀ ਹਾਲਤ ਵੇਖ ਕੇ ਨਰਸ ਨੇ ਵੀ ਪਿੱਛਾ ਛੁਡਾਉਣਾ ਠੀਕ ਸਮਝਿਆ। ਕੱਥੂ ਉਹਨੂੰ ਘੋੜੀ 'ਤੇ ਚੜ੍ਹਾ ਕੇ ਕਸੂਰ ਛੱਡਣ ਤੁਰ ਗਿਆ।

ਦੁਪਿਹਰ ਤੋਂ ਪਿੱਛੋਂ ਸਵਰਨੀ ਦੀ ਜੀਵਨ-ਸ਼ਕਤੀ ਘਟਣੀ ਸ਼ੁਰੂ ਹੋ ਗਈ। ਸ਼ਾਮ ਹੁੰਦਿਆਂ ਤਕ ਤੇਲ ਮੁਕ ਗਿਆ ਤੇ ਜੀਵਨ-ਜੋਤ ਬੁੱਝ ਗਈ। ਇਕ ਪਾਤਰ ਹਮੇਸ਼ਾ ਵਾਸਤੇ ਸਟੇਜ ਛੱਡ ਕੇ ਤੁਰ ਗਿਆ।

## ੨੮

ਮਰਿਆਂ ਦਾ ਸੋਗ ਕਿੰਨਾ ਕੁ ਚਿਰ ਨਿੱਭਦਾ ਹੈ। ਮਹੀਨਾ, ਦੋ ਮਹੀਨੇ, ਹੱਦ ਇਕ ਸਾਲ। ਹੱਡੀਆਂ ਜਲ-ਪ੍ਰਵਾਹ ਹੋਈਆਂ ਤੇ ਮਰਨ ਵਾਲੇ ਦੀ ਤਸਵੀਰ ਧੁੰਧਲੀ ਪੈਣੀ ਸ਼ੁਰੂ ਹੋ ਗਈ। ਸਹਿਜ-ਸਹਿਜ ਸਭ ਕੁਝ ਵਿਸਰ ਜਾਂਦਾ ਹੈ। ਜਾਣ ਵਾਲੇ ਨੂੰ ਭੁਲਾਅ ਦੇਣ ਵਿਚ ਹੀ ਭਲਾ ਹੈ।

ਸਵਰਨੀ ਮਰੀ ਨੂੰ ਦਸ ਯਾਰਾਂ ਮਹੀਨੇ ਹੋ ਗਏ ਸਨ। ਲੱਖਾ ਸਿੰਘ ਚੁਬਾਰੇ ਵਿੱਚ ਹੀ ਸੌਂਦਾ ਸੀ। ਬਸੰਤ ਕੌਰ ਹੇਠਾਂ ਵੱਸੋਂ ਵਾਲੇ ਕਮਰੇ ਵਿੱਚ। ਪੋਤਰਾ ਉਹਦੇ ਲਾਗੇ ਦੇ ਮੰਜੇ 'ਤੇ ਹੁੰਦਾ। ਨਾਲ ਦੇ ਕਮਰੇ ਵਿੱਚ ਹਰਨਾਮ ਤੇ ਉਹਦੀ ਵਹੁਟੀ ਹੁੰਦੀ। ਸਰਵਣ ਬੈਠਕ ਨਾਲ ਦੇ ਕਮਰੇ ਵਿੱਚ ਹੁੰਦਾ।

ਲੱਖਾ ਸਿੰਘ ਦੀ ਰੋਟੀ ਬਸੰਤ ਕੌਰ ਚੁਬਾਰੇ ਵਿੱਚ ਹੀ ਲੈ ਜਾਂਦੀ। ਅੱਧੇ ਘੰਟੇ

ਪਿਛੋਂ ਉਹਨੂੰ ਦੁੱਧ ਦਾ ਗਲਾਸ ਪੁਚਾਉਣ ਵਾਸਤੇ ਵੀ ਓਥੇ ਜਾਣਾ ਪੈਂਦਾ। ਉਹ ਜਾਂਦੀ ਤੇ ਮੇਜ਼ ਉੱਤੇ ਦੁੱਧ ਰਖ ਕੇ ਮੁੜ ਆਉਂਦੀ। ਲੱਖਾ ਸਿਘ ਕੋਈ ਗੱਲ ਪੁੱਛਦਾ ਤਾਂ ਉਹ ਜਵਾਬ ਦੇ ਦੇਂਦੀ, ਨਹੀਂ ਤਾਂ ਚੁੱਪ-ਚਾਪ ਮੁੜ ਆਉਂਦੀ।

ਚੁਬਾਰੇ ਵਿੱਚ ਜਾਣ ਵਾਸਤੇ ਪੱਕੀ ਪੌੜੀ ਘਰ ਦੇ ਅੰਦਰਲੇ ਪਾਸਿਓਂ ਚੜ੍ਹਦੀ ਸੀ। ਬਾਹਰਲੀ ਹਵੇਲੀ ਵਿੱਚ ਇਕ ਲੱਕੜ ਦੀ ਪੌੜੀ ਲੱਗੀ ਹੋਈ ਸੀ। ਉਸ ਰਾਹੀਂ ਵੀ ਚੁਬਾਰੇ ਵਿੱਚ ਆਇਆ ਜਾ ਸਕਦਾ ਸੀ।

ਘਰ ਦੇ ਬਾਕੀ ਜੀਆਂ ਦੇ ਸੌਂ ਜਾਣ ਉੱਤੇ ਰਾਜੋ ਦੂਜੇ ਤੀਜੇ ਦਿਨ ਚੁਬਾਰੇ ਵਿੱਚ ਲੱਖਾ ਸਿਘ ਦੀ ਹਾਜ਼ਰੀ ਭਰਦੀ। ਕੁਝ ਚਿਰ ਬੈਠੀ ਉਹ ਮਰਨ ਵਾਲੀ ਦੀਆਂ ਗੱਲਾਂ ਕਰਦੀ ਰਹਿੰਦੀ। ਸਵਰਨੀ ਦੇ ਹੁੰਦਿਆਂ ਰਾਜੋ ਦੇ ਦਿਲ ਵਿੱਚ ਉਹਦੇ ਵਾਸਤੇ ਈਰਖਾ ਸੀ। ਉਹ ਸਵਰਨੀ ਨੂੰ ਚਿੜ੍ਹਾਉਣ ਦਾ ਯਤਨ ਵੀ ਕਰਦੀ ਪਰ ਸਵਰਨੀ ਦੀ ਦੁਖਦਾਈ ਮੌਤ ਨੇ ਰਾਜੋ ਦਾ ਦਿਲ ਬਦਲ ਦਿੱਤਾ ਸੀ। ਹੁਣ ਉਹਦੇ ਮਨ ਵਿੱਚ ਸਵਰਨੀ ਵਾਸਤੇ ਹਮਦਰਦੀ ਪੈਦਾ ਹੋ ਗਈ ਸੀ। ਬਹੁਤ ਸਮਾਂ ਉਹ ਲੱਖਾ ਸਿਘ ਕੋਲ ਬੈਠੀ ਸਵਰਨੀ ਦਾ ਅਫ਼ਸੋਸ ਹੀ ਕਰਦੀ ਰਹਿੰਦੀ।

ਅਸਲ ਵਿੱਚ ਪਹਿਲੀ ਉਮਰ ਦਾ ਉਬਾਲ ਰਾਜੋ ਦੇ ਅੰਦਰੋਂ ਬਹੁਤ ਹੱਦ ਤਕ ਸ਼ਾਂਤ ਹੋ ਚੁੱਕਾ ਸੀ। ਉਹਦੇ ਮਨ ਵਿੱਚੋਂ ਇਹ ਆਸ ਲੱਗਭਗ ਦਮ ਤੋੜ ਚੁੱਕੀ ਸੀ ਕਿ ਉਹ ਕਦੇ ਸਮਾਜਕ ਤੌਰ 'ਤੇ ਲੱਖਾ ਸਿਘ ਦੀ ਪਤਨੀ ਬਣ ਕੇ ਜੱਟੀ ਜਾਂ ਸਰਦਾਰਨੀ ਅਖਵਾ ਸਕੇਗੀ। ਹੁਣ ਉਹਦੇ ਸਾਹਮਣੇ ਕੇਵਲ ਏਹਾ ਨਿਸ਼ਾਨਾ ਰਹਿ ਗਿਆ ਸੀ ਕਿ ਲੱਖਾ ਸਿਘ ਦੀ ਮਦਦ ਨਾਲ ਉਹਦਾ ਪੁੱਤਰ ਪੜ੍ਹ ਕੇ ਕਿਸੇ ਨੌਕਰੀ 'ਤੇ ਲਗ ਜਾਵੇ। ਏਸੇ ਕਾਰਨ ਉਹ ਲੱਖਾ ਸਿਘ ਦੀ ਖ਼ੁਸ਼ਾਮਦ ਕਰਨ ਵਾਸਤੇ ਮਜਬੂਰ ਸੀ। ਉਹ ਸਮਝ ਗਈ ਸੀ ਕਿ ਲੱਖਾ ਸਿਘ ਦੇ ਦਿਲ ਵਿੱਚ ਉਹਦੇ ਵਾਸਤੇ ਪਿਆਰ ਨਹੀਂ। ਉਹਦੀ ਜਵਾਨੀ ਲੱਖਾ ਸਿਘ ਦੇ ਜੀ-ਪਰਚਾਵੇ ਦਾ ਸਾਧਨ ਮਾਤਰ ਹੈ। ਤੇ ਇਸ ਸੇਵਾ ਬਦਲੇ ਲੱਖਾ ਸਿਘ ਉਹਦੇ ਪੁੱਤਰ ਦੀ ਪੜ੍ਹਾਈ ਦਾ ਖ਼ਰਚ ਦੇ ਰਿਹਾ ਸੀ।

ਲੱਖਾ ਸਿਘ ਦਾ ਦਿਲ ਪਰਚਾਉਣ ਵਾਸਤੇ ਰਾਜੋ ਸਾਰਾ ਤਾਣ ਲਾਉਂਦੀ। ਫਿਰ ਵੀ ਉਹ ਲੱਖਾ ਸਿਘ ਦੀ ਉਦਾਸੀ ਪੂਰੀ ਤਰ੍ਹਾਂ ਦੂਰ ਨਾ ਕਰ ਸਕਦੀ।

ਲੱਖਾ ਸਿਘ ਸੋਚਦਾ, ਇਹ ਕੀ ਹੋ ਗਿਆ ? ਚਾਹਿਆ ਸੀ ਸੁੱਖ, ਪੱਲੇ ਪਿਆ ਦੁੱਖ। ਉਹਨੂੰ ਉਹ ਪਹਿਲੇ ਕੁਝ ਸਾਲ ਯਾਦ ਆਉਂਦੇ, ਜੋ ਉਹਨੇ ਬਸੰਤ ਕੌਰ ਨਾਲ ਮਾਣੇ ਸਨ। ਓਦੋਂ ਉਹਨਾਂ ਵਿੱਚ ਪਿਆਰ ਸੀ, ਦੂਹਾਂ ਦਾ ਨਿੱਘ ਸੀ। ਉਹ ਭੁੱਲ ਗਿਆ। ਉਹਨੇ ਗ਼ਲਤੀ ਉੱਤੇ ਗ਼ਲਤੀ ਕਰਨੀ ਸ਼ੁਰੂ ਕਰ ਦਿੱਤੀ। ਸਵਰਨੀ ਤੇ ਰਾਜੋ, ਉਹਦੀਆਂ ਗ਼ਲਤੀਆਂ ਦਾ ਸਿੱਟਾ ਹੀ ਤਾਂ ਸਨ। ਉਹਨੇ ਸਿਰਫ਼ ਸਰੀਰਕ ਸੁੱਖ ਨੂੰ ਆਧਾਰ ਮਿਥ

ਲਿਆ। ਮਨ ਚਾਹਿਆ ਸਰੀਰਕ ਸੁੱਖ ਉਹਨੇ ਮਾਣਿਆ ਵੀ, ਪਰ ਆਤਮਕ ਸੁੱਖ ਵੱਲੋਂ ਉਹ ਵਾਂਜਿਆ ਗਿਆ, ਸਦਾ ਵਾਸਤੇ ਵਾਂਜਿਆ ਗਿਆ। ਉਹਦੀ ਆਤਮਾ ਕਿਸੇ-ਕਿਸੇ ਵੇਲੇ ਬਹੁਤ ਵਿਲਕਦੀ ਪਹਿਲਾ ਸੁੱਖ ਪ੍ਰਾਪਤ ਕਰਨ ਵਾਸਤੇ। ਉਹ ਸੁੱਖ ਉਹਨੂੰ ਮਿਲ ਸਕਦਾ ਸੀ ਕੇਵਲ ਬਸੰਤ ਕੌਰ ਕੋਲੋਂ ਤੇ ਬਸੰਤ ਕੌਰ ਉਸ ਤੋਂ ਸਦਾ ਵਾਸਤੇ ਦੂਰ ਹੋ ਗਈ ਸੀ। ਸਰੀਰਕ ਤੌਰ 'ਤੇ ਕੋਲ ਹੁੰਦਿਆਂ ਵੀ ਉਹ ਲੱਖਾ ਸਿੰਘ ਦੀ ਪਹੁੰਚ ਤੋਂ ਦੂਰ ਹੋ ਚੁੱਕੀ ਸੀ। ਸਵਰਨੀ ਦਾ ਵਿਆਹ ਹੋ ਜਾਣ 'ਤੇ ਬਸੰਤ ਕੌਰ ਨੇ ਪਤੀ ਨਾਲੋਂ ਸਰੀਰਕ ਸੰਬੰਧ ਤੋੜ ਲਿਆ ਸੀ। ਸਵਰਨੀ ਨੂੰ ਸੁਹਾਗ ਘਰ ਵਿੱਚ ਛਡ ਕੇ ਵਾਪਸ ਮੁੜਦਿਆਂ ਬਸੰਤ ਕੌਰ ਨੇ ਆਪਣੇ ਮਨ ਵਿੱਚ ਕਿਹਾ ਸੀ, 'ਸਵਰਨੀ! ਲੈ ਅੱਜ ਤੋਂ ਇਹ ਤੇਰੇ ਹੋਏ। ਮੈਂ ਸਾਰੇ ਦਾਹਵੇ ਛਡੇ।' ਇਸ ਤੋਂ ਵੱਧ ਨਾ ਉਹਨੇ ਕੁਝ ਕਿਹਾ, ਨਾ ਸੋਚਿਆ।

ਇਸ ਬਾਰੇ ਬਸੰਤ ਕੌਰ ਨੇ ਮੂੰਹੋਂ ਕਿਸੇ ਅੱਗੇ ਹਵਾੜ੍ਹ ਤਕ ਨਹੀਂ ਸੀ ਕੱਢੀ। ਆਪਣੇ ਹੱਕਾਂ ਬਦਲੇ ਝਗੜਾ ਕਰਨਾ ਤੇ ਅੰਦਰ ਦਾ ਦੁੱਖ ਰੋ-ਰੋ ਕੇ ਲੋਕਾਂ ਨੂੰ ਸੁਨਾਉਣਾ ਉਹਦੇ ਸੁਭਾਅ ਦੇ ਉਲਟ ਸੀ। ਉਹਨੇ ਦਿਲ ਦਾ ਭੇਤ ਕਿਸੇ ਕੋਲ ਨਹੀਂ ਸੀ ਭੰਨਿਆ, ਫਿਰ ਵੀ ਸਾਰੇ ਅਸਲੀ ਭੇਦ ਤੋਂ ਜਾਣੂ ਹੋ ਗਏ ਸਨ। ਸਭ ਤੋਂ ਪਹਿਲਾਂ ਏਸ ਭੇਤ ਨੂੰ ਸਮਝਿਆ ਸਵਰਨੀ ਨੇ, ਫਿਰ ਰਾਜੋ ਨੇ ਤੇ ਫਿਰ ਸਾਰਾ ਪਿੰਡ ਇਸ ਗੱਲ ਤੋਂ ਜਾਣੂ ਹੋ ਗਿਆ।

ਬਸੰਤ ਕੌਰ ਦੀ ਇਸ ਅਣ-ਕਹੀ ਪ੍ਰਤਿੱਗਿਆ ਬਾਰੇ ਪਿੰਡ ਦੀਆਂ ਇਸਤਰੀਆਂ ਪਹਿਲਾਂ ਹੈਰਾਨ ਹੋਈਆਂ, ਫਿਰ ਉਹ ਉਸ ਦੇ ਸਿਰੜ ਬਾਰੇ ਮਹਿਸੂਸ ਕਰ ਕੇ ਦੁੱਖੀ ਹੋਈਆਂ। ਸਵਰਨੀ ਦੇ ਮਰ ਜਾਣ 'ਤੇ ਉਹਨਾਂ ਦੇ ਖ਼ਿਆਲ ਕੁਝ ਬਦਲੇ; ਪਰ ਪੂਰਾ ਸਾਲ ਬੀਤ ਜਾਣ ਉੱਤੇ ਵੀ ਜਦ ਹਾਲਤ ਜਿਉਂ ਦੀ ਤਿਉਂ ਰਹੀ ਤਾਂ ਜਾਣੂ ਇਸਤਰੀਆਂ ਦੀ ਹੈਰਾਨੀ ਅਚੰਭੇ ਵਿੱਚ ਬਦਲ ਗਈ। ਕਈ ਵਾਰ ਈਰਖਾਲੂ ਤੋਂ ਈਰਖਾਲੂ ਸ਼ਰੀਕਣੀ ਦੇ ਮੂੰਹੋਂ ਵੀ ਨਿਕਲ ਜਾਂਦੀ, 'ਧੰਨ ਜੇਰਾ ਏ ਮਾਂ ਦੀ ਧੀ ਦਾ।'

ਲੱਖਾ ਸਿੰਘ ਚਾਹੁੰਦਾ ਸੀ ਬਸੰਤ ਕੌਰ ਨੂੰ ਫਿਰ ਪ੍ਰਾਪਤ ਕਰਨਾ, ਪਰ ਮੂੰਹੋਂ ਕਹਿਣ ਦੀ ਉਹਦੀ ਹਿਮਤ ਨਹੀਂ ਸੀ ਪੈਂਦੀ। ਪਹਿਲਾਂ ਕੁਝ ਸਮਾਂ ਤਾਂ ਉਹ ਸੋਚਦਾ ਰਿਹਾ, 'ਅੰਤ ਮੈਂ ਉਹਦਾ ਮਾਲਕ ਆਂ। ਪਹਿਲਾਂ ਸਵਰਨੀ ਤੋਂ ਸੜਦੀ ਉਹ ਮੈਥੋਂ ਦੂਰ ਰਹੀ ਸੀ। ਤਿਰੀਆ ਹਠ, ਹੋਰ ਕੀ। ਬੰਦਾ ਪੁੱਛੇ, ਪੁੱਜਦਾ ਮਰਦ ਵੀਹ ਥਾਂਈਂ ਭੱਜਾ ਫਿਰਦਾ ਏ। ਭਲਾ ਤੇਰਾ ਇਸ ਨਾਲ ਕੀ ਵਿਗੜਦਾ ਏ ? ਤੂੰ ਰੱਜਵਾਂ ਖਾਹ ਤੇ ਮਨ-ਚਾਹਿਆ ਹੰਢਾਅ।.........ਖ਼ੈਰ, ਹੁਣ ਉਹ ਸਾੜਾ ਵੀ ਮੁੱਕ ਗਿਆ। ਵੇਖਾਂਗੇ, ਹੁਣ ਕਿੰਨਾ ਚਿਰ ਇਹ ਸਿਰੜ ਨਿਭਦਾ ਏ। ਹਾਰ ਕੇ ਆਪੇ ਆ ਕੇ ਪੈਰਾਂ 'ਤੇ ਡਿਗੇਗੀ।'

ਪਰ ਜਦ ਬਸੰਤ ਕੌਰ ਦਾ ਸਿਰੜ 'ਲੱਖਾ ਸਿੰਘ ਦੇ ਕਿਆਸ ਨਾਲੋਂ ਪੱਕਾ ਸਿੱਧ ਹੋਇਆ ਤਾਂ ਉਹ ਹੋਰ ਢੰਗ ਨਾਲ ਸੋਚਣ ਵਾਸਤੇ ਮਜਬੂਰ ਹੋ ਗਿਆ। 'ਸਿਆਣਿਆਂ ਨੇ ਤਿੰਨ ਹੱਠ ਮੰਨੇ ਹਨ : ਰਾਜ ਹੱਠ, ਬਾਲ ਹੱਠ ਤੇ ਤਿਰੀਆ ਹੱਠ। ਤਿਰੀਆ ਹੱਠ ਸਭ ਨਾਲੋਂ ਮਜ਼ਬੂਤ ਮੰਨਿਆ ਗਿਆ ਏ। ਹੈ ਵੀ ਠੀਕ। ਨ੍ਹਾਮੇ ਦੀ ਮਾਂ ਵੱਲ ਈ ਵੇਖ ਲਓ ਖਾਂ। ਉਹ ਆਪਣੇ ਹੱਠ ਤੋਂ ਨਹੀ ਡੋਲੇਗੀ, ਮਰਦੇ ਦਮ ਤਕ ਨਹੀਂ ਝੁਕੇਗੀ। ਤਾਂ ਕੀ ਮੈਂ ਵੀ ਉਹਦੇ ਵਾਂਗ ਮੂਰਖ ਬਣਿਆਂ ਰਹਾਂ ? ਪਰ ਸਵਾਲ ਏ ਕਿ ਮੈਂ ਮਰਦ ਹੋ ਕੇ ਜ਼ਨਾਨੀ ਅਗੇ ਝੁਕਾਂ ਕਿਵੇਂ ? ਨਾ ਝੁਕਾਂ ਤਾਂ ਇਹ ਸਵਾਲ ਹੱਲ ਕਿਵੇਂ ਹੋਵੇ ? ਮੰਨ ਲਉ, ਮੈਂ ਝੁੱਕ ਵੀ ਜਾਵਾਂ, ਪਰ ਜੇ ਉਹ ਫੇਰ ਵੀ ਨਾ ਮੰਨੀ ਤਾਂ ਫੇਰ ਮੇਰੀ ਕੀ ਰਹੇਗੀ। ਮੁਸ਼ਕਲ ਇਹ ਹੈ ਕਿ ਹੁਣ ਮੈਥੋਂ ਸਬਰ ਵੀ ਨਹੀਂ ਹੁੰਦਾ। ਰਾਜੋ ਕਿੰਨੀ ਵਾਰ ਮਿੰਨਤਾਂ ਕਰ ਹਟੀ ਏ, ਸਰਦਾਰ ਜੀ। ਤੁਸੀਂ ਆਪ ਸਰਦਾਰਨੀ ਨੂੰ ਮਨਾ ਲਵੋ। ਮੈਥੋਂ ਉਹਦਾ ਦੁੱਖ ਜਰਿਆ ਨਹੀਂ ਜਾਂਦਾ।..............ਜਰਿਆ ਤਾਂ ਮੈਥੋਂ ਵੀ ਨਹੀਂ ਜਾਂਦਾ। ਪਰ ਕੀਤਾ ਕੀ ਜਾਵੇ।.........ਤੇ ਰਾਜੋ ਦਾ ਇਹ ਕਹਿਣਾ : ਤੁਸੀਂ ਮੇਰੇ ਬਦਲੇ ਈ ਸਰਾਦਾਰਨੀ ਨੂੰ ਮਨਾ ਲਵੋ।.........ਮੂਰਖ ਜ਼ਨਾਨੀ। ਉਹ ਸਮਝਦੀ ਏ, ਜਿਵੇਂ ਮੈਂ ਉਹਨੂੰ ਬਹੁਤ ਪਿਆਰ ਕਰਦਾਂ। ਆਪਣੀ ਔਕਾਤ ਨਹੀਂ ਨਾ ਸਮਝਦੀ। ਕੀ ਹੈਸੀਅਤ ਏ ਰਾਜੋ ਦੀ ਨ੍ਹਾਮੇ ਦੀ ਮਾਂ ਦੇ ਸਾਹਮਣੇ ? ਕੀ ਕੀਮਤ ਹੈ ਰਾਜੋ ਦੀ ਮੇਰੀ ਨਜ਼ਰ ਵਿੱਚ ? ਕੁਝ ਚਾਂਦੀ ਦੇ ਛਿੱਲੜ। ਉਹ ਮੇਰਾ ਦਿਲ ਪਰਚਾ ਛੱਡਦੀ ਏ, ਮੈਂ ਉਹਦੇ ਮੁੰਡੇ ਦਾ ਖ਼ਰਚ ਦੇ ਛੱਡਦਾਂ। ਉਹਦੇ ਮੁੰਡੇ ਦਾ ? ਕੀ ਉਹ ਓਸੇ ਦਾ ਮੁੰਡਾ ਏ ਸਿਰਫ਼ ?' ਲੱਖਾ ਸਿੰਘ ਇਕੇ ਵਾਰ ਤ੍ਰਬਕ ਉਠਿਆ। ਉਹਨੂੰ ਇਉਂ ਭਾਸਿਆ, ਜਿਵੇਂ ਹਰਨਾਮ ਦੇ ਬਰਾਬਰ ਖੜਾ ਜਰਨੈਲ ਚਿੜਾਊ ਮੁਸਕਰਾਹਟ ਨਾਲ ਪੁੱਛ ਰਿਹਾ ਹੈ, 'ਹੱਛਾ ਫਿਰ ਬਾਪੂ! ਤੂੰ ਹੀ ਦੱਸ, ਮੈਂ ਕੀਹਦਾ ਪੁੱਤਰ ਆਂ ?'

ਘਬਰਾ ਕੇ ਲੱਖਾ ਸਿੰਘ ਨੇ ਸੋਚਣਾ ਬੰਦ ਕਰ ਦਿੱਤਾ, ਪਰ ਇਕ ਵਾਰ ਅੰਦਰ ਫੁਰਨੇ ਸਿਰ ਉਠਾ ਲੈਣ ਤਾਂ ਫਿਰ ਉਹ ਦਬਾਏ ਨਹੀਂ ਜਾ ਸਕਦੇ। ਲੱਖਾ ਸਿੰਘ ਫਿਰ ਸੋਚਣ ਲੱਗ ਪੈਂਦਾ, 'ਕੋਈ ਚਾਰਾ ਨਹੀਂ। ਹੋਰ ਕੋਈ ਇਲਾਜ ਨਹੀਂ। ਮੈਨੂੰ ਨ੍ਹਾਮੇ ਦੀ ਮਾਂ ਨਾਲ ਸੁਲ੍ਹਾ ਕਰ ਲੈਣੀ ਚਾਹੀਦੀ ਏ। ਉਹ ਬੜੀ ਨੇਕ ਜ਼ਨਾਨੀ ਏ। ਅਫ਼ਸੋਸ, ਮੈਂ ਉਹਦਾ ਮੁੱਲ ਨਾ ਪਾਇਆ। ਸੌਕਣ ਦਾ ਸਾੜਾ ਖਿੜੇ ਮੱਥੇ ਸਹਿ ਜਾਣਾ, ਹਰ ਇਕ ਦਾ ਜਿਗਰਾ ਨਹੀਂ। ਉਹਦਾ ਜੇਰਾ, ਉਹਦਾ ਸਬਰ, ਕੋਈ ਉਸ ਨੂੰ ਨਹੀਂ ਪਹੁੰਚ ਸਕਦਾ। ਉਹ ਹਰ ਇਕ ਉੱਤੇ ਦਇਆ ਕਰਨੀ ਜਾਣਦੀ ਏ। ਮੇਰੇ ਉੱਤੇ ਭਲਾ ਤਰਸ ਕਿਉਂ ਨਾ ਕਰੇਗੀ ? ਉਹ ਮੰਨ ਜਾਵੇਗੀ, ਪਰ ਸਵਾਲ ਏ ਕਿ ਮੈਂ ਆਖਾਂ ਕਿਹੜੇ ਮੂੰਹ

ਨਾਲ ? ਬਹੁਤ ਔਖਾ ਕੰਮ ਏ। ਕਿੰਨੇ ਸਾਲ ਹੋ ਗਏ ਨੇ। ਮੈਂ ਉਹਦੇ ਸਾਹਮਣੇ ਮੌਜਾਂ ਮਾਣਦਾ ਰਿਹਾ ਤੇ ਉਹ ਸਬਰ ਦੇ ਘੁੱਟ ਪੀ ਕੇ ਰਾਤਾਂ ਕਟਦੀ ਰਹੀ ਏ। ਫਿਰ ਵੀ.............ਫਿਰ ਵੀ................ਮੈਨੂੰ ਪਹਿਲ ਕਰਨੀ ਚਾਹੀਦੀ ਏ। ਪਹਿਲੀ ਵਾਰ ਨਹੀਂ ਤਾਂ ਦੂਜੀ ਤੀਜੀ ਵਾਰ ਮਿੰਨਤ ਕਰਨ 'ਤੇ ਪਸੀਜ ਪਵੇਗੀ।'

ਲੱਖਾ ਸਿੰਘ ਨੇ ਪਹਿਲ ਕਰਨ ਦਾ ਮਨ ਬਣਾ ਲਿਆ। ਕਈ ਦਿਨ ਉਹ ਸੋਚਦਾ ਰਿਹਾ ਕਿ ਉਹ ਬਸੰਤ ਕੌਰ ਨੂੰ ਕਿਵੇਂ ਮਨਾਵੇਂ, ਕੀ ਕਹੇ, ਜਿਸ ਨਾਲ ਕੁਝ ਆਪਣਾ ਰੁਹਬ ਵੀ ਰਹਿ ਜਾਵੇ ਤੇ ਕਾਰਜ ਵੀ ਸਿੱਧ ਹੋ ਜਾਵੇ। ਅੰਤ ਉਹਨੇ ਇਕ ਦਿਨ ਬੁਲਾ ਹੀ ਲਿਆ। ਬਸੰਤ ਕੌਰ ਦੁੱਧ ਦਾ ਗਲਾਸ ਰੱਖ ਕੇ ਮੁੜਨ ਲਗੀ ਤਾਂ ਲੱਖਾ ਸਿੰਘ ਨੇ ਲੇਟੇ-ਲੇਟੇ ਕਿਹਾ, "ਨ੍ਹਾਮੇ ਦੀ ਮਾਂ! ਬਹੁਤ ਕਾਹਲੀ ਏ ਮੁੜਨ ਦੀ ?"

"ਨਹੀਂ।" ਬਸੰਤ ਕੌਰ ਨੇ ਛੋਟਾ ਜਿਹਾ ਉੱਤਰ ਦਿੱਤਾ।

"ਸੁਖਵਿੰਦਰ ਸੌਂ ਗਿਆ ਏ ?" ਹਰਨਾਮ ਸਿੰਘ ਦਾ ਪਲੇਠੀ ਦਾ ਕਾਕਾ ਸੁਖਵਿੰਦਰ ਦਾਦੀ ਕੋਲ ਸੌਂਦਾ ਸੀ।

"ਹਾਂ।" ਬਸੰਤ ਕੌਰ ਨੇ ਅਸਲੀਅਤ ਨੂੰ ਕੁਝ ਕੁਝ ਸਮਝਦਿਆਂ ਹੁੰਗਾਰਾ ਭਰਿਆ।

"ਬਹਿ ਜਾ ਫਿਰ ਦੋ ਘੜੀਆਂ।" ਲੱਖਾ ਸਿੰਘ ਦੀ ਅਵਾਜ਼ ਵਿੱਚ ਪੂਰਾ ਹੰਮਾ ਦਾਹਵਾ ਨਹੀਂ ਸੀ।

ਬਸੰਤ ਕੌਰ ਲਾਗੇ ਪਈ ਕੁਰਸੀ ਉੱਤੇ ਬਹਿ ਗਈ। ਉਹਦਾ ਚਿਹਰਾ ਓਵੇਂ ਸ਼ਾਂਤ ਸੀ, ਜਿਸ ਉਤੋਂ ਅੰਦਰ ਦੇ ਭਾਵ ਪੜ੍ਹ ਲੈਣਾ ਔਖਾ ਸੀ।

"ਨ੍ਹਾਮੇ ਦੀ ਮਾਂ!" ਲੱਖਾ ਸਿੰਘ ਨੇ ਕੁਝ ਅੱਭਕ-ਅੱਭਕ ਕੇ ਕਿਹਾ, "ਆ ਜਾਇਆ ਕਰ ਪੰਜੀਂ ਦਸੀਂ ਦਿਨੀਂ। ਸਵਰਨੀ ਈ ਸਾਡੇ ਵਿੱਚ ਰੜਕਦਾ ਕੰਡਾ ਸੀ। ਉਹ ਕੁਦਰਤ ਨੇ ਕੱਢ ਦਿੱਤਾ। ਉਹਨੂੰ ਮਰੀ ਨੂੰ ਸਾਲ ਹੋ ਗਿਆ ਏ। ਹੁਣ ਕਿਸ ਗੱਲ ਦਾ ਗ਼ੁੱਸਾ ਏ ?"

"ਇਹ ਕੀ ਆਖਿਆ ਜੇ ?" ਬਸੰਤ ਕੌਰ ਨੇ ਪਤੀ ਵੱਲ ਬੜੀ ਹੈਰਾਨੀ ਨਾਲ ਤਕਦਿਆਂ ਕਿਹਾ। ਉਹ ਚੋਖਾ ਚਿਰ ਬਿਨਾਂ ਪਲਕਾਂ ਝਮਕੇ ਲੱਖਾ ਸਿੰਘ ਦੇ ਚਿਹਰੇ ਵੱਲ ਵੇਖਦੀ ਰਹੀ, ਜਿਵੇਂ ਕੋਈ ਸੁਲਝਿਆ ਹੋਇਆ ਵਿਗਿਆਨੀ ਅਣਜਾਣ ਬਾਲਕ ਦੇ ਅਰਥਹੀਣ ਸਵਾਲ ਉੱਤੇ ਵੇਖਦਾ ਹੈ।

ਲੱਖਾ ਸਿੰਘ ਉਹਦੀ ਇਸ ਤਕਣੀ ਦੀ ਝਾਲ ਨਾ ਝੱਲ ਸਕਿਆ। ਉਹਦੀਆਂ ਅੱਖਾਂ ਆਪਣੇ ਆਪ ਝੁੱਕ ਗਈਆਂ।

ਬਸੰਤ ਕੌਰ ਦੀ ਤਕਣੀ ਵਿਚ ਕੁਝ ਅਜੇਹਾ ਤੇਜ ਸੀ ਕਿ ਵੱਡੇ ਤੋਂ ਵੱਡੇ ਜਿਗਰੇ ਵਾਲਾ ਵੀ ਬਹੁਤਾ ਚਿਰ ਉਹਦੀਆਂ ਅੱਖਾਂ ਵਿੱਚ ਨਹੀਂ ਸੀ ਤਕ ਸਕਦਾ।

"ਤੁਸੀਂ ਸਮਝਦੇ ਓ, ਮੈਂ ਸਵਰਨੀ ਨਾਲ ਈਰਖਾ ਕਰਦੀ ਸਾਂ ? ਮੇਰੇ ਮਨ ਵਿੱਚ ਕੋਈ ਸਾੜਾ ਸੀ ? ਨਹੀਂ। ਤੁਸੀਂ ਮੈਨੂੰ ਨਹੀਂ ਸਮਝ ਸਕੇ। ਸਮਝ ਸਕਦੇ ਵੀ ਨਹੀਂ। ਮੇਰੇ ਦਿਲ ਦੀ ਕੋਈ ਨਹੀਂ ਸਮਝ ਸਕਦਾ। ਉਹ-ਹੋ। ਨਿਕਰਮਣ ਸਵਰਨੀ। ਵਚਾਰੀ ਦੀ ਜਵਾਨੀ ਭੰਗ ਦੇ ਭਾੜੇ ਗਈ। ਉਹ-ਹੋ। ਮਰ ਗਏ ਅੱਲ੍ਹਾ ਦੇ ਲੋਕ, ਨਾ ਹਿਰਖ ਨਾ ਮਸੋਸ।" ਬਸੰਤ ਕੌਰ ਅੱਖਾਂ ਪੂੰਝਦੀ ਉਠ ਕੇ ਸਹਿਜ-ਸਹਿਜ ਕਦਮ ਪੁਟਦੀ ਚਲੀ ਗਈ। ਉਸ ਵੇਲੇ ਉਹਦੇ ਅੰਦਰ ਆਪਣੇ ਨਾਲੋਂ ਸਵਰਨੀ ਦਾ ਦੁੱਖ ਵਧੇਰੇ ਸੀ।

ਲੱਖਾ ਸਿੰਘ ਦਾ ਹੌਸਲਾ ਨਾ ਪਿਆ ਬਸੰਤ ਕੌਰ ਨੂੰ ਬਾਹੋਂ ਫੜ ਕੇ ਅਟਕਾ ਲੈਣ ਦਾ। ਕਿੰਨਾ ਚਿਰ ਉਹ ਓਸੇ ਤਰ੍ਹਾਂ ਲੇਟਿਆ ਛੱਤ ਵੱਲ ਵੇਖਦਾ ਰਿਹਾ। ਅੱਜ ਪਹਿਲੀ ਵਾਰ ਉਹਨੂੰ ਕੁਝ ਗਿਆਨ ਹੋਇਆ ਕਿ ਏਸ ਵਣਜ ਵਿੱਚੋਂ ਉਹਨੇ ਖੱਟਿਆ ਕੀ ਹੈ, ਤੇ ਗੁਆਇਆ ਕੀ ?

ਅੱਧੀ ਕੁ ਰਾਤ ਨਾਲ ਰਾਜੋ ਆਈ। ਢੁੱਕਾ ਹੋਇਆ ਬੂਹਾ ਸਹਿਜ ਨਾਲ ਲਾਹ ਕੇ ਉਹ ਅੰਦਰ ਦਾਖ਼ਲ ਹੋਈ। ਲੱਖਾ ਸਿੰਘ ਨੇ ਇਕ ਨਜ਼ਰ ਉਹਦੇ ਉੱਤੇ ਮਾਰੀ ਤੇ ਫਿਰ ਛੱਤ ਵੱਲ ਤੱਕਣ ਲੱਗ ਪਿਆ। ਦਸ ਮਿੰਟ ਰਾਜੋ ਬੁੱਤ ਬਣੀ ਸਾਹਮਣੇ ਖੜੀ ਰਹੀ। ਫਿਰ ਉਹ ਹੌਸਲਾ ਕਰਕੇ ਅੱਗੇ ਵੱਧ ਕੇ ਓਸੇ ਕੁਰਸੀ ਉੱਤੇ ਬਹਿ ਗਈ। ਅੱਧਾ ਘੰਟਾ ਉਹ ਲੱਖਾ ਸਿੰਘ ਦੇ ਚਿਹਰੇ ਵੱਲ ਵੇਖਦੀ ਰਹੀ। ਲੱਖਾ ਸਿੰਘ ਨੇ ਇਕ ਵਾਰ ਵੀ ਦੁਬਾਰਾ ਉਹਦੇ ਵੱਲ ਨਿਗਾਹ ਨਾ ਫੇਰੀ। ਉਹਦੇ ਚਿਹਰੇ ਉੱਤੇ ਪੈ ਰਹੇ ਪਛਤਾਵੇ ਦੇ ਪਰਛਾਵੇਂ ਸਾਫ਼ ਜ਼ਾਹਰ ਕਰ ਰਹੇ ਸਨ ਕਿ ਉਹ ਕਿਸੇ ਡੂੰਘੀ ਸੋਚ ਵਿੱਚ ਡੁੱਬਾ ਹੋਇਆ ਹੈ।

"ਅੱਜ ਕੋਈ ਗੱਲ ਹੋਈ ਏ ?" ਡਰਦੀ-ਡਰਦੀ ਰਾਜੋ ਨੇ ਪੁੱਛਿਆ। ਉਹ ਵੇਖ ਰਹੀ ਸੀ ਕਿ ਬਸੰਤ ਕੌਰ ਅੱਜ ਨਿੱਤ ਨਾਲੋਂ ਵਧੇਰੇ ਚਿਰ ਚੁਬਾਰੇ ਵਿੱਚ ਰਹੀ ਸੀ।

"ਹਾਂ।" ਲੱਖਾ ਸਿੰਘ ਨੇ ਬਿਨਾਂ ਰਾਜ ਵੱਲ ਨਿਗ੍ਹਾ ਫੇਰਿਆਂ ਛੋਟਾ ਜੇਹਾ ਉੱਤਰ ਦਿੱਤਾ।

ਫੇਰ ਦੋਹਾਂ ਵਿੱਚੋਂ ਕੋਈ ਨਹੀਂ ਬੋਲਿਆ। ਰਾਜੋ ਸਮਝ ਗਈ ਕਿ ਦੋਹਾਂ ਵਿੱਚ ਕੀ ਗੱਲਾਂ ਹੋਈਆਂ ਹੋਣਗੀਆਂ। ਪੰਦਰਾਂ ਕੁ ਮਿੰਟ ਹੋਰ ਬਹਿ ਕੇ ਰਾਜੋ ਉਠ ਕੇ ਚਲੀ ਗਈ। ਲੱਖਾ ਸਿੰਘ ਫਿਰ ਵੀ ਕੁਝ ਨਾ ਬੋਲਿਆ।

ਆਪਣੇ ਮੰਜੇ 'ਤੇ ਜਾ ਕੇ ਰਾਜੋ ਫੁੱਟ-ਫੁੱਟ ਕੇ ਰੋ ਪਈ। ਉਹ ਅੰਦਰ ਦੀਆਂ

ਚੀਸਾਂ ਅੰਦਰੇ ਨਾ ਦਬਾ ਸਕੀ। ਉਹਦੇ ਹਡਕੋਰੇ ਉੱਚੀ-ਉੱਚੀ ਹਉਕੇ ਭਰਨ ਲੱਗ ਪਏ। ਛਾਤੀ ਵਿੱਚ ਸਾਹ ਮਿਉਣਾ ਔਖਾ ਹੋ ਗਿਆ ਸੀ। ਉਹਦੇ ਤੜਫਣ ਨਾਲ ਸਾਰਾ ਮੰਜਾ ਹਿਲ ਰਿਹਾ ਸੀ।

ਉਹਦੇ ਨਾਲ ਲਗਵਾਂ ਬੁੱਢੇ ਦਾ ਮੰਜਾ ਸੀ। ਉਸ ਤੋਂ ਪਰੇ ਦੂਸਰੀ ਕੰਧ ਨਾਲ ਜਰਨੈਲ ਸੁੱਤਾ ਪਿਆ ਸੀ। ਘੱਟ ਤੋਂ ਘੱਟ ਰਾਜੋ ਉਸ ਨੂੰ ਸੁੱਤਾ ਪਿਆ ਹੀ ਸਮਝ ਰਹੀ ਸੀ।

ਬੁੱਢਾ ਕੁਝ ਚਿਰ ਘੇਸਲ ਵੱਟ ਕੇ ਪਿਆ ਰਿਹਾ। ਉਹ ਜਾਗਦਾ ਪਿਆ ਵੀ ਸੁੱਤੇ ਹੋਣ ਦਾ ਬਹਾਨਾ ਕਰ ਰਿਹਾ ਸੀ। ਉਹਦਾ ਇਰਾਦਾ ਇਹ ਪਰਗਟ ਕਰਨਾ ਸੀ ਕਿ ਰਾਜੋ ਸਮਝੇ, ਜਿਵੇਂ ਉਹਦੇ ਚੁਬਾਰੇ ਵਿੱਚ ਜਾਣ ਦਾ ਤੇ ਵਾਪਸ ਆਉਣ ਦਾ ਬੁੱਢੇ ਨੂੰ ਕੋਈ ਪਤਾ ਨਹੀਂ।

ਅੰਤ ਬੁੱਢੇ ਤੋਂ ਨਾ ਰਿਹਾ ਗਿਆ। ਉਹਨੇ ਰਾਜੋ ਨੂੰ ਬਾਹੋਂ ਫੜ ਕੇ ਹਿਲਾਉਂਦਿਆਂ ਹਮਦਰਦੀ ਨਾਲ ਕਿਹਾ, "ਕਮਲੀ ਹੋ ਗਈ ਏਂ ? ਸਰਦਾਰ ਨੇ ਕਿਸੇ ਗੱਲੋਂ ਝਿੜਕ ਵੀ ਦਿੱਤਾ ਏ, ਤਾਂ ਕੀ ਆਖਰ ਆ ਗਈ। ਸਾਨੂੰ ਆਪਣੀ ਉਕਾਤ ਨਹੀਂ ਭੁੱਲਣੀ ਚਾਹੀਦੀ।"

"ਨਹੀਂ, ਨਹੀਂ। ਸਰਦਾਰ ਨੇ ਮੈਨੂੰ ਕੁਝ ਨਹੀਂ ਆਖਿਆ। ਤੂੰ ਨਹੀਂ ਜਾਣਦਾ ਮੇਰੇ ਅੰਦਰ ਕੀ ਦੁੱਖ ਏ, ਕੋਈ ਨਹੀਂ ਜਾਣਦਾ। ਕੋਈ ਨਹੀਂ ਜਾਣਦਾ। ਉਹ ਵੀ.....ਉਸ ਸਤੀ ਦਾ ਸਰਾਫ਼ ਕਿਸੇ ਨਾ ਕਿਸੇ ਨੂੰ ਜ਼ਰੂਰ ਲੈ ਲੱਥੇਗਾ। ਹਾਇ ਰੱਬਾ! ਮੈਨੂੰ ਚੁੱਕ ਲੈ, ਪਰ ਉਹਨੂੰ ਸੁਖੀ ਰੱਖ। ਉਹਦਾ ਉਹਨੂੰ ਮੋੜ ਦੇ।" ਰਾਜੋ ਹੱਥ ਜੋੜੀ ਬਸੰਤ ਕੌਰ ਦੇ ਹੱਕ ਵਿੱਚ ਅਰਦਾਸ ਕਰ ਰਹੀ ਸੀ।

"ਚੁੱਪ ਕਰ। ਜਵਾਨ ਪੁੱਤਰ ਕੋਲ ਸੁੱਤਾ ਪਿਆ ਈ।" ਬੁੱਢੇ ਨੇ ਉਹਨੂੰ ਬਾਂਹ ਤੋਂ ਹਿਲਾਉਂਦਿਆਂ ਚਿਤਾਵਨੀ ਵਜੋਂ ਕਿਹਾ।

ਰਾਜੋ ਚੁੱਪ ਕਰ ਗਈ। ਆਪਣੇ ਹਉਕਿਆਂ ਹਡਕੋਰਿਆਂ ਦਾ ਉਹਨੇ ਬਲ ਪੂਰਵਕ ਗਲਾ ਘੁੱਟ ਦਿੱਤਾ। ਪਰ ਬੇਆਵਾਜ਼ ਚੀਸਾਂ ਦਾ ਉਹ ਕੀ ਕਰਦੀ ? ਸਾਰੀ ਰਾਤ ਉਹਨੇ ਤੜਫ-ਤੜਫ ਕੇ ਕੱਟੀ।

ਹਫ਼ਤਾ ਦਸ ਦਿਨ ਹੋਰ ਗੁਜ਼ਰ ਗਏ। ਨਿਤ ਵਾਂਗ ਬਸੰਤ ਕੌਰ ਰੋਟੀ ਤੇ ਫਿਰ ਦੁੱਧ ਲੈ ਕੇ ਚੁਬਾਰੇ ਵਿੱਚ ਆਉਂਦੀ। ਉਹਦੇ ਚਿਹਰੇ ਤੋਂ ਇਉਂ ਭਾਸਦਾ ਸੀ, ਜਿਵੇਂ ਕੋਈ ਗੱਲ ਹੋਈ ਹੀ ਨਹੀਂ। ਜਾਂ ਇਉਂ ਸਮਝੋ ਕਿ ਉਹਨੇ ਸਾਰੀਆਂ ਪੀੜਾਂ ਉੱਤੇ ਸਬਰ ਦਾ ਪਰਦਾ ਪਾ ਲਿਆ ਸੀ। ਉਹਦੇ ਹੌਸਲੇ ਵੱਲ ਵੇਖ ਕੇ ਕਹਿਣਾ ਪੈਂਦਾ ਹੈ ਕਿ ਜਿਹੜੇ ਜਰਨਾ ਜਾਣਦੇ ਹਨ, ਉਹ ਹਉਕੇ ਨਹੀਂ ਭਰਦੇ।


WWW.SIKHBOOKCLUB.COM

ਇਕ ਦਿਨ ਹੌਸਲਾ ਕਰਕੇ ਲੱਖਾ ਸਿੰਘ ਨੇ ਬਸੰਤ ਕੌਰ ਦਾ ਹੱਥ ਫੜ ਕੇ ਕਿਹਾ, "ਬਹਿ ਜਾ। ਜਾਣ ਦੇ ਗ਼ੁੱਸੇ ਨੂੰ। ਤੜਕੇ ਸੁਖਵਿੰਦਰ ਦੇ ਜਾਗਣ ਤੋਂ ਪਹਿਲਾਂ ਚਲੀ ਜਾਈਂ।" ਉਹਨੇ ਖਿੱਚ ਕੇ ਬਸੰਤ ਕੌਰ ਨੂੰ ਮੰਜੇ ਦੀ ਪੈਂਦ 'ਤੇ ਬਿਠਾ ਲਿਆ।

ਬਸੰਤ ਕੌਰ ਬਹਿ ਗਈ। ਦੋ ਮਿੰਟ ਉਹ ਲੱਖਾ ਸਿੰਘ ਦੇ ਚਿਹਰੇ ਵੱਲ ਤਕਦੀ ਰਹੀ। ਅੰਤ ਉਹਨੇ ਹੱਥ ਜੋੜ ਕੇ ਤਰਲੇ ਭਰੀ ਸੁਰ ਵਿੱਚ ਕਿਹਾ, "ਨ੍ਹਾਮੇ ਦੇ ਬਾਪੂ। ਜਨਾਨੀ ਦੀ ਵਿਹਰ ਕੋਈ ਨਹੀਂ ਹੁੰਦੀ। ਪਰ ਮੈਨੂੰ ਮੇਰੇ ਹਾਲ ਉੱਤੇ ਰਹਿਣ ਦਿਹ। ਤੁਹਾਡਾ ਸਰਦਾ ਏ। ਨਾ ਸਰਦਾ ਹੋਵੇ ਤਾਂ ਮੈਂ ਜਿਊਂਦੀ ਵੀ ਹਾਜ਼ਰ ਆਂ, ਮੋਈ ਵੀ ਹਾਜ਼ਰ ਆਂ।"

"ਬੰਦੇ ਦਾ ਤਾਂ ਕਈ ਤਰ੍ਹਾਂ ਸਰ ਜਾਂਦਾ ਏ।" ਲੱਖਾ ਸਿੰਘ ਨੇ ਬਸੰਤ ਕੌਰ ਦਾ ਹੱਥ ਛਡਦਿਆਂ ਮਰੋੜੇ ਨਾਲ ਕਿਹਾ।

"ਬੱਸ ਫਿਰ, ਮੇਰੇ ਉੱਤੇ ਰਹਿਮ ਕਰ ਦਿਹੋ। ਮੇਰੇ ਹਾਲ 'ਤੇ ਤਰਸ ਖਾਉ। ਹੋਰ, ਏਸ ਗੱਲ ਦੀ ਖ਼ਾਤਰ ਜਮਾ ਰੱਖੋ, ਮੈਂ ਤੁਹਾਨੂੰ ਕੋਈ ਉਲਾਹਮਾ ਨਹੀਂ ਦਿਔਂਦੀ।" ਇਹ ਵਾਕ ਕਹਿੰਦਿਆ ਬਸੰਤ ਕੌਰ ਨੇ ਨੀਵੀਂ ਪਾ ਲਈ।

ਫਿਰ ਕਿਸੇ ਵਿੱਚ ਵੀ ਕੁਝ ਕਹਿਣ ਦੀ ਹਿੰਮਤ ਨਾ ਰਹੀ। ਦਸ-ਕੁ ਮਿੰਟ ਬਸੰਤ ਕੌਰ ਓਵੇਂ ਨੀਵੀਂ ਪਾਈ ਬੈਠੀ ਰਹੀ। ਅੰਤ ਉਹ ਗੋਡੇ ਉੱਤੇ ਹੱਥ ਧਰ ਕੇ ਉਠੀ, ਜਿਵੇਂ ਮਹੀਨਿਆਂ ਦੀ ਬੀਮਾਰ ਹੋਵੇ। ਸਹਿਜ-ਸਹਿਜ ਕਦਮ ਗਿਣਦੀ ਉਹ ਬਾਹਰ ਨਿਕਲ ਗਈ। ਇਕ ਇਕ ਪੌੜੀ ਉਹ ਸਾਹ ਲੈ ਕੇ ਉਤਰੀ। ਥੱਲੇ ਜਾ ਕੇ ਉਹ ਕੰਧ ਨਾਲ ਸਿਰ ਲਾ ਕੇ ਕਿੰਨਾ ਚਿਰ ਹਉਕੇ ਭਰਦੀ ਰਹੀ। ਲੱਖਾ ਸਿੰਘ ਉਹਦੇ ਪੈਰਾਂ ਦੀ ਅਵਾਜ਼ ਤੋਂ ਤੇ ਫਿਰ ਹਵਾ ਵਿੱਚ ਦਮ ਤੋੜਦੀਆਂ ਸਿਸਕੀਆਂ ਤੋਂ ਸਭ ਕੁਝ ਸਮਝ ਰਿਹਾ ਸੀ, ਪਰ ਉਹਦਾ ਹੌਸਲਾ ਨਾ ਪਿਆ ਕਿ ਉਹ ਮਗਰ ਜਾ ਕੇ ਉਹਦੇ ਹੰਝੂ ਪੂੰਝ ਸਕੇ।

ਏਸ ਘਟਨਾ ਨੇ ਲੱਖਾ ਸਿੰਘ ਦੇ ਮਨ 'ਤੇ ਬੜਾ ਮਾਰੂ ਅਸਰ ਕੀਤਾ। ਉਹਦੇ ਸਵੈਮਾਣ ਉੱਤੇ ਬੜੀ ਭਾਰੀ ਸੱਟ ਲੱਗੀ। ਉਹ ਰਾਤ ਦਿਨ ਉਦਾਸ ਰਹਿਣ ਲੱਗਾ। ਉਦਾਸੀ ਨੂੰ ਦੂਰ ਜਾਂ ਘੱਟ ਕਰਨ ਵਾਸਤੇ ਉਹ ਸ਼ਰਾਬ ਪੀਣ ਬਹਿੰਦਾ ਤਾਂ ਵਧੇਰੇ ਪੀ ਜਾਂਦਾ। ਇਹ ਉਹਦੀ ਆਦਤ ਦੇ ਉਲਟ ਸੀ, ਪਰ ਉਹ ਐਸਾ ਕਰਨ ਲੱਗ ਪਿਆ। ਇਕ ਦੋ ਵਾਰ ਤਾਂ ਉਹ ਬੇਹੋਸ਼ ਹੋਣ ਤਕ ਪੀਂਦਾ ਰਿਹਾ।

ਸਭ ਤੋਂ ਬੁਰੀ ਹਾਲਤ ਉਹਦੀ ਉਸ ਦਿਨ ਹੋਈ ਜਦ ਉਹਨੇ ਕੁਲਤਾਰ ਦੀ ਭੱਠੀ 'ਤੇ ਬਹਿ ਕੇ ਤੱਤੀ-ਤੱਤੀ ਪੀਤੀ। ਅਮਲੀ ਨੱਥਾ ਸਿੰਘ ਦਾ ਪੁੱਤਰ ਕੁਲਤਾਰ ਕਦੇ ਕਦਾਈਂ ਘਰ ਦੀ ਕੱਢ ਲਿਆ ਕਰਦਾ ਸੀ। ਉਹ ਆਪਣੇ ਛੰਭ ਵਾਲੇ ਖੇਤ ਬੈਠਾ ਸ਼ਰਾਬ ਕੱਢ ਰਿਹਾ ਸੀ। ਉਦਾਸੀ ਵਿੱਚ ਫਿਰਦਾ-ਫਿਰਦਾ ਲੱਖਾ ਸਿੰਘ ਓਥੇ ਜਾ ਪੁੱਜਾ।

"ਆ ਜਾ, ਚਾਚਾ। ਲਾ ਲੈ ਗੱਫੇ। ਅੱਜ ਤਾਂ ਘਰ ਦੀ ਗੰਗਾ ਵਗਦੀ ਏ ਪਈ। ਲਾ ਲੈ ਟੁੱਭਾ।" ਕੁਲਤਾਰ ਨੇ ਸ਼ਾਹ ਨੂੰ ਸੁਲ੍ਹਾ ਮਾਰੀ।

"ਕੁਲਤਾਰ! ਇਕ ਦੋ ਟੁੱਭੇ ਲੈਣ ਨਾਲ ਕੁਝ ਨਹੀਂ ਬਣਨਾ। ਅੱਜ ਤਾਂ ਡੁੱਬਣ ਨੂੰ ਜੀਅ ਕਰਦਾ ਏ।" ਲੱਖਾ ਸਿੰਘ ਦੇ ਡਾਵਾਂ ਡੋਲ ਮਨ ਵਿੱਚੋਂ ਅਵਾਜ਼ ਆਈ।

"ਬਹਿ ਜਾ ਫਿਰ। ਵੇਲਾ ਕਿਹੜਾ ਵਿੰਹਦਾ ਏਂ। ਸਭ ਕੁਝ ਹਾਜ਼ਰ ਏ।" ਕੁਲਤਾਰ ਨੇ ਸ਼ਰਾਬੀਆਂ ਵਾਲੀ ਦਲੇਰੀ ਨਾਲ ਕਿਹਾ।

ਲੱਖਾ ਸਿੰਘ ਭੋਇ 'ਤੇ ਸਾਫ਼ਾ ਸੁੱਟ ਕੇ ਬਹਿ ਗਿਆ। ਉਹਨੇ ਸੜਦੀ ਬਲਦੀ ਪੀਣੀ ਸ਼ੁਰੂ ਕਰ ਦਿੱਤੀ। ਸੱਚ-ਮੁੱਚ ਹੀ ਉਹ ਡੁੱਬਣ ਤਕ ਪਹੁੰਚ ਗਿਆ। ਉਹ ਪੀਂਦਾ-ਪੀਂਦਾ ਹੀ ਬੇਹੋਸ਼ ਹੋ ਕੇ ਡਿਗ ਪਿਆ। ਕੁਲਤਾਰ ਘਬਰਾ ਗਿਆ। ਉਹ ਸਭ ਕੁਝ ਵਿੱਚੇ ਛੱਡ ਕੇ ਲੱਖਾ ਸਿੰਘ ਦੇ ਹਾਲੀਆਂ ਕੋਲ ਭੱਜਾ ਗਿਆ। ਭਲੇ ਨੂੰ ਹਰਨਾਮ ਸਿੰਘ ਵੀ ਓਥੇ ਹੀ ਸੀ। ਥਿੜਕਦੀ ਜ਼ਬਾਨ ਵਿੱਚ ਕੁਲਤਾਰ ਨੇ ਸਾਰੀ ਕਹਾਣੀ ਕਹਿ ਸੁਣਾਈ। ਸੁਣ ਕੇ ਹਰਨਾਮ ਵੀ ਘਬਰਾ ਗਿਆ। ਉਹਨੇ ਕੁਲਤਾਰ ਦੇ ਨਾਲ ਜਾ ਕੇ ਵੇਖਿਆ ਤਾਂ ਲੱਖਾ ਸਿੰਘ ਬਿਲਕੁਲ ਬੇਹੋਸ਼ ਪਿਆ ਸੀ। ਉਹਦੇ ਮੂੰਹ ਵਿਚੋਂ ਝੱਗ ਵਗ ਰਹੀ ਸੀ। ਵੇਖ ਕੇ ਹਰਨਾਮ ਦੇ ਕਲੇਜੇ ਨੂੰ ਡੂੰਗ ਭਰਿਆ ਗਿਆ। ਪਰ ਹੌਸਲਾ ਹਾਰਨ ਨਾਲ ਕੁਝ ਨਹੀਂ ਸੀ ਬਣ ਸਕਦਾ। ਕੁਲਤਾਰ ਦੀ ਮਦਦ ਨਾਲ ਹਰਨਾਮ ਨੇ ਪਿਉ ਨੂੰ ਚੁੱਕ ਕੇ ਆਪਣੇ ਹਲਾਂ ਕੋਲ ਲਿਆਂਦਾ, ਤੇ ਅਗ੍ਹਾਂ ਗੱਡ ਉੱਤੇ ਪਾ ਕੇ ਘਰ ਪੁਚਾਇਆ।

ਵੇਖ ਕੇ ਬਸੰਤ ਕੌਰ ਦੀਆਂ ਭੁੱਬਾਂ ਨਿਕਲ ਗਈਆਂ। ਉਹ ਟੁੱਟੀ ਹੋਈ ਵੇਲ ਵਾਂਗ ਪਤੀ ਦੇ ਉੱਤੇ ਢਹਿ ਪਈ। ਸਾਰੇ ਘਰ ਵਿੱਚ ਤਰਥੱਲੀ ਮੱਚ ਗਈ। ਸਭ ਨੂੰ ਫ਼ਿਕਰ ਪੈ ਗਿਆ। ਲੱਖਾ ਸਿੰਘ ਦੀ ਹਾਲਤ ਬਹੁਤ ਮਾੜੀ ਸੀ। ਵੇਖ ਕੇ ਸੁਖਬੀਰ ਵੀ ਰੋਣ ਲੱਗ ਪਈ। ਰਾਜੋ ਦੋ ਕਦਮ ਹਟ ਕੇ ਖੜੀ ਰੋ ਰਹੀ ਸੀ।

"ਬੇਬੇ! ਹੌਸਲਾ ਹਾਰਿਆਂ ਕੁਝ ਨਹੀਂ ਬਣਨਾ। ਤੁਸੀਂ ਬਾਪੂ ਨੂੰ ਦੁੱਧ ਘਿਉ ਦਿਹੋ ਤੇ ਘਿਉ ਦੀ ਮਾਲਸ਼ ਕਰੋ। ਮੈਂ ਭੱਜ ਕੇ ਸ਼ਹਿਰੋਂ ਡਾਕਦਾਰ ਲਿਔਂਦਾਂ।" ਹਰਨਾਮ ਸਿੰਘ ਨੇ ਸਭ ਨੂੰ ਧੀਰਜ ਦੇਂਦਿਆਂ ਕਿਹਾ। ਉਹ ਓਸੇ ਵੇਲੇ ਸ਼ਹਿਰ ਨੂੰ ਘੋੜੀ ਭਜਾ ਗਿਆ।

ਸੁਖਬੀਰ ਨੇ ਕੋਸੇ-ਕੋਸੇ ਦੁੱਧ ਵਿੱਚ ਘਿਉ ਪਾ ਕੇ ਲੈ ਆਂਦਾ। ਚਿਮਚੇ ਨਾਲ ਬਸੰਤ ਕੌਰ ਨੇ ਮੂੰਹ ਵਿੱਚ ਪਾਉਣ ਦਾ ਯਤਨ ਕੀਤਾ। ਕੁਝ ਸੰਘ ਤਕ ਅਪੜਿਆ ਤੇ ਕੁਝ ਵਰਾਛਾਂ ਰਾਹੀਂ ਬਾਹਰ ਵਗ ਗਿਆ।

"ਸੁਖਬੀਰ! ਇਕ ਭਾਂਡੇ ਵਿੱਚ ਪਾਣੀ ਤੇ ਸਾਫ਼ ਕਪੜਾ ਲਿਆ।" ਆਪਣੇ

ਆਪ 'ਤੇ ਕੁਝ ਕਾਬੂ ਪਾ ਕੇ ਬਸੰਤ ਕੌਰ ਨੇ ਨੌਂਹ ਨੂੰ ਹੁਕਮ ਕੀਤਾ।

ਇਕ ਮਿੰਟ ਵਿੱਚ ਦੋਵੇਂ ਚੀਜ਼ਾਂ ਆ ਗਈਆਂ। ਬਸੰਤ ਕੌਰ ਪਾਣੀ ਨਾਲ ਕੱਪੜਾ ਭਿਉਂ-ਭਿਉਂ ਕੇ ਲੱਖਾ ਸਿੰਘ ਦੇ ਮੱਥੇ 'ਤੇ ਰੱਖਣ ਲੱਗੀ। ਸਾਰੇ ਸਿਰ 'ਤੇ ਵੀ ਉਹਨੇ ਗਿੱਲਾ ਕੱਪੜਾ ਧਰ ਦਿੱਤਾ।

"ਸੁਖਬੀਰ। ਇਕ ਕੱਪੜੇ ਵਿੱਚ ਐਨਾ-ਕੁ ਸੂੜ੍ਹਾ ਪਾ ਕੇ ਲਿਆ।" ਰਾਜੋ ਨੇ ਹੱਥ ਨਾਲ ਇਸ਼ਾਰਾ ਕਰਦਿਆਂ ਕਿਹਾ, "ਨਾਲੇ ਕਹਿ ਦਾ ਕੌਲ ਤੇ ਮਾਸਾ ਕੁ ਘਿਉ ਲੈ ਆ।"

ਇਕ ਮਿੰਟ ਵਿਚ ਸੁਖਬੀਰ ਸਭ ਕੁਝ ਲੈ ਆਈ।

"ਲੈ ਤੂੰ ਪਾਸੇ 'ਤੇ ਬਹਿ ਕੇ ਘਿਉ ਨਾਲ ਹੱਥਾਂ ਦੀਆਂ ਤਲੀਆਂ ਝੱਸ ਤੇ ਮੈਂ ਪੈਰਾਂ ਦੀਆਂ ਝੱਸਦੀਆਂ।" ਰਾਜੋ ਨੇ ਉਹਦੇ ਹੱਥੋਂ ਛਾਣ ਵਾਲੀ ਪੋਟਲੀ ਫੜਦਿਆਂ ਕਿਹਾ।

ਸੁਖਬੀਰ ਨੇ ਕੁਰਸੀ ਖਿਚ ਕੇ ਮੰਜੇ ਦੇ ਨੇੜੇ ਕਰ ਲਈ। ਉਹ ਘਿਉ ਲਾ ਕੇ ਕਹਿ ਦੇ ਕੌਲ ਨਾਲ ਲੱਖਾ ਸਿੰਘ ਦੇ ਹੱਥਾਂ ਦੀਆਂ ਤਲੀਆਂ ਝੱਸਣ ਲੱਗ ਪਈ। ਰਾਜੋ ਪੈਂਦ ਵੱਲ ਪੀਹੜੀ 'ਤੇ ਬਹਿ ਕੇ ਪੈਰਾਂ ਵਿੱਚ ਸੂੜ੍ਹੇ ਦੀ ਝਾਸ ਕਰਨ ਲੱਗ ਪਈ।

ਬਸੰਤ ਕੌਰ ਪਤੀ ਦੇ ਸਰ੍ਹਾਣੇ ਵੱਲ ਬੈਠੀ ਪਾਣੀ ਵਿੱਚ ਭਿਉਂ-ਭਿਉਂ ਕੇ ਟਾਕੀਆਂ ਬਦਲ ਰਹੀ ਸੀ। ਉਹਦੀਆਂ ਅੱਖਾਂ ਬੰਦ ਸਨ, ਪਰ ਬੰਦ ਸੋਮਿਆਂ ਵਿੱਚੋਂ ਵੀ ਪਾਣੀ ਝਰ ਰਿਹਾ ਸੀ।

ਰਾਜੋ ਦੀ ਨਜ਼ਰ ਬਸੰਤ ਕੌਰ ਦੇ ਚਿਹਰੇ ਉੱਤੇ ਟਿਕੀ ਹੋਈ ਸੀ। ਉਹਦੇ ਅੰਦਰੋਂ ਉਬਾਲ ਉਠਿਆ, ਤੇ ਉਹ ਇਕੋ ਵਾਰ ਭੁੱਬ ਮਾਰ ਕੇ ਰੋ ਪਈ—"ਸਰਦਾਰਨੀ!" ਉਹਨੇ ਚੀਕ ਕੇ ਕਿਹਾ, "ਮੇਰੀਆਂ ਅੱਖਾਂ ਸਾਹਮਣੇ ਰੋ ਨਾ। ਮੈਂ ਤੇਰਾ ਰੋਣਾ ਨਹੀਂ ਸਹਿ ਸਕਦੀ। ਰੱਬ ਤੇਰਾ ਸੁਹਾਗ ਕੈਮ ਰੱਖੇ। ਉਹਨੇ ਇਕ ਜਾਨ ਈ ਲੈਣੀ ਏਂ ਤਾਂ ਮੈਂ ਹਾਜ਼ਰ ਆਂ।" ਤੇ ਉਹ ਪੈਂਦ ਉੱਤੇ ਮੱਥਾ ਰੱਖ ਕੇ ਸਿਰ ਮਾਰਨ ਲੱਗ ਪਈ।

"ਰਾਜੋ! ਮੈਨੂੰ ਚੁੱਪ ਕਰੌਂਦੀ, ਤੂੰ ਆਪ ਕੀ ਕਰਦੀ ਏਂ। ਗੁਰੂ ਅੱਗੇ ਹੱਥ ਜੋੜੋ। ਉਹ ਸਾਰਿਆਂ ਦੀ ਰੱਖ ਲਵੇ। ਉਹ ਇਕ ਵਾਰ ਇਹਨਾਂ ਦੀ ਜਾਨ ਬਖ਼ਸ਼ ਦੇਵੇ। ਮੁੜ ਕੇ ਮੈਂ ਘਰੋਂ ਬਾਹਰ ਨਹੀਂ ਜਾਣ ਦਿਆਂਗੀ। ਹੱਥ ਜੋੜੋ ਸਾਰੇ।" ਬਸੰਤ ਕੌਰ ਨੇ ਆਪ ਵੀ ਹੱਥ ਜੋੜ ਕੇ ਸਿਰ ਝੁਕਾਅ ਦਿੱਤਾ।

ਬਸੰਤ ਕੌਰ ਸਿਰਹਾਣੇ ਵਾਲੇ ਮੰਜੇ ਦੇ ਉੱਤੇ ਹੀ ਬੈਠੀ ਸੀ। ਸੱਜੀ ਲੱਤ ਉਹਨੇ ਨਿੱਸਲ ਕੀਤੀ ਹੋਈ ਸੀ। ਡਰਦਾ-ਡਰਦਾ ਕੁਲਤਾਰ ਨੇੜੇ ਆਇਆ ਤੇ ਬਸੰਤ ਕੌਰ

ਦਾ ਪੈਰ ਫੜ ਕੇ ਰੋਣ ਲੱਗ ਪਿਆ। ਸਿਰ ਉਹਨੇ ਬਸੰਤ ਕੌਰ ਦੇ ਪੈਰ ਉੱਤੇ ਟਿਕਾ ਦਿੱਤਾ।

"ਚਾਚੀ। ਤੂੰ ਮੇਰੀ ਮਾਂ ਏਂ। ਤੂੰ ਮੇਰੀ ਗੁਰੂ ਏਂ। ਮੈਨੂੰ ਤੇਰੇ ਪਿੰਡੇ ਦੀ ਮਾਰ ਵੱਜੇ, ਜੇ ਮੇਰੇ ਵਿੱਚ ਕੋਈ ਮੈਲ ਹੋਵੇ। ਚਾਚੇ ਨੇ ਆਪ ਮੰਗ ਕੇ ਪੀਤੀ। ਮੈਂ ਨਾਂਹ ਨਹੀਂ ਸਾਂ ਕਰ ਸਕਦਾ। ਇਹ ਤੱਤੀ-ਤੱਤੀ ਪੀਂਦਾ ਗਿਆ, ਪੀਂਦਾ ਗਿਆ ਤੇ ਅੰਤ ਬੇਹੋਸ਼ ਹੋ ਕੇ ਡਿੱਗ ਪਿਆ। ਮੇਰਾ ਕੋਈ ਦੋਸ਼ ਨਹੀਂ ਜੇ। ਮੈਂ ਗਊ ਵਰਗਾ ਜੇ ਚਾਚੀ, ਮੇਰੇ ਸਿਰ ਕੋਈ ਇਲਜ਼ਾਮ ਨਾ ਲਾਇਓ।" ਕੁਲਤਾਰ ਡਰ ਦਾ ਮਾਰਿਆ ਥਰ-ਥਰ ਕੰਬੀ ਜਾ ਰਿਹਾ ਸੀ।

"ਕੁਲਤਾਰ! ਕਿਸੇ ਸਿਰ ਦੋਸ਼ ਨਹੀਂ, ਕੋਈ ਅਲਜ਼ਾਮ ਨਹੀਂ। ਦੋਸ਼ ਏ ਮੇਰਾ, ਮੇਰੇ ਭਾਗਾਂ ਦਾ। ਸਾਰੇ ਗੁਰੂ ਮਹਾਰਾਜ ਅੱਗੇ ਹੱਥ ਜੋੜੋ। ਓਹ ਬਹੁੜੀ ਕਰੇਗਾ। ਮੇਰਾ ਗ਼ਰੀਬਣੀ ਦਾ ਆਸਰਾ ਓਹਾ ਏ, ਇਕ ਓਹਾ।" ਬਸੰਤ ਕੌਰ ਨੇ ਬੜੇ ਧੀਰਜ ਨਾਲ ਕਿਹਾ। ਉਹਦਾ ਚਿਹਰਾ ਬੜਾ ਸ਼ਾਂਤ ਤੇ ਗੰਭੀਰ ਸੀ, ਪਰ ਰੁੱਕ-ਰੁੱਕ ਕੇ ਅੱਖਾਂ ਵਿੱਚੋਂ ਹੰਝੂ ਵਗ ਰਹੇ ਸਨ।

ਪੰਝੀਆਂ ਤੀਹਾਂ ਮਿੰਟਾਂ ਵਿੱਚ ਅੱਧਾ ਪਿੰਡ 'ਕੱਠਾ ਹੋ ਗਿਆ। ਦਿਲੋਂ ਨਾ ਚਾਹੁੰਦੀ ਹੋਈ ਵੀ ਸੁਖਵੀਰ ਉਠ ਕੇ ਅੰਦਰ ਚਲੀ ਗਈ। ਉਹਦੀ ਥਾਂ ਕੁਲਤਾਰ ਨੇ ਮੱਲ ਲਈ। ਉਹ ਹੱਥਾਂ ਦੀਆਂ ਤਲੀਆਂ ਉੱਤੇ ਘਿਉ ਦੀ ਝਾਸ ਕਰਨ ਲੱਗ ਪਿਆ। ਪੀਤੀ ਹੋਈ ਉਹਨੇ ਵੀ ਸੀ, ਪਰ ਬਹੁਤ ਥੋੜ੍ਹੀ।

ਕੁਝ ਵਡੇਰੀ ਉਮਰ ਦੇ ਆਦਮੀ ਆ ਗਏ ਤਾਂ ਬਸੰਤ ਕੌਰ ਤੇ ਰਾਜੋ ਨੇ ਘੁੰਡ ਕੱਢ ਲਏ। ਕੱਥੂ ਨੇ ਆਇਆਂ ਦੇ ਬੈਠਣ ਵਾਸਤੇ ਮੰਜੇ ਡਾਹ ਦਿੱਤੇ।

ਅੱਧਾ ਘੰਟਾ ਦਿਨ ਖੜਾ ਸੀ, ਜਾਂ ਹਰਨਾਮ ਸਿੰਘ ਡਾਕਟਰ ਨੂੰ ਲੈ ਕੇ ਆ ਪੁੱਜਾ। ਬਸੰਤ ਕੌਰ ਮੰਜੇ ਤੋਂ ਉਠਣ ਲੱਗੀ ਤਾਂ ਉਹਦੇ ਸਿਰ ਨੂੰ ਚੱਕਰ ਆ ਗਿਆ। ਉਹ ਡੋਲ ਕੇ ਡਿਗਣ ਹੀ ਲੱਗੀ ਸੀ, ਜਾਂ ਹਰਨਾਮ ਨੇ ਉਹਨੂੰ ਬਾਂਹੀਂ ਵਿੱਚ ਸੰਭਾਲ ਲਿਆ।

"ਮੰਜੇ 'ਤੇ ਪਾ ਦਿਹ ਸੁ।"

"ਪਾਣੀ ਲਿਆਉ ਕੋਈ।"

"ਮੂੰਹ 'ਤੇ ਛੱਟੇ ਮਾਰੋ।" ਇਕੋ ਵਾਰ ਕਈ ਅਵਾਜ਼ਾਂ ਆਈਆਂ।

ਹਰਨਾਮ ਨੇ ਮਾਂ ਨੂੰ ਲਾਗੇ ਦੇ ਮੰਜੇ 'ਤੇ ਬਹਾ ਦਿੱਤਾ। ਏਨੇ ਚਿਰ ਤਕ ਬਸੰਤ ਕੌਰ ਨੂੰ ਆਪਣੇ ਆਪ ਹੋਸ਼ ਆ ਗਈ। ਉਹ ਹੱਥ ਨਾਲ ਇਸ਼ਾਰਾ ਕਰਦੀ ਹੋਈ ਬੋਲੀ,



WWW.SIKHBOOKCLUB.COM 

"ਕੋਈ ਨਹੀਂ ਹਰਨਾਮ! ਮੈਂ ਠੀਕ ਆਂ। ਐਵੇਂ ਚੱਕਰ ਆ ਗਿਆ ਸੀ। ਤੂੰ ਆਵਦੇ ਬਾਪੂ ਨੂੰ ਵੇਖ।"

"ਮਾਂ ਜੀ! ਪਾਣੀ ਪੀਉ ਘੁੱਟ।" ਸੁਖਵੀਰ ਨੇ ਗਲਾਸ ਅਗ੍ਹਾਂ ਵਧਾਉਂਦਿਆਂ ਕਿਹਾ। ਘੁੰਡ ਵਿੱਚੋਂ ਵੀ ਉਹਦੇ ਹੰਝੂ ਵਗਦੇ ਨਜ਼ਰ ਆ ਰਹੇ ਸਨ।

ਅੱਧਾ ਗਲਾਸ ਪਾਣੀ ਪੀ ਕੇ ਬਸੰਤ ਕੌਰ ਨੇ ਆਪਣੇ ਆਪ 'ਤੇ ਕਾਬੂ ਪਾ ਲਿਆ। ਉਹ ਉਠਣ ਲੱਗੀ ਤਾਂ ਨਿਹਾਲ ਕੌਰ ਨੇ ਉਹਨੂੰ ਫੜ ਕੇ ਬਹਾ ਲਿਆ।

ਡਾਕਟਰ ਨੇ ਪੂਰੀ ਪੜਤਾਲ ਕਰਨ ਪਿੱਛੋਂ ਸਾਰਿਆਂ ਨੂੰ ਹੌਸਲਾ ਦੇਂਦਿਆਂ ਕਿਹਾ, "ਘਬਰਾਉਣ ਦੀ ਲੋੜ ਨਹੀਂ। ਦਿਨ ਚੜ੍ਹਦੇ ਤਕ ਸਰਦਾਰ ਹੋਰੀਂ ਠੀਕ ਹੋ ਜਾਣਗੇ। ਸਭ ਤੱਤੀ ਸ਼ਰਾਬ ਦਾ ਵਿਗਾੜ ਹੈ। ਚਿੰਤਾ ਵਾਲੀ ਕੋਈ ਗੱਲ ਨਹੀਂ।"

ਡਾਕਟਰ ਨੇ ਦਵਾਈਆਂ ਵਾਲਾ ਬੈਗ ਖੋਲ੍ਹ ਕੇ ਸਭ ਤੋਂ ਪਹਿਲਾਂ ਟੀਕਾ ਕੀਤਾ। ਉਹ ਇਸ ਭੇਤ ਨੂੰ ਜਾਣਦਾ ਸੀ, ਕਿ ਅਨਪੜ੍ਹ ਪੇਂਡੂਆਂ ਦੀ ਤਸੱਲੀ ਵਾਸਤੇ ਟੀਕਾ ਲਾਉਣਾ ਜ਼ਰੂਰੀ ਹੈ। ਟੀਕਾ, ਹਰ ਬੀਮਾਰੀ ਵਾਸਤੇ ਟੀਕਾ, ਭਾਵੇਂ ਕਿਸੇ ਦਵਾਈ ਦਾ ਵੀ ਹੋਵੇ। ਕੁਝ ਉਹਨੇ ਗੋਲੀਆਂ ਦਿੱਤੀਆਂ। "ਸਰਦਾਰ ਹਰਨਾਮ ਸਿੰਘ!" ਡਾਕਟਰ ਨੇ ਐਨਕ ਨੂੰ ਸੱਜੇ ਹੱਥ ਵਿੱਚ ਫੜ ਕੇ ਕਿਹਾ, "ਤਿੰਨ ਤਿੰਨ ਘੰਟੇ ਪਿਛੋਂ ਦੋ-ਦੋ ਗੋਲੀਆਂ ਦੇਂਦੇ ਰਹਿਣਾ। ਦਿਨ ਚੜ੍ਹਦੇ ਤਕ ਇਹ ਠੀਕ ਹੋ ਜਾਣਗੇ। ਚਿੰਤਾ ਵਾਲੀ ਗੱਲ ਕੋਈ ਨਹੀਂ। ਲੋੜ ਸਮਝੋ ਤਾਂ ਭਲਕੇ ਹੋਰ ਦਵਾਈ ਮੰਗਵਾ ਲੈਣੀ। ਪਾਣੀ ਦੀ ਟਕੋਰ ਚੰਗੀ ਹੈ। ਬਿਹਤਰ ਹੈ, ਇਹਨਾਂ ਦਾ ਮੰਜਾ ਅੰਦਰ ਕਰ ਦਿਹੋ। ਹੋ ਸਕਦਾ ਹੈ, ਇਹਨਾਂ ਨੂੰ ਪੂਰੀ ਹੋਸ਼ ਆਉਣ ਵਿੱਚ ਪੰਜ-ਛੇ ਘੰਟੇ ਲੱਗ ਜਾਣ। ਇਹ ਸਾਰੀ ਰਾਤ ਵੀ ਟਿਕੇ ਰਹਿਣ ਤਾਂ ਚਿੰਤਾ ਨਹੀਂ ਕਰਨੀ। ਫ਼ਿਕਰ ਵਾਲੀ ਕੋਈ ਗੱਲ ਨਹੀਂ।"

ਸਭ ਨੂੰ ਹੌਸਲਾ ਦੇ ਕੇ ਤੇ ਫ਼ੀਸ ਦੀ ਰਕਮ ਜੇਬ ਵਿੱਚ ਪਾ ਕੇ ਡਾਕਟਰ ਚਲਾ ਗਿਆ। ਕੱਥੂ ਉਹਦੇ ਨਾਲ ਘੋੜੀ ਮੋੜਨ ਵਾਸਤੇ ਤੁਰ ਗਿਆ।

ਮੌਸਮ ਸਿਆਲ ਦਾ ਸੀ। ਲੱਖਾ ਸਿੰਘ ਦਾ ਮੰਜਾ ਡਿਉਢੀ ਵਿੱਚ ਕਰ ਦਿੱਤਾ। ਠੰਡ ਉੱਤਰ ਆਈ ਜਾਣ ਕੇ ਪਾਣੀ ਦੀ ਟਕੋਰ ਬੰਦ ਕਰ ਦਿੱਤੀ, ਪਰ ਤਲੀਆਂ ਝੱਸਣੀਆਂ ਜਾਰੀ ਰਖੀਆਂ।

ਰਾਤ ਦੇ ਦਸ ਵੱਜ ਗਏ। ਸਹਿਜ-ਸਹਿਜ ਸਾਰੇ ਗਵਾਂਢੀ ਚਲੇ ਗਏ। ਅਮਲੀ ਨੱਥਾ ਸਿੰਘ, ਉਹਦੀ ਘਰ ਵਾਲੀ ਤੇ ਕੁਲਤਾਰ ਅਜੇ ਵੀ ਬੈਠੇ ਸਨ। ਅਮਲੀ ਤੇ ਨਿਹਾਲ ਕੌਰ ਆਪਣੇ ਪੁੱਤਰ ਦੀ ਗ਼ਲਤੀ ਕਾਰਨ ਮਾਫ਼ੀ ਮੰਗਣਾ ਚਾਹੁੰਦੇ ਸਨ, ਪਰ ਉਹਨਾਂ ਨੂੰ ਸੁੱਝਦਾ ਨਹੀਂ ਸੀ ਕਿ ਉਹ ਕਹਿਣ ਕੀ। ਅੰਤ ਝਿਜਕ-ਝਿਜਕ ਕੇ ਅਮਲੀ

ਨੇ ਕਿਹਾ, "ਹਰਨਾਮ ਸਿਹਾਂ! ਪੁੱਤ, ਮੈਂ ਮੰਨਦਾਂ, ਪਈ ਕੁਲਤਾਰ ਦੀ ਗਲਤੀ ਏ। ਤੂੰ ਇਹਦਾ ਵੱਡਾ ਭਰਾ ਏਂ। ਆਪ ਇਹਨੂੰ, ਜੋ ਮਰਜ਼ੀ ਊ, ਚੰਗੀ ਮਾੜੀ ਆਖ ਲਈਂ, ਪਰ ਕਿਸੇ ਦੀ ਚੁੱਕਣਾ ਮਗਰ ਨਾ ਜਾਵੀਂ। ਵਾਹਗੁਰੂ ਕਰੇ, ਦਿਨ ਚੜ੍ਹਦੇ ਤਕ ਸ਼ਾਹ ਤਕੜਾ ਹੋ ਜਾਏ, ਮੈਂ ਆਪ ਇਹਤੋਂ ਮਾਫ਼ੀ ਮੰਗ ਲਵਾਂਗਾ।"

"ਬਾਬਾ ਅਮਲੀਆ! ਤੂੰ ਕਿਸ ਗੱਲ ਦਾ ਫ਼ਿਕਰ ਕਰਦਾ ਏਂ। ਸਾਡੇ ਦਿਲ ਵਿੱਚ ਕੋਈ ਗੱਲ ਨਹੀਂ।" ਹਰਨਾਮ ਸਿੰਘ ਨੇ ਬੜੀ ਗੰਭੀਰਤਾ ਨਾਲ ਕਿਹਾ।

ਕੁਲਤਾਰ ਤੇ ਉਹਦਾ ਮਾਂ ਪਿਉ ਅੱਧੀ ਰਾਤ ਨਾਲ ਓਥੋਂ ਉਠ ਕੇ ਘਰ ਨੂੰ ਗਏ ਤੇ ਪਿੱਛੇ ਰਹਿ ਗਏ ਘਰ ਦੇ ਜੀਅ। ਸੁਖਬੀਰ ਨੇ ਬੱਚਿਆਂ ਨੂੰ ਖੁਆ ਪਿਆ ਕੇ ਸੁਆ ਦਿੱਤਾ। ਬੱਚੇ ਵੀ ਉਦਾਸ ਸਨ। ਉਹ ਵਾਰ-ਵਾਰ ਸੁਖਵੀਰ ਨੂੰ ਪੁੱਛਦੇ, "ਬੀਬੀ! ਬਾਪੂ ਜੀ ਨੂੰ ਕੀ ਹੋਇਆ ਏ ? ਉਹ ਚੁੱਪ ਕਰਕੇ ਕਿਉਂ ਪਏ ਨੇ ?"

"ਦਿਨ ਨੂੰ ਠੀਕ ਹੋ ਜਾਣਗੇ। ਹੁਣ ਸੌਂ ਜੋ ਤੁਸੀਂ।" ਲਾਰਾ ਲਾ ਕੇ ਸੁਖਵੀਰ ਨੇ ਦੋਹਾਂ ਨੂੰ ਸੁਆ ਦਿੱਤਾ।

"ਮਾਂ ਜੀ! ਉਠੋ, ਥੋੜ੍ਹਾ ਬਹੁਤਾ ਖਾ ਲਵੋ ਤੇ ਪਲ ਲੱਕ ਸਿੱਧਾ ਕਰ ਲਵੋ।" ਸੁਖਵੀਰ ਨੇ ਕੋਲ ਆ ਕੇ ਸੱਸ ਦੇ ਗੋਡੇ 'ਤੇ ਹੱਥ ਧਰ ਕੇ ਕਿਹਾ।

"ਸੁਖਵੀਰ! ਮੈਨੂੰ ਭੁੱਖ ਨਹੀਂ। ਤੁਸੀਂ ਖਾ ਕੇ ਦੋ ਘੜੀਆਂ ਸੌਂ ਜਾਉ। ਜਾ ਰਾਜੋ, ਤੂੰ ਵੀ ਬੁਰਕੀ ਖਾਹ ਤੇ ਪਲ ਅਰਾਮ ਕਰ।" ਬਸੰਤ ਕੌਰ ਦੀ ਅਵਾਜ਼ ਬੜੀ ਸ਼ਾਂਤ ਸੀ।

"ਸਰਦਾਰਨੀ! ਮੇਰੇ ਸੰਘੋਂ ਬੁਰਕੀ ਲੰਘ ਜਾਵੇਗੀ ? ਜਿੰਨਾ ਚਿਰ ਤੂੰ ਨਹੀਂ ਖਾਵੇਂਗੀ, ਮੈਂ ਵੀ ਨਹੀਂ ਖਾ ਸਕਦੀ।.............ਸੁਖਬੀਰ। ਜਾਓ, ਤੁਸੀਂ ਖਾ ਕੇ ਪੈਜੋ ਪਲ। ਅਸੀਂ ਦੋਵੇਂ ਬੈਠੀਆਂ। ਅੱਜ ਜਰਨੈਲ ਤੇ ਸਰਵਣ ਦੋਵੇਂ ਸ਼ਹਿਰੋਂ ਨਹੀਂ ਮੁੜੇ। ਆਹੰਦੇ ਸੀ, ਰਾਤ ਤੁਮਾਸ਼ਾ ਵੇਖਣਾ ਏ।"

ਬਸੰਤ ਕੌਰ ਦੇ ਜ਼ੋਰ ਦੇਣ ਉੱਤੇ ਹਰਨਾਮ ਤੇ ਸੁਖਵੀਰ ਦੋ ਘੜੀਆਂ ਮੰਜਿਆਂ 'ਤੇ ਜਾ ਪਏ। ਪਿਛੇ ਰਹਿ ਗਈਆਂ ਰਾਜੋ ਤੇ ਬਸੰਤ ਕੌਰ। ਛੱਡਾ ਵੀ ਮਾਲ ਅੰਦਰ ਬੰਨ੍ਹ ਕੇ ਡਿਉਢੀ ਦੇ ਬਾਹਰਲੇ ਬੂਹੇ ਅੱਗੇ ਆ ਬੈਠਾ ਸੀ। ਸਾਰੇ ਦਿਨ ਦੇ ਕੰਮ ਦਾ ਭੰਨਿਆਂ ਹੋਇਆ ਉਹ ਉਂਘਲ੍ਹਾ ਰਿਹਾ ਸੀ।

ਬਸੰਤ ਕੌਰ ਦੀ ਨਿਗ੍ਹਾ ਛੱਡੇ ਉੱਤੇ ਪਈ ਤਾਂ ਉਹਨੂੰ ਤਰਸ ਆ ਗਿਆ। ਜਿੰਨੇ ਸਬਰ ਨਾਲ ਉਹ ਆਪਣਾ ਦੁੱਖ ਜਰ ਸਕਦੀ ਸੀ, ਦੂਸਰੇ ਦਾ ਨਹੀਂ।

"ਛੱਡਿਆ! ਜਾਹ ਸੌਂ ਜਾ ਕੇ। ਭਲਕੇ ਸਾਰਾ ਦਿਨ ਫੇਰ ਕੰਮ ਕਰਨਾ ਈ। ਸਰਦਾਰ ਹੋਰੀਂ ਤਕੜੇ ਨੇ ਹੁਣ।"

"ਸਰਦਾਰਨੀ। ਤੇਰੇ ਪੈਰਾਂ ਸਦਕਾ ਰੱਬ ਇਹਨਾਂ ਦੀ ਜਾਨ ਬਖ਼ਸ਼ ਜਾਵੇ। ਗੁਰੂ ਕਰੇ, ਇਹ ਰਹਿੰਦੀ ਦੁਨੀਆਂ ਤਕ ਸਾਡੇ ਸਿਰ 'ਤੇ ਰਹਿਣ।" ਕਹਿੰਦਾ ਹੋਇਆ ਡੁੱਡਾ ਉਠ ਕੇ ਆਪਣੇ ਅੰਦਰ ਜਾ ਪਿਆ।

ਦੋ ਘੰਟਿਆਂ ਬਾਅਦ ਸੁਖਬੀਰ ਫੇਰ ਆਈ। "ਮਾਂ ਜੀ। ਮੈਂ ਬਹਿੰਦੀਆਂ। ਤੁਸੀਂ ਪਲ ਕੁ ਆਰਾਮ ਕਰ ਲਵੋ। ਉਠੋ। ਮੰਨੋ ਮੇਰੀ।"

"ਪੁੱਤ! ਕੀ ਤੂੰ ਸਮਝਦੀ ਏਂ, ਮੈਨੂੰ ਨੀਂਦ ਆ ਜਾਵੇਗੀ ?"

"ਨੀਂਦ ਨਾ ਸਹੀ। ਪਰ ਲੱਕ ਤਾਂ ਸਿੱਧਾ ਕਰ ਲਵੋਗੇ।"

"ਨਹੀਂ। ਮੇਰਾ ਜੇਰਾ ਨਹੀਂ ਪੈਂਦਾ ਇਹਨਾਂ ਨੂੰ ਛੱਡ ਕੇ ਉਠਣ 'ਤੇ। ਜਾਹ, ਸੌਂ ਜਾ ਤੂੰ। ਤੜਕੇ ਉਠ ਕੇ ਫੇਰ ਘਰ ਦਾ ਕਰਨਾ ਈਂ। ਜਾਹ, ਬੀਬਾ ਪੁੱਤ।" ਬਸੰਤ ਕੌਰ ਨੇ ਨੌਂਹ ਦਾ ਸਿਰ ਪਲੋਸਦਿਆਂ ਕਿਹਾ।

ਸੁਖਬੀਰ ਚਲੀ ਗਈ। ਰਾਜੋ ਤੇ ਬਸੰਤ ਕੌਰ ਓਵੇਂ ਬੈਠੀਆਂ ਰਹੀਆਂ।

ਹੁਣ ਲੱਖਾ ਸਿੰਘ ਦਾ ਸਾਹ ਅੱਗੇ ਨਾਲੋਂ ਸਾਫ਼ ਆ ਰਿਹਾ ਸੀ। ਰਾਤ ਦੇ ਤਿੰਨ ਕੁ ਵਜੇ ਉਹ ਇਕ ਦੋ ਵਾਰ ਹਿੱਲਿਆ। ਬਸੰਤ ਕੌਰ ਉਹਦੇ ਉੱਤੇ ਝੁਕ ਗਈ। ਹਰਨਾਮ ਦਾ ਬਾਪੂ! ਹੋਸ਼ ਕਰੋ ਖਾਂ। ਪਾਣੀ ਦਿਆਂ ?"

"ਹੂੰਅ। ਹੂੰਅ। ਪਾਣੀ।" ਲੱਖਾ ਸਿੰਘ ਨੇ ਧੀਮੀ ਜੇਹੀ ਅਵਾਜ਼ ਵਿੱਚ ਕਿਹਾ। ਬਸੰਤ ਕੌਰ ਦੀ ਅਵਾਜ਼ ਉਹਨੇ ਨਹੀਂ ਸੀ ਸੁਣੀ।

"ਲਉ ਪਾਣੀ।" ਬਸੰਤ ਕੌਰ ਨੇ ਦੋ ਚਾਰ ਚਿਮਚੇ ਉਹਦੇ ਮੂੰਹ ਵਿੱਚ ਪਾ ਦਿੱਤੇ।

"ਇਉਂ ਕੁਝ ਨਹੀਂ ਬਣਦਾ। ਗਲਾਸ ਭਰ ਕੇ ਦਿਓ।" ਲੱਖਾ ਸਿੰਘ ਨੇ ਉਠਣ ਦਾ ਜਤਨ ਕਰਦਿਆਂ ਕਿਹਾ।

ਬਸੰਤ ਕੌਰ ਨੇ ਧੌਣ ਪਿੱਛੇ ਹੱਥ ਦੇ ਕੇ ਲੱਖਾ ਸਿੰਘ ਨੂੰ ਬੈਠਣ ਵਿੱਚ ਮਦਦ ਦਿੱਤੀ। ਖੱਬੀ ਬਾਂਹ ਉਹਦੀ ਕੰਡ ਪਿੱਛੇ ਵਲ ਕੇ ਪਾਣੀ ਦਾ ਗਲਾਸ ਉਹਦੇ ਮੂੰਹ ਨੂੰ ਲਾ ਦਿੱਤਾ।

"ਹਾਅ!" ਪਾਣੀ ਪੀ ਕੇ ਲੱਖਾ ਸਿੰਘ ਨੇ ਕੁਝ ਸ਼ਾਂਤੀ ਮਹਿਸੂਸ ਕਰਦਿਆਂ ਕਿਹਾ, "ਲੰਮਾ ਪਾ ਦਿਹੋ ਮੈਨੂੰ।"

ਬਸੰਤ ਕੌਰ ਨੇ ਦੋਹਾਂ ਹੱਥਾਂ ਨਾਲ ਫੜ ਕੇ ਉਹਨੂੰ ਮੰਜੇ 'ਤੇ ਲਿਟਾ ਦਿੱਤਾ।

"ਹਰਨਾਮ! ਤੇਰੀ ਮਾਂ ਕਿੱਥੇ ਆ ?" ਲੱਖਾ ਸਿੰਘ ਨੇ ਸਮਝਿਆ ਕਿ ਉਹਨੂੰ ਪਾਣੀ ਪਿਆਉਣ ਵਾਲਾ ਹਰਨਾਮ ਹੈ।

"ਮੈਂ ਵੇਖ੍ਹਾਂ ਤੁਹਾਡੇ ਕੋਲ। ਹਰਨਾਮ ਸੁੱਤਾ ਪਿਆ ਏ। ਉਹਨੂੰ ਬੁਲਾਵਾਂ ?" ਬਸੰਤ ਕੌਰ ਨੇ ਪਤੀ ਉੱਤੇ ਝੁਕ ਕੇ ਕਿਹਾ।

"ਤੂੰ ? ਹਰਨਾਮ ਦੀ ਮਾਂ ?" ਲੱਖਾ ਸਿੰਘ ਨੇ ਸ਼ੰਕਾ ਨਵਿਰਤ ਕਰਨ ਵਾਸਤੇ ਪੁੱਛਿਆ। ਨਾਲ ਹੀ ਉਹਨੇ ਪਤਨੀ ਦਾ ਹੱਥ ਫੜ ਕੇ ਆਪਣੀ ਹਿੱਕ ਉੱਤੇ ਦਬਾ ਲਿਆ।

"ਹਾਂ, ਮੈਂ ਨੂਮੇ ਦੀ ਮਾਂ ਆਂ। ਆਹ ਵੇਖਾਂ ਤੁਹਾਡੇ ਕੋਲ। ਅੱਖਾਂ ਖੋਲ੍ਹ ਕੇ ਵੇਖੋ ਨਾਂ। ਵੇਖੋ ਖਾਂ ਮੇਰੇ ਵੱਲ।" ਬਸੰਤ ਕੌਰ ਨੇ ਪੱਲੇ ਨਾਲ ਅੱਖਾਂ ਪੂੰਝ ਕੇ ਕਿਹਾ।

ਅਚਨਚੇਤ ਬਸੰਤ ਕੌਰ ਦੀ ਨਿਗ੍ਹਾ ਰਾਜੋ ਉੱਤੇ ਜਾ ਪਈ। ਉਹ ਧਰਤੀ ਉੱਤੇ ਨੱਕ ਰਗੜ ਰਹੀ ਸੀ ਤੇ ਨਾਲ ਹੀ ਉਹਦੇ ਅੰਦਰੋਂ ਹਉਕੇ ਉਠ ਰਹੇ ਸਨ।

"ਰਾਜੋ! ਸਿਰ ਚੁੱਕ ਉਤਾਂਹ। ਵਾਹਿਗੁਰੂ ਦਾ ਧੰਨਵਾਦ ਕਰ।" ਰਾਜੋ ਦੇ ਦਿਲ ਦੀ ਸਮਝ ਕੇ ਬਸੰਤ ਕੌਰ ਨੇ ਉਹਨੂੰ ਹੌਸਲਾ ਦੇਂਦਿਆਂ ਕਿਹਾ।

"ਸਰਦਾਰਨੀ! ਸਭ ਕੁਝ ਤੇਰੇ ਸਿਦਕ ਸਦਕਾ ਏ। ਇਹ ਬਚ ਗਏ ਨੇ। ਮੈਂ.......ਮੈਂ..........ਰੋ ਨਹੀਂ ਰਹੀ। ਇਹ ਤਾਂ ਐਵੇਂ..........।" ਰਾਜੋ ਨੂੰ ਅਹੁੜਿਆ ਕੁਝ ਨਾ ਕਿ ਅਗ੍ਹਾਂ ਕੀ ਕਹੇ ?

"ਮੈਂ ਸਮਝਦੀ ਆਂ ਸਭ ਕੁਝ। ਜਾਹ, ਹੁਣ ਤੂੰ ਸੌਂ।"

"ਨਹੀਂ, ਸਰਦਾਰਨੀ! ਮੇਰਾ ਜੀਅ ਨਹੀਂ ਕਰਦਾ ਉਠਣ 'ਤੇ।" ਰਾਜੋ ਨੇ ਸਿਰ ਫੇਰਦਿਆਂ ਕਿਹਾ। ਨਾਲ ਹੀ ਉਹਨੇ ਪੱਲੇ ਨਾਲ ਅੱਖਾਂ ਦੇ ਹੰਝੂ ਪੂੰਝ ਲਏ।

"ਨੂਮੇ ਦੀ ਮਾਂ!" ਲੱਖਾ ਸਿੰਘ ਨੇ ਓਵੇਂ ਅੱਖਾਂ ਮੀਟੀ ਕਿਹਾ, "ਮੈਂ ਘਰ ਆਂ ਨਾਂ।"

"ਹਾਂ ਘਰ। ਅਸੀਂ ਸਾਰੇ ਤੁਹਾਡੇ ਕੋਲ ਆਂ। ਘਬਰਾਉ ਨਾ। ਤੁਸੀਂ ਠੀਕ ਹੋ।" ਬਸੰਤ ਕੌਰ ਨੇ ਪਤੀ ਦੇ ਮੱਥੇ ਉੱਤੇ ਪਿਆਰ ਨਾਲ ਹੱਥ ਫੇਰਦਿਆਂ ਕਿਹਾ।

"ਮੈਥੋਂ ਗ਼ਲਤੀ ਹੋ ਗਈ। ਮੈਂ ਬਹੁਤੀ ਪੀ ਗਿਆ। ਵਚਾਰੇ ਕੁਲਤਾਰ ਦਾ ਕੋਈ ਕਸੂਰ ਨਹੀਂ। ਮੈਂ ਜਾਣ ਬੁਝ ਕੇ ਪੀਂਦਾ ਗਿਆ। ਮੁੜ ਕੇ ਮੈਨੂੰ ਕੋਈ ਹੋਸ਼ ਨਹੀਂ ਕਿ ਕੀ ਹੋਇਆ।" ਬਸੰਤ ਕੌਰ ਦੇ ਚੇਹਰੇ ਵੱਲ ਤੱਕੇ ਬਿਨਾਂ ਲੱਖਾ ਸਿੰਘ ਕਹਿੰਦਾ ਗਿਆ।

"ਕੁਝ ਨਹੀਂ ਹੋਇਆ। ਹਰਨਾਮ ਤੇ ਕੁਲਤਾਰ ਤੁਹਾਨੂੰ ਘਰ ਲੈ ਆਏ ਸਨ। ਹੁਣ ਤੁਸੀਂ ਠੀਕ ਓ।"

ਕੁਝ ਮਿੰਟ ਫਿਰ ਚੁੱਪ ਵਰਤੀ ਰਹੀ। ਲੱਖਾ ਸਿੰਘ ਹੌਲੀ-ਹੌਲੀ ਬਸੰਤ ਕੌਰ ਦੇ ਹੱਥ ਨੂੰ ਪਲੋਸਦਾ ਰਿਹਾ। ਕੁਝ ਚਿਰ ਪਿੱਛੋਂ ਉਹਨੇ ਹੌਸਲਾ ਕਰਕੇ ਕਿਹਾ, "ਹਰਨਾਮ ਦੀ ਮਾਂ! ਉਂਵ ਤੂੰ ਮੈਨੂੰ ਮਾਫ਼ ਕਰ ਦਿੱਤਾ ਏ ਨਾਂ!"

"ਕੇਹੋ ਜੇਹੀਆਂ ਗੱਲਾਂ ਕਰਦੇ ਓ। ਚੁੱਪ ਕਰਕੇ ਸੌਂ ਜਾਉ।"



WWW.SIKHBOOKCLUB.COM 

"ਹੱਛਾ, ਮੈਨੂੰ ਪਾਣੀ ਪਿਆ, ਮੇਰਾ ਕਲੇਜਾ ਸੜੀ ਜਾ ਰਿਹਾ ਏ।"

ਪਾਣੀ ਦਾ ਇਕ ਗਲਾਸ ਹੋਰ ਪੀ ਕੇ ਲੱਖਾ ਸਿੰਘ ਪਾਸਾ ਪਰਤ ਕੇ ਪੈ ਗਿਆ। ਬਸੰਤ ਕੌਰ ਉਠ ਕੇ ਲਾਗੇ ਪਈ ਕੁਰਸੀ 'ਤੇ ਬਹਿ ਗਈ। ਲੱਖਾ ਸਿੰਘ ਸੌਂ ਗਿਆ। ਬਸੰਤ ਕੌਰ ਓਵੇਂ ਕੁਰਸੀ 'ਤੇ ਬੈਠੀ ਉਂਗਲ੍ਹਾਉਂਦੀ ਰਹੀ। ਰਾਜੋ ਪੈਂਦ ਦੇ ਪਾਵੇ 'ਤੇ ਸਿਰ ਰੱਖ ਕੇ ਸੌਂ ਗਈ।

ਦੁੱਧ ਰਿੜਕਣ ਦਾ ਵੇਲਾ ਹੋ ਗਿਆ। ਸੁਖਬੀਰ ਉਠ ਕੇ ਆਈ। ਉਹਨੇ ਝੁੱਕ ਕੇ ਵੇਖਿਆ। ਲੱਖਾ ਸਿੰਘ ਸੁੱਤਾ ਪਿਆ ਸੀ। ਉਹਦਾ ਸਾਹ ਠੀਕ ਚੱਲ ਰਿਹਾ ਸੀ। ਉਹਦੇ ਚਿਹਰੇ ਦਾ ਰੰਗ ਵੀ ਚੰਗਾ ਸੀ। ਸੁਖਬੀਰ ਦੇ ਮਨ ਨੂੰ ਕੁਝ ਸ਼ਾਂਤੀ ਹੋਈ। ਫਿਰ ਉਹਨੇ ਸੱਸ ਦੇ ਕੰਨ ਕੋਲ ਮੂੰਹ ਲੈ ਜਾ ਕੇ ਹੌਲੀ ਜੇਹੀ ਕਿਹਾ, "ਮਾਂ ਜੀ! ਅੰਦਰ ਗੁੱਡੀ ਨਾਲ ਜਾ ਪਵੋ। ਬਾਪੂ ਜੀ ਸੌਂ ਗਏ ਨੇ। ਰੱਬ ਨੇ ਭਲੀ ਕੀਤੀ ਏ। ਤੁਸੀਂ ਪਲ ਅਰਾਮ ਕਰ ਲਵੋ।"

"ਸੁਖਬੀਰ!" ਬਸੰਤ ਕੌਰ ਨੇ ਪਹਿਲਾਂ ਪਤੀ ਦੇ ਤੇ ਫਿਰ ਨੌਂਹ ਦੇ ਮੂੰਹ ਵੱਲ ਵੇਖ ਕੇ ਕਿਹਾ, "ਮੈਂ ਠੀਕ ਆਂ। ਤੂੰ ਦੁੱਧ ਸੰਭਾਲ ਜਾ ਕੇ। ਗੁੱਡੀ ਜਾਗ ਪਵੇ ਤਾਂ ਮੈਨੂੰ ਐਥੇ ਫੜਾ ਜਾਵੀਂ। ਜਾਹ ਤੂੰ।"

ਬਸੰਤ ਕੌਰ ਤੇ ਲੱਖਾ ਸਿੰਘ ਦੇ ਚਲ ਰਹੇ ਸੰਬੰਧ ਤੋਂ ਸਾਰੇ ਜੀਅ ਜਾਣੂ ਸਨ। ਲੱਖਾ ਸਿੰਘ ਦੀ ਵਧੀਕੀ ਨੂੰ ਵੀ ਸਾਰੇ ਮੰਨਦੇ ਸਨ। ਇਸ ਹਾਲਤ ਵਿੱਚ ਵੀ ਬਸੰਤ ਕੌਰ ਦੀ ਇਹ ਪਤੀ-ਭਗਤੀ ਵੇਖ ਕੇ ਜਵਾਨ ਸੁਖਬੀਰ ਹੈਰਾਨ ਰਹਿ ਗਈ। ਉਹਨੇ ਮਨ ਵਿੱਚ ਹੀ ਸੱਸ ਨੂੰ ਸੀਸ ਝੁਕਾਇਆ ਤੇ ਆਪਣੇ ਕੰਮ ਜਾ ਲੱਗੀ।

ਲੱਖਾ ਸਿੰਘ ਦੀ ਅੱਖ ਵਾਹਵਾ ਦਿਨ ਚੜ੍ਹੇ ਖੁੱਲ੍ਹੀ। ਘਰ ਦੇ ਸਾਰੇ ਜੀਅ ਜਾਗ ਕੇ ਆਪਣੇ ਕੰਮਾਂ ਵਿੱਚ ਰੁੱਝ ਗਏ ਸਨ। ਬਸੰਤ ਕੌਰ ਅਜੇ ਵੀ ਲਾਗੇ ਕੁਰਸੀ 'ਤੇ ਬੈਠੀ ਸੀ। ਪਿੰਡ ਦੇ ਪੰਜ ਸੱਤ ਆਦਮੀ ਵੀ ਪਤਾ ਲੈਣ ਆਏ ਮੁੜ ਗਏ ਸਨ। ਹਰਨਾਮ ਲਾਗੇ ਮੰਜੇ 'ਤੇ ਬੈਠਾ ਲੱਖਾ ਸਿੰਘ ਦੇ ਜਾਗਣ ਦੀ ਉਡੀਕ ਕਰ ਰਿਹਾ ਸੀ। ਅੰਗੜਾਈ ਲੈ ਕੇ ਲੱਖਾ ਸਿੰਘ ਨੇ ਅੱਖਾਂ ਖੋਲ੍ਹੀਆਂ। ਸਭ ਤੋਂ ਪਹਿਲਾਂ ਉਹਦੀ ਨਿਗ੍ਹਾ ਹਰਨਾਮ ਉੱਤੇ ਪਈ।

"ਬਾਪੂ! ਸੁਣਾ ਹੁਣ ਕੀ ਹਾਲ ਏ ?" ਹਰਨਾਮ ਨੇ ਥੋੜ੍ਹਾ ਜੇਹਾ ਅੱਗੇ ਝੁੱਕ ਕੇ ਪੁੱਛਿਆ।

"ਠੀਕ ਆਂ।" ਲੱਖਾ ਸਿੰਘ ਨੇ ਛੋਟਾ ਜੇਹਾ ਉੱਤਰ ਦਿੱਤਾ। "ਤੇਰੀ ਮਾਂ ਕਿੱਥੇ ਆ ?"



WWW.SIKHBOOKCLUB.COM 

"ਮੈਂ ਆ ਵੇਖ੍ਹਾਂ ਬੈਠੀ।" ਹਰਨਾਮ ਦੀ ਥਾਂ ਬਸੰਤ ਕੌਰ ਨੇ ਉੱਤਰ ਦਿੱਤਾ।

"ਬਾਪੂ! ਜਿਵੇਂ ਅਸਾਂ ਰਾਤ ਕੱਟੀ ਏ, ਰੱਬ ਜਾਣਦਾ ਏ। ਬੇਬੇ ਨੇ ਸਾਰੀ ਰਾਤ ਤੇਰੇ ਸਰ੍ਹਾਣੇ ਬੈਠਿਆਂ ਗੁਜ਼ਾਰ ਦਿੱਤੀ ਏ।"

"ਉਇ ਇਹ ਤਾਂ ਹੈ ਈ ਥੋੜ੍ਹ-ਦਿੱਲੀ।" ਹਰਨਾਮ ਦੀ ਗੱਲ ਟੁਕ ਕੇ ਲੱਖਾ ਸਿੰਘ ਰਾਹ ਵਿੱਚੋਂ ਹੀ ਬੋਲ ਪਿਆ, "ਭਲਾ, ਮੇਰਾ ਕੀ ਵਿਗੜਿਆ ਸੀ ? ਐਵੇਂ ਦੋ ਘੁੱਟਾਂ ਵਧੇਰੇ ਪੀ ਬੈਠਾ ਸਾਂ।"

"ਹਾਂ, ਠੀਕ ਏ। ਤੇਰਾ ਕੁਝ ਨਹੀਂ ਸੀ ਵਿਗੜਿਆ। ਸਿਰਫ਼.........।" ਹਰਨਾਮ ਨੇ ਰਾਤ ਦੀ ਸਾਰੀ ਵਾਰਤਾ ਕਹਿ ਸੁਣਾਈ। ਅਖ਼ੀਰ 'ਤੇ ਉਹਨੇ ਬੜੀ ਗੰਭੀਰਤਾ ਨਾਲ ਕਿਹਾ, "ਬਾਪੂ! ਇਕ ਗੱਲ ਆਖਾਂ ?"

"ਹਾਂ, ਆਖ। ਸਿਆਣੇ ਪੁੱਤਰ ਨੂੰ ਸਲਾਹ ਦੇਣ ਦਾ ਹੱਕ ਏ।" ਲੱਖਾ ਸਿੰਘ ਨੇ ਥੋੜ੍ਹਾ ਜੇਹਾ ਵਿਅੰਗ ਨਾਲ ਕਿਹਾ। ਉਹਨੇ ਸਮਝਿਆ, ਹਰਨਾਮ ਉਹਨੂੰ ਸ਼ਰਾਬ ਛੱਡਣ ਵਾਸਤੇ ਕਹਿਣਾ ਚਾਹੁੰਦਾ ਹੈ।

"ਮੈਂ ਉਹਨਾਂ ਪੁੱਤਰਾਂ ਵਿੱਚੋਂ ਨਹੀਂ। ਸਿੱਖ-ਮੱਤ ਦੇਣਾ ਮਾਪਿਆਂ ਦਾ ਕੰਮ ਏ, ਪੁੱਤਰਾਂ ਦਾ ਨਹੀਂ।" ਹਰਨਾਮ ਸਿੰਘ ਨੇ ਕੁਝ ਜੋਸ਼ ਵਿੱਚ ਆ ਕੇ ਕਿਹਾ, "ਜੋ ਸਾਡੇ ਸਾਰਿਆਂ ਨਾਲ ਵਾਪਰੀ ਏ, ਤੇ ਖ਼ਾਸ ਕਰ ਜੋ ਬੇਬੇ ਦੀ ਜਾਨ 'ਤੇ ਬੀਤੀ ਏ, ਉਹਦਾ ਸਿੱਟਾ, ਮੈਂ ਅੱਜ ਤੋਂ ਸ਼ਰਾਬ ਛੱਡੀ। ਸੂਰਜ ਚੜ੍ਹਦੇ ਦੀ ਥਾਂ ਲਹਿੰਦਿਓਂ ਚੜ੍ਹਨ ਲੱਗ ਪਵੇ, ਪਰ ਹਰਨਾਮ ਸ਼ਰਾਬ ਨਹੀਂ ਪੀਵੇਗਾ। ਮਰਦਾਂ ਵਾਲਾ ਕੌਲ ਹੋਇਆ।" ਹਰਨਾਮ ਦੇ ਚਿਹਰੇ ਉੱਤੇ ਕਿਸੇ ਅਡੋਲ ਯੋਧੇ ਵਾਲੀ ਦ੍ਰਿੜ੍ਹਤਾ ਝਲਕ ਰਹੀ ਸੀ।

"ਇਹਦਾ ਮਤਲਬ, ਤੂੰ ਮੈਨੂੰ ਸ਼ਰਾਬ ਛੱਡਣ ਵਾਸਤੇ ਕਹਿੰਦਾ ਏਂ।" ਲੱਖਾ ਸਿੰਘ ਨੇ ਕੁਝ ਮੁਸਕਰਾਉਂਦਿਆਂ ਕਿਹਾ। ਨਾਲ ਹੀ ਉਹ ਉਠ ਕੇ ਬਹਿ ਗਿਆ। ਹਰਨਾਮ ਤੇ ਬਸੰਤ ਕੌਰ ਨੇ ਉਠਣ ਵਿੱਚ ਉਹਦੀ ਮਦਦ ਕੀਤੀ।

"ਨਹੀਂ। ਮੈਂ ਅੱਗੇ ਵੀ ਆਖਿਆ ਏ ਕਿ ਮੈਂ ਮਾਪਿਆਂ ਦੀਆਂ ਗ਼ਲਤੀਆਂ ਛਾਂਟਣ ਵਾਲਿਆਂ ਵਿੱਚੋਂ ਨਹੀਂ। ਮੈਂ ਤੇਰੇ ਬਾਰੇ ਕੁਝ ਨਹੀਂ ਕਹਿ ਸਕਦਾ। ਮੈਂ ਆਪਣੇ ਦਿਲ ਦੀ ਆਖੀ ਏ।" ਹਰਨਾਮ ਨੇ ਕੁਝ ਅੱਖਾਂ ਝੁਕਾਅ ਕੇ ਕਿਹਾ।

"ਸੁਣ। ਮੈਂ ਗੁੱਸੇ ਨਾਲ ਨਹੀਂ ਆਖਿਆ। ਲੈ, ਤੇਰੀ ਮਾਂ ਇਕ ਵਾਰ ਮੂੰਹੋਂ ਆਖ ਦੇਵੇ ਤੇ ਮੈਂ ਸਾਰੀ ਉਮਰ ਵਾਸਤੇ ਸ਼ਰਾਬ ਛੱਡੀ। ਪੁੱਛ ਸੁ, ਸੌਦਾ ਪੁੱਜਦਾ ਏ ?" ਬਸੰਤ ਕੌਰ ਦੀ ਥਾਂ ਲੱਖਾ ਸਿੰਘ ਨੇ ਪੁੱਤਰ ਦੇ ਚਿਹਰੇ ਵੱਲ ਤਕਦਿਆਂ ਕਿਹਾ।

"ਮਾਂ ਪਿਉ ਦੇ ਝਗੜੇ ਵਿੱਚ ਧੀਆਂ ਪੁੱਤਰ ਦਖ਼ਲ ਨਹੀਂ ਦੇ ਸਕਦੇ, ਬਾਪੂ!

ਇਕ ਜਵਾਨ ਪੁੱਤਰ ਹੋਰ ਕੀ ਜਵਾਬ ਦੇਵੇ। ਤੂੰ ਇਹ ਦੱਸ, ਹੁਣ ਹਾਲ ਕੀ ਏ ? ਮੈਂ ਡਾਕਦਾਰ ਵੱਲੋਂ ਜਾਵਾਂ ?" ਹਰਨਾਮ ਸਿੰਘ ਨੇ ਚੱਜ ਨਾਲ ਲੱਖਾ ਸਿੰਘ ਦਾ ਘਰ ਪੂਰਾ ਕਰ ਦਿੱਤਾ।

"ਮੇਰਾ ਖ਼ਿਆਲ ਏ, ਹੁਣ ਲੋੜ ਨਹੀਂ। ਦਿਲ ਨੂੰ ਕੁਝ ਹੁੰਦਾ ਏ ਤੇ ਸਿਰ ਨੂੰ ਮਾੜੇ-ਮਾੜੇ ਚੱਕਰ ਔਂਦੇ ਨੇ। ਨ੍ਹਾਤਿਆਂ ਠੀਕ ਹੋ ਜਾਵਾਂਗਾ।" ਲੱਖਾ ਸਿੰਘ ਨੇ ਵਾਹਵਾ ਹੌਸਲੇ ਨਾਲ ਕਿਹਾ।

"ਡਾਕਦਾਰ ਨੂੰ ਤਾਂ ਮੈਂ ਇਕ ਵਾਰ ਹੋਰ ਲਿਆਵਾਂਗਾ। ਪਹਿਲਾਂ ਤੂੰ ਨ੍ਹਾ ਧੋਅ ਲੈ।" ਹਰਨਾਮ ਨੇ ਕੁਰਸੀ ਤੋਂ ਉਠਦਿਆਂ ਕਿਹਾ।

ਇਕ ਮੁਦਤ ਦੇ ਬਾਅਦ ਬਸੰਤ ਕੌਰ ਨੇ ਆਪਣੇ ਹੱਥੀਂ ਪਤੀ ਨੂੰ ਨੁਹਾਇਆ। ਗ਼ੁਸਲਖ਼ਾਨੇ ਵਿੱਚ ਚੌਕੀ 'ਤੇ ਬਿਠਾ ਕੇ ਗਰਮ ਪਾਣੀ ਪਾ-ਪਾ ਕੇ ਉਹ ਲੱਖਾ ਸਿੰਘ ਦਾ ਪਿੰਡਾ ਮਲ ਰਹੀ ਸੀ। ਉਹਨੂੰ ਵਿਆਹ ਦੇ ਪਹਿਲੇ ਸਾਲ ਯਾਦ ਆ ਗਏ। ਉਹਦੀਆਂ ਅੱਖਾਂ ਵਿੱਚੋਂ ਬੇ-ਮੁਹਾਰੇ ਹੰਝੂ ਵਹਿ ਤੁਰੇ। ਉਹਨੇ ਰੋਕਣ ਦਾ ਯਤਨ ਨਾ ਕੀਤਾ। ਸ਼ਾਇਦ ਉਹਦੇ ਰੋਕਿਆਂ ਰੁਕਦੇ ਵੀ ਨਾ। ਹੰਝੂ ਦੁਨੀਆਂ ਵਿੱਚ ਸਭ ਨਾਲੋਂ ਅਮੋੜ ਹਨ।

ਸੁੱਤੇ ਹੀ ਲੱਖਾ ਸਿੰਘ ਦੀ ਨਜ਼ਰ ਬਸੰਤ ਕੌਰ ਦੇ ਚਿਹਰੇ 'ਤੇ ਜਾ ਪਈ। ਉਹਨੇ ਤ੍ਰਭਕ ਕੇ ਕਿਹਾ "ਹਰਨਾਮ ਦੀ ਮਾਂ! ਇਹ ਕੀ ?"

"ਐਸ ਵੇਲੇ ਮੈਨੂੰ ਕੁਝ ਨਾ ਕਹੋ। ਆਪੇ ਸਭ ਕੁਝ ਠੀਕ ਹੋ ਜਾਵੇਗਾ।" ਬਸੰਤ ਕੌਰ ਨੇ ਬੜੀ ਸ਼ਾਂਤ ਸੁਰ ਵਿੱਚ ਕਿਹਾ।

ਉਹਦੇ ਦਿਲ ਨੂੰ ਠੀਕ-ਠੀਕ ਸਮਝਣਾ ਬੜਾ ਔਖਾ ਸੀ। ਲੱਖਾ ਸਿੰਘ ਨੇ ਵੀ ਇਸ ਦਾ ਅਰਥ ਖੜਾ ਹੀ ਸਮਝਿਆ।

ਨ੍ਹਾ ਧੋਅ ਕੇ ਉਹਦਾ ਸਰੀਰ ਕੁਝ ਹੌਲਾ ਹੋਇਆ। ਉਹਨੇ ਕੁਝ ਥੋੜਾ ਬਹੁਤਾ ਮੂੰਹ ਵੀ ਪਾਇਆ। ਪਰ ਉਹਦੇ ਅੰਦਰ ਦੀ ਜਲਨ ਵਿੱਚ ਫ਼ਰਕ ਨਾ ਪਿਆ। ਉਹਦੇ ਰੋਕਦਿਆਂ ਵਰਜਦਿਆਂ ਵੀ ਹਰਨਾਮ ਡਾਕਟਰ ਨੂੰ ਲੈਣ ਚਲਾ ਗਿਆ।

ਦੋ ਵਜੇ ਦੇ ਕਰੀਬ ਡਾਕਟਰ ਆ ਗਿਆ। ਉਹਨੇ ਲੱਖਾ ਸਿੰਘ ਦੇ ਜਿਗਰ, ਦਿਲ ਤੇ ਫੇਫੜਿਆਂ ਦਾ ਬੜੀ ਚੰਗੀ ਤਰ੍ਹਾਂ ਮੁਆਇਨਾ ਕੀਤਾ। ਥਰਮਾਮੀਟਰ ਲਾ ਕੇ ਵੇਖਿਆ ਤਾਂ ਇਕ ਸੌ ਇਕ ਤਕ ਬੁਖ਼ਾਰ ਵੀ ਸੀ।

"ਸਰਦਾਰ ਹਰਨਾਮ ਸਿੰਘ। ਜਾਨ ਨੂੰ ਕੋਈ ਖ਼ਤਰਾ ਨਹੀਂ, ਪਰ ਕੰਮ ਕਾਫ਼ੀ ਵਿਗੜ ਗਿਆ ਹੈ। ਤੱਤੀ ਸ਼ਰਾਬ ਦਾ ਦਿਲ 'ਤੇ, ਖ਼ਾਸ ਕਰ ਜਿਗਰ 'ਤੇ ਬੜਾ ਬੁਰਾ

ਅਸਰ ਹੋਇਆ ਹੈ। ਜਿਗਰ ਇਕ ਕਿਸਮ ਦੀ ਭੱਠੀ ਹੈ, ਜੋ ਖ਼ੁਰਾਕ ਵਿੱਚੋਂ ਲਹੂ ਬਣਾ ਕੇ ਸਾਰੇ ਸਰੀਰ ਨੂੰ ਪੁਚਾਉਂਦੀ ਹੈ। ਭੱਠੀ ਵਿੱਚ ਨੁਕਸ ਪੈ ਗਿਆ ਤਾਂ ਸਮਝੋ ਸਾਰਾ ਕਾਰਖ਼ਾਨਾ ਵਿਗੜ ਗਿਆ। ਮੈਨੂੰ ਭਾਸਦਾ ਏ, ਜਿਗਰ ਵਿੱਚ ਕਾਫ਼ੀ ਗੜਬੜ ਹੈ। ਸਿਰ ਨੂੰ ਚੱਕਰ ਆ ਰਹੇ ਹਨ, ਦਿਲ ਦੀ ਧੜਕਣ ਵੱਧ ਗਈ ਹੈ ਤੇ ਬੁਖ਼ਾਰ ਵੀ ਇਕ ਸੌ ਇਕ ਤਕ। ਡਰ ਹੈ ਕਿ ਬੁਖ਼ਾਰ ਵਧ ਨਾ ਜਾਏ। ਸਾਨੂੰ ਇਸ 'ਤੇ ਕਾਬੂ ਪਾਉਣ ਦਾ ਯਤਨ ਕਰਨਾ ਚਾਹੀਦਾ ਹੈ।"

ਡਾਕਟਰ ਦੀ ਰਾਏ ਠੀਕ ਸਾਬਤ ਹੋਈ। ਅਗਲੇ ਦਿਨ ਲੱਖਾ ਸਿੰਘ ਦਾ ਬੁਖ਼ਾਰ ਹੋਰ ਵੱਧ ਗਿਆ। ਚੌਥੇ ਦਿਨ ਬੁਖ਼ਾਰ ਇਕ ਸੌ ਚਾਰ ਤਕ ਪੁੱਜ ਗਿਆ।

ਚੌਥੇ ਦਿਨ ਡਾਕਟਰ ਨੇ ਐਲਾਨ ਕੀਤਾ, "ਮੇਰਾ ਖ਼ਤਰਾ ਸੱਚਾ ਸਾਬਤ ਹੋਇਆ। ਬੁਖ਼ਾਰ ਟਾਈਫਾਈਡ ਦੀ ਸੂਰਤ ਅਖ਼ਤਿਆਰ ਕਰ ਗਿਆ ਹੈ, ਪਰ ਸਾਨੂੰ ਘਬਰਾਉਣਾ ਨਹੀਂ ਚਾਹੀਦਾ। ਬੁਖ਼ਾਰ ਨੂੰ ਘੱਟ ਕਰਨ ਦਾ ਚਾਰਾ ਕਰਨਾ ਚਾਹੀਦਾ ਹੈ। ਵੈਸੇ ਇਹ ਅਠਾਰਾਂ ਵੀਹ ਦਿਨ ਤੋਂ ਪਹਿਲਾਂ ਖਹਿੜਾ ਨਹੀਂ ਛੱਡੇਗਾ।"

ਡਾਕਟਰ ਆਪਣੇ ਕਸਬ ਦਾ ਸਿਆਣਾ ਸੀ। ਉਹਨੇ ਰੋਗ ਲੱਭ ਲਿਆ। ਹੁਣ ਕੰਮ ਸੀ ਉਸ ਉੱਤੇ ਕਾਬੂ ਪਾਉਣ ਦਾ। ਤੀਸਰੇ ਦਿਨ ਉਹ ਇਸ ਕਾਰਜ ਵਿੱਚ ਵੀ ਸਫਲ ਹੋ ਗਿਆ। ਬੁਖ਼ਾਰ ਦਾ ਜ਼ੋਰ ਟੁੱਟ ਗਿਆ, ਪਰ ਉਹਨੇ ਖ਼ਤਮ ਆਪਣੀ ਮੁਹਲਤ ਪੂਰੀ ਕਰਕੇ ਹੀ ਹੋਣਾ ਸੀ। ਸਵੇਰ ਵੇਲੇ ਬੁਖ਼ਾਰ ਸੌ ਦੇ ਅੰਦਰ ਬਾਹਰ ਹੁੰਦਾ, ਪਰ ਪਿਛਲੇ ਪਹਿਰ ਇਕ ਸੌ ਇਕ ਤੋਂ ਇਕ ਸੌ ਦੋ ਤਕ ਹੋ ਜਾਂਦਾ। ਡਾਕਟਰ ਹੌਸਲੇ ਵਿੱਚ ਸੀ। ਉਹ ਸਾਰੇ ਪਰਵਾਰ ਨੂੰ ਵੀ ਹੌਸਲਾ ਦੇਂਦਾ।

ਇਕ ਦਿਨ ਡਾਕਟਰ ਦੀ ਫ਼ੀਸ ਜੋਗੇ ਪੈਸੇ ਹਰਨਾਮ ਕੋਲ ਨਹੀਂ ਸਨ। ਬਹਿਰ ਨੂੰ ਜਾਣ ਵਾਸਤੇ ਤਿਆਰ ਹੋ ਕੇ ਉਹਨੇ ਸੁਖਬੀਰ ਨੂੰ ਅੰਦਰ ਬੁਲਾਇਆ। ਪੰਜ ਸੱਤ ਮਿੰਟ ਪਿੱਛੋਂ ਉਹ ਅੰਦਰੋਂ ਨਿਕਲ ਕੇ ਬਾਹਰ ਜਾਣ ਲੱਗਾ ਤਾਂ ਬਸੰਤ ਕੌਰ ਨੇ ਹੱਥ ਦੇ ਇਸ਼ਾਰੇ ਨਾਲ ਉਸ ਨੂੰ ਰੋਕ ਕੇ ਕਿਹਾ, "ਅੰਦਰ ਚੱਲ ਜ਼ਰਾ।"

ਬਿਨਾਂ ਮੂੰਹੋਂ ਕੁਝ ਕਹੇ ਹਰਨਾਮ ਮਾਂ ਦੇ ਮਗਰੇ ਅੰਦਰ ਚਲਾ ਗਿਆ। ਸੰਦੂਕ ਦਾ ਬੂਹਾ ਖੋਲ੍ਹ ਕੇ ਬਸੰਤ ਕੌਰ ਨੇ ਵਿਚੋਂ ਆਪਣੀਆਂ ਬੁਤਕੀਆਂ ਕੱਢੀਆਂ। "ਲੈ, ਆਹ ਲੈ ਜਾ, ਤੇ ਸੁਖਬੀਰ ਦੀ ਟੂਮ ਮੈਨੂੰ ਦੇ ਦੇ।" ਬਸੰਤ ਕੌਰ ਨੇ ਅਗ੍ਹਾਂ ਹੱਥ ਵਧਾ ਕੇ ਕਿਹਾ।

"ਬੇਬੇ!" ਮਾਂ ਵੱਲ ਵੇਖ ਕੇ ਹਰਨਾਮ ਨੇ ਅੱਖਾਂ ਝੁਕਾਅ ਲਈਆਂ। ਇਸ ਤੋਂ ਅੱਗੇ ਉਹ ਕੁਝ ਨਾ ਕਹਿ ਸਕਿਆ।

"ਮੈਂ ਸਭ ਕੁਝ ਸਮਝਦੀ ਆਂ। ਮੈਂ ਮਾਂ ਆਂ। ਅੱਗੋਂ ਉੱਨੀ ਇੱਕੀ ਨਹੀਂ ਕਰੀਦੀ।"

ਬਸੰਤ ਕੌਰ ਨੇ ਪੂਰਨ ਅਧਿਕਾਰ ਨਾਲ ਕਿਹਾ।

ਹਰਨਾਮ ਨੇ ਸੁਖਬੀਰ ਦੀਆਂ ਚੂੜੀਆਂ ਜੇਬ ਵਿੱਚੋਂ ਕੱਢ ਕੇ ਮਾਂ ਦੇ ਹੱਥ 'ਤੇ ਧਰ ਦਿੱਤੀਆਂ ਤੇ ਬੁਰਕੀਆਂ ਸੰਭਾਲ ਕੇ ਚਲਾ ਗਿਆ।

ਫਿਰ ਬਸੰਤ ਕੌਰ ਨੇ ਸੁਖਬੀਰ ਨੂੰ ਅੰਦਰ ਬੁਲਾਇਆ। ਉਹ ਬੇਜਾਨ ਗੁੱਡੀ ਵਾਂਗ ਸੱਸ ਦੇ ਸਾਹਮਣੇ ਆ ਖਲੋਤੀ। ਬਸੰਤ ਕੌਰ ਨੇ ਉਹਦੇ ਹੱਥ ਫੜ ਕੇ ਚੂੜੀਆਂ ਪਾ ਦਿੱਤੀਆਂ ਤੇ ਉਹਦਾ ਮੱਥਾ ਚੁੰਮਦਿਆਂ ਕਿਹਾ, "ਸੁਖਬੀਰ! ਮੈਂ ਤੇਰੀ ਵੀ ਓਨੀ ਹੀ ਮਾਂ ਹਾਂ, ਜਿੰਨੀ ਹਰਨਾਮ ਤੇ ਸ਼ਾਮੋ ਦੀ। ਮਾਂ ਧੀ ਦੀਆਂ ਸੱਖਣੀਆਂ ਵੀਣੀਆਂ ਕਿਵੇਂ ਵੇਖ ਸਕਦੀ ਏ ? ਜਾਹ। ਗੁਰੂ ਤੈਨੂੰ ਬਹੁਤ ਭਾਗ ਲਾਵੇਗਾ।"

ਲੱਖਾ ਸਿੰਘ ਦੀ ਬੀਮਾਰੀ ਸੁਣ ਕੇ ਸ਼ਾਮੋ ਵੀ ਆਈ। ਉਹ ਦਸ ਦਿਨ ਰਹੀ। ਯਥਾ ਸ਼ਕਤ ਇਹ ਪਿਉ ਦੀ ਸੇਵਾ ਵੀ ਕਰਦੀ ਰਹੀ। ਪਰ ਉਹਦੇ ਕੁੱਛੜ ਸਭੋ ਤਿੰਨ ਮਹੀਨੇ ਦਾ ਬਾਲ ਸੀ। ਬਹੁਤਾ ਸਮਾਂ ਉਹਦਾ ਓਸੇ ਨੂੰ ਵਰ੍ਹਾਉਣ ਵਿੱਚ ਬੀਤ ਜਾਂਦਾ।

ਸਮੁੰਦ ਸਿੰਘ ਆਇਆ। ਉਹਦਾ ਹੱਥ ਫੜ ਕੇ ਲੱਖਾ ਸਿੰਘ ਨੇ ਬੜੀ ਦ੍ਰਿੜ੍ਹ ਸੁਰ ਵਿੱਚ ਕਿਹਾ, "ਸਮੰਦ ਸਿਹਾਂ! ਮੈਂ ਸਦਾ ਵਾਸਤੇ ਸ਼ਰਾਬ ਛੱਡ ਦਿੱਤੀ ਏ। ਤੇਰੀ ਭੈਣ ਨਾਲ ਪੱਕੀ ਜ਼ਬਾਨ ਕਰ ਲਈ ਏ।"

"ਪਰ ਭਾਈਆ! ਸੌਂਹ ਨਾ ਪਾਵੀਂ। ਸ਼ਰਾਬੀਆਂ ਦੀਆਂ ਸੌਂਹਾਂ ਨਿਭਦੀਆਂ ਨਹੀਂ ਹੁੰਦੀਆਂ।" ਸਮੁੰਦ ਸਿੰਘ ਨੇ ਬੜੀ ਪਤੇ ਦੀ ਗੱਲ ਕਹੀ। ਉਹ ਆਪ ਤਿੰਨ ਵਾਰ ਸੌਂਹ ਪਾ ਕੇ ਤੋੜ ਚੁੱਕਾ ਸੀ।

"ਸੌਂਹ ਨਹੀਂ ਪਾਈ। ਸਿਰਫ਼ ਹਰਨਾਮ ਦੀ ਮਾਂ ਨਾਲ ਵਾਅਦਾ ਕੀਤਾ ਏ।" ਲੱਖਾ ਸਿੰਘ ਨੇ ਲਾਗੇ ਬੈਠੀ ਬਸੰਤ ਕੌਰ ਵੱਲ ਵੇਖ ਕੇ ਕਿਹਾ।

"ਲੌ, ਪਹਿਲਾਂ ਦਵਾਈ ਪੀ ਲਵੋ।" ਬਸੰਤ ਕੌਰ ਨੇ ਗੱਲ ਹੋਰ ਪਾਸੇ ਟਾਲ ਦਿੱਤੀ।

ਜਰਨੈਲ ਪੜ੍ਹ ਕੇ ਆਉਂਦਾ, ਉਹ ਵੀ ਦੋ ਘੜੀਆਂ ਲੱਖਾ ਸਿੰਘ ਦੇ ਕੋਲ ਆ ਬਹਿੰਦਾ। ਉਹਦੇ ਪੈਰਾਂ 'ਤੇ ਹੱਥ ਧਰ ਕੇ ਤਾਪ ਦੀ ਗਰਮੀ ਵੇਖਦਾ। ਸਵੇਰੇ ਜਾਣ ਲੱਗਾ ਪੁੱਛ ਕੇ ਜਾਂਦਾ, ਤੇ ਜਿਸ ਦਿਨ ਸਿਰਫ਼ ਦਵਾਈ ਹੀ ਲਿਆਉਣੀ ਹੁੰਦੀ, ਆਉਂਦਾ ਹੋਇਆ ਡਾਕਟਰ ਕੋਲੋਂ ਦਵਾਈ ਵੀ ਲਈ ਆਉਂਦਾ।

ਸਭ ਨਾਲੋਂ ਲਾ-ਪਰਵਾਹ ਸੀ ਸਰਵਣ। ਉਹ ਬੱਧਾ-ਰੁੱਧਾ ਕਦੇ ਦੋ ਘੜੀਆਂ ਕੋਲ ਬਹਿੰਦਾ ਵੀ ਤਾਂ ਲਾਗੇ ਦੇ ਮੰਜੇ ਉੱਤੇ ਨੀਵੀਂ ਪਾਈ ਚੁੱਪ-ਚਾਪ ਬੈਠਾ ਰਹਿੰਦਾ। ਨਾ ਉਹ ਲੱਖਾ ਸਿੰਘ ਨੂੰ ਬੁਲਾਉਂਦਾ ਤੇ ਨਾ ਲੱਖਾ ਸਿੰਘ ਹੀ ਗੁੱਸੇ ਮਾਰਿਆ ਉਹਦੇ ਨਾਲ ਕੋਈ ਗੱਲ ਕਰਦਾ।

ਰਾਜੋ ਅੱਧੀ ਰਾਤ ਤਕ ਲੱਖਾ ਸਿੰਘ ਦੀ ਪੈਂਦ ਵੱਲ ਬੈਠੀ ਉਂਗਲ੍ਹਾਉਂਦੀ ਰਹਿੰਦੀ, ਪਰ ਦਿਨੇ ਹੋਰ ਲੋਕਾਂ ਦੇ ਸਾਹਮਣੇ ਉਹ ਸ਼ਰਮ ਦੀ ਮਾਰੀ ਨੇੜੇ ਨਾ ਆਉਂਦੀ।

ਹਰਨਾਮ ਤੇ ਸੁਖਬੀਰ ਉੱਤੇ ਘਰ ਦੀ ਸਾਰੀ ਜ਼ਿੰਮੇਂਵਾਰੀ ਸੀ। ਉਹ ਸਮਾਂ ਕੱਢ ਕੇ ਸੇਵਾ ਕਰਦੇ, ਪਰ ਉਹਨਾਂ ਕੋਲ ਵਧੇਰੇ ਸਮਾਂ ਹੀ ਕਿੱਥੇ ਸੀ।

ਤੇ ਬਸੰਤ ਕੌਰ। ਉਹ ਪਤੀ ਦੇ ਨਾਲ ਹੀ ਸੁੱਕ ਕੇ ਤੀਲਾ ਹੋ ਗਈ। ਲੱਖਾ ਸਿੰਘ ਲੰਮੀ ਬੀਮਾਰੀ ਨਾਲ ਸੁੱਕ ਕੇ ਪਿੰਜਰ ਰਹਿ ਗਿਆ ਤੇ ਬਸੰਤ ਕੌਰ ਉਹਦੇ ਗ਼ਮ ਨਾਲ। ਸਾਰੀ-ਸਾਰੀ ਰਾਤ ਉਹ ਉਹਦੇ ਮੰਜੇ ਉੱਤੇ ਬੈਠੀ ਗੁਜ਼ਾਰ ਦੇਂਦੀ। ਇਉਂ ਸਮਝੋ, ਉਹ ਜਿਉਂਦੇ ਜੀਅ ਹੀ ਪਤੀ ਨਾਲ ਸਤੀ ਹੋ ਗਈ।

ਲੱਖਾ ਸਿੰਘ ਬਚ ਗਿਆ। ਲੋਕ ਕਹਿੰਦੇ, ਬਸੰਤ ਕੌਰ ਦੇ ਤਪ ਨੇ ਉਹਦੀ ਜਾਨ ਬਚਾ ਲਈ। ਅੱਜ ਹੋਰ, ਭਲਕੇ ਹੋਰ ਲੱਖਾ ਸਿੰਘ ਦੇ ਸਰੀਰ ਦੀ ਸ਼ਕਤੀ ਫੇਰ ਪਰਤਣ ਲੱਗ ਪਈ। ਉਹ ਲੱਖਾ ਸਿੰਘ ਦੇ ਕੋਲ ਹੁੰਦੀ ਹੋਈ ਵੀ ਪਹਿਲਾਂ ਜਿੰਨੀ ਦੂਰ ਹੋ ਗਈ। ਸਰਦੀ ਅਜੇ ਖ਼ਤਮ ਨਹੀਂ ਸੀ ਹੋਈ। ਲੱਖਾ ਸਿੰਘ ਦਾ ਮੰਜਾ ਚੁਬਾਰੇ ਵਿੱਚ ਹੁੰਦਾ। ਬਸੰਤ ਕੌਰ ਪੋਤਰੇ ਕੋਲ ਵੱਸੋਂ ਵਾਲੇ ਅੰਦਰ ਸੌਂਦੀ। ਕਿਸੇ ਦਿਨ ਲੱਖਾ ਸਿੰਘ ਜ਼ੋਰ ਦੇ ਕੇ ਕਹਿੰਦਾ ਕਿ ਬਸੰਤ ਕੌਰ ਆਪਣਾ ਮੰਜਾ ਉਹਦੇ ਕੋਲ ਲੈ ਆਵੇ ਤਾਂ ਉਹ ਅੱਗੋਂ ਬੜੀ ਧੀਰਜ ਨਾਲ ਉੱਤਰ ਦੇਂਦੀ, "ਤੁਸੀਂ ਆਪਣੀ ਸਿਹਤ ਵੱਲ ਵੇਖੋ। ਮੈਂ ਤੁਹਾਥੋਂ ਦੂਰ ਨਹੀਂ।"

ਲੱਖਾ ਸਿੰਘ ਨੂੰ ਬੀਮਾਰੀ ਤੋਂ ਉਠਿਆਂ ਤਿੰਨ ਮਹੀਨੇ ਹੋ ਗਏ ਸਨ। ਬੀਮਾਰੀ ਦੇ ਮੁਤਾਬਕ ਦਵਾਈ ਤੇ ਚੰਗੀ ਸੇਵਾ ਸੰਭਾਲ ਦਾ ਸਦਕਾ ਉਹ ਅਰੋਗ ਹੋ ਗਿਆ। ਉਹ ਮਹਿਸੂਸ ਕਰਨ ਲੱਗਾ ਕਿ ਉਹਦੇ ਸਰੀਰ ਵਿੱਚ ਪਹਿਲਾਂ ਵਾਲੀ ਪੂਰੀ ਸ਼ਕਤੀ ਪਰਤ ਆਈ ਹੈ।

ਨਿਤ ਵਾਂਗ ਬਸੰਤ ਕੌਰ ਦੁੱਧ ਲੈ ਕੇ ਗਈ। ਲੱਖਾਂ ਸਿੰਘ ਨੇ ਬੜੀ ਮਜ਼ਬੂਤੀ ਨਾਲ ਉਹਦਾ ਹੱਥ ਫੜ ਕੇ ਕਿਹਾ, "ਹਰਨਾਮ ਦੀ ਮਾਂ। ਅੱਜ ਮੈਂ ਕੋਈ ਬਹਾਨਾ ਨਹੀਂ ਸੁਣਨਾ। ਬਹਿ ਜਾ ਐਥੇ।"

ਬਸੰਤ ਕੌਰ ਨੇ ਬਲ ਨਾਲ ਹੱਥ ਛੁਡਾਉਣ ਦਾ ਯਤਨ ਨਹੀਂ ਕੀਤਾ। ਉਹ ਉਸੇ ਤਰ੍ਹਾਂ ਅਡੋਲ ਪਤੀ ਦੀਆਂ ਅੱਖਾਂ ਵਿੱਚ ਤਕਦੀ ਰਹੀ। ਅੰਤ ਆਪਣੇ ਆਪ 'ਤੇ ਕਾਬੂ ਪਾ ਕੇ ਉਹ ਬੜੀ ਦ੍ਰਿੜ੍ਹ ਸੁਰ ਵਿੱਚ ਬੋਲੀ, "ਨ੍ਹਾਮੇ ਦਾ ਬਾਪੂ! ਮੈਨੂੰ ਥੁੱਕਿਆ ਚੱਟਣ ਵਾਸਤੇ ਮਜਬੂਰ ਨਾ ਕਰੋ। ਮੇਰੇ 'ਤੇ ਰਹਿਮ ਕਰੋ। ਨਹੀਂ ਤਾਂ ਮੈਂ ਮਰ ਜਾਵਾਂਗੀ।"

"ਉਹੋ ਹੋ!" ਲੱਖਾ ਸਿੰਘ ਨੇ ਨਿਰਾਸ ਹੋ ਕੇ ਉਹਦਾ ਹੱਥ ਛੱਡ ਦਿੱਤਾ। "ਮੈਨੂੰ ਨਹੀਂ ਸੀ ਪਤਾ, ਤੇਰੇ ਦਿਲ ਵਿਚ ਮੇਰੇ ਵਾਸਤੇ ਏਨੀ ਨਫ਼ਰਤ....!"

"ਨਹੀਂ, ਨਹੀਂ!" ਬਸੰਤ ਕੌਰ ਨੇ ਛੇਤੀ ਨਾਲ ਉਹਦੇ ਮੂੰਹ ਅੱਗੇ ਹੱਥ ਦੇ ਕੇ ਰੋਕ ਦਿੱਤਾ, "ਇਉਂ ਨਾ ਆਖੋ। ਮੈਂ ਤੁਹਾਡੇ ਬਦਲੇ ਜਾਨ ਦੇ ਸਕਦੀ ਆਂ। ਮੇਰੇ 'ਤੇ ਰਹਿਮ ਕਰੋ। ਕੋਈ ਕਬੋਲ ਮੂੰਹੋਂ ਨਾ ਕੱਢੋ। ਮੈਂ.........ਮੈਂ..............., ਮੈਨੂੰ ਸਮਝਣ ਦਾ ਯਤਨ ਕਰੋ। ਤੁਸੀਂ ਮੈਨੂੰ ਅੱਖੀਂ ਦੀਹਦੇ ਰਹੋ, ਹੋਰ ਮੈਨੂੰ ਕੁਝ ਨਹੀਂ ਚਾਹੀਦਾ।" ਤੇ ਉਹ ਲੰਮੇ-ਲੰਮੇ ਹਉਕੇ ਲੈਣ ਲੱਗ ਪਈ। ਉਸ ਦੀ ਛਾਤੀ ਵਿੱਚ ਸਾਹ ਮਿਉਣਾ ਔਖਾ ਹੋ ਗਿਆ ਸੀ।

"ਮੈਨੂੰ ਸਮਝ ਨਹੀਂ ਪੈਂਦੀ, ਜੇ ਤੂੰ ਸਦਾ ਵਾਸਤੇ ਮੈਥੋਂ ਦੂਰ ਈ ਰਹਿਣਾ ਸੀ ਤਾਂ ਐਨੀ ਸੇਵਾ ਕਰਕੇ ਮੈਨੂੰ ਬਚਾਇਆ ਕਿਉਂ ? ਮੇਰੇ ਮੰਜੇ 'ਤੇ ਬੈਠੀ ਕਿਉਂ ਸੁੱਕ ਗਈ ਏਂ ?"

"ਇਸ ਵਾਸਤੇ, ਕਿ ਮੈਨੂੰ ਤੁਹਾਡੀ ਲੋੜ ਸੀ। ਇਸਤਰੀ ਦਾ ਸੁਹਾਗ ਈ ਉਹਦੀ ਜ਼ਿੰਦਗੀ ਏ। ਤੁਹਾਨੂੰ ਕੁਝ ਹੋ ਜਾਂਦਾ ਤਾਂ ਤੁਹਾਡੇ ਪਿੱਛੋਂ ਬਸੰਤ ਕੌਰ ਇਕ ਪਲ ਵੀ ਨਾ ਜਿਉਂਦੀ।"

"ਫੇਰ ਹੱਠ ਛੱਡ ਦੇ। ਮੈਂ ਹਾਰ ਗਿਆ। ਮੈਨੂੰ ਮਾਫ਼ ਕਰ ਦੇ।"

"ਹੱਠ ਨਹੀਂ, ਹਰਨਾਮ ਦਾ ਬਾਪੂ! ਮੇਰਾ ਮਨ ਨਹੀਂ ਮੰਨਦਾ। ਮੇਰੀ ਵਿਹਰ ਕੋਈ ਨਹੀਂ, ਪਰ ਮੇਰੇ ਹਾਲ 'ਤੇ ਰਹਿਮ ਕਰ ਦਿਹੋ। ਨਹੀਂ ਤਾਂ ਮੈਂ ਮਰ ਜਾਵਾਂਗੀ-ਈ, ਮਰ ਜਾਵਾਂਗੀ।" ਬਸੰਤ ਕੌਰ ਕੰਧ ਨਾਲ ਲੱਗ ਕੇ ਰੋਣ ਲੱਗ ਪਈ।

ਲੱਖਾ ਸਿੰਘ ਉਹਦੇ ਦਿਲ ਦੀ ਹਾਲਤ ਸਮਝ ਨਾ ਸਕਿਆ। ਸ਼ਾਇਦ ਕੋਈ ਵੀ ਨਾ ਸਮਝ ਸਕੇ। ਉਹ ਹੱਕਾ-ਬੱਕਾ ਓਵੇਂ ਬੈਠਾ ਉਹਦੇ ਵੱਲ ਵੇਖੀ ਜਾ ਰਿਹਾ ਸੀ। ਉਹਦਾ ਏਨਾ ਹੌਸਲਾ ਵੀ ਨਾ ਪਿਆ ਕਿ ਉਹ ਉਠ ਕੇ ਉਹਨੂੰ ਚੁੱਪ ਕਰਾਉਣ ਦਾ ਯਤਨ ਕਰਦਾ।

ਪੰਜ ਮਿੰਟ ਵਿੱਚ ਹੀ ਬਸੰਤ ਕੌਰ ਨੇ ਆਪਣੇ ਆਪ 'ਤੇ ਕਾਬੂ ਪਾ ਲਿਆ। ਉਹਨੇ ਅੱਖਾਂ ਪੂੰਝ ਲਈਆਂ ਤੇ ਸਹਿਜ-ਸਹਿਜ ਬੂਹੇ ਵੱਲ ਹੋ ਤੁਰੀ।

"ਦੁੱਧ ਨਾ ਠੰਢਾ ਹੋ ਜਾਵੇ। ਛੇਤੀ ਪੀ ਲਿਓ।" ਉਹਨੇ ਬੂਹੇ ਦੀ ਸਰਦਲ ਪਾਰ ਕਰਦਿਆਂ ਕਿਹਾ। ਉਹਦੀ ਅਵਾਜ਼ ਵਿੱਚ ਰੋਜ਼ ਵਰਗੀ ਸ਼ਾਂਤੀ ਨਹੀਂ ਸੀ।

ਮੰਜੇ ਉੱਤੇ ਮੂਧੇ ਮੂੰਹ ਪੈ ਕੇ ਉਸ ਰਾਤ ਉਹ ਰੱਜ ਕੇ ਰੋਈ। ਮੱਲੋ-ਜ਼ੋਰੀ ਰੋਕੇ ਹੋਏ ਹੰਝੂਆਂ ਦਾ ਜਿਵੇਂ ਬੰਨ੍ਹ ਟੁੱਟ ਗਿਆ ਸੀ। ਸੁਰਤ ਸੰਭਾਲਣ ਤੋਂ ਲੈ ਕੇ ਅੱਜ ਤੱਕ ਉਹਨੇ ਆਪਣੇ ਬੀਤੇ ਜੀਵਨ ਉੱਤੇ ਇਕ ਭਰਪੂਰ ਝਾਤੀ ਮਾਰੀ। ਰਾਤ ਭਰ ਉਹਦੇ ਕੰਨਾਂ

ਵਿੱਚ ਸੈਂਕੜੇ ਸਵਰਨੀਆਂ ਤੇ ਸੈਂਕੜੇ ਰਾਜੋ ਆਪਣੀ ਕਹਾਣੀ ਸੁਣਾਉਂਦੀਆਂ ਰਹੀਆਂ। ਕਿਤੇ ਤੜਕੇ ਜੇਹੇ ਜਾ ਕੇ ਉਹਦੀ ਅੱਖ ਲੱਗੀ।

ਸਵੇਰੇ ਉਠੀ ਤਾਂ ਬਸੰਤ ਕੌਰ ਨਿੱਤ ਵਾਂਗ ਸ਼ਾਂਤ ਸੀ। ਠੀਕ ਕਿਸੇ ਨੇ ਕਿਹਾ ਹੈ : 'ਦਿਲ ਦਰਿਆ ਸਮੁੰਦਰੋਂ ਡੂੰਘੇ।' ਸੱਚ ਹੀ ਬਸੰਤ ਕੌਰ ਦਾ ਦਿਲ ਸਮੁੰਦਰ ਤੋਂ ਵੀ ਡੂੰਘਾ ਸੀ, ਜਿਸ ਦੀ ਤਹਿ ਤਕ ਪਹੁੰਚਣਾ ਅਸੰਭਵ ਸੀ।

## ੨੯

ਸੈਂਕੜੇ ਮੁਸ਼ਕਲਾਂ ਨੂੰ ਲਤਾੜਦਾ ਹੋਇਆ ਜਰਨੈਲ ਮੰਜ਼ਿਲ ਦੇ ਨੇੜੇ ਪਹੁੰਚ ਹੀ ਗਿਆ। ਉਹਦਾ ਸੁਭਾਅ ਸਭ ਨਾਲੋਂ ਅਨੋਖਾ ਸੀ। ਉਹ ਲੋੜ ਤੋਂ ਵੱਧ ਗੁਸੈਲ ਸੀ। ਹਰ ਵੇਲੇ ਉਹਦੇ ਮੱਥੇ ਉੱਤੇ ਤਿਊੜੀ ਪਈ ਰਹਿੰਦੀ। ਇਉਂ ਭਾਸਦਾ, ਜਿਵੇਂ ਸਾਰੇ ਸੰਸਾਰ ਵਾਸਤੇ ਉਹਦੇ ਦਿਲ ਵਿਚ ਨਫ਼ਰਤ ਭਰੀ ਹੁੰਦੀ ਹੈ। ਉਹਦੀ ਬੋਲੀ ਬਹੁਤ ਰੁੱਖੀ ਸੀ। ਉਹ ਬਿਨਾਂ ਕਾਰਨ ਆਪ ਕਿਸੇ ਨੂੰ ਨਾ ਬੁਲਾਉਂਦਾ। ਕੋਈ ਬੁਲਾਵੇ ਤਾਂ ਅੱਗੋਂ ਮਸਾਂ ਮਿਣੇ ਤੋਲੇ ਸ਼ਬਦਾਂ ਵਿੱਚ ਉੱਤਰ ਦੇਂਦਾ। ਬੁੱਡੇ ਦੇ ਸਾਹਮਣੇ ਤਾਂ ਉਹ ਕਦੇ ਅੱਖ ਚੁੱਕ ਕੇ ਵੀ ਨਾ ਵੇਖਦਾ। ਬੁੱਡਾ ਬੁਲਾਵੇ ਵੀ, ਤਾਂ ਉਹ ਅੱਗੋਂ ਮਸਾਂ ਹਾਂ ਹੂੰ ਹੀ ਕਰਦਾ। ਵਧੇਰਾ ਔਖਾ ਉਹ ਓਦੋਂ ਹੁੰਦਾ, ਜਦੋਂ ਬੁੱਡਾ ਉਹਨੂੰ 'ਮੇਰਾ ਸਰਦਾਰ ਪੁੱਤਰ, ਮੇਰਾ ਸਰਦਾਰ ਪੁੱਤਰ' ਕਹਿ ਕੇ ਲਾਡ ਕਰਦਾ। ਨਿੱਕਾ ਹੁੰਦਾ ਤਾਂ ਉਹ ਚੁੱਪ ਕਰਕੇ ਸਹਿ ਜਾਇਆ ਕਰਦਾ ਸੀ, ਪਰ ਹੁਣ ਕਿਸੇ ਕਿਸੇ ਵੇਲੇ ਅਗੋਂ ਮੋੜ ਵੀ ਦੇ ਦਿਆ ਕਰਦਾ। ਉਹ ਮੱਥੇ ਦੀਆਂ ਤਿਊੜੀਆਂ ਹੋਰ ਡੂੰਘੀਆਂ ਕਰਕੇ ਕਹਿੰਦਾ, "ਚਾਚਾ! ਤੈਨੂੰ ਹੋਰ ਕੋਈ ਗੱਲ ਨਹੀਂ ਆਉਂਦੀ ? ਇਹ ਅੰਞਾਣਿਆਂ ਵਾਲੇ ਲਾਡ ਮੈਨੂੰ ਚੰਗੇ ਨਹੀਂ ਲੱਗਦੇ। ਮੇਰੇ ਨਾਲ ਸਿਰਫ਼ ਕੰਮ ਦੀ ਗੱਲ ਕਰਿਆ ਕਰੋ।"

ਸਿਰਫ਼ ਬੁੱਡੇ ਨਾਲ ਹੀ ਨਹੀਂ, ਮਾਂ ਨਾਲ ਵੀ ਉਹਦਾ ਏਹੋ ਵਰਤਾਉ ਹੁੰਦਾ। ਐਵੇਂ ਮਾਮੂਲੀ ਜੇਹਾ ਇਸ ਤੋਂ ਨਰਮ। ਰਾਜੋ ਉਸ ਦਾ ਭੇਦ ਪਾ ਗਈ ਸੀ। ਬਹੁਤੀਆਂ ਲੋੜਾਂ ਬਾਰੇ ਉਹ ਉਹਦੇ ਕਹਿਣ ਤੋਂ ਪਹਿਲਾਂ ਹੀ ਸਮਝ ਜਾਂਦੀ। ਉਹ ਪੁੱਤਰ ਨਾਲ ਸਿਆਣਿਆਂ ਵਾਂਗ ਗੱਲ ਕਰਦੀ ਤੇ ਉਹ ਵੀ ਮਸਾਂ ਲੋੜ ਅਨੁਸਾਰ। ਇਕ ਦਿਨ ਰਾਜੋ ਪੁੱਛ ਬੈਠੀ, "ਪੁੱਤ ਜਰਨੈਲ! ਤੂੰ ਮੈਨੂੰ ਦਿਲੋਂ ਪਿਆਰ ਨਹੀਂ ਕਰਦਾ। ਮੇਰੇ ਨਾਲ ਖੁੱਲ੍ਹ ਕੇ ਕਿਉਂ ਨਹੀਂ ਬੋਲਦਾ ? ਏਸ ਤਰ੍ਹਾਂ ਵੱਟਿਆ-ਵੱਟਿਆ ਕਿਉਂ ਰਹਿੰਦਾ ਏਂ ?" ਨਾਲ ਹੀ ਉਹਨੇ ਸਿਰ ਦੇ ਪੱਲੇ ਨਾਲ ਅੱਖਾਂ ਪੂੰਝ ਲਈਆਂ।

"ਮਾਂ!" ਜਰਨੈਲ ਨੇ ਇਕ ਵਾਰ ਉਹਦੇ ਚਿਹਰੇ 'ਤੇ ਝਾਤੀ ਮਾਰ ਕੇ ਅੱਖਾਂ ਨੀਵੀਆਂ ਕਰ ਲਈਆਂ, "ਤੈਨੂੰ ਇਹ ਸਵਾਲ ਨਹੀਂ ਸੀ ਕਰਨਾ ਚਾਹੀਦਾ। ਮੈਂ ਤੇਰਾ ਓਨਾ ਹੀ ਸਤਕਾਰ ਕਰਦਾ ਹਾਂ, ਜਿੰਨਾ ਕਿਸੇ ਈਮਾਨਦਾਰ ਪੁੱਤਰ ਨੂੰ ਮਾਂ ਦਾ ਕਰਨਾ ਚਾਹੀਦਾ ਏ। ਕਿਵੇਂ ਨਾ ਕਿਵੇਂ ਪੜ੍ਹਾਈ ਦਾ ਆਹ ਸਾਲ ਪੂਰਾ ਹੋ ਜਾਵੇ। ਕੋਈ ਮਾੜੀ ਮੋਟੀ ਨੌਕਰੀ ਮਿਲ ਗਈ, ਤਾਂ ਮੈਂ ਚਾਚੇ ਨੂੰ ਵੀ ਇਹ ਕੰਮ ਛੁਡਾ ਦਿਆਂਗਾ। ਤੁਹਾਨੂੰ ਦੋਹਾਂ ਨੂੰ ਆਪਣੇ ਕੋਲ ਲੈ ਜਾਵਾਂਗਾ। ਮੈਂ ਆਪਣਾ ਫ਼ਰਜ਼ ਸਮਝਦਾ ਹਾਂ, ਤੇ ਉਸ ਉੱਤੇ ਪੂਰੀ ਤਰ੍ਹਾਂ ਪਹਿਰਾ ਦਿਆਂਗਾ। ਇਸ ਤੋਂ ਵੱਧ ਮੈਨੂੰ ਕੁਝ ਨਾ ਪੁੱਛਿਆ ਕਰੋ।"

ਲੱਖਾ ਸਿੰਘ ਦੇ ਸਾਹਮਣੇ ਉਹ ਕੁਝ ਆਦਰ ਨਾਲ ਪੇਸ਼ ਆਉਂਦਾ, ਪਰ ਉਹ ਆਦਰ ਓਹੋ ਜਿਹਾ ਹੁੰਦਾ, ਜੇਹੋ ਜੇਹਾ ਇਕ ਮਾਤਹਿਤ ਵੱਲੋਂ ਆਪਣੇ ਅਫ਼ਸਰ ਵਾਸਤੇ ਜਾਂ ਨੌਕਰ ਵੱਲੋਂ ਮਾਲਕ ਵਾਸਤੇ ਹੁੰਦਾ ਹੈ। ਉਹ ਲੱਖਾ ਸਿੰਘ ਨੂੰ 'ਬਾਬਾ ਜੀ' ਕਹਿੰਦਾ ਤੇ ਦੋਵੇਂ ਹੱਥ ਜੋੜ ਕੇ 'ਸਤਿ ਸ੍ਰੀ ਅਕਾਲ' ਬੁਲਾਉਂਦਾ।

ਹਰਨਾਮ ਸਿੰਘ ਨਾਲ ਉਹਦਾ ਤੇਹ ਸੀ, ਪਰ ਬੜਾ ਘੁੱਟਵਾਂ-ਘੁੱਟਵਾਂ, ਜਿਸ ਦੀਆਂ ਤੰਦਾਂ ਬਹੁਤੀਆਂ ਪੱਕੀਆਂ ਨਹੀਂ ਹੁੰਦੀਆਂ। ਪਰ ਉਹ ਹਰਨਾਮ ਸਿੰਘ ਦਾ ਹੁਕਮ ਕਦੇ ਨਾ ਮੋੜਦਾ। ਜਿਹੜਾ ਕੰਮ ਵੀ ਉਹ ਕਦੇ ਕਹਿੰਦਾ, ਜਰਨੈਲ ਓਸੇ ਵੇਲੇ ਕਰ ਦੇਂਦਾ।

ਉਹ ਸੱਚੇ ਦਿਲੋਂ ਪਿਆਰ ਕਰਦਾ ਸੀ ਕੇਵਲ ਬਸੰਤ ਕੌਰ ਨੂੰ। ਉਹ ਉਹਦਾ ਦੇਵੀਆਂ ਜਾਂ ਗੁਰੂਆਂ ਵਾਂਗ ਆਦਰ ਕਰਦਾ ਸੀ। ਉਹਦੇ ਸਾਹਮਣੇ ਉਹ ਕਦੇ ਰੁੱਖਾ ਨਾ ਬੋਲਦਾ।

ਅਸਲ ਵਿੱਚ ਜਰਨੈਲ ਆਪਣੀ ਕੀਮਤ ਸਮਝਦਾ ਸੀ, ਪੂਰੀ-ਪੂਰੀ ਕੀਮਤ, ਜਿੰਨੀ ਦਾ ਉਹ ਹੱਕਦਾਰ ਸੀ। ਆਪਣੀ ਮੰਜ਼ਿਲ ਤਕ ਪਹੁੰਚਣ ਵਾਸਤੇ ਉਹ ਮਨ ਮਾਰ ਕੇ ਤੁਰਿਆ ਜਾ ਰਿਹਾ ਸੀ। ਉਹਦੀ ਮੰਜ਼ਿਲ ਵੀ ਕੋਈ ਬਹੁਤੀ ਲੰਮੀ ਨਹੀਂ ਸੀ, ਸਿਰਫ਼ ਦਸਵੀਂ ਪਾਸ ਕਰਨੀ ਤੇ ਉਸ ਤੋਂ ਪਿਛੋਂ ਕੋਈ ਮਾੜ ਮੋਟੀ ਨੌਕਰੀ, ਜਿਸ ਦੇ ਵਸੀਲੇ ਉਹ ਕੌੜੀ ਕਸੈਲੀ ਜ਼ਿੰਦਗੀ ਦੇ ਦਿਹਾੜੇ ਕੁਝ ਅਣਖ ਨਾਲ ਗੁਜ਼ਾਰ ਸਕੇ।

ਇਕ ਸ਼ਾਮ ਨੂੰ ਉਹਨੇ ਰਾਜੋ ਨੂੰ ਆਖਿਆ, "ਮਾਂ! ਭਲਕੇ ਦਸਵੀਂ ਦਾ ਦਾਖ਼ਲਾ ਜਾਣਾ ਏਂ। ਸੋ, ਤਿੰਨਾਂ ਮਹੀਨਿਆਂ ਦੀ ਫ਼ੀਸ ਤੇ ਦਾਖ਼ਲੇ ਵਾਸਤੇ ਪੈਸੇ ਚਾਹੀਦੇ ਨੇ।"

"ਪੁੱਤ! ਤੂੰ ਸਿੱਧਾ ਆਵਦੇ ਬਾਬੇ ਕੋਲੋਂ ਮੰਗ ਲੈ। ਉਹ ਤੈਨੂੰ ਨਾਂਹ ਤਾਂ ਨਹੀਂ ਕਰਦਾ।" ਹੋਣੀ ਸ਼ਾਮਤ ਨੂੰ ਰਾਜੋ ਅੱਗੋਂ ਇਹ ਜਵਾਬ ਦੇ ਬੈਠੀ।

"ਮੈਂ ਵੀ ਜਾਣਦਾ ਆਂ, ਉਹ ਨਾਂਹ ਨਹੀਂ ਕਰੇਗਾ; ਪਰ ਮੈਂ ਮੰਗਾਂ ਕਿਹੜੇ ਮਾਣ

ਉੱਤੇ ?" ਜਰਨੈਲ ਦੇ ਮੂੰਹੋਂ ਵੀ ਸੁੱਤੇ ਹੀ ਨਿਕਲ ਗਿਆ। ਪਿਛੋਂ ਉਹ ਚੋਖਾ ਚਿਰ ਆਪਣੇ ਇਸ ਉੱਤਰ ਉੱਤੇ ਪਛਤਾਉਂਦਾ ਰਿਹਾ।

ਰਾਜੋ ਨੂੰ ਇਉਂ ਮਹਿਸੂਸ ਹੋਇਆ, ਜਿਵੇਂ ਗਭਰੂ ਪੁੱਤਰ ਨੇ ਉਹਦੇ ਮੂੰਹ ਉੱਤੇ ਚਪੇੜ ਕੱਢ ਮਾਰੀ ਹੋਵੇ। ਕਿੰਨਾ ਚਿਰ ਉਹ ਨੀਵੀਂ ਪਾਈ ਸ਼ਰਮ ਵਿੱਚ ਡੁੱਬੀ ਰਹੀ। ਉਹਦੀਆਂ ਅੱਖਾਂ ਵਿੱਚੋਂ ਹੰਝੂ ਵਹਿ ਨਿਕਲੇ। ਅੱਜ ਵਰਗੀ ਲੱਜਿਤ ਉਹਨੇ ਆਪਣੇ ਆਪ ਨੂੰ ਕਦੇ ਮਹਿਸੂਸ ਨਹੀਂ ਸੀ ਕੀਤਾ। ਅੰਤ ਅੱਖਾਂ ਪੂੰਝਦੀ ਉਹ ਬੜੀ ਔਖਿਆਈ ਨਾਲ ਬੋਲੀ, "ਪੁੱਤ! ਤੂੰ ਜਵਾਨ ਏਂ। ਤੇਨੂੰ ਕੋਈ ਭੁੱਲ ਨਹੀਂ। ਰੱਬ ਕਰੇ, ਤੇਰੀ ਕਿਤੇ ਨੌਕਰੀ ਲੱਗ ਜਾਵੇ, ਤਾਂ ਮੈਂ ਏਸ ਨਰਕ ਵਿੱਚੋਂ ਨਿਕਲਾਂ।"

ਇਹ ਸੀ ਜਰਨੈਲ ਦੀ ਘਰੋਗੀ ਜ਼ਿੰਦਗੀ। ਪਿੰਡ ਵਿੱਚ ਕਿਸੇ ਹਾਣੀ ਨਾਲ ਉਹਦਾ ਮੇਲ ਜੋਲ ਨਹੀਂ ਸੀ। ਸਿਰਫ਼ ਖ਼ੁਸ਼ੀਏ ਨਾਲ ਉਹ ਦੋਸਤੀ ਨਿਭਾਈ ਜਾ ਰਿਹਾ ਸੀ। ਤੇ ਉਹ ਦੋਸਤੀ ਨਿਭ ਰਹੀ ਸੀ ਇਸ ਵਾਸਤੇ ਕਿ ਦੋਹਾਂ ਦੇ ਅੰਦਰ ਆਪੋ ਆਪਣੀ ਕਿਸਮ ਦਾ ਡਰ ਸੀ। ਅਸਲ ਵਿੱਚ ਦੋਸਤੀ ਕਹਿਣ ਦੀ ਥਾਂ ਉਸ ਨੂੰ ਇਕ ਰਾਜਸੀ ਸਮਝੌਤਾ ਹੀ ਕਹਿਣਾ ਚਾਹੀਦਾ ਹੈ, ਜਿਸ ਦੇ ਟੁੱਟ ਜਾਣ ਵਿੱਚ ਦੋਹਾਂ ਦਾ ਨੁਕਸਾਨ ਸੀ।

ਸਕੂਲ ਵਿੱਚ ਜਰਨੈਲ ਨੇ ਹੋਰ ਕੋਈ ਮਿੱਤਰ ਨਹੀਂ ਸੀ ਬਣਾਇਆ। ਉਹ ਸਭ ਤੋਂ ਦੂਰ ਦੂਰ ਰਹਿਣ ਦਾ ਯਤਨ ਕਰਦਾ। ਹਰ ਵੇਲੇ ਉਹਦੇ ਮੱਥੇ ਉੱਤੇ ਇਉਂ ਤਿਊੜੀ ਪਈ ਰਹਿੰਦੀ, ਜਿਵੇਂ ਕੌੜੇ ਸੁਭਾਅ ਵਾਲੇ ਅਫ਼ਸਰ ਦੇ ਮੱਥੇ ਉੱਤੇ ਹੁੰਦੀ ਹੈ, ਖ਼ਾਸ ਕਰ ਜਦੋਂ ਉਹ ਦਫ਼ਤਰ ਵਿੱਚ ਆਪਣੇ ਮਾਤਹਿਤਾਂ ਦੇ ਸਾਹਮਣੇ ਹੁੰਦਾ ਹੈ।

ਨਵੇਕਲਾ ਰਹਿਣ ਦੇ ਬਾਵਜੂਦ ਵੀ ਕਿਸੇ ਨਾ ਕਿਸੇ ਨਾਲ ਕਦੇ ਕਦਾਈਂ ਝੜਪ ਹੋ ਹੀ ਜਾਂਦੀ। ਉਹ ਪਹਿਲਾਂ ਕਿਸੇ ਨੂੰ ਕਦੇ ਨਾ ਛੇੜਦਾ, ਪਰ ਕੋਈ ਵਾਧਾ ਕਰੇ ਤਾਂ ਉਹ ਬਰਦਾਸ਼ਤ ਵੀ ਨਾ ਕਰਦਾ। ਦੂਜੇ ਚੌਥੇ ਮਹੀਨੇ ਉਹਦੀ ਪੇਸ਼ੀ ਹੋਈ ਹੀ ਰਹਿੰਦੀ। ਏਹੋ ਜੇਹੀ ਇਕ ਪੇਸ਼ੀ ਉਹਦੀ ਦਸਵੀਂ ਦਾ ਦਾਖ਼ਲਾ ਭੇਜਣ ਤੋਂ ਅਗਲੇਰੇ ਦਿਨ ਹੋ ਗਈ।

ਉਹਦਾ ਜਮਾਤੀ ਤੁਲਸੀ ਬਹੁਤ ਸ਼ਰਾਰਤੀ ਸੀ। ਕਿਸੇ ਨਾ ਕਿਸੇ ਨਾਲ ਉਹਦਾ ਇੱਟ-ਖੜੱਕਾ ਲੱਗਾ ਹੀ ਰਹਿੰਦਾ। ਉਹ ਧੰਨੇ ਸ਼ਾਹ ਦੇ ਗਵਾਂਢੀ ਰਾਮ ਨਰੈਣ ਆੜ੍ਹਤੀ ਦਾ ਪੁੱਤਰ ਸੀ। ਵਰਨਾ ਵਾਲੇ ਅਰਜਣ ਸਿੰਘ ਦਾ ਆਉਣ ਜਾਣ ਉਹਨਾਂ ਦੀ ਆੜ੍ਹਤ 'ਤੇ ਸੀ। ਵਰਨਾ ਵਾਲੇ ਅਰਜਣ ਸਿੰਘ ਦਾ ਛੋਟਾ ਪੁੱਤਰ ਤੁਲਸੀ ਦੇ ਕੋਲ ਬੈਠਾ ਸੀ, ਜਦ ਲੱਖਾ ਸਿੰਘ ਦਾ ਸੁਨੇਹਾ ਦੇਣ ਵਾਸਤੇ ਜਰਨੈਲ ਧੰਨੇ ਸ਼ਾਹ ਦੀ ਦੁਕਾਨ

'ਤੇ ਗਿਆ। ਤੁਲਸੀ ਦੇ ਪੁੱਛਣ ਉੱਤੇ ਬੰਤੇ ਨੇ ਜਰਨੈਲ ਦੀ ਸਾਰੀ ਹਕੀਕਤ ਸਮਝਾ ਦਿੱਤੀ। ਉਹਨਾਂ ਦੇ ਇਸ਼ਾਰੇ ਵੇਖ ਕੇ ਜਰਨੈਲ ਨੂੰ ਸ਼ੱਕ ਤਾਂ ਓਸੇ ਵੇਲੇ ਹੋ ਗਿਆ, ਪਰ ਉਹ ਚੁੱਪ ਕਰਕੇ ਵਾਪਸ ਆ ਗਿਆ।

ਅਗਲੇ ਦਿਲ ਹੀ ਅੱਧੀ ਛੁੱਟੀ ਵੇਲੇ ਜਰਨੈਲ ਤੇ ਤੁਲਸੀ ਦੀ ਝੜਪ ਹੋ ਗਈ। ਤੁਲਸੀ ਰੋਂਦਾ ਰੋਂਦਾ ਹੈੱਡਮਾਸਟਰ ਦੇ ਪਾਸ ਪੇਸ਼ ਹੋਇਆ। ਹੈੱਡਮਾਸਟਰ ਅੱਗੇ ਹੀ ਕਿਸੇ ਗਲੋਂ ਗ਼ੁੱਸੇ ਵਿੱਚ ਭਰਿਆ ਪੀਤਾ ਬੈਠਾ ਸੀ। ਤੁਲਸੀ ਦਾ ਵਿਗੜਿਆ ਹੋਇਆ ਹੁਲੀਆ ਵੇਖ ਕੇ ਉਹ ਭੜਕ ਉਠਿਆ। ਤੁਲਸੀ ਦੇ ਅੰਗਰੇਜ਼ੀ ਢੰਗ ਦੇ ਤੇਲ ਨਾਲ ਚੋਪੜੇ ਹੋਏ ਪਟੇ ਮਿੱਟੀ ਨਾਲ ਭਰੇ ਹੋਏ ਸਨ ਤੇ ਮੱਥੇ ਉੱਤੇ ਦੂਹੱਥੜਾ ਪਿਆ ਹੋਇਆ ਸੀ। ਉਹ ਕੁੜੀਆਂ ਵਾਂਗ ਉੱਚੀ-ਉੱਚੀ ਰੋ ਰਿਹਾ ਸੀ। ਹੈੱਡਮਾਸਟਰ ਬੈਂਤ ਫੜ ਕੇ ਓਸੇ ਵੇਲੇ ਦਫ਼ਤਰੋਂ ਬਾਹਰ ਨਿਕਲ ਆਇਆ।

ਚਪੜਾਸੀ ਜਰਨੈਲ ਨੂੰ ਬੁਲਾ ਲਿਆਇਆ। ਬਹੁਤ ਸਾਰੇ ਲੜਕੇ ਤਮਾਸ਼ਾ ਵੇਖਣ ਵਾਸਤੇ ਇਕੱਠੇ ਹੋ ਗਏ। ਜਰਨੈਲ ਨੇ ਨੇੜੇ ਆ ਕੇ ਮੱਥੇ ਕੋਲ ਹੱਥ ਲੈ ਜਾ ਕੇ 'ਬੰਦਗੀ' ਕੀਤੀ ਤੇ ਫਿਰ ਫ਼ੌਜੀ ਸਿਪਾਹੀ ਵਾਂਗ ਸਾਵਧਾਨ ਹੋ ਕੇ ਸਾਹਮਣੇ ਖਲੋ ਗਿਆ।

"ਕਿਉਂ ਰੇ! ਤੂ ਨੇ ਇਸ ਕੋ ਮਾਰਾ ਹੈ ?" ਹੈੱਡਮਾਸਟਰ ਨੇ ਅਫ਼ਸਰੀ ਰੁਹਬ ਨਾਲ ਪੁੱਛਿਆ। ਉਹ ਹੈ ਤਾਂ ਪੰਜਾਬੀ ਸੀ, ਪਰ ਗ਼ੁੱਸੇ ਵਿੱਚ ਹੋਵੇ ਤਾਂ ਉਰਦੂ ਬੋਲਿਆ ਕਰਦਾ ਸੀ। ਉਸ ਤੋਂ ਵੀ ਪਾਰਾ ਚੜ੍ਹ ਜਾਵੇ ਤਾਂ ਅੰਗਰੇਜ਼ੀ ਮਾਰਨ ਲੱਗ ਪੈਂਦਾ ਸੀ।

"ਹਾਂ ਜਨਾਬ!" ਜਰਨੈਲ ਨੇ ਨਿਧੜਕ ਜਵਾਬ ਦਿੱਤਾ।

"ਹਾਥ ਨਿਕਾਲੋ।"

ਜਰਨੈਲ ਨੇ ਸੱਜਾ ਹੱਥ ਅੱਗੇ ਕਰ ਦਿੱਤਾ। ਹੈੱਡਮਾਸਟਰ ਨੇ ਪੂਰੇ ਜ਼ੋਰ ਨਾਲ ਬੈਂਤ ਟਿਕਾ ਦਿੱਤਾ। ਜਰਨੈਲ ਨੇ 'ਸੀ' ਤਕ ਨਹੀਂ ਕੀਤੀ। ਸਾਰੀ ਪੀੜ ਉਹ ਮਰਦਾਂ ਵਾਲੇ ਹੌਸਲੇ ਨਾਲ ਜਰ ਗਿਆ। ਹੈੱਡਮਾਸਟਰ ਦਾ ਪਾਰਾ ਹੋਰ ਚੜ੍ਹ ਗਿਆ। ਕਿਸੇ ਸ਼ਹਿਰੀ ਲੜਕੇ ਨੂੰ ਸਜ਼ਾ ਮਿਲਦੀ ਤਾਂ ਉਹ ਬੈਂਤ ਵੱਜਣ ਤੋਂ ਪਹਿਲਾਂ ਹੀ ਹਾਲ ਪਾਹਰਿਆ ਕਰਨ ਲੱਗ ਪੈਂਦਾ। 'ਹੈੱਡਮਾਸਟਰ ਜੀ ਮਰ ਗਿਆ, ਹੈਡਮਾਸਟਰ ਜੀ ਮਰ ਗਿਆ।' ਸੁਣਨ ਵਾਲੇ ਨੂੰ ਇਉਂ ਸਮਝ ਪੈਂਦੀ, ਜਿਵੇਂ ਉਹ ਕਹਿ ਰਿਹਾ ਹੋਵੇ 'ਹੈ-ਮਾਸ-ਰ ਜੀ ਮਰ ਗਿਆ'।

ਹੈੱਡਮਾਸਟਰ ਇਹ ਬਰਦਾਸ਼ਤ ਨਾ ਕਰ ਸਕਿਆ ਕਿ ਉਹ ਕਿਸੇ ਨੂੰ ਬੈਂਤ ਮਾਰੇ ਤੇ ਬੈਂਤ ਖਾਣ ਵਾਲਾ ਅੱਗੋਂ 'ਸੀ' ਤਕ ਨਾ ਕਰੇ। ਉਹ ਗ਼ੁੱਸੇ ਵਿੱਚ ਪਾਗ਼ਲ ਹੋ

ਉਠਿਆ। ਉਹ ਜੰਗਲੀ ਬਾਘ ਵਾਂਗ ਚਹਾੜਿਆ, "ਯੂ ਰਾਸਕਲ[1], ਦੂਸਰਾ ਹਾਥ।"

ਜਰਨੈਲ ਨੇ ਦੂਸਰਾ ਹੱਥ ਅੱਗੇ ਕਰ ਦਿੱਤਾ। ਬੈਂਤ ਪਹਿਲੇ ਨਾਲੋਂ ਵੀ ਕਰਾਰਾ ਪਿਆ।

ਵੈੱਲ ਡੰਨ[2]। ਦੂਸਰਾ।"

"ਸ਼ਾਬਾਸ਼! ਅਬ ਦੂਸਰਾ!" ਹੈੱਡਮਾਸਟਰ ਭੌਂ ਕੇ ਫਿਰ ਉਰਦੂ 'ਤੇ ਆ ਗਿਆ। ਕੋਈ ਉਹਨੂੰ ਵੀ ਧੌਣੋਂ ਫੜ ਕੇ ਹਿਲਾਉਣ ਵਾਲਾ ਬਹੁਲ ਪੈਂਦਾ ਤਾਂ ਉਹ ਝੱਟ ਆਪਣੀ ਮਾਂ-ਬੋਲੀ ਪੰਜਾਬੀ ਵਿੱਚ ਬੋਲਣ ਲੱਗ ਪੈਂਦਾ।

ਹੈੱਡਮਾਸਟਰ ਨੇ ਸਾਰਾ ਤਾਣ ਲਾ ਲਿਆ, ਪਰ ਜਰਨੈਲ ਨੇ ਨਾ ਅੱਥਰ ਕੇਰੀ, ਨਾ ਮੂੰਹੋਂ ਹਾਏ ਕਹੀ। ਹੈੱਡਮਾਸਟਰ ਹਫ਼ ਗਿਆ। ਮੱਥੇ ਉੱਤੋਂ ਮੁੜ੍ਹਕਾ ਪੂੰਝਦੇ ਉਹਨੇ ਡਿੱਗ ਰਹੇ ਵਿਚਾਰ ਨੂੰ ਬਹਾਲ ਕਰਨ ਵਾਸਤੇ ਗਰਜ ਕੇ ਕਿਹਾ, "ਅਬ ਬਤਾਉ। ਕਿਉਂ ਮਾਰਾ ਥਾ ?"

"ਜੁਨਾਬ! ਹੁਣ ਇਹ ਪੁੱਛਣ ਦਾ ਕੀ ਫ਼ਾਇਦਾ ? ਉਜਰ ਸੁਣੇ ਤੋਂ ਬਿਨਾਂ ਹੀ ਇਕ ਬੇਕਸੂਰ ਨੂੰ ਸਜ਼ਾ ਦੇ ਦਿੱਤੀ ਗਈ ਹੈ। ਸੋ ਠੀਕ ਹੈ।" ਜਰਨੈਲ ਨੇ ਰੋਸ ਪ੍ਰਗਟ ਕਰਦਿਆਂ ਕਿਹਾ।

"ਤੋ ਤੁਮ ਬੇਕਸੂਰ ਹੋ!" ਹੈੱਡਮਾਸਟਰ ਨੇ ਕੁਝ ਵਿਅੰਗ ਨਾਲ ਕਿਹਾ।

"ਹਾਂ। ਮੈਂ ਬੇਕਸੂਰ ਹਾਂ। ਮੈਂ ਝੂਠ ਕਦੇ ਨਹੀਂ ਬੋਲਦਾ। ਜਮਾਤ ਵਿੱਚ ਕਦੇ ਸ਼ਰਾਰਤ ਨਹੀਂ ਕਰਦਾ। ਕਿਸੇ ਨੂੰ ਪਹਿਲਾਂ ਛੇੜਦਾ ਨਹੀਂ। ਪੜ੍ਹਾਈ ਵਿੱਚੋਂ ਅਵੱਲ ਦੋਮ ਆਉਂਦਾ ਹਾਂ। ਸਿਰਫ਼ ਮੇਰਾ ਇਹ ਕਸੂਰ ਹੈ ਕਿ ਮੈਂ ਇਕ ਗ਼ਰੀਬ ਘਰ ਦਾ ਲੜਕਾ ਹਾਂ।"

"ਤੋ ਕਿਆ ਗ਼ਰੀਬ ਹੋਨਾ ਜੁਰਮ ਹੈ ?" ਜਰਨੈਲ ਦੀਆਂ ਗੱਲਾਂ ਦਾ ਹੈੱਡਮਾਸਟਰ ਦੇ ਦਿਲ 'ਤੇ ਕੁਝ ਅਸਰ ਹੋ ਗਿਆ ਸੀ।

"ਜਨਾਬ! ਅੱਜ ਤਕ ਦੇ ਤਜਰਬੇ ਤੋਂ ਤਾਂ ਮੈਂ ਏਹੀ ਸਿੱਖਿਆ ਹਾਂ।"

"ਤੁਮ ਨੇ ਪਹਿਲੇ ਕਿਉਂ ਨਹੀਂ ਬਤਾਇਆ ਕਿ ਤੁਮ ਬੇ-ਕਸੂਰ ਹੋ ?" ਹੈੱਡਮਾਸਟਰ ਕਾਫ਼ੀ ਨਰਮ ਪੈ ਗਿਆ ਸੀ।

"ਜੁਨਾਬ ਨੇ ਪਹਿਲਾਂ ਪੁੱਛਿਆ ਹੀ ਕਦੋਂ ਸੀ। ਤੇ ਮੇਰੇ ਵਰਗੇ ਗ਼ਰੀਬ ਨੂੰ ਇਨਸਾਫ਼ ਦੀ ਆਸ ਹੀ ਕਿਵੇਂ ਹੋ ਸਕਦੀ ਸੀ ?" ਜਰਨੈਲ ਨੇ ਪੂਰੀ ਦਲੇਰੀ ਨਾਲ ਕਿਹਾ।

---

[1]You rascal; ਤੁਮ ਦੁਸ਼ਟ।

[2]Well done, ਖ਼ੂਬ ਹੋਇਆ।

"ਅਬ ਬਤਾਉ, ਕਿਆ ਬਾਤ ਹੂਈ ਹੈ ? ਪੂਰਾ ਇਨਸਾਫ਼ ਹੋਗਾ।"

"ਜਨਾਬ ਏਸੇ ਕੋਲੋਂ ਪੁੱਛ ਲੈਣ ਕਿ ਮੈਂ ਇਹਨੂੰ ਕਿਉਂ ਮਾਰਿਆ ਏ ? ਮਗਰ ਇਹਦੇ ਵਿੱਚ ਸੱਚ ਕਹਿਣ ਦੀ ਜੁੱਰਤ ਹੋਣੀ ਚਾਹੀਦੀ ਹੈ, ਜੇ ਸੱਚ-ਮੁੱਚ ਹੀ ਇਹ ਆਪਣੇ ਆਪ ਨੂੰ ਖ਼ਾਨਦਾਨੀ ਸਾਹਿਬਜ਼ਾਦਾ ਸਮਝਦਾ ਹੈ ਤਾਂ।" ਜਰਨੈਲ ਨੇ ਤੁਲਸੀ ਵੱਲ ਘੂਰ ਕੇ ਤਕਦਿਆਂ ਕਿਹਾ।

ਤੁਲਸੀ ਉਹਦੀ ਰਮਜ਼ ਸਮਝ ਗਿਆ। ਉਹਨੇ ਨੀਵੀਂ ਪਾ ਕੇ ਕਿਹਾ, "ਜਨਾਬ! ਮੈਥੋਂ ਗ਼ਲਤੀ ਹੋ ਗਈ ਸੀ। ਮੈਂ ਇਸ ਤੋਂ ਮਾਫ਼ੀ ਮੰਗਦਾ ਹਾਂ।"

"ਮਾਫ਼ੀ ਕੇ ਬੱਚੇ! ਸਹੀ-ਸਹੀ ਬਤਾਉ। ਵਰਨਾ ਮਾਰ-ਮਾਰ ਕਰ ਚਮੜੀ ਉੜਾ ਦੂੰਗਾ" ਹੈੱਡਮਾਸਟਰ ਨੇ ਬੈਂਤ ਉਠਾ ਕੇ ਗਰਜ ਕੇ ਕਿਹਾ।

"ਜ.........ਜਨਾਬ!" ਡਰਦੇ ਮਾਰੇ ਤੁਲਸੀ ਦੇ ਪ੍ਰਾਣ ਖ਼ੁਸ਼ਕ ਹੋ ਗਏ। ਉਹਦੀ ਜ਼ਬਾਨ ਥਿੜਕਣ ਲੱਗ ਪਈ। "ਕਰਮ ਸਿੰਘ ਨੇ ਇਸ ਨੂੰ 'ਸਰਦਾਰ ਜਰਨੈਲ ਸਿੰਘ' ਕਹਿ ਕੇ ਬੁਲਾਇਆ। ਮੈਥੋਂ ਗਲਤੀ ਹੋ ਗਈ ਜਨਾਬ! ਮੇਰੇ ਮੂੰਹੋਂ ਨਿਕਲ ਗਿਆ..........." ਨਾਲ ਹੀ ਉਹਨੇ ਅੱਖ ਚੁਰਾ ਕੇ ਜਰਨੈਲ ਵੱਲ ਵੇਖਿਆ, ਜਿਵੇਂ ਸਰਕਸ ਦਾ ਕੁੱਤਾ ਪਿਛੇ ਬੈਠੇ ਸ਼ੇਰ ਵੱਲ ਵੇਖਦਾ ਹੈ। "ਮੇਰੇ ਮੂੰਹੋਂ ਨਿਕਲ ਗਿਆ, ਇਹ ਬੜਾ ਖ਼ਾਨਦਾਨੀ ਸਰਦਾਰ ਏ? ਇਹਦੀ ਮਾਂ..........।" ਤੁਲਸੀ ਦਾ ਸੰਘ ਸੁੱਕ ਗਿਆ। ਉਹਨੇ ਇਕ ਵਾਰ ਫਿਰ ਟੀਰੀ ਨਜ਼ਰ ਨਾਲ ਜਰਨੈਲ ਦੀਆਂ ਲਹੂ ਉਗਲਦੀਆਂ ਅੱਖਾਂ ਵੱਲ ਵੇਖਿਆ। ਉਹਦੀ ਹਿੰਮਤ ਨਾ ਪਈ ਵਾਕ ਪੂਰਾ ਕਰਨ ਦੀ।

"ਆਗੇ ਬਕੋ।" ਹੈੱਡਮਾਸਟਰ ਕੈਰੇ ਬੱਦਲ ਵਾਂਗ ਗਰਜਿਆ। ਨਾਲ ਹੀ ਉਹਦਾ ਬੈਂਤ ਤੁਲਸੀ ਦੇ ਮੋਢੇ ਉੱਤੇ ਆ ਪਿਆ।

"ਹਾਇ ਮਰ ਗਿਆ।" ਤੁਲਸੀ ਦੂਜੇ ਹੱਥ ਨਾਲ ਮੋਢਾ ਮਲਦਾ ਹੋਇਆ ਬੱਚੇ ਜਮੂਰੇ ਵਾਂਗ ਬੈਠਕਾਂ ਕੱਢਣ ਲੱਗਾ।

"ਬੋਲੋ।" ਹੈੱਡਮਾਸਟਰ ਨੇ ਹਵਾ ਵਿੱਚ ਬੈਂਤ ਲਹਿਰਾਉਂਦਿਆਂ ਕਿਹਾ।

"ਜਨਾਬ, ਮੈਥੋਂ ਕਹਿ ਹੋ ਗਿਆ, ਇਹਦੀ ਮਾਂ ਚੂਹੜੀ ਏ ਤੇ ਉਹ ਇਕ ਸਰਦਾਰ ਦੀ ਰਖੇਲ ਏ।"

"ਯੂ ਰਾਸਕਲ! ਕਿਉਂ ਬਕਾ ਤੁਮਨੇ ਐਸਾ ? ਕਿਉਂ ਬਕਾ ? ਬੋਲੋ।"

ਤੁਲਸੀ ਹਾਲ ਦੁਹਾਈ ਮਚਾਈ ਜਾ ਰਿਹਾ ਸੀ ਤੇ ਹੈੱਡਮਾਸਟਰ ਦਾ ਬੈਂਤ ਬੇਤਹਾਸ਼ਾ ਵਰ੍ਹ ਰਿਹਾ ਸੀ।

ਦੂਹਰੀ ਮੁਸ਼ੱਕਤ ਨੇ ਬੁੱਢੇ ਹੈੱਡਮਾਸਟਰ ਨੂੰ ਥਕਾ ਦਿੱਤਾ। ਇਕ ਮਿੰਟ ਸਾਹ ਲੈ ਕੇ ਉਹਨੇ ਬੈਂਤ ਨਾਲ ਇਸ਼ਾਰਾ ਕਰਦਿਆਂ ਤੁਲਸੀ ਨੂੰ ਹੁਕਮ ਦਿੱਤਾ, "ਬਦਮਾਸ਼। ਇਸ ਸੇ ਮਾਫ਼ੀ ਮਾਂਗੋ।"

"ਹੈੱਡਮਾਸਟਰ ਸਾਹਿਬ! ਮਾਫ਼ੀ ਦੀ ਲੋੜ ਨਹੀਂ। ਪਰ ਇਸ ਨੂੰ ਇਹ ਸਮਝਾ ਦਿਹੋ ਕਿ ਫਿਰ ਕਦੇ ਇਹਨੇ ਅਜੇਹੀ ਹਰਕਤ ਕੀਤੀ, ਤਾਂ.........।" ਹੈੱਡਮਾਸਟਰ ਦਾ ਸਤਕਾਰ ਕਰਦਿਆਂ ਹੋਇਆਂ ਜਰਨੈਲ ਨੇ ਵਾਕ ਅਧੂਰਾ ਛੱਡ ਦਿੱਤਾ।

ਇਸ ਤਰ੍ਹਾਂ ਜਰਨੈਲ ਨੇ ਹਾਈ ਸਕੂਲ ਵਿੱਚ ਛੇ ਸਾਲ ਗੁਜ਼ਾਰੇ।

ਅੱਜ ਜਰਨੈਲ ਦਾ ਪਹਿਲਾ ਪਰਚਾ ਹੋਣਾ ਸੀ। ਉਹ ਜ਼ਰਾ ਸਵੱਖਤੇ ਉਠਿਆ। ਨ੍ਹਾ ਧੋਅ ਕੇ ਉਹ ਸਭ ਤੋਂ ਪਹਿਲਾਂ ਬਸੰਤ ਕੌਰ ਵੱਲ ਗਿਆ। ਬਸੰਤ ਕੌਰ ਮੰਜੇ 'ਤੇ ਲੱਤਾਂ ਲਮਕਾਈ ਬੈਠੀ ਸੀ। ਉਹਦੀ ਗੋਦ ਵਿੱਚ ਗੁੱਡੀ ਸੁੱਤੀ ਪਈ ਸੀ। ਜਰਨੈਲ ਨੇ ਉਹਦੇ ਪੈਰਾਂ ਨੂੰ ਦੋਵੇਂ ਹੱਥ ਲਾ ਕੇ ਮੱਥਾ ਟੇਕਿਆ।

"ਅੱਜ ਤੇਰਾ ਇਮਤਿਹਾਨ ਏ ?" ਬਸੰਤ ਕੌਰ ਨੇ ਉਹਦੇ ਸਿਰ 'ਤੇ ਪਿਆਰ ਦੇਂਦਿਆਂ ਕਿਹਾ, "ਗੁਰੂ ਮਹਾਰਾਜ ਦੇ ਮੱਥਾ ਟੇਕ ਕੇ ਜਾਵੀਂ।"

"ਵੱਡੀ ਮਾਂ!" ਜਰਨੈਲ ਨੇ ਦਿਲੀ ਸਤਕਾਰ ਨਾਲ ਕਿਹਾ, "ਤੇਰੀ ਅਸ਼ੀਰਵਾਦ ਮੇਰੇ ਵਾਸਤੇ ਸਭ ਤੋਂ ਉੱਚੀ ਹੈ। ਵੈਸੇ, ਤੇਰੇ ਹੁਕਮ ਦੀ ਪਾਲਣਾ ਕਰਦਾ ਹੋਇਆ ਮੈਂ ਗੁਰਦੁਆਰੇ ਮੱਥਾ ਟੇਕ ਕੇ ਜਾਵਾਂਗਾ। ਤੂੰ ਮੇਰੀ ਮਾਂ, ਪਿਉ, ਗੁਰੂ ਪੀਰ, ਸਭ ਕੁਝ ਏਂ।"

"ਜਾਹ, ਗੁਰੂ ਭਲਾ ਕਰੇ। ਮਾਂਵਾਂ ਦੀਆਂ ਅਸੀਸਾਂ ਸਦਾ ਈ ਪੁੱਤਰਾਂ ਦੇ ਹਿੱਤ ਵਿੱਚ ਹੁੰਦੀਆਂ ਨੇ।" ਬਸੰਤ ਕੌਰ ਨੇ ਮੋਢੇ ਉੱਤੇ ਥਾਪੜਾ ਦੇਂਦਿਆਂ ਕਿਹਾ।

ਸਾਰਾ ਸਾਲ ਜਰਨੈਲ ਨੇ ਬੜੀ ਸਖ਼ਤ ਮਿਹਨਤ ਕੀਤੀ ਸੀ। ਲਾਲਟੈਣ ਦੇ ਚਾਨਣੇ ਬਹਿ ਕੇ ਉਹ ਰਾਤ ਦੇ ਦੋ-ਦੋ ਵਜੇ ਤਕ ਪੜ੍ਹਦਾ ਰਿਹਾ ਸੀ। ਪੜ੍ਹਾਈ ਵੀ ਇਕ ਤਪ ਹੈ, ਬੜੀ ਕਠਨ ਸਾਧਨਾ। ਮਿਹਨਤ ਨੂੰ ਫਲ ਵੀ ਲੱਗਾ। ਜਰਨੈਲ ਦੇ ਸਾਰੇ ਪਰਚੇ ਚੰਗੇ ਹੋ ਗਏ। ਉਹਨੂੰ ਨਿਸ਼ਚਾ ਹੋ ਗਿਆ ਕਿ ਉਹ ਚੰਗੇ ਨੰਬਰ ਲੈ ਕੇ ਪਾਸ ਹੋ ਜਾਵੇਗਾ।

ਇਮਤਿਹਾਨ ਤੋਂ ਵਿਹਲਾ ਹੋ ਕੇ ਉਹ ਦੋ ਤਿੰਨ ਦਿਨ ਰੱਜ ਕੇ ਸੁੱਤਾ। ਅੱਖਾਂ ਵਿੱਚੋਂ ਉਨੀਂਦਰੇ ਦੀ ਲਾਲੀ ਘੱਟ ਹੋਈ ਤਾਂ ਚੌਥੇ ਦਿਨ ਉਠਦਾ ਉਹ ਲੱਖਾ ਸਿੰਘ ਕੋਲ ਗਿਆ। ਲੱਖਾ ਸਿੰਘ ਚੁਬਾਰੇ ਵਿੱਚ ਬੈਠਾ ਛਾਹ-ਵੇਲਾ ਕਰ ਰਿਹਾ ਸੀ। ਬਸੰਤ ਕੌਰ ਕੋਲ ਕੁਰਸੀ 'ਤੇ ਬੈਠੀ ਗੜਵੀ ਤੋਂ ਗਲਾਸ ਵਿੱਚ ਵਾਰੀ-ਵਾਰੀ ਪਲਟ ਕੇ ਦੁੱਧ ਠੰਢਾ ਕਰ ਰਹੀ ਸੀ।

ਲੱਖਾ ਸਿੰਘ ਨੇ ਸ਼ਰਾਬ ਉੱਕੀ ਛੱਡ ਦਿੱਤੀ ਸੀ। ਉਹ ਚਾਹ ਦਾ ਵੀ ਆਦੀ ਨਹੀਂ ਸੀ। ਓਦੋਂ ਤਕ ਚਾਹ ਦਾ ਰਵਾਜ ਕਾਫ਼ੀ ਪੈ ਗਿਆ ਸੀ, ਪਰ ਲੱਖਾ ਸਿੰਘ ਦਾ ਘਰ ਬਚਿਆ ਹੋਇਆ ਸੀ। ਸਵੇਰੇ ਉਹ ਦਹੀਂ ਜਾਂ ਆਂਡਿਆਂ ਦੀ ਭੁਰਜੀ ਨਾਲ ਇਕ ਫੁਲਕਾ ਤੇ ਇਕ ਗਲਾਸ ਦੁੱਧ ਪੀਆ ਕਰਦਾ।

ਜਰਨੈਲ ਨੇ ਦੋਵੇਂ ਹੱਥ ਜੋੜ ਕੇ 'ਸਤਿ ਸ੍ਰੀ ਅਕਾਲ' ਕਹੀ ਤੇ ਦੂਸਰੀ ਕੁਰਸੀ ਥੋੜ੍ਹੀ ਜੇਹੀ ਦੂਰ ਖਿੱਚ ਕੇ ਬਹਿ ਗਿਆ। ਏਸ ਗੱਲ ਦੀ ਉਹਨੂੰ ਖ਼ੁਸ਼ੀ ਹੋਈ ਕਿ ਬਸੰਤ ਕੌਰ ਵੀ ਕੋਲ ਸੀ।

"ਆ, ਜਰਨੈਲ! ਕਿਵੇਂ ਆਇਆ ਏਂ।" ਲੱਖਾ ਸਿੰਘ ਨੇ ਥੋੜਾ ਜੇਹਾ ਸਿਰ ਝੁਕਾਅ ਕੇ ਉਹਦੀ 'ਸਤਿ ਸ੍ਰੀ ਅਕਾਲ' ਪਰਵਾਨ ਕਰਦਿਆਂ ਪੁੱਛਿਆ।

"ਬਾਬਾ ਜੀ! ਮੇਰੇ ਪਰਚੇ ਚੰਗੇ ਹੋ ਗਏ ਨੇ। ਮੈਨੂੰ ਭਰੋਸਾ ਏ, ਮੈਂ ਚੰਗੇ ਨੰਬਰ ਲੈ ਕੇ ਪਾਸ ਹੋ ਜਾਵਾਂਗਾ। ਅੱਵਲ ਤਾਂ ਫ਼ਸਟ ਡਵੀਜ਼ਨ, ਨਹੀਂ ਤਾਂ ਸੈਕੰਡ ਜ਼ਰੂਰ ਆ ਜਾਵੇਗੀ। ਪਰ ਨਤੀਜਾ ਨਿਕਲਣ ਵਿੱਚ ਦੋ ਕੁ-ਮਹੀਨੇ ਲੱਗ ਜਾਣਗੇ। ਮੈਂ ਓਨਾ ਚਿਰ ਵਿਹਲਾ ਨਹੀਂ ਫਿਰਨਾ ਚਾਹੁੰਦਾ। ਆਪ ਮੈਨੂੰ ਕਿਸੇ ਮਾਲ ਦੇ ਪਟਵਾਰੀ ਨਾਲ ਲੁਆ ਦਿਹੋ। ਪੰਜ ਛੇ ਮਹੀਨੇ ਵਿੱਚ ਕੰਮ ਸਿੱਖ ਜਾਵਾਂਗਾ ਤਾਂ ਫਿਰ ਸਫ਼ਾਰਸ਼ ਕਰਕੇ ਕਿਤੇ ਪੱਕਾ ਲੁਆ ਦਿਓ। ਮੈਂ ਸਾਰੀ ਉਮਰ ਤੁਹਾਡਾ ਅਹਿਸਾਨ ਮੰਨਾਂਗਾ।"

"ਬੱਚੂ! ਹਸਾਨ ਦੀ ਤਾਂ ਕੋਈ ਗੱਲ ਨਹੀਂ। ਪਰ ਮੇਰੀ ਸਲਾਹ ਸੀ ਤੈਨੂੰ ਪੁਲਸ ਵਿੱਚ ਕਰੌਣ ਦੀ। ਅਫ਼ਸਰਾਂ ਦੀ ਮਿੰਨਤ ਸਮਾਜਤ ਕਰ ਲੈਂਦੇ। ਦੋ ਚਾਰ ਸਾਲ ਵਿੱਚ ਤੂੰ ਵੱਡਾ ਥਾਣੇਦਾਰ ਬਣ ਜਾਂਦੋਂ।"। ਲੱਖਾ ਸਿੰਘ ਮਾਲ ਦੀ ਨੌਕਰੀ ਨਾਲੋਂ ਪੁਲਸ ਦੀ ਨੌਕਰੀ ਨੂੰ ਚੰਗਾ ਸਮਝਦਾ ਸੀ।

"ਮੈਂ ਤੁਹਾਡੀ ਸਲਾਹ ਤੋਂ ਨਾਬਰ ਨਹੀਂ, ਪਰ ਇਕ ਤਾਂ ਮੇਰਾ ਸੁਭਾਅ ਪਹਿਲਾਂ ਹੀ ਬਹੁਤ ਕੌੜਾ ਏ। ਉੱਤੋਂ ਨੌਕਰੀ ਪੁਲਸ ਦੀ ਕਰ ਲਵਾਂ, ਤਾਂ ਮੇਰੇ 'ਤੇ ਓਹਾ ਅਖਾਣ ਢੁੱਕੇਗਾ, ਅਖੇ : ਇਕ ਕਰੇਲਾ ਦੂਜਾ ਨਿੰਮ 'ਤੇ ਚੜ੍ਹਿਆ। ਕੀ ਪਤਾ ਵੱਡਾ ਥਾਣੇਦਾਰ ਬਣਨ ਤੋਂ ਪਹਿਲਾਂ ਹੀ ਨਾਂਵਾਂ ਕੱਟ ਕੇ ਅਗਲੇ ਘਰ ਨੂੰ ਤੋਰ ਦੇਣਾ। ਏਸ ਮਸਲੇ 'ਤੇ ਮੈਂ ਬੜਾ ਸੋਚਿਆ ਏ। ਮੈਂ ਮਾਲ ਦਾ ਪਟਵਾਰੀ ਬਣ ਜਾਵਾਂ ਤਾਂ ਬਹੁਤ ਹੈ। ਜਿੱਥੇ ਮੇਰੇ 'ਤੇ ਅੱਗੇ ਉਪਕਾਰ ਕੀਤਾ ਜੇ, ਐਨਾ ਪੜ੍ਹਾਇਆ ਜੇ, ਏਨਾ ਕੁ ਹੰਭਲਾ ਹੋਰ ਮਾਰ ਦਿਹੋ।" ਜਰਨੈਲ ਨੇ ਸਤਕਾਰ ਵਿੱਚ ਹੱਥ ਮਲਦਿਆਂ ਕਿਹਾ। ਗੱਲ ਕਰਦਿਆਂ ਉਹਨੇ ਇਕ ਦੋ ਵਾਰ ਬਸੰਤ ਕੌਰ ਵੱਲ ਵੀ ਵੇਖਿਆ, ਜਿਸ ਦਾ ਭਾਵ ਸੀ ਕਿ ਲੋੜ ਸਮਝੇ ਤਾਂ ਉਹ ਵੀ ਕੋਲੋਂ ਸਫ਼ਾਰਸ਼ ਕਰ ਦੇਵੇ। ਜਿੰਨਾ ਉਹਨੂੰ ਬਸੰਤ ਕੌਰ ਉੱਤੇ ਮਾਣ ਸੀ, ਹੋਰ ਕਿਸੇ ਉੱਤੇ ਨਹੀਂ।

"ਇਹ ਤਾਂ ਕੋਈ ਔਖਾ ਕੰਮ ਨਹੀਂ। ਅੱਜ ਭਲਕ ਪਟਵਾਰੀ ਐਥੇ ਆਵੇਗਾ ਤਾਂ ਮੈਂ ਤੈਨੂੰ ਉਹਦੇ ਹਵਾਲੇ ਕਰ ਦਿਆਂਗਾ। ਤੂੰ ਬੇ-ਫ਼ਿਕਰ ਹੋ ਜਾ।" ਲੱਖਾ ਸਿੰਘ ਨੇ ਭਰੋਸਾ ਦੁਆ ਦਿੱਤਾ।

"ਤੁਹਾਡੇ ਬੈਠਿਆਂ ਮੈਨੂੰ ਕਾਹਦਾ ਫ਼ਿਕਰ ਏ। ਤੁਹਾਡਾ ਹੱਥ ਮੇਰੇ ਸਿਰ 'ਤੇ ਆ, ਹੋਰ ਮੈਨੂੰ ਕੀ ਚਾਹੀਦਾ ਏ ?" ਜਰਨੈਲ ਕੁਰਸੀ ਤੋਂ ਉਠ ਬੈਠਾ ਤੇ ਹੱਥ ਜੋੜ ਕੇ ਸਿਰ ਝੁਕਾਅ ਕੇ ਚਲਾ ਗਿਆ।

× × ×

ਪਟਵਾਰੀ ਦੇ ਸਮਝਾਉਣ ਉੱਤੇ ਲੱਖਾ ਸਿੰਘ ਨੇ ਜਰਨੈਲ ਨੂੰ ਨਾਲ ਲੈ ਜਾ ਕੇ ਤਸੀਲਦਾਰ ਤੋਂ ਦਰਖ਼ਾਸਤ ਮਨਜ਼ੂਰ ਕਰਾ ਲਈ। ਦਰਖ਼ਾਸਤ ਦਾ ਭਾਵ ਸੀ ਕਿ ਮੈਨੂੰ ਪਟਵਾਰੀ ਵਜੋਂ ਭਰਤੀ ਕਰਕੇ ਕਿਸੇ ਪੱਕੇ ਪਟਵਾਰੀ ਨਾਲ ਕੰਮ ਸਿੱਖਣ ਵਾਸਤੇ ਲਗਾ ਦਿੱਤਾ ਜਾਵੇ।

ਤਸੀਲਦਾਰ ਦੇ ਮੁਣਸ਼ੀ ਨਾਲ ਲੱਖਾ ਸਿੰਘ ਦਾ ਨਿੱਤ ਦਾ ਵਾਹ ਸੀ। ਲੱਖਾ ਸਿੰਘ ਨੇ ਪੰਜਾਂ ਦਾ ਨੋਟ ਉਹਦੀ ਤਲੀ 'ਤੇ ਧਰਿਆ ਤੇ ਉਹਨੇ ਅੱਧੇ ਘੰਟੇ ਪਿਛੋਂ ਤਸੀਲਦਾਰ ਦੇ ਦਸਖ਼ਤ ਕਰਕੇ ਦਰਖ਼ਾਸਤ ਉਹਦੇ ਹੱਥ ਫੜਾਈ। ਜਰਨੈਲ ਨੂੰ ਹਲਕਾ ਬੱਲਾਂਵਾਲਾ ਦੇ ਪਟਵਾਰੀ ਸਰਾਜਦੀਨ ਦੇ ਮਾਤਹਿਤ ਕੰਮ ਸਿੱਖਣ ਵਾਸਤੇ ਲਾ ਦਿੱਤਾ ਗਿਆ। ਵਰਨ, ਤਰਗੇ, ਨੱਥੂਵਾਲਾ, ਬੱਲਾਂਵਾਲਾ ਇਕੋ ਹਲਕੇ ਵਿੱਚ ਸਨ, ਤੇ ਹਲਕੇ ਦਾ ਪਟਵਾਰੀ ਮਾਲ ਬੱਲਾਂਵਾਲੇ ਰਹਿੰਦਾ ਸੀ।

ਛੇ ਮਹੀਨੇ ਕੰਮ ਸਿੱਖਣ ਪਿੱਛੋਂ, ਲੱਖਾ ਸਿੰਘ ਦੀ ਸਫ਼ਾਰਸ਼ ਨਾਲ ਪਿੰਡ ਪੁਰਾਣੇ ਢੂਰੇ ਵਿਚ ਜਰਨੈਲ ਸਿੰਘ ਪੱਕਾ ਪਟਵਾਰੀ ਲੱਗ ਗਿਆ। ਓਦੋਂ ਤਕ ਉਹਨੂੰ ਦਸਵੀਂ ਦਾ ਸਰਟੀਫ਼ੀਕੇਟ ਵੀ ਮਿਲ ਚੁੱਕਾ ਸੀ। ਉਹ ਫ਼ਸਟ ਡਵੀਜ਼ਨ ਵਿੱਚ ਚੰਗੇ ਨੰਬਰ ਲੈ ਕੇ ਪਾਸ ਹੋਇਆ ਸੀ।

## ੩੦

"ਹਰਨਾਮ! ਧੰਨੇ ਸ਼ਾਹ ਦੇ ਮਗਰ ਲੱਗ ਕੇ ਅਸੀਂ ਆਪਣਾ ਕੁਝ ਹੱਥ ਤੰਗ ਕਰ ਬੈਠੇ ਆਂ।" ਲੱਖਾ ਸਿੰਘ ਨੇ ਗੱਲ ਸ਼ੁਰੂ ਕੀਤੀ। ਉਹ ਚੁਬਾਰੇ 'ਚ ਬੈਠਾ ਨਿੱਤ ਵਾਂਗ ਛਾਹ-ਵੇਲਾ ਖਾ ਰਿਹਾ ਸੀ। ਸਾਹਮਣੀ ਕੁਰਸੀ ਉੱਤੇ ਬਸੰਤ ਕੌਰ ਬੈਠੀ ਸੀ। ਉਹ ਪਤੀ ਨੂੰ ਰੋਟੀ ਹਮੇਸ਼ਾਂ ਕੋਲ ਬਹਿ ਕੇ ਖੁਆਉਂਦੀ। ਜ਼ਰੂਰੀ ਸਲਾਹ ਕਰਨ ਵਾਸਤੇ ਲੱਖਾ ਸਿੰਘ ਨੇ ਹਰਨਾਮ ਸਿੰਘ ਨੂੰ ਵੀ ਕੋਲ ਬੁਲਾ ਲਿਆ ਸੀ। ਉਹ ਮਾਂ ਦੇ ਬਰਾਬਰ ਦੂਸਰੀ ਕੁਰਸੀ ਉੱਤੇ ਬੈਠਾ ਸੀ। "ਪਿਛੇ ਮੈਂ ਬਮਾਰ ਪੈ ਗਿਆ ਤਾਂ ਘਰ ਵਿੱਚ ਦਵਾਈ ਜੋਗੇ

ਪੈਸੇ ਵੀ ਨਹੀਂ ਸਨ। ਤੇਰੀ ਮਾਂ ਦੀਆਂ ਸਾਰੀਆਂ ਟੂਮਾਂ ਵਿੱਕ ਗਈਆਂ। ਹਰਨਾਮ! ਤੇਰੀ ਮਾਂ ਦਾ ਕੋਈ ਮੁੱਲ ਨਹੀਂ। ਸਾਰੀ ਦੁਨੀਆਂ ਵਿੱਚ ਭਾਲਿਆਂ ਇਹਦੇ ਵਰਗੀ ਦੂਸਰੀ ਨਹੀਂ ਮਿਲੇਗੀ।"

ਹਰਨਾਮ ਸਿੰਘ ਦਿਲ ਵਿੱਚ ਸੋਚ ਰਿਹਾ ਸੀ, 'ਠੀਕ ਆਹੰਦਾ ਏਂ ਬਾਪੂ! ਤਾਹੀਏਂ ਤੂੰ ਇਹਦਾ ਬਹੁਤ ਕਦਰ ਪਾਇਆ ਏ।' ਪਰ ਸੁਭਾਓ ਸਾਊ ਹੋਣ ਕਰਕੇ ਉਹਨੇ ਮੂੰਹੋ ਕੁਝ ਨਾ ਕਿਹਾ।

ਕੁਝ ਚਿਰ ਰੁੱਕ ਕੇ ਲੱਖਾ ਸਿੰਘ ਨੇ ਫਿਰ ਕਹਿਣਾ ਸ਼ੁਰੂ ਕੀਤਾ, "ਮੇਰੀ ਸਲਾਹ ਏ, ਇਸ ਵਾਰ ਹਾੜ੍ਹੀ ਦੀ ਉਗਰਾਹੀ ਤੋਂ ਸਾਨੂੰ ਕੁਝ ਪੈਸੇ ਹੱਥਾਂ ਵਿੱਚ ਕਰਨੇ ਚਾਹੀਦੇ ਨੇ। ਕੁਝ ਨਕਦ ਪੈਸਾ ਜ਼ਰੂਰ ਕੋਲ ਹੋਣਾ ਚਾਹੀਦਾ ਏ।"

"ਬਾਪੂ! ਤੂੰ ਆਪ ਸਿਆਣਾ ਏਂ। ਮੈਂ ਕੀ ਸਲਾਹ ਦਿਆਂ?" ਹਰਨਾਮ ਸਿੰਘ ਨੇ ਅੱਗੋਂ ਸਤਕਾਰ ਵਜੋਂ ਹੁੰਗਾਰਾ ਭਰਿਆ।

"ਇਕ ਨਾਲੋਂ ਦੋਂਹ ਦੀ ਸਲਾਹ ਚੰਗੀ ਈ ਹੁੰਦੀ ਏ ਨਾਂ। ਫਿਰ ਤੇਰੀ ਮਾਂ ਵੀ ਕੋਲ ਏ। ਅੱਜ ਇਹ ਗੱਲ ਮੈਂ ਇਸ ਵਾਸਤੇ ਚਲਾਈ ਏ, ਖਾਰੇ ਵਾਲੇ ਧਰਮ ਸੂੰਹ ਦੀ ਕੁਝ ਜਮੀਨ ਆਪਣੇ ਕੋਲ ਗਹਿਣੇ ਆ। ਰਜਿਸਟਰੀ ਭਾਵੇਂ ਮੇਰੇ ਨਾਂ ਈ ਏ, ਪਰ ਅੱਧਾ ਪੈਸਾ ਵਿੱਚ ਧੰਨੇ ਸ਼ਾਹ ਦਾ ਲੱਗਦਾ ਏ। ਧਰਮ ਸੂੰਹ ਅਗ੍ਹਾਂ ਵਧਾਰਾ ਲੈ ਕੇ ਬਘੇਲ ਸੂੰਹ ਕਿਆਂ ਕੋਲ ਗਹਿਣੇ ਕਰਨਾ ਚੋਂਹੰਦਾ ਏ। ਧੰਨੇ ਸ਼ਾਹ ਆਹੰਦਾ ਏ, ਆਪਾਂ ਈ ਕੁਝ ਹੋਰ ਪੈਸੇ ਦੇ ਕੇ ਨਵੀਂ ਰਜਿਸਟਰੀ ਕਰਾ ਲਈਏ। ਪਰ ਮੈਂ ਧੰਨੇ ਸ਼ਾਹ ਨੂੰ ਏਸ ਗੱਲ ਦੀ ਹਾਮੀ ਨਹੀਂ ਭਰੀ। ਤੁਸੀਂ ਮਾਂ ਪੁੱਤ ਦੋਵੇਂ ਆਪਣੀ ਸਲਾਹ ਦੱਸੋ।" ਲੱਖਾ ਸਿੰਘ ਨੇ ਬਸੰਤ ਕੌਰ ਵੱਲ ਵੇਖਦਿਆਂ ਕਿਹਾ।

ਲੱਖਾ ਸਿੰਘ ਬਸੰਤ ਕੌਰ ਨੂੰ ਦੁਬਾਰਾ ਪ੍ਰਾਪਤ ਨਹੀਂ ਸੀ ਕਰ ਸਕਿਆ, ਪਰ ਉਹ ਉਹਦਾ ਆਦਰ ਅੱਗੇ ਨਾਲੋਂ ਵਧੇਰੇ ਕਰਦਾ ਸੀ।

"ਪਰ ਬਾਪੂ! ਅਸੀਂ ਇਹਦੇ ਵਿੱਚ ਸਲਾਹ ਕੀ ਦੇ ਸਕਦੇ ਆਂ ? ਬੇਬੇ ਦੇ ਹੱਥ ਪੱਲੇ ਤਾਂ ਹੈ ਕੁਝ ਨਹੀਂ। ਮੈਨੂੰ ਕਹੋ ਤਾਂ ਤੁਹਾਡੀ ਨੌਂਹ ਦੀਆਂ ਟੂਮਾਂ ਹਾਜ਼ਰ ਨੇ।" ਹਰਨਾਮ ਦੀ ਅਵਾਜ਼ ਵਿੱਚ ਕੁਝ ਰੋਸ ਲੁਕਿਆ ਹੋਇਆ ਸੀ। ਉਹ ਸਲਾਹ ਦੇਣਾ ਚਾਹੁੰਦਾ ਹੋਇਆ ਵੀ ਸਾਰੀ ਗੱਲ ਲੱਖਾ ਸਿੰਘ ਦੇ ਜ਼ਿੰਮੇਂ ਪਾ ਰਿਹਾ ਸੀ।

"ਨਹੀਂ, ਹਰਨਾਮ! ਮੈਂ ਏਸ ਵਾਸਤੇ ਗੱਲ ਨਹੀਂ ਛੇੜੀ। ਹੁਣ ਤੂੰ ਬਰਾਬਰ ਦਾ ਏਂ, ਤੇ ਨਫ਼ਾ ਨੁਕਸਾਨ ਸਮਝਣ ਜੋਗ ਏਂ। ਮੈਂ ਨਹੀਂ ਚੋਂਹੰਦਾ ਕਿ ਮੈਂ ਹੁਣ ਕੋਈ ਅਜੇਹਾ ਕੰਮ ਤੇਰੇ ਪੁੱਛੇ ਬਿਨਾਂ ਕਰਾਂ, ਜਿਸ 'ਤੇ ਤੂੰ ਭਲਕੇ ਇਹ ਸਮਝੇਂ ਕਿ ਬਾਪੂ ਤੁਹਾਡਾ

ਨੁਕਸਾਨ ਕਰ ਗਿਆ ਏ। ਮੈਂ ਸੱਚੇ ਦਿਲੋਂ ਤੇਰੀ ਸਲਾਹ ਲੈਣਾ ਚੌਹੰਦਾ ਹਾਂ ਅਤੇ ਤੇਨੂੰ ਦਿਲ ਦੀ ਦੱਸਣੀ ਚਾਹੀਦੀ ਏ। ਹੋਰ ਦੱਸ, ਸਰਵਣ ਤੋਂ ਸਲਾਹ ਪੁੱਛਾਂ ? ਉਹਨੂੰ ਤਾਂ ਦੋ ਮਹੀਨੇ ਉਜਾੜਨ ਨੂੰ ਪੈਸੇ ਨਹੀਂ ਮਿਲੇ ਤਾਂ ਇਕ ਦਿਨ ਤੇਰੀ ਮਾਂ ਨੂੰ ਆਹੰਦਾ ਸੀ : ਮੇਰੀ ਜ਼ਮੀਨ ਵੰਡ ਦਿਹੋ। ਉਹ ਤਾਂ ਤੇਰੀ ਮਾਂ ਦੀ ਸਿਆਣਪ ਏ, ਜੀਹਨੇ ਉਹਨੂੰ ਵਰਾਅ ਕੁਚਲਾਅ ਕੇ ਠੰਡਾ ਕੀਤਾ। ਤੇਰੀ ਮਾਂ ਮੰਨੇ ਦੀ ਸਿੱਖ ਏ। ਇਹ ਸਮਝਦੀ ਸਭ ਕੁਝ ਏ, ਪਰ ਸਲਾਹ ਕੋਈ ਨਹੀਂ ਦੇਵੇਗੀ। ਤੈਨੂੰ ਆਪਣੀ ਸਲਾਹ ਜ਼ਰੂਰ ਦੇਣੀ ਚਾਹੀਦੀ ਏ। ਮੈਂ ਉਵੇਂ ਕਰਾਂਗਾ, ਜਿਵੇਂ ਤੂੰ ਕਹੇਂਗਾ।"

"ਮੇਰੀ ਸਲਾਹ ਤੁਹਾਥੋਂ ਵੱਖਰੀ ਏ ? ਮਰਦਾਂ ਦੇ ਕੰਮ ਵਿੱਚ ਜ਼ਨਾਨੀਆਂ ਦਾ ਦਖ਼ਲ ਦੇਣਾ ਫੱਬਦਾ ਏ ? ਹਰਨਾਮ ਨੂੰ ਆਪਣੀ ਸਲਾਹ ਜ਼ਰੂਰ ਦੇਣੀ ਚਾਹੀਦੀ ਏ।" ਬਸੰਤ ਕੌਰ ਨੇ ਮਸਾਂ ਏਨਾ ਹੀ ਕਿਹਾ। ਕਿਉਂਕਿ ਚਲਦੀ ਵਾਰਤਾ ਵਿੱਚ ਉਹਦਾ ਨਾਂ ਦੋ ਤਿੰਨ ਵਾਰ ਆ ਚੁੱਕਾ ਸੀ। ਲੱਖਾ ਸਿੰਘ ਚਾਹੁੰਦਾ ਸੀ ਕਿ ਉਹ ਕੁਝ ਕਹੇ।

"ਚਲੋ, ਤੁਹਾਡਾ ਦੋਹਾਂ ਦਾ ਹੁਕਮ। ਮੈਂ, ਜੋ ਦਿਲ ਵਿੱਚ ਹੈ, ਸਹੀ-ਸਹੀ ਦੱਸ ਦਿਆਂਗਾ। ਪਰ ਪਹਿਲਾਂ ਬਾਪੂ! ਤੂੰਹੇਂ ਦੱਸ। ਤੂੰ ਕੀ ਸੋਚਿਆ ਏ ?" ਹਰਨਾਮ ਨੇ ਫਿਰ ਗੱਲ ਪਿਉ ਉੱਤੇ ਹੀ ਸੁੱਟ ਦਿੱਤੀ।

"ਮੈਂ ਤਾਂ ਇਹ ਸੋਚਿਆ ਏ ਕਿ ਮੈਂ ਧੰਨੇ ਸ਼ਾਹ ਦੇ ਝਾਸੇ ਵਿੱਚ ਨਹੀਂ ਫਸਣਾ। ਮੈਂ ਅੱਜ ਉਹਦੇ ਨਾਲ ਏਹਾ ਫ਼ੈਸਲਾ ਕਰਨ ਜਾਣਾ ਏਂ। ਮੈਂ ਧਰਮ ਸੁੰਹ ਤੋਂ ਪੈਸੇ ਲੈ ਲੈਣੇ ਨੇਂ। ਮੈਂ ਸਗੋਂ ਨੱਥੂਵਾਈਏ ਰਾਮ ਸੁੰਹ ਤੇ ਬੱਲਾਂਵਾਈਏ ਸੁਰਜਣ ਸੁੰਹ ਨੂੰ ਵੀ ਆਖ ਦਿੱਤਾ ਏ ਕਿ ਭਈ, ਆਪਣੀ ਪੈਲੀ ਛੁਡਾ ਲਵੇ, ਨਹੀਂ ਤਾਂ ਮੈਂ ਅਗ੍ਹਾਂ ਹੋਰ ਕਿਸੇ ਕੋਲ ਰਿਹਨ ਦਰ ਰਿਹਨ ਕਰ ਦੇਣੀ ਜੇ।"

"ਇਹ ਸਲਾਹ ਮੇਰੇ ਪਸਿੰਦ ਏ। ਹੋਰ ?" ਹਰਨਾਮ ਸਿੰਘ ਸਮਝਦਾ ਸੀ ਕਿ ਗੱਲ ਅਜੇ ਮੁੱਕੀ ਨਹੀਂ।

"ਛੰਭ ਵਾਲੇ ਖੇਤ ਵਿੱਚੋਂ ਅਮਲੀ ਕੋਲ ਸਿਰਫ਼ ਦੋ ਘੁਮਾਂ ਰਹਿ ਗਈ ਏ। ਉਹ ਸਾਰੀਆਂ ਤੋਂ ਛੋਟੀ ਕੁੜੀ ਦਾ ਵਿਆਹ ਕਰਨ ਨੂੰ ਫਿਰਦਾ ਏ। ਮੇਰੀ ਸਲਾਹ ਏ, ਉਹਨੂੰ ਕੁਝ ਹੋਰ ਪੈਸੇ ਦੇ ਕੇ ਸਾਰੀ ਦੀ ਇਕੱਠੀ ਰਜਿਸਟਰੀ ਕਰਾ ਲਈਏ। ਹੋਰ ਦੋਹ ਚੌਹ ਵਰ੍ਹਿਆਂ ਨੂੰ ਉਹ ਆਪੇ ਬੈਅ ਕਰ ਦੇਵੇਗਾ। ਹੁਣ ਤੂੰ ਆਪਣੀ ਦੱਸ।" ਲੱਖਾ ਸਿੰਘ ਨੇ ਹਰਨਾਮ ਸਿੰਘ ਦੇ ਚਿਹਰੇ ਵੱਲ ਤਕਦਿਆਂ ਕਿਹਾ।

"ਮੇਰੀ ਸਲਾਹ ਏ", ਹਰਨਾਮ ਸਿੰਘ ਨੇ ਕੁਝ ਝਿਜਦਿਆਂ-ਝਿਜਦਿਆਂ ਕਿਹਾ, "ਅਮਲੀ ਬਾਰੇ ਵੀ ਸਾਨੂੰ ਕਾਹਲੇ ਨਹੀਂ ਪੈਣਾ ਚਾਹੀਦਾ। ਉਰੋਂ ਪਾਕਸਤਾਨ ਦਾ

ਜਿਹੜਾ ਰੌਲਾ ਪੈਂਦਾ ਫਿਰਦਾ ਏ, ਇਹ ਵੇਖ ਲੈਣਾ ਚਾਹੀਦਾ ਏ। ਜਿਵੇਂ ਮੁਸਲਮ ਲੀਗੀਏ ਆਹੰਦੇ ਫਿਰਦੇ ਨੇ, ਕੀ ਪਤਾ ਸਾਨੂੰ ਘਰ ਘਾਟ ਛੱਡ ਕੇ ਈ ਨੱਸਣਾ ਪਵੇ। ਉਸ ਵੇਲੇ ਜਿਹੜੇ ਨਕਦ ਪੈਸੇ ਪੱਲੇ ਹੋਣਗੇ, ਓਹਾ ਕੰਮ ਔਣਗੇ। ਸੋ ਅਮਲੀ ਨਾਲ ਵੀ ਕੋਈ ਗੱਲ ਪਾਕਸਤਾਨ ਦੇ ਫ਼ੈਸਲੇ ਦੇ ਪਿਛੋਂ ਈ ਕਰਨੀ ਚਾਹੀਦੀ ਏ। ਹੁਣ ਤਾਂ ਵੱਧ ਤੋਂ ਵੱਧ ਸਾਮੀਆਂ ਤੋਂ ਨਕਦ ਪੈਸਾ ਵਸੂਲ ਕਰਨਾ ਚਾਹੀਦਾ ਏ। ਅੱਗੇ ਤੂੰ ਮਾਲਕ ਏਂ।"

"ਭਈ! ਗੱਲ ਤੇਰੀ ਦਿਲ ਲੱਗੀ ਏ। ਜਿੰਨਾ ਚਿਰ ਪਾਕਸਤਾਨ ਦਾ ਫ਼ੈਸਲਾ ਨਹੀਂ ਹੁੰਦਾ, ਅਮਲੀ ਨੂੰ ਲਾਗ ਤਾਂ ਲਾਈ ਰੱਖਾਂਗੇ, ਪਰ ਹੱਥੋਂ ਦੇਂਦੇ ਕੁਝ ਨਹੀਂ। ਤੇ ਪਾਕਸਤਾਨ ਦੇ ਫ਼ੈਸਲੇ ਵਿੱਚ ਵੀ ਕਿਹੜੇ ਗੋਡੇ ਨੇ। ਅਗਲੇ ਕੁਝ ਮਹੀਨਿਆਂ ਵਿੱਚ ਈ ਸਭ ਚਾਨਣ ਹੋ ਜਾਏਗਾ।"

ਫ਼ੈਸਲਾ ਹੋ ਗਿਆ। ਹਰਨਾਮ ਸਿੰਘ ਦੀ ਸਲਾਹ ਮੰਨੀ ਗਈ। ਲੱਖਾ ਸਿੰਘ ਨੇ ਉਸ ਉੱਤੇ ਬੜੀ ਸਖ਼ਤੀ ਨਾਲ ਅਮਲ ਸ਼ੁਰੂ ਕਰ ਦਿੱਤਾ। ਪਹਿਲੇ ਹੱਥੋਂ ਉਹਨੇ ਖਾਰੇ ਵਾਲੇ ਧਰਮ ਸੁੰਹ ਦੀ ਜ਼ਮੀਨ ਛੱਡੀ। ਧੰਨੇ ਸ਼ਾਹ ਬਥੇਰੇ ਝਾਸੇ ਦੇ ਰਿਹਾ, ਪਰ ਲੱਖਾ ਸਿੰਘ ਬੜੀ ਹਿੰਮਤ ਕਰਕੇ ਉਹਦੇ ਜਾਲ ਵਿੱਚੋਂ ਨਿਕਲਿਆ। ਧਰਮ ਸਿੰਘ ਤੋਂ ਪੈਸੇ ਲੈ ਕੇ ਸਭ ਤੋਂ ਪਹਿਲਾ ਕੰਮ ਲੱਖਾ ਸਿੰਘ ਨੇ ਬਸੰਤ ਕੌਰ ਵਾਸਤੇ ਟੂੰਬਾਂ ਖ਼ਰੀਦਣ ਦਾ ਕੀਤਾ। ਜਿੰਨੇ ਤੋਲੇ ਸੋਨਾ ਉਹਨੇ ਬਸੰਤ ਕੌਰ ਤੋਂ ਲਿਆ ਸੀ, ਉਸ ਨਾਲੋਂ ਦੋ ਤੋਲੇ ਵੱਧ ਦੀਆਂ ਟੂੰਬਾਂ ਲਈਆਂ।

"ਹਰਨਾਮ ਦੀ ਮਾਂ! ਐਧਰ ਆ।" ਲੱਖਾ ਸਿੰਘ ਨੇ ਘੋੜੀ ਤੋਂ ਉਤਰਦਿਆਂ ਅਵਾਜ਼ ਦਿੱਤੀ।

ਬਸੰਤ ਕੌਰ ਚੌਂਕੇ ਵਿੱਚ ਬੈਠੀ ਪੋਤਰੇ ਵਾਸਤੇ ਚੂਰੀ ਕੁੱਟ ਰਹੀ ਸੀ। ਉਹ ਕੁਝ ਹੈਰਾਨ ਹੋਈ ਪਤੀ ਵੱਲ ਵਧੀ।

"ਲੈ ਭਈ ਕਰਮਾਂ ਵਾਲੀਏ। ਤੇਰੀ ਅਮਾਨਤ। ਅੱਜ ਮਸਾਂ ਧੰਨੇ ਸ਼ਾਹ ਦਾ ਜਾਲ ਤੋੜ ਕੇ ਬਾਹਰ ਨਿਕਲੇ ਆਂ।" ਮੰਜੇ ਉੱਤੇ ਬਹਿ ਕੇ ਲੱਖਾ ਸਿੰਘ ਨੇ ਜੇਬ ਵਿੱਚੋਂ ਕੱਢ ਕੇ ਨਵੀਆਂ ਟੂੰਬਾਂ ਉਹਦੇ ਸਾਹਮਣੇ ਧਰ ਦਿੱਤੀਆਂ।

"ਮੈਂ ਏਸ ਉਮਰ ਟੂੰਬਾਂ ਪੌਣੀਆਂ ਨੇ ? ਤੁਸੀਂ ਸੁਖਬੀਰ ਨੂੰ ਇਕ ਗੱਲ ਦਾ ਹਾਰ ਹੋਰ ਬਣਵਾ ਬਣਵਾ ਦਿਹੋ।" ਬਸੰਤ ਕੌਰ ਨੇ ਨਿਰਉਤਸ਼ਾਹ ਜੇਹੀ ਸੁਰ ਵਿੱਚ ਕਿਹਾ। ਉਹ ਪਹਿਨਣ ਹੰਢਾਉਣ ਵੱਲੋਂ ਕੁਝ ਉਦਾਸ ਹੁੰਦੀ ਜਾ ਰਹੀ ਸੀ।

"ਇਹ ਤਾਂ ਤੂੰ ਆਪਣੀ ਅਮਾਨਤ ਸੰਭਾਲ ਖਾਂ। ਸੁਖਬੀਰ ਵਾਸਤੇ ਵੀ—ਜੋ


WWW.SIKHBOOKCLUB.COM 

ਕਹੇਂਗੀ—ਬਣਾ ਦਿਆਂਗੇ। ਮੈਂ ਅੱਜ ਨੱਥੂਵਾਲੀਆਂ ਨੂੰ ਤਾੜ ਕੇ ਕਹਿ ਆਇਆਂ। ਭਈ, ਦਸਾਂ ਦਿਨਾਂ ਵਿੱਚ ਪੈਸਿਆਂ ਦਾ ਫ਼ਿਕਰ ਕਰੋ, ਨਹੀਂ ਤਾਂ ਮੈਂ ਪੈਲੀ ਅਗ੍ਹਾਂ ਦੇ ਦੇਣੀ ਜੇ। ਉਹਨਾਂ ਨੂੰ ਇਹ ਵੀ ਦਾਬਾ ਮਾਰ ਆਇਆਂ ਕਿ ਉਹਨਾਂ ਆਪਣੀ ਮਰਜ਼ੀ ਦਾ ਗਾਹਕ ਨਾ ਲੱਭਾ ਤਾਂ ਮੈਂ ਨਰੰਜਣ ਸੁੰਹ ਨੂੰ ਪੈਲੀ ਦੇ ਦਿਆਂਗਾ। ਨਰੰਜਣ ਸੁੰਹ ਕਿਆਂ ਨਾਲ ਉਹਨਾਂ ਦਾ ਸਿਰ-ਵੱਢਵਾਂ ਵੈਰ ਏ। ਏਨੇ ਦਾਬੇ ਨਾਲ ਉਹ ਆਪਣੀ ਲੋੜ ਨੂੰ ਫ਼ਿਕਰ ਕਰਨਗੇ।" ਲੱਖਾ ਸਿੰਘ ਨੇ ਸਾਰੀ ਕਾਰਗੁਜ਼ਾਰੀ ਕਹਿ ਸੁਣਾਈ।

ਪਾਕਸਤਾਨ ਵਾਲਾ ਡਰ ਲੱਖਾ ਸਿੰਘ ਦੇ ਦਿਲ ਵਿਚ ਬਹਿ ਗਿਆ ਸੀ। ਹਾਲਾਤ ਵੀ ਦਿਨੋ-ਦਿਨ ਵਿਗੜਦੇ ਨਜ਼ਰ ਆ ਰਹੇ ਸਨ, ਪਰ ਅੱਗ ਭੜਕਣ ਤੋਂ ਪਹਿਲਾਂ-ਪਹਿਲਾਂ ਉਹਨੇ ਆਪਣਾ ਖਿਲਾਰਾ ਕਾਫ਼ੀ ਹੱਦ ਤਕ ਸਮੇਟ ਲਿਆ। ਖਾਰਾ, ਨੱਥੂਵਾਲਾ, ਬੱਲਾਂਵਾਲਾ, ਤਰਗੇ, ਉਦਾਲੇ ਦੇ ਕਈ ਪਿੰਡਾਂ ਦੇ ਛੋਟੇ ਜ਼ਿਮੀਂਦਾਰਾਂ ਦੀ ਕੁਝ ਜ਼ਮੀਨ ਉਹਦੇ ਕੋਲ ਗਹਿਣੇ ਸੀ। ਕੁਝ ਰਜਿਸਟਰੀਆਂ ਵਿੱਚ ਧੰਨੇ ਸ਼ਾਹ ਭਾਈ-ਵਾਲ ਸੀ ਤੇ ਕੁਝ ਉਹਦੇ ਇਕੱਲੇ ਦੀਆਂ ਸਨ। ਕਈ ਥਾਂਵਾਂ ਤੋਂ ਉਹਨੇ ਕੁਝ ਵੱਧ ਘੱਟ ਕਰਕੇ ਵੀ ਪੈਸੇ ਖਰੇ ਕਰ ਲਏ। ਵਸੂਲ ਹੋਈ ਰਕਮ ਵਧੇਰੇ ਉਹਨੇ ਅੰਮ੍ਰਿਤਸਰ ਬੈਂਕ ਵਿੱਚ ਜਾ ਜਮ੍ਹਾਂ ਕਰਾਈ।

ਫਿਰ ਆਈ ਛੋਟੀਆਂ ਸਾਮੀਆਂ ਦੀ ਵਾਰੀ। ਉਹਨਾਂ ਕੋਲੋਂ ਵੀ ਕੌੜੇ ਫਿੱਕੇ ਹੋ ਕੇ ਲੱਖਾ ਸਿੰਘ ਨੇ ਵੱਧ ਤੋਂ ਵੱਧ ਉਗਰਾਹਿਆ।

ਨੂਰੀ ਕੰਮਿਹਾਰ ਤੇ ਚੂਚਕ ਜੁਲਾਹਾ ਲੱਖਾ ਸਿੰਘ ਦੇ ਪੁਰਾਣੇ ਮੁਜ਼ਾਰੇ ਸਨ। ਕਈ ਸਾਲਾਂ ਤੋਂ ਉਹ ਉਹਦੀ ਪੈਲੀ ਹਿੱਸੇ 'ਤੇ ਬੀਜਦੇ ਆ ਰਹੇ ਸਨ। ਲੱਖਾ ਸਿੰਘ ਨੇ ਤੰਦੂਏ ਵਾਂਗ ਉਹਨਾਂ ਨੂੰ ਅਜੇਹਾ ਆਪਣੀਆਂ ਤਾਰਾਂ ਦੇ ਜਾਲ ਵਿੱਚ ਫਸਾਇਆ ਹੋਇਆ ਸੀ ਕਿ ਉਹ ਸਿਰਫ਼ ਵਾਹੁਣ ਬੀਜਣ ਦੇ ਭਾਈਵਾਲ ਹੀ ਸਨ, ਬੋਹਲ ਸਾਰਾ ਲੱਖਾ ਸਿੰਘ ਦਾ ਹੁੰਦਾ ਸੀ। ਵਾਹੀ ਸ਼ੁਰੂ ਕਰਨ ਵਾਸਤੇ ਲੱਖਾ ਸਿੰਘ ਨੇ ਕਦੇ ਉਹਨਾਂ ਨੂੰ ਬਲਦ ਲੈ ਕੇ ਦਿੱਤੇ ਸਨ। ਦੋਹਾਂ ਘਰਾਂ ਤੋਂ ਸਾਰੀ ਉਮਰ ਓਹਾ ਕਰਜ਼ਾ ਨਾ ਲੱਥਾ। ਟਕਾ ਰੁਪਇਆ ਮਹੀਨੇ ਦਾ ਬਿਆਜ ਤੇ ਹਿਸਾਬ ਹਰ ਛੇਮਾਹੀਂ। ਛੇ ਮਹੀਨੇ ਪਿਛੋਂ ਬਿਆਜ ਨੂੰ ਵੀ ਬਿਆਜ ਸ਼ੁਰੂ ਹੋ ਜਾਣਾ। ਸੋ ਪਿੜ ਵਿੱਚੋਂ ਦੋਹਾਂ ਮੁਜ਼ਾਰਿਆਂ ਨੇ ਚਾਦਰ ਝਾੜ ਕੇ ਹੀ ਤੁਰਨਾ।

ਇਸ ਵਾਰ ਲੱਖਾ ਸਿੰਘ ਵਧੇਰੇ ਸਖ਼ਤ ਹੋ ਗਿਆ। ਉਹਨੇ ਦੋਹਾਂ ਮੁਜ਼ਾਰਿਆਂ ਨੂੰ ਲਾਰਾ ਲਾਇਆ, "ਵੇਖੋ ਭਈ! ਹਿਸਾਬ ਬਹੁਤ ਪੁਰਾਣਾ ਹੋ ਗਿਆ ਏ। ਇਕ ਵਾਰ ਆਪਾਂ ਸਾਰਾ ਮੁਕਾ ਦੇਈਏ। ਨਵੇਂ ਸਿਰਿਓਂ ਅਗਲੇ ਮਹੀਨੇ ਹੀ, ਜਿੰਨਾ ਚਾਹੋਗੇ,

ਮਿਲ ਜਾਏਗਾ।" ਗ਼ਰੀਬ ਮੁਜ਼ਾਰਿਆਂ ਦੀ ਵਿਹਰ ਵੀ ਕਾਹਦੀ ਸੀ। ਨੂਰੀ ਕੋਲ ਇਕ ਬਲਦ ਚੰਗਾ ਸੀ। ਲੱਖਾ ਸਿੰਘ ਨੇ ਭਾਅ ਬਜ਼ਾਰ ਨਾਲੋਂ ਦਸ ਰੁਪੈ ਵੱਧ ਲਾ ਕੇ ਪੇਟੇ ਪਾ ਲਿਆ। ਚੂਚਕ ਦੇ ਅੰਞਾਣਿਆਂ ਨੇ ਛੋਟੀ ਜੇਹੀ ਕੱਟੀ ਲੈ ਕੇ ਪਾਲੀ ਸੀ। ਚੌਹ ਵਰ੍ਹਿਆਂ ਪਿੱਛੋਂ ਉਹ ਮਹਿ ਬਣੀ ਸੀ। ਇਕ ਮਹੀਨੇ ਤਕ ਉਹ ਸੂਣ ਵਾਲੀ ਸੀ। ਲੱਖਾ ਸਿੰਘ ਨੇ ਕਰਜ਼ੇ ਵਿੱਚ ਪੇਟੇ ਪਾ ਲਈ। ਹਾੜ੍ਹੀ ਦੀ ਫ਼ਸਲ ਵਿੱਚੋਂ ਉਹਨੇ ਮੁਜ਼ਾਰਿਆਂ ਵਾਸਤੇ ਪਾ ਦਾਣੇ ਵੀ ਨਾ ਛੱਡੇ। ਪਰ ਕਰਜ਼ਾ ਉਹਨਾਂ ਦਾ ਫੇਰ ਵੀ ਨਾ ਮੁੱਕਾ। ਉਸ ਰਾਤ ਦੋਹਾਂ ਮੁਜ਼ਾਰਿਆਂ ਦੇ ਘਰ ਚੁੱਲ੍ਹੇ ਨਾ ਤਪੇ। ਸਾਰੀ ਰਾਤ ਉਹ ਅੰਞਾਣੇ ਸਿਆਣੇ ਭੁੱਖੇ ਢਿੱਢ ਦੁਆਵਾਂ ਮੰਗਦੇ ਰਹੇ, "ਯਾ ਰੱਬ ਸੱਚਿਆ! ਛੇਤੀ ਬਣਾ ਪਾਕਸਤਾਨ, ਭਲਾ ਅਸੀਂ ਵੀ ਕਿਤੇ ਢਿੱਡ ਭਰ ਕੇ ਰੋਟੀ ਖਾਈਏ, ਜਿਵੇਂ ਲੀਗੀਏ ਆਹੰਦੇ ਨੇ, ਫੇਰ ਸਾਥੋਂ ਹਿੱਸਾ ਵੰਡਾਉਣ ਵਾਲਾ ਕੋਈ ਨਹੀਂ ਹੋਵੇਗਾ।"

ਪਰ ਉਹ ਗ਼ਰੀਬ ਨਹੀਂ ਸਨ ਜਾਣਦੇ ਕਿ ਪਾਕਸਤਾਨ ਬਨਣ ਨਾਲ ਵੀ ਉਹਨਾਂ ਦੀ ਹਾਲਤ ਕੋਈ ਨਹੀਂ ਬਦਲਣੀ। ਓਥੇ ਧੰਨੇ ਸ਼ਾਹ ਤੇ ਲੱਖਾ ਸਿੰਘ ਦੀ ਥਾਂ ਸ਼ਾਹ ਨਿਵਾਜ਼ ਤੇ ਹਦਾਇਤੁੱਲਾ ਲੈ ਲੈਣਗੇ। ਗ਼ਰੀਬ ਦੀ ਹਾਲਤ ਮੁਲਕਾਂ ਦੀਆਂ ਹੱਦਾਂ ਜਾਂ ਸਰਕਾਰਾਂ ਬਦਲਣ ਨਾਲ ਨਹੀਂ, ਰਾਜਸੀ ਤੇ ਸਮਾਜਕ ਪ੍ਰਬੰਧ ਬਦਲਣ ਨਾਲ ਸੁਧਰਿਆ ਕਰਦੀ ਹੈ।

SIKHBOOKCLUB.COM

## ੩੧

ਪਾਕਸਤਾਨ ਬਣ ਗਿਆ। ਨਕਸ਼ੇ ਉੱਤੇ ਇਕ ਨਵੀਂ ਲਕੀਰ ਖਿੱਚੀ ਗਈ। ਹਿੰਦੁਸਤਾਨ ਵੰਡਿਆ ਗਿਆ। ਪੰਜਾਬ ਵੰਡਿਆ ਗਿਆ। ਜ਼ਿਲ੍ਹਾ ਲਾਹੌਰ ਦੀ ਕਸੂਰ ਤਸੀਲ ਵੰਡੀ ਗਈ।

ਲਕੀਰ ਖਿਚੀ ਗਈ ਸੀ ਕਾਗਜ਼ਾਂ ਉੱਤੇ। ਧਰਤੀ ਉੱਤੇ ਉਸ ਦਾ ਕੋਈ ਨਿਸ਼ਾਨ ਭਾਲਿਆਂ ਨਹੀਂ ਸੀ ਮਿਲਦਾ। ਨਾ ਪਹਾੜ, ਨਾ ਦਰਿਆ, ਨਾ ਨਹਿਰ, ਨਾ ਸੜਕ, ਜਿਹੜੀ ਦੋ ਦੇਸ਼ਾਂ ਦੀ ਹੱਦ ਨੂੰ ਪ੍ਰਗਟ ਕਰਦੀ। ਇਕ ਪਾਸੇ ਬਣ ਗਿਆ ਭਾਰਤ, ਇਕ ਪਾਸੇ ਪਾਕਸਤਾਨ। ਹਿੰਦਸਤਾਨ ਦੁਨੀਆਂ ਦੇ ਨਕਸ਼ੇ ਤੋਂ ਮਿਟ ਗਿਆ। ਇਕ ਪਾਸੇ ਪਾਕ ਲੋਕਾਂ ਦਾ ਦੇਸ਼, ਇਕ ਪਾਸੇ ਧਰਮੀਆਂ ਦਾ। 'ਨਾਪਾਕ' ਤੇ 'ਅਧਰਮੀ' ਬੰਦਿਆਂ ਵਾਸਤੇ ਥਾਂ ਨਾ ਰਿਹਾ। ਸੈਂਕੜੇ, ਹਜ਼ਾਰਾਂ, ਲੱਖਾਂ ਲੋਕ ਘਰਾਂ ਤੋਂ ਉਜੜ ਕੇ ਤੁਰ ਪਏ। ਪਿੰਡਾਂ ਦੇ ਪਿੰਡ, ਸ਼ਹਿਰਾਂ ਦੇ ਸ਼ਹਿਰ ਦੋਹੀਂ ਪਾਸੀਂ ਖ਼ਾਲੀ ਹੋ ਗਏ। ਲਾਂਘੇ, ਡੰਡੀਆਂ, ਰਾਹ, ਸੜਕਾਂ ਮੁਰਦਿਆਂ ਜਾਂ ਮੌਤ ਦੇ ਉਡੀਕਵਾਨਾਂ ਨਾਲ ਭਰ ਗਏ। ਲੀਡਰ

ਕਹਿੰਦੇ : ਬਿਨਾਂ ਗੋਲੀ ਦਾਗੇ ਦੇਸ਼ ਆਜ਼ਾਦ ਹੋ ਗਿਆ ਹੈ। ਅਸੀਂ ਖ਼ੂਨੀ ਇਨਕਲਾਬ ਤੋਂ ਬਚ ਗਏ ਹਾਂ। ਹਾਂ, ਸਭ ਸੱਚ ਹੈ। ਲੀਡਰ ਜ਼ਰੂਰ ਬਚ ਗਏ। ਦੋਹਾਂ ਪਾਸਿਆਂ ਦੇ ਬਚ ਗਏ। ਨਾ ਬਚਦੇ ਤਾਂ ਫੇਰ ਕੀ ਬਣਦਾ ? ਫਿਰ ਜਨਤਾ ਦੀ ਸੇਵਾ ਕੌਣ ਕਰਦਾ ? ਗੱਦੀਆਂ ਕੌਣ ਸੰਭਾਲਦਾ ? ਛੱਡੋ ਜੀ, ਰਾਜਾ ਨਿਹਕਲੰਕ ਹੁੰਦਾ ਹੈ। ਰਾਜਾ, ਜੀਹਦੇ ਹੱਥ ਵਿੱਚ ਰਾਜ-ਸੱਤਿਆ ਹੁੰਦੀ ਹੈ। ਤੁਸੀਂ ਜਨਤਾ ਦੀ ਗੱਲ ਕਰੋ। ਜਨਤਾ ? ਕਰੋੜਾਂ ਦੀ ਗਿਣਤੀ ਵਾਲੇ ਦੇਸ ਵਿੱਚ ਕੀ ਫ਼ਰਕ ਪੈਂਦਾ ਹੈ। ਇਕ ਪਾਸੇ ਹਿੰਦੂ ਸਿੱਖ ਮਰੇ, ਕੇਵਲ ਕੁਝ ਲੱਖ। ਇਕ ਪਾਸੇ ਮੁਸਲਮਾਨ ਮਰੇ, ਸਿਰਫ਼ ਕੁਝ ਲੱਖ। ਉਜੜਨ ਵਾਲਿਆਂ ਦੀ ਗਿਣਤੀ ਵੀ ਕਿਹੜੀ ਕਿਤੇ ਅਰਬਾਂ ਸੀ, ਸਿਰਫ਼ ਕੁਝ ਲੱਖ। ਜੀ, ਆਬਾਦੀ ਦੇ ਮੁਕਾਬਲੇ 'ਤੇ ਮਸਾਂ ਆਟੇ ਵਿੱਚ ਲੂਣ। ਤੁਸੀਂ ਸ਼ੁਕਰ ਕਰੋ, ਤੁਹਾਡੇ ਆਗੂ ਬਚ ਗਏ। ਨਹੀਂ ਤਾਂ ਰਾਜ-ਗੱਦੀਆਂ ਸੁੰਞੀਆਂ ਹੀ ਪਈਆਂ ਰਹਿੰਦੀਆਂ। ਫਿਰ 'ਸ਼ਰਨਾਰਥੀਆਂ' ਨੂੰ ਕੌਣ ਸੰਭਾਲਦਾ ? ਵਿਚਾਰਿਆਂ ਦਾ ਕੌਣ ਸੀ ਆਪਣੇ ਆਗੂਆਂ ਤੋਂ ਬਿਨਾਂ।

ਸੂਰਜ ਛਿਪਣ ਵਾਲਾ ਸੀ। ਇਕ ਅਸਵਾਰ ਅਲਾਣੀ ਘੋੜੀ ਭਜਾਈ ਆ ਰਿਹਾ ਸੀ। ਉਹ ਲੱਖਾ ਸਿੰਘ ਦੀ ਹਵੇਲੀ ਵਿੱਚ ਆ ਕੇ ਰੁਕਿਆ। ਉਹਨੇ ਉਤਰ ਕੇ ਘੋੜੀ ਕਿੱਲੇ ਨਾਲ ਅੜਾਈ ਤੇ ਸਿੱਧਾ ਵਸੋਂ ਵਾਲੇ ਘਰ ਵੱਲ ਵਧਿਆ। ਡਿਉਢੀ ਤੋਂ ਅੰਦਰ ਪੈਰ ਧਰਦਿਆਂ ਨਜ਼ਰ ਲੱਖਾ ਸਿੰਘ ਉੱਤੇ ਪਈ। ਆਉਣ ਵਾਲੇ ਦਾ ਰੰਗ ਉਡਿਆ ਹੋਇਆ ਸੀ। ਉਹਨੇ ਉਦਾਸੀ ਹੋਈ ਅਵਾਜ਼ ਵਿੱਚ ਫ਼ਤਹਿ ਬੁਲਾਈ।

"ਆ ਬਹਾਦਰ ਸਿਹਾਂ! ਸੁੱਖ ਤਾਂ ਹੈ ?" ਲੱਖਾ ਸਿੰਘ ਨੇ ਫ਼ਤਹਿ ਦਾ ਜਵਾਬ ਦੇ ਕੇ ਆਉਣ ਵਾਲੇ ਤੋਂ ਪੁੱਛਿਆ।

"ਮਾਸੜਾ! ਕੋਈ ਸੁੱਖ ਨਹੀਂ। ਉਜੜ ਗਏ ਆਂ।" ਕਹਿੰਦਾ ਹੋਇਆ ਬਹਾਦਰ ਸਿੰਘ ਲਾਗੇ ਡਠੇ ਮੰਜੇ ਉੱਤੇ ਡਿੱਗ ਪਿਆ। 'ਬੈਠ ਗਿਆ' ਨਾਲੋਂ ਉਸ ਕਿਰਿਆ ਨੂੰ 'ਡਿਗ ਪਿਆ' ਕਹਿਣਾ ਹੀ ਢੁੱਕਦਾ ਹੈ।

ਬਹਾਦਰ ਸਿੰਘ ਸ਼ਾਮੋ ਦੇ ਪਤਿਅਹੁਰੇ ਦਾ ਪੁੱਤਰ ਸੀ। ਸ਼ਾਮੋ ਲਲਿਆਣੀ ਵਿਆਹੀ ਹੋਈ ਸੀ। ਉਹਦੇ ਸਹੁਰਿਆਂ ਦਾ ਘਰ ਪੱਕੀ ਸੜਕ ਦੇ ਚੜ੍ਹਦੇ ਪਾਸੇ ਕਸੂਰ ਵਾਲੇ ਦਾਅ ਸੀ।

"ਹੈਂ ? ਕੀ ਹੋਇਆ ? ਘਬਰਾਈ ਹੋਈ ਬਸੰਤ ਕੌਰ ਨੇ ਚੌਂਕੇ 'ਚੋਂ ਉਠਦਿਆਂ ਪੁੱਛਿਆ।

"ਮਾਮੀ! ਕੀ ਦੱਸਾਂ। ਸਾਰਾ ਪਿੰਡ ਉਜੜ ਗਿਆ ਏ। ਮਿਲਟਰੀ ਨੇ ਗੋਲੀਆਂ ਨਾਲ ਭੁੰਨ ਦਿੱਤਾ ਏ। ਘਰਾਂ ਦੇ ਘਰ ਸਾੜ ਦਿੱਤੇ ਨੇ। ਮਾਂਵਾਂ ਨੇ ਪੁੱਤ ਨਹੀਂ ਸੰਭਾਲੇ।

ਮੈਥੋਂ ਛੋਟਾ ਤੇ ਕਰਤਾਰਾ ਮੇਰੇ ਸਾਹਮਣੇ ਮਾਰੇ ਗਏ ਨੇ।" ਕਰਤਾਰਾ ਸ਼ਾਮੋ ਦਾ ਜੇਠ ਸੀ। "ਬਹੁਤ ਸਾਰੀਆਂ ਜ਼ਨਾਨੀਆਂ ਪਾਕਸਤਾਨੀ ਚੁੱਕ ਕੇ ਲੈ ਗਏ ਨੇ। ਸੱਚੀ ਗੱਲ ਏ, ਕਿਸੇ ਨੂੰ ਵੀ ਦੂਸਰੇ ਦਾ ਕੋਈ ਪਤਾ ਨਹੀਂ। ਮੈਂ ਖੇਤੋਂ ਆ ਰਿਹਾ ਸਾਂ। ਸੰਤੋਖ ਤੇ ਕਰਤਾਰੇ ਨੂੰ ਡਿਗਦਿਆਂ ਵੇਖ ਕੇ ਮੈਂ ਜੀ-ਭਿਆਣਾ ਓਥੋਂ ਹੀ ਘੋੜੀ ਭਜਾ ਲਿਆਇਆਂ।" ਬਹਾਦਰ ਸਿੰਘ ਇਕੋ ਸਾਹੇ ਕਹੀ ਜਾ ਰਿਹਾ ਸੀ। ਇਉਂ ਭਾਸਦਾ ਸੀ ਜਿਵੇਂ ਮੌਤ-ਭੈਅ ਅਜੇ ਤਕ ਉਹਦੇ ਮਨ ਉੱਤੇ ਭਾਰੂ ਸੀ।

"ਵੇ, ਮੇਰੀ ਸ਼ਾਮੋ ਦੀ ਸੁਣਾ।" ਬਸੰਤ ਕੌਰ ਨੇ ਬੜੀ ਘਬਰਾਹਟ ਵਿੱਚ ਪੁੱਛਿਆ। ਉਹਦਾ ਦਿਲ ਆਪਣੇ ਵੱਸ ਵਿੱਚ ਨਹੀਂ ਸੀ। ਧੜਕਣ ਦੂਣੀ ਨਾਲੋਂ ਵੀ ਵੱਧ ਗਈ ਸੀ।

"ਮਾਸੀ। ਕੀ ਦੱਸਾਂ ? ਮੈਂ ਕੁਝ ਨਹੀਂ ਵੇਖਿਆ। ਰਾਹ ਵਿੱਚ ਆਪਣਾ ਗਵਾਂਢੀ ਰਾਮੇ ਸ਼ਾਹ ਮਿਲਿਆ ਸੀ। ਉਹ ਵੀ ਸਿਰੋਂ ਪੈਰੋਂ ਨੰਗਾ ਰੋਂਦਾ ਭੱਜਾ ਆ ਰਿਹਾ ਸੀ। ਉਹਦੀ ਖੱਬੀ ਬਾਂਹ ਵਿੱਚ ਦੀ ਗੋਲੀ ਲੰਘੀ ਹੋਈ ਸੀ। ਉਹਨੇ ਸਭ ਕੁਝ ਦੱਸਿਆ। ਉਹਦੀ ਵਹੁਟੀ ਨੂੰ ਪਾਕਸਤਾਨੀ ਚੁੱਕ ਕੇ ਲੈ ਗਏ ਨੇ। ਉਹਨੇ ਦੱਸਿਆ, ਸ਼ੰਗਾਰਾ ਤੇ ਬਾਬਾ ਮੱਖਣ ਸੁੰਹ ਆਪਣੇ ਬੂਹੇ ਅੱਗੇ ਲੜਦੇ ਮਾਰੇ ਗਏ ਸਨ। ਤਾਈ ਜਵਾਲੀ ਵੀ ਇਕ ਗੋਲੀ ਖਾ ਕੇ ਮਰ ਗਈ। ਸ਼ਾਮ ਕੌਰ ਤੇ ਉਹਦੀ ਨਨਾਣ ਨੂੰ ਮਿਲਟਰੀ ਵਾਲੇ ਚੁੱਕ ਕੇ ਲੈ ਗਏ।"

ਸ਼ੰਗਾਰਾ ਸਿੰਘ ਸ਼ਾਮੋ ਦਾ ਮਾਲਕ ਸੀ। ਮੱਖਣ ਸਿੰਘ ਤੇ ਜਵਾਲੀ ਸ਼ੰਗਾਰਾ ਸਿੰਘ ਦਾ ਮਾਂ ਪਿਉ ਸੀ।

"ਹਾਇ ਮੈਂ ਲੁੱਟੀ ਗਈ। ਮੇਰੀ ਸ਼ਾਮੋ।" ਬਸੰਤ ਕੌਰ ਨੇ ਕਲੇਜੇ ਵਿੱਚ ਦੁਹੱਥੜ ਮਾਰੀ ਤੇ ਉਹ ਬੇਹੋਸ਼ ਹੋ ਕੇ ਡਿੱਗ ਪਈ।

"ਫੜੋ, ਫੜੋ। ਮਾਸੀ ਨੂੰ ਕੀ ਹੋ ਗਿਆ ?" ਬਹਾਦਰ ਸਿੰਘ ਘਬਰਾ ਕੇ ਉਠ ਬੈਠਾ।

"ਹਾਏ, ਮਾਂ ਜੀ!" ਸੁਖਬੀਰ ਚੌਕੇ ਵਿੱਚੋਂ ਚੀਕਦੀ ਉਠ ਭੱਜੀ।

"ਧੀਰਜ ਨਾਲ ਸੰਭਾਲੋ।" ਲੱਖਾ ਸਿੰਘ ਨੇ ਦੂਸਰਿਆਂ ਨੂੰ ਕਿਹਾ, ਭਾਵੇਂ ਉਹਦੇ ਆਪਣੇ ਮਨ ਵਿੱਚ ਧੀਰਜ ਨਹੀਂ ਸੀ ਰਹੀ।

ਬਸੰਤ ਕੌਰ ਨੂੰ ਚੁੱਕ ਕੇ ਮੰਜੇ 'ਤੇ ਪਾਇਆ ਗਿਆ। ਉਹਦੇ ਚਿਹਰੇ 'ਤੇ ਪਾਣੀ ਦੇ ਛੱਟੇ ਮਾਰੇ ਤੇ ਦੋ ਚਮਚੇ ਮੂੰਹ ਵਿੱਚ ਪਾਇਆ। ਬਸੰਤ ਕੌਰ ਦੀ ਹੋਸ਼ ਪਰਤੀ ਤੇ ਉਹਦੇ ਮੂੰਹੋਂ 'ਹਾਏ ਮੇਰੀ ਸ਼ਾਮੋ' ਨਿਕਲਿਆ।

"ਹਰਨਾਮ ਦੀ ਮਾਂ! ਏਸ ਤਰ੍ਹਾਂ ਦਿਲ ਛੱਡਿਆਂ ਨਹੀਂ ਸਰਨਾ। ਜ਼ਰਾ ਹੌਸਲਾ ਕਰ। ਹੋ ਸਕਦਾ ਏ, ਸ਼ਾਮੋ ਤੇ ਸ਼ਿੰਗਾਰਾ ਠੀਕ ਈ ਹੋਣ। ਬਹਾਦਰ ਸੂੰਹ ਨੇ ਕਿਹੜਾ ਅੱਖੀਂ ਡਿੱਠਾ ਏ ?" ਲੱਖਾ ਸਿੰਘ ਨੇ ਉਹਨੂੰ ਹੌਸਲਾ ਦੇਂਦਿਆਂ ਕਿਹਾ।

"ਨਾ, ਮੈਂ ਅੱਖੀਂ ਕੁਝ ਨਹੀਂ ਵੇਖਿਆ ? ਰੱਬ ਕਰੇ, ਉਹ ਦੋਵੇਂ ਰਾਜ਼ੀ-ਬਾਜ਼ੀ ਹੋਣ।" ਬਹਾਦਰ ਸਿੰਘ ਨੇ ਵੀ ਹਾਮੀ ਭਰ ਦਿੱਤੀ, "ਪਰ ਤੁਸੀਂ ਹੁਣ ਆਪਣਾ ਫ਼ਿਕਰ ਕਰੋ। ਮੈਂ ਤੁਹਾਨੂੰ ਹੁਸ਼ਿਆਰ ਕਰਨ ਵਾਸਤੇ ਏਧਰ ਆਇਆਂ। ਅੱਧੀ ਰਾਤ ਤੋਂ ਪਹਿਲਾਂ-ਪਹਿਲਾਂ ਤੁਹਾਡੇ ਉੱਤੇ ਹਮਲਾ ਹੋ ਜਾਣਾ ਜੇ। ਹਠਾੜ ਦੇ ਪਿੰਡ ਬੁਗਰੀ, ਭੀਲ੍ਹਾ, ਭਾਲ੍ਹਾ ਸਭ ਉਜਾੜ ਦਿੱਤੇ ਗਏ ਨੇ। ਅੱਜ ਤੁਹਾਡੀ ਵਾਰੀ ਏ। ਕਸੂਰ ਦੇ ਮੁਸਲਮਾਨਾਂ ਦੇ ਨਾਲ ਪਾਕਸਤਾਨੀ ਫ਼ੌਜ ਵੀ ਹੋਵੇਗੀ। ਅੱਧੀ ਰਾਤੋਂ ਪਹਿਲਾਂ-ਪਹਿਲਾਂ ਇਹ ਤੁਹਾਡੇ ਸਾਰੇ ਪਿੰਡ ਤਬਾਹ ਕਰ ਦਿੱਤੇ ਜਾਣਗੇ। ਤੁਸੀਂ ਜਾਨਾਂ ਬਚੋਣ ਦੀ ਕਰੋ। ਤਰਦਾ-ਤਰਦਾ ਸਾਮਾਨ ਚੁੱਕੋ, ਤੇ ਤੁਰਨ ਦੀ ਕਰੋ।"

ਹੋਰ ਕੋਈ ਚਾਰਾ ਵੀ ਨਹੀਂ ਸੀ। ਸਾਰੇ ਪਿੰਡ ਵਿੱਚ ਹਲਚਲ ਮੱਚ ਗਈ। ਸਾਰੇ ਘਰ ਛੱਡ ਕੇ ਨੱਸਣ ਦੀ ਤਿਆਰੀ ਕਰ ਰਹੇ ਸਨ। ਲੱਖਾ ਸਿੰਘ ਕਿਆਂ ਵੀ ਸਾਮਾਨ ਗੱਡ ਉੱਤੇ ਲਦਿਆ ਤੇ ਘਰ ਛੱਡ ਕੇ ਤੁਰ ਪਏ। ਬਸੰਤ ਕੌਰ ਤੇ ਦੋਵੇਂ ਬਾਲ ਗੱਡ ਉੱਤੇ ਬਹਿ ਗਏ। ਬਾਕੀ ਸਾਰਾ ਪਰਵਾਰ ਮਗਰ ਲੱਗ ਤੁਰਿਆ।

ਤੁਰਨ ਲਗਿਆਂ ਲੱਖਾ ਸਿੰਘ ਨੇ ਪੁੱਛਿਆ, "ਫੁੰਡਿਆ! ਤੂਹਾਨੂੰ ਤਾਂ ਸ਼ੈਦ ਕੋਈ ਕੁਝ ਨਾ ਆਖੇ। ਤੇਰੀ ਸਲਾਹ ਹੋਵੇ, ਤਾਂ ਤੂੰ ਏਥੇ ਹੀ ਰਹਿ ਪਉ।"

"ਨਹੀਂ ਸਰਦਾਰ! ਆਪਾਂ ਤਾਂ ਤੇਰੇ ਨਾਲ ਜਿਉਣ ਮਰਨ ਦੀ ਸਾਂਝ ਪਾ ਲਈ ਏ। ਜਿੱਥੇ ਤੂ ਓਥੇ ਮੈਂ।" ਫੁੱਡਾ ਤੇ ਰਾਜੋ ਵੀ ਗੱਡ ਦੇ ਅੱਗੇ ਲੱਗ ਤੁਰੇ।

ਉਹ ਰੋਹੀ ਟੱਪ ਕੇ ਖੇਮਕਰਨ ਦੇ ਰਾਹੇ ਪੈ ਗਏ। ਹੱਦੋਂ ਪਾਰ ਹੋ ਕੇ ਉਹਨਾਂ ਕੁਝ ਦਿਲ ਧਰਿਆ। ਸਗੋਂ ਪੌਣਾ ਮੀਲ ਤਾਂ ਹੱਦ ਸੀ ਓਥੋਂ। ਪਹਿਰ ਡੂਢ ਪਹਿਰ ਰਾਤ ਗਈ ਤਕ ਉਹ ਖੇਮਕਰਨ ਜਾ ਪੁੱਜੇ।

"ਸੁਖਬੀਰ! ਗੱਡ ਰੋਕ ਦਿਹੋ। ਮੈਨੂੰ ਹੇਠਾਂ ਉਤਾਰ ਦਿਹੋ। ਮੇਰਾ ਦਿਲ ਘਟ ਰਿਹਾ ਏ। ਨਾਲੇ ਏਥੇ ਹੁਣ ਕੋਈ ਡਰ ਨਹੀਂ।" ਬਸੰਤ ਕੌਰ ਨੇ ਕਮਜ਼ੋਰ ਜੇਹੀ ਸੁਰ ਵਿੱਚ ਕਿਹਾ।

ਉਹ ਖ਼ਤਰੇ ਦੀ ਹੱਦ ਤੋਂ ਬਾਹਰ ਆ ਗਏ ਸਨ। ਖੇਮਕਰਨ ਤੋਂ ਪਾਸੇ-ਪਾਸੇ ਲੰਘ ਕੇ ਉਹਨਾਂ ਚੜ੍ਹਦੇ ਪਾਸੇ ਗੱਡ ਜਾ ਰੋਕੀ। ਬਸੰਤ ਕੌਰ ਨੂੰ ਉਤਾਰ ਕੇ ਉਹਨਾਂ ਭੋਇ 'ਤੇ ਲੀੜਾ ਸੁੱਟ ਕੇ ਲਿਟਾ ਦਿੱਤਾ। ਸੁਖਬੀਰ ਕੋਲ ਬਹਿ ਕੇ ਉਹਨੂੰ ਨੱਪਣ ਲਗਾ

ਪਈ। ਹਰਨਾਮ ਨੇ ਲਾਗੇ ਹੋਰ ਲੀੜਾ ਵਿਛਾ ਕੇ ਦੋਹਾਂ ਬੱਚਿਆਂ ਨੂੰ ਸੁਆ ਦਿੱਤਾ।

ਰਾਤ ਦੀ ਰੋਟੀ ਅਜੇ ਪੱਕੀ ਨਹੀਂ ਸੀ, ਜਾਂ ਉਹਨਾਂ ਨੂੰ ਘਰ ਛੱਡ ਕੇ ਨੱਸਣਾ ਪੈ ਗਿਆ ਸੀ। ਉਹ ਰਾਤ ਸਾਰਿਆਂ ਭੁੱਖਿਆਂ ਤਿਹਾਇਆਂ ਕੱਟੀ। ਬੜੀ ਲੰਮੀ ਰਾਤ। ਘੜੀਆਂ ਪਲਾਂ ਦੇ ਹਿਸਾਬ ਭਾਵੇਂ ਉਹ ਰਾਤ ਯਾਰਾਂ ਘੰਟਿਆਂ ਦੀ ਸੀ, ਪਰ ਸੁੱਤਿਆਂ ਤੇ ਜਾਗਦਿਆਂ, ਦੁੱਖੀਆਂ ਤੇ ਸੁੱਖੀਆਂ ਦੀਆਂ ਰਾਤਾਂ ਇਕੋ ਜੇਹੀਆਂ ਨਹੀਂ ਹੁੰਦੀਆਂ। ਨਾ ਹੀ ਉਹਨਾਂ ਦੀ ਲੰਬਾਈ ਘੜੀਆਂ ਨਾਲ ਮਿਣੀ ਜਾ ਸਕਦੀ ਹੈ। ਉਹਨਾਂ ਵਾਸਤੇ ਉਹ ਰਾਤ ਬਹੁਤ ਲੰਮੀ ਸੀ, ਜੁੱਗਾਂ ਜਿੱਡੀ ਲੰਮੀ।

"ਮਾਂ ਮਰ ਜੈ! ਸ਼ਾਮੋ! ਤੇਰੇ ਨਾਲ ਕੀ ਬਣੀਆਂ ?" ਬਸੰਤ ਕੌਰ ਦੇ ਮੂੰਹੋਂ ਲੰਮੀ ਸਾਰੀ ਚੀਕ ਨਿਕਲ ਗਈ, ਜੋ ਸੁਣਨ ਵਾਲਿਆਂ ਦੇ ਵੀ ਹਿਰਦੇ ਚੀਰ ਗਈ।

"ਮਾਂ ਜੀ!" ਸੁਖਬੀਰ ਨੇ ਸੱਸ ਦੇ ਚਿਹਰੇ ਉੱਤੇ ਝੁਕ ਕੇ ਕਿਹਾ, "ਹੌਸਲਾ ਕਰੋ। ਮੇਰਾ ਦਿਲ ਆਹੰਦਾ ਏ, ਬੀਬੀ ਨੂੰ ਸੱਤੇ ਖ਼ੈਰੀਂ ਨੇ। ਵੇਖ ਲੈਣਾ, ਦੂਜੇ ਚੌਥੇ ਦਿਨ ਤਕ ਉਹ ਸਾਨੂੰ ਆ ਮਿਲਨਗੇ।" ਸੁਖਬੀਰ ਸੱਸ ਨੂੰ ਹੌਸਲਾ ਦੇ ਰਹੀ ਸੀ, ਪਰ ਉਹਦੇ ਆਪਣੇ ਹੰਝੂ ਬੇ-ਮੁਹਾਰੇ ਵਹਿ ਰਹੇ ਸਨ।

"ਹਾਂ, ਮੇਰੀ ਸ਼ਾਮੋ ਦਾ ਗੁਰੂ ਰਾਖਾ ਏ। ਰੱਬ ਕਰੇ, ਉਹਨੂੰ ਤੱਤੀ ਵਾਅ ਨਾ ਲੱਗੇ।" ਬਸੰਤ ਕੌਰ ਨੇ ਵੀ ਆਪਣੇ ਆਪ ਨੂੰ ਹੌਸਲਾ ਦੇਣ ਦੇ ਇਰਾਦੇ ਨਾਲ ਕਿਹਾ। "ਤੇਰਾ ਬਾਪੂ ਕਿੱਥੇ ਆ ?"

"ਮੈਂ ਵੇਖ੍ਹਾਂ ਤੇਰੇ ਕੋਲ।" ਲੱਖਾ ਸਿੰਘ ਲਾਗੇ ਹੀ ਦੂਜੇ ਪਾਸੇ ਮੂੰਹ ਕਰਕੇ ਲੇਟਿਆ ਹੋਇਆ ਸੀ। ਉਹ ਉਠ ਕੇ ਉਹਦੇ ਕੋਲ ਆ ਬੈਠਾ। "ਹੌਸਲਾ ਕਰ ਖਾਂ। ਅਸੀਂ ਸਾਰੇ ਤੇਰੇ ਕੋਲ ਆਂ। ਹਰਨਾਮ ਤੇ ਸਰਵਣ ਦੂਜੇ ਪਾਸੇ ਲੇਟੇ ਹੋਏ ਨੇ। ਸੁਖਬੀਰ ਤੇਰੇ ਕੋਲ ਬੈਠੀ ਏ। ਸੁਖਵਿੰਦਰ ਤੇ ਗੁੱਡੀ ਤੇਰੇ ਨਾਲ ਸੁੱਤੇ ਪਏ ਨੇ।"

"ਰਾਜੋ ਵੀ ਆ ਗਈ ਏ ?" ਬਸੰਤ ਕੌਰ ਨੇ ਸੁਖਬੀਰ ਦਾ ਹੱਥ ਫੜ ਕੇ ਪੁੱਛਿਆ।

"ਸਰਦਾਰਨੀ!" ਮੈਂ ਤੈਨੂੰ ਛੱਡ ਕੇ ਕਿੱਥੇ ਰਹਿਣਾ ਸੀ। ਮੈਂ ਵੇਖ੍ਹਾਂ ਤੇਰੇ ਕੋਲ। ਤੂੰ ਹੌਸਲਾ ਕਰ।" ਰਾਜੋ ਵੀ ਉਠ ਕੇ ਉਹਦੇ ਪੈਰਾਂ ਵੱਲ ਨੇੜੇ ਆ ਬੈਠੀ।

"ਆਪਾਂ ਹੁਣ ਕਿੱਥੇ ਆਂ ?" ਬਸੰਤ ਕੌਰ ਨੇ ਤਸੱਲੀ ਕਰਨ ਵਾਸਤੇ ਪੁੱਛਿਆ। ਉਹਨੂੰ ਏਨਾ ਯਾਦ ਸੀ ਕਿ ਉਹ ਘਰ ਛੱਡ ਆਏ ਹਨ, ਪਰ ਇਹ ਪਤਾ ਨਹੀਂ ਸੀ ਕਿ ਇਸ ਵੇਲੇ ਉਹ ਕਿੱਥੇ ਹਨ। ਉਹਦੀ ਸਾਰੀ ਸੁਰਤ ਸ਼ਾਮੋ ਨੇ ਮੱਲੀ ਹੋਈ ਸੀ।

"ਖੇਮਕਰਨ।" ਲੱਖਾ ਸਿੰਘ ਨੇ ਥੋੜ੍ਹਾ ਜੇਹਾ ਅੱਗੇ ਝੁੱਕ ਕੇ ਕਿਹਾ, "ਦਿਨੇ


WWW.SIKHBOOKCLUB.COM

ਦੁਪਹਿਰ ਤਕ ਆਪਾਂ ਛਿੱਬੀ ਪੁਰੇ ਚੱਲ ਅਪੜਾਂਗੇ। ਆਪਣਾ ਜਰਨੈਲ ਓਥੇ ਲੱਗਾ ਹੋਇਆ ਏ। ਬੂਰਿਆਂ ਤੋਂ ਉਹਦੀ ਬਦਲੀ ਹੋ ਗਈ ਸੀ।"

"ਯਾਦ ਆਇਆ। ਵੱਸੋਂ ਵਾਲੇ ਅੰਦਰ ਕੁਝ ਚਾਂਦੀ ਦੇ ਰੁਪਈਏ ਦੱਬੇ ਹੋਏ ਸਨ। ਉਹ ਕੱਢ ਲਿਆਂਦੇ ਜੇ ?" ਬਸੰਤ ਕੌਰ ਨੂੰ ਅਚਨਚੇਤ ਚੇਤਾ ਆ ਗਿਆ।

"ਉਹ ਹੋ, ਤੇਰੇ ਫ਼ਿਕਰ ਵਿੱਚ ਉਹਨਾਂ ਦਾ ਚੇਤਾ ਈ ਨਹੀਂ ਸੀ ਰਿਹਾ। ਲੈ ਹੁਣ ਮੰਗਾ ਲੈਂਦੇ ਆਂ।" ਸੱਚ-ਮੁਚ ਲੱਖਾ ਸਿੰਘ ਨੂੰ ਚੇਤਾ ਭੁੱਲ ਗਿਆ ਸੀ।

"ਭਈ ਛੁੱਡਿਆ। ਲੈ, ਸ਼ੇਰ ਬਣ। ਸ਼ੈਦ ਅਜੇ ਓਥੇ ਫ਼ੌਜ ਨਾ ਆਈ ਹੋਵੇ। ਅਖੇ: ਮਰਦਾਂ ਅਤੇ ਘੋੜਿਆਂ ਕੰਮ ਪੈਣ ਅਵੱਲੇ। ਹਿੰਮਤ ਕਰ। ਵੱਸੋਂ ਵਾਲੇ ਅੰਦਰ ਬੂਹੇ ਦੇ ਖੱਬੇ ਪਾਲੇ ਦਲ੍ਹੀਜ ਤੋਂ ਇਕ ਗਿੱਠ ਦੂਰ, ਇਕ ਇੱਟ ਪੁੱਟੇਂਗਾ ਤਾਂ ਹੇਠਾਂ ਮਿੱਟੀ ਦਾ ਮੱਘਾ ਦੱਬਿਆ ਹੋਇਆ ਈ। ਘੋੜੀ ਲੈ ਜਾ। ਬੱਸ, ਜਾਂ ਓਥੇ, ਜਾਂ ਐਥੇ।" ਲੱਖਾ ਸਿੰਘ ਨੇ ਛੁੱਡੇ ਨੂੰ ਹਲਾ-ਸ਼ੇਰੀ ਦੇਂਦਿਆਂ ਕਿਹਾ।

ਛੁੱਡਾ ਬੜਾ ਆਗਿਆਕਾਰ ਸੀ। ਉਹ ਓਸੇ ਵੇਲੇ ਘੋੜੀ 'ਤੇ ਚੜ੍ਹ ਕੇ ਟੁਰ ਪਿਆ। ਸੂਰਜ ਚੜ੍ਹਨ ਤੋਂ ਪਹਿਲਾਂ ਹੀ ਉਹ ਘਰ ਪਹੁੰਚ ਗਿਆ। ਦੱਸੀ ਥਾਂ ਤੋਂ ਪੁਟ ਕੇ ਉਹਨੇ ਰੁਪੈ ਕੱਢ ਲਏ, ਪਰ ਉਹਨੂੰ ਸਮੇਂ ਨੇ ਵਾਪਸ-ਮੁੜਨ ਦੀ ਮੁਹਲਤ ਨਾ ਦਿੱਤੀ। ਐਨ ਓਸੇ ਵੇਲੇ ਪਾਕਸਤਾਨੀ ਮਿਲਟਰੀ ਓਥੇ ਆ ਪੁੱਜੀ। ਛੁੱਡਾ ਘੋੜੀ ਉੱਤੇ ਚੜ੍ਹਿਆ ਹੀ ਸੀ ਜਾਂ 'ਪਾਕਿਸਤਾਨ ਜ਼ਿੰਦਾਬਾਦ' ਦੀ ਅਵਾਜ਼ ਦੇ ਨਾਲ ਹੀ ਗੋਲੀ ਉਹਦੀ ਹਿੱਕ ਵਿੱਚ ਆ ਲੱਗੀ। ਚਾਂਦੀ ਦੇ ਕੁਝ ਛਿੱਲੜਾਂ ਨੇ ਇਕ ਵਫ਼ਾਦਾਰ ਕਾਮੇ ਦੀ ਜਾਨ ਲੈ ਲਈ। ਤੇ ਲੱਖਾ ਸਿੰਘ ਕੁਝ ਰੁਪਇਆਂ ਦੇ ਲਾਲਚ ਵਿੱਚ ਘੋੜੀ ਵੀ ਦੇ ਬੈਠਾ। ਅਗਲੇਰੇ ਦਿਨ ਇਹ ਸਾਰੀ ਖ਼ਬਰ ਲੱਖਾ ਸਿੰਘ ਦੇ ਪਰਵਾਰ ਤਕ ਪੁੱਜ ਗਈ। ਛੁੱਡੇ ਦੀ ਮੌਤ ਉੱਤੇ ਅੱਖਾਂ ਵਿੱਚੋਂ ਸਿਰਫ਼ ਚਾਰ ਹੰਝੂ ਡੁੱਲ੍ਹੇ, ਦੋ ਅੱਖਾਂ ਰਾਜੋ ਦੀਆਂ ਤੇ ਦੋ ਬਸੰਤ ਕੌਰ ਦੀਆਂ। ਬਾਕੀ ਸਭ ਨੇ ਸਿਰਫ਼ ਜ਼ਬਾਨੀ ਅਫ਼ਸੋਸ ਕੀਤਾ।

ਜਰਨੈਲ ਸਿੰਘ ਨੂੰ ਤਿੰਨ ਮਹੀਨੇ ਪਿੱਛੋਂ ਹੀ ਬੂਰਿਆਂ ਤੋਂ ਛਿੱਬੀਪੁਰੇ ਤਬਦੀਲ ਕਰ ਦਿੱਤਾ ਗਿਆ ਸੀ। ਉਹਨੇ ਆਪਣਾ ਦਫ਼ਤਰ ਤੇ ਰਿਹਾਇਸ਼ ਉੱਥੇ ਹੀ ਚੌਧਰੀਆਂ ਦੀ ਬੈਠਕ ਵਿੱਚ ਰੱਖੀ ਹੋਈ ਸੀ।

ਦਿਨ ਢਲਦੇ ਤਕ ਲੱਖਾ ਸਿੰਘ ਹੋਰੀਂ ਉਹਦੇ ਕੋਲ ਜਾ ਪਹੁੰਚੇ।

ਚੌਧਰੀ ਹਬੀਬੁੱਲਾ ਦੀ ਹਵੇਲੀ ਛਿੱਬੀਪੁਰ ਸੜਕ ਤੋਂ ਲਹਿੰਦੇ ਪਾਸੇ ਬਾਗ਼ ਦੇ ਸਾਹਮਣੇ ਸੀ। ਓਸੇ ਦੀ ਬੈਠਕ ਵਿੱਚ ਜਰਨੈਲ ਸਿੰਘ ਰਹਿੰਦਾ ਸੀ। ਛਿੱਬੀਪੁਰੇ ਦੇ ਮੁਸਲਮਾਨ ਦੋ ਦਿਨ ਪਹਿਲਾਂ ਪਿੰਡ ਛੱਡ ਕੇ ਨਿਕਲੇ ਸਨ। ਹਬੀਬੁੱਲਾ ਘਰ ਦੀਆਂ

ਚਾਬੀਆਂ ਜਰਨੈਲ ਸਿੰਘ ਨੂੰ ਫੜਾ ਗਿਆ ਸੀ। ਓਦੋਂ ਕੋਈ ਵੀ ਨਹੀਂ ਸੀ ਜਾਣਦਾ ਕਿ ਇਕ ਵਾਰ ਘਰਾਂ ਤੋਂ ਨਿਕਲ ਕੇ ਉਹਨਾਂ ਵਾਪਸ ਨਹੀਂ ਆਉਣਾ। ਹਰ ਇਕ ਘਰ ਛੱਡ ਕੇ ਤੁਰਨ ਵਾਲਾ ਕਿਸੇ ਭਰੋਸੇ ਵਾਲੇ ਗਵਾਂਢੀ ਨੂੰ ਸੌਂਪਣਾ ਕਰਕੇ ਤੁਰਦਾ ਸੀ। ਹਬੀਬੁੱਲਾ ਦੀ ਸਾਰੀ ਹਵੇਲੀ ਉੱਤੇ ਜਰਨੈਲ ਸਿੰਘ ਦਾ ਕਬਜ਼ਾ ਸੀ।

ਜਰਨੈਲ ਸਿੰਘ, ਲੱਖਾ ਸਿੰਘ ਦੇ ਸਾਰੇ ਪਰਵਾਰ ਨੂੰ ਥਾਂ ਪਰ ਥਾਂ ਆਦਰ ਸਤਕਾਰ ਨਾਲ ਮਿਲਿਆ। ਉਹਨੇ ਹਵੇਲੀ ਦੀਆਂ ਚਾਬੀਆਂ ਲੱਖਾ ਸਿੰਘ ਨੂੰ ਫੜਾਉਂਦਿਆਂ ਕਿਹਾ, "ਬਾਬਾ ਜੀ! ਅਹਿ ਸੰਭਾਲੋ। ਅਗ੍ਹਾਂ ਜਿਵੇਂ ਹੋਵੇਗੀ, ਮੈਂ ਆਪੇ ਨਜਿੱਠ ਲਵਾਂਗਾ। ਤੁਸੀਂ ਚੌਧਰੀ ਦੀ ਹਵੇਲੀ ਤੇ ਜ਼ਮੀਨ ਉੱਤੇ ਕਬਜ਼ਾ ਕਰੋ।"

ਉਹਨਾਂ ਦੀ ਇਕ ਮੁਸ਼ਕਲ ਹੱਲ ਹੋ ਗਈ, ਸਿਰ ਲੁਕਾਉਣ ਨੂੰ ਟਿਕਾਣਾ ਮਿਲ ਗਿਆ। ਸਾਮਾਨ ਨਾਲ ਭਰਿਆ ਹੋਇਆ ਘਰ ਉਹਨਾਂ ਦੇ ਕਬਜ਼ੇ ਵਿੱਚ ਆ ਗਿਆ। ਹਰਨਾਮ ਤੇ ਸਰਵਣ ਨੇ ਬਾਹਰ ਖੜੀ ਫ਼ਸਲ ਉੱਤੇ ਵੀ ਕਬਜ਼ਾ ਕਰ ਲਿਆ ਪਰ ਬਸੰਤ ਕੌਰ ਦੀ ਹਾਲਤ ਨਾ ਸੁਧਰੀ, ਸਗੋਂ ਪਲ-ਪਲ ਖ਼ਤਰਾ ਵਧਦਾ ਹੀ ਜਾ ਰਿਹਾ ਸੀ।

ਬਸੰਤ ਕੌਰ ਮੁਸਲਮਾਨਾਂ ਦੇ ਰੰਗੀਲੇ ਪਾਵਿਆਂ ਵਾਲੇ ਪਲੰਘ ਉੱਤੇ ਲੇਟੀ ਹੋਈ ਸੀ। ਅੱਜ ਚੌਥਾ ਦਿਨ ਬੀਤ ਰਿਹਾ ਸੀ। ਉਹਦੀ ਜ਼ਿੰਦਗੀ ਸਿਰਫ਼ ਚਾਰ ਘੁੱਟਾਂ ਪਾਣੀ ਉੱਤੇ ਚੱਲ ਰਹੀ ਸੀ। ਸਾਰਾ ਪਰਵਾਰ ਤਰਲੇ ਕਰਦਾ ਕਿ ਉਹ ਹੌਸਲਾ ਕਰੇ, ਕੁਝ ਥੋੜ੍ਹਾ ਬਹੁਤਾ ਮੂੰਹ ਵਿੱਚ ਪਾਵੇ। ਅੱਗੋਂ ਬਸੰਤ ਕੌਰ ਇਕੋ ਉੱਤਰ ਦੇਂਦੀ "ਅੰਦਰ ਮੰਗਦਾ ਕੁਝ ਨਹੀਂ। ਸ਼ਾਮੋਂ ਦੇ ਗ਼ਮ ਨਾਲ ਭਰਿਆ ਪਿਆ ਏ। ਰੋਟੀ ਕਿੱਥੇ ਪਾਵਾਂ ? ਨਾਲ ਹੁਣ ਜਿਉਣ ਦੀ ਰੀਝ ਮੁਕ ਗਈ ਏ। ਅਫ਼ਸੋਸ, ਏਹਾ ਮੌਤ ਦਸ ਦਿਨ ਪਹਿਲਾਂ ਆ ਜਾਂਦੀ ਤਾਂ ਮੈਂ ਸ਼ਾਂਤੀ ਨਾਲ ਮਰ ਸਕਦੀ। ਹੁਣ ਬੱਸ!"

ਘਰ ਦੇ ਜੀਅ ਵੀ ਸਮਝ ਗਏ ਸਨ ਕਿ ਬਸੰਤ ਕੌਰ ਦਾ ਬਚਣਾ ਔਖਾ ਜਾਪ ਰਿਹਾ ਹੈ। ਲੱਖਾ ਸਿੰਘ ਅਲਗੋਂ ਤੋਂ ਜਾ ਕੇ ਡਾਕਟਰ ਨੂੰ ਲਿਆਇਆ। ਹਾਂ, ਉਹ ਆਪਣੇ ਆਪ ਨੂੰ ਡਾਕਟਰ ਅਖਵਾਉਂਦਾ ਸੀ, ਕਿਉਂਕਿ ਉਹ ਬਿਨਾਂ ਝਿਜਕ ਟੀਕਾ ਲਾਉਣ ਵਾਲੀ ਸੂਈ ਰੋਗੀ ਦੇ ਮਾਸ ਵਿੱਚ ਖੁਭੋ ਸਕਦਾ ਸੀ। ਉਹ ਨਸ਼ਤਰ ਮਾਰ ਕੇ ਕੱਚਾ ਫੋੜਾ ਚੀਰ ਸਕਦਾ ਸੀ, ਤੇ ਜੰਬੂਰ ਨਾਲ ਕਿਸੇ ਦਾ ਨਵਾਂ ਨਰੋਆ ਦੰਦ ਕੱਢ ਸਕਦਾ ਸੀ। ਉਹਦੇ ਖ਼ਿਆਲ ਵਿੱਚ, ਡਾਕਟਰ ਅਖਵਾਉਣ ਵਾਸਤੇ ਇਸ ਤੋਂ ਵੱਧ ਕਿਸੇ ਗੁਣ ਦੀ ਲੋੜ ਨਹੀਂ ਸੀ।

"ਹਰਨਾਮ ਦਾ ਬਾਪੂ! ਹੁਣ ਡਾਕਦਾਰਾਂ ਦੀ ਲੋੜ ਨਹੀਂ। ਅੱਜ ਦਾ ਦਿਨ ਏ,


WWW.SIKHBOOKCLUB.COM

ਬੱਸ। ਮੇਰੇ ਕੋਲ ਬਹਿ ਕੇ ਗੱਲਾਂ ਕਰੋ।" ਬਸੰਤ ਕੌਰ ਨੂੰ ਆਪਣੀ ਮੌਤ ਸਾਹਮਣੇ ਨਜ਼ਰ ਆ ਰਹੀ ਸੀ।

"ਗੱਲਾਂ ਚੰਗੀਆਂ-ਚੰਗੀਆਂ ਕਰੀਂ ਨਾ ਤੂੰ।" ਲੱਖਾ ਸਿੰਘ ਨੇ ਕੁਰਸੀ ਨੇੜੇ ਸਰਕਾਉਂਦਿਆਂ ਕਿਹਾ।

"ਕੀ ਪਤਾ ਤੁਹਾਨੂੰ ਚੰਗੀਆਂ ਲੱਗਣ ਜਾਂ ਨਾ। ਮੇਰੇ ਦਿਲ ਵਿੱਚ ਜੋ ਹੈ, ਮੈਂ ਕਹਿ ਦੇਣਾ ਚਾਹੁੰਦੀ ਆਂ।" ਬਸੰਤ ਕੌਰ ਨੇ ਡੁੱਬਦੀ ਜੇਹੀ ਅਵਾਜ਼ ਵਿੱਚ ਕਿਹਾ।

ਦੋ ਚਾਰ ਮਿੰਟ ਸਾਰੇ ਕਮਰੇ ਵਿੱਚ ਚੁੱਪ ਵਰਤੀ ਰਹੀ। ਬਸੰਤ ਕੌਰ ਨੇ ਸਾਰੇ ਜੀਆਂ ਦੇ ਚਿਹਰੇ ਵੱਲ ਵਾਰੀ-ਵਾਰੀ ਤਕਿਆ। ਉਹਦੀ ਨਿਗ੍ਹਾ ਸਰਵਣ ਉੱਤੇ ਆ ਕੇ ਟਿਕ ਗਈ। ਉਹ ਮਾਂ ਦੇ ਪੈਰਾਂ ਵੱਲ ਉਦਾਸਿਆ ਖੜਾ ਸੀ।

"ਸਰਵਣ। ਪੁੱਤ, ਪਹਿਲਾਂ ਤੂੰ ਆ।" ਬਸੰਤ ਕੌਰ ਨੇ ਸੱਜੀ ਬਾਂਹ ਨਿੱਸਲ ਕਰਕੇ ਕਿਹਾ।

ਸਰਵਣ ਅੱਗੇ ਵਧ ਕੇ ਉਹਦੇ ਮੰਜੇ ਦੀ ਬਾਹੀ ਉੱਤੇ ਬਹਿ ਗਿਆ।

"ਤੁਸੀਂ ਸਾਰੇ ਬਾਹਰ ਚਲੇ ਜਾਓ।" ਬਸੰਤ ਕੌਰ ਨੇ ਹੱਥ ਦੇ ਇਸ਼ਾਰੇ ਨਾਲ ਕਿਹਾ।

ਉਹਦਾ ਹੁਕਮ ਮੰਨ ਕੇ ਸਾਰੇ ਬਾਹਰ ਚਲੇ ਗਏ। ਇਹ ਕੋਈ ਨਹੀਂ ਸੀ ਸਮਝਦਾ ਕਿ ਬਸੰਤ ਕੌਰ ਏਨੀ ਛੇਤੀ ਤੁਰ ਜਾਏਗੀ, ਪਰ ਉਹਦੇ ਬਚਣ ਦੀ ਆਸ ਵੀ ਬਹੁਤ ਘੱਟ ਸੀ।

"ਸਰਵਣ! ਉਰ੍ਹਾਂ ਹੋ।" ਬਸੰਤ ਕੌਰ ਨੇ ਉਹਦੀ ਧੌਣ ਦੁਆਲੇ ਬਾਂਹ ਵਲ ਕੇ ਉਹਨੂੰ ਹਿੱਕ ਨਾਲ ਘੁੱਟ ਲਿਆ।

ਸਰਵਣ ਭਾਵੇਂ ਕਠੋਰ ਸੁਭਾਅ ਦਾ ਸੀ, ਪਰ ਇਸ ਵੇਲੇ ਉਹ ਆਪਣੇ ਹੰਝੂਆਂ ਨੂੰ ਰੋਕ ਨਾ ਸਕਿਆ। ਉਹ ਬਾਲਾਂ ਵਾਂਗ ਬੁਸਕਣ ਲੱਗ ਪਿਆ।

"ਰੋ ਨਾ। ਧੀਰਜ ਨਾਲ ਮੇਰੀ ਗੱਲ ਸੁਣ। ਮੈਂ ਸਵਰਨੀ ਨਾਲ ਬਚਨ ਕੀਤਾ ਸੀ ਕਿ ਮੈਂ ਹਰਨਾਮ ਵਾਂਗ ਹੀ ਤੇਰਾ ਵਿਆਹ ਰੱਖੀਂ ਕਰਾਂਗੀ, ਪਰ ਮੌਤ ਨੇ ਮੁਹਲਤ ਨਾ ਦਿੱਤੀ। ਸ਼ਾਮੋ ਦਾ ਗ਼ਮ ਮੈਨੂੰ ਲਈ ਜਾ ਰਿਹਾ ਏ। ਹੱਛਾ, ਮੇਰੀ ਆਖ਼ਰੀ ਬੇਨਤੀ ਮੰਨ ਲਈਂ, ਪੁੱਤ, ਅੰਤ ਮੈਂ ਤੇਰੀ ਮਾਂ ਆਂ। ਆਵਦੇ ਬਾਪੂ ਦਾ ਆਗਿਆਕਾਰ ਰਹੀਂ। ਰੱਬ ਤੈਨੂੰ ਭਾਗ ਲਾਵੇਗਾ।" ਦੋ ਚਾਰ ਮਿੰਟ ਬਸੰਤ ਕੌਰ ਨੇ ਉਹਨੂੰ ਆਪਣੀ ਛਾਤੀ ਨਾਲ ਘੁੱਟੀ ਰੱਖਿਆ। ਸਰਵਣ ਦੇ ਹੰਝੂ ਉਹਦੀ ਕਮੀਜ਼ ਭਿਉਂਦੇ ਰਹੇ।

"ਹੱਛਾ, ਜਾਹ। ਹੁਣ ਹਰਨਾਮ ਨੂੰ ਭੇਜ ਦਿਹ।"

ਸਰਵਣ ਅੱਖਾਂ ਪੂੰਝਦਾ ਬਾਹਰ ਗਿਆ ਤਾਂ ਪਲ ਪਿੱਛੋਂ ਹਰਨਾਮ ਸਿੰਘ ਆ ਗਿਆ।

"ਬੇਬੇ! ਤੂੰ ਦਿਲ ਕਿਉਂ ਛੱਡ ਬੈਠੀ ਏਂ। ਹੌਸਲਾ ਕਰ। ਤੂੰ ਤਕੜੀ ਹੋ ਜਾਵੇਂਗੀ।" ਹਰਨਾਮ ਸਿੰਘ ਨੇ ਉਹਦੇ ਮੰਜੇ ਦੀ ਬਾਹੀ 'ਤੇ ਬਹਿੰਦਿਆਂ ਕਿਹਾ।

"ਇਸ ਬਾਰੇ ਮੈਂ ਤੇਰੇ ਨਾਲੋਂ ਵਧੇਰੇ ਸਮਝਦੀ ਆਂ। ਤੁਹਾਨੂੰ ਮੇਰੀ ਮੌਤ ਉੱਤੇ ਯਕੀਨ ਨਹੀਂ, ਪਰ ਮੈਨੂੰ ਹੈ। ਨੇੜੇ ਹੋ ਕੇ ਸੁਣ।"

"ਦੱਸ।" ਦੋਹੀਂ ਪਾਸੀਂ ਹੱਥ ਰੱਖ ਕੇ ਹਰਨਾਮ ਸਿੰਘ ਮਾਂ ਦੀ ਛਾਤੀ ਉੱਤੇ ਝੁੱਕ ਗਿਆ।

"ਪੁੱਤ ਹਰਨਾਮ! ਤੈਨੂੰ ਕਿਹੜੀ ਭੁੱਲ ਏ। ਇਸ ਜੁੱਗੋਂ ਬਾਹਰੋਂ ਦੁੱਖ ਨੇ ਮੈਨੂੰ ਖਾ ਲਿਆ ਏ। ਮੋਮਬੱਤੀ ਵਾਂਗ ਮੈਂ ਘੁਲ ਕੇ ਬਲ ਬੁੱਝੀ ਆਂ। ਤੇਲ ਵੀ ਮੁੱਕ ਗਿਆ ਏ, ਵੱਟੀ ਵੀ ਨਖੁੱਟ ਗਈ ਏ। ਦੱਸ, ਜੋਤ ਕਾਹਦੇ ਆਸਰੇ ਜਗਦੀ ਰਹਿ ਸਕੇਗੀ ?"

"ਬੇਬੇ! ਸਭ ਕੁਝ ਸਮਝਦਾਂ, ਸਭ ਸਮਝਦਾਂ।" ਹਰਨਾਮ ਸਿੰਘ ਮਾਂ ਦੀ ਹਿੱਕ 'ਤੇ ਸਿਰ ਸੁੱਟ ਕੇ ਭੁੱਬੀਂ ਰੋ ਪਿਆ। "ਪਰ ਦੱਸ, ਮੈਂ ਕੀ ਕਰ ਸਕਦਾ ਸਾਂ ? ਤੇਰਾ ਦੁੱਖ ਕਿਵੇਂ ਵੰਡਾ ਸਕਦਾ ਸਾਂ ? ਮੈਂ........ਮੈਂ............ਮੇਰੇ ਵੱਸ ਹੁੰਦਾ ਤਾਂ...........।"

"ਮੇਰੇ ਦੁੱਖ ਦੀ ਗੱਲ ਛੱਡ। ਮੈਂ ਤੈਥੋਂ ਇਕ ਮੰਗ ਮੰਗਣ ਲੱਗੀ ਆਂ। ਮੈਨੂੰ ਬਚਨ ਦੇਹ, ਲਾਲ। ਜਿਹੜਾ ਦੁੱਖ ਮੈਨੂੰ ਸਹਿਣਾ ਪਿਆ ਏ, ਉਹ ਮੇਰੀ ਨੋਂਹ ਨੂੰ ਨਾ ਸਹਿਣਾ ਪਵੇ। ਬੱਸ, ਹੋਰ ਕੁਝ ਨਹੀਂ ਮੰਗਦੀ।"

"ਨਹੀਂ, ਮਾਂ! ਨਹੀਂ। ਮੈਂ ਇਹ ਗ਼ਲਤੀ ਕਦੇ ਨਹੀਂ ਕਰਾਂਗਾ, ਕਦੇ ਨਹੀਂ। ਮੇਰੇ 'ਤੇ ਭਰੋਸਾ ਰੱਖ। ਮੈਂ ਤੇਰਾ ਪੁੱਤਰ ਆਂ। ਮੇਰੇ ਵੱਲੋਂ ਤੇਰੀ ਆਤਮਾ ਨੂੰ ਕਦੇ ਕਲੇਸ਼ ਨਹੀਂ ਪਹੁੰਚੇਗਾ। ਤੂੰ ਸਾਨੂੰ ਛੱਡ ਕੇ ਨਾ ਜਾਹ।" ਹਰਨਾਮ ਸਿੰਘ ਛੋਟੇ ਬਾਲਾਂ ਵਾਂਗ ਰੋ ਰਿਹਾ ਸੀ।

"ਬੱਸ, ਹੁਣ ਮੈਂ ਸ਼ਾਂਤ ਆਂ। ਰੱਬ ਤੈਨੂੰ ਬੜਾ ਭਾਗ ਲਾਵੇਗਾ। ਜਾਹ ਤੂੰ ਹੁਣ ਸੁਖਬੀਰ ਨੂੰ ਭੇਜ। ਮੈਂ ਅੱਜ ਦੀ ਰਾਤ ਨਹੀਂ ਕੱਢਣੀ।" ਬਸੰਤ ਕੌਰ ਭਾਵੇਂ ਹੌਸਲੇ ਨਾਲ ਗੱਲਾਂ ਕਰ ਰਹੀ ਸੀ, ਪਰ ਅੰਦਰੋਂ ਪੈਰੋ-ਪੈਰ ਘਟਦੀ ਜਾ ਰਹੀ ਸੀ।

ਸੁਖਬੀਰ ਆਈ ਤੇ ਆਉਂਦੀ ਸੱਸ ਦੀ ਹਿੱਕ 'ਤੇ ਸਿਰ ਸੁੱਟ ਕੇ ਰੋਣ ਲੱਗ ਪਈ।

"ਬੱਸ, ਬੱਸ। ਮੈਂ ਤੇਰੇ 'ਤੇ ਬਹੁਤ ਖ਼ੁਸ਼ ਆਂ। ਤੂੰ ਬੜੀ ਸਿਆਣੀ ਧੀ ਏਂ। ਇਕੋ ਗੱਲ ਯਾਦ ਰੱਖੀਂ। ਜਦੋਂ ਤੈਨੂੰ ਕਿਸੇ ਉੱਤੇ ਗ਼ੁੱਸਾ ਆਵੇ, ਓਦੋਂ ਮੈਨੂੰ ਯਾਦ ਕਰ ਲਿਆ ਕਰੀਂ। ਇਸ ਤੋਂ ਵੱਧ ਤੈਨੂੰ ਕਿਸੇ ਸਿੱਖ-ਮੱਤ ਦੀ ਲੋੜ ਨਹੀਂ। ਰੱਬ ਤੈਨੂੰ ਭਾਗ ਲਾਵੇ,


WWW.SIKHBOOKCLUB.COM

ਬੁੱਢ ਸੁਹਾਗਣ ਹੋਵੇਂ। ਰੋ ਨਾ। ਜਾਹ, ਪਹਿਲਾਂ ਆਵਦੇ ਬਾਪੂ ਨੂੰ ਘੱਲ, ਫੇਰ ਸੁਖਵਿੰਦਰ ਹੋਰਾਂ ਨੂੰ ਮੇਰੇ ਕੋਲ ਲਿਆਵੀਂ।"

"ਹਰਨਾਮ ਦੀ ਮਾਂ! ਤੂੰ ਹੌਸਲਾ ਕਿਉਂ ਹਾਰ ਬੈਠੀ ਏਂ? ਡਾਕਟਰ ਆਹੰਦਾ ਸੀ, ਦੋ ਚਾਰ ਦਿਨ ਵਿੱਚ ਠੀਕ ਹੋ ਜਾਵੇਗੀ।" ਲੱਖਾ ਸਿੰਘ ਨੇ ਅੰਦਰ ਵੜਦਿਆਂ ਕਿਹਾ। ਉਹ ਕੁਰਸੀ ਨੇੜੇ ਕਰਕੇ ਐਨ ਉਹਦੇ ਸਿਰ੍ਹਾਣੇ ਕੋਲ ਬਹਿ ਗਿਆ।

"ਬਸੰਤ ਕੌਰ ਹੌਸਲਾ ਹਾਰਨ ਵਾਲੀ ਤਾਂ ਨਹੀਂ ਸੀ, ਪਰ.........।" ਵਾਕ ਅਧੂਰਾ ਛੱਡ ਕੇ ਬਸੰਤ ਕੌਰ ਚੁੱਪ ਕਰ ਗਈ।

ਦੋ ਚਾਰ ਮਿੰਟ ਦੋਹੀਂ ਪਾਸੀਂ ਚੁੱਪ ਵਰਤੀ ਰਹੀ। ਬਸੰਤ ਕੌਰ ਪਤੀ ਦੇ ਚਿਹਰੇ 'ਤੇ ਤਕਦੀ ਰਹੀ। ਕਿਹਾ ਨਹੀਂ ਜਾ ਸਕਦਾ ਕਿ ਉਸ ਵੇਲੇ ਉਹਦੇ ਦਿਲ ਵਿੱਚ ਕਿਹੜੀਆਂ ਯਾਦਾਂ ਤੂਫ਼ਾਨ ਮਚਾ ਰਹੀਆਂ ਸਨ।

"ਚੁੱਪ ਕਿਉਂ ਕਰ ਗਈ ਏਂ ? ਕਹਿ ਦੇ ਜੋ ਦਿਲ ਵਿੱਚ ਏ। ਅੰਤ ਮੈਂ ਤੇਰਾ ਓਹਾ ਲੱਖਾ ਸੂੰਹ ਆਂ, ਜਿਹੜਾ ਕਦੇ..........।" ਜਵਾਨੀ ਦੇ ਦਿਨ ਯਾਦ ਕਰਕੇ ਲੱਖਾ ਸਿੰਘ ਦੀਆਂ ਅੱਖਾਂ ਵਿੱਚ ਹੰਝੂ ਆ ਗਏ।

"ਕਹਿਣਾ ਤਾਂ ਪਵੇਗਾ ਈ। ਕਹਿਣ ਵਾਸਤੇ ਈ ਸੱਦਿਆ ਏ।" ਬਸੰਤ ਕੌਰ ਨੇ ਅੱਖਾਂ ਜ਼ਰਾ ਝੁਕਾਅ ਲਈਆਂ, "ਸਮਾਂ ਬਹੁਤ ਥੋੜਾ ਰਹਿ ਗਿਆ ਏ। ਸੋ ਕਹਿ ਦੇਂਦੀ ਆਂ। ਪਤੀ ਇਸਤਰੀ ਵਾਸਤੇ ਪਰਮੇਸ਼ਰ ਦਾ ਰੂਪ ਹੁੰਦਾ ਏ। ਮੈਨੂੰ ਅਫ਼ਸੋਸ ਏ ਕਿ ਮੈਂ ਤੁਹਾਨੂੰ ਖ਼ੁਸ਼ ਨਹੀਂ ਰੱਖ ਸਕੀ। ਏਸੇ ਵਾਸਤੇ ਤੁਸੀਂ.........। ਮੇਰੇ ਵਿੱਚ ਜ਼ਰੂਰ ਕੋਈ ਘਾਟ ਸੀ, ਜਿਸ ਵਾਸਤੇ ਤੁਸੀਂ।"

"ਏਹੋ ਜੇਹੀਆਂ ਗੱਲਾਂ ਕਰਕੇ ਮੈਨੂੰ ਸ਼ਰਮਿੰਦਿਆਂ ਕਿਉਂ ਕਰਦੀ ਏਂ ? ਇਹ ਵੇਲਾ ਇਹ ਗੱਲਾਂ ਕਰਨ ਦਾ ਨਹੀਂ।"

"ਬੱਸ, ਇਕ ਗੱਲ ਹੋਰ।..........ਹਰਨਾਮ ਦਾ ਬਾਪੂ! ਮੈਂ ਸੋਹਣੀ ਨਾ ਸਹੀ, ਪਰ ਦਿਲੋਂ ਮਾੜੀ ਨਹੀਂ ਸਾਂ। ਮੈਂ ਸਦਾ ਤੁਹਾਡਾ ਸੁੱਖ ਚਾਹਿਆ ਏ। ਮੇਰੀਆਂ ਭੁੱਲਾਂ ਮਾਫ਼ ਕਰ ਦੇਣੀਆਂ।" ਨਾਲ ਹੀ ਪਾਸੇ ਪਰਨੇ ਝੁਕ ਕੇ ਬਸੰਤ ਕੌਰ ਨੇ ਲੱਖਾ ਸਿੰਘ ਦੇ ਪੈਰਾਂ 'ਤੇ ਹੱਥ ਲਾ ਦਿੱਤਾ।

"ਹਰਨਾਮ ਦੀ ਮਾਂ! ਗ਼ਲਤੀ ਮੇਰੀ ਸੀ, ਸਗੋਂ ਮਾਫ਼ੀ ਮੈਂ ਮੰਗਦਾਂ ਤੈਥੋਂ। ਤੂੰ ਵਛੋੜਾ ਨਾ ਪਾ। ਜਿਸ ਤਰ੍ਹਾਂ ਦਾ ਤੂੰ ਚਾਹਵੇਂਗੀ, ਮੈਂ ਓਸੇ ਤਰ੍ਹਾਂ ਦਾ ਬਣ ਜਾਵਾਂਗਾ।" ਲੱਖਾ ਸਿੰਘ ਨੇ ਉਹਦਾ ਹੱਥ ਦੋਹਾਂ ਹੱਥਾਂ ਵਿੱਚ ਘੁੱਟ ਕੇ ਕਿਹਾ।

"ਬੱਸ ਹੁਣ ਰਾਜ਼ੀ ਰਹੋ। ਜ਼ਰਾ ਰਾਜੇ ਨੂੰ ਘੱਲ ਦਿਹੋ। ਜਾਂਦੀ ਵਾਰ ਉਸ ਨੂੰ ਵੀ ਮਿਲ ਲਵਾਂ।"

"ਮਾਂ ਜੀ। ਮਾਂ ਜੀ!" ਸੁਖਬੀਰ ਬਾਹਰੋਂ ਹੀ ਪੁਕਾਰਦੀ ਭੱਜੀ ਆਈ, "ਸ਼ਾਮੋ ਆ ਗਈ। ਸ਼ੰਗਾਰਾ ਆ ਗਿਆ।"

ਅਸਲ ਵਿਚ ਰਾਮੇ ਸ਼ਾਹ ਦੀ ਖ਼ਬਰ ਗ਼ਲਤ ਸੀ। ਮਾਰਿਆ ਗਿਆ ਸੀ ਸ਼ੰਗਾਰੇ ਦਾ ਵੱਡਾ ਭਰਾ ਕਰਤਾਰ ਸਿੰਘ। ਦੋ ਸਿਪਾਹੀ ਉਹਦੇ ਘਰ ਵਾਲੀ ਨੂੰ ਫੜ ਕੇ ਧੂਹ ਤੁਰੇ ਸਨ। ਉਹ ਸੜਕ 'ਤੇ ਪੁੱਜੇ ਤਾਂ ਇਕ ਪਾਸਿਓਂ ਮਿਲਟਰੀ ਦਾ ਟਰੱਕ ਆ ਰਿਹਾ ਸੀ। ਉਸ ਦੇਵੀ ਨੇ ਹਝਕਾ ਮਾਰ ਕੇ ਸਿਪਾਹੀ ਹੱਥੋਂ ਬਾਂਹ ਛੁਡਾਈ ਤੇ ਟਰੱਕ ਅੱਗੇ ਛਾਲ ਮਾਰ ਦਿੱਤੀ। ਅੱਖ-ਪਲਕਾਰੇ ਵਿੱਚ ਟਰੱਕ ਉਸ ਦੇ ਸਿਰ ਨੂੰ ਕੁਚਲਦਾ ਹੋਇਆ ਅੱਗੇ ਜਾ ਰੁਕਿਆ। ਏਸ ਤਰ੍ਹਾਂ ਉਸ ਬਹਾਦਰ ਦੇਵੀ ਨੇ ਜਾਨ ਦੇ ਕੇ ਇੱਜ਼ਤ ਬਚਾ ਲਈ।

ਰਾਹ ਵਿਚ ਰਾਮੇ ਨੇ ਜੋ ਗ਼ਲਤ ਅਫ਼ਵਾਹ ਸੁਣੀ ਸੀ, ਓਹਾ ਬਹਾਦਰ ਸਿੰਘ ਨੂੰ ਕਹਿ ਸੁਣਾਈ। ਓਸੇ ਤਰ੍ਹਾਂ ਬਹਾਦਰ ਸਿੰਘ ਨੇ ਲੱਖਾ ਸਿੰਘ ਦੇ ਘਰ ਆ ਸੁਨੇਹਾ ਦਿੱਤਾ। ਉਸ ਵੇਲੇ ਸੱਚ ਝੂਠ ਦੀ ਤਸਦੀਕ ਕੌਣ ਕਰਦਾ ਸੀ ? ਜੋ ਅਫ਼ਵਾਹ ਕੰਨੀਂ ਵਿੱਚ ਪਈ, ਓਸੇ ਨੂੰ ਸੱਚ ਸਮਝ ਲਿਆ।

ਘਰ ਦੇ ਪਿਛਲੇ ਪਾਸੇ ਤੰਗ ਜੇਹੀ ਗਲੀ ਵਿੱਚ ਇਕ ਬਾਰੀ ਸੀ। ਮੱਖਣ ਸਿੰਘ, ਮਾਈ ਜਵਾਲੀ, ਸ਼ਾਮੋ, ਸ਼ੰਗਾਰਾ ਸਿੰਘ ਤੇ ਉਹਦੀ ਭੈਣ ਜਾਨਾਂ ਲੈ ਕੇ ਓਸ ਬਾਰੀ ਰਾਹੀਂ ਭੱਜ ਗਏ। ਉਹ ਕੇਵਲ ਉਦਾਲੇ ਦੇ ਕਪੜਿਆਂ ਵਿੱਚ ਆਜ਼ਾਦ ਭਾਰਤ ਅੰਦਰ ਦਾਖ਼ਲ ਹੋਏ। ਲੱਖਾ ਸਿੰਘ ਹੋਰਾਂ ਦੀ ਸੂਹ ਕੱਢਦੇ ਅੱਜ ਉਹ ਉਹਨਾਂ ਦੇ ਕੋਲ ਆ ਪੁੱਜੇ।

"ਸ਼ਾਮੋ! ਮੇਰੀ ਸ਼ਾਮੋ! ਮੇਰਾ ਸ਼ੰਗਾਰਾ!" ਬਸੰਤ ਕੌਰ ਦੇ ਮੂੰਹੋਂ ਇਹ ਸ਼ਬਦ ਚੀਕ ਵਾਂਗ ਨਿਕਲੇ।

"ਮਾਂ!" ਤੇ ਇਕ ਪਲ ਪਿੱਛੋਂ ਸ਼ਾਮੋ ਮਾਂ ਦੀ ਹਿੱਕ ਨਾਲ ਲੱਗੀ ਹੋਈ ਸੀ।

"ਨ੍ਹਾਮੇ ਦਾ ਬਾਪੂ! ਵੇਖ, ਮੇਰੀ ਸ਼ਾਮੋ ਆ ਗਈ। ਮੇਰਾ ਸ਼ੰਗਾਰਾ ਆ ਗਿਆ। ਮੈਂ.......ਮੈਂ..........ਸ਼ਾ—ਮੋ..........।"

ਧੀ ਦੀਆਂ ਬਾਂਹੀਂ ਵਿੱਚ ਹੀ ਬਸੰਤ ਕੌਰ ਸਾਹ-ਸਤ ਹੀਣ ਹੋ ਕੇ ਉਲਰ ਪਈ।

"ਭਾਬੀ! ਬਾਪੂ! ਭੌਜਿਓ। ਬੇਬੇ ਨੂੰ ਕੀ ਹੋ ਗਿਆ।" ਘਬਰਾ ਕੇ ਸ਼ਾਮੋ ਦੀ ਡਾਡ ਨਿਕਲ ਗਈ। ਉਹਨੇ ਮਾਂ ਨੂੰ ਮੰਜੇ 'ਤੇ ਲਿਟਾ ਦਿੱਤਾ।

"ਮੇ—ਰੀ—ਸ਼ਾ—ਮੋ।" ਰੁੱਕ-ਰੁੱਕ ਕੇ ਬਸੰਤ ਕੌਰ ਦੇ ਮੂੰਹੋਂ ਆਖ਼ਰੀ ਸ਼ਬਦ ਨਿਕਲੇ। ਗ਼ਮਾਂ ਦੀ ਮਾਰੀ, ਅਣਕਿਆਸੀ ਖ਼ੁਸ਼ੀ ਪਾ ਕੇ ਪਚਾਅ ਨਾ ਸਕੀ। ਦਿਲ ਦੀ ਧੜਕਣ ਬੰਦ ਹੋ ਗਈ। ਇਕ ਚੰਗੀ ਰੂਹ ਇਸ ਸੰਸਾਰ ਤੋਂ ਚਲੀ ਗਈ।

ਸਾਰੇ ਘਰ ਵਿੱਚ ਧਾਹੋ-ਵਿੰਜਰ ਪੈ ਗਿਆ। ਸ਼ਾਮੋ ਦੀ ਸੱਸ ਨੇ ਹੌਸਲਾ ਕਰਕੇ ਮਰਨ ਵਾਲੀ ਦਾ ਮੂੰਹ ਤੇ ਅੱਖਾਂ ਬੰਦ ਕਰ ਦਿੱਤੀਆਂ। ਸਾਰੀ ਰਾਤ ਘਰ ਦਿਆਂ ਰੋ ਕੇ ਕੱਟੀ। ਅਗਲੀ ਸਵੇਰ ਮਿੱਟੀ ਅਗਨੀ ਦੇ ਹਵਾਲੇ ਹੋ ਗਈ।

ਜ਼ਿੰਦਗੀ ਵਿੱਚ ਪਹਿਲੀ ਵਾਰ ਜਰਨੈਲ ਸਿੰਘ ਰੱਜ ਕੇ ਰੋਇਆ। ਸਿਰਫ਼ ਇਕ ਰੂਹ ਸੀ, ਜਿਸ ਦਾ ਉਹ ਸੱਚੇ ਦਿਲੋਂ ਸਤਕਾਰ ਕਰਦਾ ਸੀ। ਓਹਾ ਅੱਜ ਦੁਨੀਆਂ ਤੋਂ ਵਿਦਿਆ ਹੋ ਗਈ ਸੀ।

## ੩੨

ਨਵੀਂ-ਨਵੀਂ ਆਜ਼ਾਦੀ ਆਈ, ਨਵੀਂ-ਨਵੀਂ ਸਰਕਾਰ ਬਣੀ, ਨਵਾਂ-ਨਵਾਂ ਕੁਰਸੀਆਂ ਦਾ ਚਾਅ ਤੇ ਨਵੀਂਆਂ-ਨਵੀਂਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਗਿਆ। ਸਭ ਤੋਂ ਵੱਡੀ ਸਮੱਸਿਆ ਸੀ ਉਜੜ ਕੇ ਆਉਣ ਵਾਲਿਆਂ ਨੂੰ ਵਸਾਉਣ ਦੀ। ਉਹਨਾਂ ਦੇ ਪ੍ਰਬੰਧ ਵਾਸਤੇ 'ਮੁੜ ਵਸਾਉ' ਮਹਿਕਮਾ ਕਾਇਮ ਕਰ ਦਿੱਤਾ ਗਿਆ।

ਪੰਜਾਬ ਵੰਡਿਆ ਗਿਆ ਸੀ। ਉਸ ਦੀ ਰਾਜਧਾਨੀ ਲਾਹੌਰ ਪਾਕਸਤਾਨ ਵਿੱਚ ਰਹਿ ਗਈ ਸੀ। ਨਵੀਂ ਰਾਜਧਾਨੀ ਉਸਾਰਨ ਵਾਸਤੇ ਸਮਾਂ ਚਾਹੀਦਾ ਸੀ। ਓਨੇ ਚਿਰ ਵਾਸਤੇ ਸਰਕਾਰ ਨੇ ਕੰਮ-ਚਲਾਊ ਰਾਜਧਾਨੀ ਜਲੰਧਰ ਬਣਾ ਲਈ।

ਸਭ ਤੋਂ ਔਖਾ ਕੰਮ ਸੀ ਜ਼ਮੀਨ ਦੇ ਮਾਲਕਾਂ ਨੂੰ ਵਸਾਉਣ ਦਾ। ਪਾਕਸਤਾਨ ਵਿੱਚ ਰਹਿ ਗਈ ਜ਼ਮੀਨ ਦੀਆਂ ਜਮ੍ਹਾਬੰਦੀਆਂ ਆਉਣ ਉੱਤੇ ਹੀ ਸਹੀ ਪਤਾ ਲੱਗ ਸਕਦਾ ਸੀ ਕਿ ਕਿਸੇ ਮਾਲਕ ਦੀ ਕਿੰਨੀ ਜ਼ਮੀਨ ਸੀ, ਤੇ ਏਥੇ ਉਹਨੂੰ ਕਿੰਨੀ ਦਿੱਤੀ ਜਾ ਸਕਦੀ ਸੀ। ਪਰ ਏਸ ਕੰਮ ਵਾਸਤੇ ਵੀ ਸਮਾਂ ਚਾਹੀਦਾ ਸੀ। ਸਰਕਾਰ ਦੇ ਕੁਝ ਸਿਆਣੇ ਕਰਮਚਾਰੀਆਂ ਨੇ ਏਸ ਬਾਰੇ ਇਕ ਵਿਉਂਤ ਬਣਾ ਲਈ। ਉਹਨਾਂ ਹਰ ਵਾਹੀਵਾਨ ਨੂੰ, ਜਿਸ ਨੇ ਕਿਹਾ ਕਿ ਉਹ ਪਾਕਸਤਾਨ ਵਿੱਚ ਜ਼ਮੀਨ ਛੱਡ ਕੇ ਆਇਆ ਹੈ, ਅੱਠ ਦਸ ਏਕੜ ਜ਼ਮੀਨ ਆਰਜ਼ੀ ਤੌਰ 'ਤੇ ਅਲਾਟ ਕਰ ਦਿੱਤੀ। ਏਸ ਤਰ੍ਹਾਂ ਇਕ ਤਾਂ ਆਉਣ ਵਾਲੇ ਕਾਰੇ ਲੱਗ ਪਏ, ਤੇ ਦੂਸਰੇ ਸਰਕਾਰ ਦੇ ਕੰਨ ਖਾਣੋ ਹਟ ਗਏ।

ਸਭ ਤੋਂ ਵੱਡਾ ਕੰਮ ਸੀ ਜ਼ਮੀਨ ਦੀ ਪੜਤਾਲ। ਇਸ ਕੰਮ ਵਾਸਤੇ ਸਰਕਾਰ ਨੇ ਮਹਿਕਮਾ ਮਾਲ ਦੇ ਬਹੁਤ ਸਾਰੇ ਕਰਮਚਾਰੀ ਜਲੰਧਰ ਬੁਲਾ ਲਏ। ਉਹਨਾਂ ਦੀ ਸਭ ਤੋਂ


WWW.SIKHBOOKCLUB.COM

ਪਹਿਲੀ ਜ਼ਿੰਮੇਵਾਰੀ ਸੀ ਏਧਰ ਛੱਡੀ ਮੁਸਲਮਾਨਾਂ ਦੀ ਜ਼ਮੀਨ ਦੀਆਂ ਜਮ੍ਹਾਂ ਬੰਦੀਆਂ ਤਿਆਰ ਕਰਕੇ ਪਾਕਿਸਤਾਨ ਭੇਜਣਾ ਤੇ ਓਧਰੋਂ ਹਿੰਦੂ ਸਿੱਖਾਂ ਦੀ ਜ਼ਮੀਨ ਦੀਆਂ ਆਈਆਂ ਨਕਲਾਂ ਦੀ ਸੰਭਾਲ ਤੇ ਪੜਤਾਲ।

ਜਰਨੈਲ ਸਿੰਘ ਦੀ ਨਵੀਂ-ਨਵੀਂ ਨੌਕਰੀ ਸੀ। ਉਹ ਮਹਿਕਮੇ ਵੱਲੋਂ ਅਜੇ ਕਿਸੇ ਥਾਂ ਪੱਕਾ ਨਹੀਂ ਸੀ ਕੀਤਾ ਗਿਆ। ਸੋ ਉਹਨੂੰ ਵੀ ਜਲੰਧਰ ਬੁਲਾ ਲਿਆ ਗਿਆ। ਡੱਡਾ ਪਾਕਸਤਾਨ ਵਿੱਚ ਮਾਰਿਆ ਗਿਆ ਸੀ। ਸੋ, ਜਰਨੈਲ ਸਿੰਘ ਆਪਣੀ ਮਾਂ ਨੂੰ ਵੀ ਨਾਲ ਜਲੰਧਰ ਲੈ ਗਿਆ। ਪਹਿਲਾਂ-ਪਹਿਲਾਂ ਉਹ ਬਹੁਤ ਘਬਰਾਇਆ ਕਿ ਏਨੀ ਥੋੜ੍ਹੀ ਤਨਖ਼ਾਹ ਨਾਲ ਉਹ ਸ਼ਹਿਰ ਵਿੱਚ ਕਿਵੇਂ ਗੁਜ਼ਾਰਾ ਕਰੇਗਾ, ਪਰ ਕੰਮ ਵਿੱਚ ਪੈ ਕੇ ਉਹਨੂੰ ਛੇਤੀ ਹੀ ਪਤਾ ਲੱਗ ਗਿਆ ਕਿ ਸੌਦਾ ਲਾਹੇਵੰਦਾ ਹੈ, ਗੁਜ਼ਾਰਾ ਚੰਗਾ ਹੋ ਜਾਇਆ ਕਰੇਗਾ। ਕਪੂਰਥਲਾ ਰੋਡ ਉੱਤੇ ਉਹਨੇ ਦੋ ਕਮਰਿਆਂ ਵਾਲਾ ਮਕਾਨ ਕਰਾਏ 'ਤੇ ਲੈ ਲਿਆ ਤੇ ਚੰਗਾ ਸਰਦਾਰਾਂ ਵਾਂਗ ਰਹਿਣ ਲੱਗਾ। ਬੂਹੇ ਅੱਗੇ ਉਹਨੇ ਆਪਣੇ ਨਾਮ ਦੀ ਤਖ਼ਤੀ ਵੀ ਲੁਆ ਲਈ, ਜੀਹਦੇ ਉੱਤੇ ਲਿਖਿਆ ਹੋਇਆ ਸੀ, 'ਜਰਨੈਲ ਸਿੰਘ ਵਿਰਕ'।

ਜਰਨੈਲ ਸਿੰਘ ਚੌਧਰੀ ਹਬੀਬੁੱਲਾ ਦੀ ਸਾਰੀ ਜ਼ਮੀਨ ਉੱਤੇ ਲੱਖਾ ਸਿੰਘ ਦਾ ਕਬਜ਼ਾ ਕਰਾ ਗਿਆ ਸੀ, ਪਰ ਉਹਦੇ ਜਲੰਧਰ ਚਲੇ ਜਾਣ ਪਿੱਛੋਂ ਆ ਗਿਆ ਨਵਾਂ ਪਟਵਾਰੀ। ਨਾਲ ਹੀ ਨਵੇਂ ਸੂਰਜ ਸਰਕਾਰ ਦੀਆਂ ਨਵੀਆਂ ਹਦਾਇਤਾਂ ਆਉਣੀਆਂ ਸ਼ੁਰੂ ਹੋ ਗਈਆਂ। ਤੇ ਜ਼ਮੀਨ ਮੰਗਣ ਵਾਲਿਆਂ ਦੀ ਗਿਣਤੀ ਵੱਧ ਰਹੀ ਸੀ ਕਿਆਸੋਂ ਬਾਹਰੀ। ਜਿਨ੍ਹਾਂ ਦੀਆਂ ਸੱਤਾਂ ਪੀਹੜੀਆਂ ਤੱਕ ਕਿਤੇ ਇਕ ਮਰਲਾ ਜ਼ਮੀਨ ਦੀ ਮਾਲਕੀ ਨਹੀਂ ਸੀ, ਉਹਨਾਂ ਵੀ ਦੋ-ਦੋ ਮੁਰੱਬਿਆਂ ਦੇ ਕਲੇਮ ਦੇ ਦਿੱਤੇ। ਵਾਹੀਵਾਨ ਜਾਂ ਗ਼ੈਰ ਵਾਹੀਵਾਨ, ਹਰ ਕੋਈ ਜ਼ਮੀਨ ਦੇ ਮਗਰ ਪੈ ਗਿਆ। ਉਤੋਂ ਸਰਕਾਰ ਦਾ ਹੁਕਮ ਸੀ ਕਿ ਹਰ ਇਕ ਨੂੰ ਪੰਜ-ਦਸ ਏਕੜ ਦੇ ਕੇ ਇਕ ਵਾਰ ਬਿਠਾ ਦਿਹੋ। ਸੋ, ਪਟਵਾਰੀ ਸਾਹਿਬਾਨ ਲੱਗੇ ਚਾਹ-ਪਾਣੀ ਦੇ ਨਜ਼ਰਾਨੇ ਉੱਤੇ ਨਵੇਂ ਪਰਮਿਟ ਕੱਟਣ।

ਨਵੇਂ ਪਟਵਾਰੀ ਨੇ ਸਿਰਫ਼ ਦਸ ਏਕੜ ਜ਼ਮੀਨ ਲੱਖਾ ਸਿੰਘ ਕੋਲ ਰਹਿਣ ਦਿੱਤੀ। ਬਾਕੀ ਸਭ ਉਹਨੇ ਨਵੇਂ ਆਏ ਸ਼ਰਨਾਰਥੀਆਂ ਨੂੰ ਅਲਾਟ ਕਰ ਦਿੱਤੀ। ਹੁਣ ਲੱਖਾ ਸਿੰਘ ਨੂੰ ਪਤਾ ਲੱਗਾ ਕਿ ਦਸ ਏਕੜ ਦਾ ਮਾਲਕ ਜ਼ਿਮੀਂਦਾਰ ਆਪਣੇ ਪਰਵਾਰ ਦਾ ਨਿਰਬਾਹ ਕਿਵੇਂ ਕਰਦਾ ਹੈ ?

ਸਰਕਾਰ ਨੇ ਐਲਾਨ ਕੀਤਾ ਕਿ ਪਾਕਸਤਾਨ ਵਿੱਚ ਰਹੀ ਜ਼ਮੀਨ ਦੀਆਂ ਜਮ੍ਹਾਂ-ਬੰਦੀਆਂ ਆ ਗਈਆਂ ਹਨ। ਉਹਨਾਂ ਦੇ ਅਧਾਰ ਉੱਤੇ ਮਾਲਕਾਂ ਨੂੰ ਪੱਕੇ ਤੌਰ


WWW.SIKHBOOKCLUB.COM

'ਤੇ ਜ਼ਮੀਨਾਂ ਅਲਾਟ ਕਰ ਦਿੱਤੀਆਂ ਜਾਣਗੀਆਂ। ਨਾਲ ਹੀ ਸਰਕਾਰ ਵੱਲੋਂ ਐਲਾਨ ਹੋਇਆ ਕਿ ਸ਼ਰਨਾਰਥੀ ਲੋਕ 'ਗ਼ੁਲਾਮ ਮੁਲਕ' ਵਿੱਚੋਂ ਨਿਕਲ ਕੇ 'ਆਜ਼ਾਦ ਭਾਰਤ' ਵਿੱਚ ਆਏ ਹਨ, ਇਸ ਵਾਸਤੇ 'ਆਜ਼ਾਦੀ ਦੀ ਕੀਮਤ' ਵਜੋਂ ਇਹਨਾਂ ਨੂੰ ਜ਼ਮੀਨ ਦਾ ਕੁਝ ਹਿੱਸਾ ਛੱਡਣਾ ਪਏਗਾ। ਉਹ ਹਿੱਸਾ ਬੜਾ ਮਾਮੂਲੀ ਦੱਸਿਆ ਗਿਆ, ਸਿਰਫ਼ ਪੰਝੀ ਫ਼ੀ ਸਦੀ ਤੋਂ ਲੈ ਕੇ ਪਚਾਨਵੇਂ ਫ਼ੀ ਸਦੀ ਤਕ। ਜਿਸ ਦੀ ਚਾਰ ਕਨਾਲ ਜ਼ਮੀਨ ਵੀ ਸੀ, ਚੌਥਾ ਹਿੱਸਾ ਉਸ ਦਾ ਵੀ ਕੱਟ ਲਿਆ। ਵੱਡਿਆਂ ਕੋਲ ਤਾਂ ਪਚਾਨਵੇਂ ਫ਼ੀ ਸਦੀ ਕਟਾ ਕੇ ਵੀ ਸੈਂਕੜੇ ਘੁਮਾਂ ਬਚ ਗਈ, ਪਰ ਦੋ ਚਾਰ ਕਨਾਲਾਂ ਜਾਂ ਘੁਮਾਵਾਂ ਵਾਲੇ ਤੋਂ ਵੀ ਚੌਥਾ ਹਿੱਸਾ ਕੱਟ ਲਿਆ। ਕਿਉਂਕਿ ਆਪਣੀ ਸਰਕਾਰ ਕਿਸੇ ਵੀ ਦੇਸ਼ ਵਾਸੀ ਨਾਲ 'ਵਿਤਕਰਾ' ਨਹੀਂ ਸੀ ਕਰਨਾ ਚਾਹੁੰਦੀ। ਉਹਨੇ ਜ਼ਰੂਰੀ ਸਮਝਿਆ ਕਿ ਹਰ ਇਕ ਸ਼ਰਨਾਰਥੀ ਨੂੰ ਇਸ ਆਜ਼ਾਦੀ ਦੇ ਯੱਗ ਵਿੱਚ ਕੁਝ ਨਾ ਕੁਝ ਹਿੱਸਾ ਪਾਉਣਾ ਚਾਹੀਦਾ ਹੈ। ਐਵੇਂ ਯੱਗ ਸੰਪੂਰਨ ਕਿਵੇਂ ਹੁੰਦਾ। ਇਹਨੂੰ ਆਹੰਦੇ ਹਨ : ਮਰੇ ਨੂੰ ਮਾਰੇ ਸ਼ਾਹ ਮਦਾਰ।

ਪਾਕਸਤਾਨ ਤੋਂ ਜਮ੍ਹਾਂਬੰਦੀਆਂ ਆ ਗਈਆਂ। ਉਹਨਾਂ ਦੀ ਪੜਤਾਲ ਹੋ ਗਈ। ਸਰਕਾਰ ਨੇ ਕੁਝ ਨਿਯਮ ਬਣਾ ਲਏ, ਜਿਨ੍ਹਾਂ ਦੇ ਆਧਾਰ ਉੱਤੇ ਪੱਕੀ ਅਲਾਟਮੈਂਟ ਸ਼ੁਰੂ ਹੋ ਗਈ। ਪਹਿਲਾਂ ਜ਼ਿਲ੍ਹਿਆਂ ਵਿੱਚ, ਉਸ ਤੋਂ ਹੇਠਾਂ ਤਸੀਲਾਂ ਵਿੱਚ ਤੇ ਅਗ੍ਹਾਂ ਪਟਵਾਰੀਆਂ ਕੋਲ ਕਾਗਜ਼ ਪੁੱਜ ਗਏ, ਜਿਨ੍ਹਾਂ ਅਨੁਸਾਰ ਮਾਲਕਾਂ ਨੂੰ ਜ਼ਮੀਨ ਦੀ ਪੱਕੀ ਅਲਾਟਮੈਂਟ ਹੋਣੀ ਸੀ।

ਡਿੱਬੀਪੁਰੇ ਦੇ ਕਾਗਜ਼ ਆਏ, ਤਾਂ ਉਹਦੇ ਵਿੱਚ ਲੱਖਾ ਸਿੰਘ ਦਾ ਨਾਮ ਹੀ ਹੈ ਨਹੀਂ ਸੀ। ਹੁਣ ਉਹਨੂੰ ਫ਼ਿਕਰ ਬਣਿਆਂ ਤੇ ਉਹ ਲੱਗਾ ਜਲੰਧਰ ਸੱਕਤਰੇਤ ਦੇ ਚੱਕਰ ਕੱਢਣ। ਦੌੜ ਭੱਜ ਉਹ ਸ਼ੁਰੂ ਤੋਂ ਹੀ ਬਥੇਰੀ ਕਰਦਾ ਆ ਰਿਹਾ ਸੀ। ਉਹਨੇ ਮਕਾਨਾਂ ਦਾ ਕਲੇਮ ਦਿੱਤਾ ਸੀ, ਤਾਂ ਅਸਲ ਨਾਲੋਂ ਦੂਣਾ। ਖ਼ੈਰ, ਉਸ ਵਿੱਚ ਉਹ ਸਫਲ ਵੀ ਹੋ ਗਿਆ ਸੀ। ਅਫ਼ਸਰ ਦੀ ਸੇਵਾ ਖ਼ੁਸ਼ਾਮਦ ਕਰ ਕੇ ਉਹਨੇ ਤੀਹ ਹਜ਼ਾਰ ਦਾ ਕਲੇਮ ਮਨਜ਼ੂਰ ਕਰਾ ਲਿਆ ਸੀ। ਦੂਜਾ ਯਤਨ ਸੀ ਉਹਦਾ ਕਿ ਉਹਦੀ ਜ਼ਮੀਨ ਡਿੱਬੀਪੁਰ ਵਿੱਚ ਹੀ ਰਹਿ ਜਾਵੇ। ਇਸ ਬਾਰੇ ਉਹਨੂੰ ਭਰੋਸਾ ਵੀ ਸੀ। ਕਿਉਂਕਿ ਸਕੱਤਰੇਤ ਵਿੱਚ ਜਰਨੈਲ ਸਿੰਘ ਉਹਦੀ ਬਹੁਤ ਵੱਡੀ ਧਿਰ ਸੀ। ਫਿਰ ਨਵੇਂ ਬਣੇ ਵਜ਼ੀਰਾਂ ਨਾਲ ਵੀ ਉਹਨੇ ਮਿਤਰਾਚਾਰੀ ਬਣਾ ਲਈ ਸੀ।

ਪਰ ਜਿਸ ਵੇਲੇ ਡਿੱਬੀਪੁਰੇ ਦੀ ਜ਼ਮੀਨ ਦੀ ਨਵੀਂ ਅਲਾਟਮੈਂਟ ਸ਼ੁਰੂ ਹੋ ਗਈ ਤਾਂ ਲੱਖਾ ਸਿੰਘ ਨੱਜਾ ਨੱਜਾ ਮਹਿਕਮੇ ਦੇ ਵਜ਼ੀਰ ਕੋਲ ਗਿਆ। ਵਜ਼ੀਰ ਨੇ ਸਰਕਾਰੀ

ਨਿਯਮ ਅਨੁਸਾਰ ਮੁਸਕਰਾਉਂਦਿਆਂ ਹੋਇਆਂ ਲੱਖਾ ਸਿੰਘ ਦੀ ਦਰਖ਼ਾਸਤ ਫੜੀ ਤੇ ਉੱਤੇ ਹੁਕਮ ਲਿਖ ਦਿੱਤਾ, 'ਸਰਦਾਰ ਲੱਖਾ ਸਿੰਘ ਦਾ ਕਲੇਮ ਲੱਭ ਕੇ ਇਸ ਨੂੰ ਡਿੱਬੀਪੁਰੇ ਵਿੱਚ ਜ਼ਮੀਨ ਅਲਾਟ ਕਰ ਦਿੱਤੀ ਜਾਵੇ, ਕਿਉਂਕਿ ਇਹ ਓਥੋਂ ਦਾ ਆਰਜ਼ੀ ਅਲਾਟੀ ਹੈ।' ਨਾਲ ਹੀ ਵਜ਼ੀਰ ਨੇ ਓਸੇ ਤਰ੍ਹਾਂ ਮੁਸਕਰਾਉਂਦਿਆਂ ਉੱਤਰ ਦਿੱਤਾ, "ਸਰਦਾਰ ਲੱਖਾ ਸਿਹਾਂ! ਤੇਰਾ ਕੰਮ ਨਹੀਂ ਹੋਣਾ ਤਾਂ ਹੋਣਾ ਕੀਹਦਾ ਹੈ। ਜਾਹ, ਸਿੱਧਾ ਇਲਾਕੇ ਦੇ ਅਫ਼ਸਰ ਮਾਲ ਕੋਲ ਲੈ ਜਾਹ।"

ਖ਼ੁਸ਼ੀ-ਖ਼ੁਸ਼ੀ ਲੱਖਾ ਸਿੰਘ ਅਸਫ਼ਰ ਮਾਲ ਕੋਲ ਆ ਹਾਜ਼ਰ ਹੋਇਆ। ਅਫ਼ਸਰ ਮਾਲ ਨੇ ਹੁਕਮ ਪੜ੍ਹ ਕੇ ਰੁਖੀ ਜੇਹੀ ਬੋਲੀ ਵਿੱਚ ਉੱਤਰ ਦਿੱਤਾ, "ਸਰਦਾਰ ਸਾਹਿਬ। ਮੈਂ ਸਮਝ ਲਿਆ ਹੈ, ਤੁਹਾਡੀ ਵਜ਼ੀਰਾਂ ਤੱਕ ਪਹੁੰਚ ਹੈ, ਪਰ ਤੁਹਾਡਾ ਕਲੇਮ ਵੀ ਲੱਭੇ। ਪਹਿਲਾਂ ਜਾ ਕੇ ਸੈਕਰੇਟੇਰੀਅਟ ਵਿੱਚੋਂ ਕਲੇਮ ਕੱਢਾ ਕੇ ਲਿਆਓ।" ਕਾਗਜ਼ ਉੱਤੇ ਦੋ ਝਰੀਟਾਂ ਮਾਰ ਕੇ ਦਰਖ਼ਾਸਤ ਉਹਨੇ ਵਾਪਸ ਫੜਾ ਦਿੱਤੀ।

ਹੁਣ ਲੱਖਾ ਸਿੰਘ ਦਾ ਕੋਹਲੂ ਦੇ ਬਲਦ ਵਾਲਾ ਚੱਕਰ ਸ਼ੁਰੂ ਹੋ ਗਿਆ : ਅੰਮ੍ਰਿਤਸਰੋਂ ਜਲੰਧਰ ਤੇ ਜਲੰਧਰੋਂ ਅੰਮ੍ਰਿਤਸਰ। ਕਦੇ ਵਜ਼ੀਰ ਦੇ ਪੇਸ਼, ਕਦੇ ਡੀ. ਸੀ. ਦੇ, ਕਦੇ ਅਫ਼ਸਰ ਮਾਲ ਦੇ, ਕਦੇ ਤਸੀਲਦਾਰ ਦੇ, ਤੇ ਓਥੋਂ ਭੌਂ ਕੇ ਫੇਰ ਸਕੱਤਰੇਤ ਦੇ ਖ਼ੁਦਾਵਾਂ ਦੀ ਦਰਗਾਹ ਆਲੀ ਵਿੱਚ ਸਿਜਦਾ। ਮੱਥਾ ਭਾਵੇਂ ਨਾ ਘਸਿਆ, ਪਰ ਲੱਖਾ ਸਿੰਘ ਦੀ ਜੁੱਤੀ ਜ਼ਰੂਰ ਘਸ ਗਈ।

ਗੇੜੇ ਕੱਢਦਾ ਲੱਖਾ ਸਿੰਘ ਥੱਕ ਗਿਆ। ਉਹਨੂੰ ਆਪ ਨੂੰ ਵੀ ਯਾਦ ਨਹੀਂ ਕਿ ਜਲੰਧਰ ਸਕੱਤਰੇਤ ਦੀ ਉਹਨੇ ਕਿੰਨੀ ਵਾਰ ਪ੍ਰਕਰਮਾ ਕੀਤੀ। ਦਫ਼ਤਰ ਵਿੱਚ ਘੱਟਾ ਫੱਕਦਿਆਂ ਹਨੇਰਾ ਹੋ ਜਾਂਦਾ, ਤਾਂ ਰਾਤ ਉਹ ਜਰਨੈਲ ਸਿੰਘ ਦਾ ਬੂਹਾ ਜਾ ਖੜਕਾਉਂਦਾ। ਉਹ ਜਰਨੈਲ ਸਿੰਘ ਦੇ ਨਵੇਂ ਬਿਸਤਰੇ ਵਿੱਚ ਰਾਤ ਗੁਜ਼ਾਰਦਾ ਲਲਚਾਈਆਂ ਨਜ਼ਰਾਂ ਨਾਲ ਰਾਜੋ ਵੱਲ ਵੇਖਦਾ ਰਹਿੰਦਾ, ਪਰ ਉਹਦੇ ਹੱਥ ਦੀ ਪੱਕੀ ਰੋਟੀ ਖਾਣ ਵਾਸਤੇ ਤਿਆਰ ਨਾ ਹੁੰਦਾ। ਜਰਨੈਲ ਸਿੰਘ ਉਹਨੂੰ ਅੰਨਪਾਣੀ ਪੁੱਛਦਾ ਤਾਂ ਉਹਦਾ ਅੱਗੋਂ ਇਕੋ ਉੱਤਰ ਹੁੰਦਾ, "ਬੱਸ, ਹੁਣੇ ਖਾ ਪੀ ਕੇ ਆਇਆਂ।"

ਇਕ ਦਿਨ ਲੱਖਾ ਸਿੰਘ ਓਸ ਦਫ਼ਤਰ ਦੇ ਬੂਹੇ ਅੱਗੇ ਖੜਾ ਸੀ, ਜਿੱਥੇ ਜਰਨੈਲ ਸਿੰਘ ਕੰਮ ਕਰਦਾ ਸੀ। ਇਕ ਬੁੱਢਾ ਜੇਹਾ ਪਟਵਾਰੀ ਅੰਦਰੋਂ ਨਿਕਲਿਆ। ਉਹਨੇ ਐਨਕ ਥੋੜ੍ਹੀ ਜੇਹੀ ਉਤਾਂਹ ਕਰਕੇ ਲੱਖਾ ਸਿੰਘ ਵੱਲ ਵੇਖਿਆ ਤੇ ਫਿਰ ਹਮਦਰਦੀ ਪਰਗਟ ਕਰਦਿਆਂ ਪੁੱਛਿਆ, "ਸਰਦਾਰ ਸਾਹਿਬ! ਅਜੇ ਤੁਹਾਡਾ ਕੰਮ ਨਹੀਂ ਹੋਇਆ ?"

"ਲਾਲਾ ਜੀ, ਕੰਮ ਹੋ ਜਾਏ ਤਾਂ ਏਥੇ ਧੱਕੇ ਕਿਉਂ ਖਾਂਦੇ ਫਿਰੀਏ ? ਸਿਆਣਿਆਂ ਦੇ ਅਖਾਣ ਦੀ ਹੁਣ ਸਮਝ ਪਈ ਏ, ਅਖੇ : ਮਰਦ ਮਕਾਨੀ, ਤੇ ਘੋੜੇ ਥਾਨੀ। ਘਰ ਵੱਸਦੇ ਕਦੇ ਕੁਝ ਹੁੰਦੇ ਸਾਂ। ਹੁਣ ਸਾਡੀ ਕੀ ਕੀਮਤ ?" ਲੱਖਾ ਸਿੰਘ ਨੇ ਉਦਾਸ ਜੇਹੀ ਸੁਰ ਵਿੱਚ ਕਿਹਾ।

"ਇਹ ਤਾਂ ਸੱਚ ਕਿਹਾ ਜੇ ਸਰਦਾਰ ਸਾਹਿਬ! ਹਰ ਇਕ ਦੀ ਕਦਰੋ-ਕੀਮਤ ਆਪਣੇ ਥਾਂ ਮੁਕਾਮ 'ਤੇ ਹੀ ਹੁੰਦੀ ਹੈ। ਪਰ ਫੁਰਮਾਉ, ਤੁਹਾਡਾ ਕੰਮ ਕੀ ਹੈ ? ਸ਼ਾਇਦ ਮੈਂ ਕੁਝ ਖ਼ਿਦਮਤ ਕਰ ਸਕਾਂ। ਮੈਂ ਕਈ ਦਿਨ ਤੋਂ ਆਪ ਜੀ ਨੂੰ ਏਥੇ ਚੱਕਰ ਕਟਦਿਆਂ ਦੇਖ ਰਿਹਾ ਹਾਂ। ਮੈਂ ਵੀ ਅੰਦਰ ਹੀ ਕੰਮ ਕਰਦਾ ਹਾਂ। ਮੇਰਾ ਨਾਮ ਮਿਲਖੀ ਰਾਮ ਹੈ।" ਬਜ਼ੁਰਗ ਪਟਵਾਰੀ ਨੇ ਆਪਣੀ ਜਾਣ ਪਛਾਣ ਵੀ ਕਰਾ ਦਿੱਤੀ।

ਲੱਖਾ ਸਿੰਘ ਨੇ ਆਪਣੀ ਸਾਰੀ ਕਹਾਣੀ ਕਹਿ ਸੁਣਾਈ।

"ਹੂੰਅ।" ਮਿਲਖੀ ਰਾਮ ਨੇ ਭੇਤ-ਭਰੇ ਢੰਗ ਨਾਲ ਸਿਰ ਹਿਲਾਉਂਦਿਆਂ ਹੁੰਗਾਰਾ ਭਰਿਆ, "ਇਹ ਗੱਲ ਏ।" ਇਹ ਸ਼ਬਦ ਉਹਨੇ ਜਿਵੇਂ ਆਪਣੇ ਆਪ ਨੂੰ ਹੀ ਕਹੇ। "ਸਰਦਾਰ ਸਾਹਿਬ!" ਉਹਨੇ ਲੱਖਾ ਸਿੰਘ ਦੇ ਚਿਹਰੇ ਵੱਲ ਤਕਦਿਆਂ ਕਿਹਾ, "ਮੇਰੇ ਖ਼ਿਆਲ ਵਿੱਚ ਸਰਦਾਰ ਜਰਨੈਲ ਸਿੰਘ ਵਿਰਕ ਤੁਹਾਡਾ ਆਪਣਾ ਆਦਮੀ ਹੈ।"

"ਹਾਂ, ਹੈ ਤਾਂ ਆਪਣਾ ਹੀ।" ਲੱਖਾ ਸਿੰਘ ਨੇ ਐਵੇਂ ਹੁੰਗਾਰਾ ਭਰਨ ਵਜੋਂ ਕਿਹਾ।

"ਬੜਾ ਲਾਇਕ ਆਦਮੀ ਹੈ।" ਮਿਲਖੀ ਰਾਮ ਨੇ ਓਸੇ ਤਰ੍ਹਾਂ ਸਿਰ ਹਿਲਾਉਂਦਿਆਂ ਕਿਹਾ, "ਹੈ ਤਾਂ ਜਵਾਨ ਮੁੰਡਾ ਹੀ, ਪਰ ਆਪਣੇ ਕੰਮ ਦਾ ਬੜਾ ਹੋਸ਼ਿਆਰ। ਜੀ, ਜਿਸ ਨੂੰ, ਚਲਦਾ ਪੁਰਜਾ ਕਹਿੰਦੇ ਹਨ। ਵੱਡਿਆਂ-ਵੱਡਿਆਂ ਪੁਰਾਣੇ ਖੁਰਾਂਟਾਂ ਦੇ ਕੰਨ ਕੁਤਰਦਾ ਏ। ਪਰ ਹੈਰਾਨ ਹਾਂ ਕਿ ਉਹਦੇ ਹੁੰਦਿਆਂ ਤੁਹਾਡਾ ਕੰਮ ਕਿਉਂ ਨਹੀਂ ਹੋਇਆ ?"

"ਇਸ ਬਾਰੇ ਮੈਂ ਕੀ ਕਹਿ ਸਕਦਾਂ। ਉਹਦੀਆਂ ਉਹ ਜਾਣੇ।" ਲੱਖਾ ਸਿੰਘ ਨੇ ਪਹਿਲਾਂ ਨਾਲੋਂ ਵੀ ਨਿਰਾਸ ਸੁਰ ਵਿੱਚ ਉੱਤਰ ਦਿੱਤਾ।

"ਹੂੰਅ-ਹੂੰ!" ਮਿਲਖੀ ਰਾਮ ਦੋ ਕੁ ਪਲ ਨੀਂਵੀ ਨਜ਼ਰ ਕਰਕੇ ਇਉਂ ਸਿਰ ਹਿਲਾਉਂਦਾ ਰਿਹਾ, ਜਿਵੇਂ ਉਹ ਕਿਸੇ ਬਹੁਤ ਵੱਡੀ ਉਲਝਣ ਨੂੰ ਸੁਲਝਾਉਣ ਬਾਰੇ ਸੋਚ ਰਿਹਾ ਹੋਵੇ। "ਸਰਦਾਰ ਸਾਹਿਬ! ਕੁਝ ਅਰਜ਼ ਕਰਾਂ ? ਨਾਰਾਜ਼ ਤਾਂ ਨਹੀਂ ਹੋਵੋਗੇ ?" ਇਹ ਵਾਕ ਕਹਿੰਦਿਆਂ ਮਿਲਖੀ ਰਾਮ ਦਾ ਮੂੰਹ ਵੀ ਸਵਾਲੀਆ ਚਿੰਨ੍ਹ ਵਰਗਾ ਬਣਿਆ ਹੋਇਆ ਸੀ।

"ਨਾਰਾਜ਼ ਹੋਣ ਜੋਗੇ ਰਹੇ ਈ ਕਿੱਥੇ ਆਂ। ਫੁਰਮਾਓ ਤੁਸੀਂ।" ਲੱਖਾ ਸਿੰਘ ਦੇ ਦਿਲ ਵਿੱਚ ਕਈ ਸ਼ੱਕ ਸਿਰ ਉਠਾ ਰਹੇ ਸਨ।

"ਮੈਂ ਹੈਰਾਨ ਹਾਂ ਕਿ ਸ: ਜਰਨੈਲ ਸਿੰਘ ਤੁਹਾਡਾ ਆਪਣਾ ਆਦਮੀ ਹੈ ਅਤੇ ਇਹ ਕੰਮ ਵੀ ਓਸੇ ਦੇ ਸਪੁਰਦ ਹੈ। ਉਹਦੀ ਡਿਊਟੀ ਹੈ ਰਹੀਆਂ ਰਵੈਨੀਆਂ, ਗੁੰਮ ਹੋਈਆਂ ਜਮ੍ਹਾਂਬੰਦੀਆਂ ਲੱਭਣਾ, ਉਨ੍ਹਾਂ ਦੀ ਪੜਤਾਲ ਕਰਨਾ, ਸੰਭਾਲਣਾ ਤੇ ਫਿਰ ਅਗਲੀ ਕਾਰਵਾਈ ਵਾਸਤੇ ਆਲ੍ਹਾ ਅਫ਼ਸਰ ਦੇ ਪੇਸ਼ ਕਰਨਾ। ਉਹ ਚਾਹਵੇ ਤਾਂ ਇਕ ਦਿਨ ਵਿੱਚ ਤੁਹਾਡਾ ਕੰਮ ਹੋ ਸਕਦਾ ਹੈ। ਗੁੰਮਸ਼ੁਦਾ ਕਾਗਜ਼ ਸਭ ਓਸੇ ਕੋਲ ਨੇ, ਪਰ ਜੇ ਫਿਰ ਵੀ ਤੁਹਾਡਾ ਕੰਮ ਨਹੀਂ ਹੁੰਦਾ, ਤਾਂ ਜ਼ਰੂਰ ਦਾਲ ਵਿੱਚ ਕੁਝ ਕਾਲਾ-ਕਾਲਾ ਹੈ। ਸਮਝ ਗਏ ? ਉਹ ਪੁਰਜ਼ਾ ਤਾਂ ਵਧੀਆ ਹੈ, ਆਪਣੇ ਕੰਮ ਦਾ ਉਸਤਾਦ, ਪਰ ਤੁਰਦਾ ਕੁਝ ਤੇਲ ਦਿੱਤਿਆਂ ਹੈ। ਬੱਸ.....ਅਹਿ।" ਮਿਲਖੀ ਰਾਮ ਨੇ ਸੱਜੇ ਹੱਥ ਦੀ ਵਿਚਲੀ ਉਂਗਲ ਨਾਲ ਅੜਾ ਕੇ ਅੰਗੂਠੇ ਨੂੰ ਇਉਂ ਉਤਾਂਹ ਉਛਾਲਿਆ, ਜਿਵੇਂ ਚਾਂਦੀ ਦੇ ਰੁਪੇ ਨੂੰ ਟੁਣਕਾ ਕੇ ਖਰਾ ਖੋਟਾ ਪਰਖ ਰਿਹਾ ਹੋਵੇ। "ਹਾਂ—ਅ।" ਉਹਨੇ ਅਵਾਜ਼ ਨੂੰ ਕੁਝ ਲੰਮਾ ਕਰਕੇ ਕਿਹਾ। "ਜਾਓ, ਤੁਹਾਨੂੰ ਰਸਤਾ ਦੱਸ ਦਿੱਤਾ ਏ। ਅਗ੍ਹਾਂ ਤੁਹਾਡੀ ਹਿੰਮਤ।" ਸਿਰੋਂ ਉਪਰ ਕਰਕੇ ਹੱਥ ਹਿਲਾਉਂਦਾ ਹੋਇਆ ਮਿਲਖੀ ਰਾਮ ਆਪਣੇ ਰਾਹੇ ਪੈ ਗਿਆ।

ਮਿਲਖੀ ਰਾਮ ਪੁਰਾਣਾ ਪਟਵਾਰੀ ਸੀ। ਨੌਕਰੀ ਤੋਂ ਉਹਨੂੰ ਛੁੱਟੀ ਮਿਲ ਗਈ ਹੋਈ ਸੀ, ਪਰ ਉਹ ਫਿਰ ਵੀ ਸਾਰੀ ਦਿਹਾੜੀ ਸਕੱਤਰੇਤ ਵਿੱਚ ਹੀ ਗੁਜ਼ਾਰਦਾ ਸੀ। ਸਿਰਫ਼ ਗੁਜ਼ਾਰਦਾ ਹੀ ਨਹੀਂ ਸੀ, ਵਾਕ-ਚਾਤਰੀ ਦੇ ਹੁਨਰ ਸਦਕਾ ਉਹ ਦਿਹਾੜੀ ਵੀ ਬਣਾ ਲੈਂਦਾ ਸੀ।

ਲੱਖਾ ਸਿੰਘ ਜਿੱਥੇ ਖੜਾ ਸੀ, ਬੁੱਤ ਦਾ ਬੁੱਤ ਬਣਿਆ ਖੜਾ ਰਹਿ ਗਿਆ। ਗੁੱਸੇ ਵਿਚ ਉਹ ਆਪਣੇ ਆਪ ਨੂੰ ਭੁੱਲ ਗਿਆ। ਪਲ ਦਾ ਪਲ ਉਹ ਇਉਂ ਮਹਿਸੂਸ ਕਰਨ ਲੱਗਾ, ਜਿਵੇਂ ਅੱਜ ਵੀ ਉਹ ਪਿੰਡ ਵਰਨ ਦਾ ਮਾਲਕ ਸਰਦਾਰ ਲੱਖਾ ਸਿੰਘ ਸ਼ਾਹ ਹੈ, ਤੇ ਜਰਨੈਲ ਉਹਦੇ ਗ਼ਰੀਬ ਕਾਮੇ ਭੁੱਲੋ ਦਾ ਪੁੱਤਰ। ਉਹਦੇ ਦਿਲ ਵਿੱਚ ਆਈ ਕਿ ਓਸੇ ਵੇਲੇ ਅੰਦਰ ਜਾ ਕੇ ਜਰਨੈਲ ਨੂੰ ਫੜ ਕੇ ਚੁਪੇੜਾਂ ਨਾਲ ਉਡਾ ਦੇਵੇ। ਇਕ ਗ਼ਰੀਬ ਕਾਮੇ ਦੀ ਇਹ ਹਿੰਮਤ ?

ਪਰ ਛੇਤੀ ਹੀ ਲੱਖਾ ਸਿੰਘ ਨੂੰ ਆਪਣੀ ਹੁਣ ਵਾਲੀ ਹੈਸੀਅਤ ਦਾ ਗਿਆਨ ਹੋ ਗਿਆ। ਗੁੱਸੇ ਦਾ ਨਸ਼ਾ ਉੱਤਰ ਗਿਆ ਤੇ ਗਿਲ੍ਹਿਆਂ ਨਿਹੋਰਿਆਂ ਦੀ ਵਾਰੀ ਆ ਗਈ। 'ਜਾਹ ਉਇ ਬੇਕਦਰਾ। ਓਹਾ ਗੱਲ ਕੀਤੀਓ ਈ ਨਾਂ, ਅਖੇ : ਵਾਹ ਨਾ

ਜਾਨਣ ਛੋਲੇ ਤੇ ਗੁਣ ਨਾ ਜਾਨਣ ਗੋਲੇ। ਤੈਨੂੰ ਮੂੰਹ ਦੀਆਂ ਬੁਰਕੀਆਂ ਦੇ-ਦੇ ਪਾਲਿਆ, ਤੈਨੂੰ ਪੜ੍ਹਾਇਆ ਤੇ ਫਿਰ ਐਸ ਮਰਤਬੇ ਨੂੰ ਪੁਚਾਇਆ, ਨਹੀਂ ਤਾਂ ਬਿਨਾਂ ਸਫ਼ਾਰਸ਼ੋਂ ਨੌਕਰੀਆਂ ਕਿਤੇ ਧਰੀਆਂ ਪਈਆਂ ਨੇ ? ਤੇਰੇ ਵਰਗੇ ਹਜ਼ਾਰਾਂ ਦਸਵੀਂ ਪਾਸ ਸੜਕਾਂ 'ਤੇ ਧੱਕੇ ਖਾਂਦੇ ਫਿਰਦੇ ਨੇ। ਤੇ ਤੈਥੋਂ ਆਹ ਸਰੀ ? ਭੁੱਖਾ ਮਰਦਾ ਸੈਂ, ਤਾਂ ਤੂੰ ਪਹਿਲਾਂ ਈ ਮੈਥੋਂ ਮੰਗ ਲੈਂਦੋਂ। ਕਿਸੇ ਪੱਜ ਬਹਾਨੇ ਖਾ ਲੈਂਦੋਂ। ਮੈਨੂੰ ਐਨਾ ਚਿਰ ਖ਼ਰਾਬ ਤਾਂ ਨਾ ਕਰਦੋਂ ? ਆਹ ਧੱਕੇ ਤਾਂ ਨਾ ਖਾਣੇ ਪੈਂਦੇ ? ਹੱਛਾ, ਅੱਜ ਲੱਗ ਲੈਣ ਦੇਹ ਤੈਨੂੰ ਜਣਨ ਵਾਲੀ ਦੇ ਮੱਥੇ। ਪੁੱਛਾਂਗਾ, ਆਹ ਮੱਤ ਦਿਤੀਊ ਇਹਨੂੰ? ਇਹ ਕਿਸੇ ਦਾ ਵੀ ਨਾ ਬਣਿਆਂ ? ਘਰ ਦੀ ਬਿੱਲੀ ਤੇ ਘਰ ਨੂੰ ਮਿਆਊਂ? ਮੈਂ ਪਾਲਿਆ ਤੇ ਮੇਰੇ ਨਾਲ ਈ ਧਰੋਹ ਕਰਨੋਂ ਨਾ ਭਵਿਆਂ ਇਹ। ਪਰ ਇਹ ਉਲਾਹਮੇ ਹੁੰਦੇ ਨੇ ਕਿਸੇ ਅਣਖ ਵਾਲੇ ਨੂੰ। ਤੈਨੂੰ ਕਾਹਦੀ ਸ਼ਰਮ ? ਅੰਤ ਭੰਗਣ ਦਾ ਪੁੱਤਰ ਈ ਨਿਕਲਿਓਂ ਨਾਂ। ਠੀਕ ਆਖਿਆ ਸਿਆਣਿਆਂ : ਜੇਹੀ ਕੋਕੋ ਤੇਹੇ ਬੱਚੇ। ਖ਼ਾਨਦਾਨ ਕਿੱਥੋਂ ਪਛਾਣੇ ਜਾਂਦੇ ਨੇ। ਬੂਹੇ ਅੱਗੇ ਲਿਖਿਆ ਹੋਇਆ ਸੁ : ਜਰਨੈਲ ਸਿੰਘ ਵਿਰਕ। ਵਿਰਕਾਂ ਵਾਲੀ ਤਾਂ ਤੇਰੇ ਵਿੱਚ ਇਕ ਗੱਲ ਵੀ ਨਹੀਂ। ਜੇ ਤੂੰ ਸੱਚਮੁੱਚ ਵਿਰਕ ਹੁੰਦੋਂ.........। ਹੈਂ ? ਵਿਰਕ ? ਮੇਰਾ ?....?' ਲੱਖਾ ਸਿੰਘ ਨੂੰ ਇਕ ਜ਼ੋਰ ਦਾ ਧੱਕਾ ਵੱਜਾ। ਉਹ ਇਉਂ ਤ੍ਰਭਕ ਪਿਆ, ਜਿਵੇਂ ਅਚਨਚੇਤ ਸ਼ੀਸ਼ਾ ਸਾਹਮਣੇ ਆ ਜਾਣ 'ਤੇ ਕੋਈ ਆਪਣੀ ਸੂਰਤ ਵੇਖ ਕੇ ਤ੍ਰਭਕ ਉਠਦਾ ਹੈ।

ਲੱਖਾ ਸਿੰਘ ਨੇ ਅਗ੍ਹਾਂ ਸੋਚਣਾ ਬੰਦ ਕਰ ਦਿੱਤਾ। ਧੌਣ ਨੀਵੀਂ ਸੁੱਟ ਕੇ ਉਹ ਓਥੋਂ ਤੁਰ ਪਿਆ। ਸਕੱਤਰੇਤ ਤੋਂ ਬਾਹਰ ਨਿਕਲ ਕੇ ਉਹ ਸ਼ਹਿਰ ਦੇ ਉਲਟੇ ਪਾਸੇ ਖੱਬੇ ਹੱਥ ਨੂੰ ਤੁਰ ਪਿਆ। ਦੋ ਕੁ ਪੈਲੀਆਂ ਦੂਰ ਜਾ ਕੇ ਉਹ ਦਰੱਖ਼ਤ ਹੇਠਾਂ ਸਾਫ਼ਾ ਸੁੱਟ ਕੇ ਲੰਮਾ ਪੈ ਗਿਆ।

ਦਿਨ ਛਿਪਦੇ ਤਕ ਉਹ ਓਥੇ ਪਿਆ ਸੋਚਦਾ ਰਿਹਾ। ਕਦੇ ਉਹ ਗ਼ੁੱਸੇ ਅੰਦਰ ਆਪਣੇ ਆਪ ਵਿੱਚ ਭੜਕ ਉਠਦਾ ਤੇ ਕਦੇ ਕੁਝ ਮੱਠਾ ਪੈ ਕੇ ਗਿਲ੍ਹਿਆਂ ਨਿਹੋਰਿਆਂ 'ਤੇ ਆ ਜਾਂਦਾ। 'ਰਾਤ ਨੂੰ ਜਰਨੈਲ ਨਾਲ ਕਿਵੇਂ ਨਿਬੜਨਾ ਹੈ, ਉਹਨੂੰ ਕਿਹੜੀ-ਕਿਹੜੀ ਖਰੀ ਖੋਟੀ ਕਹਿਣੀ ਹੈ,' ਸਾਰਾ ਦਿਨ ਉਹ ਏਸੇ ਗੱਲ 'ਤੇ ਵਿਚਾਰ ਕਰਦਾ ਰਿਹਾ। ਏਸ ਔਖੇ ਵੇਲੇ ਵੀ ਧੰਨੇ ਸ਼ਾਹ ਨੇ ਉਹਦੀ ਔਕੜ ਹੱਲ ਕੀਤੀ। ਉਹਨੂੰ ਧੰਨੇ ਸ਼ਾਹ ਦੀ ਨਸੀਹਤ ਯਾਦ ਆ ਗਈ : 'ਵੇਖ ਸਰਦਾਰ ਲੱਖਾ ਸਿਹਾਂ। ਇਸ ਗੁਰ ਨੂੰ ਹਮੇਸ਼ਾਂ ਯਾਦ ਰਖੋ। ਜਦੋਂ ਤੁਹਾਨੂੰ ਕਿਸੇ ਉੱਤੇ ਗ਼ੁੱਸਾ ਆਵੇ, ਵਿੱਚੇ ਵਿੱਚ ਪਚਾਅ

ਜਾਵੇ। ਜਿਹੜਾ ਆਦਮੀ ਆਪਣੇ ਗੁੱਸੇ ਉੱਤੇ ਕਾਬੂ ਪਾਉਣਾ ਜਾਣਦਾ ਹੈ, ਉਹ ਹਰ ਕੰਮ ਵਿੱਚ ਕਾਮਯਾਬ ਹੋ ਜਾਂਦਾ ਹੈ। ਆਪਣਾ ਕੰਮ ਕੱਢ ਕੇ ਵੀ ਕਾਹਲੇ ਨਾ ਪਵੋ। ਸਮੇਂ ਦੀ ਉਡੀਕ ਕਰੋ। ਤੇ ਜਦੋਂ ਤੁਹਾਡਾ ਦਾਅ ਲੱਗ ਜਾਵੇ, ਬਸ, ਏਕ ਦੋ ਤੀਨ। ਪਰ ਮੂੰਹੋਂ ਫਿਰ ਵੀ ਨਾ ਵਿਗਾੜੋ। ਸਮਝੇ ?' 'ਹਾਂ, ਸਮਝ ਗਿਆ। ਸਲਾਹ ਧੰਨੇ ਸ਼ਾਹ ਦੀ ਠੀਕ ਏ। ਫਸੀ ਨੂੰ ਫਟਕਣ ਕੇਹਾ। ਇਸ ਵੇਲੇ ਤਾਂ ਆਪਣਾ ਕੰਮ ਕੱਢਣ ਦੀ ਲੋੜ ਏ। ਸਿਆਣਿਆਂ ਦਾ ਅਖਾਣ ਏ : ਲੋੜ ਵੇਲੇ ਕਿਸੇ ਨੇ ਗਧੇ ਨੂੰ ਵੀ ਬਾਪ ਕਹਿ ਦਿੱਤਾ ਸੀ। ਅੱਜ ਲੋੜ ਵੇਲੇ ਉਸ ਗਧੇ ਦੇ ਪੁੱਤਰ ਦੀ ਖ਼ੁਸ਼ਾਮਦ ਵੀ ਕਰ ਲਈਏ ਤਾਂ ਕੀ ਬੁਰਾ ? ਚਲੋ, ਮੱਥੇ ਲੱਗੀਏ। ਪਰ ਪਤਾ ਨਹੀਂ ਲਗਣ ਦੇਣਾ ਕਿ ਕਿਸੇ ਭੇਤੀਏ ਨੇ ਸਭ ਕੁਝ ਦੱਸ ਦਿੱਤਾ ਏ।'

ਹਿਮਤ ਕਰਕੇ ਲੱਖਾ ਸਿੰਘ ਉਠ ਬੈਠਾ ਤੇ ਸਾਫ਼ਾ ਝਾੜ ਕੇ ਜਰਨੈਲ ਦੇ ਘਰ ਨੂੰ ਤੁਰ ਪਿਆ।

ਜਰਨੈਲ ਸਿੰਘ ਨਾਲ ਲੱਖਾ ਸਿੰਘ ਨੇ ਨਿੱਤ ਵਾਂਗ ਹੀ ਗੱਲਾਂ ਸ਼ੁਰੂ ਕੀਤੀਆਂ। ਲੱਖਾ ਸਿੰਘ ਵਿਛੇ ਹੋਏ ਮੰਜੇ ਉੱਤੇ ਬੈਠਾ ਸੀ। ਜਰਨੈਲ ਉਹਦੇ ਸਾਹਮਣੇ ਕੁਰਸੀ ਉੱਤੇ ਬੈਠਾ ਸੀ। ਮੰਜੇ ਦੀ ਪੈਂਦ ਵੱਲ ਰਾਜੋ ਇਕ ਨੀਵੀਂ ਜੇਹੀ ਚੌਂਕੀ ਉੱਤੇ ਬੈਠੀ ਸੀ। ਲੱਖਾ ਸਿੰਘ ਨੇ ਕੁਝ ਨਿਹੋਰੇ ਨਾਲ ਕਿਹਾ, "ਜਰਨੈਲ! ਬੱਚੂ, ਤੇਰੇ ਹੁੰਦਿਆਂ ਤੇਰਾ ਬੁੱਢਾ ਬਾਬਾ ਰੁਲਦਾ ਫਿਰੇ ਤਾਂ ਸੋਚ, ਇਹ ਕੰਮ ਤੈਨੂੰ ਸੋਭਾ ਦੇਂਦਾ ਏ ?"

"ਬਾਬਾ ਜੀ! ਮੈਂ ਤਾਂ ਆਪ ਬੜਾ ਮਹਿਸੂਸ ਕਰਦਾਂ, ਪਰ ਚਾਰਾ ਵੀ ਚੱਲੇ ਕੋਈ ?" ਜਰਨੈਲ ਸਿੰਘ ਨੇ ਨੀਵੀਂ ਪਾਈ ਕਿਹਾ। ਅਸਲ ਵਿੱਚ ਮਿਲਖੀ ਰਾਮ ਨੇ ਆਪਣੀ ਸਾਰੀ ਕਾਰਗੁਜ਼ਾਰੀ ਜਰਨੈਲ ਨੂੰ ਕਹਿ ਸੁਣਾਈ ਸੀ। ਜਰਨੈਲ ਸਿੰਘ ਵੇਖਣਾ ਚਾਹੁੰਦਾ ਸੀ ਕਿ ਲੱਖਾ ਸਿੰਘ ਨੇ ਉਸ ਉੱਤੇ ਕਿੱਥੋਂ ਤਕ ਇਤਬਾਰ ਜਾਂ ਨਾ-ਇਤਬਾਰੀ ਕੀਤੀ ਹੈ।

"ਤੇਰਾ ਚਾਰਾ ਨਹੀਂ ਚਲਦਾ ? ਸੁਣਿਆਂ ਏ, ਤੂੰ ਲੱਗਾ ਹੋਇਆ ਈ ਗੁਆਚੇ ਕਲੇਮ ਲੱਭਣ 'ਤੇ ਏਂ।" ਲੱਖਾ ਸਿੰਘ ਨੇ ਜਰਨੈਲ ਸਿੰਘ ਦੇ ਚਿਹਰੇ ਉੱਤੇ ਬੜੀ ਤਿੱਖੀ ਨਜ਼ਰ ਨਾਲ ਤਕਦਿਆਂ ਕਿਹਾ।

"ਏਸ ਗੱਲੋਂ ਮੈਂ ਕਦੋਂ ਮੁਕਰਿਆਂ। ਅਮਲੀ ਨੱਥਾ ਸਿੰਘ ਦਾ ਕਲੇਮ ਉਸ ਦਿਨ ਮਸਾਂ ਲੱਭਾ ਸੀ। ਉਹਨੂੰ ਮੱਖੂ ਕੋਲ ਜ਼ੀਰੇ ਵਾਲੀ ਜ਼ਮੀਨ ਅਲਾਟ ਹੋਈ ਹੈ। ਜਿੰਨੀ ਉਹਦੀ ਤੁਹਾਡੇ ਕੋਲ ਗਹਿਣੇ ਸੀ, ਉਹਦੀ ਸਨਦ ਤੁਹਾਨੂੰ ਅੱਠਾਂ-ਦਸਾਂ ਦਿਨਾਂ ਤਕ

ਪੁੱਜ ਜਾਵੇਗੀ। ਜਾ ਕੇ ਕਬਜ਼ਾ ਲੈ ਲਿਓ। ਤੇ......।"

"ਓ, ਅਮਲੀ ਦੇ ਕਲੇਮ ਨੂੰ ਮਾਰ ਗੋਲੀ" ਲੱਖਾ ਸਿੰਘ ਨੇ ਵਿੱਚੋਂ ਗੱਲ ਟੋਕ ਕੇ ਕਿਹਾ। ਉਹ ਨਾ ਚਾਹੁੰਦਾ ਹੋਇਆ ਵੀ ਕੁਝ ਗਰਮ ਹੋ ਪਿਆ ਸੀ। "ਤੂੰ ਸਾਡੇ ਉੱਤੇ ਰਹਿਮ ਕਰ।"

"ਬਾਬਾ ਜੀ। ਇਹ ਗੱਲ ਤੁਹਾਡੇ ਮੂਹੋਂ ਫੱਬਦੀ ਏ ? ਮੈਂ ਦਿਨ ਰਾਤ ਇਕ ਕਰ ਛੱਡਿਆ ਏ ਕਲੇਮ ਲੱਭਣ ਵਿੱਚ, ਪਰ ਹਰ ਕੰਮ ਵਾਸਤੇ ਵਕਤ ਚਾਹੀਦਾ ਏ। ਜਿਸ ਵੇਲੇ ਕਲੇਮ ਮਿਲ ਗਿਆ, ਇਕ ਹਫ਼ਤੇ 'ਚ ਤੁਹਾਡਾ ਕੰਮ ਹੋ ਜਾਵੇਗਾ।" ਜਰਨੈਲ ਸਿੰਘ ਨੇ ਥੋੜ੍ਹਾ ਜੇਹਾ ਲੱਖਾ ਸਿੰਘ ਦੇ ਚਿਹਰੇ ਵੱਲ ਝਾਕ ਕੇ ਫਿਰ ਨੀਵੀਂ ਪਾ ਲਈ।

ਅਸਲ ਵਿੱਚ ਦੋਵੇਂ ਹੀ ਯਤਨ ਕਰਕੇ ਆਪੋ ਆਪਣੇ ਗ਼ੁੱਸੇ ਉੱਤੇ ਕਾਬੂ ਪਾ ਰਹੇ ਸਨ। ਦਿਲੋਂ ਅੰਦਰ ਦੀ ਭੜਾਸ ਕੱਢਣ ਦਾ ਮਨ ਬਣਾਈ ਬੈਠੇ ਸਨ।

"ਸੁਣ ਭਈ ਜਰਨੈਲ!" ਲੱਖਾ ਸਿੰਘ ਸਿੱਧੀ ਗੱਲ 'ਤੇ ਆ ਗਿਆ। ਉਹ ਇਸ ਝਮੇਲੇ ਤੋਂ ਤੰਗ ਆ ਗਿਆ ਸੀ। "ਸਿਆਣਿਆਂ ਆਖਿਆ ਏ : ਭਾਅ ਨਾਲ ਭਰਾ ਕਿਹਾ, ਤੇ ਵਿਆਹ ਵਿੱਚ ਸ਼ਰਮਾਅ ਕਿਹਾ। ਮੇਰਾ ਕਲੇਮ ਲੱਭ ਦਿਹ। ਜੋ ਤੇਰਾ ਹੱਕ ਬਣਦਾ ਏ, ਮਿਲ ਜਾਏਗਾ।"

"ਬਾਬਾ ਜੀ! ਕਲੇਮ ਤੁਹਾਡਾ ਲੱਭ ਜਾਵੇਗਾ, ਪਰ ਏਸ ਪਾਸੇ ਨਾ ਆਓ। ਨਾ ਹੀ ਮੈਂ ਮੰਗ ਸਕਦਾਂ, ਤੇ ਨਾ ਹੀ ਤੁਸੀਂ ਮੇਰਾ ਹੱਕ ਦੇ ਸਕਦੇ ਓ।" ਜਰਨੈਲ ਸਿੰਘ ਵਾਸਤੇ ਆਪਣੇ ਆਪ ਉੱਤੇ, ਵਧੇਰੇ ਚਿਰ ਕਾਬੂ ਰੱਖਣਾ ਔਖਾ ਹੋ ਗਿਆ ਸੀ। ਉਹ ਕੁਰਸੀ ਤੋਂ ਉਠ ਕੇ ਕਮਰੇ ਵਿੱਚ ਟਹਿਲਣ ਲੱਗ ਪਿਆ।

"ਵੇਖ ਉਇ ਮੁੰਡਿਆ! ਕੀ ਹੋ ਗਿਆ ਉਜੜ ਗਏ ਆਂ ਤਾਂ। ਆਹੰਦੇ ਹੁੰਦੇ ਨੇ: ਵੱਡੇ ਭਾਂਡਿਆਂ ਦੀ ਘਰੋੜੀ ਈ ਮਾਣ ਨਹੀਂ। ਤੇਰੇ ਜੋਗੇ ਨਿਕਲ ਈ ਪੈਣਗੇ। ਆ ਤੇਰੀ ਮਾਂ ਸਾਹਮਣੇ ਬੈਠੀ ਏ। ਬੋਲ, ਕੀ ਬਣਦਾ ਏ ਤੇਰਾ ਹੱਕ ?" ਲੱਖਾ ਸਿੰਘ ਨੇ ਪੂਰੇ ਜੋਸ਼ ਵਿੱਚ ਕਿਹਾ।

"ਜੇ ਮਾਂ 'ਤੇ ਈ ਗੱਲ ਨਿਬੜਨੀ ਏਂ, ਤਾਂ ਮੇਰਾ ਹੱਕ ਬਣਦਾ ਏ ਤੇਰੀ ਅੱਧੀ ਜਾਇਦਾਦ। ਬੋਲ, ਦੇ ਸਕਦਾ ਏਂ ? ਹੈ ਹਿੰਮਤ ?" ਜਰਨੈਲ ਆਪੇ ਤੋਂ ਬਾਹਰ ਹੋ ਗਿਆ ਸੀ। ਉਹ ਲੱਖਾ ਸਿੰਘ ਦੇ ਸਾਹਮਣੇ ਤਣ ਕੇ ਖਲੋ ਗਿਆ। ਦੋਵੇਂ ਹੱਥ ਉਹਨੇ ਢਾਕਾਂ ਉੱਤੇ ਰੱਖੇ ਹੋਏ ਸਨ। ਗ਼ੁੱਸੇ ਨਾਲ ਉਹਦੇ ਮੱਥੇ ਦੀਆਂ ਤਿਊੜੀਆਂ ਵਧੇਰੇ ਸੰਘਣੀਆਂ ਹੋ ਗਈਆਂ ਸਨ।

ਲੱਖਾ ਸਿੰਘ ਤੋਂ ਅੱਗੋਂ ਉੱਤਰ ਕੋਈ ਨਾ ਸਰਿਆ। ਉਹਦੀਆਂ ਅੱਖਾਂ ਧਰਤੀ 'ਤੇ ਝੁਕੀਆਂ ਹੋਈਆਂ ਸਨ। ਉਸ ਨੂੰ ਉਮੀਦ ਨਹੀਂ ਸੀ ਕਿ ਜਰਨੈਲ ਏਥੋਂ ਤਕ ਕਹਿ ਦੇਵੇਗਾ।

"ਚੁੱਪ ਕਿਉਂ ਕਰ ਗਿਆ ਏਂ ? ਹੁੰਗਾਰਾ ਕਿਉਂ ਨਹੀਂ ਭਰਿਆ ਅੱਗੋਂ ? ਮੈਂ ਝੂਠ ਕਿਹਾ ਏ ?" ਜਰਨੈਲ ਸਿੰਘ ਐਧਰ ਓਧਰ ਟਹਿਲਣ ਲੱਗ ਪਿਆ। ਸਾਹਮਣੇ ਖਲੋ ਕੇ ਉਹਨੇ ਫਿਰ ਕਹਿਣਾ ਸ਼ੁਰੂ ਕਰ ਦਿੱਤਾ, "ਇਕ ਪੁੱਤਰ ਏ ਤੇਰਾ ਹਰਨਾਮ ਸਿੰਘ, ਦੂਸਰਾ ਮੈਂ। ਮੈਂ ਤੇਰੀ ਜਾਇਦਾਦ 'ਚੋਂ ਅੱਧ ਦਾ ਮਾਲਕ ਆਂ। ਸਰਵਣ ਤੇਰਾ ਪੁੱਤਰ ਨਹੀਂ। ਇਹ ਤੂੰ ਵੀ ਜਾਣਦਾ ਏਂ ਕਿ ਉਹ ਤੇਰਾ ਲਹੂ ਨਹੀਂ। ਪਰ ਤੂੰ ਜ਼ਬਰਦਸਤੀ ਉਹਦੀ ਮਾਂ ਨਾਲ ਵਿਆਹ ਕਰਾ ਲਿਆ ਸੀ। ਇਸ ਵਾਸਤੇ ਉਹ ਤੇਰੀ ਜਾਇਦਾਦ ਦਾ ਮਾਲਕ ਬਣ ਸਕੇਗਾ। ਤੇ ਮੇਰੀ ਮਾਂ ਨਾਲ ਤੂੰ ਧੋਖਾ ਕੀਤਾ ਸੀ, ਇਸ ਵਾਸਤੇ ਤੇਰਾ ਪੁੱਤਰ ਹੋਇਆ ਵੀ ਮੈਂ ਤੇਰੀ ਜਾਇਦਾਦ ਦਾ ਹੱਕਦਾਰ ਨਹੀਂ। ਇਹ ਹੈ ਤੇਰਾ ਇਨਸਾਫ਼।"

"ਜਰਨੈਲ! ਜਾਣ ਦੇ ਇਹਨਾਂ ਗੱਲਾਂ ਨੂੰ।" ਰਾਜੋ ਨੇ ਕੋਲੋਂ ਪੁੱਤਰ ਨੂੰ ਠੰਢਿਆਂ ਕਰਨ ਦੇ ਇਰਾਦੇ ਨਾਲ ਕਿਹਾ।

"ਚੁੱਪ ਰਹੁ, ਮਾਂ। ਸਿਰਫ਼ ਉਹਨੂੰ ਹੀ ਨਹੀਂ, ਅੱਜ ਤੈਨੂੰ ਵੀ ਸੁਣਨੀਆਂ ਪੈਣਗੀਆਂ। ਸੱਚੀ ਪੁੱਛੇਂ ਤਾਂ ਤੂੰ ਵੀ ਓਨੀ ਹੀ ਗੁਨਾਹਗਾਰ ਏਂ। ਤੇਰੇ ਅੰਦਰ ਇਕ ਹੀਣਤਾ ਭਾਵ ਸੀ। ਜਿਸ ਬਰਾਦਰੀ ਵਿੱਚ ਤੂੰ ਜੰਮੀ ਸੈਂ, ਉਸ ਉੱਤੇ ਤੈਨੂੰ ਮਾਣ ਨਹੀਂ ਸੀ। ਤੂੰ ਭੰਗਣ ਜਾਂ ਮਜ਼੍ਹਬਣ ਦੀ ਥਾਂ ਜੱਟੀ ਬਣਨਾ ਚਾਹੁੰਦੀ ਸੈਂ। ਏਸੇ ਕਮਜ਼ੋਰੀ ਕਾਰਨ ਪਹਿਲਾਂ ਤੂੰ ਸਮੁੰਦ ਸਿੰਘ ਕੋਲ ਆਪਣਾ ਆਪ ਵੇਚਿਆ, ਫਿਰ ਇਹਦੇ ਕੋਲ। ਪਰ ਤੂੰ ਜੱਟੀ ਫੇਰ ਵੀ ਨਾ ਬਣ ਸਕੀਓਂ।"

"ਵੇ ਪੁੱਤ, ਮਾਂ ਨੂੰ ਵੀ ?" ਰਾਜੋ ਨੇ ਪੁੱਤ ਵੱਲ ਹੰਝੂ ਭਰੀਆਂ ਅੱਖਾਂ ਨਾਲ ਵੇਖ ਕੇ ਕਿਹਾ।

"ਹਾਂ! ਮਾਂ ਨੂੰ ਵੀ, ਪਿਉ ਨੂੰ ਵੀ। ਅੱਜ ਦੋਹਾਂ ਨੂੰ ਸੁਣਨੀਆਂ ਪੈਣਗੀਆਂ। ਤੁਸੀਂ ਦੋਵੇਂ ਮੈਨੂੰ ਦੁਨੀਆਂ ਵਿੱਚ ਲਿਆਉਣ ਦੇ ਜ਼ਿਮੇਵਾਰ ਓ। ਤੇ ਤੁਸਾਂ ਮੈਨੂੰ ਸਿਖਾਇਆ ਕੀ ਏ, ਹਰ ਇਕ ਨੂੰ ਨਫ਼ਰਤ ਕਰਨਾ। ਸਾਰੀ ਦੁਨੀਆ ਨੂੰ ਨਫ਼ਰਤ ਕਰਨਾ। ਮੈਂ ਤੁਹਾਨੂੰ ਸਾਰਿਆਂ ਨੂੰ ਨਫ਼ਰਤ ਕਰਦਾ ਹਾਂ। ਜੀਹਨੂੰ ਤੁਸੀਂ ਮੇਰਾ ਪਿਉ ਆਹੁੰਦੇ ਹੁੰਦੇ ਸੋ, ਪਿਆਰ ਮੇਰੇ ਦਿਲ ਵਿੱਚ ਉਹਦੇ ਵਾਸਤੇ ਵੀ ਨਹੀਂ ਸੀ। ਪਰ ਇਕ ਗੱਲੋਂ ਉਹ ਮਰਦ

ਆਦਮੀ ਸੀ। ਸੁਣਦਾ ਏਂ ਬਾਬਾ!" ਜਰਨੈਲ ਨੇ ਲੱਖਾ ਸਿੰਘ ਨੂੰ ਸੰਬੋਧਨ ਕਰਕੇ ਕਿਹਾ, "ਉਹਨੂੰ ਬੂਹੇ ਬੂਹੇ ਰੁਲਦੇ ਨੂੰ ਤੂੰ ਰੋਟੀ ਦਿੱਤੀ ਸੀ। ਤੇ ਉਹਨੇ ਸਿਰਫ਼ ਰੋਟੀ ਬਦਲੇ ਸਾਰੀ ਜ਼ਿੰਦਗੀ ਤੇਰੇ ਹਵਾਲੇ ਕਰ ਦਿੱਤੀ। ਉਹਨੇ ਸਾਰੀ ਉਮਰ ਲਹੂ ਪਾਣੀ ਇਕ ਕਰਕੇ ਕਮਾਈ ਕੀਤੀ। ਤੇਰੇ ਵਾਸਤੇ ਕਮਾਈ, ਸਿਰਫ਼ ਦੋ ਡੰਗ ਦੀ ਰੋਟੀ ਬਦਲੇ। ਅਖ਼ੀਰ ਉਹ ਇਕ ਵਫ਼ਾਦਾਰ ਨੌਕਰ ਵਾਂਗਰ ਜਾਨ ਵੀ ਤੈਥੋਂ ਕੁਰਬਾਨ ਕਰ ਗਿਆ। ਤੂੰ ਉਹਦਾ ਕੀ ਮੁੱਲ ਪਾਇਆ ? ਮੈਂ ਇਕ ਹੋਰ ਪੱਖ ਤੋਂ ਵੀ ਉਹਨੂੰ ਤੇਰੇ ਨਾਲੋਂ ਚੰਗਾ ਸਮਝਦਾ ਹਾਂ। ਤੂੰ ਸਮਝਦਾ ਸੈਂ, ਤੂੰ ਉਹਦੀ ਜ਼ਨਾਨੀ ਮਾਣਦਾ ਏਂ। ਤੇ ਉਹ ਕਿਹਾ ਕਰਦਾ ਸੀ, ਰਾਜੋ ਤੇਰੀ ਏ, ਉਹ ਤੇਰੀ ਹੰਢਾਉਂਦਾ ਏ। ਏਸ ਗੱਲੋਂ ਉਹ ਤੇਰੇ ਨਾਲੋਂ ਸੱਚਾ ਸੀ।

"ਆਹ ਵੇਖ ਵੇ ਜਰਨੈਲ! ਮੇਰੇ ਹੱਥ ਜੋੜੇ ਈ!" ਰਾਜੋ ਨੇ ਪੁੱਤ ਅੱਗੇ ਹੱਥ ਜੋੜ ਕੇ ਵਾਸਤਾ ਪਾਇਆ।

"ਮਾਂ! ਜਰਨੈਲ ਗ਼ੁੱਸੇ ਵਿੱਚ ਚੀਕ ਕੇ ਬੋਲਿਆ, "ਮੈਂ ਸਾਰੀ ਉਮਰ ਹਾਣੀਆਂ ਦੀਆਂ ਸਹਾਰੀਆਂ ਨੇ, ਤੁਸੀਂ ਇਕ ਦਿਨ ਨਹੀਂ ਸਹਿ ਸਕਦੇ ? ਸਹਿਣੀਆਂ ਪੈਣਗੀਆਂ। ਓਸ ਵੇਲੇ ਮੇਰੇ ਅੰਦਰ ਕੋਈ ਵੜ ਕੇ ਨਹੀਂ ਸੀ ਵੇਖਿਆ ਕਰਦਾ, ਜਦ ਹਾਣੀ ਤਾਹਨਾ ਦਿਆ ਕਰਦੇ ਸਨ ਕਿ ਤੇਰਾ ਅਸਲੀ ਪਿਉ ਕਿਹੜਾ ਏ। ਤੂੰ ਓਦਣ ਕਿਉਂ ਰੋਈ ਸੈਂ ? ਕੋਈ ਜਵਾਬ ਦੇਂਦੀਓਂ। ਪਰ ਠਹਿਰ। ਪਹਿਲਾਂ ਮੈਨੂੰ ਬਾਬੇ ਨਾਲ ਗੱਲ ਕਰ ਲੈਣ ਦੇਹ।"

ਲੱਖਾ ਸਿੰਘ ਨੇ ਕੁਝ ਕਹਿਣ ਵਾਸਤੇ ਨਿਗ੍ਹਾ ਉਠਾਈ, ਪਰ ਜਰਨੈਲ ਨਾਲ ਅੱਖਾਂ ਮਿਲਦੇ ਸਾਰ ਨੀਵੀਆ ਹੋ ਗਈਆਂ।

"ਬਾਬਾ! ਸਿਰਫ਼ ਏਨਾ ਹੀ ਨਹੀਂ, ਕਿ ਤੂੰ ਮੇਰੀ ਮਾਂ ਨਾਲ ਧੋਖਾ ਕੀਤਾ ਏ, ਤੂੰ ਕਾਇਰ ਵੀ ਏਂ। ਅੱਵਲ ਦਰਜੇ ਦਾ ਬੁਜ਼ਦਿਲ।"

"ਹੋਰ ਵੀ ਕੁਝ ਕਹਿ ਲੈ ਭਈ।" ਲੱਖਾ ਸਿੰਘ ਨੇ ਅੱਗੋਂ ਰੋਸ ਵੱਜੋਂ ਕਿਹਾ, ਪਰ ਨਿਗ੍ਹਾ ਉਪਰ ਨਹੀਂ ਉਠਾਈ।

"ਝੂਠੀ ਕੋਈ ਗੱਲ ਨਹੀਂ ਕਹਾਂਗਾ। ਮੇਰੀ ਮਾਂ ਤੂੰ ਸਹੀ ਅਰਥਾਂ ਵਿੱਚ ਆਪਣੇ ਵਾਸਤੇ ਵਿਆਹ ਕੇ ਲਿਆਂਦੀ ਸੀ, ਪਰ ਇਹ ਸਭ ਕੁਝ ਤੂੰ ਕੀਤਾ ਕਾਇਰਤਾ ਤੇ ਫ਼ਰੇਬ ਦੇ ਪਰਦੇ ਉਹਲੇ। ਤੂੰ ਅਣਖ ਵਾਲਾ ਮਰਦ ਹੁੰਦੋਂ, ਤਾਂ ਸਿੱਧਾ ਗੱਜ ਵੱਜ ਕੇ ਆਪ ਵਿਆਹ ਕੇ ਲਿਆਉਂਦੋਂ। ਜਿਵੇਂ ਸਵਰਨੀ ਵਿਆਹ ਕੇ ਲਿਆਂਦੀ ਸੀ, ਓਵੇਂ ਇਹਨੂੰ ਵਿਆਹ ਕੇ ਲਿਆਉਂਦੋਂ। ਬੇਸ਼ੱਕ ਤੂੰ ਇਹਦੇ ਹੱਥਾਂ ਦੀ ਪੱਕੀ ਨਾ ਖਾਂਦੋਂ। ਓਸ

ਤਰ੍ਹਾਂ ਤੇਰਾ ਧਰਮ ਭ੍ਰਸ਼ਟ ਹੁੰਦਾ ਸੀ ਨਾਂ! ਹੂੰਹ! ਧਰਮ ਦੇ ਨਾਂ ਥੱਲੇ ਕਿੱਡਾ ਵੱਡਾ ਪਖੰਡ। ਨਾ ਖਾਂਦੋਂ ਇਹਦੀ ਪੱਕੀ। ਹੁਣ ਵਾਂਗ ਇਹ ਵੱਖਰੇ ਕੋਠੇ ਵਿੱਚ ਹੀ ਪਈ ਰਹਿੰਦੀ, ਪਰ ਓਸ ਤਰ੍ਹਾਂ ਇਹਨੂੰ ਕੋਈ ਤੇਰੀ ਰਖੇਲ ਨਾ ਕਹਿੰਦਾ। ਇਹ ਸੁਆਣੀ ਅਖਵਾਉਂਦੀ। ਤੇ ਮੈਂ ਸਮਾਜ ਵਿੱਚ ਛਾਤੀ ਤਾਣ ਕੇ ਆਖ ਸਕਦਾ, ਮੈਂ ਸਰਦਾਰ ਲੱਖਾ ਸਿੰਘ ਦਾ ਪੁੱਤਰ ਆਂ। ਦੱਸੋ ਮੈਨੂੰ, ਹੁਣ ਮੈਂ ਕੀ ਕਹਾਂ ਲੋਕਾਂ ਨੂੰ। ਬਾਬਾ! ਮੇਰੇ ਅੰਦਰ ਇਕ ਕਿਸਮ ਦਾ ਲਾਵਾ ਉਬਲ ਰਿਹਾ ਏ, ਮੈਂ ਉਸ ਵਿੱਚ ਸੜ ਰਿਹਾ ਹਾਂ। ਮੈਨੂੰ ਹਰ ਵੇਲੇ ਇਉਂ ਭਾਸਦਾ ਰਹਿੰਦਾ ਏ, ਜਿਵੇਂ ਸਾਰੀ ਦੁਨੀਆਂ ਮੇਰੀ ਅਸਲੀਅਤ ਤੋਂ ਜਾਣੂ ਏ। ਏਸੇ ਕਾਰਨ ਮੈਂ ਕਿਸੇ ਨੂੰ ਆਪਣਾ ਦੋਸਤ ਨਹੀਂ ਬਣਾ ਸਕਦਾ। ਮੈਂ ਇਕੱਲਾ ਜਿਉਂ ਰਿਹਾ ਹਾਂ, ਬਿਲਕੁਲ ਇਕੱਲਾ। ਤੇ ਇਹ ਕਸੂਰ ਕੀਹਦਾ ਏ, ਤੁਹਾਡਾ।"

"ਤੇ ਜਿਹੜੇ ਤੇਰੇ ਬਾਬੇ ਨੇ ਹਸਾਨ ਕੀਤੇ ਨੇ, ਉਹ ਭੁੱਲ ਗਏ ?" ਰਾਜੋ ਨੇ ਲੱਖਾ ਸਿੰਘ ਦੀ ਵਕਾਲਤ ਕਰਦਿਆਂ ਕਿਹਾ। ਉਹ ਪਸੰਦ ਨਹੀਂ ਸੀ ਕਰਦੀ ਕਿ ਘਰ ਆਏ ਸਰਦਾਰ ਦੀ ਉਹਦਾ ਪੁੱਤਰ ਏਨੀ ਬੇਇੱਜ਼ਤੀ ਕਰੇ।

"ਅਹਿਸਾਨ ਕੇਹੇ, ਮਾਂ!" ਜਰਨੈਲ ਨੇ ਓਸੇ ਤਰ੍ਹਾਂ ਰਾਜੋ ਦੇ ਸਾਹਮਣੇ ਤਣ ਕੇ ਕਿਹਾ, "ਮੇਰੀ ਪੜ੍ਹਾਈ ਦੇ ਖ਼ਰਚ ਬਾਰੇ ਆਹੰਦੀ ਏਂ ? ਉਹ ਇਹਨੇ ਪਰਉਪਕਾਰ ਸਮਝ ਕੇ ਨਹੀਂ ਕੀਤਾ। ਇਹਨੇ ਮੰਗਲ ਦੇ ਕਿਸੇ ਮੁੰਡੇ ਨੂੰ ਕਿਉਂ ਨਾ ਪੜ੍ਹਾ ਦਿੱਤਾ। ਕੱਥੂ ਦਾ ਪੁੱਤਰ ਕਿਉਂ ਨਾ ਪੜ੍ਹਾ ਦਿੱਤਾ। ਮੇਰਾ ਹੀ ਖ਼ਰਚ ਕਿਉਂ ਦਿੱਤਾ ? ਕਿਉਂਕਿ ਇਹਨੂੰ ਤੇਰੀ ਕਨੌੜ ਸੀ, ਗ਼ਰਜ਼ ਸੀ। ਤੇ ਸਵਰਨੀ ਦੇ ਮਰਨ ਪਿੱਛੋਂ ਉਹ ਗ਼ਰਜ਼ ਹੋਰ ਵਧ ਗਈ ਸੀ। ਸੁਣੋ, ਕੁਰਬਾਨ ਜਾਵਾਂ ਵੱਡੀ ਮਾਂ ਬਸੰਤ ਕੌਰ ਦੇ। ਆਫ਼ਰੀਨ ਹੈ ਉਹਦੇ ਸਿਰੜ ਦੇ। ਇਹਨੇ ਉਹਨੂੰ ਇਕ ਵਾਰ ਠੁਕਰਾਇਆ ਸੀ, ਉਹਨੇ ਇਹਨੂੰ ਹਮੇਸ਼ਾਂ ਵਾਸਤੇ ਠੁਕਰਾ ਦਿੱਤਾ। ਸਿਰਫ਼ ਉਹ ਇਕ ਹਸਤੀ ਸੀ, ਫ਼ਰਿਸ਼ਤਾ ਰੂਹ, ਜੀਹਦੇ ਵਾਸਤੇ ਮੇਰੇ ਦਿਲ ਵਿੱਚ ਸ਼ਰਧਾ ਹੈ, ਪਿਆਰ ਹੈ। ਪਰ ਤੁਸਾਂ ਉਹਦੇ ਨਾਲ ਕੀ ਸਲੂਕ ਕੀਤਾ ? ਬਾਬਾ! ਤੂੰ ਉਹਦਾ ਕਾਤਲ ਏਂ। ਉਹ ਦੇਵੀ ਦੀਵੇ ਦੀ ਵੱਟੀ ਜਾਂ ਦੀਵਾਲੀ ਦੀ ਮੋਮਬਤੀ ਵਾਂਗ ਜ਼ੱਰਾ-ਜ਼ੱਰਾ ਸੜ-ਸੜ ਬੁੱਝੀ ਹੈ। ਉਹਦੀ ਯਾਦ ਮੇਰੇ ਅੰਦਰ ਕਾਤੀਆਂ ਚਲਾ ਰਹੀ ਏ। ਲੰਬੂ ਬਾਲ ਰਹੀ ਏ। ਤੁਸਾਂ.........ਤੁਸਾਂ.........ਮੇਰੇ ਨਾਲ ਬਹੁਤ ਵੱਡਾ ਧਰੋਹ ਕੀਤਾ ਏ। ਮਾਪੇ ਬਣ ਕੇ ਧਰੋਹ।" ਜੋਸ਼ ਵਿੱਚ ਕਹਿੰਦਾ-ਕਹਿੰਦਾ ਜਰਨੈਲ ਹਫ਼ ਗਿਆ ਸੀ। ਉਹ ਸਾਹ ਲੈਣ ਵਾਸਤੇ ਰੁੱਕ ਗਿਆ। ਉਹ ਨੀਂਵੀਂ ਪਾਈ ਕਮਰੇ ਵਿੱਚ ਏਧਰ ਓਧਰ ਟਹਿਲਣ ਲੱਗ ਪਿਆ।

ਦੋ ਮਿੰਟ ਦੀ ਚੁੱਪ ਪਿੱਛੋਂ ਲੱਖਾ ਸਿੰਘ ਨੇ ਹੌਸਲਾ ਕਰਕੇ ਕਿਹਾ, "ਹੁਣ ਸਿੱਧੀ ਗੱਲ ਦੱਸ, ਤੂੰ ਚੋਹੁੰਦਾ ਕੀ ਏਂ ?"

"ਮੈਂ ?" ਜਰਨੈਲ ਨੇ ਲੱਖਾ ਸਿੰਘ ਦੇ ਚਿਹਰੇ ਵੱਲ ਤਕਦਿਆਂ ਕਿਹਾ, "ਠੀਕ ਹੈ। ਤੂਫ਼ਾਨ ਕੁਝ ਸ਼ਾਂਤ ਹੋ ਗਿਆ ਹੈ। ਮੇਰੇ ਅੰਦਰ ਦਾ ਗ਼ੁਬਾਰ ਕਿਸੇ ਹੱਦ ਤੱਕ ਨਿਕਲ ਗਿਆ ਏ। ਹੁਣ ਸਾਨੂੰ ਠਰ੍ਹਮੇ ਨਾਲ ਵਿਹਾਰੀ ਗੱਲਾਂ ਕਰਨੀਆਂ ਚਾਹੀਦੀਆਂ ਨੇ।"

"ਪਰ ਉਹ ਵੀ ਤਾਂ ਤੇਰੇ ਵੱਸ ਏ ਨਾਂ ਸਭ ਕੁਝ।" ਲੱਖਾ ਸਿੰਘ ਨੇ ਹਾਰੇ ਹੋਏ ਖਿਡਾਰੀ ਵਾਂਗ ਕਿਹਾ।

"ਹਾਂ, ਮੇਰੇ ਵੱਸ ਏ। ਅਸਲ ਵਿੱਚ ਮਿਲਖੀ ਰਾਮ ਨੇ ਮੈਨੂੰ ਭੜਕਾ ਦਿੱਤਾ ਸੀ। ਨਹੀਂ ਤਾਂ ਸ਼ਾਇਦ  ਮੈਂ ਏਨਾ ਗਰਮ ਨਾ ਹੁੰਦਾ। ਤੇਰਾ ਕਲੇਮ ਮੈਨੂੰ ਕੱਲ੍ਹ ਹੀ ਲੱਭਾ ਏ। ਹੁਣ ਤੇਰੀ ਜਾਨ ਮੇਰੀ ਮੁੱਠ ਵਿੱਚ ਏ। ਮੈਂ ਚਾਹਵਾਂ ਤਾਂ ਦਸਾਂ ਦਿਨਾਂ ਵਿੱਚ ਤੈਨੂੰ ਜ਼ਮੀਨ ਮਿਲ ਸਕਦੀ ਏ। ਮੈਂ ਚਾਹਵਾਂ ਤਾਂ ਓਹ ਕਾਗ਼ਜ਼ਾਤ ਇਕ ਮਿੰਟ ਵਿੱਚ ਅੱਗ ਦੀ ਭੇਟ ਹੋ ਸਕਦੇ ਹਨ। ਫੇਰ ਨਵੇਂ ਸਿਰਿਓਂ ਪਾਕਸਤਾਨ ਵਿਚੋਂ ਜਾ ਕੇ ਜਮ੍ਹਾਂਬੰਦੀ ਲਿਆਉਂਦਾ ਫਿਰੀਂ, ਜੇ ਮਿਲ ਜਾਵੇ ਤਾਂ। ਸਮਝ ਲਿਆ ? ਹੁਣ ਤੈਨੂੰ ਮੇਰੀ ਈਨ ਮੰਨਣੀ ਹੀ ਪਵੇਗੀ, ਨਹੀਂ ਤਾਂ ਸੌਦਾ ਮਹਿੰਗਾ ਪਵੇਗਾ।" ਜਰਨੈਲ ਸਿੰਘ ਨੇ ਸ਼ਰਤਾਂ ਪੇਸ਼ ਕਰਨ ਤੋਂ ਪਹਿਲਾਂ ਜੇਤੂ ਜਰਨੈਲ ਵਾਂਗ ਧਮਕੀ ਦਿੱਤੀ।

"ਤੂੰ ਆਪਣੀਆਂ ਸ਼ਰਤਾਂ ਦੱਸ ਦੇ ਭਈ।" ਲੱਖਾ ਸਿੰਘ ਜਿਵੇਂ ਅਸਲੋਂ ਹਥਿਆਰ ਸੁੱਟ ਬੈਠਾ ਸੀ।

"ਸੁਣ ਲੈ ਫਿਰ। ਮੈਂ ਤੇਰੇ ਲਹੂ ਦੀ ਕਸਮ ਖਾ ਕੇ ਕਹਿੰਦਾ ਹਾਂ ਕਿ ਮੇਰੀ ਸ਼ਰਤ ਪੂਰੀ ਕਰਨ 'ਤੇ ਹੀ ਤੈਨੂੰ ਜ਼ਮੀਨ ਮਿਲ ਸਕੇਗੀ। ਇਹ ਗੱਲ ਤੈਨੂੰ ਚੰਗੀ ਤਰ੍ਹਾਂ ਸੋਚ ਲੈਣੀ ਚਾਹੀਦੀ ਹੈ।" ਜਰਨੈਲ ਦੀ ਅਵਾਜ਼ ਵਿੱਚ ਪੂਰੀ ਦ੍ਰਿੜ੍ਹਤਾ ਸੀ।

"ਹਾਂ, ਫਿਰ।" ਲੱਖਾ ਸਿੰਘ ਦੀ ਛਾਤੀ ਜ਼ੋਰ-ਜ਼ੋਰ ਦੀ ਧੜਕ ਰਹੀ ਸੀ।

"ਮੇਰਾ ਫ਼ੈਸਲਾ ਸੁਣ ਲਵੋ।" ਜਰਨੈਲ ਨੇ ਬੜੇ ਠਰ੍ਹੰਮੇ ਨਾਲ ਕਿਹਾ, "ਮਾਸੀ ਸਵਰਨੀ ਜਾਂ ਮਾਂ ਬਸੰਤ ਕੌਰ, ਕੋਈ ਇਕ ਵੀ ਜਿਊਂਦੀ ਹੁੰਦੀ ਤਾਂ ਮੈਂ ਇਹ ਸ਼ਰਤ ਨਾ ਰੱਖਦਾ। ਪਰ ਹੁਣ ਇਹ ਆਖ਼ਰੀ ਫ਼ੈਸਲਾ ਸਮਝੋ। ਬਾਬਾ। ਜੁੱਗ ਬਦਲ ਗਿਆ ਏ। ਹੁਣ ਪੁਰਾਣੇ ਵਹਿਮਾਂ ਭਰਮਾਂ ਤੋਂ ਛੁਟਕਾਰਾ ਪਾਉਣਾ ਪਵੇਗਾ। ਊਚ-ਨੀਚ ਤੇ ਛੂਤ-ਛਾਤ ਦੀ ਬੀਮਾਰੀ ਨੂੰ ਮਗਰੋਂ ਲਾਹੁਣਾ ਪਵੇਗਾ। ਤੈਨੂੰ ਮੇਰੀ ਮਾਂ ਨਾਲ ਬਾਕਾਇਦਾ ਵਿਆਹ ਕਰਾਉਣਾ ਪਵੇਗਾ ਤਾਕਿ ਇਹ ਰਖੇਲ ਤੋਂ ਸੁਆਣੀ ਬਣ ਸਕੇ। ਬੋਲ, ਮਨਜ਼ੂਰ ਏ ?"

"ਠੀਕ ਆਖਿਆ ਈ, ਪੁੱਤ। ਜੁੱਗ ਬਦਲ ਗਿਆ ਏ। ਸਾਨੂੰ ਵੀ ਏਸ ਦੇ ਨਾਲ-ਨਾਲ ਬਦਲਨਾ ਪਵੇਗਾ। ਮੈਨੂੰ ਤੇਰੀਆਂ ਸਾਰੀਆਂ ਸ਼ਰਤਾਂ ਪ੍ਰਵਾਨ ਨੇ। ਹੁਣ ਤੇਰੀ ਮਾਂ ਹੀ ਮੇਰੀ ਸੁੰਞੀ ਜ਼ਿੰਦਗੀ ਨੂੰ ਸੁਖਾਵੀਂ ਬਣਾ ਸਕਦੀ ਏ। ਮੈਨੂੰ ਸੱਚੇ ਦਿਲੋਂ ਪ੍ਰਵਾਨ ਏ।" ਨਾਲ ਹੀ ਲੱਖਾ ਸਿੰਘ ਨੇ ਜਰਨੈਲ ਵੱਲ ਦੋਵੇਂ ਬਾਹੀਂ ਫੈਲਾ ਦਿੱਤੀਆਂ।

"ਬਾਪੂ!" ਜਰਨੈਲ ਬੱਚਿਆਂ ਵਾਂਗ ਡਾਡ ਮਾਰ ਕੇ ਲੱਖਾ ਸਿੰਘ ਦੇ ਗੱਲ੍ਹ ਨਾਲ ਚੰਬੜ ਗਿਆ। ਦੋਵੇਂ ਪਿਉ ਪੁੱਤ ਗਲਵੱਕੜੀ ਪਾਈ ਰੋ ਰਹੇ ਸਨ। ਪਾਸੇ 'ਤੇ ਬੈਠੀ ਰਾਜੋ ਵੀ ਰੋ ਰਹੀ ਸੀ। ਹੰਝੂ ਵਹਿ ਰਹੇ ਸਨ। ਕਿੰਨੀ ਸ਼ਾਂਤੀ ਸੀ ਇਹਨਾਂ ਹੰਝੂਆਂ ਵਿੱਚ। ਦਿਲਾਂ ਦੀ ਮੈਲ ਧੁੱਪਦੀ ਜਾ ਰਹੀ ਸੀ।


"ਬਾਪੂ!" ਜਰਨੈਲ ਨੇ ਇਕ ਵਾਰ ਫਿਰ ਪੁਕਾਰਿਆ, "ਮੈਨੂੰ ਤੇਰੀ ਜਾਇਦਾਦ ਦੀ ਲੋੜ ਨਹੀਂ। ਇਕ ਵਾਰ ਧੌਣ ਉੱਚੀ ਕਰਕੇ ਸਮਾਜ ਵਿੱਚ ਖਲੋ ਕੇ ਕਹਿ ਦੇ : 'ਜਰਨੈਲ ਮੇਰਾ ਪੁੱਤਰ ਏ' ਬੱਸ।"

"ਇਕ ਵਾਰ ਨਹੀਂ, ਜਰਨੈਲ! ਪੁੱਤ, ਮੈਂ ਹਜ਼ਾਰ ਵਾਰ ਕਹਾਂਗਾ : ਜਰਨੈਲ ਮੇਰਾ ਪੁੱਤ ਏ, ਮੇਰਾ ਲਹੂ ਏ। ਸੁਣਦੀ ਏਂ ਜਰਨੈਲ ਦੀ ਮਾਂ! ਇਹ ਮੇਰਾ ਪੁੱਤਰ ਏ, ਤੇ ਤੂੰ ਮੇਰੀ ਜੀਵਨ ਸਾਥਣ।"

ਸੀਤਲ ਭਵਨ, ਮਾਡਲ ਗਰਾਮ, ਲੁਧਿਆਣਾ-੨

ਸੋਹਣ ਸਿੰਘ 'ਸੀਤਲ'
੧੬-੧੦-੭੧

---




WWW.SIKHBOOKCLUB.COM